GARY'S PIZZA & CHICKEN
BUY ONE GET ONE FREE
57 ਵੈਸਟਰਨ ਰੋਡ ਸਾਊਥਾਲ ਵਿਖੇ ਤੁਹਾਡੀ ਮਨਪਸੰਦ ਦੁਕਾਨ ਤੋਂ ਚਿਕਨ ਜਾਂ Veg ਕੋਈ ਵੀ ਪੀਜ਼ਾ
ਇਕ ਖਰੀਦੋ ਨਾਲ ਇਕ ਫਰੀ ਲਵੋ
020 8571 3311

PANJAB TIMES
# ਪੰਜਾਬ ਟਾਈਮਜ਼
£1.00
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
17th - 24th January 2013 • Issue No. 2452 Europe's Leading Panjabi Weekly Since 1965

IMMIGRATION ADVICE BUREAU
SPECIALISTS ESTD 1989
FOR FREE INITIAL ADVICE CALL
S.S.RAI


ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!
Tel: 020 85716680
India:+91-181 5086389

21 Cotton Brook Road, Derby, DE23 8YJ, U.K. • Tel: 01332-372851 • Fax: 01332-372833 • www.punjabtimes.co.uk • Email:panjabtimes@aol.com

# ਪਹਿਲੇ ਅਤੇ ਦੂਜੇ ਵਿਸ਼ਵ ਯੁੱਧਾਂ ਦੇ ਸਿੱਖ ਸੂਰਬੀਰਾਂ ਦਾ ਸਿੱਖ ਕੌਮ ਵੱਲੋਂ ਸਨਮਾਨ

## ਸਿੱਖ ਕੌਮ ਵੱਲੋਂ ਆਪਣੀ ਗੁਆਚੀ ਹੋਈ ਸਿਆਸੀ ਪ੍ਰਭੁਸੱਤਾ ਅਤੇ ਖਾਲਿਸਤਾਨ ਦੀ ਆਜ਼ਾਦੀ ਦਾ ਪ੍ਰਣ

### ਬੈਲਜੀਅਮ ਦੇ ਈਪਰ ਅਸਥਾਨ ਦੇ ਫਲੈਂਡਰਜ਼ ਫੀਲਡ ਵਿਖੇ ਖਾਲਿਸਤਾਨ ਦੇ ਸਿੱਖ ਲੀਡਰ ਡਾਕਟਰ ਪਰਮਜੀਤ ਸਿੰਘ ਅਜਰਾਵਤ ਦਾ ਸਿੱਖ ਕੌਮ ਵੱਲੋਂ ਸਨਮਾਨ





















*Sikhs Make Personal Sacrifices for Others to Uphold The Correct Principle*

*Sikh Nation Appeals To The Former Allies (USA, Britian, France and Belgium) To Help Reclaim Its Lost Geopolitical Sovereignty*



# ਪਾਕਿ ਫ਼ੌਜ ਭਾਰਤੀ ਫ਼ੌਜੀ ਦਾ ਸਿਰ ਵੱਢ ਕੇ ਲੈ ਗਏ, ਸਰਹੱਦ 'ਤੇ ਤਣਾਅ !

✪ ਭਾਰਤ ਦੇ ਪ੍ਰਧਾਨ ਮੰਤਰੀ ਨੇ ਵੀ ਪਾਕਿ ਵਿਰੁੱਧ ਅਪਨਾਇਆ ਸਖ਼ਤ ਰੁਖ ✪ ਭਾਰਤ ਦੇ ਥਲ ਸੈਨਾ ਮੁਖੀ ਜਨਰਲ ਬਿਕਰਮ ਸਿੰਘ ਨੇ ਪਾਕਿ ਨੂੰ ਦਿੱਤੀ ਸਪੱਸ਼ਟ ਚਿਤਾਵਨੀ ✪ ਪਾਕਿ ਨੇ ਘਟਨਾ ਤੋਂ ਕੀਤਾ ਇਨਕਾਰ ਤੇ ਸੰਯੁਕਤ ਰਾਸ਼ਟਰ ਤੋਂ ਜਾਂਚ ਕਰਵਾਉਣ ਲਈ ਕਿਹਾ ✪ ਪਾਕਿ ਫ਼ੌਜੀ ਫੁੰਡਿਆ



ਨਵੀਂ ਦਿੱਲੀ-ਭਾਰਤ ਵੱਲੋਂ ਮੁੰਬਈ ਹਮਲਿਆਂ ਦੇ ਦੋਸ਼ੀ ਅਜਮਲ ਕਸਾਬ ਨੂੰ ਫਾਂਸੀ ਦੇਣ ਤੋਂ ਬਾਅਦ ਸਰਹੱਦ 'ਤੇ ਭੜਕਾਹਟ ਵਾਲੀਆਂ ਕਾਰਵਾਈਆਂ ਵਿੱਚ ਵਾਧਾ ਹੋਣ ਅਤੇ ਹਾਲ ਹੀ ਵਿੱਚ ਜੰਮੂ-ਕਸ਼ਮੀਰ ਦੇ ਮੇਂਢਰ ਖੇਤਰ 'ਚ ਨਿਯੰਤਰਣ ਰੇਖਾ 'ਤੇ ਦੋ ਭਾਰਤੀ ਜਵਾਨਾਂ ਨੂੰ ਕਤਲ ਕਰਕੇ ਇੱਕ ਦਾ ਸਿਰ ਕਲਮ ਕਰਕੇ ਨਾਲ ਲੈ ਜਾਣ ਦੀ ਘਟਨਾ ਕਾਰਨ ਭਾਰਤ-ਪਾਕਿ 'ਚ ਤਣਾਅ ਪੈਦਾ ਹੋ ਗਿਆ ਹੈ ਤੇ ਦੋਹਾਂ ਦੇਸਾਂ ਦੇ ਆਪਸੀ ਸੰਬੰਧਾਂ 'ਚ ਕੁੜੱਤਣ ਪੈਦਾ ਹੋ ਗਈ ਹੈ। ਭਾਵੇਂ ਕਿ ਦੋਹਾਂ ਪਾਸਿਆਂ ਤੋਂ ਭੜਕਾਹਟ ਜਾਰੀ ਹੈ, ਪਰ ਜੰਗ ਲੱਗਣ ਦੀ ਕੋਈ ਸੰਭਾਵਨਾ ਦਿਖਾਈ ਨਹੀਂ ਦੇ ਰਹੀ।

ਭਾਰਤ ਨੇ ਸ਼ਹੀਦ ਹੋਏ 2 ਜਵਾਨਾਂ ਦੀ ਘਟਨਾ ਬਾਰੇ ਪਾਕਿਸਤਾਨ ਵੱਲੋਂ ਭਾਰਤ ਅਤੇ ਪਾਕਿਸਤਾਨ ਲਈ ਗਠਿਤ ਸੰਯੁਕਤ ਰਾਸ਼ਟਰ ਨਿਗਰਾਨ ਗਰੁੱਪ (ਯੂ. ਐੱਨ. ਐੱਮ. ਓ. ਜੀ. ਆਈ. ਪੀ.) ਦੀ ਜਾਂਚ ਦੀ ਮੰਗ ਦੀ ਤਜਵੀਜ਼ ਰੱਦ ਕਰ ਦਿੱਤੀ ਹੈ। ਵਿੱਤ ਮੰਤਰੀ ਪੀ. ਚਿਦੰਬਰਮ ਨੇ ਕਿਹਾ ਕਿ ਭਾਰਤ ਇਸ ਮਾਮਲੇ ਨੂੰ ਕੌਮਾਂਤਰੀ ਪੱਧਰ 'ਤੇ ਲੈ ਕੇ ਜਾਣ ਦਾ ਚਾਹਵਾਨ ਨਹੀਂ ਹੈ ? ਉਨ੍ਹਾਂ ਨੇ ਪਾਕਿਸਤਾਨ ਦੇ ਇਸ ਦੋਸ਼ ਦਾ ਖੰਡਨ ਕੀਤਾ ਕਿ ਭਾਰਤੀ ਫੌਜੀ ਜਵਾਨਾਂ ਨੇ 8 ਜਨਵਰੀ ਨੂੰ ਨਿਯੰਤਰਣ ਰੇਖਾ ਪਾਰ ਕੀਤੀ ਸੀ। ਪਾਕਿਸਤਾਨ ਦੇ ਹਾਈ ਕਮਿਸ਼ਨਰ ਸਲਮਾਨ ਬਸ਼ੀਰ ਨੂੰ ਵਿਦੇਸ਼ ਮੰਤਰਾਲੇ ਵੱਲੋਂ ਤਲਬ ਕੀਤਾ ਗਿਆ ਸੀ ਅਤੇ ਇਸ ਘਟਨਾ ਬਾਰੇ ਭਾਰਤ ਦੇ ਗੁੱਸੇ ਵਾਲੇ ਪ੍ਰਤੀਕਰਮ ਤੋਂ ਜਾਣੂ ਕਰਵਾਇਆ ਗਿਆ ਸੀ।

## ਭਾਰਤੀ ਜਰਨੈਲਾਂ ਦੀਆਂ ਭੜਕਾਊ ਬਿਆਨਬਾਜ਼ੀ ਮਾਨ ਵੱਲੋਂ ਨਿੰਦਾ



ਫਤਹਿਗੜ੍ਹ ਸਾਹਿਬ-ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਇਹ ਬਹੁਤ ਹੀ ਦੁੱਖਦਾਇਕ ਗੱਲ ਹੋਈ ਹੈ ਕਿ ਹਿੰਦ ਦੀ ਸਰਹੱਦ ਤੇ ਦੋ ਜਵਾਨਾਂ ਦੇ ਸਿਰ ਕਲਮ ਕਰ ਦਿੱਤੇ ਗਏ ਹਨ ਤੇ ਪਾਕਿਸਤਾਨ ਵਿਚ ਇਕ ਸਿੱਖ ਦਾ ਸਿਰ ਕਲਮ ਕਰ ਦਿੱਤਾ ਗਿਆ ਹੈ । ਅਜਿਹੀਆਂ ਵਹਿਸ਼ੀਆਨਾ ਕਾਰਵਾਈ ਨੂੰ ਕੋਈ ਵੀ ਇਨਸਾਫ਼ ਪਸੰਦ ਵਿਚਾਰ ਰੱਖਣ ਵਾਲਾ ਇਨਸਾਨ ਸਹਿਣ ਨਹੀ ਕਰ ਸਕਦਾ। ਉਨ੍ਹਾਂ ਕਿਹਾ ਕਿ ਭਾਜਪਾ, ਕਾਂਗਰਸ ਤੇ ਭਾਰਤ ਦੇ ਫ਼ੌਜ ਦੇ ਮੁਖੀਆਂ ਵੱਲੋਂ ਪਾਕਿਸਤਾਨ ਨਾਲ ਜੰਗ ਲਗਾਉਣ ਦੀਆਂ ਗੱਲਾਂ ਕਰਨਾ ਇਨਸਾਨੀਅਤ ਵਿਰੋਧੀ ਅਮਲ ਹਨ, ਕਿਉਕਿ ਜੰਗ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ। ਜੰਗ ਲੱਗਣ ਨਾਲ ਪੰਜਾਬ ਸੂਬੇ ਅਤੇ ਸਿੱਖ ਕੌਮ ਦੀ ਤਾਂ ਪੂਰਨ ਤੌਰ ਤੇ ਨਸਲੀ ਸਫ਼ਾਈ ਹੋ ਜਾਵੇਗੀ। ਸਿੱਖ ਕੌਮ ਤਾਂ ਸਮੁੱਚੇ ਦੱਖਣੀ ਏਸ਼ੀਆ ਅਤੇ ਸੰਸਾਰ ਵਿਚ ਪੁਰ ਅਮਨ ਚਾਹੁੰਦੀ ਹੈ। ਜੇਕਰ ਹਿੰਦ ਹਕੂਮਤ ਨੇ ਮੰਦਭਾਵਨਾ ਅਧੀਨ ਸਿੱਖਾਂ ਉਤੇ ਜ਼ਬਰੀ ਜੰਗ ਠੋਸੀ ਤਾਂ ਸਿੱਖ ਕੌਮ ਇਸ ਜੰਗ ਵਿਚ ਹਿੰਦ ਦਾ ਬਿਲਕੁਲ ਸਾਥ ਨਹੀ ਦੇਵੇਗੀ। ਅਸੀਂ ਇਸ ਸੰਬੰਧੀ ਅਮਨੈਸਟੀ ਇੰਟਰਨੈਸ਼ਨਲ ਅਤੇ ਯੂ.ਐੱਨ.ਓ. ਤੱਕ ਪਹੁੰਚ ਕਰਾਂਗੇ।

## ਭਾਰਤ ਦੇ ਪ੍ਰਧਾਨ ਮੰਤਰੀ ਦਾ ਸਖ਼ਤ ਰੁਖ

ਇਸ ਮਾਮਲੇ 'ਤੇ ਚੁੱਪ ਤੋੜਦਿਆਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਪਾਕਿਸਤਾਨ ਨੂੰ ਸਖ਼ਤ ਲਹਿਜ਼ੇ ਵਿੱਚ ਕਿਹਾ ਕਿ ਨਿਯੰਤਰਨ ਰੇਖਾ ਉਪਰ ਪਿਛਲੇ ਹਫ਼ਤੇ ਭਾਰਤੀ ਫੌਜੀ ਦਾ ਸਿਰ ਕਲਮ ਕਰਨ ਮਗਰੋਂ ਸਭ ਕੁਝ ਆਮ ਵਾਂਗ ਨਹੀਂ ਰਹਿ ਸਕਦਾ। ਇਸ ਦੌਰਾਨ ਉਨ੍ਹਾਂ ਨੇ ਨਿਯੰਤਰਨ ਰੇਖਾ ਦੀ ਸਥਿਤੀ ਬਾਰੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨਾਲ ਵੀ ਮੁਲਾਕਾਤ ਕੀਤੀ।

ਇਥੇ ਥਲ ਸੈਨਾ ਮੁਖੀ ਜਨਰਲ ਬਿਕਰਮ ਸਿੰਘ ਵੱਲੋਂ ਸੈਨਾ ਦਿਵਸ ਮੌਕੇ 'ਤੇ ਕਰਵਾਏ ਸਮਾਗਮ ਵਿੱਚ ਪ੍ਰਧਾਨ ਮੰਤਰੀ ਨੇ ਕਿਹਾ, "ਲਾਂਸ ਨਾਇਕ ਹੇਮਰਾਜ ਦਾ ਸਿਰ ਧੜ ਤੋਂ ਵੱਖ ਕਰਨ ਦੀ ਇਸ ਹਰਕਤ ਨੂੰ ਅੰਜਾਮ ਦੇਣ ਵਾਲਿਆਂ ਖਿਲਾਫ਼ ਪਾਕਿਸਤਾਨ ਕਾਰਵਾਈ ਕਰੇ ਤੇ ਆਸ ਹੈ ਕਿ ਪਾਕਿ ਇਸ ਗੱਲ ਨੂੰ ਸਮਝੇਗਾ।" ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਘਿਨੌਣੀ ਹਰਕਤ ਮਗਰੋਂ ਪਾਕਿਸਤਾਨ ਨਾਲ ਸਭ ਕੁਝ ਆਮ ਵਾਂਗ ਨਹੀਂ ਰਹਿ ਸਕਦਾ। ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਨੇ ਕਿਹਾ ਕਿ ਜਵਾਨ ਦਾ ਸਿਰ ਕਲਮ ਕਰਨ ਦੀ ਕਾਰਵਾਈ ਖਿਲਾਫ਼ ਭਾਰਤ ਨੇ ਸਖ਼ਤ ਸਟੈਂਡ ਲਿਆ ਹੈ ਤੇ ਇਹ ਕਾਰਵਾਈ ਦੇਸ਼ ਨੂੰ ਪੂਰੀ ਤਰ੍ਹਾਂ ਨਾਮਨਜ਼ੂਰ ਤੇ ਘਿਨੌਣੀ ਹੈ।

## ਭਾਰਤੀ ਸੈਨਾ ਮੁਖੀ ਵੱਲੋਂ ਚਿਤਾਵਨੀ

ਭਾਰਤ ਦੇ ਥਲ ਸੈਨਾ ਮੁਖੀ ਜਨਰਲ ਬਿਕਰਮ ਸਿੰਘ ਨੇ ਜਿੱਥੇ ਪਾਕਿਸਤਾਨ ਨੂੰ ਸਪੱਸ਼ਟ ਚਿਤਾਵਨੀ ਦਿੱਤੀ ਹੈ, ਉੱਥੇ ਭਾਰਤੀ ਸੈਨਿਕਾਂ ਨੂੰ ਵੀ ਉਚਿਤ ਕਾਰਵਾਈ ਲਈ ਹਰ ਸਮੇਂ ਤਿਆਰ ਰਹਿਣ ਦਾ ਆਦੇਸ਼ ਦਿੱਤਾ ਹੈ। ਸੈਨਾ ਮੁਖੀ ਨੇ ਆਪਣੇ ਸਖ਼ਤ ਬਿਆਨ ਰਾਹੀਂ ਪਾਕਿਸਤਾਨ ਨੂੰ ਸੰਦੇਸ਼ ਦਿੱਤਾ ਹੈ ਕਿ ਜੇ ਸਾਨੂੰ ਉਕਸਾਇਆ ਗਿਆ ਤਾਂ ਮੋੜਵਾਂ ਜਵਾਬ ਦਿੱਤਾ ਜਾਵੇਗਾ। ਭਾਰਤੀ ਜਵਾਨ ਦਾ ਸਿਰ ਧੜ ਤੋਂ ਵੱਖ ਕਰਨ ਦੀ ਘਟਨਾ ਦੇ ਸਬੰਧ ਵਿੱਚ ਉਨ੍ਹਾਂ ਕਿਹਾ ਕਿ ਇਸ ਵਹਿਸ਼ੀਆਨਾ ਕਾਰਵਾਈ ਦਾ ਬਦਲਾ ਲੈਣਾ ਸਾਡਾ ਹੱਕ ਹੈ ਅਤੇ ਕਿਸੇ ਢੁਕਵੇਂ ਮੌਕੇ, ਸਮੇਂ ਅਤੇ ਸਥਾਨ 'ਤੇ ਇਹ ਜ਼ਰੂਰ ਲਿਆ ਜਾਵੇਗਾ।

ਤਿੰਨਾਂ ਫ਼ੌਜਾਂ ਦੇ ਮੁਖੀਆਂ ਦੀ ਕਮੇਟੀ ਦੇ ਆਗੂ ਤੇ ਹਵਾਈ ਫ਼ੌਜ ਮੁਖੀ ਐਨਏਕੇ ਬ੍ਰਾਊਨ ਨੇ ਪਾਕਿਸਤਾਨ ਨੂੰ ਸੁਚੇਤ ਕਰਦਿਆਂ ਕਿਹਾ ਕਿ ਕੰਟਰੋਲ ਲਾਈਨ 'ਤੇ ਜੰਗਬੰਦੀ ਦੀ ਉਲੰਘਣਾ ਜਾਰੀ ਰਹੀ, ਤਾਂ ਭਾਰਤ ਨੂੰ ਦੂਜੇ ਬਦਲਾਂ ਬਾਰੇ ਵਿਚਾਰ ਕਰਨਾ ਪਵੇਗਾ।

ਬਾਕੀ ਸਫ਼ਾ 4 'ਤੇ →

## ਜੰਗ ਦਾ ਕੋਈ ਖ਼ਤਰਾ ਨਹੀਂ ਪਰ ਤਣਾਅ ਜਾਰੀ ਰਹੇਗਾ

ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਹੋਣ ਦਾ ਇਸ ਵੇਲੇ ਕੋਈ ਖ਼ਤਰਾ ਵਿਖਾਈ ਨਹੀਂ ਦਿੰਦਾ, ਭਾਵੇਂ ਕਿ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਦੇ ਜਾਰੀ ਰਹਿਣ ਦੀ ਸੰਭਾਵਨਾ ਹੈ। ਲੜਾਈ ਨਾ ਤਾਂ ਦੋਵਾਂ ਵਿੱਚੋਂ ਕਿਸੇ ਦੇ ਹਿੱਤ ਵਿੱਚ ਹੈ ਅਤੇ ਨਾ ਹੀ ਇਸ ਲਈ ਉਹ ਤਿਆਰ ਹਨ। ਉਂਞ ਸੰਸਾਰ ਦੀ ਲੋਕ ਰਾਏ ਵੀ ਬਹੁਤ ਚੌਕਸ ਹੈ। ਇਸ ਗੱਲ 'ਤੇ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਅਮਰੀਕਾ ਦੀ ਵਿਦੇਸ਼ ਸਕੱਤਰ ਅਜਿਹੀ ਕੌਮਾਂਤਰੀ ਰਾਜਨੀਤੀਵਾਨ ਸੀ, ਜਿਸ ਨੇ ਪਿਛਲੇ ਦਿਨੀਂ ਹੋਈਆਂ ਸਰਹੱਦੀ ਘਟਨਾਵਾਂ ਦੇ ਪਿਛੋਕੜ ਵਿੱਚ ਦੋਵਾਂ ਦੇਸ਼ਾਂ ਵਿਚਕਾਰ ਪੈਦਾ ਹੋਏ ਤਣਾਅ ਦਾ ਤੁਰੰਤ ਨੋਟਿਸ ਲਿਆ ਅਤੇ ਦੋਵਾਂ ਗਵਾਂਢੀ ਦੇਸ਼ਾਂ ਨੂੰ ਠਰ੍ਹੰਮੇ ਤੋਂ ਕੰਮ ਲੈਣ ਲਈ ਆਖਿਆ। ਚੀਨ ਨੇ ਵੀ ਤੁਰੰਤ ਹੀ ਆਪਣੀ ਚਿੰਤਾ ਦਾ ਪ੍ਰਗਟਾਵਾ ਕੀਤਾ ਅਤੇ ਦੋਵਾਂ ਧਿਰਾਂ ਨੂੰ ਠਰ੍ਹੰਮਾ ਵਰਤਣ ਦੀ ਸਲਾਹ ਦਿੱਤੀ, ਜਿਹੜੇ ਲੋਕ ਭਾਰਤ ਉੱਪਰ ਚੀਨ ਅਤੇ ਪਾਕਿਸਤਾਨ ਦੇ ਸਾਂਝੇ ਹਮਲੇ ਦੇ ਖਤਰੇ ਦਾ ਰੌਲਾ ਮਚਾਉਂਦੇ ਰਹਿੰਦੇ ਹਨ, ਉਹ ਵੀ 'ਉਂਘ ਦੀਆਂ ਪਤਾਲ' ਮਾਰਦੇ ਹੀ ਨਜ਼ਰ ਆਉਂਦੇ ਹਨ। ਸੱਚਾਈ ਇਹ ਹੈ ਕਿ ਚੀਨ ਅਤੇ ਭਾਰਤ ਦਾ ਸਾਰਾ ਧਿਆਨ ਆਰਥਿਕ ਵਿਕਾਸ ਨੇ ਮੱਲਿਆ ਹੋਇਆ ਹੈ ਅਤੇ ਇਹ ਦੋਵੇਂ ਦੇਸ਼ ਨਾ ਤਾਂ ਆਪਸ ਵਿੱਚ ਉਲਝਣ ਲਈ ਤਿਆਰ ਹਨ ਅਤੇ ਨਾ ਹੀ ਦੱਖਣੀ ਏਸ਼ੀਆ ਵਿੱਚ ਕਿਸੇ ਕਿਸਮ ਦੀਆਂ ਝੜਪਾਂ ਵੇਖਣਾ ਚਾਹੁੰਦੇ ਹਨ। ਅਮਰੀਕਾ 2008-09 ਦੇ ਆਰਥਿਕ ਸੰਕਟ ਵਿੱਚੋਂ ਨਿਕਲਣ ਦਾ ਯਤਨ ਕਰ ਰਿਹਾ ਹੈ, ਉੱਥੋਂ ਦੇ ਨਿਵੇਸ਼ਕਾਂ ਦੀਆਂ ਨਜ਼ਰਾਂ ਚੀਨ ਅਤੇ ਭਾਰਤ ਉੱਤੇ ਲੱਗੀਆਂ ਰਹਿੰਦੀਆਂ ਹਨ। ਇਸ ਲਈ ਵੀ ਭਾਰਤ ਅਤੇ ਚੀਨ ਦੋਵੇਂ ਹੀ ਕੋਈ ਅਜਿਹੀ ਕਾਰਵਾਈ ਕਰਨ ਲਈ ਤਿਆਰ ਨਹੀਂ, ਜਿਸ ਨਾਲ ਨਿਵੇਸ਼ ਦਾ ਮਾਹੌਲ ਵਿਗੜੇ। ਪਾਕਿਸਤਾਨ ਦੇ ਹੁਕਮਰਾਨ ਦੇਸ਼ ਅੰਦਰ ਫੌਜੀ ਹਕੂਮਤਾਂ ਪਿੱਛੋਂ ਉੱਭਰੇ ਲੋਕਰਾਜੀ ਮਾਹੌਲ ਨੂੰ ਸੰਗਠਿਤ ਅਤੇ ਮਜ਼ਬੂਤ ਕਰਨ ਦੇ ਇੱਛੁਕ ਵਿਖਾਈ ਦੇ ਰਹੇ ਹਨ। ਇਹ ਵੱਖਰੀ ਗੱਲ ਹੈ ਕਿ ਦੇਸ਼ਾਂ ਦੀਆਂ ਸੁਰੱਖਿਆ ਨਾਲ ਸਬੰਧਿਤ ਖੁਫ਼ੀਆ ਏਜੰਸੀਆਂ ਸਹਿੰਦੇ-ਸਹਿੰਦੇ ਢੰਗ ਨਾਲ ਆਪਣੀਆਂ ਠੰਢੀਆਂ-ਤੱਤੀਆਂ ਸ਼ਰਾਰਤਾਂ ਵੀ ਕਰਦੀਆਂ ਰਹਿੰਦੀਆਂ ਹਨ, ਜਿਹੜੀਆਂ ਸਦਾ ਅਮਨ ਦੇ ਹਿੱਤ ਵਾਲੀਆਂ ਨਹੀਂ ਹੁੰਦੀਆਂ। ਸੰਤੁਸ਼ਟੀ ਵਾਲੀ ਗੱਲ ਇਹ ਹੈ ਕਿ ਭਾਰਤ ਦੇ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਨੇ ਦੋ ਦਿਨ ਪਹਿਲਾਂ ਅਮਨ ਦੇ ਹਿੱਤ ਵਿੱਚ ਇਹ ਬੜਾ ਹੀ ਸੂਝ ਭਰਪੂਰ ਬਿਆਨ ਦਿੱਤਾ, ਜਿਸ ਵਿੱਚ ਉਸ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਨਿਯੰਤਰਣ ਰੇਖਾ ਉੱਤੇ ਵਾਪਰੇ ਘਟਨਾਕਰਮ ਦਾ ਮਾਮਲਾ ਨਿਪਟ ਤਾਂ ਜਾਵੇਗਾ, ਪਰ ਇਸ ਪਿਛਲੀ ਸੱਚਾਈ ਜ਼ਰੂਰ ਜ਼ਾਹਿਰ ਹੋਣੀ ਚਾਹੀਦੀ ਹੈ। ਭਾਰਤੀ ਫੌਜ ਦੇ ਮੁੱਖੀ ਜਨਰਲ ਬਿਕਰਮ ਸਿੰਘ ਨੇ ਮੰਨਿਆ ਹੈ ਕਿ ਪਾਕਿਸਤਾਨੀ ਫੌਜ ਵੱਲੋਂ ਇੱਕ ਭਾਰਤੀ ਜਵਾਨ ਦਾ ਸਿਰ ਕਲਮ ਕਰਨ ਵਾਲੀ ਘਟਨਾ ਤੋਂ ਦੋ ਕੁ ਦਿਨ ਪਹਿਲਾਂ ਭਾਰਤੀ ਫੌਜ ਹੱਥੋਂ ਇੱਕ ਪਾਕਿਸਤਾਨੀ ਫੌਜੀ ਹਲਾਕ ਹੋ ਗਿਆ ਸੀ ਅਤੇ ਇੱਕ ਜ਼ਖਮੀਂ ਹੋ ਗਿਆ ਸੀ। ਜਨਰਲ ਬਿਕਰਮ ਸਿੰਘ ਦੇ ਬਿਆਨ ਪਿੱਛੋਂ ਇਹ ਨਹੀਂ ਕਿਹਾ ਜਾ ਸਕਦਾ ਕਿ ਦੋ ਦਿਨ ਬਾਅਦ ਵਾਲੀ ਉਪਰੋਕਤ ਦੁਖਦਾਈ ਘਟਨਾ ਚਾਣਚੱਕ ਜਾਂ ਬਗੈਰ ਕਿਸੇ ਭੜਕਾਹਟ ਦੇ ਵਾਪਰ ਗਈ, ਪਰ ਜਿਹੜੀ ਹੋਰ ਗੱਲ ਜਨਰਲ ਬਿਕਰਮ ਸਿੰਘ ਨੇ ਆਖੀ ਉਹ ਇਹ ਹੈ ਕਿ ਅਜਿਹਾ ਕਰਕੇ ਪਾਕਿਸਤਾਨੀ ਫੌਜ ਨੇ ਬੁਨਿਆਦੀ ਨੈਤਿਕਤਾਂ ਦੇ ਅਸੂਲਾਂ ਦੀ ਉਲੰਘਣਾ ਕੀਤੀ ਹੈ। ਜਨਰਲ ਬਿੱਕਰਮ ਸਿੰਘ ਦੇ ਇਸ ਕਥਨ ਬਾਰੇ ਕੋਈ ਦੂਜੀ ਰਾਏ ਹੋ ਹੀ ਨਹੀਂ ਸਕਦੀ। ਸ਼ੁਰੂ-ਸ਼ੁਰੂ ਵਿੱਚ ਪਾਕਿਸਤਾਨ ਦੀ ਵਿਦੇਸ਼ ਮੰਤਰੀ ਨੇ 8 ਜਨਵਰੀ ਨੂੰ ਵਾਪਰੀ ਇਸ ਅਨੈਤਿਕ ਘਟਨਾ ਤੋਂ ਇਨਕਾਰ ਹੀ ਕਰ ਛੱਡਿਆ ਸੀ ਅਤੇ ਸਾਰੇ ਮਾਮਲੇ ਦੀ ਕੌਮਾਂਤਰੀ ਪੜਤਾਲ ਦੀ ਮੰਗ ਕੀਤੀ ਸੀ। ਭਾਰਤ ਸਰਕਾਰ ਇਸ ਮੰਗ ਬਾਰੇ ਚੁੱਪ ਰਹੀ, ਕਿਉਂਕਿ ਉਸ ਨੂੰ ਪਤਾ ਹੈ ਕਿ ਘਟਨਾ ਦੀ ਪੜਤਾਲ ਸੰਯੁਕਤ ਰਾਸ਼ਟਰ ਦਾ ਉਹ ਨਿਗਰਾਨ ਗਰੁੱਪ ਕਰੇਗਾ ਹੀ, ਜਿਹੜਾ ਪਿਛਲੇ ਕਈ ਸਾਲਾਂ ਤੋਂ ਯੁੱਧਬੰਦੀ ਰੇਖਾ ਉੱਪਰ ਤਾਇਨਾਤ ਹੈ ਅਤੇ ਦੋਵੇਂ ਪਾਸੇ ਵਾਪਰਦੀ ਹਰ ਘਟਨਾ ਦੀ ਪੜਤਾਲ ਕਰਨਾ ਉਸ ਦੇ ਅਧਿਕਾਰ ਖੇਤਰ ਵਿੱਚ ਹੈ, ਪਰ ਇਸ ਗੱਲ 'ਤੇ ਹੈਰਾਨੀ ਜ਼ਰੂਰ ਹੁੰਦੀ ਹੈ ਕਿ ਜਦ ਲੋਕ ਸਭਾ ਅੰਦਰ ਭਾਰਤੀ ਜਨਤਾ ਪਾਰਟੀ ਦੀ ਮੁਖੀ ਸੁਸ਼ਮਾ ਸਵਰਾਜ ਨੇ ਕਸ਼ਮੀਰ ਦੀ ਘਟਨਾ ਦੀ ਕੌਮਾਂਤਰੀ ਪੜਤਾਲ ਦੀ ਪਾਕਿਸਤਾਨੀ ਮੰਗ ਨੂੰ ਆਪਣੇ ਵਲੋਂ ਵੀ ਦੁਹਰਾ ਦਿੱਤਾ। ਹਾਲਾਂਕਿ ਭਾਰਤ ਸਰਕਾਰ ਦਾ ਕਈ ਦਹਾਕਿਆਂ ਤੋਂ ਇਹ ਸਟੈਂਡ ਚੱਲਿਆ ਆ ਰਿਹਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰਲੇ ਦੁਪਾਸੜ ਝਮੇਲਿਆਂ ਵਿੱਚ ਕੋਈ ਤੀਜੀ ਧਿਰ ਦਖਲ ਨਾ ਦੇਵੇ। ਸੁਸ਼ਮਾ ਸਵਰਾਜ ਦਾ ਇਹ ਬਿਆਨ ਕਿ ਇੱਕ ਜਵਾਨ ਦਾ ਸਿਰ ਕਲਮ ਕੀਤੇ ਜਾਣ ਦਾ ਬਦਲਾ ਲੈਣ ਲਈ ਪਾਕਿਸਤਾਨ ਫੌਜ ਦੇ 10 ਸਿਰ ਕਲਮ ਕੀਤੇ ਜਾਣ ਇੱਕ ਬਹੁਤ ਹੀ ਗੈਰ ਜ਼ਿੰਮੇਵਾਰੀ ਵਾਲਾ ਅਤੇ ਭੜਕਾਊ ਹੈ, ਭਾਵੇਂ ਕਿ ਇਹ ਰਾਸ਼ਟਰੀ ਸੰਘ ਦੀ ਸਮੁੱਚੀ ਬਦਲਾਖੋਰੀ ਵਾਲੀ ਸੋਚਧਾਰਾ ਦੇ ਅਨੁਕੂਲ ਹੈ। ਸੁਸ਼ਮਾ ਸਵਰਾਜ ਦੀ ਇਸ ਸੋਚ ਦਾ ਬੜਾ ਢੁੱਕਵਾਂ ਜਵਾਬ ਜਨਰਲ ਬਿਕਰਮ ਸਿੰਘ ਦੇ ਬਿਆਨ ਵਿੱਚ ਦਰਜ ਹੈ, ਜਿਸ ਨੇ ਸਮੁੱਚੇ ਵਿਵਾਦ ਨੂੰ ਇਸ ਦੇ ਇਖਲਾਕੀ ਪੱਖ ਵੱਲ ਸੇਧਿਤ ਕਰਕੇ, ਇਸ ਨੂੰ ਸੀਮਤ ਕਰਨ ਦਾ ਗਠਨ ਕੀਤਾ ਹੈ। ਜਨਰਲ ਬਿਕਰਮ ਸਿੰਘ ਦੇ ਜਾਂ ਇਸ ਤੋਂ ਪਹਿਲਾਂ ਦਿੱਤੇ ਭਾਰਤੀ ਏਅਰ ਫੋਰਸ ਮੁਖੀ ਦੇ ਬਿਆਨ ਨੂੰ ਇੱਕ ਢੰਗ ਨਾਲ ਪਾਕਿਸਤਾਨ ਨੂੰ ਦਿੱਤੀ ਚਿਤਾਵਨੀ ਤੋਂ ਵੱਧ ਨਹੀਂ ਲਿਆ ਜਾ ਸਕਦਾ। *-ਸੁਖਦੇਵ ਸਿੰਘ*

# ਪਾਕਿਸਤਾਨ ਹੁਣ ਗੰਭੀਰ ਸੰਵਿਧਾਨਕ ਸੰਕਟ ਵੱਲ

## ✪ ਸੁਪਰੀਮ ਕੋਰਟ ਨੇ ਦਿੱਤੇ ਪ੍ਰਧਾਨ ਮੰਤਰੀ ਦੀ ਗ੍ਰਿਫ਼ਤਾਰੀ ਦੇ ਹੁਕਮ ✪ ਮਾਮਲਾ ਬਿਜਲੀ ਪ੍ਰਾਜੈਕਟਾਂ 'ਚ ਭ੍ਰਿਸ਼ਟਾਚਾਰ ਦਾ

ਇਸਲਾਮਾਬਾਦ-ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਬਿਜਲੀ ਪ੍ਰਾਜੈਕਟਾਂ ਲਈ ਕਥਿਤ ਤੌਰ 'ਤੇ ਰਿਸ਼ਵਤ ਲੈਣ ਦੇ ਮਾਮਲੇ ਵਿੱਚ ਪ੍ਰਧਾਨ ਮੰਤਰੀ ਰਾਜਾ ਪਰਵੇਜ਼ ਅਸ਼ਰਫ ਨੂੰ ਚੌਵੀ ਘੰਟਿਆਂ 'ਚ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ ਹੈ। ਇਸ ਹੁਕਮ ਨਾਲ ਪਾਕਿ ਵਿੱਚ ਤਾਜ਼ਾ ਸਿਆਸੀ ਸੰਕਟ ਪੈਦਾ ਹੋ ਗਿਆ ਹੈ।

ਮੌਲਵੀ ਤਾਹਿਰੁਲ ਕਾਦਰੀ ਵੱਲੋਂ ਸੂਬਾਈ ਵਿਧਾਨ ਸਭਾਵਾਂ ਤੇ ਸੰਸਦ ਭੰਗ ਕਰਨ ਦੀ ਮੰਗ ਲਈ ਜਾਰੀ ਪ੍ਰਦਰਸ਼ਨ ਝੱਲ ਰਿਹਾ ਪਾਕਿਸਤਾਨ ਬੇਯਕੀਨੀ ਵਿੱਚ ਘਿਰਦਾ ਜਾ ਰਿਹਾ ਹੈ, ਕਿਉਂਕਿ ਚੀਫ ਜਸਟਿਸ ਇਫਤਿਖਾਰ ਚੌਧਰੀ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ ਅਧਿਕਾਰੀਆਂ ਨੂੰ ਗ੍ਰਿਫਤਾਰੀ ਦੇ ਹੁਕਮ ਉਪਰ ਅਮਲ ਕਰਨ ਲਈ ਸਿਰਫ਼ ਚੌਵੀ ਘੰਟਿਆਂ ਦਾ ਸਮਾਂ ਦਿੱਤਾ ਹੈ। ਸੰਭਾਵਨਾ ਹੈ ਕਿ ਇਸ ਹੁਕਮ ਕਾਰਨ ਪਾਕਿ ਨੂੰ ਇਕ ਸਾਲ ਦੇ ਅੰਦਰ ਦੂਜੇ ਪ੍ਰਧਾਨ ਮੰਤਰੀ ਨੂੰ ਅਹੁਦਾ ਛੱਡਦੇ ਹੋਏ ਦੇਖਣਾ ਪੈ ਸਕਦਾ ਹੈ।

ਪਿਛਲੇ ਸਾਲ ਜੂਨ ਵਿੱਚ ਯੂਸੁਫ਼ ਰਜ਼ਾ ਗਿਲਾਨੀ ਦੇ ਅਸਤੀਫੇ ਮਗਰੋਂ ਪ੍ਰਧਾਨ ਮੰਤਰੀ ਬਣਨ ਵਾਲੇ 62 ਸਾਲਾ ਅਸ਼ਰਫ ਉਪਰ ਕੇਂਦਰੀ ਜਲ ਤੇ ਬਿਜਲੀ ਮੰਤਰੀ ਰਹਿੰਦਿਆਂ ਰੈਂਟਲ ਬਿਜਲੀ ਪ੍ਰਾਜੈਕਟਾਂ ਵਿੱਚ ਰਿਸ਼ਵਤ ਲੈਣ ਦਾ ਦੋਸ਼ ਹੈ।

ਪਾਕਿਸਤਾਨ ਦੀ ਮੌਜੂਦਾ ਸਰਕਾਰ ਮਾਰਚ ਵਿੱਚ ਪੰਜ ਸਾਲ ਪੂਰੇ ਕਰੇਗੀ ਤੇ ਚੋਣਾਂ ਮਈ ਤੱਕ ਹੋਣੀਆਂ ਹਨ। ਹਾਲੇ ਇਹ ਸਪਸ਼ਟ ਨਹੀਂ ਹੋਇਆ ਕਿ ਅਸ਼ਰਫ ਖ਼ਿਲਾਫ਼ ਸੁਪਰੀਮ ਕੋਰਟ ਦੇ ਹੁਕਮ ਦੇ ਸਿਆਸੀ ਨਤੀਜੇ ਕੀ ਨਿਕਲਣਗੇ, ਕਿਉਂਕਿ ਇਹ ਪਹਿਲਾ ਮਾਮਲਾ ਹੈ, ਜਦੋਂ ਕਿਸੇ



ਭ੍ਰਿਸ਼ਟਾਚਾਰ ਮਾਮਲੇ ਵਿੱਚ ਪ੍ਰਧਾਨ ਮੰਤਰੀ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਦਿੱਤੇ ਗਏ ਹਨ, ਹੁਣ ਇਹ ਦੇਖਣਾ ਹੈ ਕਿ ਸੱਤਾਧਾਰੀ ਪਾਕਿਸਤਾਨ ਪੀਪਲਜ਼ ਪਾਰਟੀ ਅਸ਼ਰਫ ਦੀ ਥਾਂ ਕਿਸ ਨੂੰ ਨਵਾਂ ਨੇਤਾ ਚੁਣੇਗੀ।

ਸੁਣਵਾਈ ਦੌਰਾਨ ਬੈਂਚ ਨੇ ਐਨ.ਏ.ਬੀ. ਪ੍ਰਮੁੱਖ ਫਸੀਹ ਬੁਖਾਰੀ ਖ਼ਿਲਾਫ਼ ਅਦਾਲਤੀ ਮਾਣਹਾਨੀ ਦਾ ਨੋਟਿਸ ਜਾਰੀ ਕੀਤਾ। ਬਿਜਲੀ ਪ੍ਰਾਜੈਕਟਾਂ ਦੀ ਜਾਂਚ ਵਿੱਚ ਸ਼ਾਮਲ ਦੋ ਅਧਿਕਾਰੀਆਂ ਦੇ ਤਬਾਦਲਿਆਂ ਤੋਂ ਨਾਰਾਜ਼ ਬੈਂਚ ਨੇ ਐਨ.ਏ.ਬੀ. ਨੂੰ 24 ਘੰਟਿਆਂ ਦੇ ਅੰਦਰ ਅਸ਼ਰਫ ਤੇ 20 ਤੋਂ ਵੱਧ ਹੋਰ ਅਧਿਕਾਰੀਆਂ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਦਿੱਤੇ ਹਨ। ਬੈਂਚ ਇਸ ਗੱਲ ਤੋਂ ਖਾਸੀ ਨਾਰਾਜ਼ ਸੀ ਕਿ ਐਨ.ਏ.ਬੀ. ਦੇ ਦੋ ਅਧਿਕਾਰੀਆਂ ਦਾ ਤਬਾਦਲਾ ਇਸ ਝੂਠ ਦੇ ਆਧਾਰ ਉਪਰ ਕੀਤਾ ਗਿਆ ਸੀ ਕਿ ਸੁਪਰੀਮ ਕੋਰਟ ਉਨ੍ਹਾਂ ਦੇ ਕੰਮਕਾਜ ਤੋਂ ਨਾਖੁਸ਼ ਹੈ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਨੇ ਅਸ਼ਰਫ ਦੀ ਗ੍ਰਿਫਤਾਰੀ ਦਾ ਹੁਕਮ ਦਿੱਤਾ ਹੈ, ਜਦਕਿ ਉਨ੍ਹਾਂ ਨੂੰ ਬਿਜਲੀ ਪ੍ਰਾਜੈਕਟਾਂ ਵਿੱਚ ਭ੍ਰਿਸ਼ਟਾਚਾਰ ਦਾ ਦੋਸ਼ੀ ਨਹੀਂ ਠਹਿਰਾਇਆ ਗਿਆ।

# ਪਾਕਿ 'ਚ ਘੱਟ ਗਿਣਤੀਆਂ ਅਸੁਰੱਖਿਅਤ

## ✪ ਸਿੱਖ ਦਾ ਸਿਰ ਵੱਢ ਕੇ ਬਾਜ਼ਾਰ 'ਚ ਸੁੱਟਿਆ ✪ ਸ਼੍ਰੋਮਣੀ ਕਮੇਟੀ ਵੱਲੋਂ ਨਿੰਦਾ

ਲਾਹੌਰ-ਪਾਕਿਸਤਾਨ ਦੇ ਖ਼ੈਬਰ ਕਬਾਇਲੀ ਖੇਤਰ ਵਿੱਚ ਇੱਕ ਅੱਤਵਾਦੀ ਗੁੱਟ ਦੇ ਹਥਿਆਰਬੰਦ ਵਿਅਕਤੀਆਂ ਨੇ ਪਿਛਲੇ ਸਾਲ 20 ਨਵੰਬਰ ਨੂੰ ਤੱਬੀ ਪਿੰਡ ਵਿੱਚੋਂ 40 ਸਾਲਾ ਮਹਿੰਦਰ ਸਿੰਘ ਨੂੰ ਉਸ ਦੀ ਦੁਕਾਨ ਤੋਂ ਅਗਵਾ ਕੀਤਾ ਸੀ ਅਤੇ ਲੰਘੇ ਮੰਗਲਵਾਰ ਉਸ ਨੂੰ ਮਾਰਨ ਉਪਰੰਤ ਸਿਰ ਧੜ ਤੋਂ ਵੱਖ ਕਰਕੇ ਲਾਸ਼ ਇੱਕ ਬੋਰੇ ਵਿੱਚ ਪਾ ਕੇ ਬਾਜ਼ਾਰ 'ਚ ਸੁੱਟ ਦਿੱਤੀ। ਉਸ ਦੀ ਲਾਸ਼ ਕੋਲੋਂ ਮਿਲੀ ਚਿੱਠੀ ਅਨੁਸਾਰ ਇਸ ਦੀ ਜ਼ਿੰਮੇਵਾਰੀ ਇੱਕ ਅੱਤਵਾਦੀ ਗਰੁੱਪ ਤੌਹਿਦੁਲ ਇਸਲਾਮ ਨੇ ਲਈ ਹੈ। ਮ੍ਰਿਤਕ ਦੇ ਭਰਾ ਨੇ ਲਾਸ਼ ਦੀ ਸ਼ਿਨਾਖ਼ਤ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਦੀ ਕਿਸੇ ਨਾਲ ਦੁਸ਼ਮਣੀ ਨਹੀਂ ਹੈ ਅਤੇ ਉਹ ਪਾਕਿਸਤਾਨ ਬਣਨ ਸਮੇਂ ਤੋਂ ਹੀ ਪਾਕਿ ਦੇ ਵਫ਼ਾਦਾਰ ਨਾਗਰਿਕ ਹਨ ਅਤੇ ਸ਼ਾਂਤੀਪੂਰਵਕ ਰਹਿ ਰਹੇ ਹਨ।

ਪਾਕਿਸਤਾਨ ਵਿੱਚ ਫ਼ਿਰਕੂ ਅੱਤਵਾਦੀ ਸੰਗਠਨਾਂ ਦੁਆਰਾ ਘੱਟ-ਗਿਣਤੀਆਂ ਉੱਪਰ ਜਬਰ-ਜ਼ੁਲਮ ਦੀ ਇਹ ਪਹਿਲੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਕਈ ਵਾਰ ਇਨ੍ਹਾਂ ਗੁੱਟਾਂ ਨੇ ਨਾ ਕੇਵਲ ਹਿੰਦੂਆਂ ਅਤੇ ਸਿੱਖਾਂ ਬਲਕਿ ਈਸਾਈਆਂ, ਅਹਿਮਦੀਆਂ ਅਤੇ ਹੋਰ ਗੈਰ ਮੁਸਲਿਮ ਘੱਟ ਗਿਣਤੀ ਫ਼ਿਰਕਿਆਂ ਵਿਰੁੱਧ ਅਜਿਹੀਆਂ ਅਣਮਨੁੱਖੀ ਕਾਰਵਾਈਆਂ ਕਰਕੇ ਉਨ੍ਹਾਂ ਦਾ ਜਿਊਣਾ ਦੁੱਭਰ ਕੀਤਾ ਹੋਇਆ ਹੈ। ਘੱਟ-ਗਿਣਤੀ ਕੌਮਾਂ ਦੀਆਂ ਔਰਤਾਂ ਨੂੰ ਅਗਵਾ ਕਰਨ, ਜਬਰ-ਜਨਾਹ ਅਤੇ ਛੇੜਛਾੜ ਦੇ ਮਾਮਲੇ ਅਕਸਰ ਮੀਡੀਆ ਰਾਹੀਂ ਸਾਹਮਣੇ ਆਉਂਦੇ ਰਹਿੰਦੇ ਹਨ। ਇਸ ਤੋਂ ਇਲਾਵਾ ਧੱਕੇ ਨਾਲ ਧਰਮ ਪਰਿਵਰਤਨ ਅਤੇ ਔਰਤਾਂ ਨੂੰ ਮੁਸਲਿਮ ਵਿਅਕਤੀਆਂ ਨਾਲ ਜ਼ਬਰਦਸਤੀ ਵਿਆਹ ਕਰਨ ਲਈ ਵੀ ਮਜਬੂਰ ਕਰਨ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ। ਉਨ੍ਹਾਂ ਦੇ ਘਰ ਜਲਾਉਣ ਅਤੇ ਲੁੱਟ-ਖਸੁੱਟ ਦੀਆਂ ਅਨੇਕਾਂ ਘਟਨਾਵਾਂ ਵਾਪਰ ਚੁੱਕੀਆਂ ਹਨ। ਇਨ੍ਹਾਂ ਸ਼ਰਮਨਾਕ ਕਾਰਵਾਈਆਂ ਦੀ ਭਾਵੇਂ ਪਾਕਿ ਦੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਸਮੇਂ-ਸਮੇਂ ਦੱਬਵੀਂ ਜ਼ਬਾਨ 'ਚ ਨਿੰਦਾ ਕੀਤੀ ਹੈ ਅਤੇ ਪਾਕਿ ਸਰਕਾਰ ਨੂੰ ਘੱਟ-ਗਿਣਤੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ ਹੈ ਪਰ ਅੱਤਵਾਦੀ ਸੰਗਠਨਾਂ ਦੇ ਡਰੋਂ ਸਰਕਾਰ ਨੇ ਕਦੇ ਵੀ ਕੋਈ ਠੋਸ ਕਾਰਵਾਈ ਨਹੀਂ ਕੀਤੀ।

### ਪਾਕਿ ਵਿੱਚ ਸਿੱਖ ਨੂੰ ਕਤਲ ਕਰਨਾ ਵਹਿਸ਼ੀਆਨਾ ਕਾਰਵਾਈ: ਮੱਕੜ

ਪਾਕਿਸਤਾਨ 'ਚ ਪਿੰਡ ਤੱਬੀ ਦੇ ਵਸਨੀਕ ਮਹਿੰਦਰ ਸਿੰਘ ਨੂੰ ਬੀਤੇ ਦਿਨੀਂ ਉਸ ਦਾ ਸਿਰ ਧੜ ਨਾਲੋਂ ਵੱਖ ਕਰਕੇ ਕਤਲ ਕਰ ਦੇਣ ਨੂੰ ਵਹਿਸ਼ੀਆਨਾ ਕਾਰਵਾਈ ਕਰਾਰ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਇਸ ਘਿਨਾਉਣੀ ਤੇ ਗੈਰ-ਮਨੁੱਖੀ ਕਾਰਵਾਈ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਪਾਕਿਸਤਾਨ ਸਰਕਾਰ ਨੂੰ ਕਿਹਾ ਹੈ ਕਿ ਘੱਟ ਗਿਣਤੀ ਸਿੱਖਾਂ ਦੀ ਜਾਨ ਤੇ ਮਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ ਤੇ ਪੀੜਤ ਪਰਿਵਾਰ ਨੂੰ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇ।

3 ਸਫ਼ੇ ਦੀ ਬਾਕੀ

### ਗੋਲੀਬੰਦੀ ਦੀ ਤਿੰਨ ਵਾਰ ਉਲੰਘਣਾ

ਭਾਰਤ ਨੇ ਦੋਸ਼ ਲਗਾਇਆ ਹੈ ਕਿ ਪਾਕਿਸਤਾਨ ਨੇ ਦੋਵਾਂ ਮੁਲਕਾਂ ਵਿਚਾਲੇ ਬ੍ਰਿਗੇਡੀਅਰ ਪੱਧਰ ਦੀ ਫਲੈਗ ਮੀਟਿੰਗ ਹੋਣ ਤੋਂ ਬਾਅਦ ਵੀ ਤਿੰਨ ਵਾਰ ਗੋਲੀਬੰਦੀ ਦੀ ਉਲੰਘਣਾ ਕੀਤੀ ਹੈ ਪਰ ਨਾਲ ਇਹ ਵੀ ਸਪੱਸ਼ਟ ਕੀਤਾ ਕਿ ਉਹ ਜਲਦਬਾਜ਼ੀ ਵਿਚ ਆ ਕੇ ਕਾਰਵਾਈ ਨਹੀਂ ਕਰੇਗਾ। ਜਨਰਲ ਆਫਿਸਰਜ਼ ਇਨ ਕਮਾਂਡ (ਉੱਤਰੀ ਕਮਾਂਡ) ਦੇ ਲੈਫਟੀਨੈਂਟ ਜਨਰਲ ਕੇ.ਟੀ. ਪਰਨਾਇਕ ਨੇ ਕਿਹਾ, "ਭਾਰਤੀ ਫੌਜ ਕੋਲ 'ਕਈ ਰਾਹ' ਹਨ ਤੇ ਅਸੀਂ ਹਰ ਘਟਨਾਕ੍ਰਮ 'ਤੇ ਤਿੱਖੀ ਨਜ਼ਰ ਰੱਖੀ ਹੋਈ ਹੈ।'' ਉਨ੍ਹਾਂ ਕਿਹਾ ਕਿ ਮੇਂਢਰ, ਬਲਨੋਈ ਤੇ ਉੜੀ ਵਿਚ ਗੋਲੀਬੰਦੀ ਦੀ ਤਾਜ਼ਾ ਉਲੰਘਣਾ ਹੋਈ ਹੈ। ਭਾਰਤ ਜਲਦਬਾਜ਼ੀ ਤੇ ਗੁੱਸੇ ਵਿਚ ਕੋਈ ਕਾਰਵਾਈ ਕਰਨ 'ਚ ਵਿਸ਼ਵਾਸ ਨਹੀਂ ਰੱਖਦਾ।

### ਪਾਕਿ ਅੱਤਵਾਦੀਆਂ ਦੇ ਦਬਾਅ ਹੇਠ

ਸੂਤਰਾਂ ਤੋਂ ਪਤਾ ਲੱਗਾ ਹੈ ਕਿ ਪਾਕਿਸਤਾਨ ਦੀ ਸਰਕਾਰ ਅਤੇ ਕੁਝ ਹੱਦ ਤੱਕ ਫ਼ੌਜ ਵੀ ਅੱਤਵਾਦੀ ਜਥੇਬੰਦੀਆਂ ਦੇ ਭਾਰੀ ਦਬਾਅ ਹੇਠ ਹੈ, ਜਿਸ ਕਾਰਨ ਇਹ ਕਾਰਾ ਹੋਇਆ ਹੈ ਤੇ ਦੋਹਾਂ ਦੇਸ਼ਾਂ ਦੇ ਸੰਬੰਧ ਵਿਗੜੇ ਹਨ। ਪ੍ਰਧਾਨ ਮੰਤਰੀ ਪਰਵੇਜ਼ ਅਸ਼ਰਫ਼ ਨੇ ਵੀ ਇਹ ਗੱਲ ਮੰਨੀ ਹੈ ਕਿ ਦੇਸ਼ ਨੂੰ ਅੰਦਰੂਨੀ ਅੱਤਵਾਦੀਆਂ ਤੋਂ ਖ਼ਤਰਾ ਹੈ, ਜਿਹੜੇ ਆਪਣਾ ਏਜੰਡਾ ਲਾਗੂ ਕਰਵਾਉਣ ਲਈ ਹਰ ਹੀਲਾ ਵਰਤਣ ਲਈ ਤੁਲੇ ਹੋਏ ਹਨ। ਉਹ ਕਿਸੇ ਵੀ ਹਾਲਤ ਵਿੱਚ ਭਾਰਤ-ਪਾਕਿ ਸਬੰਧਾਂ ਨੂੰ ਸੁਖਾਵਾਂ ਨਹੀਂ ਹੋਣ ਦੇਣਾ ਚਾਹੁੰਦੇ।

### ਸੰਬੰਧਾਂ 'ਚ ਕੁੜੱਤਣ ਜਾਰੀ

ਇਨ੍ਹਾਂ ਘਟਨਾਵਾਂ ਤੋਂ ਬਾਅਦ ਪਾਕਿ ਵੱਲੋਂ ਸਰਹੱਦੀ ਵਪਾਰ ਰੋਕਣ ਅਤੇ ਬੱਸ ਸੇਵਾ 'ਤੇ ਇੱਕਤਰਫ਼ਾ ਪਾਬੰਦੀ ਲਗਾ ਦਿੱਤੀ ਹੈ।

ਦੂਸਰੇ ਪਾਸੇ ਭਾਰਤ ਨੇ ਨਿਯੰਤਰਨ ਰੇਖਾ ਉਪਰ ਵਧਦੇ ਤਣਾਅ ਦੇ ਮੱਦੇਨਜ਼ਰ ਪਾਕਿਸਤਾਨ ਦੇ ਸੀਨੀਅਰ ਸਿਟੀਜ਼ਨਾਂ ਨੂੰ ਮੌਕੇ 'ਤੇ ਹੀ ਵੀਜ਼ੇ ਦੀ ਸਹੂਲਤ ਦੇਣ ਦੇ ਅਮਲ ਉਪਰ ਰੋਕ ਲਗਾ ਦਿੱਤੀ ਹੈ। ਪਾਕਿਸਤਾਨ ਦੇ 65 ਸਾਲ ਤੋਂ ਵੱਧ ਉਮਰ ਦੇ ਨਾਗਰਿਕਾਂ ਨੂੰ ਮੌਕੇ 'ਤੇ ਵੀਜ਼ਾ ਦੇਣ ਦੀ ਸਹੂਲਤ ਅਟਾਰੀ ਚੈੱਕ ਪੋਸਟ ਉਪਰੋਂ ਸ਼ੁਰੂ ਕੀਤੀ ਜਾਣੀ ਸੀ। ਦੋਵਾਂ ਮੁਲਕਾਂ ਵਿਚਾਲੇ ਵੀਜ਼ਾ ਸਮਝੌਤਾ ਸਤੰਬਰ 2012 ਵਿੱਚ ਹੋਇਆ ਸੀ। ਸਰਕਾਰ ਵੱਲੋਂ ਮੌਕੇ 'ਤੇ ਵੀਜ਼ਾ ਦੇਣ 'ਤੇ ਰੋਕ ਲਾਉਣ ਬਾਰੇ ਵਿਦੇਸ਼ ਮੰਤਰੀ ਨੇ ਕਿਹਾ, "ਅਸੀਂ ਇਸ 'ਤੇ ਰੋਕ ਨਹੀਂ ਲਗਾਈ, ਸਗੋਂ ਇਸ ਕਾਰਵਾਈ ਨੂੰ ਅੱਗੇ ਪਾਇਆ ਹੈ।''

### 9 ਪਾਕਿ ਹਾਕੀ ਖਿਡਾਰੀ ਵਾਪਸ ਭੇਜਣ ਦਾ ਫੈਸਲਾ

ਭਾਰਤ-ਪਾਕਿ ਵਿਚਕਾਰ ਸਰਹੱਦ 'ਤੇ ਚੱਲ ਰਹੇ ਤਣਾਅ ਕਾਰਨ ਹਾਕੀ ਇੰਡੀਆ ਨੇ ਹਾਕੀ ਇੰਡੀਆ ਲੀਗ ਦੀ ਮੁੰਬਈ ਮੈਜੀਸ਼ੀਅਨ ਟੀਮ ਦੇ 9 ਪਾਕਿ ਖਿਡਾਰੀਆਂ ਨੂੰ ਵਾਪਸ ਭੇਜਣ ਦਾ ਫੈਸਲਾ ਕੀਤਾ ਹੈ। ਦੱਸਣਯੋਗ ਹੈ ਕਿ ਸ਼ਿਵ ਸੈਨਾ ਵੱਲੋਂ ਮੁੰਬਈ 'ਚ ਰੋਸ ਪ੍ਰਦਰਸ਼ਨ ਬਾਅਦ ਟੀਮ ਦਾ ਅਭਿਆਸ ਸਥਾਨ ਬਦਲ ਕੇ ਦਿੱਲੀ ਕਰ ਦਿੱਤਾ ਗਿਆ ਸੀ। ਹਾਕੀ ਇੰਡੀਆ ਨੇ ਸੁਰੱਖਿਆਤਮਕ ਕਦਮ ਚੁੱਕਦਿਆਂ ਟੀਮ ਦੇ ਪਾਕਿ ਖਿਡਾਰੀਆਂ ਨੂੰ ਵਾਪਸ ਭੇਜਣ ਦਾ ਫੈਸਲਾ ਕੀਤਾ ਹੈ।

### ਪਾਕਿ ਨੇ ਮੁੱਦੇ ਹੱਲ ਕਰਨ ਦੀ ਜਤਾਈ ਇੱਛਾ

ਪਾਕਿਸਤਾਨ ਨੇ ਕਿਹਾ ਕਿ ਉਹ ਕੰਟਰੋਲ ਰੇਖਾ 'ਤੇ ਪਹਿਲਾਂ ਹੀ ਬਣੀ ਤਣਾਅ ਪੂਰਨ ਸਥਿਤੀ ਨੂੰ ਹੋਰ ਖ਼ਰਾਬ ਕਰਨ ਦੇ ਹੱਕ ਵਿਚ ਨਹੀਂ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੌਜ਼ਮ ਖਾਨ ਨੇ ਇਹ ਬਿਆਨ ਭਾਰਤੀ ਫੌਜ ਦੇ ਮੁਖੀ ਜਨਰਲ ਬਿਕਰਮ ਸਿੰਘ ਵੱਲੋਂ ਜੰਗਬੰਦੀ ਉਲੰਘਣਾ ਸਬੰਧੀ ਦਿੱਤੇ ਬਿਆਨ ਦੇ ਸੰਦਰਭ ਵਿਚ ਦਿੱਤਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਭਾਰਤ ਨਾਲ ਅਮਨ ਪ੍ਰਕਿਰਿਆ ਦੀ ਮਹੱਤਤਾ ਨੂੰ ਸਮਝਦਾ ਹੈ ਅਤੇ ਕੰਟਰੋਲ ਰੇਖਾ 'ਤੇ ਜੰਗਬੰਦੀ ਦੀ ਉਲੰਘਣਾ ਦੇ ਸਾਰੇ ਮੁੱਦਿਆਂ ਨੂੰ ਇਕ ਮੰਨਣਯੋਗ ਢਾਂਚੇ ਤਹਿਤ ਸੁਲਝਾਉਣ ਲਈ ਵਚਨਬੱਧ ਹੈ।

### ਭਾਰਤੀ ਫੌਜ ਵਲੋਂ ਬੰਕਰ ਬਣਾਉਣ ਨਾਲ ਪੈਦਾ ਹੋਇਆ ਤਣਾਅ : ਦਿ ਹਿੰਦੂ

ਕੰਟਰੋਲ ਰੇਖਾ 'ਤੇ ਭਾਰਤ ਵਲੋਂ ਬੰਕਰ ਬਣਾਉਣ ਤੋਂ ਬਾਅਦ ਪਾਕਿ ਨੇ ਇਹ ਹਮਲਾ ਕੀਤਾ। ਇਹ ਦਾਅਵਾ ਅੰਗਰੇਜ਼ੀ ਅਖਬਾਰ ਦਿ ਹਿੰਦੂ ਨੇ ਕੀਤਾ। ਅਖਬਾਰ ਅਨੁਸਾਰ ਸਰਹੱਦ 'ਤੇ ਭਾਰਤ ਦੇ ਬੰਕਰ ਬਣਾਏ ਜਾਣ ਤੋਂ ਪਾਕਿਸਤਾਨ ਨਰਾਜ਼ ਸੀ ਅਤੇ ਇਸ ਨੂੰ ਜੰਗਬੰਦੀ ਦੀ ਉਲੰਘਣਾ ਮੰਨਦਾ ਸੀ। ਅਖਬਾਰ ਅਨੁਸਾਰ ਐਲ ਓ ਸੀ ਦੇ ਉੱਤਰੀ ਸਿਰੇ 'ਤੇ ਭਾਰਤ ਨੇ ਪਿਛਲੇ ਸਾਲ ਸਤੰਬਰ ਵਿੱਚ ਬੰਕਰ ਬਣਾਉਣੇ ਸ਼ੁਰੂ ਕੀਤੇ ਸਨ, ਕਿਉਂਕਿ ਉੜੀ ਦੇ ਚਰੌਂਦਾ ਪਿੰਡ ਦੀ ਇੱਕ ਬਜ਼ੁਰਗ ਔਰਤ ਰੇਸ਼ਮਾ ਬੀ ਐਲ ਓ ਸੀ ਪਾਰ ਕਰਕੇ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਵਿੱਚ ਚਲੀ ਗਈ ਸੀ। ਚਰੌਂਦਾ ਪਿੰਡ ਐਲ ਓ ਸੀ ਦੇ ਬਿਲਕੁਲ ਨੇੜੇ ਹੈ। ਇਸ ਘਟਨਾ ਤੋਂ ਬਾਅਦ ਫੌਜ ਨੂੰ ਮਹਿਸੂਸ ਹੋਇਆ ਕਿ ਐਲ ਓ ਸੀ 'ਤੇ ਸੁਰੱਖਿਆ ਬਹੁਤ ਕਮਜ਼ੋਰ ਹੈ ਅਤੇ ਉਸ ਨੇ ਬੰਕਰ ਬਣਾਉਣੇ ਸ਼ੁਰੂ ਕਰ ਦਿੱਤੇ ਤਾਂ ਜੋ ਪਿੰਡ ਵਾਲਿਆਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ ਜਾ ਸਕੇ ਪਰ ਪਾਕਿਸਤਾਨ ਨੇ ਵਿਰੋਧ ਕਰਦੇ ਹੋਏ ਇਸ ਨੂੰ ਜੰਗਬੰਦੀ ਦੀ ਉਲੰਘਣਾ ਕਿਹਾ ਸੀ। ਹਾਲਾਂਕਿ ਭਾਰਤੀ ਫੌਜ ਨੇ ਕਿਹਾ ਸੀ ਕਿ ਬੰਕਰ ਪਿੰਡਾਂ ਵੱਲ ਬਣੇ ਹੋਏ ਹਨ ਪਰ ਅਕਤੂਬਰ ਤੱਕ ਤਣਾਅ ਬਹੁਤ ਵੱਧ ਚੁੱਕਾ ਸੀ ਅਤੇ ਗੋਲੀਬਾਰੀ ਸ਼ੁਰੂ ਹੋ ਗਈ ਸੀ।

### ਭਾਰਤੀ ਫ਼ੌਜ ਨੇ ਪਾਕਿ ਦਾ ਫ਼ੌਜੀ ਮਾਰਿਆ

ਪਾਕਿ ਫੌਜ ਨੇ ਜਾਰੀ ਬਿਆਨ ਵਿਚ ਭਾਰਤੀ ਫੌਜ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਉਸ ਨੇ ਕੰਟਰੋਲ ਰੇਖਾ 'ਤੇ ਹੌਟਸ ਸਪਰਿੰਗ ਤੇ ਜੰਡਰੋਟ ਸੈਕਟਰਾਂ ਵਿਚ ਬਿਨਾਂ ਭੜਕਾਹਟ ਦੇ ਗੋਲੀਬਾਰੀ ਕੀਤੀ, ਜਿਸ 'ਚ ਪਾਕਿ ਫੌਜ ਦਾ ਇਕ ਜਵਾਨ ਮਾਰਿਆ ਗਿਆ ਹੈ।

# ਹੁਣ ਪੂਰਾ ਪੰਜਾਬ ਕੈਂਸਰ ਦੀ ਜਕੜ 'ਚ

✪ ਸਰਕਾਰੀ ਅੰਕੜਿਆਂ ਅਨੁਸਾਰ 21 ਹਜ਼ਾਰ ਤੋਂ ਵੱਧ ਲੋਕ ਕੈਂਸਰ ਨਾਲ ਪੀੜਤ ✪30 ਹਜ਼ਾਰ ਦੇ ਕਰੀਬ ਮਰੀਜ਼ਾਂ ਨੂੰ ਮੌਤ ਨੇ ਨਿਗਲ ਲਿਆ ✪

ਪ੍ਰਦੂਸ਼ਣ ਕੰਟਰੋਲ ਬੋਰਡ ਕੈਂਸਰ ਲਈ ਮੁੱਖ ਜ਼ਿੰਮੇਵਾਰ ✪ ਕਾਰਖਾਨਿਆਂ ਦਾ ਗੰਦਾ ਪਾਣੀ ਤੇ ਧੂੰਆਂ ਕਰ ਰਿਹਾ ਵਾਤਾਵਰਨ ਨੂੰ ਮਲੀਨ

## ਵਿਸ਼ੇਸ਼ ਰਿਪੋਰਟ

ਪ੍ਰੋ. ਬਲਵਿੰਦਰਪਾਲ ਸਿੰਘ



ਖਾਲਸਾ ਮਿਸ਼ਨ ਕੌਂਸਲ ਅਤੇ ਪੰਜਾਬ ਟਾਈਮਜ਼ ਦੀ ਟੀਮ ਨੇ ਮਾਲਵੇ 'ਚ ਬਠਿੰਡਾ, ਮਾਨਸਾ ਤੇ ਸੰਗਰੂਰ ਵਿਖੇ ਕਈ ਪਿੰਡਾਂ 'ਚ ਦੌਰਾ ਕੀਤਾ। ਖਾਲਸਾ ਮਿਸ਼ਨ ਕੌਂਸਲ ਦੇ ਮੁਖੀ ਜਥੇਦਾਰ ਦਿਲਬਾਗ ਸਿੰਘ ਵੱਲੋਂ ਇਸ ਸੰਬੰਧ ਵਿੱਚ ਡਾਕੂਮੈਂਟਰੀ ਫ਼ਿਲਮ ਤਿਆਰ ਕੀਤੀ ਜਾ ਰਹੀ ਹੈ। ਇਸ ਦੇ ਪ੍ਰਮੁਖ ਅੰਸ਼ ਅਸੀਂ ਲਗਾਤਾਰ ਪੰਜਾਬ ਟਾਈਮਜ਼ 'ਚ ਪ੍ਰਕਾਸ਼ਿਤ ਕਰ ਰਹੇ ਹਾਂ। ਇਹ ਪ੍ਰੋ. ਬਲਵਿੰਦਰਪਾਲ ਸਿੰਘ ਦੀ ਤੀਸਰੀ ਰਿਪੋਰਟ ਹੈ। ਕੈਂਸਰ ਸਿਰਫ ਮਾਲਵੇ ਵਿੱਚ ਹੀ ਨਹੀਂ, ਦੁਆਬਾ, ਮਾਝਾ ਨੂੰ ਵੀ ਨਿਗਲ ਰਿਹਾ ਹੈ। ਮਲੀਨ ਪਾਣੀ, ਗੰਦਲੀ ਹਵਾ, ਮਿਲਾਵਟੀ ਚੀਜ਼ਾਂ ਤੇ ਖੇਤੀਬਾੜੀ ਵਿੱਚ ਰਸਾਇਣਿਕ ਕੀੜੇਮਾਰ ਦਵਾਈਆਂ ਦਾ ਅੰਨ੍ਹੇਵਾਹ ਛਿੜਕਾਅ ਨੇ ਪੰਜਾਬ ਵਿੱਚ ਕੈਂਸਰ ਪੈਦਾ ਕਰ ਦਿੱਤਾ ਹੈ। ਇਹ ਹੁਣ ਪੰਜਾਬ ਦੀ ਭੋਜਨ ਪ੍ਰਣਾਲੀ ਵਿੱਚ ਜਾ ਚੁੱਕਾ ਹੈ। ਦੁੱਖ ਤੇ ਉਨ੍ਹਾਂ ਗਰੀਬ ਪਰਿਵਾਰਾਂ ਦਾ ਹੈ, ਜੋ ਕੈਂਸਰ ਕਾਰਨ ਆਪਣਾ ਇਲਾਜ ਨਹੀਂ ਕਰਵਾ ਸਕੇ ਤੇ ਮੌਤ ਦੇ ਮੂੰਹ ਜਾ ਚੁੱਕੇ ਹਨ। ਪਸ਼ੂ ਵਿਕ ਗਏ, ਜ਼ਮੀਨ ਵਿੱਕ ਗਈ ਤੇ ਕਿਰਤੀ ਮਜ਼ਦੂਰ ਕਰਜਾਈ ਹੋ ਗਏ। ਇਹ ਹੈ ਪੰਜਾਬ ਦੀ ਦੁੱਖਾਂ ਭਰੀ ਦਾਸਤਾਨ। ਸਰਕਾਰ ਕਦੋਂ ਜਾਗੇਗੀ, ਸਾਨੂੰ ਪਤਾ ਨਹੀਂ। ਚਲੋ ਅਸੀਂ ਘੱਟੋ ਘੱਟ ਜਾਗੀਏ ਤੇ ਪੰਜਾਬ ਨੂੰ ਕੈਂਸਰ ਮੁਕਤ ਕਰਨ ਦੇ ਲਈ ਲਹਿਰ ਤੋਰੀਏ, ਗਰੀਬਾਂ ਦਾ ਇਲਾਜ ਕਰਵਾਈਏ, ਉਨ੍ਹਾਂ ਦੇ ਬੱਚਿਆਂ ਨੂੰ ਪੜ੍ਹਾਈਏ ਤੇ ਪਿੰਡਾਂ 'ਚ ਟ੍ਰੀਟਮੈਂਟ ਪਲਾਂਟ ਲਗਵਾਈਏ ਤਾਂ ਜੋ ਸਰਕਾਰ ਨੂੰ ਵੀ ਜਾਗ ਆਵੇ। ਜੇਕਰ ਤੁਸੀਂ ਸਾਡੇ ਨਾਲ ਸਹਿਮਤ ਹੋ ਤਾਂ ਤੁਸੀਂ ਇਸ ਸੰਬੰਧ ਵਿੱਚ ਪੰਜਾਬ ਟਾਈਮਜ਼ ਤੇ ਜਥੇਦਾਰ ਦਿਲਬਾਗ ਸਿੰਘ ਫੋਨ 0044-774-6641253 email khalsamission@hotmail.co. ਨਾਲ ਸੰਪਰਕ ਕਰੋ ਤਾਂ ਜੋ ਕੈਂਸਰ ਪੀੜ੍ਹਤਾਂ ਦੀ ਸਹਾਇਤਾ ਕੀਤੀ ਜਾ ਸਕੇ।

*-ਸੰਪਾਦਕ*

ਸਮੁੱਚਾ ਪੰਜਾਬ ਹੁਣ ਪੂਰੀ ਤਰ੍ਹਾਂ ਕੈਂਸਰ ਦੀ ਜਕੜ 'ਚ ਆ ਚੁੱਕਾ ਹੈ। ਇਸ ਦਾ ਹੁਣ ਕੋਈ ਇਲਾਜ ਨਹੀਂ ਦਿਖਾਈ ਦੇ ਰਿਹਾ, ਕਿਉਂਕਿ ਕੈਂਸਰ ਸਾਡੀ ਭੋਜਨ ਪ੍ਰਣਾਲੀ ਵਿੱਚ ਸਮਾ ਚੁੱਕਾ ਹੈ। ਪਾਣੀ, ਹਵਾ, ਜ਼ਮੀਨ ਸਭ ਕੁਝ ਮਲੀਨ ਹੋ ਚੁੱਕਾ ਹੈ। ਕਾਰਖਾਨਿਆਂ ਦਾ ਪਾਣੀ ਪੈਣ ਕਾਰਨ ਜ਼ਮੀਨਦੋਜ ਪਾਣੀ ਮਲੀਨ ਹੋ ਚੁੱਕਾ ਹੈ। ਮਾਲਵੇ ਨਾਲੋਂ ਮਾਝੇ ਤੇ ਦੁਆਬੇ ਦੇ ਹਾਲਾਤ ਬਦਤਰ ਹੋ ਰਹੇ ਹਨ। ਪੰਜਾਬ ਸਰਕਾਰ ਨੇ ਇਸ ਦਾ ਇਲਾਜ ਕਰਨ ਵਿਚ ਬਹੁਤ ਦੇਰੀ ਕਰ ਦਿੱਤੀ ਹੈ। ਅਜੇ ਤੱਕ ਪੰਜਾਬ ਸਰਕਾਰ ਨੇ ਨਾ ਇਸ ਦੇ ਕਾਰਨ ਲੱਭੇ ਹਨ ਤੇ ਨਾ ਹੀ ਇਸ ਦੇ ਇਲਾਜ ਲਈ ਸੁਹਿਰਦਤਾ ਪ੍ਰਗਟਾਈ ਹੈ। ਹਾਲੇ ਤੱਕ ਤਾਂ ਪੰਜਾਬ ਸਰਕਾਰ ਨੇ ਇਸ ਦੇ ਅੰਕੜੇ ਪਤਾ ਲਗਾਉਣੇ ਸ਼ੁਰੂ ਕੀਤੇ ਹਨ। ਸ਼ੁਰੂ ਕੀਤੇ ਗਏ ਇੱਕ ਸਰਵੇਖਣ ਦੀ ਰਿਪੋਰਟ ਇਸ ਪੰਜਾਬ ਦੇ ਗੰਭੀਰ ਦੁਖਾਂਤ ਦੀ ਸਾਖੀ ਭਰਦੀ ਹੈ।

ਸਰਵੇਖਣ ਅਨੁਸਾਰ ਪਿਛਲੇ ਪੰਜ ਸਾਲਾਂ ਤੋਂ ਰਾਜ ਵਿੱਚ ਕੈਂਸਰ ਨਾਲ ਹਰ ਰੋਜ਼ 12 ਮੌਤਾਂ ਹੋ ਰਹੀਆਂ ਹਨ। ਇਸ ਸਰਵੇ ਵਿੱਚ ਸ਼ਾਮਲ ਪੰਜਾਬ ਦੀ 2 ਕਰੋੜ 21 ਲੱਖ ਦੀ ਅਬਾਦੀ ਵਿੱਚੋਂ 21 ਹਜ਼ਾਰ ਤੋਂ ਵੱਧ ਲੋਕ ਕੈਂਸਰ ਨਾਲ ਪੀੜਤ ਹਨ। ਇਸ ਤੋਂ ਬਿਨਾਂ 30 ਹਜ਼ਾਰ ਦੇ ਕਰੀਬ ਮਰੀਜ਼ਾਂ ਨੂੰ ਮੌਤ ਨੇ ਨਿਗਲ ਲਿਆ ਹੈ। ਇੱਥੇ ਹੀ ਬੱਸ ਨਹੀਂ 75000 ਦੇ ਕਰੀਬ ਕੈਂਸਰ ਦੇ ਸ਼ੱਕੀ ਮਰੀਜ਼ਾਂ ਦੀ ਗਿਣਤੀ ਇਸ ਤੋਂ ਵੱਖਰੀ ਹੈ। ਪਰ ਅਸੀਂ ਜਿੱਥੋਂ ਤੱਕ ਅੰਦਾਜ਼ਾ ਲਗਾਇਆ ਹੈ ਕਿ ਮਾਲਵੇ ਦੇ ਪਿੰਡਾਂ 'ਚ ਹਰ ਦੂਜੇ ਘਰ ਵਿੱਚ ਕੈਂਸਰ ਕਾਰਨ ਮੌਤ ਮੰਡਰਾ ਰਹੀ ਹੈ। ਪੰਜਾਬ ਨੂੰ ਕਾਲੇ ਪਾਣੀਆਂ ਦੀ ਸਜ਼ਾ ਕਾਰਨ ਕਾਲਾ ਪੀਲੀਆ, ਕਿਡਨੀ ਤੇ ਚਮੜੀ ਦੀਆਂ ਬਿਮਾਰੀਆਂ ਗੰਭੀਰ ਪੱਧਰ 'ਤੇ ਲੱਗ ਰਹੀਆਂ ਹਨ, ਜਿਸ ਦਾ ਡਾਕਟਰਾਂ ਕੋਲ ਵੀ ਇਲਾਜ ਨਹੀਂ। ਪਿੰਡ ਵਿੱਚ ਆਰ ਐਮ ਪੀ ਡਾਕਟਰ ਹਨ, ਉਹ ਸਿਰਫ ਮਰੀਜ਼ਾਂ ਨੂੰ ਨਸ਼ੇ ਦੇ ਟੀਕੇ ਲਗਾ ਦਿੰਦੇ ਹਨ ਤਾਂ ਜੋ ਉਨ੍ਹਾਂ ਨੂੰ ਬਿਮਾਰੀ ਦੀ ਪੀੜਾ ਕਾਰਨ ਜੋ ਰਾਤ ਨੂੰ ਨੀਂਦ ਨਹੀਂ ਆਉਂਦੀ ਉਹ ਆ ਜਾਵੇ। ਇਸੇ ਕਾਰਨ ਉਹ ਨੀਂਦ ਦੇ ਇੰਜੈਕਸ਼ਨ ਲੈ ਕੇ ਜ਼ਿੰਦਗੀ ਨੂੰ ਧੱਕਾ ਦੇ ਰਹੇ ਹਨ। ਸਰਕਾਰ ਉਨ੍ਹਾਂ ਦਾ ਇਲਾਜ ਨਹੀਂ ਕਰਵਾ ਰਹੀ, ਮੌਤ ਹੋ ਜਾਵੇ ਤਾਂ ਪਰਿਵਾਰ ਨੂੰ ਕੋਈ ਮੁਆਵਜ਼ਾ ਨਹੀਂ ਮਿਲਦਾ। ਇਨ੍ਹਾਂ ਬਿਮਾਰੀਆਂ ਕਾਰਨ ਉਨ੍ਹਾਂ ਦੀਆਂ ਜ਼ਮੀਨਾਂ ਵਿੱਕ ਰਹੀਆਂ ਹਨ, ਪਸ਼ੂ ਵਿੱਕ ਰਹੇ ਹਨ। ਪਰ ਸਰਕਾਰ ਤਾਂ ਸੁੱਤੀ ਪਈ ਹੈ। ਸਾਡੇ ਅੰਦਾਜ਼ੇ ਮੁਤਾਬਕ ਪੌਣੇ ਤਿੰਨ ਕਰੋੜ ਦੀ ਅਬਾਦੀ ਵਿੱਚੋਂ ਦੋ ਲੱਖ ਤੋਂ ਵੀ ਜ਼ਿਆਦਾ ਲੋਕ ਕੈਂਸਰ ਦੀ ਬੀਮਾਰੀ ਨਾਲ ਸਿੱਧੇ-ਅਸਿੱਧੇ ਰੂਪ ਵਿੱਚ ਲੜ ਰਹੇ ਹਨ।

### ਪੀੜਤਾਂ ਨੂੰ ਸਰਕਾਰੀ ਸਹਾਇਤਾ

ਪੰਜਾਬ ਸਰਕਾਰ ਵੱਲੋਂ ਕੈਂਸਰ ਪੀੜਤਾਂ ਦੀ ਮਦਦ ਲਈ ਇੱਕ ਸਕੀਮ ਤਹਿਤ ਡੇਢ ਲੱਖ ਰੁਪਏ ਦਿੱਤੇ ਜਾਣ ਲੱਗ ਪਏ ਹਨ, ਪਰ ਮਰੀਜ਼ਾਂ ਕੋਲ ਇਹ ਰਾਸ਼ੀ ਸਮੇਂ ਸਿਰ ਨਹੀਂ ਪਹੁੰਚ ਰਹੀ ਤੇ ਭ੍ਰਿਸ਼ਟ ਅਫਸਰਸ਼ਾਹੀ ਕਾਰਨ ਭ੍ਰਿਸ਼ਟਾਚਾਰ ਦੇ ਭੇਟ ਵੀ ਚੜ੍ਹ ਰਹੀ ਹੈ। ਚੰਡੀਗੜ੍ਹ ਤੋਂ ਮਰੀਜ਼ ਤਕ ਰਕਮ ਪਹੁੰਚਣ ਲਈ 6 ਤੋਂ 9 ਮਹੀਨੇ ਦਾ ਸਮਾਂ ਲੱਗ ਰਿਹਾ ਹੈ। ਇਸੇ ਕਾਰਨ ਵੱਡੀ ਗਿਣਤੀ ਮਰੀਜ਼ ਤਾਂ ਸਰਕਾਰੀ ਮਦਦ ਦਾ ਲਾਭ ਲਏ ਬਿਨਾਂ ਹੀ ਮੌਤ ਦੇ ਮੂੰਹ 'ਚ ਜਾ ਚੁੱਕੇ ਹਨ।

### ਸ਼ੁੱਧ ਵਾਤਾਵਰਨ ਦੀ ਲੋੜ

ਸਰਕਾਰ ਇਹ ਸੋਚਦੀ ਹੈ ਕਿ ਪੰਜਾਬ ਵਿੱਚ ਕੈਂਸਰ ਹਸਪਤਾਲ ਖੋਲ੍ਹਣ ਨਾਲ ਕੈਂਸਰ ਖਤਮ ਹੋ ਜਾਵੇਗਾ ਤਾਂ ਇਹ ਬਹੁਤ ਵੱਡਾ ਭੁਲੇਖਾ ਹੈ। ਭਾਵੇਂ ਬਠਿੰਡੇ 'ਚ ਵੀ ਕੈਂਸਰ ਦਾ ਹਸਪਤਾਲ ਬਣ ਚੁੱਕਾ ਹੈ, ਟਾਟਾ ਕੈਂਸਰ ਹਸਪਤਾਲ ਮੁਹਾਲੀ ਨੇੜੇ ਮੁੱਲਾਂਪੁਰ ਵਿਖੇ ਬਣਾਉਣ ਦੀ ਤਜਵੀਜ਼ ਹੈ। ਲੁਧਿਆਣੇ ਦੇ ਡੀਐਮਸੀ ਵਿੱਚ ਵੀ ਵਧੀਆ ਇਲਾਜ ਹੁੰਦਾ ਹੈ। ਪਰ ਇਹ ਇਸ ਬਿਮਾਰੀ ਦਾ ਹੱਲ ਨਹੀਂ। ਬਾਕੀ ਸਫ਼ਾ 73 →

## ਪੰਜਾਬ ਸਰਕਾਰ ਕੈਂਸਰ ਰੋਕਣ ਲਈ ਵਾਤਾਵਰਨ, ਖੇਤੀਬਾੜੀ ਨੂੰ ਸਵੱਛ ਬਣਾਏ



ਪ੍ਰੋ. ਬਲਵਿੰਦਰਪਾਲ ਸਿੰਘ ਤਖ਼ਤ ਦਮਦਮਾ ਸਾਹਿਬ ਵਿਖੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨਾਲ ਗੱਲਬਾਤ ਕਰਦੇ ਹੋਏ

ਅਸੀਂ ਜਦੋਂ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨਾਲ ਗੱਲ ਕੀਤੀ ਹੈ ਤਾਂ ਉਨ੍ਹਾਂ ਕਿਹਾ ਕਿ ਮਨੁੱਖਾਂ 'ਚ ਫੈਲੇ ਕੈਂਸਰ ਲਈ ਇੰਡਸਟਰੀ 'ਚੋਂ ਨਿਕਲਣ ਵਾਲਾ ਦੂਸ਼ਿਤ ਪਾਣੀ ਤੇ ਹਵਾ ਵੀ ਕਾਫੀ ਹੱਦ ਤੱਕ ਜ਼ਿੰਮੇਵਾਰ ਹੈ। ਗੁਰਬਾਣੀ 'ਚ ਮਨੁੱਖ ਨੂੰ ਕੁਦਰਤ ਨਾਲ ਜੁੜਨ ਲਈ ਕਿਹਾ ਹੈ, ਪਰ ਜਦੋਂ ਮਨੁੱਖ ਕੁਦਰਤ ਦੇ ਸਿਧਾਂਤ ਦੀ ਉਲੰਘਣਾ ਕਰੇਗਾ ਤਾਂ ਇਹੋ ਜਿਹੀਆਂ ਬਿਮਾਰੀਆਂ ਤਾਂ ਕੁਦਰਤੀ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਤੱਕੜੇ ਹੋ ਕੇ ਪਾਣੀ, ਹਵਾ ਨੂੰ ਸਾਫ ਸੁਥਰਾ ਕਰਨ ਦੇ ਲਈ ਯਤਨ ਕਰਨੇ ਚਾਹੀਦੇ ਹਨ, ਪਿੰਡਾਂ ਸ਼ਹਿਰਾਂ ਵਿੱਚ ਸਾਫ ਪਾਣੀ ਦੀ ਸਪਲਾਈ ਹੋਣੀ ਚਾਹੀਦੀ ਹੈ, ਭੋਜਨ ਤੇ ਖੁਰਾਕ ਸ਼ੁੱਧ ਯਕੀਨੀ ਬਣਾਉਣੀ ਚਾਹੀਦੀ ਹੈ। ਖੇਤੀਬਾੜੀ ਵਿੱਚ ਕੀੜੇਮਾਰ ਦਵਾਈਆਂ ਉੱਪਰ ਵੀ ਕਾਬੂ ਪਾਉਣ ਦੀ ਲੋੜ ਹੈ ਤਾਂ ਹੀ ਅਸੀਂ ਕੈਂਸਰ ਤੋਂ ਬੱਚ ਸਕਾਂਗੇ। ਕੈਂਸਰ ਦੇ ਬਚਾਅ ਲਈ ਇਲਾਜ ਕਾਫੀ ਨਹੀਂ ਹੈ। ਜਥੇਦਾਰ ਨੰਦਗੜ੍ਹ ਨੇ ਕਿਹਾ ਕਿ ਅਸੀਂ ਪਹਿਲਾਂ ਵੀ ਤਖ਼ਤ ਦਮਦਮਾ ਸਾਹਿਬ ਵਿੱਚ ਕੈਂਸਰ ਦੇ ਮਰੀਜ਼ਾਂ ਦੇ ਲਈ ਕੈਂਪ ਲਗਾ ਚੁੱਕੇ ਹਾਂ ਤੇ ਕਈਆਂ ਦੇ ਇਲਾਜ ਕਰਵਾਉਣ 'ਚ ਸਹਾਇਤਾ ਵੀ ਕੀਤੀ ਹੈ। ਸ਼੍ਰੋਮਣੀ ਕਮੇਟੀ ਵੀ ਇਸ ਸੰਬੰਧ ਵਿਚ ਵਧੀਆ ਉਪਰਾਲੇ ਕਰਨ ਦਾ ਯਤਨ ਕਰ ਰਹੀ ਹੈ, ਪਰ ਇਹ ਸਭ ਕੁਝ ਸੰਗਤ ਦੇ ਸਹਿਯੋਗ ਨਾਲ ਹੋਣਾ ਚਾਹੀਦਾ ਹੈ। ਸਾਨੂੰ ਪੰਜਾਬ ਨੂੰ ਕੈਂਸਰ ਤੇ ਹੋਰ ਬਿਮਾਰੀਆਂ ਤੋਂ ਬਚਾਉਣ ਦੇ ਲਈ ਦਸਵੰਧ ਫੰਡ ਸਥਾਪਤ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨਾਂ ਨੇ ਪੰਜਾਬ ਨੂੰ ਕੋਹੜ, ਚੇਚਕ ਵਰਗੀਆਂ ਭਿਅੰਕਰ ਬਿਮਾਰੀਆਂ ਤੋਂ ਬਚਾਉਣ ਦੇ ਲਈ ਸਾਫ ਪਾਣੀ ਦੇ ਸਰੋਵਰ ਸਥਾਪਤ ਕੀਤੇ ਸਨ ਤੇ ਸਾਨੂੰ ਖੇਤੀਬਾੜੀ, ਵਾਤਾਵਰਨ ਤੇ ਪਾਣੀ ਸਾਫ ਸੁਥਰਾ ਬਣਾਉਣਾ ਹੋਵੇਗਾ। ਇਸ ਤੋਂ ਬਿਨਾਂ ਪੰਜਾਬ ਦੇ ਬਚਣ ਦਾ ਕੋਈ ਰਾਹ ਨਹੀਂ।

## ਕੈਂਸਰ ਦੀ ਦਹਿਸ਼ਤ

| ਜ਼ਿਲ੍ਹਾ | ਆਬਾਦੀ | ਮਰੀਜ਼ |
|---|---|---|
| ਅੰਮ੍ਰਿਤਸਰ | 13,36,638 | 5449 |
| ਬਰਨਾਲਾ | 2,80,886 | 633 |
| ਬਠਿੰਡਾ | 6,45,605 | 2146 |
| ਫਤਹਿਗੜ੍ਹ ਸਾਹਿਬ | 1,05,063 | 320 |
| ਫਿਰੋਜ਼ਪੁਰ | 10,47,874 | 4416 |
| ਗੁਰਦਾਸਪੁਰ | 12,22,924 | 4428 |
| ਹੁਸ਼ਿਆਰਪੁਰ | 11,70,202 | 2013 |
| ਜਲੰਧਰ | 11,98,562 | 5330 |
| ਕਪੂਰਥਲਾ | 7,10,171 | 2432 |
| ਲੁਧਿਆਣਾ | 21,96,989 | 3579 |
| ਮੋਗਾ | 5,99,790 | 3406 |
| ਮਾਨਸਾ | 2,95,964 | 1008 |
| ਮੋਹਾਲੀ | 6,10,915 | 1085 |
| ਸ੍ਰੀ ਮੁਕਤਸਰ ਸਾਹਿਬ | 6,31,325 | 3327 |
| ਨਵਾਂਸ਼ਹਿਰ | 2,56,230 | 622 |
| ਪਟਿਆਲਾ | 6,51,735 | 2647 |
| ਰੋਪੜ | 4,32,315 | 1058 |
| ਸੰਗਰੂਰ | 8,07,778 | 4596 |
| ਤਰਨਤਾਰਨ | 5,98,998 | 2911 |

## ਸਰਵੇਖਣ 'ਤੇ ਆਧਾਰਿਤ ਅੰਕੜੇ

| ਜ਼ਿਲ੍ਹਾ | ਕੈਂਸਰ ਰੋਗੀ | ਮੌਤਾਂ |
|---|---|---|
| ਅੰਮ੍ਰਿਤਸਰ | 1101 | 1665 |
| ਬਰਨਾਲਾ | 298 | 372 |
| ਬਠਿੰਡਾ | 845 | 992 |
| ਫਤਹਿਗੜ੍ਹ ਸਾਹਿਬ | 158 | 201 |
| ਫਿਰੋਜ਼ਪੁਰ | 1460 | 1418 |
| ਗੁਰਦਾਸਪੁਰ | 789 | 1161 |
| ਹੁਸ਼ਿਆਰਪੁਰ | 1037 | 1498 |
| ਜਲੰਧਰ | 1130 | 2248 |
| ਕਪੂਰਥਲਾ | 615 | 914 |
| ਲੁਧਿਆਣਾ | 2637 | 2595 |
| ਮੋਗਾ | 501 | 892 |
| ਮਾਨਸਾ | 530 | 454 |
| ਮੋਹਾਲੀ | 628 | 676 |
| ਮੁਕਤਸਰ | 790 | 1329 |
| ਨਵਾਂਸ਼ਹਿਰ | 221 | 251 |
| ਪਟਿਆਲਾ | 776 | 776 |
| ਰੋਪੜ | 378 | 670 |
| ਸੰਗਰੂਰ | 805 | 1153 |
| ਤਰਨਤਾਰਨ | 156 | 398 |
| ਕੁੱਲ | 14855 | 19663 |

ਸਰੋਤ-ਸਿਹਤ ਤੇ ਪਰਿਵਾਰ ਕਲਿਆਣ ਵਿਭਾਗ (ਕੈਂਸਰ ਨਾਲ ਮੌਤਾਂ ਦਾ ਅੰਕੜਾ ਪਿਛਲੇ ਪੰਜ ਸਾਲਾਂ ਦਾ ਹੈ।)

## ਕੈਂਸਰ ਖਾ ਰਿਹੈ ਮਰੀਜ਼ ਨੂੰ, ਕੈਮਿਸਟ ਲੁੱਟ ਰਹੇ ਨੇ .ਗਰੀਬ ਨੂੰ

ਗੁਰੂ ਗੋਬਿੰਦ ਮੈਡੀਕਲ ਕਾਲਜ ਫਰੀਦਕੋਟ ਵਿੱਚ ਸ਼ੁਰੂ ਕੀਤੇ ਆਧੁਨਿਕ ਕੈਂਸਰ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾਂ ਦੀ ਵੱਡੇ ਪੱਧਰ 'ਤੇ ਆਰਥਿਕ ਲੁੱਟ ਹੋ ਰਹੀ ਹੈ। ਵਿਆਜ 'ਤੇ ਪੈਸੇ ਲੈ ਕੇ ਇਲਾਜ ਕਰਵਾਉਣ ਆਏ ਮਰੀਜ਼ਾਂ ਨੂੰ ਦਵਾਈ ਵਿਕਰੇਤਾਵਾਂ ਨੇ ਲੁੱਟਣ ਵਿੱਚ ਕੋਈ ਕਸਰ ਨਹੀਂ ਛੱਡੀ। ਮੈਡੀਕਲ ਕਾਲਜ ਦੇ ਅੰਦਰ ਬਾਬਾ .ਫਰੀਦ ਯੂਨੀਵਰਸਿਟੀ ਵੱਲੋਂ ਖੋਲ੍ਹੇ ਡਰੱਗ ਸਟੋਰਾਂ 'ਤੇ 1200 ਰੁਪਏ ਵਾਲੀ ਦਵਾਈ ਮਰੀਜ਼ਾਂ ਨੂੰ ਦਸ ਹਜ਼ਾਰ ਰੁਪਏ ਵਿੱਚ ਵੇਚੀ ਜਾ ਰਹੀ ਹੈ। ਕੈਂਸਰ ਪੀੜਤ ਦੀ ਪਤਨੀ ਮਨਜੀਤ ਕੌਰ, ਦਲੀਪ ਸਿੰਘ, ਰਾਜਿੰਦਰ ਕੌਰ ਅਤੇ ਗੁਰਦਿੱਤ ਸਿੰਘ ਨੇ ਦੱਸਿਆ ਕਿ ਕੈਂਸਰ ਦੇ ਮਰੀਜ਼ਾਂ ਲਈ ਦਵਾਈਆਂ ਸਿਰ.ਫ ਮੈਡੀਕਲ ਕਾਲਜ ਦੀਆਂ ਅੰਦਰਲੀਆਂ ਦੁਕਾਨਾਂ ਤੋਂ ਮਿਲਦੀਆਂ ਹਨ ਅਤੇ ਮੈਡੀਕਲ ਸਟੋਰਾਂ ਵਾਲੇ ਮਰੀਜ਼ਾਂ ਨੂੰ ਮਨਮਰਜ਼ੀ ਦਾ ਰੇਟ ਲਾਉਂਦੇ ਹਨ। ਮਰੀਜ਼ਾਂ ਨੇ ਦੋਸ਼ ਲਾਇਆ ਕਿ ਡਾਕਟਰਾਂ ਵੱਲੋਂ ਕਥਿਤ ਤੌਰ 'ਤੇ ਉਹੀ ਦਵਾਈਆਂ ਲਿਆਉਣ ਲਈ ਆਖਿਆ ਜਾਂਦਾ ਹੈ, ਜਿਹੜੀਆਂ ਮੈਡੀਕਲ ਕਾਲਜ ਦੇ ਅੰਦਰਲੇ ਸਟੋਰਾਂ 'ਤੇ ਉਪਲੱਬਧ ਹੋਣ।

# ਸ਼ਾਹੀ ਇਸ਼ਨਾਨ ਨਾਲ ਸ਼ੁਰੂ ਹੋਇਆ ਮਹਾਂਕੁੰਭ









ਇਲਾਹਾਬਾਦ-ਦੁਨੀਆਂ ਦਾ ਸਭ ਤੋਂ ਵੱਡਾ ਮੇਲਾ ਕਹਾਉਣ ਵਾਲਾ ਮਹਾਂਕੁੰਭ ਬੀਤੇ ਦਿਨੀਂ ਇਲਾਹਾਬਾਦ ਵਿੱਚ ਸ਼ੁਰੂ ਹੋ ਗਿਆ ਤੇ ਮਕਰ ਸੰਗਰਾਂਦ ਦੇ ਮੌਕੇ ’ਤੇ ਗੰਗਾ, ਯਮੁਨਾ ਤੇ ਸਰਸਵਤੀ ਦੇ ਸੰਗਮ ’ਤੇ ਪਵਿੱਤਰ ਇਸ਼ਨਾਨ ਲਈ ਸਾਧੂ-ਸੰਤਾਂ, ਯੋਗੀਆਂ, ਤਪੱਸਵੀਆਂ ਤੇ ਵੱਖ-ਵੱਖ ਧਾਰਮਿਕ ਆਗੂਆਂ ਸਮੇਤ ਲੱਖਾਂ ਸ਼ਰਧਾਲੂਆਂ ਦੀ ਭੀੜ ਰਹੀ। ਦੋ ਮਹੀਨੇ ਤੱਕ ਚੱਲਣ ਵਾਲੇ ਇਸ ਵਿਸ਼ਾਲ ਸਮਾਗਮ ਦੀ ਸ਼ੁਰੂਆਤ 13 ਅਖਾੜਿਆਂ ਦੇ ਪਹਿਲੇ ਸ਼ਾਹੀ ਇਸ਼ਨਾਨ ਨਾਲ ਹੋਈ। ਨਾਂਗਾ ਸਾਧੂ ਤੇ ਜਲੂਸ ਦੇ ਰੂਪ ਵਿੱਚ ਸੰਗਮ ’ਤੇ ਪਹੁੰਚੇ। ਉਨ੍ਹਾਂ ਦੇ ਨੇਤਾ ਸਜੇ ਹੋਏ ਹਾਥੀਆਂ, ਘੋੜਿਆਂ ਤੇ ਰੱਥਾਂ ’ਤੇ ਸਵਾਰ ਸਨ।

ਸਭ ਤੋਂ ਪਹਿਲਾਂ ਮਹਾਂਨਿਰਵਾਣੀ ਅਖਾੜੇ ਦਾ ਜਲੂਸ ਪੁੱਜਾ ਤੇ ਫਿਰ ਅਟੱਲ ਅਖਾੜੇ ਦਾ। ਇਸ ਤੋਂ ਬਾਅਦ ਨਿਰੰਜਨੀ, ਆਨੰਦ, ਜੂਨਾ ਤੇ ਅਗਨੀ ਅਖਾੜੇ ਦੀ ਵਾਰੀ ਸੀ। ਇਨ੍ਹਾਂ ਸਭ ਤੋਂ ਬਾਅਦ ਨਿਰਵਾਨੀ ਅਣੀ, ਦਿਗੰਬਰ ਅਣੀ, ਨਵਾਂ ਉਦਾਸੀਨ ਵੱਡਾ ਉਦਾਸੀਨ ਤੇ ਨਿਰਮਲ ਅਖਾੜੇ ਦੀ ਵਾਰੀ ਰਹੀ।

ਅਖਾੜਿਆਂ ਨੂੰ ਇਸ਼ਨਾਨ ਲਈ ਉਨ੍ਹਾਂ ਦੇ ਜਲੂਸ ਦੇ ਸਾਈਜ਼ ਦੇ ਹਿਸਾਬ ਨਾਲ 30 ਮਿੰਟ ਤੋਂ ਇੱਕ ਘੰਟੇ ਦਾ ਸਮਾਂ ਦਿੱਤਾ ਗਿਆ। ਵਿਰੋਧੀ ਅਖਾੜਿਆਂ ਦੇ ਮੈਂਬਰਾਂ ਦੇ ਇੱਕ-ਦੂਜੇ ਦੇ ਸੰਪਰਕ ’ਚ ਆਉਣ ਤੋਂ ਰੋਕਣ ਲਈ ਸੰਗਮ ਤੱਕ ਜਾਣ ਤੇ ਉੱਥੋਂ ਪਰਤਣ ਲਈ ਵੱਖ-ਵੱਖ ਰਸਤਿਆਂ ਦਾ ਪ੍ਰਬੰਧ ਕੀਤਾ ਗਿਆ ਸੀ ਤਾਂ ਜੋ ਸਾਧੂਆਂ ਦੀ ਖੂਨੀ ਜੰਗ ਨਾ ਹੋ ਸਕੇ।

ਭਾਰੀ ਠੰਡ ਦੇ ਬਾਵਜੂਦ ਵੀ ਬੀਤੇ ਐਤਵਾਰ ਤੋਂ ਹੀ ਦੇਸ ਭਰ ’ਚੋਂ ਸ਼ਰਧਾਲੂਆਂ ਦੀ ਭੀੜ ਇਕੱਠੀ ਹੋਣੀ ਸ਼ੁਰੂ ਹੋ ਗਈ ਸੀ। ਸੰਗਮ ਵੱਲ ਜਾਂਦੇ ਅਖਾੜਿਆਂ ਦੇ ਜਲੂਸਾਂ ਨੂੰ ਵੇਖਣ ਲਈ ਸੜਕ ਦੇ ਦੋਵੇਂ ਪਾਸੇ ਲੋਕਾਂ ਦੀ ਵੱਡੀ ਭੀੜ ਮੌਜੂਦ ਸੀ ਤੇ ਬੈਰੀਕੇਡ ਲਗਾਏ ਗਏ ਸਨ। ਸੁਰੱਖਿਆ ਮੁਲਾਜ਼ਮ ਵਾਚ ਟਾਵਰਾਂ ਤੇ ਸੀਸੀਟੀਵੀ ਕੈਮਰਿਆਂ ਰਾਹੀਂ ਸਾਧੂਆਂ ਦੇ ਜਲੂਸ ’ਤੇ ਖ਼ਾਸ ਨਜ਼ਰ ਰੱਖ ਰਹੇ ਸਨ, ਕਿਉਂਕਿ ਇਸ ਤਰ੍ਹਾਂ ਦੇ ਪਿਛਲੇ ਸਮਾਗਮਾਂ ਵਿੱਚ ਹਿੰਸਕ ਝੜਪਾਂ ਵੀ ਹੁੰਦੀਆਂ ਰਹੀਆਂ ਸਨ।

## ਔਰਤਾਂ ਕਰਦੀਆਂ ਹਨ ਸੋਲ੍ਹਾਂ ਸ਼ਿੰਗਾਰ ਤੇ ਨਾਗਾ ਸਾਧੂ ਸਤਾਰਾਂ

ਆਮ ਤੌਰ ’ਤੇ ਔਰਤਾਂ ਨੂੰ ਹਾਰ ਸ਼ਿੰਗਾਰ ਕਰਨ ਲਈ ਜਾਣਿਆ ਜਾਂਦਾ ਹੈ ਪਰ ਸੱਚਾਈ ਇਹ ਹੈ ਕਿ ਨਾਗਾ ਸਾਧੂ ਔਰਤਾਂ ਨਾਲੋਂ ਵੀ ਵੱਧ ਸ਼ਿੰਗਾਰ ਕਰਦੇ ਹਨ। ਇਥੇ ਸ਼ਾਹੀ ਇਸ਼ਨਾਨ ਦੌਰਾਨ ਨਾਗਾ ਸ਼ਿੰਗਾਰ ’ਚ ਔਰਤਾਂ ਨੂੰ ਵੀ ਪਛਾੜਦੇ ਨਜ਼ਰ ਆਏ। ਇਕ ਨਾਗਾ ਸਾਧੂ ਨੇ ਕਿਹਾ ਕਿ ਔਰਤਾਂ ਤਾਂ ਸੋਲ੍ਹਾਂ ਸ਼ਿੰਗਾਰ ਕਰਦੀਆਂ ਹਨ ਪਰ ਅਸੀਂ ਸਤਾਰਾਂ ਕਰਦੇ ਹਾਂ।

ਇਹ ਪੁੱਛਣ ’ਤੇ ਕਿ ਸਤਾਰਾਂ ਸ਼ਿੰਗਾਰ ਕਿਹੜੇ ਹਨ ਤਾਂ ਉਨ੍ਹਾਂ ਦੱਸਿਆ ਕਿ ਇਸ ਵਿਚ ਲੰਗੋਟ, ਭਭੂਤ, ਚੰਦਨ,ਪੈਰਾਂ ਵਿਚ ਕੜਾ, ਅੰਗੂਠੀ, ਪੰਚ ਕੇਛ, ਫੁੱਲਾਂ ਦੀ ਮਾਲਾ, ਮੱਥੇ ਉਤੇ ਲੇਪ, ਕੁੰਡਲ, ਹੱਥਾਂ ਵਿਚ ਚਿਮਟਾ, ਡਮਰੂ ਜਾਂ ਕਮੰਡਲ, ਗੁੱਥੀਆਂ ਜਟਾਵਾਂ, ਕਾਜਲ, ਤਿਲਕ, ਸਰੀਰ ਉਤੇ ਵਿਭੂਤੀ ਦਾ ਲੇਪ , ਰੁਦਰਾਕਸ਼ ਦੀ ਮਾਲਾ ਆਦਿ ਸ਼ਾਮਿਲ ਹਨ।

## ਕੁੰਭ ਦੇ ਮੇਲੇ ’ਤੇ ਸ਼੍ਰੋਮਣੀ ਕਮੇਟੀ ਦੀ ਹਾਜ਼ਰੀ ਬਾਰੇ ਵਿਵਾਦ ਭਖਿਆ

ਜਲੰਧਰ-ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਆਪਣੇ ਇਤਿਹਾਸ ’ਚ ਪਹਿਲੀ ਵਾਰ ਕੁੰਭ ਮੇਲੇ ’ਚ ਸ਼ਾਮਲ ਹੋਣ ਜਾ ਰਹੀ ਹੈ। ਇਲਾਹਾਬਾਦ ’ਚ ਸ਼ੁਰੂ ਹੋ ਰਹੇ ਕੁੰਭ ਦੇ ਮੇਲੇ ’ਚ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵੱਲੋਂ ਪ੍ਰਦਰਸ਼ਨੀ ਤੇ ਲੰਗਰ ਲਗਾਏ ਜਾਣ ਦੇ ਕੀਤੇ ਫ਼ੈਸਲੇ ਨਾਲ ਪੰਜਾਬ ’ਚ ਵਿਵਾਦ ਖੜ੍ਹਾ ਹੋ ਗਿਆ ਹੈ। ਪਹਿਲੀ ਵਾਰ ਕੁੰਭ ਦੇ ਮੇਲੇ ’ਚ ਹਿੱਸਾ ਲੈ ਰਹੀ ਸ਼੍ਰੋਮਣੀ ਕਮੇਟੀ ਨੇ ਦਿੱਲੀ ਕਮੇਟੀ ਨੂੰ ਭੱਖਦਾ ਮੁੱਦਾ ਸੌਂਪ ਦਿੱਤਾ ਹੈ, ਜਿਸ ਨਾਲ ਦਿੱਲੀ ਕਮੇਟੀ ਆਪਣੇ ਵਿਰੋਧੀਆਂ ਨੂੰ ਭੰਡਣ ਦਾ ਮੌਕਾ ਹੱਥੋਂ ਨਹੀਂ ਜਾਣ ਦੇ ਰਹੀ। ਹਿੰਦੂ ਮੱਤ ’ਚ ਵਿਸ਼ਵਾਸ ਰੱਖਣ ਵਾਲੇ ਲੋਕਾਂ ਲਈ ਹਮੇਸ਼ਾ ਹੀ ਕੁੰਭ ਦੇ ਮੇਲੇ ਦੀ ਉਡੀਕ ਬੜੀ ਬੇਸਬਰੀ ਨਾਲ ਕੀਤੀ ਜਾਂਦੀ ਹੈ। ਇਸ ਮੇਲੇ ਦੀ ਅਹਿਮੀਅਤ ਇਸ ਕਰਕੇ ਹੋਰ ਵੀ ਜ਼ਿਆਦਾ ਇਸ ਕਰਕੇ ਹੁੰਦੀ ਹੈ ਕਿ ਕੁੰਭ ਦਾ ਮੇਲਾ 12 ਸਾਲਾਂ ਬਾਅਦ ਆਉਂਦਾ ਹੈ। ਸਿੱਖਾਂ ਦੀ ਸਿਰਮੌਰ ਜੱਥੇਬੰਦੀ ਸ਼੍ਰੋਮਣੀ ਕਮੇਟੀ ਨੇ ਪਹਿਲੀ ਵਾਰ ਬਕਾਇਦਾ ਮੀਟਿੰਗ ’ਚ ਇਸ ਬਾਰੇ ਫੈਸਲਾ ਕੀਤਾ ਹੈ ਕਿ ਐਤਕੀਂ ਕੁੰਭ ਦੇ ਮੇਲੇ ’ਚ ਸਿੱਖਾਂ ਬਾਰੇ ਪ੍ਰਦਰਸ਼ਨੀ ਤੇ ਲੰਗਰ ਲਾਇਆ ਜਾਵੇਗਾ। ਕਈ ਸਿੱਖ ਵਿਦਵਾਨਾਂ ਦੀ ਰਾਏ ਹੈ ਕਿ ਇਹ ਫ਼ੈਸਲਾ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਦਬਾਅ ਹੇਠ ਲਿਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਉਭਾਰਿਆ ਹੈ ਕਿ ਸ਼੍ਰੋਮਣੀ ਕਮੇਟੀ ਦੀ ਇਹ ਕਾਰਵਾਈ ਸਿੱਖਾਂ ਨੂੰ ਕੇਸਾਧਾਰੀ ਹਿੰਦੂ ਸਾਬਤ ਕਰਨ ਵਾਲੀ ਹੈ। ਦਿੱਲੀ ’ਚ ਕੀਤਾ ਜਾ ਜਾ ਰਿਹਾ ਪ੍ਰਚਾਰ ਉੱਥੇ ਸਿੱਖ ਹਲਕਿਆਂ ’ਤੇ ਪੂਰਾ ਪ੍ਰਭਾਵ ਪਾ ਰਿਹਾ ਹੈ ਕਿ ਆਖਿਰ ਸ਼੍ਰੋਮਣੀ ਕਮੇਟੀ ਦੀ ਕੀ ਮਜ਼ਬੂਰੀ ਬਣ ਗਈ ਸੀ ਕਿ ਉਸ ਨੂੰ ਕੁੰਭ ਵਰਗੇ ਮੇਲੇ ’ਤੇ ਪ੍ਰਦਰਸ਼ਨੀ ਤੇ ਲੰਗਰ ਲਗਾਉਣ ਵਰਗਾ ਫੈਸਲਾ ਕਰਨਾ ਪਿਆ। ਸਿੱਖ ਸਟੂਡੈਂਟ ਫੈਡਰੇਸ਼ਨ ਦੇ ਇੱਕ ਧੜੇ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਵੀ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ। ਸਭ ਤੋਂ ਪਹਿਲਾਂ ਇਸ ਫ਼ੈਸਲੇ ’ਤੇ ਸ਼੍ਰੋਮਣੀ ਕਮੇਟੀ ਮੈਂਬਰ ਹਰਦੀਪ ਸਿੰਘ ਨੇ ਹੀ ਸਵਾਲ ਉਠਾਇਆ ਸੀ ਕਿ ਆਖਰ ਕੁੰਭ ਵਰਗੇ ਮੇਲੇ ਤੇ ਸਿੱਖ ਪ੍ਰਦਰਸ਼ਨੀ ਲਗਾਉਣ ਦੀ ਲੋੜ ਕਿਉ ਪੈ ਗਈ ? ਉਨ੍ਹਾਂ ਇਸ ਦਾ ਡੱਟ ਕੇ ਵਿਰੋਧ ਵੀ ਕੀਤਾ। ਦਲ ਖਾਲਸਾ ਨੇ ਵੀ ਇਸ ਦਾ ਵਿਰੋਧ ਕੀਤਾ ਹੈ। ਇਸ ਦੇ ਜਵਾਬ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜੱਥੇਦਾਰ ਅਵਤਾਰ ਸਿੰਘ ਮੱਕੜ ਨੇ ਦਲੀਲਾਂ ਦਿੱਤੀਆਂ ਸਨ ਕਿ ਕਿ ਕੁੰਭ ਦੇ ਮੇਲੇ ’ਚ ਸਿੱਖ ਧਰਮ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਥੇ ਇੱਕ ਹਜ਼ਾਰ ਵਰਗ ਫੁੱਟ ’ਚ ਪ੍ਰਦਰਸ਼ਨੀ ਤੇ ਲੰਗਰ ਲਾਇਆ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਇਹ ਸਭ ਤੋਂ ਵੱਧੀਆ ਮੌਕਾ ਹੈ ਜਦੋਂ ਕਰੋੜਾਂ ਲੋਕਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦਿੱਤੀ ਜਾ ਸਕੇਗੀ। ਇਸ ਪੈਦਾ ਹੋਏ ਵਿਵਾਦ ’ਤੇ ਅਕਾਲ ਤਖਤ ਸਾਹਿਬ ਨੇ ਅਜੇ ਕੋਈ ਟਿੱਪਣੀ ਨਹੀਂ ਕੀਤੀ। ਜਾਣਕਾਰੀ ਅਨੁਸਾਰ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਅਸ਼ੋਕ ਸਿੰਘਲ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਚੋਟੀ ਦੇ ਆਗੂਆਂ ਜਿਨ੍ਹਾਂ ’ਚ ਬਾਦਲਾਂ ਦੀ ਵੀ ਸ਼ਮੂਲੀਅਤ ਦੱਸੀ ਜਾਂਦੀ ਹੈ, ਦੀ ਹੋਈ ਮੁਲਾਕਾਤ ਦੌਰਾਨ ਹੀ ਇਹ ਮਾਮਲਾ ਸਾਹਮਣੇ ਆਇਆ ਸੀ ਕਿ ਕੁੰਭ ਦੇ ਮੇਲੇ ਦੌਰਾਨ ਸਿੱਖਾਂ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਕਮੇਟੀ ਇਸ ’ਚ ਸ਼ਿਰਕਤ ਕਰੇ।

# ਮਾਘੀ ਮੇਲੇ 'ਤੇ ਭਖੇ ਸਿਆਸੀ ਆਗੂ

## ਵੱਡੇ ਬਾਦਲ ਟਕਸਾਲੀ ਅਕਾਲੀ ਆਗੂਆਂ ਦੇ ਰੋਸੇ ਸੁਖਬੀਰ ਨਾਲ ਮਿਟਾਉਣ 'ਚ ਹੋਏ ਸਫਲ ✪ ਮਹਿੰਗਾਈ ਸੁਰੱਖਿਆ ਮਾਮਲੇ ਨੂੰ ਲੈ ਕੇ ਕੇਂਦਰ 'ਤੇ ਕੀਤਾ ਹਮਲਾ ✪ ਕੈਪਟਨ ਨੇ ਪੰਜਾਬ 'ਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਕੀਤੀ ਮੰਗ





ਮੁਕਤਸਰ-ਮੇਲਾ ਮਾਘੀ ਮੌਕੇ, ਜਿੱਥੇ ਹਜ਼ਾਰਾਂ ਦੀ ਸੰਖਿਆ ਵਿੱਚ ਸ਼ਰਧਾਲੂ 40 ਮੁਕਤਿਆਂ ਨੂੰ ਸ਼ਰਧਾਂਜਲੀ ਦੇਣ ਲਈ ਇੱਥੋਂ ਦੇ ਇਤਿਹਾਸਕ ਗੁਰਦੁਆਰਿਆਂ 'ਚ ਨਤਮਸਤਕ ਹੋਏ, ਉੱਥੇ ਸਿਆਸੀ ਕਾਨਫਰੰਸਾਂ ਵਿੱਚ ਵੀ ਚੋਖੀਆਂ ਰੌਣਕਾਂ ਲੱਗੀਆਂ ਰਹੀਆਂ। ਸ਼੍ਰੋਮਣੀ ਅਕਾਲੀ ਦਲ ਦੀ ਕਾਨਫਰੰਸ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਮੁੱਖ ਬੁਲਾਰੇ ਰਹੇ। ਕਾਂਗਰਸ ਦੀ ਕਾਨਫਰੰਸ 'ਚ ਕੇਂਦਰੀ ਰੇਲਵੇ ਮੰਤਰੀ ਪਵਨ ਕੁਮਾਰ ਬਾਂਸਲ ਮੁੱਖ ਬੁਲਾਰੇ ਵਜੋਂ ਉਭਰੇ। ਪ੍ਰਦੇਸ਼ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਚ ਲਾ-ਕਾਨੂੰਨੀ ਦੀ ਦੁਹਾਈ ਦਿੰਦਿਆਂ ਰਾਸ਼ਟਰਪਤੀ ਰਾਜ ਲਾਗੂ ਕੀਤੇ ਜਾਣ ਦੀ ਮੰਗ ਕੀਤੀ। ਮਾਨ ਨੇ ਆਪਣੀ ਕਾਨਫਰੰਸ ਦੌਰਾਨ ਕਾਂਗਰਸ ਤੇ ਬਾਦਲ ਸਰਕਾਰ ਦੋਹਾਂ ਦੀ ਨਿਖੇਧੀ ਕੀਤੀ ਤੇ ਖਾਲਿਸਤਾਨ ਦੀ ਮੰਗ ਉੱਪਰ ਪਹਿਰਾ ਦੇਣ ਦਾ ਐਲਾਨ ਕੀਤਾ।

### ਬਾਦਲ ਦਲ ਦੀ ਕਾਨਫਰੰਸ

ਸ਼੍ਰੋਮਣੀ ਅਕਾਲੀ ਦਲ ਦੀ ਕਾਨਫਰੰਸ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜਿਥੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਵਿਧਾਨ ਸਭਾ ਜ਼ਿਮਨੀ ਚੋਣ ਮੋਗਾ ਅਤੇ 2014 ਦੀਆਂ ਲੋਕ ਸਭਾ ਚੋਣਾਂ ਵਾਸਤੇ 'ਚੋਣ ਯੁੱਧ' ਦਾ ਐਲਾਨ ਕੀਤਾ, ਉਥੇ 'ਐਨ ਆਰ ਆਈ' ਸੰਮੇਲਨ ਦੌਰਾਨ ਸੀਨੀਅਰ ਅਕਾਲੀ ਲੀਡਰਸ਼ਿਪ ਨੂੰ ਉਭਾਰਨ ਦੇ ਮੁੱਦੇ 'ਤੇ ਪੈਦਾ ਹੋਏ 'ਵਿਵਾਦ' ਨੂੰ ਵੀ ਠੰਢਾ ਕਰਨ ਦਾ ਯਤਨ ਕੀਤਾ। ਇਸ ਨਾਲ ਹੀ ਸਾਰੇ ਬੁਲਾਰਿਆਂ ਵੱਲੋਂ ਕੇਂਦਰ ਸਰਕਾਰ ਦੀ ਰੱਜ ਕੇ ਭੰਡੀ ਕੀਤੀ ਗਈ।

ਕਾਨਫਰੰਸ 'ਚ ਜੁੜੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਪੰਜਾਬ ਦੀ ਕਿਸਾਨੀ ਦੇ ਨਿਘਾਰ, ਸਿੱਖਾਂ 'ਤੇ ਜ਼ੁਲਮ ਤੇ ਦੇਸ ਦੀ ਅੰਦਰੂਨੀ ਤੇ ਬਾਹਰੀ ਸੁਰੱਖਿਆ ਲਈ ਖ਼ਤਰਿਆਂ ਵਾਸਤੇ ਕੇਂਦਰ ਦੀ ਯੂਪੀਏ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਸਿਰ 32 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਲਈ ਕੇਂਦਰ ਸਰਕਾਰ ਕਸੂਰਵਾਰ ਹੈ। ਅਕਾਲੀ ਦਲ ਕੁਰਬਾਨੀਆਂ ਦੀ ਮਿਸਾਲ ਹੈ, ਪਰ ਕਾਂਗਰਸ 'ਲੋਟੂ ਟੋਲਾ' ਹੈ। ਬਾਦਲ ਨੇ ਹਰਿਮੰਦਰ ਸਾਹਿਬ ਉੱਪਰ ਫੌਜੀ ਹਮਲੇ ਤੇ ਚੁਰਾਸੀ ਦੇ ਕਤਲੇਆਮ ਲਈ ਵੀ ਕਾਂਗਰਸ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਕੇਂਦਰ ਸਰਕਾਰ ਹੁਣ ਇੰਨੀ 'ਗਈ ਗੁਜ਼ਰੀ' ਹੋ ਚੁੱਕੀ ਹੈ ਕਿ ਇੱਕ ਫ਼ੌਜੀ ਦਾ ਸਿਰ ਕਲਮ ਕਰਨ ਵਾਲੇ ਪਾਕਿਸਤਾਨ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰ ਸਕੀ। ਬਾਦਲ ਨੇ ਸਟੇਜ ਤੋਂ ਸੀਨੀਅਰ ਅਕਾਲੀ ਆਗੂ ਬ੍ਰਹਮਪੁਰਾ, ਭੂੰਦੜ, ਵਡਾਲਾ, ਢੀਂਡਸਾ ਦਾ ਨਾਮ ਲੈਂਦਿਆਂ ਉਨ੍ਹਾਂ ਵੱਲੋਂ ਅਕਾਲੀ ਦਲ ਲਈ ਕੀਤੀਆਂ ਕੁਰਬਾਨੀਆਂ ਦੀ ਚਰਚਾ ਕਰਦਿਆਂ ਨਵੇਂ ਆਗੂਆਂ ਨੂੰ ਉਨ੍ਹਾਂ ਦੇ ਪਦਚਿੰਨ੍ਹਾਂ 'ਤੇ ਚੱਲਣ ਲਈ ਕਿਹਾ। ਵੱਡੇ ਬਾਦਲ ਇਸ ਕਾਨਫਰੰਸ ਦੌਰਾਨ ਟਕਸਾਲੀ ਲੀਡਰਸ਼ਿਪ ਦੇ ਸੁਖਬੀਰ ਬਾਦਲ ਨਾਲ ਗਿਲੇ ਸ਼ਿਕਵੇ ਮਿਟਾਉਣ 'ਚ ਸਫਲ ਰਹੇ।

ਇਸ ਦੌਰਾਨ ਆਪਣੇ ਸੰਬੋਧਨ 'ਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਪਣੇ ਪਿਤਾ ਤੇ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਪੰਜਾਬ ਦੇ ਭਲੇ ਦੀ ਖ਼ਾਤਰ ਕੱਟੀਆਂ ਜੇਲ੍ਹਾਂ ਦਾ ਜ਼ਿਕਰ ਕਰਦਿਆਂ ਕਾਂਗਰਸੀਆਂ ਨੂੰ 'ਨਿਕੰਮੀ' ਪਾਰਟੀ ਗਰਦਾਨਿਆ। ਕਾਨਫਰੰਸ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ, ਬਲਵਿੰਦਰ ਸਿੰਘ ਭੂੰਦੜ ਮੈਂਬਰ ਰਾਜ ਸਭਾ, ਪ੍ਰੇਮ ਸਿੰਘ ਚੰਦੂਮਾਜਰਾ ਜਨਰਲ ਸਕੱਤਰ, ਪਰਮਜੀਤ ਕੌਰ ਗੁਲਸ਼ਨ ਤੇ ਸ਼ੇਰ ਸਿੰਘ ਘੁਬਾਇਆ ਦੋਨੋਂ ਮੈਂਬਰ ਲੋਕ ਸਭਾ, ਸਾਬਕਾ ਮੰਤਰੀ ਤੇ ਅਕਾਲੀ ਦਲ ਦੇ ਉਪ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ, ਮੁੱਖ ਮੰਤਰੀ ਪੰਜਾਬ ਦੇ ਸਿਆਸੀ ਸਲਾਹਕਾਰ ਕਮਲ ਸ਼ਰਮਾ ਸਮੇਤ ਹੋਰ ਅਕਾਲੀ ਆਗੂਆਂ ਨੇ ਸੰਬੋਧਨ ਕੀਤਾ।

### ਜੈਨ ਦੇ ਨਾਂ 'ਤੇ ਮੋਹਰ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਹੈ ਕਿ ਜੋਗਿੰਦਰਪਾਲ ਜੈਨ ਮੋਗਾ ਜ਼ਿਮਨੀ ਚੋਣ ਲਈ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਦੇ ਉਮੀਦਵਾਰ ਹੋਣਗੇ।

### ਕਾਂਗਰਸ ਦੀ ਕਾਨਫਰੰਸ

ਕੇਂਦਰੀ ਰੇਲ ਮੰਤਰੀ ਪਵਨ ਕੁਮਾਰ ਬਾਂਸਲ ਕਾਂਗਰਸ ਦੀ ਕਾਨਫਰੰਸ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਜ਼ਮੀਨ ਦੇਵੇ ਤਾਂ ਕੇਂਦਰ ਪੰਜਾਬ ਵਿਚ ਰੇਲਵੇ ਦਾ ਸਾਮਾਨ ਬਣਾਉਣ ਲਈ ਵੱਡਾ ਕਾਰਖਾਨਾ ਲਾਉਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਜੇਕਰ ਪੰਜਾਬ ਸਰਕਾਰ ਕੇਂਦਰ ਨੂੰ ਬਣਦਾ ਹਿੱਸਾ ਦੇਵੇ ਤਾਂ ਰੇਲਵੇ ਓਵਰ ਬਰਿਜ ਵੀ ਬਣਾਏ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਫਾਜ਼ਿਲਕਾ ਤੇ ਫ਼ਿਰੋਜ਼ਪੁਰ ਤੋਂ ਦਿੱਲੀ ਤੱਕ ਸਿੱਧੀਆਂ ਨਵੀਆਂ ਰੇਲ ਗੱਡੀਆਂ ਚਲਾਈਆਂ ਜਾਣਗੀਆਂ ਤੇ ਮੁਕਤਸਰ ਸਾਹਿਬ ਨੂੰ ਹਜ਼ੂਰ ਸਾਹਿਬ ਨਾਲ ਸਿੱਧਾ ਜੋੜਨ ਲਈ ਵੀ ਜਲਦੀ ਹੀ ਨਵੀਂ ਰੇਲ ਗੱਡੀ ਦਾ ਪ੍ਰਬੰਧ ਕੀਤਾ ਜਾਵੇਗਾ।

ਇਸ ਮੌਕੇ ਸੰਬੋਧਨ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਪੰਜਾਬ ਦੇ ਹਾਲਾਤ ਇਸੇ ਤਰ੍ਹਾਂ ਹੀ ਵਿਗੜਦੇ ਰਹੇ, ਤਾਂ ਅਮਨ ਕਾਨੂੰਨ ਨੂੰ ਮੁੱਖ ਰੱਖਦਿਆਂ ਪੰਜਾਬ 'ਚ ਕਿਸੇ ਵੇਲੇ ਰਾਸ਼ਟਰਪਤੀ ਰਾਜ ਲਾਗੂ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਮ ਜਨਤਾ ਨੇ ਤਾਂ ਕੀ ਸੁਰੱਖਿਅਤ ਰਹਿਣਾ, ਸਗੋਂ ਹੁਣ ਤਾਂ ਲੋਕਾਂ ਨੂੰ ਸੁਰੱਖਿਆ ਦੇ ਰਹੀ ਪੰਜਾਬ ਪੁਲੀਸ ਵੀ ਸੁਰੱਖਿਅਤ ਨਹੀਂ ਤੇ ਸੱਤਾਧਾਰੀ ਆਗੂਆਂ ਦੀ ਸ਼ਹਿ ਤੇ ਗੁੰਡੇ ਉਨ੍ਹਾਂ ਦੀ ਕੁੱਟ-ਮਾਰ ਕਰ ਰਹੇ ਹਨ। ਮੋਗਾ ਜ਼ਿਮਨੀ ਚੋਣ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਚੋਣ ਕਾਂਗਰਸ ਜਿੱਤੇਗੀ। ਵਿਰੋਧੀ ਧਿਰ ਦੇ ਨੇਤਾ ਸੁਨੀਲ ਕੁਮਾਰ ਜਾਖੜ ਨੇ ਕਿਹਾ ਕਿ ਜੋ ਪੈਸਾ ਪੰਜਾਬ ਦੇ ਵਿਕਾਸ ਲਈ ਤੇ ਕਿਸਾਨਾਂ ਨੂੰ ਪ੍ਰਫੁੱਲਿਤ ਕਰਨ ਲਈ ਕੇਂਦਰ ਨੇ ਜੋ ਕਰੋੜਾਂ ਰੁਪਏ ਭੇਜੇ ਸਨ, ਉਹ ਪੈਸੇ ਅਕਾਲੀ ਹੀ ਹੜੱਪ ਕਰ ਗਏ ਹਨ। ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਨੇ ਕਿਹਾ ਕਿ ਅਕਾਲੀ ਰਾਜ 'ਚ ਅੱਜ ਕੋਈ ਵੀ ਧੀ ਭੈਣ ਸੁਰੱਖਿਅਤ ਨਹੀਂ ਹੈ ਤੇ ਜਦ ਵੀ ਕੋਈ ਕਾਂਡ ਵਾਪਰਦਾ ਹੈ, ਉਸ ਪਿੱਛੇ ਅਕਾਲੀ ਆਗੂਆਂ ਦਾ ਹੱਥ ਹੁੰਦਾ ਹੈ।

### ਬਿਕਰਮ ਵਾਲੀ ਸੀ.ਡੀ. ਦਿਖਾਉਣ 'ਚ ਕਾਂਗਰਸ ਸਫ਼ਲ

ਪੰਜਾਬ ਸਰਕਾਰ ਨੇ ਕਾਂਗਰਸ ਵੱਲੋਂ ਬਿਕਰਮ ਸਿੰਘ ਮਜੀਠੀਆ ਦੀ ਸੀ.ਡੀ. ਵਿਖਾਏ ਜਾਣ ਦੇ ਮਾਮਲੇ 'ਤੇ ਸਖ਼ਤੀ ਵਰਤਣ ਤੋਂ ਗੁਰੇਜ਼ ਕੀਤਾ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਾਂਗਰਸੀ ਕਾਨਫਰੰਸ ਦੇ ਪ੍ਰਬੰਧਕਾਂ ਨੂੰ ਇਕ ਵਾਰ ਤਾਂ ਮੌਕੇ 'ਤੇ ਚਿਤਾਵਨੀ ਦਿੱਤੀ, ਪਰ ਕੋਈ ਰੋਕ ਨਾ ਲਾਈ। ਕਾਂਗਰਸ ਦੀ ਕਾਨਫਰੰਸ 'ਚ ਤਿੰਨ ਦਫ਼ਾ ਮਜੀਠੀਆ ਦੀ ਵਿਧਾਨ ਸਭਾ ਵਿਚਲੀ ਬੋਲਬਾਣੀ ਵਾਲੀ ਸੀ.ਡੀ. ਦਿਖਾਈ ਗਈ।

### ਲਾਈਨਮੈਨਾਂ ਦੀ ਕੁੱਟ-ਮਾਰ

ਮੇਲਾ ਮਾਘੀ ਦੌਰਾਨ ਅਕਾਲੀ ਦਲ ਦੀ ਕਾਨਫਰੰਸ 'ਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਬੋਲ ਹਟਣ ਮਗਰੋਂ ਜਿਉਂ ਹੀ ਮੁੱਖ ਮੰਤਰੀ ਬਾਦਲ ਨੇ ਬੋਲਣਾ ਸ਼ੁਰੂ ਕੀਤਾ, ਤਾਂ ਪੰਡਾਲ 'ਚ ਵੱਡੀ ਗਿਣਤੀ 'ਚ ਬੈਠੇ ਸੈਂਕੜੇ ਬੇਰੁਜ਼ਗਾਰ ਲਾਈਨਮੈਨਾਂ ਨੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ, ਪਰ ਲਾਈਨਮੈਨਾਂ ਦੀ ਇਸ ਸਕੀਮ ਦਾ ਮੁਕਤਸਰ ਦੇ ਐਸ.ਐਸ.ਪੀ. ਸੁਰਜੀਤ ਸਿੰਘ ਨੂੰ ਪਹਿਲਾਂ ਹੀ ਪਤਾ ਲੱਗ ਜਾਣ ਕਰਕੇ ਉਹ ਖ਼ੁਦ ਵੱਡੀ ਗਿਣਤੀ 'ਚ ਪੁਲੀਸ ਕਰਮਚਾਰੀਆਂ ਨਾਲ ਪੰਡਾਲ 'ਚ ਪਹੁੰਚ ਗਏ ਤੇ ਮੁਜ਼ਾਹਰਾਕਾਰੀਆਂ ਨੂੰ ਮੌਕੇ 'ਤੇ ਹੀ ਨੱਪ ਲਿਆ। ਮੁਜ਼ਾਹਰਕਾਰੀਆਂ ਦੀਆਂ ਪੱਗਾਂ ਸਿਰੋਂ ਲਹਿ ਗਈਆਂ ਤੇ ਵਾਲ ਖਿੱਲਰ ਗਏ।

## ਬਸਪਾ ਵੱਲੋਂ ਮੋਗਾ ਚੋਣ ਨਾ ਲੜਨ ਦਾ ਫ਼ੈਸਲਾ

ਚੰਡੀਗੜ੍ਹ-ਬਹੁਜਨ ਸਮਾਜ ਪਾਰਟੀ ਨੇ ਮੋਗਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਨਾ ਲੜਨ ਦਾ ਫੈਸਲਾ ਲਿਆ ਹੈ। ਸ਼੍ਰੋਮਣੀ ਅਕਾਲੀ ਦਲ(ਅੰਮ੍ਰਿਤਸਰ) ਵੱਲੋਂ ਪਹਿਲਾਂ ਹੀ ਚੋਣ ਅਮਲ 'ਚੋਂ ਬਾਹਰ ਰਹਿਣ ਦਾ ਐਲਾਨ ਕੀਤਾ ਜਾ ਚੁੱਕਾ ਹੈ। ਇਸ ਲਈ ਨਵੇਂ ਹਾਲਾਤਾਂ ਵਿੱਚ ਮੁੱਖ ਮੁਕਾਬਲਾ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਪਾਰਟੀ ਤੇ ਸਾਂਝੇ ਮੋਰਚੇ ਵਿੱਚ ਹੋਣ ਦੇ ਆਸਾਰ ਬਣ ਗਏ ਹਨ।

## ਸਾਂਝਾ ਮੋਰਚੇ ਲੜੇਗਾ ਚੋਣ

ਮੁਕਤਸਰ ਸਾਹਿਬ-ਸਾਂਝੇ ਮੋਰਚੇ ਦੀ ਕਾਨਫਰੰਸ ਦੌਰਾਨ ਸਾਂਝੇ ਮੋਰਚੇ ਦੇ ਸਰਪ੍ਰਸਤ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਬਾਦਲ ਸਰਕਾਰ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਜਿਹੜਾ ਸੂਬਾ ਕਦੇ ਨੰਬਰ ਇੱਕ 'ਤੇ ਹੁੰਦਾ ਸੀ ਉਹ ਅੱਜ ਬਾਦਲ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ 12ਵੇਂ ਸਥਾਨ 'ਤੇ ਚਲਾ ਗਿਆ ਹੈ। ਸਾਂਝੇ ਮੋਰਚੇ ਦੇ ਚੇਅਰਮੈਨ ਮਨਪ੍ਰੀਤ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਉਹ ਪੰਜਾਬ ਦੇ ਲੋਕਾਂ 'ਤੇ ਕੀਤੇ ਜਾ ਰਹੇ ਜ਼ੁਲਮ ਖ਼ਿਲਾਫ਼ ਪਹਿਲੀ ਮਾਰਚ ਤੋਂ ਪੂਰੇ ਪੰਜਾਬ 'ਚ ਜਨ-ਸੰਪਰਕ ਮੁਹਿੰਮ ਚਲਾਉਣਗੇ। ਉਨ੍ਹਾਂ ਮੋਗਾ ਦੀ ਜ਼ਿਮਨੀ ਚੋਣ ਸਬੰਧੀ ਐਲਾਨ ਕਰਦਿਆਂ ਕਿਹਾ ਕਿ ਮੋਗੇ ਤੋਂ ਸਾਂਝੇ ਮੋਰਚੇ ਦੇ ਉਮੀਦਵਾਰ ਡਾ. ਰਵਿੰਦਰ ਸਿੰਘ ਧਾਲੀਵਾਲ ਹੋਣਗੇ।

# 1 ਹਜ਼ਾਰ ਬਰਤਾਨਵੀ ਲੋਕ ਰੋਜ਼ਾਨਾ ਭਾਰਤ ਵਿੱਚੋਂ ਆਉਣ ਵਾਲੀਆਂ ਬੋਗਸ ਕੰਪਨੀਆਂ ਦੀਆਂ ਫੋਨ ਕਾਲਾਂ ਰਾਹੀਂ ਪ੍ਰਭਾਵਿਤ ਹੁੰਦੇ ਹਨ

## ਹੁਣ ਤੱਕ 60000 ਬਰਤਾਨਵੀ ਲੋਕਾਂ ਨੂੰ ਅਜੇਹੀਆਂ ਕਾਲਾਂ ਕਰਕੇ, ਧੋਖੇਬਾਜ਼ ਲੋਕ 1 ਕਰੋੜ ਪੌਂਡ ਕਮਾ ਚੁਕੇ ਹਨ

**ਲੰਡਨ-ਬਰਤਾਨੀਆਂ ਵਿੱਚ ਆਮ ਤੌਰ ਤੇ ਕਈ ਵਾਰ ਅਜੇਹੀਆਂ ਕਾਲਾਂ ਲੋਕਾਂ ਨੂੰ ਆਉਂਦੀਆਂ ਹਨ, ਜੋ ਪ੍ਰਾਈਵੇਟ ਨੰਬਰ ਤੋਂ ਹੁੰਦੀਆਂ ਹਨ, ਜਿਉਂ ਹੀ ਉਹਨਾਂ ਫੋਨ ਕਾਲਾਂ ਦਾ ਉੱਤਰ ਦੇਣ ਲਈ ਬਟਨ ਦਬਾਇਆ ਜਾਂਦਾ ਹੈ, ਤਾਂ ਲੋਕਾਂ ਨੂੰ ਲਭਾਉਣ ਲਈ ਕਿਸੇ ਨਾ ਕਿਸੇ ਤਰੀਕੇ ਦਾ ਲਾਲਚ ਭਰਿਆ ਸੁਨੇਹਾ ਸੁਣਾਇਆ ਜਾਂਦਾ ਹੈ ਅਤੇ ਫੋਨ ਦੇ ਵੱਖ ਵੱਖ ਨੰਬਰ ਦਬਾਉਣ ਲਈ ਕਿਹਾ ਜਾਂਦਾ ਹੈ, ਜਦੋਂ ਕੋਈ ਵਿਅਕਤੀ ਇਸ ਅਨੁਸਾਰ ਬਟਨ ਦਬਾਉਂਦਾ ਹੈ ਤਾਂ ਉਸ ਦਾ ਬਿੱਲ ਫੋਨ ਉੱਤਰ ਕਰਨ ਵਾਲੇ ਨੂੰ ਆ ਜਾਂਦਾ ਹੈ ਅਤੇ ਜਿਸ ਦਾ ਸਿੱਧਾ ਫਾਈਦਾ ਧੋਖੇਬਾਜ਼ ਲੋਕਾਂ ਨੂੰ ਹੁੰਦਾ ਹੈ।**


ਯਸੀਨ ਨਾਗਪਾਲ, ਰਾਜਤ ਭਾਨੀਆ

ਇਸ ਦੇ ਨਾਲ ਹੀ ਜਾਂਚ ਕਰਤਾਵਾਂ ਦਾ ਮੰਨਣਾ ਹੈ ਕਿ ਸਭ ਤੋਂ ਵੱਡਾ ਘਪਲਾ ਕਰਜ਼ਾ ਘੁਟਾਲੇ ਦਾ ਹੈ। ਰੋਜ਼ਾਨਾ 1000 ਲੋਕ ਬੈਂਕ ਲੋਨ ਅਤੇ ਕਰਜ਼ਾ ਦੇਣ ਵਾਲੀਆਂ ਕੰਪਨੀਆਂ ਸਬੰਧੀ ਆਉਣ ਵਾਲੇ ਫੋਨ ਕਾਲਾਂ ਦਾ ਸ਼ਿਕਾਰ ਹੁੰਦੇ ਹਨ, ਅਤੇ ਇਸ ''ਠੰਡੀ ਕਾਲ'' ਦਾ ਧੁਰਾ ਭਾਰਤ ਦੀ ਰਾਜਧਾਨੀ ਦਿੱਲੀ ਹੈ। ਹੁਣ ਤੱਕ ਬਰਤਾਨੀਆਂ ਵਿੱਚ 60000 ਹਜ਼ਾਰ ਲੋਕ ਅਜੇਹੀਆਂ ਫੋਨ ਕਾਲਾਂ ਦੇ ਸ਼ਿਕਾਰ ਹੋ ਚੁੱਕੇ ਹਨ, ਜਿਹਨਾਂ ਤੋਂ ਧੋਖੇਬਾਜ਼ ਜਾਲਸਾਜ਼ਾਂ ਨੇ 1 ਕਰੋੜ ਪੌਂਡ ਤੱਕ ਦੀ ਕਮਾਈ ਕੀਤੀ ਹੈ। ਇਹਨਾਂ ਧੋਖੇਬਾਜ਼ਾਂ ਨੇ ਜਿਆਦਾਤਰ ਲੋਕਾਂ ਤੋਂ 90 ਪੌਂਡ ਤੋਂ 250 ਪੌਂਡ ਤੱਕ ਦਾ ਧੋਖਾ ਕੀਤਾ ਹੈ, ਜਦ ਕਿ ਇੱਕ ਵਿਅਕਤੀ ਨੂੰ 2 ਲੱਖ ਪੌਂਡ ਦਾ ਰਗੜਾ ਲਗਾਇਆ ਹੈ।

ਇਹਨਾਂ ਜਾਲਸਾਜ਼ਾਂ ਵੱਲੋਂ ਫੋਨ ਅਤੇ ਸਕਾਈਪ ਰਾਹੀਂ ਲੋਕਾਂ ਨਾਲ ਗੱਲਾਂ ਕੀਤੀਆਂ ਜਾਂਦੀਆਂ ਹਨ ਅਤੇ ਖੁਦ ਨੂੰ ਯੂ ਕੇ ਦੀ ਕੰਪਨੀ ਦੇ ਨੁਮਾਇੰਦੇ ਦੱਸਿਆ ਜਾਂਦਾ ਹੈ, ਲੋਕਾਂ ਨੇ ਕਰਜ਼ਾਂ ਦਿਵਾਉਣ ਦੀਆ ਗੱਲਾਂ ਕੀਤੀਆਂ ਜਾਂਦੀਆਂ ਹਨ, ਕਰਜ਼ਾ ਪਾਸ ਹੋਣ ਤੇ ਗਾਹਕਾਂ ਨੂੰ ਮਨੀ ਗ੍ਰਾਮ, ਵੈਸਟਰਨ ਯੂਨੀਅਨ ਜਾਂ ਹੋਰ ਸਾਧਨਾਂ ਰਾਹੀਂ ਇਸ ਦੀ ਫੀਸ ਭੇਜਣ ਲਈ ਕਿਹਾ ਜਾਂਦਾ ਹੈ। ਦਿੱਲੀ ਪੁਲਿਸ ਵੱਲੋਂ ਅਜੇਹੇ ਕੇਸਾਂ ਦੇ ਸਬੰਧ ਵਿੱਚ ਯਸੀਨ ਨਾਗਪਾਲ, ਰਾਜਤ ਭਾਨੀਆ ਅਤੇ ਸੁਰਿੰਦਰ ਗੁਪਤਾ ਨਾਮ ਦੇ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ।

# ਯੂ ਕੇ ਖਬਰਨਾਮਾ

**ਮਨਪ੍ਰੀਤ ਸਿੰਘ ਬੱਧਨੀਕਲਾਂ**

## ਦਿੱਲੀ ਬਲਾਤਕਾਰ ਪੀੜਤਾ ਦਾ ਮਾਮਲਾ ਬਰਤਾਨਵੀ ਪਾਰਲੀਮੈਂਟ ਵਿੱਚ ਪਹੁੰਚਾ



ਵਰਿੰਦਰ ਸ਼ਰਮਾਂ

ਲੰਡਨ-ਭਾਂਵੇਂ ਸੰਸਾਰ ਭਰ ਵਿੱਚ ਔਰਤ ਦੇ ਸਰੀਰਕ ਸ਼ੋਸ਼ਣ ਦੀਆਂ ਖ਼ਬਰਾਂ ਅਕਸਰ ਹੀ ਪੜ੍ਹਨ ਸੁਣਨ ਨੂੰ ਮਿਲਦੀਆਂ ਹਨ, ਲੇਕਨ ਇਹ ਪਹਿਲੀ ਵਾਰ ਹੋਇਆ ਹੈ ਕਿ ਦਿੱਲੀ ਬਲਾਤਕਾਰ ਪੀੜਤਾ ਲਈ ਦੁਨੀਆਂ ਭਰ ਵਿੱਚ ਮਨੁੱਖਤਾ ਨੂੰ ਪਿਆਰ ਕਰਨ ਵਾਲੇ ਲੋਕਾਂ ਨੇ ਇੱਕਜੁੱਟ ਹੋ ਕੇ ਅਵਾਜ਼ ਉਠਾਈ ਹੈ। ਭਾਂਵੇਂ ਕਿ ਭਾਰਤ ਦੇ ਹਰ ਸ਼ਹਿਰ ਅਤੇ ਕਸਬੇ ਵਿੱਚ ਇਸ ਘਟਨਾਂ ਨੂੰ ਲੈ ਕੇ ਰੋਸ ਮਾਰਚ ਹੋਏ ਹਨ, ਲੇਕਨ ਵਿਦੇਸ਼ਾਂ ਵਿੱਚ ਬੈਠੇ ਭਾਰਤੀ ਭਾਈਚਾਰੇ ਨੇ ਵੀ ਇਸ ਘਟਨਾਂ ਦੀ ਜੋਰਦਾਰ ਨਿਖੇਦੀ ਕਰਦਿਆਂ ਔਰਤ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ। ਬਰਤਾਨਵੀ ਪਾਰਲੀਮੈਂਟ ਮੈਂਬਰ ਸ੍ਰੀ ਵਰਿੰਦਰ ਸ਼ਰਮਾਂ ਨੇ ਇਸ ਮਾਮਲੇ ਨੂੰ ਵਿਚਾਰਨ ਲਈ ਪਾਰਲੀਮੈਂਟ ਦੇ ਅਰਲੀ ਡੇਅ ਮੋਸ਼ਨ ਵਿੱਚ ਲਿਆਂਦਾ ਹੈ। ਉਹਨਾਂ ਕਿਹਾ ਕਿ ਇਸ ਘਟਨਾਂ ਨੇ ਸਮੁੱਚੀ ਸੰਸਾਰ ਨੂੰ ਹਿਲ੍ਹਾ ਕੇ ਰੱਖ ਦਿੱਤਾ ਹੈ, ਅਤੇ ਮੈਂ ਚਾਹੁੰਦਾ ਹਾਂ ਕਿ ਔਰਤ ਦੀ ਸੁਰੱਖਿਆ ਲਈ ਜਿੱਥੇ ਸਰਕਾਰੀ ਤੌਰ ਤੇ ਲੋੜੀਂਦੇ ਕਦਮ ਚੁੱਕੇ ਜਾਣੇ ਚਾਹੀਦੇ ਹਨ ਉੱਥੇ ਹੀ ਸਮਾਜ ਅੰਦਰ ਔਰਤ ਪ੍ਰਤੀ ਸਤਿਕਾਰ ਅਤੇ ਇੱਜ਼ਤ ਦੇਣ ਲਈ ਜਾਗਰੂਕਤਾ ਪੈਦਾ ਕਰਨ ਲਈ ਮਿਲ ਕੇ ਯਤਨ ਕਰਨੇ ਚਾਹੀਦੇ ਹਨ।

## ਸ਼੍ਰੋ: ਅਕਾਲੀ ਦਲ (ਅ) ਵੱਲੋਂ ਤੇਜਿੰਦਰ ਸਿੰਘ ਸੰਧੂ ਨਾਲ ਦੁਖ ਦਾ ਪ੍ਰਗਟਾਵਾ

ਲੰਡਨ -ਸ਼੍ਰੋਮਣੀ ਅਕਾਲੀ ਦਲ ਅੰਮ੍ਰਿਸਤ ਯੂ ਕੇ ਵੱਲੋਂ ਪਾਰਟੀ ਦੇ ਜਨਰਲ ਸਕੱਤਰ ਸ੍ਰ. ਤੇਜਿੰਦਰ ਸਿੰਘ ਸੰਧੂ ਦੇ ਮਾਤਾ ਅਤੇ ਲੈਸਟਰ ਯੂਨਿਟ ਦੇ ਸ੍ਰ. ਜਗਵਿੰਦਰ ਸਿੰਘ ਦੇ ਪਿਤਾ ਦੇ ਅਕਾਲ ਚਲਾਣੇ ਤੇ ਦੁਖ ਦਾ ਪ੍ਰਗਟਾਵਾ ਕੀਤਾ ਹੈ। ਅਕਾਲੀ ਦਲ (ਅ) ਵੱਲੋਂ ਭੇਜੇ ਗਏ ਪ੍ਰੈਸ ਬਿਆਨ ਰਾਹੀਂ ਦੋਵਾਂ ਸਖਸੀਅਤਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦਿਆਂ ਕਿਹਾ ਗਿਆ ਹੈ ਕਿ ਮਾਪੇ ਹੀ ਬੱਚਿਆਂ ਨੂੰ ਆਪਣੇ ਧਰਮ, ਵਿਰਸੇ ਅਤੇ ਸੱਭਿਆਚਾਰ ਨਾਲ ਜੋੜ੍ਹ ਸਕਦੇ ਹਨ, ਇਸੇ ਕਰਕੇ ਹੀ ਸ੍ਰ. ਤੇਜਿੰਦਰ ਸਿੰਘ ਸੰਧੂ ਅਤੇ ਸ੍ਰ. ਜਗਵਿੰਦਰ ਸਿੰਘ ਅੰਦਰ ਕੌਮੀ ਜ਼ਜ਼ਬਾ ਭਰਿਆ ਹੋਇਆ ਹੈ।

## ਲੰਡਨ ਵਿੱਚ 26 ਜਨਵਰੀ ਨੂੰ ਸਿੱਖ ਜਥੇਬੰਦੀਆਂ ਵਲੋਂ ਹੋਵੇਗਾ ਮੁਜਾਹਰਾ


ਭਾਈ ਲਵਸ਼ਿੰਦਰ ਸਿੰਘ

ਲੰਡਨ-ਭਾਰਤ ਦੇ ਗਣਤੰਤਰ ਦਿਵਸ ਮੌਕੇ ਬਰਤਾਨੀਆਂ ਦੀਆਂ ਸਿੱਖ ਜਥੇਬੰਦੀਆਂ ਵਲੋਂ ਭਾਰਤੀ ਦੂਤਾਵਾਸ ਮੂਹਰੇ ਹਰ ਸਾਲ ਦੀ ਤਰਾਂ ਐਤਕੀਂ ਵੀ ਭਾਰੀ ਮੁਜਾਹਰਾ ਕੀਤਾ ਜਾ ਰਿਹਾ ਹੈ । ਕੌਂਸਲ ਆਫ ਖਾਲਿਸਤਾਨ ਦੇ ਮੁਖੀ ਭਾਈ ਅਮਰੀਕ ਸਿੰਘ ਸਹੋਤਾ ਅਤੇ ਯੂਨਾਈਟਿਡ ਖਾਲਸਾ ਦਲ ਯੂ ਕੇ ਦੇ ਜਰਨਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਦੱਸਿਆ ਕਿ ਇਹ ਮੁਜਾਹਰਾ ਲੰਡਨ ਵਿਖੇ ਦੁਪਿਹਰ ਇੱਕ ਵਜੇ ਤੋਂ ਤਿੰਨ ਵਜੇ ਤੱਕ ਹੋਵੇਗਾ। ਭਾਰਤ ਸਰਕਾਰ ਵਲੋਂ ਸਿੱਖਾਂ ਤੇ ਕੀਤੇ ਜੁਲਮਾਂ ਖਿਲਾਫ ਅਤੇ ਸਿੱਖ ਨਜਰਬੰਦਾਂ ਦੀ ਰਿਹਾਈ ਜੇਹਲਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਵਾਸਤੇ ਅਵਾਜ ਬੁਲੰਦ ਜਾਵੇਗੀ।

## ਬ੍ਰਮਿੰਘਮ ਵਿੱਚ ਸਿੱਖ ਇਤਿਹਾਸ ਸਬੰਧੀ ਪ੍ਰਦਰਸ਼ਨੀ ਵਿੱਚ ਦਸਤਾਰ ਬੁੰਗਾ ਹੋਵੇਗੀ ਖਿਚ ਦਾ ਕੇਂਦਰ

ਲੰਡਨ-ਬ੍ਰਮਿੰਘਮ ਦੇ ਮਿਊਜ਼ੀਅਮ ਅਤੇ ਆਰਟ ਗੈਲਰੀ ਵਿੱਚ 26 ਜਨਵਰੀ ਤੋਂ ਸਿੱਖ ਯੋਧਿਆਂ ਅਤੇ ਨਿਹੰਗ ਸਿੰਘਾਂ ਬਾਰੇ ਪ੍ਰਦਰਸ਼ਨੀ ਲਗਾਈ ਜਾ ਰਹੀ ਹੈ। ਇਸ ਪ੍ਰਦਰਸ਼ਨੀ ਦੌਰਾਨ ਨਿਹੰਗ ਸਿੰਘਾਂ ਵੱਲੋਂ ਸਜਾਈ ਜਾਂਦੀ ਦਸਤਾਰ ''ਦਸਤਾਰ ਬੁੰਗਾਂ'' ਵਿਸ਼ੇਸ਼ ਤੌਰ ਤੇ ਪ੍ਰਦਰਸ਼ਿਤ ਕੀਤੀ ਜਾਵੇਗੀ। ਦਸਤਾਰ ਬੁੰਗਾ ਆਮ ਤੌਰ ਤੇ ਜੰਗ ਦੌਰਾਨ ਸਿੰਘਾਂ ਵੱਲੋਂ ਸਜਾਈ ਜਾਂਦੀ ਸੀ ਅਤੇ ਅੱਜ ਵੀ ਨਿਹੰਗ ਸਿੰਘਾਂ ਵੱਲੋਂ ਇਸ ਦਸਤਾਰ ਨੂੰ ਸਜਾਇਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਖਾਸ ਤਰੀਕੇ ਨਾਲ ਸਜਾਈ ਜਾਂਦੀ ਇਸ ਦਸਤਾਰ ਵਿੱਚ ਜੰਗ ਦੌਰਾਨ ਇਸ ਦਸਤਾਰ ਵਿੱਚ ਕੁਝ ਹਥਿਆਰ ਵੀ ਛੁਪਾਏ ਜਾਂਦੇ ਸਨ। ਪੁਰਾਤਣ ਸਮਿਆਂ ਦੀ ਇੱਕ ਦਸਤਾਰ ਐਲਬਰਟ ਵਿਕਟੋਰੀਆ ਮਿਊਜ਼ੀਅਮ ਵਿੱਚ ਵੀ ਸਾਂਭੀ ਹੋਈ ਹੈ। ਜੋ 19 ਵੀ ਸਦੀ ਦੀ ਹੋਣ ਦੀ ਸੰਭਾਵਣਾ ਦਰਸਾਈ ਜਾ ਰਹੀ ਹੈ, ਜਿਸ ਨੂੰ ਲਾਹੌਰ ਤੋਂ ਲਿਆਂਦਾ ਗਿਆ ਸੀ। ਬ੍ਰਿਟਿਸ਼ ਮਿਊਜ਼ੀਅਮ ਐਗਜ਼ੀਬੀਸ਼ਨ ਵਜੋਂ ਲਗਾਈ ਜਾਣ ਵਾਲੀ ਇਹ ਪ੍ਰਦਰਸ਼ਨੀ ਆਰੇ ਦੇਸ਼ ਵਿੱਚ ਲਗਾਈ ਜਾਵੇਗੀ, ਜਿਸ ਦੀ ਸ਼ੁਰੂਆਤ 26 ਜਨਵਰੀ ਨੂੰ ਬ੍ਰਮਿੰਘਮ ਵਿਖੇ ਕੀਤੀ ਜਾ ਰਹੀ ਹੈ। ਇਸ ਪ੍ਰਦਰਸ਼ਨੀ ਵਿੱਚ ਸਿੱਖ ਧਰਮ ਨਾਲ ਸਬੰਧਿਤ ਹੋਰ ਵੀ ਚੀਜ਼ਾਂ ਵੀ ਸ਼ਾਮਿਲ ਹੋਣਗੀਆਂ।


ਲੰਡਨ ਦੇ ਐਲਬਰਟ ਵਿਕਟੋਰੀਆ ਮਿਊਜ਼ੀਅਮ ਵਿੱਚ ਰੱਖੀ ਹੋਈ ਨਿਹੰਗ ਸਿੰਘ ਦੀ 19 ਵੀ ਸਦੀ ਦੀ ਲਾਹੌਰ ਤੋਂ ਲਿਆਂਦੀ ਹੋਈ ਦਸਤਾਰ

## ਬ੍ਰਿਟੇਨ 'ਚ ਅੱਤਵਾਦੀ ਸਰਗਮੀਆਂ 'ਚ ਸ਼ਾਮਲ ਹੋਣ ਕਾਰਣ ਚਾਰ ਗ੍ਰਿਫ਼ਤਾਰ

**ਲੰਡਨ-ਬ੍ਰਿਟੇਨ 'ਚ ਅੱਤਵਾਦ ਰੋਕੂ ਦਸਤੇ ਦੇ ਅਧਿਕਾਰੀਆਂ ਨੇ ਅੱਤਵਾਦੀ ਸਰਗਰਮੀਆਂ 'ਚ ਸ਼ਾਮਲ ਹੋਣ ਦੇ ਦੋਸ਼ 'ਚ ਚਾਰ ਵਿਅਕਤੀਆਂ ਨੂੰ ਗ੍ਰਿ਼ਫਤਾਰ ਕੀਤਾ ਹੈ। ਪੁਲੀਸ ਨੇ ਦੱਸਿਆ ਕਿ ਬੀਤੇ ਦਿਨੀਂ ਸੀਰੀਆ ਦੇ ਲਈ ਰਵਾਨਾ ਹੋਣ ਦੀ ਕੋਸ਼ਿਸ਼ ਕਰ ਰਹੇ 33 ਸਾਲਾ ਇਕ ਵਿਅਕਤੀ ਨੂੰ ਲੰਡਨ ਦੇ ਗੇਟਵਿਕ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਗਿਆ। ਇਸ ਤੋਂ ਇਲਾਵਾ ਤਿੰਨ ਵਿਅਕਤੀਆਂ ਨੂੰ ਛਾਪੇਮਾਰੀ ਦੌਰਾਨ ਪੂਰਬੀ ਲੰਡਨ ਦੇ ਵੱਖ-ਵੱਖ ਸਥਾਨਾਂ ਤੋਂ ਗ੍ਰਿ਼ਫਤਾਰ ਕੀਤਾ ਗਿਆ। ਗ੍ਰਿ਼ਫਤਾਰ ਕੀਤੇ ਗਏ ਇਨ੍ਹਾਂ ਤਿੰਨਾਂ ਵਿਅਕਤੀਆਂ ਦੀ ਉਮਰ 18, 22 ਅਤੇ 31 ਸਾਲ ਹੈ। ਗ੍ਰਿ਼ਫਤਾਰ ਕੀਤੇ ਗਏ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।**

## ਆਤਮਘਾਤੀ ਹਮਲਾਵਰਾਂ ਤੋਂ ਬਚਣ ਲਈ ਬੀ ਬੀ ਸੀ ਨੇ ਬਣਾਇਆ ਦੁਨੀਆਂ ਦਾ ਪਹਿਲਾ ''ਬੰਬ ਪਰੂਫ'' ਸਟੂਡੀਓ

ਲੰਡਨ-ਦੁਨੀਆਂ ਦੇ ਵੱਖ ਵੱਖ ਕਿੱਤਿਆ ਵਿੱਚ ਕੰਮ ਕਰਦੇ ਪੱਤਰਕਾਰਾਂ ਨੂੰ ਜਿੱਥੇ ਕਈ ਦਰਪੇਸ਼ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉੱਥੇ ਹੀ ਕਈ ਵਾਰ ਉਹਨਾਂ ਨੂੰ ਆਪਣੀ ਜਾਨ ਤੋਂ ਹੱਥ ਵੀ ਧੋਣੇ ਪੈਂਦੇ ਹਨ। ਭਾਂਵੇਂ ਕਿ ਕਿਸੇ ਵੀ ਸਰਕਾਰ ਵੱਲੋਂ ਪੱਤਰਕਾਰਾਂ ਨੂੰ ਸੁਰੱਖਿਆ ਪੱਖੋਂ ਕਦੇ ਨਾ ਤਾਂ ਬੁਲਟ ਪਰੂਫ ਗੱਡੀ ਦਿੱਤੀ ਜਾਂਦੀ ਹੈ ਅਤੇ ਨਾ ਹੀ ਕਦੇ ਬੁਲਿਟ ਪਰੂਫ ਜੈਕਿਟ ਜਾਂ ਕੋਈ ਹੋਰ ਸਵੈ ਰੱਖਿਆ ਲਈ ਲੋੜੀਂਦਾ ਪ੍ਰਬੰਧ ਕੀਤਾ ਜਾਂਦਾ ਹੈ। ਲੇਕਨ ਫਿਰ ਵੀ ਸਿਰ ਤਲੀ ਤੇ ਧਰਕੇ ਇਸ ਕਿੱਤੇ ਨਾ ਜੁੜੇ ਲੋਕ ਆਪਣੀ ਜਾਨ ਮਾਲ ਦੀ ਪ੍ਰਵਾਹ ਕੀਤੇ ਬਿਨ੍ਹਾ ਆਪਣੇ ਸਫਰ ਤੇ ਤੁਰੀ ਜਾ ਰਹੇ ਹਨ। ਦੁਨੀਆਂ ਦੇ ਪ੍ਰਸਿੱਧ ਬਰਾਡਕਾਸਟਰ ਬੀ ਬੀ ਸੀ ਵੱਲੋਂ 1 ਅਰਬ ਪੌਂਡ ਦੀ ਲਾਗਤ ਨਾਲ ਦੁਨੀਆਂ ਦਾ ਅਤਿ ਅਧੁਨਿਕ ਅਤੇ ਸੁਰੱਖਿਅਤ ''ਬੰਬ ਪਰੂਫ'' ਸਟੂਡੀਓ ਬਣਾਇਆ ਹੈ, ਜਿਸ ਤੇ ਜੇ ਕੋਈ ਆਤਮਘਾਤੀ ਹਮਲਾਵਰ ਬੰਬ ਨਾਲ ਮੁਖ ਦਰਵਾਜੇ ਤੇ ਲੰਘਦਿਆਂ ਹਮਲਾ ਕਰੇ ਤਾਂ ਵੀ ਉਸ ਦਾ ਇਸ ਸਟੂਡੀਓ ਤੇ ਕੋਈ ਅਸਰ ਨਹੀਂ ਹੋਵੇਗਾ ਅਤੇ ਪੱਤਰਕਾਰ ਅਤੇ ਹੋਰ ਕਰਮਚਾਰੀ ਸੁਰੱਖਿਅਤ ਰਹਿਣਗੇ। ਕੇਂਦਰੀ ਲੰਡਨ ਵਿੱਖੇ ਬਣਿਆ ਇਹ ਸਟੂਡੀਓ ਮੁਖ ਸਵਾਗਤੀ ਕਮਰੇ ਦੇ ਬਿਲਕੁਲ੍ਹ ਹੇਠ ਬਣਾਇਆ ਗਿਆ ਹੈ। ਬੀ ਬੀ ਸੀ ਅਨੁਸਾਰ ਇਹ ਦੁਨੀਆਂ ਦਾ ਸਭ ਤੋਂ ਵੱਡਾ ''ਖ਼ਬਰ ਕਮਰਾ'' ਹੈ, ਜਿਥੋਂ ਮਾਰਚ ਵਿੱਚ ਰੋਜ਼ਾਨਾ ਤਿੰਨ ਬੁਲਿਟਨ ਟੈਲੀਕਾਸਟ ਹੋਣੇ ਸ਼ੁਰੂ ਹੋ ਜਾਣਗੇ। ਜਦ ਕਿ ਆਮ ਲੋਕਾਂ ਦੇ ਵੇਖਣ ਲਈ ਅਪ੍ਰੈਲ ਵਿੱਚ ਖੋਲਿਆ ਜਾਵੇਗਾ, ਇਸ ਨੂੰ ਬਣਾਉਣ ਲਈ 10 ਸਾਲ ਦਾ ਸਮਾਂ ਲੱਗਾ ਹੈ।


ਬੀ ਬੀ ਸੀ ਵੱਲੋਂ ਬਣਾਇਆ ਗਿਆ ਦੁਨੀਆਂ ਦਾ ਪਹਿਲਾ ਬੰਬ ਪਰੂਫ ਸਟੂਡੀਓ
ਤਸਵੀਰ: ਮਨਪ੍ਰੀਤ ਸਿੰਘ ਬੱਧਨੀ ਕਲਾਂ

# ਮਜੀਠੀਆ ਦੀ ਸੀਡੀ ਵਿਖਾਉਣ 'ਤੇ ਸਪੀਕਰ ਅਟਵਾਲ ਹੋਏ ਔਖੇ

## ✪ ਵਿਧਾਨਕ ਕਾਰਵਾਈ ਕਰਨ ਦੀ ਦਿੱਤੀ ਧਮਕੀ ✪ ਕੈਪਟਨ ਨੇ ਦਿੱਤਾ ਕਰਾਰਾ ਜੁਆਬ ਕਿਹਾ ਸਪੀਕਰ ਸੰਵਿਧਾਨਕ ਭੂਮਿਕਾ ਵੱਲ ਧਿਆਨ ਦੇਣ

ਚੰਡੀਗੜ੍ਹ-ਮੁਕਤਸਰ ਵਿੱਚ ਸੀ.ਡੀ. ਦਿਖਾਏ ਜਾਣ ਦੇ ਮਾਮਲੇ ਨੂੰ ਸਪੀਕਰ ਅਟਵਾਲ ਨੇ ਗੰਭੀਰਤਾ ਨਾਲ ਲਿਆ ਹੈ। ਪਾਰਟੀ ਵੱਲੋਂ 13 ਜਨਵਰੀ ਨੂੰ ਮੁਕਤਸਰ ਦੇ ਇਤਿਹਾਸਕ ਮੇਲੇ ਮਾਘੀ ਵਿਖੇ ਕੀਤੀ ਰਾਜਸੀ ਕਾਨਫਰੰਸ ਦੌਰਾਨ ਸੀ.ਡੀ. ਨੂੰ ਜਨਤਕ ਤੌਰ 'ਤੇ ਦਿਖਾਇਆ ਗਿਆ। ਇਸ ਤੋਂ ਪਹਿਲਾਂ ਕਾਂਗਰਸੀ ਵਿਧਾਇਕਾਂ ਨੇ ਇਸ ਸੀ.ਡੀ. ਨੂੰ ਚੰਡੀਗੜ੍ਹ ਦੇ ਸੈਕਟਰ 17 ਵਿੱਚ ਟੈਲੀਵਿਜ਼ਨ ਸਕਰੀਨਾਂ 'ਤੇ ਜਨਤਾ ਨੂੰ ਦਿਖਾਇਆ ਸੀ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਵਿਧਾਨ ਸਭਾ ਵਿੱਚ 'ਬੋਲਬਾਣੀ' ਸਬੰਧੀ ਸੀ.ਡੀ. ਨੂੰ ਜਨਤਕ ਕਰਨ ਦੇ ਮੁੱਦੇ 'ਤੇ ਮਾਹਿਰਾਂ ਦੀ ਰਿਪੋਰਟ ਮੰਗੀ ਹੈ। ਅਟਵਾਲ ਨੇ ਕਿਹਾ ਕਿ ਨਵੀਂ ਦਿੱਲੀ ਵਿੱਚ ਕੁਝ ਕਾਨੂੰਨੀ ਤੇ ਸੰਵਿਧਾਨਕ ਮਾਹਿਰਾਂ ਨਾਲ ਰਾਬਤਾ ਕਾਇਮ ਕਰਕੇ ਇਹ ਪੁੱਛਿਆ ਗਿਆ ਹੈ ਕਿ ਸਦਨ ਵਿੱਚ ਹੋਈ ਕਾਰਵਾਈ ਦੇ ਜਨਤਕ ਹੋਣ ਤੇ ਸੋਸ਼ਲ ਮੀਡੀਆ ਵਿੱਚ ਪ੍ਰਸਾਰਤ ਹੋਣ ਤੋਂ ਬਾਅਦ ਵਿਧਾਨ ਸਭਾ ਸਕੱਤਰ ਕਿਸ ਤਰ੍ਹਾਂ ਦੀ ਕਾਰਵਾਈ ਅਮਲ ਵਿੱਚ ਲਿਆ ਸਕਦਾ ਹੈ। ਸਪੀਕਰ ਦਾ ਕਹਿਣਾ ਹੈ ਕਿ ਮਾਹਿਰਾਂ ਦੀ ਰਿਪੋਰਟ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ। ਇਸੇ ਦੌਰਾਨ ਉਨ੍ਹਾਂ ਇਹ ਵੀ ਕਿਹਾ ਕਿ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੂੰ ਬੁਲਾ ਕੇ ਮੀਟਿੰਗ ਕੀਤੀ ਜਾਵੇਗੀ ਤਾਂ ਜੋ ਮਸਲੇ ਦਾ ਹੱਲ ਕੱਢਿਆ ਜਾ ਸਕੇ। ਅਟਵਾਲ ਵੱਲੋਂ ਇਹ ਸੰਕੇਤ ਵੀ ਦਿੱਤਾ ਗਿਆ ਕਿ ਵਿਧਾਨ ਸਭਾ ਸਕੱਤਰੇਤ ਮਾਮਲੇ ਨੂੰ ਨਜਿੱਠਣ ਵਿੱਚ ਹੀ ਭਲਾ ਹੈ। ਸਦਨ ਦੇ ਨੇਤਾ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਪਿਛਲੇ ਦਿਨੀਂ ਕਿਹਾ ਸੀ ਕਿ ਕਾਂਗਰਸ ਤੇ ਹਾਕਮ ਪਾਰਟੀ ਦੇ ਮੈਂਬਰਾਂ ਦਰਮਿਆਨ ਹੋਏ ਗਾਲੀ ਗਲੌਚ ਦੇ ਮਾਮਲੇ ਨੂੰ ਨਿਬੇੜਨ ਵਿੱਚ ਹੀ ਭਲਾ ਹੈ। ਸਰਕਾਰ ਨੂੰ ਇਸ ਵਿਵਾਦ ਦਾ ਪਛਾਵਾਂ ਮਾਰਚ ਮਹੀਨੇ ਹੋਣ ਵਾਲੇ ਬਜਟ ਸੈਸ਼ਨ ਵੀ ਪੈਣਾ ਦਾ ਖ਼ਦਸ਼ਾ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਵੱਲੋਂ ਇਸ ਮਾਮਲੇ ਨੂੰ ਜਨਤਕ ਕਰਕੇ ਸਰਕਾਰ ਵਿਰੁੱਧ ਪ੍ਰਚਾਰ ਕੀਤਾ ਜਾ ਰਿਹਾ ਹੈ।

ਕਾਂਗਰਸ ਵੱਲੋਂ ਸਪੀਕਰ 'ਤੇ ਪੱਖਪਾਤ ਕੀਤੇ ਜਾਣ ਦੇ ਦੋਸ਼ਾਂ ਨੂੰ ਵੀ ਅਟਵਾਲ ਨੇ ਮੰਦਭਾਗਾ ਦੱਸਿਆ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਸਪੀਕਰ ਦੀ 'ਹੱਤਕ' ਕਰ ਰਹੀ ਹੈ। ਸਪੀਕਰ ਨੇ ਕਿਹਾ ਕਿ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਦੌਰਾਨ ਰਾਣਾ ਗੁਰਜੀਤ ਸਿੰਘ ਤੇ ਬਿਕਰਮ ਸਿੰਘ ਮਜੀਠੀਆ ਦਰਮਿਆਨ ਜੋ ਵੀ ਵਾਰਤਾਲਾਪ ਹੋਇਆ, ਉਹ ਬਿਲਕੁਲ ਨਹੀਂ ਸੁਣਿਆ।

ਉਨ੍ਹਾਂ ਕਿਹਾ ਕਿ ਸੈਸ਼ਨ ਦੌਰਾਨ ਕਾਂਗਰਸ ਦੇ ਮੈਂਬਰਾਂ ਨੂੰ ਮਾਮਲੇ ਦੇ ਨਿਬੇੜੇ ਲਈ ਤਿੰਨ ਵਾਰੀ ਬੁਲਾਇਆ ਗਿਆ ਪਰ ਵਿਰੋਧੀ ਧਿਰ ਨੇ ਹਾਂ ਪੱਖੀ



ਸ: ਚਰਨਜੀਤ ਸਿੰਘ ਅਟਵਾਲ, ਸ: ਬਿਕਰਮ ਸਿੰਘ ਮਜੀਠੀਆ

ਹੁੰਗਾਰਾ ਨਹੀਂ ਭਰਿਆ। ਉਨ੍ਹਾਂ ਕਿਹਾ ਕਿ ਸਦਨ ਦੀ ਕਾਰਵਾਈ ਵਿੱਚੋਂ ਜੋ ਗੱਲਾਂ ਮਿਟਾ ਦਿੱਤੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਜਨਤਕ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਮਾਹਿਰਾਂ ਦੀ ਰਿਪੋਰਟ ਤੋਂ ਬਾਅਦ ਸਥਿਤੀ ਸਪੱਸ਼ਟ ਹੋਵੇਗੀ। ਜ਼ਿਕਰਯੋਗ ਹੈ ਕਿ ਦਸੰਬਰ ਮਹੀਨੇ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਦੌਰਾਨ ਬਿਕਰਮ ਸਿੰਘ ਮਜੀਠੀਆ ਤੇ ਰਾਣਾ ਗੁਰਜੀਤ ਨੇ ਇੱਕ ਦੂਜੇ ਵਿਰੁੱਧ ਅਪਸ਼ਬਦ ਵਰਤੇ ਸਨ। ਇਸ ਮਾਮਲੇ ਨੂੰ ਲੈ ਕੇ ਕਾਂਗਰਸ ਨੇ ਵਿਧਾਨ ਸਭਾ ਦੀ ਕਾਰਵਾਈ ਦਾ ਦੋ ਦਿਨ ਤੱਕ ਬਾਈਕਾਟ ਕਰੀ ਰੱਖਿਆ ਸੀ। ਸਰਕਾਰ ਇਸ ਮਾਮਲੇ ਨੂੰ ਬਜਟ ਸੈਸ਼ਨ ਤੋਂ ਪਹਿਲਾਂ ਨਿਬੇੜਨਾ ਚਾਹੁੰਦੀ ਹੈ।

ਸੁਨੀਲ ਜਾਖੜ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਵਿਧਾਨ ਸਭਾ ਦੇ ਸਪੀਕਰ ਤੇ ਸਰਕਾਰ ਪਹਿਲਾਂ ਤਾਂ ਇਹ ਮੰਨਣ ਕਿ ਬਿਕਰਮ ਸਿੰਘ ਮਜੀਠੀਆ ਨੇ ਕਾਂਗਰਸ ਦੇ ਮੈਂਬਰ ਨੂੰ ਗਾਲ੍ਹਾਂ ਕੱਢੀਆਂ ਹਨ ਤੇ ਫਿਰ ਇਸ ਦਾ ਅਹਿਸਾਸ ਕਰਨ। ਉਸ ਤੋਂ ਬਾਅਦ ਸਪੀਕਰ ਦੇ ਸੱਦੇ 'ਤੇ ਪਾਰਟੀ ਵਿਚਾਰ ਕਰਕੇ ਮਾਮਲੇ ਦਾ ਹੱਲ ਕੱਢਣ ਲਈ ਤਿਆਰ ਹੈ। ਵਿਰੋਧੀ ਧਿਰ ਬਜਟ ਸੈਸ਼ਨ ਵਿੱਚ ਹਿੱਸਾ ਲੈਣਾ ਚਾਹੁੰਦੀ ਹੈ ਪਰ ਜੇਕਰ ਸਰਕਾਰ ਦਾ ਰਵੱਈਆ ਅੜੀਅਲ ਹੀ ਰਿਹਾ ਤਾਂ ਅਸੀਂ ਵੀ ਰਣਨੀਤੀ ਬਣਾਵਾਂਗੇ।

### ਮਜੀਠੀਆ ਦੀ ਵੀਡੀਓ ਮੇਰੇ ਕਹਿਣ 'ਤੇ ਚਲਾਈ: ਕੈਪਟਨ

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਮੁਕਤਸਰ ਸਾਹਿਬ ਵਿਖੇ ਮਾਘੀ ਮੇਲੇ ਮੌਕੇ ਮਾਲ ਮੰਤਰੀ ਤੇ ਯੂਥ ਅਕਾਲੀ ਦਲ ਦੇ ਪ੍ਰਧਾਨ ਬਿਕਰਮ ਸਿੰਘ ਮਜੀਠੀਆ ਵੱਲੋਂ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਖ਼ਿਲਾਫ਼ ਵਿਧਾਨ ਸਭਾ 'ਚ ਗਲਤ ਸ਼ਬਦਾਂ ਦੀ ਵਰਤੋਂ ਕਰਨ ਵਾਲੀ ਦਿਖਾਈ ਵੀਡੀਓ ਦੀ ਜ਼ਿੰਮੇਵਾਰੀ ਲੈਂਦਿਆਂ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਵੱਲੋਂ ਇਸ ਨੂੰ ਵਿਧਾਨ ਸਭਾ ਦੇ ਰਿਕਾਰਡ 'ਚੋਂ ਹਟਾਉਣ ਜਾਂ ਵਿਖਾਏ ਜਾਣ 'ਤੇ ਰੋਕ ਲਗਾਉਣ ਦੇ ਜਾਰੀ ਕੀਤੇ ਆਦੇਸ਼ ਬੇਅਰਥ ਹਨ, ਕਿਉਂਕਿ ਇਹ ਪਹਿਲਾਂ ਹੀ ਆਮ ਲੋਕਾਂ ਵਿੱਚ ਜਾ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਇਸ ਦਾ ਕੇਵਲ ਸਪੀਕਰ ਦੀ ਇਜਾਜ਼ਤ ਦੇ ਨਾਲ ਹੀ ਕੁਝ ਚੈਨਲਾਂ 'ਤੇ ਸਿੱਧਾ ਪ੍ਰਸਾਰਣ ਦਿਖਾਇਆ ਗਿਆ ਸੀ, ਇਸ ਲਈ ਇਸ ਨੂੰ ਹੁਣ ਕਿਵੇਂ ਹਟਾਇਆ ਜਾ ਸਕਦਾ ਹੈ। ਸਪੀਕਰ ਵੱਲੋਂ ਇਸ ਵੀਡੀਓ ਨੂੰ ਦਿਖਾਉਣ ਕਾਰਨ ਕਾਂਗਰਸੀ ਵਿਧਾਇਕਾਂ ਖ਼ਿਲਾਫ਼ ਕਾਰਵਾਈ ਕਰਨ ਲਈ ਮਾਹਿਰਾਂ ਕੋਲੋਂ ਸਲਾਹ ਲੈਣ 'ਤੇ ਪ੍ਰਤੀਕ੍ਰਿਆ ਜ਼ਾਹਿਰ ਕਰਦਿਆਂ ਕੈਪਟਨ ਨੇ ਕਿਹਾ ਕਿ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਪਹਿਲਾਂ ਆਪਣੀ ਸੰਵਿਧਾਨਕ ਭੂਮਿਕਾ ਵੱਲ ਧਿਆਨ ਦੇਣ।

### ਅਕਾਲੀ ਦਲ ਵਲੋਂ ਨਿੰਦਾ

ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਖ਼ਿਲਾਫ਼ ਦਿੱਤੇ ਬਿਆਨ ਦੀ ਨਿਖੇਧੀ ਕੀਤੀ ਹੈ ਤੇ ਇਸ ਨੂੰ ਗੈਰ ਸੰਵਿਧਾਨਕ, ਗੈਰ ਲੋਕਤੰਤਰੀ ਤੇ ਮੰਦਭਾਗਾ ਕਰਾਰ ਦਿੱਤਾ ਹੈ। ਪਾਰਟੀ ਦੇ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਵਿਧਾਨ ਸਭਾ ਸੈਸ਼ਨ ਦੌਰਾਨ ਮਸਲਾ ਕੁਝ ਕਾਂਗਰਸੀ ਆਗੂਆਂ ਦੇ ਅੜਬ ਵਤੀਰੇ ਕਾਰਨ ਹੱਲ ਨਹੀਂ ਹੋ ਸਕਿਆ।

## ਜੇਠਮਲਾਨੀ ਦੀ ਮੁਅੱਤਲੀ ਰੱਦ, ਪਾਰਟੀ 'ਚ ਪਰਤੇ



ਨਵੀਂ ਦਿੱਲੀ- ਭਾਜਪਾ ਦੇ ਸੀਨੀਅਰ ਆਗੂ ਤੇ ਰਾਜ ਸਭਾ ਮੈਂਬਰ ਰਾਮ ਜੇਠਮਲਾਨੀ ਨੂੰ ਲਗਭਗ ਦੋ ਮਹੀਨੇ ਦੀ ਮੁਅੱਤਲੀ ਤੋਂ ਬਾਅਦ ਮੁੜ ਪਾਰਟੀ ਵਿਚ ਸ਼ਾਮਲ ਕਰ ਲਿਆ ਗਿਆ ਹੈ। 81 ਸਾਲਾਂ ਦੇ ਬਜ਼ੁਰਗ ਵਕੀਲ ਤੋਂ ਬਣੇ ਸਿਆਸਤਦਾਨ ਜੇਠਮਲਾਨੀ ਨੂੰ ਬੀਤੀ 26 ਨਵੰਬਰ ਨੂੰ ਪਾਰਟੀ ਪ੍ਰਧਾਨ ਨਿਤਿਨ ਗਡਕਰੀ ਦਾ ਅਸਤੀਫ਼ਾ ਮੰਗਣ ਕਾਰਨ ਮੁਅੱਤਲ ਕਰ ਦਿੱਤਾ ਗਿਆ ਸੀ।

# ਮਨਭਾਉਂਦੀਆਂ ਨੌਕਰੀਆਂ ਹਾਸਲ ਕਰਨ 'ਚ ਭਾਰਤੀ ਸਭ ਤੋਂ ਅੱਗੇ




ਲੰਡਨ-ਭਾਰਤ ਨੇ ਉਨ੍ਹਾਂ ਦੇਸਾਂ ਦੀ ਸੂਚੀ 'ਚ ਮੋਹਰੀ ਸਥਾਨ ਹਾਸਲ ਕੀਤਾ ਹੈ, ਜਿੱਥੇ ਲੋਕ ਆਪਣੇ ਮਨਪਸੰਦ ਪ੍ਰੋਫੈਸ਼ਨ 'ਚ ਕੰਮ ਕਰ ਰਹੇ ਹਨ। ਇੱਕ ਸਰਵੇ ਦੌਰਾਨ 44 ਫੀਸਦੀ ਭਾਰਤੀਆਂ ਨੇ ਮੰਨਿਆ ਕਿ ਉਹ ਉਹੀ ਨੌਕਰੀ ਕਰ ਰਹੇ ਹਨ, ਜਿਸ ਨਾਲ ਜੁੜਨ ਦੀ ਉਨ੍ਹਾਂ ਨੂੰ ਬਚਪਨ ਤੋਂ ਖਾਹਿਸ਼ ਸੀ। ਨੈੱਟਵਰਕਿੰਗ ਵੈੱਬਸਾਈਟ ਲਿੰਕ੍ਡਇਨ ਵਲੋਂ ਕਰਵਾਏ ਸਰਵੇਖਣ ਮੁਤਾਬਕ 21 ਫੀਸਦੀ ਬਰਤਾਨਵੀਆ ਨੇ ਕਿਹਾ ਕਿ ਉਹ ਜਵਾਨੀ 'ਚ ਜਿਸ ਪੇਸ਼ੇ ਨਾਲ ਜੁੜਨਾ ਚਾਹੁੰਦੇ ਸਨ, ਹੁਣ ਉਹ ਉਹੀ ਨੌਕਰੀ ਕਰ ਰਹੇ ਹਨ, ਜਦਕਿ ਅਮਰੀਕਾ, ਕੈਨੇਡਾ, ਆਸਟਰੇਲੀਆ ਤੇ ਨਿਊਜ਼ੀਲੈਂਡ 'ਚ 30 ਫੀਸਦੀ ਤੋਂ ਵੀ ਘੱਟ ਲੋਕਾਂ ਨੇ ਆਪਣੇ ਮਨਪਸੰਦ ਪ੍ਰੋਫੈਸ਼ਨ 'ਚ ਹੋਣ ਦੀ ਗੱਲ ਆਖੀ।

ਬ੍ਰਿਟਿਸ਼ ਲੋਕਾਂ ਨੇ ਕਿਹਾ ਕਿ ਉਹ ਪਾਇਲਟ, ਇੰਜੀਨੀਅਰ, ਵਿਗਿਆਨੀ ਜਾਂ ਪੁਲੀਸ ਅਧਿਕਾਰੀ ਬਣਨਾ ਚਾਹੁੰਦੇ ਸਨ। ਇਸ ਦੇ ਉਲਟ ਜ਼ਿਆਦਾਤਰ ਔਰਤਾਂ ਨੇ ਡਾਕਟਰ, ਨਰਸ, ਟੀਚਰ, ਲੇਖਿਕਾ ਜਾਂ ਗਾਇਕਾ ਬਣਨ ਦੀ ਇੱਛਾ ਜ਼ਾਹਿਰ ਕੀਤੀ, ਹਾਲਾਂਕਿ ਵੱਖ-ਵੱਖ ਦੇਸਾਂ 'ਚ ਲੋਕਾਂ ਦੀ ਪਸੰਦ ਵੱਖ-ਵੱਖ ਰਹੀ। ਅਮਰੀਕੀ ਆਦਮੀਆਂ ਨੇ ਓਲੰਪਿਕ ਐਥਲੀਟ ਬਣਨ ਦੀ ਇੱਛਾ ਜ਼ਾਹਿਰ ਕੀਤੀ ਤੇ ਸਵੀਡਨ ਦੀਆਂ ਔਰਤਾਂ ਨੇ ਡਾਕਟਰ ਬਣਨ ਦੀ। ਹਾਲਾਂਕਿ ਬ੍ਰਿਟੇਨ ਦੇ ਲੋਕ ਆਪਣੇ ਪ੍ਰੋਫੈਸ਼ਨ ਤੋਂ ਖ਼ੁਸ਼ ਨਹੀਂ ਹਨ, ਪਰ 32 ਫੀਸਦੀ ਲੋਕਾਂ ਨੇ ਆਸ ਪ੍ਰਗਟਾਈ ਕਿ ਹਾਲੇ ਵੀ ਉਹ ਉਸ ਕੈਰੀਅਰ ਨੂੰ ਹਾਸਲ ਕਰਨ ਦੀ ਉਮੀਦ ਰੱਖਦੇ ਹਨ, ਜਿਸ ਨਾਲ ਉਹ ਸ਼ੁਰੂ ਤੋਂ ਜੁੜਨਾ ਚਾਹੁੰਦੇ ਹਨ। ਸਰਵੇਖਣ ਦੌਰਾਨ ਬ੍ਰਿਟੇਨ 'ਚ ਅੱਠ ਹਜ਼ਾਰ ਲੋਕਾਂ ਤੋਂ ਪੁੱਛਿਆ ਗਿਆ ਕਿ ਉਹਆਪਣੀ ਡਰੀਮ ਜੌਬ ਨੂੰ ਕਿਵੇਂ ਬਿਆਨ ਕਰਦੇ ਹਨ। 75 ਫੀਸਦੀ ਨੇ ਕਿਹਾ ਕਿ ਕੰਮ 'ਚ ਆਨੰਦ ਮਹਿਸੂਸ ਕਰਨ ਨੂੰ ਉਹ ਆਪਣੀ ਪਸੰਦੀਦਾ ਨੌਕਰੀ ਮੰਨਦੇ ਹਨ।

ਡਰੀਮ ਜੌਬ ਸੂਚੀ 'ਚ ਇੰਡੋਨੇਸ਼ੀਆ ਦਾ ਦੂਜਾ ਸਥਾਨ ਰਿਹਾ, ਉੱਥੇ 42 ਫੀਸਦੀ ਲੋਕਾਂ ਨੇ ਆਪਣੀ ਮਨਪਸੰਦ ਨੌਕਰੀ ਕਰਨ ਦੀ ਗੱਲ ਆਖੀ। ਤੀਜੇ ਤੇ ਚੌਥੇ ਨੰਬਰ 'ਤੇ ਸੰਯੁਕਤ ਅਰਬ ਅਮੀਰਾਤ (35.7 ਫੀਸਦੀ), ਜਰਮਨੀ (33 ਫੀਸਦੀ) ਰਹੇ ਤੇ ਇਸ ਤੋਂ ਬਾਅਦ ਸਵਿਟਜ਼ਰਲੈਂਡ (30 ਫੀਸਦੀ), ਅਮਰੀਕਾ (29 ਫੀਸਦੀ), ਫਰਾਂਸ, ਕੈਨੇਡਾ, ਸਵੀਡਨ ਤੇ ਦੱਖਣੀ ਅਫਰੀਕਾ (28 ਫੀਸਦੀ) ਸਿੰਗਾਪੁਰ ਤੇ ਹਾਂਗਕਾਂਗ (27 ਫੀਸਦੀ) ਰਹੇ। ਇਸ ਸੂਚੀ 'ਚ ਬ੍ਰਿਟੇਨ ਸਭ ਤੋਂ ਹੇਠਲੇ ਸਥਾਨ 'ਤੇ ਰਿਹਾ।

# ਬਲਾਤਕਾਰੀ ਤਾਂਤਰਿਕ ਸਣੇ ਦੋ 'ਤੇ ਮੁਕੱਦਮਾ



ਸੰਭਲ-ਉੱਤਰ ਪ੍ਰਦੇਸ਼ ਦੇ ਸੰਭਲ ਜ਼ਿਲੇ ਦੇ ਦੇਹਲੀ ਦਰਵਾਜ਼ਾ ਇਲਾਕੇ 'ਚ ਇਕ ਕੁੜੀ ਦਾ ਯੌਨ ਸ਼ੋਸ਼ਣ ਕਰਨ ਦੇ ਦੋਸ਼ 'ਚ ਇੱਕ ਤਾਂਤਰਿਕ ਸਣੇ ਦੋ ਲੋਕਾਂ 'ਤੇ ਮੁਕੱਦਮਾ ਦਰਜ ਕੀਤਾ। ਪੁਲੀਸ ਸੂਤਰਾਂ ਨੇ ਦੱਸਿਆ ਕਿ ਦੇਹਲੀ ਦਰਵਾਜ਼ਾ ਇਲਾਕੇ ਦੀ ਰਹਿਣ ਵਾਲੀ 21 ਸਾਲਾਂ ਉਜਮਾ ਪਿਛਲੇ ਸਾਲ ਆਪਣੇ ਘਰ ਤੋਂ ਲਾਪਤਾ ਹੋ ਗਈ ਸੀ। ਉਸ ਦੇ ਲਾਪਤਾ ਹੋਣ ਦੀ ਰਿਪੋਰਟ ਪੁਲਸ 'ਚ ਦਰਜ ਕਰਵਾਈ ਗਈ ਸੀ। ਸੂਤਰਾਂ ਨੇ ਦੱਸਿਆ ਕਿ ਵੀਰਵਾਰ ਦੀ ਸ਼ਾਮ ਜਦ ਉਹ ਵਾਪਸ ਆਈ ਤਾਂ ਉਸ ਨੇ ਦੱਸਿਆ ਕਿ ਤਾਂਤਰਿਕ ਸ਼ਕੀਲ ਉਸ ਨੂੰ ਨੌਕਰੀ ਦਾ ਝਾਂਸਾ ਦੇ ਕੇ ਆਪਣੇ ਨਾਲ ਲੈ ਗਿਆ ਸੀ ਤੇ ਮੁਰਾਦਾਬਾਦ ਦੇ ਕਾਰੂਲਾ ਮੁਹੱਲੇ ਵਿਚ ਲਿਜਾ ਕੇ ਉਸ ਨੇ ਜ਼ਬਰਦਸਤੀ ਉਸ ਨਾਲ ਨਿਕਾਹ ਕੀਤਾ ਤੇ ਸਰੀਰਕ ਸ਼ੋਸ਼ਣ ਕੀਤਾ। ਪੁਲੀਸ ਨੇ ਸ਼ਕੀਲ ਤੇ ਉਸ ਦੇ ਸਾਥੀ ਬਿਲਾਲ ਦੇ ਵਿਰੁੱਧ ਮੁਕਦੱਮਾ ਦਾਇਰ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਬਰਤਾਨਵੀ ਝੰਡੇ ਨੂੰ ਲੈ ਕੇ ਦੱਖਣੀ ਆਇਰਲੈਂਡ ਦੇ ਸ਼ਹਿਰ ਬੈਲਫਾਸਟ ਵਿਖੇ ਦੰਗਾ ਫਸਾਦ

## 29 ਪੁਲਿਸ ਅਫਸਰ ਜਖ਼ਮੀ



ਬੈਲਫਾਸਟ ਵਿਖੇ ਹੋਏ ਦੰਗਿਆਂ ਮੌਕੇ ਇੱਕ ਕਾਰ ਨੂੰ ਲੱਗੀ ਹੋਈ ਅੱਗ ਅਤੇ ਪੁਲਿਸ ਦੀ ਗੱਡੀ ਦੀ ਭੰਨ ਤੋੜ ਕਰਦਾ ਹੋਇਆ ਮੁਜਹਾਰਾਕਾਰੀ ਤਸਵੀਰਾਂ: ਮਨਪ੍ਰੀਤ ਸਿੰਘ ਬੱਧਨੀ ਕਲਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਰਾਜ ਪ੍ਰਬੰਧ ਅਧੀਨ ਪੈਂਦੇ ਦੱਖਣੀ ਆਇਰਲੈਂਡ ਦੇ ਸ਼ਹਿਰ ਬੈਲਫਾਸਟ ਵਿਖੇ ਬਰਤਾਨਵੀ ਝੰਡੇ ਨੂੰ ਲੈ ਕੇ ਪੈਦਾ ਹੋਏ ਵਿਵਾਦ ਨੇ ਕੁਝ ਦਿਨਾਂ ਤੋਂ ਹਿੰਸਕ ਰੂਪ ਧਾਰਨ ਕੀਤਾ ਹੋਇਆ ਹੈ, ਬੀਤੇ ਦਿਨੀ ਪੁਲਿਸ ਅਤੇ ਮੁਜਾਹਰਾਕਾਰੀਆ ਵਿਚਕਾਰ ਹੋਈਆਂ ਝੜਪਾਂ ਵਿੱਚ 29 ਪੁਲਿਸ ਕਰਮਚਾਰੀ ਜਖ਼ਮੀ ਹੋ ਗਏ ਹਨ, ਜਦ ਕਿ ਪੁਲਿਸ ਵੱਲੋਂ ਮੁਜਹਾਰਾਕਾਰੀਆਂ ਨੂੰ ਖਦੇੜਨ ਲਈ ਪਲਾਸਟਿਕ ਦੀਆ ਗੋਲੀਆਂ ਅਤੇ ਪਾਣੀ ਦੀ ਵਰਤੋਂ ਕੀਤੀ ਗਈ। ਮੁਜਾਹਰਾ ਕਾਰੀਆ ਨੇ ਜਿੱਥੇ ਪੁਲਿਸ ਤੇ ਇੱਟਾਂ, ਰੋੜਿਆਂ, ਲਾਠੀਆਂ, ਬੋਤਲਾਂ ਆਦਿ ਨਾਲ ਹਮਲਾ ਕੀਤਾ। ਬੈਲਫਾਸਟ ਕੌਂਸਲ ਵੱਲੋਂ ਸਿਟੀ ਸੈਂਟਰ ਤੇ ਲਹਿਰਾਏ ਜਾਂਦੇ ਬਰਤਾਨਵੀ ਝੰਡੇ ਨੂੰ ਰੋਜ਼ਾਨਾ ਲਹਿਰਾਉਣ ਤੋਂ ਰੋਕ ਕੇ ਕੁਝ ਦਿਨ ਤੱਕ ਸੀਮਤ ਕਰ ਦਿੱਤਾ ਗਿਆ ਸੀ, ਜਿਸ ਅਨੁਸਾਰ ਸਿਰਫ ਸਾਲ ਵਿੱਚ 18 ਖਾਸ ਦਿਨਾਂ ਮੌਕੇ ਹੀ ਬਰਤਾਨਵੀ ਝੰਡੇ ਨੂੰ ਲਹਿਰਾਇਆ ਜਾਵੇਗਾ ਅਤੇ ਇਸ ਤੋਂ ਬਾਅਦ ਹੀ ਲੋਕਾਂ ਨੇ ਇਸ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਕਰਨੇ ਸ਼ੁਰੂ ਕਰ ਦਿੱਤੇ ਸਨ। ਮੁਜਾਹਰਾ ਕਾਰੀਆਂ ਨੇ ਇਸ ਮੌਕੇ ਸਾੜ ਫੂਕ ਅਤੇ ਪੁਲਿਸ ਦੀਆਂ ਗੱਡੀਆਂ ਦੀ ਭੰਨ ਤੋੜ ਵੀ ਕੀਤੀ। ਇਥੇ ਜਿਕਰਯੋਗ ਹੈ ਕਿ 30 ਸਾਲ ਦੀ ਲੰਬੀ ਲੜਾਈ ਤੋਂ ਬਾਅਦ 1998 ਵਿੱਚ ਸ਼ਾਂਤੀ ਸਮਝੌਤਾ ਹੋਇਆ ਸੀ। ਦੱਖਣੀ ਆਇਰਲੈਂਡ ਦੀ ਸੈਕਟਰੀ ਥਰੀਸਾ ਵਿਲਰਜ ਨੇ ਕਿਹਾ ਹੈ ਕਿ ਹਿੰਸਾ ਪਿਛੇ ਕੁਝ ਜਾਣੇ ਪਹਿਚਾਣੇ ਅਪਰਾਧੀ ਹਨ। ਅਸੀਂ ਇਸ ਰੋਸ ਪ੍ਰਦਰਸ਼ਨ ਨੂੰ ਹੋਰ ਬਰਦਾਸ਼ਤ ਨਹੀਂ ਕਰ ਸਕਦੇ। ਬੈਲਫਾਸਟ, ਡਬਲਿਨ ਅਤੇ ਲੰਡਨ ਦੇ ਪ੍ਰਸਿੱਧ ਰਾਜਨੀਤਕਾ ਦੀ ਅਗਲੇ ਹਫਤੇ ਇਸ ਮੁੱਦੇ ਦੇ ਹੱਲ ਲਈ ਮੀਟਿੰਗ ਹੋ ਰਹੀ ਹੈ।

# ਇੰਗਲੈਂਡ ਵਿੱਚ ਹੋਈ ਬਰਫਬਾਰੀ ਤੋਂ ਬਾਅਦ ਸੀਤ ਲਹਿਰ ਨੇ ਫੜ੍ਹਿਆ ਜੋਰ



ਲੰਡਨ ਅਤੇ ਡਰਬੀ ਸ਼ਹਿਰ ਵਿੱਚ ਹੋਈ ਬਰਫਬਾਰੀ ਦਾ ਇੱਕ ਦਿਲਕਸ਼ ਦ੍ਰਿਸ਼ ਤਸਵੀਰਾਂ: ਮਨਪ੍ਰੀਤ ਸਿੰਘ ਬੱਧਨੀ ਕਲਾਂ

ਲੰਡਨ -(ਮਨਪ੍ਰੀਤ ਸਿੰਘ ਬੱਧਨੀ ਕਲਾਂ)-ਇੰਗਲੈਂਡ ਵਿੱਚ ਕੱਲ੍ਹ ਰਾਤ ਹੋਈ ਬਰਫਬਾਰੀ ਤੋਂ ਬਾਅਦ ਸੀਤ ਲਹਿਰ ਨੇ ਹੋਰ ਵੀ ਜੋਰ ਫੜ੍ਹ ਲਿਆ ਹੈ ਅਤੇ ਮੌਸਮ ਵਿਭਾਗ ਅਨੁਸਾਰ ਬਰਫਬਾਰੀ ਅਜੇ ਜਾਰੀ ਰਹੇਗੀ। ਕੁਝ ਖਿਤਿਆਂ ਵਿੱਚ ਪਾਰਾ ਮਾਈਨਸ 10 ਡਿਗਰੀ ਤੱਕ ਡਿੱਗ ਸਕਦਾ ਹੈ। ਲੰਡਨ ਇਲਾਕੇ ਵਿੱਚ ਵੀ ਰਾਤ ਤੋਂ ਹੀ ਥੋੜੀ ਥੋੜੀ ਬਰਫ ਡਿੱਗ ਰਹੀ ਹੈ। ਦੂਜੇ ਪਾਸੇ ਹੀਥਰੋ ਸਮੇਤ ਸਥਾਨਿਕ ਹਵਾਈ ਅੱਡਿਆਂ ਦੇ ਬੁਲਾਰਿਆਂ ਦਾ ਕਹਿਣਾ ਹੈ ਕਿ ਇਸ ਬਰਫਬਾਰੀ ਨਾਲ ਹਵਾਈ ਉਡਾਣਾ ਤੇ ਕੋਈ ਅਸਰ ਨਹੀਂ ਹੋਵੇਗਾ, ਕਿਉਂਕਿ ਹੁਣ ਅਜੇਹੇ ਮੌਸਮ ਨਾਲ ਨਜਿੱਠਣ ਲਈ ਹਵਾਈ ਪਟੜੀ ਨੂੰ ਨਵੀਂ ਤਕਨੀਕ ਨਾਲ ਲੈਸ ਕੀਤਾ ਜਾ ਚੁੱਕਾ ਹੈ। ਰਾਤ ਹੋਈ ਬਰਫਬਾਰੀ ਦੌਰਾਨ ਨੌਟਿੰਘਮ ਇਲਾਕੇ ਵਿੱਚ 3 ਸੈਂਟੀਮੀਟਰ ਤੱਕ ਬਰਫਬਾਰੀ ਹੋਈ।

# ਸ਼ੀਆ ਮੁਸਲਮਾਨਾਂ ਦੀ ਹੱਤਿਆ ਮਗਰੋਂ ਬਲੋਚਿਸਤਾਨ 'ਚ ਰਾਸ਼ਟਰਪਤੀ ਰਾਜ



ਇਸਲਾਮਾਬਾਦ-ਕੋਇਟਾ ਵਿੱਚ 100 ਸ਼ੀਆ ਮੁਸਲਮਾਨਾਂ ਦੀ ਹੱਤਿਆ 'ਤੇ ਰੋਸ ਜ਼ਾਹਰ ਕਰਦਿਆਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਰਾਜਾ ਪ੍ਰਵੇਜ਼ ਅਸ਼ਰਫ਼ ਨੇ ਬਲੋਚਿਸਤਾਨ ਦੀ ਸਰਕਾਰ ਨੂੰ ਭੰਗ ਕਰਕੇ ਸੂਬੇ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਹੈ। ਸਰਕਾਰ ਨੇ ਇਹ ਕਦਮ ਬਲੋਚਿਸਤਾਨ ਦੀ ਰਾਜਧਾਨੀ ਕੋਇਟਾ ਵਿੱਚ ਸ਼ੀਆ ਮੁਜ਼ਾਹਰਾਕਾਰੀਆਂ ਵੱਲੋਂ ਮ੍ਰਿਤਕਾਂ ਦੀਆਂ ਲਾਸ਼ਾਂ ਲੈ ਕੇ ਰੋਸ ਮੁਜ਼ਾਹਰੇ ਕਰਨ ਤੋਂ ਬਾਅਦ ਚੁੱਕਿਆ ਹੈ। ਜ਼ਿਕਰਯੋਗ ਹੈ ਕਿ ਲੰਘੇ ਵੀਰਵਾਰ ਬੰਬ ਧਮਾਕਿਆਂ ਵਿੱਚ 100 ਸ਼ੀਆ ਮੁਸਲਮਾਨਾਂ ਦੀ ਹੱਤਿਆ ਕਰ ਦਿੱਤੀ ਗਈ ਸੀ। ਸੂਬੇ ਵਿੱਚ ਸ਼ੀਆ ਭਾਈਚਾਰੇ ਨੇ ਐਲਾਨ ਕੀਤਾ ਸੀ ਕਿ ਜਿੰਨਾ ਚਿਰ ਸਰਕਾਰ ਨੂੰ ਭੰਗ ਨਹੀਂ ਕੀਤਾ ਜਾਂਦਾ ਓਨਾ ਚਿਰ ਲਾਸ਼ਾਂ ਨੂੰ ਦਫ਼ਨ ਨਹੀਂ ਕੀਤਾ ਜਾਵੇਗਾ।

ਲੋਕਾਂ ਦੇ ਰੋਹ ਨੂੰ ਵੇਖਦਿਆਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਅਸ਼ਰਫ਼ ਨੇ ਸੰਘੀ ਸਰਕਾਰ ਦੇ ਫੈਸਲੇ ਦਾ ਐਲਾਨ ਕਰਦਿਆਂ ਬਲੋਚਿਸਤਾਨ ਦੀ ਸਰਕਾਰ ਭੰਗ ਕਰਦਿਆਂ ਉਥੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਲੰਮੀ ਸੋਚ-ਵਿਚਾਰ ਕਰਨ ਤੋਂ ਬਾਅਦ ਸੰਵਿਧਾਨ ਦੀ ਧਾਰਾ 234 ਤਹਿਤ ਬਲੋਚਿਸਤਾਨ ਵਿੱਚ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਂਦਾ ਹੈ ਤੇ ਹੁਣ ਸਰਕਾਰ ਦਾ ਸਾਰਾ ਕੰਮਕਾਜ ਗਵਰਨਰ ਵੇਖੇਗਾ।

# ਤੇਜਾ ਸਿੰਘ ਤੇਜ ਕੋਟਲੇ ਵਾਲਾ 'ਬਾਬੁਲ ਮਹਿਲੀਂ ਕੁੜੀਆਂ ਚਿੜੀਆਂ' ਲੈ ਕੇ ਮੁੜ ਪਾਠਕਾਂ ਦੇ ਰੂਬਰੂ




ਤੇਜਾ ਸਿੰਘ ਤੇਜ ਕੋਟਲੇ ਵਾਲਾ

ਬ੍ਰਮਿੰਘਮ – ਇਥੇ ਰਹਿਣ ਵਾਲੇ ਪ੍ਰਸਿੱਧ ਹਾਸਰਸ ਕਵੀ ਸ: ਤੇਜਾ ਸਿੰਘ ਤੇਜ ਕੋਟਲੇ ਵਾਲਾ ਦੀ 12ਵੀਂ ਪੁਸਤਕ ਪਾਠਕਾਂ ਦੇ ਹੱਥਾਂ ਵਿਚ ਪਹੁੰਚ ਚੁੱਕੀ ਹੈ। ਇਸ ਸਬੰਧੀ ਉਹਨਾਂ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਉਹਨਾਂ ਦਾ 12ਵਾਂ ਪੁਸਤਕ ਕਾਕਾ ਪਾਠਕਾਂ ਨੂੰ ਹਸਾਉਣ ਲਈ ਆ ਗਿਆ ਹੈ।


ਉਹਨਾਂ ਆਪਣੇ ਹੱਥ ਲਿਖਤ ਪੱਤਰ ਵਿਚ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਉਹਨਾਂ ਨੇ ਸੁਣਿਆ ਸੀ ਬਈ ਅੰਗਰੇਜ਼ੀ ਰਾਜ (ਇੰਡੀਆ ਵਿਚ) ਜਿਸ ਬੰਦੇ ਦੇ 12 ਕਾਕੇ ਹੁੰਦੇ ਸਨ, ਉਹਨਾਂ ਨੂੰ ਜ਼ਮੀਨ ਦਾ ਮੁਰੱਬਾ ਮਿਲਦਾ ਹੁੰਦਾ ਸੀ। ਉਹਨਾਂ ਕਿਹਾ ਮੈਂ ਵੀ ਮੁਰੱਬਾ ਲੈਣ ਦੀ ਕੋਸ਼ਿਸ਼ ਕੀਤੀ ਪਰ ਜ਼ਮੀਨ ਦਾ ਮੁਰੱਬਾ ਤਾਂ ਨਹੀਂ ਮਿਲਿਆ ਕੇਵਲ ਔਲ੍ਹਿਆਂ ਦੇ ਮੁਰੱਬੇ ਨਾਲ ਹੀ ਸਾਰਨਾ ਪਿਆ। ਉਹਨਾਂ ਆਪਣੇ ਪੱਤਰ ਵਿਚ ਜ਼ਿਕਰ ਕੀਤਾ ਕਿ ਉਹਨਾਂ ਦੀ ਧਰਮ ਪਤਨੀ ਦੀ ਸਿਹਤ ਪਿਛਲੇ ਦਿਨਾਂ ਵਿਚ ਠੀਕ ਨਹੀਂ ਰਹੀ। ਅਸੀਂ ਅਦਾਰਾ ਪੰਜਾਬ ਟਾਈਮਜ਼ ਵੱਲੋਂ ਉਹਨਾਂ ਦੀ ਜਲਦੀ ਸਿਹਤਯਾਬੀ ਲਈ ਦੁਆ ਗੋ ਹੁੰਦੇ ਹਾਂ।

ਤੇਜਾ ਸਿੰਘ ਤੇਜ ਕੋਟਲੇ ਵਾਲੇ ਦੀ 12ਵੀਂ ਪੁਸਤਕ ਦਾ ਟਾਈਟਲ 'ਬਾਬਲ ਮਹਿਲੀਂ ਕੁੜੀਆਂ ਚਿੜੀਆਂ' ਉਹਨਾਂ ਨੇ ਐਤਕੀਂ ਕੁੜੀਆਂ ਨੂੰ ਸਮਰਪਿਤ ਕੀਤਾ ਹੈ। ਤੇਜਾ ਸਿੰਘ ਤੇਜ ਬਾਰੇ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ, ਕਿ ਉਹਨਾਂ ਨੇ ਸਭ ਤੋਂ ਪਹਿਲੀ ਕਵਿਤਾ ਗਿਆਰਾਂ ਸਾਲ ਦੀ ਉਮਰੇ ਲਿਖੀ ਸੀ। ਬੀ ਏ ਤੇ ਪੰਜਾਬੀ ਦੀ ਗਿਆਨੀ ਕਰਨ ਵਾਲੇ ਕੋਟਲੇਵਾਲੇ ਨੇ ਪੰਜਾਬੀ ਹਾਸਰਸ ਦੀਆਂ 11 ਪੁਸਤਕਾਂ ਜੋ ਪੰਜਾਬੀ ਸਾਹਿਤ ਜਗਤ ਦੀ ਝੋਲੀ ਪਾਈਆਂ ਉਹਨਾਂ ਦੇ ਨਾਂ ਵਰਨਣ ਯੋਗ ਹਨ: ਖਿੱਲਰੇ ਅੰਬ, ਦੇਸੀ ਘੱਗਰੀ ਵਲੈਤੀ ਨਾਲਾ, ਹੱਸਦੇ ਹੰਝੂ (ਜਿਸ ਦੇ ਦੋ ਆਡੀਸ਼ਨ ਹਨ ਤੇ ਇਹ ਕਿਤਾਬ ਪੰਜਾਬੀ ਦੇ ਏ ਲੈਵਲ ਕੋਰਸ ਵਿਚ ਤਿੰਨ ਸਾਲ ਲੱਗੀ ਰਹੀ), ਕੱਲਮ ਕੱਲੇ, ਗੰਦਲਾਂ, ਲਾਲ ਪਰੀ, ਭੋਲੀਆਂ ਲਹਿਰਾਂ, ਕੁੱਜੇ ਵਿੱਚ ਸਮੁੰਦਰ, ਇਕ ਲੱਪ ਖਿੱਲਾਂ ਦੀ, ਏਕ ਜੋਤਿ ਦੁਇ ਮੂਰਤੀ ਅਤੇ 'ਹਾਸਿਆਂ ਦੀ ਨਸਵਾਰ' ਨਾਮੇ ਕਿਤਾਬਾਂ ਉਹਨਾਂ ਲਿਖੀਆਂ। ਅਦਾਰਾ ਪੰਜਾਬ ਟਾਈਮਜ਼ ਵੱਲੋਂ ਉਹਨਾਂ ਦੀ ਨਵੀਂ ਪੁਸਤਕ ਨੂੰ ਜੀ ਆਇਆਂ ਆਖਦੇ ਹੋਏ ਉਮੀਦ ਕਰਦੇ ਹਾਂ ਕਿ ਉਹ ਇੰਝ ਹੀ ਪੰਜਾਬੀ ਸਾਹਿਤ ਦੇ ਭੰਡਾਰ ਨੂੰ ਅਮੀਰ ਬਣਾਉਂਦੇ ਰਹਿਣਗੇ।



ਉਨ੍ਹਾਂ ਦੀ ਨਵੀਂ ਪੁਸਤਕ 'ਬਾਬੁਲ ਮਹਿਲੀਂ ਕੁੜੀਆਂ ਚਿੜੀਆਂ' ਦੀ ਜਿਲਦ

# ਬਰਨਾਲਾ ਦੇ ਨੌਜਵਾਨ ਦਾ ਮਨੀਲਾ 'ਚ ਕਤਲ



ਬਰਨਾਲਾ-ਜ਼ਿਲ੍ਹਾ ਬਰਨਾਲਾ ਦੇ ਪਿੰਡ ਖੁੱਡੀਕਲਾਂ ਦੇ ਇੱਕ ਨੌਜਵਾਨ ਦੀ ਮਨੀਲਾ 'ਚ ਲੁਟੇਰਿਆਂ ਵੱਲੋਂ ਗੋਲੀ ਮਾਰ ਕੇ ਹੱਤਿਆ ਕਰ ਦੇਣ ਦਾ ਦਰਦਨਾਕ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਗੋਬਿੰਦਰ ਸਿੰਘ ਦੇ ਪਿੰਡ ਖੁੱਡੀਕਲਾਂ ਵਿਖੇ ਉਸ ਦੇ ਘਰ ਜਾ ਕੇ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਗੋਬਿੰਦਰ ਸਿੰਘ ਉਰਫ ਭੋਲਾ ਪੁੱਤਰ ਗੁਰਚਰਨ ਸਿੰਘ ਵਾਸੀ ਖੁੱਡੀ ਕਲਾਂ ਸਾਢੇ ਤਿੰਨ ਸਾਲ ਪਹਿਲਾਂ ਮਨੀਲਾ ਗਿਆ ਸੀ, ਦਰਮਿਆਨੇ ਤਬਕੇ ਦੇ ਜ਼ਿਮੀਂਦਾਰ ਘਰਾਣੇ ਨਾਲ ਸੰਬੰਧਿਤ ਇਸ ਨੌਜਵਾਨ ਨੇ ਮਨੀਲਾ ਵਿੱਚ ਸਖ਼ਤ ਮਿਹਨਤ ਕਰਕੇ ਉੱਥੇ ਆਪਣਾ ਛੋਟਾ-ਮੋਟਾ ਕੰਮ ਧੰਦਾ ਸ਼ੁਰੂ ਕੀਤਾ ਸੀ। ਪਤਾ ਲੱਗਿਆ ਹੈ ਕਿ ਬੀਤੇ ਦਿਨੀਂ ਜਦੋਂ ਉਹ ਆਪਣੇ ਕੰਮ 'ਤੇ ਜਾ ਰਿਹਾ ਸੀ, ਤਾਂ ਰਸਤੇ ਵਿੱਚ ਤਿੰਨ ਮੋਟਰਸਾਈਕਲ ਸਵਾਰ ਗੋਰਿਆਂ ਨੇ ਉਸ ਨੂੰ ਘੇਰ ਕੇ ਗੋਲੀਆਂ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ। ਇਸ ਘਟਨਾ ਬਾਰੇ ਗੋਬਿੰਦਰ ਸਿੰਘ ਦੇ ਸਾਥੀਆਂ ਨੇ ਫੋਨ 'ਤੇ ਉਸ ਦੇ ਮਾਪਿਆਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੁਝ ਕਾਨੂੰਨੀ ਔਕੜਾਂ ਕਾਰਨ ਗੋਬਿੰਦਰ ਸਿੰਘ ਦਾ ਸਸਕਾਰ ਉੱਥੇ ਹੀ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਮ੍ਰਿਤਕ ਆਪਣੇ ਪਿੱਛੇ ਬੁੱਢੇ ਮਾਂ-ਬਾਪ ਤੋਂ ਇਲਾਵਾ ਪਤਨੀ ਅਤੇ 16 ਸਾਲ ਦਾ ਇੱਕ ਲੜਕਾ ਛੱਡ ਗਿਆ ਹੈ।

# ਸ਼ਹੀਦ ਭਾਈ ਸਤਵੰਤ ਸਿੰਘ ਅਤੇ ਭਾਈ ਕੇਹਰ ਸਿੰਘ ਨਮਿਤ ਸ਼ਹੀਦੀ ਸਮਾਗਮ

ਸਾਊਥਾਲ-(ਕੇਸਰ ਸਿੰਘ ਧਾਲੀਵਾਲ)–5 ਜਨਵਰੀ 2013 ਨੂੰ ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਸਤਵੰਤ ਸਿੰਘ ਅਤੇ ਭਾਈ ਕੇਹਰ ਸਿੰਘ ਨਮਿਤ ਸ਼ਹੀਦੀ ਸਮਾਗਮ ਗੁਰੂਘਰ ਮੀਰੀ ਪੀਰੀ, ਸਾਊਥਾਲ ਬਰਾਡਵੇਅ ਵਿਖੇ ਹੋਇਆ। ਇਹ ਉਹ ਸੂਰਮੇ ਹਨ ਜਿਨ੍ਹਾਂ ਨੇ ਇੰਦਰਾ ਨੂੰ ਉਸ ਦੇ ਪਾਪਾਂ ਦੀ ਸਜ਼ਾ ਦੇ ਕੇ ਫਾਂਸੀ ਦੇ ਰੱਸੇ ਚੁੰਮੇ। ਇਸ ਸਮਾਗਮ ਵਿੱਚ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਭਾਗ ਲਿਆ। ਰਾਗੀ ਤੇ ਕੀਰਤਨੀ ਜਥਿਆਂ ਨੇ ਸਿੱਖ ਸ਼ਹੀਦਾਂ ਦੇ ਇਤਿਹਾਸ ਦਾ ਵਿਖਿਆਨ ਕੀਤਾ। ਗੁਰੂਘਰ ਦੇ ਮੁੱਖੀ ਸੇਵਾਦਾਰ ਸ: ਜਸਵੰਤ ਸਿੰਘ ਠੇਕੇਦਾਰ ਅਤੇ ਸ: ਪਰਮਿੰਦਰ ਸਿੰਘ ਬੱਲ (ਫੈਡਰੇਸ਼ਨ ਯੂ ਕੇ) ਨੇ ਸਿੱਖ ਇਤਿਹਾਸ ਦੇ ਯੋਧਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ।

# ਸ਼੍ਰੋਮਣੀ ਕਮੇਟੀ ਮੈਂਬਰ ਦੇ ਸ਼ਰਾਬੀ ਪੁੱਤ ਦੀ ਗੁੰਡਾਗਰਦੀ ਨੂੰ ਮਿਲੀ ਸਰਕਾਰੀ ਹੱਲਾਸ਼ੇਰੀ

## ✪ ਪੁਲੀਸ ਨਾਲ ਉਲਝਣ ਕਰਕੇ ਸਾਥੀਆਂ ਸਮੇਤ ਜਾਣਾ ਪਿਆ ਸੀ ਜੇਲ੍ਹ ✪ ਜਥੇਦਾਰ ਬਾਪੂ ਦੀ ਹਮਾਇਤ ਕਾਰਨ ਜ਼ਮਾਨਤ ’ਤੇ ਹੋਇਆ ਰਿਹਾਅ ✪ ਬਠਿੰਡੇ ਦੇ ਏਐਸਪੀ ਪਾਟਿਲ ਦਾ ਤਬਾਦਲਾ ✪ ਪੁਲੀਸ ਅਫ਼ਸਰਾਂ ’ਚ ਫੈਲੀ ਨਿਰਾਸ਼ਤਾ

ਬਠਿੰਡਾ-ਸ਼੍ਰੋਮਣੀ ਕਮੇਟੀ ਦੇ ਮੈਂਬਰ ਸੁਖਦੇਵ ਸਿੰਘ ਬਾਹੀਆ ਦੇ ਸ਼ਰਾਬੀ ਪੁੱਤ ਪ੍ਰਭਜੋਤ ਸਿੰਘ ਦੇ ਗੁੰਡਾਗਰਦੀ ਨੂੰ ਸਰਕਾਰੀ ਹੱਲਾਸ਼ੇਰੀ ਮਿਲ ਗਈ ਹੈ। ਸ਼ਰਾਬੀ ਹਾਲਤ ਵਿੱਚ ਸਾਥੀਆਂ ਸਮੇਤ ਪੁਲੀਸ ਨਾਲ ਉਲਝਣ ਵਾਲੇ ਪ੍ਰਭਜੋਤ ਵਿਰੁੱਧ ਏਐਸਪੀ ਪਾਟਿਲ ਵੱਲੋਂ ਕੀਤੀ ਕਾਨੂੰਨੀ ਕਾਰਵਾਈ ਗੁੰਡਾਗਰਦੀ ਨੂੰ ਸ਼ੈਅ ਦੇਣ ਵਾਲੇ ਜਥੇਦਾਰਾਂ ਨੂੰ ਰਾਸ ਨਹੀਂ ਬੈਠੀ। ਆਖਿਰ ਉਨ੍ਹਾਂ ਨੇ ਏ ਐਸ ਪੀ ਪਾਟਿਲ ਦਾ ਤਬਾਦਲਾ ਕਰਵਾ ਕੇ ਹੀ ਸਾਹ ਲਿਆ। ਸ਼੍ਰੋਮਣੀ ਕਮੇਟੀ ਮੈਂਬਰ ਦੇ ਬੇਟੇ ਪ੍ਰਭਜੋਤ ਦੀ ਗ੍ਰਿਫ਼ਤਾਰੀ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਨੇ ਬਠਿੰਡਾ ਦੇ ਏ.ਐਸ.ਪੀ. ਕੇਤਨ ਪਾਟਿਲ ਦਾ ਅੰਮ੍ਰਿਤਸਰ ਤਬਾਦਲਾ ਕਰਕੇ, ਉਨ੍ਹਾਂ ਦੀ ਥਾਂ ਅਲਕਾ ਮੀਨਾ ਨੂੰ ਬਠਿੰਡਾ ਦੀ ਏ.ਐਸ.ਪੀ. ਲਾ ਦਿੱਤਾ ਹੈ। ਅਕਾਲੀ ਦਲ ਦੀ ਬਠਿੰਡਾ ਇਕਾਈ ਇਸ ਤਬਾਦਲੇ ਨੂੰ ਆਪਣੀ ਜਿੱਤ ਮੰਨ ਰਹੀ ਹੈ ਤੇ ਅੰਦਰੋ-ਅੰਦਰੀ ਐਸ.ਐਸ.ਪੀ. ਦੇ ਤਬਾਦਲੇ ਲਈ ਯਤਨ ਸ਼ੁਰੂ ਕਰ ਦਿੱਤੇ ਹਨ। ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਤੇ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਤੇ ਜ਼ਿਲ੍ਹੇ ਦੇ ਅਕਾਲੀ ਲੀਡਰਾਂ ਨੇ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਮੈਂਬਰ ਦੇ ਪੱਖ ਵਿੱਚ ਸਖ਼ਤ ਸਟੈਂਡ ਲਿਆ ਸੀ।

ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਮੈਂਬਰ ਦੇ ਲੜਕੇ ਪ੍ਰਭਜੋਤ ਨੇ ਸ਼ਰਾਬੀ ਹਾਲਤ ’ਚ ਬਠਿੰਡਾ ਪੁਲੀਸ ਦੇ ਮੁਲਾਜ਼ਮਾਂ ਨਾਲ ਕਥਿਤ ਤੌਰ ’ਤੇ ਹੱਥੋਪਾਈ ਕੀਤੀ, ਜਿਸ ਕਾਰਨ ਉਸ ਨੂੰ ਕੋਤਵਾਲੀ ਵਿੱਚ ਰਾਤ ਕੱਟਣੀ ਪਈ। ਸ਼੍ਰੋਮਣੀ ਕਮੇਟੀ ਮੈਂਬਰ ਦੇ ਲੜਕੇ ਪ੍ਰਭਜੋਤ ਸਿੰਘ ਅਤੇ ਉਸ ਦੇ ਸਾਥੀਆਂ ਸ਼ਮਿੰਦਰ ਸਿੰਘ ਤੇ ਐਨਆਰਆਈ ਰਮਨਦੀਪ



ਸਿੰਘ ਨੇ ਕਥਿਤ ਤੌਰ ’ਤੇ ਸ਼ਰਾਬ ਪੀਤੀ ਹੋਈ ਸੀ, ਜਿਸ ਕਰਕੇ ਪੁਲੀਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਮੈਡੀਕਲ ਵੀ ਕਰਾਇਆ। ਬਾਅਦ ਵਿਚ ਐਸਡੀਐਮ ਬਠਿੰਡਾ ਨੇ ਉਨ੍ਹਾਂ ਤਿੰਨਾਂ ਮੁਲਜ਼ਮਾਂ ਨੂੰ ਜ਼ਮਾਨਤ ’ਤੇ ਰਿਹਾਅ ਕਰ ਦਿੱਤਾ। ਉਸ ਮਗਰੋਂ ਹੀ ਏ.ਐਸ.ਪੀ. ਕੇਤਨ ਪਾਟਿਲ ਨੇ ਨਵੇਂ ਸਿਰਿਓਂ ਇਨ੍ਹਾਂ ਲੜਕਿਆਂ ‘ਤੇ ਧਾਰਾ 353 ਤਹਿਤ ਕੇਸ ਦਰਜ ਕੀਤਾ ਸੀ। ਉਨ੍ਹਾਂ ਦੀ ਅਗਵਾਈ ਵਿੱਚ ਪੁਲੀਸ ਮੁਲਾਜ਼ਮਾਂ ’ਤੇ ਪ੍ਰਭਜੋਤ ਤੇ ਸਾਥੀਆਂ ਦੀ ਕੁੱਟਮਾਰ ਕਰਨ ਦਾ ਦੋਸ਼ ਲੱਗਾ ਸੀ। ਇਸ ਮਾਮਲੇ ’ਤੇ ਅਕਾਲੀ ਆਗੂ ਇਕਜੁੱਟ ਹੋ ਗਏ ਸਨ। ਇਸੇ ਦੌਰਾਨ ਬਾਰ ਐਸੋਸੀਏਸ਼ਨ ਬਠਿੰਡਾ ਵੀ ਐਡਵੋਕੇਟ ਸੁਖਦੇਵ ਸਿੰਘ ਬਾਹੀਆ ਦੀ ਹਮਾਇਤ ਵਿੱਚ ਡਟ ਗਈ ਸੀ। ਸ਼੍ਰੋਮਣੀ ਕਮੇਟੀ ਮੈਂਬਰ ਸੁਖਦੇਵ ਸਿੰਘ ਬਾਹੀਆ ਨੇ ਦੋਸ਼ ਲਾਇਆ ਕਿ ਇਹ ਉਸ ਦੇ ਬੇਟੇ ਨੂੰ ਬਦਨਾਮ ਕਰਨ ਦੀ ਏਐਸਪੀ ਦੀ ਸਾਜ਼ਿਸ਼ ਹੈ ਅਤੇ ਸਾਰੀ ਕਹਾਣੀ ਘੜੀ ਗਈ ਹੈ। ਗੱਡੀ ਐਨਆਰਆਈ ਲੜਕਾ ਚਲਾ ਰਿਹਾ ਸੀ, ਜੋ ਸਰਾਬ ਪੀਂਦਾ ਹੀ ਨਹੀਂ। ਇਸ ਦੀ ਮੈਡੀਕਲ ਰਿਪੋਰਟ ਵਿੱਚ ਪੁਸ਼ਟੀ ਹੋਈ ਹੈ।

## ਪਤਿਤ ਪਰਿਵਾਰਾਂ ਦਾ ਮਾਮਲਾ ਅਕਾਲ ਤਖ਼ਤ ’ਤੇ ਵਿਚਾਰਿਆ ਜਾਵੇਗਾ !

ਬਠਿੰਡਾ-ਬਠਿੰਡਾ ਦੇ ਸ਼੍ਰੋਮਣੀ ਕਮੇਟੀ ਮੈਂਬਰ ਸੁਖਦੇਵ ਸਿੰਘ ਬਾਹੀਆ ਦੇ ਲੜਕੇ ਪ੍ਰਭਜੋਤ ਦਾ ਮਾਮਲਾ ਸਾਹਮਣੇ ਆਉਣ ਮਗਰੋਂ ਸਿੰਘ ਸਾਹਿਬਾਨ ਨੇ ਇਸ ਦਾ ਸਖ਼ਤ ਨੋਟਿਸ ਲਿਆ ਹੈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੁਰਬਚਨ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਦੇ ਮੈਂਬਰ ਦੇ ਪਤਿਤ ਲੜਕੇ ਵੱਲੋਂ ਹੁੱਲੜਬਾਜ਼ੀ ਕੀਤੇ ਜਾਣ ਨਾਲ ਸੰਸਥਾ ਦੀ ਮਰਿਯਾਦਾ ਨੂੰ ਵੀ ਸੱਟ ਵੱਜੀ ਹੈ। ਉਨ੍ਹਾਂ ਆਖਿਆ ਕਿ ਉਹ ਸਿੰਘ ਸਾਹਿਬਾਨ ਦੀ ਅਗਲੀ ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਪਰਿਵਾਰਾਂ ਦੇ ਪਤਿਤਪੁਣੇ ਦਾ ਮਾਮਲਾ ਵਿਚਾਰਨਗੇ। ਤਖਤ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਦਾ ਕਹਿਣਾ ਸੀ ਕਿ ਇਸ ਤਰ੍ਹਾਂ ਦੇ ਮਾਮਲੇ ਸਾਹਮਣੇ ਆਉਣ ਨਾਲ ਸ਼੍ਰੋਮਣੀ ਕਮੇਟੀ ਨੂੰ ਵੀ ਢਾਹ ਲੱਗਦੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਕਿਹਾ ਕਿ ਬਠਿੰਡਾ ਦੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਦੇ ਲੜਕੇ ਦੇ ਮਾਮਲੇ ਦਾ ਪਤਾ ਲੱਗਾ ਹੈ, ਪਰ ਉਹ ਇਸ ਮਾਮਲੇ ’ਚ ਕੀ ਕਰ ਸਕਦੇ ਹਨ। ਸੁਆਲ ਤਾਂ ਹੁਣ ਇਹ ਹੈ ਜਦੋਂ ਸੁਖਬੀਰ ਬਾਦਲ ਹੀ ਇਸ ਜਥੇਦਾਰ ਦੇ ਕਾਕੇ ਦੀ ਹਮਾਇਤ ’ਤੇ ਆ ਗਏ ਹਨ ਤਾਂ ਸਿੰਘ ਸਾਹਿਬਾਨਾਂ ਦੀ ਕੀ ਬੁੱਕਤ ਕਿ ਉਹ ਇਸ ਬਾਰੇ ਕੋਈ ਕਾਰਵਾਈ ਵੀ ਕਰ ਜਾਣ।

ਭਾਵੇਂ ਏ.ਐਸ.ਪੀ. ਦਾ ਤਬਾਦਲਾ ਕਰ ਦਿੱਤਾ ਗਿਆ ਹੈ ਪਰ ਜਿੰਨ੍ਹਾਂ ਸਮਾਂ ਦੋਸ਼ੀ ਮੁਲਾਜ਼ਮਾਂ ਖ਼ਿਲਾਫ਼ ਪੁਲੀਸ ਕੇਸ ਦਰਜ ਨਹੀਂ ਹੁੰਦਾ, ਓਨਾ ਸਮਾਂ ਉਹ ਇਨਸਾਫ ਲਈ ਜੱਦੋਜਹਿਦ ਜਾਰੀ ਰੱਖਣਗੇ। ਦੂਜੇ ਪਾਸੇ ਐਸ.ਐਸ.ਪੀ. ਰਵਚਰਨ ਸਿੰਘ ਬਰਾੜ ਨੇ ਇਸ ਨੂੰ ਰੁਟੀਨ ਦਾ ਤਬਾਦਲਾ ਦੱਸਿਆ ਹੈ। ਸੂਤਰਾਂ ਅਨੁਸਾਰ ਪ੍ਰਭਜੋਤ ਮਾਮਲੇ ਵਿੱਚ ਅਕਾਲੀ ਆਗੂ ਬਠਿੰਡਾ ਪੁਲੀਸ ਨੂੰ ਘੇਰਨ ਵਿੱਚ ਸਫਲ ਹੋ ਗਏ ਹਨ ਜਿਸ ਕਰਕੇ ਬਠਿੰਡਾ ਪੁਲੀਸ ਦੇ ਅਫਸਰ ਅੰਦਰੋਂ-ਅੰਦਰੀ ਕਾਫ਼ੀ ਨਿਰਾਸ਼ ਹਨ। ਸੂਤਰਾਂ ਦਾ ਕਹਿਣਾ ਹੈ ਕਿ ਅਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਉਪ ਮੁੱਖ ਮੰਤਰੀ ਨੇ ਪੁਲੀਸ ਅਫਸਰਾਂ ਦੀ ਥਾਂ ਅਕਾਲੀ ਨੇਤਾਵਾਂ ਨੂੰ ਤਰਜੀਹ ਦਿੱਤੀ ਹੈ।

# ਸ਼ਿਵਾਲੀ ਦੀ ਆਤਮ-ਹੱਤਿਆ ਲਈ ਮਹਿਲਾ ਇੰਸਪੈਕਟਰ ਤੇ ਪੱਤਰਕਾਰ ਦੋਸ਼ੀ



ਜਲੰਧਰ-ਆਪਣੀ ਫੋਟੋ ਅਖ਼ਬਾਰ ਵਿੱਚ ਛਪ ਜਾਣ ਦੇ ਡਰ ਤੋਂ ਗੱਡੀ ਹੇਠ ਆ ਕੇ ਆਤਮਹੱਤਿਆ ਕਰਨ ਵਾਲੀ ਸ਼ਿਵਾਲੀ ਦੇ ਮਾਮਲੇ ਵਿੱਚ ਪੁਲੀਸ ਨੇ ਅਦਾਲਤ ’ਚ ਚਲਾਨ ਪੇਸ਼ ਕਰ ਦਿੱਤਾ ਹੈ। ਪੁਲੀਸ ਵੱਲੋਂ ਪੇਸ਼ ਕੀਤੇ ਗਏ ਚਲਾਨ ਵਿੱਚ ਮਹਿਲਾ ਇੰਸਪੈਕਟਰ ਬਲਵਿੰਦਰ ਕੌਰ ਨੂੰ ਹੀ ਮੁੱਖ ਦੋਸ਼ੀ ਬਣਾਇਆ ਗਿਆ ਹੈ। ਸ਼ਿਵਾਲੀ ਮਾਮਲੇ ’ਚ ਪੁਲੀਸ ਨੇ ਦੋ ਮੀਡੀਆ ਕਰਮੀਆਂ ਨੂੰ ਵੀ ਸਹਿ-ਦੋਸ਼ੀ ਮੰਨਿਆ ਹੈ।


ਜੁਡੀਸ਼ੀਅਲ ਮੈਜਿਸਟਰੇਟ ਪੁਸ਼ਪਿੰਦਰ ਸਿੰਘ ਦੀ ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 29 ਜਨਵਰੀ ’ਤੇ ਪਾਈ ਹੈ। ਇਸ ਮਾਮਲੇ ਦੀ ਜਾਂਚ ਆਈ.ਜੀ. ਗੁਰਪ੍ਰੀਤ ਦਿਓ ਵੱਲੋਂ ਕੀਤੀ ਗਈ ਹੈ। ਇਸ ਜਾਂਚ ਰਿਪੋਰਟ ਦੇ ਆਧਾਰ ’ਤੇ ਹੀ ਚਲਾਨ ਪੇਸ਼ ਕੀਤਾ ਹੈ।

ਜ਼ਿਕਰਯੋਗ ਹੈ ਕਿ ਐਸ.ਡੀ. ਕਾਲਜ ’ਚ ਪੜ੍ਹਦੀ ਸ਼ਿਵਾਲੀ ਨਾਂ ਦੀ ਲੜਕੀ ਜਦੋਂ ਆਪਣੇ ਦੋਸਤ ਨਾਲ ਜਾ ਰਹੀ ਸੀ, ਤਾਂ ਰਸਤੇ ’ਚ ਉਨ੍ਹਾਂ ਦੀ ਕਾਰ ਕਿਸੇ ਹੋਰ ਕਾਰ ਨਾਲ ਟਕਰਾ ਗਈ। ਇਸ ਟੱਕਰ ਦੌਰਾਨ ਉਥੇ ਮਹਿਲਾ ਇੰਸਪੈਕਟਰ ਬਲਵਿੰਦਰ ਕੌਰ ਆਪਣੀ ਟਰੈਫਿਕ ਪੁਲੀਸ ਟੀਮ ਨਾਲ ਪਹੁੰਚ ਗਈ ਤੇ ਥੋੜ੍ਹੇ ਸਮੇਂ ਬਾਅਦ ਹੀ ਉਥੇ ਪ੍ਰੈਸ ਫੋਟੋਗ੍ਰਾਫਰ ਵੀ ਪਹੁੰਚ ਗਏ। ਪ੍ਰੈਸ ਫੋਟੋਗ੍ਰਾਫਰਾਂ ਨੂੰ ਦੇਖ ਕੇ ਸ਼ਿਵਾਲੀ ਘਬਰਾ ਗਈ ਤੇ ਉਹ ਵਾਰ-ਵਾਰ ਇਹ ਤਰਲਾ ਕਰਦੀ ਰਹੀ ਕਿ ਉਸ ਦੀਆਂ ਫੋਟੋ ਨਾ ਖਿੱਚੀਆਂ ਜਾਣ, ਨਹੀਂ ਤਾਂ ਉਹ ਖੁਦਕੁਸ਼ੀ ਕਰ ਲਵੇਗੀ। ਉਦੋਂ ਸ਼ਿਵਾਲੀ ਦੀਆਂ ਗੱਲਾਂ ਵੱਲ ਕਿਸੇ ਨੇ ਧਿਆਨ ਨਾ ਦਿੱਤਾ, ਪਰ ਥੋੜ੍ਹੇ ਸਮੇਂ ਬਾਅਦ ਹੀ ਸ਼ਿਵਾਲੀ ਨੇ ਰੇਲਗੱਡੀ ਅੱਗੇ ਛਾਲ ਮਾਰ ਕੇ ਜਾਨ ਦੇ ਦਿੱਤੀ। ਇਸ ਮਾਮਲੇ ਦੀ ਜਾਂਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਈ.ਜੀ. ਗੁਰਪ੍ਰੀਤ ਦਿਓ ਨੂੰ ਸੌਂਪ ਦਿੱਤੀ ਸੀ। ਇਸ ਜਾਂਚ ਰਿਪੋਰਟ ਵਿੱਚ ਕਰੀਬ 20 ਵਿਅਕਤੀਆਂ ਦੇ ਬਿਆਨ ਕਲਮਬੰਦ ਕੀਤੇ ਗਏ ਸਨ।

ਇਸ ਦੇ ਬਾਵਜੂਦ ਵੀ ਪੁਲੀਸ ਨੂੰ ਚਲਾਨ ਪੇਸ਼ ਕਰਨ ਵਿੱਚ ਪੰਜ ਮਹੀਨਿਆਂ ਦਾ ਸਮਾਂ ਲੱਗ ਗਿਆ।

# ਟਕਸਾਲ ਤੇ ਅਖੰਡ ਕੀਰਤਨੀ ਜਥੇ ਦੀ ਏਕਤਾ ਦੀ ਅਖੰਡ ਕੀਰਤਨੀ ਜੱਥੇ ਭਾਰਤ ਵੱਲੋਂ ਸ਼ਲਾਘਾ

ਅੰਮ੍ਰਿਤਸਰ-ਅਖੰਡ ਕੀਰਤਨੀ ਜਥੇ ਦੀ ਗਿਆਰਾਂ ਮੈਂਬਰੀ ਕਾਰਜਕਾਰਨੀ ਕਮੇਟੀ ਨੇ ਦਮਦਮੀ ਟਕਸਾਲ ਸੰਗਰਾਵਾਂ ਤੇ ਅਖੰਡ ਕੀਰਤਨੀ ਜਥਾ ਯੂ.ਕੇ. ਵੱਲੋਂ ਪੰਥਕ ਏਕਤਾ ਦੇ ਲਏ ਫ਼ੈਸਲੇ ਦੀ ਪ੍ਰੋੜਤਾ ਕਰਦਿਆਂ, ਇਸ ਨੂੰ ਵਡੇਰੇ ਪੰਥਕ ਹਿੱਤਾਂ ਤੇ ਸਿੱਖੀ ਪ੍ਰਚਾਰ-ਪ੍ਰਸਾਰ ਲਈ ਅਹਿਮ ਪਹਿਲਕਦਮੀ ਕਰਾਰ ਦਿੱਤਾ ਹੈ।



ਜਥੇਦਾਰ ਬਖ਼ਸ਼ੀਸ਼ ਸਿੰਘ

ਅਖੰਡ ਕੀਰਤਨੀ ਜਥੇ ਦੇ ਮੁੱਖ ਕੇਂਦਰ ‘ਰੰਗਲੇ ਸੱਜਣ ਮੈਮੋਰੀਅਲ ਚੈਰੀਟੇਬਲ ਟਰੱਸਟ’ ਵਿਖੇ ਜਥੇਦਾਰ ਬਖ਼ਸ਼ੀਸ਼ ਸਿੰਘ ਦੀ ਅਗਵਾਈ ਹੇਠ ਗਿਆਰਾਂ ਮੈਂਬਰੀ ਕਮੇਟੀ ਦੀ ਇਕੱਤਰਤਾ ’ਚ ਪਿਛਲੇ ਦਿਨੀਂ ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਦਮਦਮੀ ਟਕਸਾਲ ਸੰਗਰਾਵਾਂ ਦੇ ਮੁਖੀ ਗਿਆਨੀ ਰਾਮ ਸਿੰਘ ਦੇ ਨਾਲ ‘ਪੰਥਕ ਏਕਤਾ’ ਦੇ ਕੀਤੇ ਗਏ ਫ਼ੈਸਲੇ ਨੂੰ ਸਰਬਸੰਮਤੀ ਨਾਲ ਸਹਿਮਤੀ ਦੇ ਦਿੱਤੀ ਗਈ। ਜਥੇ ਦੇ ਬੁਲਾਰੇ ਭਾਈ ਆਰ.ਪੀ. ਸਿੰਘ ਨੇ ਇਕ ਬਿਆਨ ਰਾਹੀਂ ਦੱਸਿਆ ਕਿ ਕੁਝ ਕੁ ਵਿਚਾਰਧਾਰਕ ਮੱਤਭੇਦਾਂ ਦੇ ਬਾਵਜੂਦ ਦੋਵੇਂ ਜਥੇਬੰਦੀਆਂ ਸ਼ੁਰੂ ਤੋਂ ਹੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ, ਸਿੱਖੀ ਪ੍ਰਚਾਰ-ਪ੍ਰਸਾਰ ਤੇ ਪੰਥਕ ਹਿੱਤਾਂ ਲਈ ਇਕਜੁੱਟ ਰਹੀਆਂ ਹਨ। 13 ਅਪਰੈਲ 1978 ਦੀ ਵਿਸਾਖੀ ਵਾਲੇ ਦਿਨ ਵੀ ਵਾਪਰੀ ਘਟਨਾ ’ਚ ਦੋਵਾਂ ਜਥੇਬੰਦੀਆਂ ਦੇ 13 ਸਿੰਘਾਂ ਨੇ ਸ਼ਹੀਦੀਆਂ ਪਾਈਆਂ ਸਨ। ਇਸ ਮੀਟਿੰਗ ’ਚ ਜਥੇਦਾਰ ਬਖ਼ਸ਼ੀਸ਼ ਸਿੰਘ ਤੋਂ ਇਲਾਵਾ ਆਰ.ਪੀ. ਸਿੰਘ, ਨਿਰਮਲਬੀਰ ਸਿੰਘ, ਡਾ. ਅਰਜਨ ਸਿੰਘ ਫਗਵਾੜਾ, ਪਰਨਾਮ ਸਿੰਘ, ਜੋਗਾ ਸਿੰਘ ਤੇ ਸਤਨਾਮ ਸਿੰਘ ਫਗਵਾੜਾ ਹਾਜ਼ਰ ਸਨ।

ਯਾਦ ਰਹੇ ਕਿ ਲੰਘੀ 6 ਜਨਵਰੀ ਨੂੰ ਇੰਗਲੈਂਡ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ ਦਮਦਮੀ ਟਕਸਾਲ ਸੰਗਰਾਵਾਂ ਦੇ ਮੁਖੀ ਗਿਆਨੀ ਰਾਮ ਸਿੰਘ ਤੇ ਅਖੰਡ ਕੀਰਤਨੀ ਜਥਾ ਯੂ.ਕੇ. ਦੇ ਮੀਤ ਜਥੇਦਾਰ ਮਲਕੀਤ ਸਿੰਘ, ਜਨਰਲ ਸਕੱਤਰ ਰਜਿੰਦਰ ਸਿੰਘ, ਭਾਈ ਜੋਗਿੰਦਰ ਸਿੰਘ ਤੇ ਭਾਈ ਜੋਗਾ ਸਿੰਘ ਵਿਚਾਲੇ ਅਹਿਮ ਇਕੱਤਰਤਾ ਹੋਈ ਸੀ, ਜਿਸ ਦੌਰਾਨ ਉਨ੍ਹਾਂ ਆਪਸੀ ਮਤਭੇਦਾਂ, ਜਿਨ੍ਹਾਂ ਬਾਰੇ ਪੰਥ ’ਚ ਅਜੇ ਤੱਕ ਕੋਈ ਇਕ ਸਹਿਮਤੀ ਨਹੀਂ ਬਣੀ, ਨੂੰ ਪਾਸੇ ਕਰਦਿਆਂ ਸਿੱਖ ਕੌਮ ਦੇ ਵਡੇਰੇ ਹਿੱਤਾਂ ਲਈ ਸਾਂਝਾ ਪੰਥਕ ਪ੍ਰੋਗਰਾਮ ਉਲੀਕਣ ਦਾ ਅਹਿਮ ਫ਼ੈਸਲਾ ਕੀਤਾ ਗਿਆ ਸੀ।

# ਪਾਣੀ ਦੀ ਕਮੀ ਕਾਰਨ ਪੰਜਾਬ ਬਣਨ ਲੱਗਾ ਮਾਰੂਥਲ

## ✪ ਪੰਜਾਬ ਦੇ ਸਨਅਤੀਕਰਨ 'ਚ ਖੜਾ ਹੋਇਆ ਅੜਿੱਕਾ

ਚੰਡੀਗੜ੍ਹ-ਪਾਣੀ ਸੰਕਟ ਦਾ ਹੱਲ ਕੱਢਣ ਲਈ ਮੁੱਖ ਮੰਤਰੀ ਦੇ ਘਰ ਪਿਛਲੇ ਦਿਨੀਂ ਵੱਖ-ਵੱਖ ਵਿਭਾਗਾਂ ਦੇ ਉੱਚ ਅਧਿਕਾਰੀ ਇਕੱਠੇ ਹੋਏ, ਪਰ ਉਹ ਸਮੱਸਿਆ ਦਾ ਹੱਲ ਕੱਢਣ 'ਚ ਅਸਫਲ ਰਹੇ। ਰਾਜ ਦੇ 141 'ਚੋਂ 45 ਬਲਾਕ ਅਜਿਹੇ ਹਨ, ਜਿੱਥੇ ਪਾਣੀ ਪੱਧਰ ਕਾਫ਼ੀ ਹੇਠਾਂ ਚਲਾ ਗਿਆ ਹੈ ਅਤੇ ਤੇ ਪੰਜਾਬ ਹੁਣ ਮਾਰੂਥਲ ਬਣਨ ਦੇ ਰਾਹੇ ਪੈ ਗਿਆ ਹੈ। ਪਾਣੀ ਦੀ ਘਾਟ ਕਾਰਨ ਸਨਅੱਤੀਕਰਨ ਦੇ ਰਾਹ 'ਚ ਵੀ ਅੜਿੱਕਾ ਖੜਾ ਹੋ ਗਿਆ ਹੈ। ਰਾਕਮੈਨ ਇੰਡੀਆ ਲਿਮਟਿਡ ਨੇ ਲੁਧਿਆਣਾ ਦੇ ਫੋਕਲ ਪੁਆਇੰਟ ਅੱਠ ਮੰਗਲੀ 'ਚ ਆਟੋ ਚੇਨ ਦਾ ਪਲਾਂਟ ਲਗਾਉਣਾ ਸੀ, ਜਿਸ 'ਤੇ 100 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾਣਾ ਸੀ। ਕੰਪਨੀ ਨੇ ਈਟੀਪੀ ਅਤੇ ਐਸਟੀਪੀ ਸਥਾਪਿਤ ਕਰਨ ਦਾ ਭਰੋਸਾ ਦਿੰਦਿਆਂ ਕਿਹਾ ਕਿ ਪਲਾਂਟ ਲਈ ਜਿੰਨ੍ਹੀ ਵੀ ਪਾਣੀ ਦੀ ਲੋੜ ਹੋਵੇਗੀ, ਉਸ ਦਾ ਅੱਧਾ ਪਾਣੀ ਸਾਫ਼ ਕਰਕੇ ਰੀਸਾਈਕਲ ਕਰਕੇ ਵਰਤਿਆ ਜਾਵੇਗਾ।

ਏਬੀ ਆਈਐਨ ਬ੍ਰੇਵਰੀਜ਼ ਪ੍ਰਾਈਵੇਟ ਲਿ. ਨੇ ਡੇਰਾਬੱਸੀ 'ਚ ਬੀਅਰ ਦਾ ਪਲਾਂਟ ਲਗਾਉਣ ਦਾ ਮਨ ਬਣਾਇਆ, ਜਿਸ 'ਤੇ 300 ਕਰੋੜ ਰੁਪਏ ਖ਼ਰਚ ਆਉਣਾ ਹੈ। ਪਹਿਲਾਂ 2008 'ਚ ਇਹ ਪਲਾਂਟ ਪਠਾਨਕੋਟ 'ਚ ਲਗਾਇਆ ਜਾਣਾ ਸੀ, ਪਰ ਬਾਅਦ 'ਚ ਇਸ ਨੂੰ ਡੇਰਾਬੱਸੀ 'ਚ ਲਗਾਉਣ ਦਿੱਤਾ ਗਿਆ, ਪਰ ਇੱਥੇ ਪਾਣੀ ਦੀ ਘਾਟ ਕਾਰਨ ਇਸ ਨੂੰ ਲਗਾਉਣ ਤੋਂ ਇਨਕਾਰ ਕਰ ਦਿੱਤਾ ਗਿਆ। ਕੰਪਨੀ ਅਨੁਸਾਰ ਲੱਗਭਗ 500 ਕੇ.ਐੱਲ. ਪ੍ਰਤੀਦਿਨ ਪਾਣੀ ਦੀ ਲੋੜ ਹੈ, ਜੋ ਡੇਰਾਬੱਸੀ ਬਲਾਕ 'ਚ ਕੱਢਣ ਦੀ ਹੁਣ ਇਜਾਜ਼ਤ ਨਹੀਂ ਹੈ।


### ਕੇਂਦਰ ਦਾ ਨੁਸਖ਼ਾ

ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾਣ ਤੋਂ ਚਿੰਤਤ ਕੇਂਦਰ ਪੰਜਾਬ ਸਰਕਾਰ ਨੂੰ ਵਾਟਰ ਰੈਗੂਲੇਟਰੀ ਅਥਾਰਿਟੀ ਸਥਾਪਿਤ ਕਰਨ 'ਤੇ ਜ਼ੋਰ ਦੇ ਰਿਹਾ ਹੈ। ਇਸ ਲਈ ਰਾਜ ਨੂੰ ਕਾਨੂੰਨ ਬਣਾਉਣਾ ਪਵੇਗਾ। ਇਹ ਅਥਾਰਿਟੀ ਸਥਾਪਿਤ ਹੋਣ ਨਾਲ ਘਰੇਲੂ, ਖੇਤੀਬਾੜੀ, ਇੰਡਸਟਰੀ ਤੇ ਹੋਰ ਖੇਤਰਾਂ 'ਚ ਖ਼ਪਤ ਹੋਣ ਵਾਲੇ ਪਾਣੀ 'ਤੇ ਟੈਕਸ ਲੱਗੇਗਾ। ਪਰ ਮੁੱਖ ਮੰਤਰੀ ਬਾਦਲ ਰੈਗੂਲੇਟਰੀ ਸਥਾਪਿਤ ਕਰਨ ਦੇ ਖ਼ਿਲਾਫ਼ ਹਨ, ਕਿਉਂਕਿ ਫਿਰ ਕਿਸਾਨਾਂ ਨੂੰ ਵੀ ਬਿੱਲ ਦੇਣਾ ਪਵੇਗਾ, ਜਿਨ੍ਹਾਂ ਨੂੰ ਮੁਫ਼ਤ ਪਾਣੀ ਮਿਲ ਰਿਹਾ ਹੈ।

### ਮੁੱਖ ਮੰਤਰੀ ਦੀ ਦਲੀਲ

ਮੁੱਖ ਮੰਤਰੀ ਬਾਦਲ ਨੇ ਝੋਨੇ ਦੀਆਂ ਬਦਲਵੀਆਂ ਫਸਲਾਂ ਉਗਾਉਣ ਲਈ ਕੇਂਦਰ ਤੋਂ 5000 ਕਰੋੜ ਦੀ ਮੰਗ ਕੀਤੀ ਹੈ ਪਰ ਕੇਂਦਰ ਨੇ ਅਜੇ ਤੱਕ ਇਸ ਵੱਲ ਕੋਈ ਇਸ਼ਾਰਾ ਨਹੀਂ ਕੀਤਾ। ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੇ ਪੰਜਾਬ ਦੇ ਕਿਸਾਨਾਂ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਝੋਨੇ ਨੂੰ ਹੌਲੀ-ਹੌਲੀ ਘੱਟ ਕਰ ਦੇਣ, ਕਿਉਂਕਿ ਅੱਗੇ ਤੋਂ ਪੰਜਾਬ 'ਚੋਂ ਝੋਨੇ ਤੇ ਕਣਕ ਨੂੰ ਖ਼ਰੀਦਣਾ ਘੱਟ ਕੀਤਾ ਜਾਵੇਗਾ, ਪਰ ਬਾਦਲ ਦਾ ਸਵਾਲ ਇਹ ਹੈ ਕਿ ਅੰਨ ਭੰਡਾਰਾਂ ਦੀ ਸੁਰੱਖਿਆ ਲਈ ਪੰਜਾਬ ਨੇ ਜੋ ਆਪਣਾ ਪਾਣੀ ਖ਼ਤਮ ਕਰ ਲਿਆ ਹੈ, ਉਸ ਨੂੰ ਰਿਵਾਈਵ ਕਰਨ ਲਈ ਪੰਜਾਬ ਨੂੰ ਕੀ ਮੁਆਵਜ਼ਾ ਮਿਲੇਗਾ।

# ਅਕਾਲੀ ਦਲ (ਅੰਮ੍ਰਿਤਸਰ) ਨੇ 16 ਮਤੇ ਪਾਸ ਕੀਤੇ


ਸ: ਸਿਮਰਨਜੀਤ ਸਿੰਘ ਮਾਨ

ਮੁਕਤਸਰ ਸਾਹਿਬ-ਮੇਲਾ ਮਾਘੀ ਦੌਰਾਨ ਅਕਾਲੀ ਦਲ (ਅੰਮ੍ਰਿਤਸਰ) ਨੇ ਆਪਣੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਕਾਨਫਰੰਸ ਕੀਤੀ ਜਿਸ ਦੌਰਾਨ ਕੋਸੋਵੋ ਦੀ ਤਰ੍ਹਾਂ ਬਿਨਾਂ ਕਿਸੇ ਖੂਨ ਖਰਾਬੇ ਅਤੇ ਨੁਕਸਾਨ ਤੋਂ ਖਾਲਿਸਤਾਨ ਹੋਂਦ ਚ ਲਿਆਉਣ, ਸਿੱਖ ਵਸੋਂ ਵਾਲੇ ਇਲਾਕੇ ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ, ਚੰਡੀਗੜ੍ਹ, ਜੰਮੂ ਕਸ਼ਮੀਰ ਤੇ ਲੇਹ ਲਦਾਖ ਨੂੰ ਫਲਾਈ ਜ਼ੋਨ ਐਲਾਨਣ, ਅਮਰੀਕਾ ਨੂੰ ਇਸਲਾਮ ਨਾਲ ਦੁਸ਼ਮਣੀ ਬੰਦ ਕਰਕੇ ਡਰੋਨ ਹਮਲੇ ਰੋਕਣ, ਅਮਰੀਕਾ ਦੇ ਵਾਸ਼ਿੰਗਟਨ ਸਥਿਤ ਅਮਰੀਕੀ ਵਿਦੇਸ਼ ਵਿਭਾਗ ਵਿਖੇ ਅਤੇ ਅਮਰੀਕਾ ਦੇ ਸਮੁੱਚੇ ਸਫ਼ਾਰਤਖਾਨਿਆਂ ਵਿਖੇ ਪੱਕੇ ਤੌਰ ਸਿੱਖ ਡੈਸਕ ਕਾਇਮ ਕਰਨ, ਪੰਜਾਬ ਵਿੱਚ ਅਖੌਤੀ ਸਰਕਾਰੀ ਸਰਪ੍ਰਸਤੀ ਵਾਲੇ ਡੇਰੇਦਾਰਾਂ ਵੱਲੋਂ ਗੁਰੂ-ਘਰਾਂ ਤੇ ਸਿੱਖਾਂ ਵਿਰੁੱਧ ਯੋਜਨਾਬੱਧ ਢੰਗ ਨਾਲ ਹੋ ਰਹੀਆਂ ਸਾਜਿਸ਼ਾਂ ਨੂੰ ਬੰਦ ਕਰਨ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਅਤੇ ਅਕਾਲੀ ਦਲ ਦੇ ਐਸ ਓ ਆਈ ਵੱਲੋਂ ਕੀਤੀਆਂ ਜਾਂਦੀਆਂ ਕਥਿਤ ਵਧੀਕੀਆਂ ਰੋਕਣ, ਪੰਜਾਬ ਵਿਚ ਕਾਨੂੰਨ ਵਿਵਸਥਾ ਦੇ ਫੇਲ੍ਹ ਹੋ ਜਾਣ ਕਾਰਨ ਰਾਜਪਾਲ ਵੱਲੋਂ ਵਿਧਾਨਿਕ ਜ਼ਿੰਮੇਵਾਰੀਆਂ ਨਿਭਾਉਣ, ਸਮੂਹ ਧਰਮ ਤੇ ਕੌਮਾਂ ਨੂੰ ਬਰਾਬਰ ਦਾ ਸਤਿਕਾਰ ਦੇਣ, ਖਾਲਿਸਤਾਨ ਰਾਜ ਚ ਹਰ ਨਾਗਰਿਕ ਲਈ ਕੁੱਲੀ - ਗੁੱਲੀ- ਜੁੱਲੀ ਦੇਣ, ਸਿੱਖਿਆ ਤੇ ਸਿਹਤ ਸਹੂਲਤਾਂ ਲਾਜ਼ਮੀ ਕਰਾਰ ਦੇਣ, ਨਸ਼ੇ ਰੋਕਣ, ਸਰਹੱਦਾਂ ਦੀਆਂ ਬਨਾਵਟੀ ਰੁਕਾਵਟਾਂ ਹਟਾਉਣ, ਫਾਂਸੀ ਦੀ ਸਜ਼ਾ ਖਤਮ ਕਰਕੇ 130 ਮੁਲਕਾਂ ਵੱਲੋਂ ਵਿੱਢੀ ਗਈ ਮਨੁੱਖਤਾ ਪੱਖੀ ਮੁਹਿੰਮ ਲਾਗੂ ਕਰਨ, ਫ਼ੌਜੀ ਦਾ ਸਿਰ ਕਲਮ ਕਰਨ ਦੇ ਮਾਮਲੇ ਦੀ ਯੂ ਐਨ ਓ ਤੋਂ ਜਾਂਚ ਕਰਾਉਣ ਅਤੇ ਨਿਊਕਲੀਅਰ ਹਥਿਆਰਾਂ ਵਿਰੁੱਧ ਮੁਹਿੰਮ ਵਿੱਢਣ ਸਬੰਧੀ ਮਤੇ ਪਾਸ ਕੀਤੇ ਗਏ। ਇਸ ਮੌਕੇ ਧਿਆਨ ਸਿੰਘ ਮੰਡ ਸਾਬਕਾ ਐਮ ਪੀ, ਸੰਤ ਬਾਬਾ ਸੁਰਿੰਦਰ ਹਰੀ ਸਿੰਘ ਸਰਾਏਨਾਗਾ ਵਾਲੇ, ਜਸਕਰਨ ਸਿੰਘ ਕਾਹਨ ਸਿੰਘ ਵਾਲਾ ਸਣੇ ਹੋਰ ਆਗੂ ਮੌਜੂਦ ਸਨ।

# ਗੈਂਗਰੇਪ ਮਾਮਲੇ 'ਚ ਦਿੱਲੀ ਪੁਲੀਸ ਨੇ ਮੰਗੀ ਬਿਨਾਂ ਸ਼ਰਤ ਮਾਫ਼ੀ

ਨਵੀਂ ਦਿੱਲੀ-ਗੈਂਗਰੇਪ ਮਾਮਲੇ 'ਚ ਹਾਈ ਕੋਰਟ ਦੀ ਫਟਕਾਰ ਤੋਂ ਬਾਅਦ ਦਿੱਲੀ ਪੁਲੀਸ ਨੇ ਬਿਨਾਂ ਸ਼ਰਤ ਮਾਫ਼ੀ ਮੰਗ ਲਈ ਹੈ। ਉਸ ਨੇ ਅਦਾਲਤ ਨੂੰ ਪੀਸੀਆਰ ਵੈਨ ਦੇ ਪੁਲੀਸ ਕਰਮਚਾਰੀਆਂ ਦੇ ਨਾਂ ਵੀ ਦੱਸ ਦਿੱਤੇ, ਜੋ ਘਟਨਾ ਦੌਰਾਨ ਤਾਇਨਾਤ ਸਨ। ਉੱਧਰ, ਕੋਰਟ ਦੀ ਪੁਲੀਸ ਅਧਿਕਾਰੀ ਤੇ ਡੀਸੀਪੀ ਨੂੰ ਸਸਪੈਂਡ ਕਰਨ ਦੀ ਟਿੱਪਣੀ ਤੋਂ ਬਾਅਦ ਕੇਂਦਰ ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਦੋਸ਼ੀ ਪੁਲੀਸ ਕਰਮਚਾਰੀਆਂ ਦਾ ਪਤਾ ਲਗਾਉਣ ਦੀ ਜਾਂਚ ਲਈ ਕਮੇਟੀ ਬਣਾ ਦਿੱਤੀ ਗਈ ਹੈ।

# ਗੁਰੂ ਰਵਿਦਾਸ ਆਯੁਰਵੈਦਿਕ ਯੂਨੀਵਰਸਿਟੀ ਦੀ ਉਸਾਰੀ ਲਈ ਭੂਮੀ ਪੂਜਨ



ਹੁਸ਼ਿਆਰਪੁਰ-ਗੁਰੂ ਰਵਿਦਾਸ ਆਯੁਰਵੈਦ ਯੂਨੀਵਰਸਿਟੀ ਦੀ ਇਮਾਰਤ ਦੀ ਉਸਾਰੀ 'ਤੇ 64 ਕਰੋੜ ਰੁਪਏ ਖਰਚ ਕੀਤੇ ਜਾਣਗੇ ਅਤੇ ਯੂਨੀਵਰਸਿਟੀ ਦੇ ਪ੍ਰਬੰਧਕੀ ਬਲਾਕ ਦੀ ਉਸਾਰੀ ਲਈ 15.40 ਕਰੋੜ ਰੁਪਏ ਦੀ ਪਹਿਲੀ ਕਿਸ਼ਤ ਜਾਰੀ ਕੀਤੀ ਜਾ ਚੁੱਕੀ ਹੈ ਜਿਸ ਦੀ ਉਸਾਰੀ ਦਾ ਕੰਮ ਜੰਗੀ ਪੱਧਰ 'ਤੇ ਕੀਤਾ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਥਾਨਕ ਸਰਕਾਰਾਂ, ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਚੁੰਨੀ ਲਾਲ ਭਗਤ ਨੇ ਪਿੰਡ ਖੜਕਾਂ ਵਿਖੇ ਗੁਰੂ ਰਵਿਦਾਸ ਆਯੁਰਵੈਦ ਯੂਨੀਵਰਸਿਟੀ ਦੇ ਪ੍ਰਬੰਧਕੀ ਬਲਾਕ ਦੀ ਉਸਾਰੀ ਲਈ ਕੀਤੇ ਗਏ ਭੂਮੀ ਪੂਜਨ ਸਮਾਰੋਹ ਦੇ ਮੌਕੇ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ।

ਭਗਤ ਨੇ ਕਿਹਾ ਕਿ ਇਸ ਯੂਨੀਵਰਸਿਟੀ ਅਧੀਨ ਪੰਜਾਬ ਦੇ 16 ਕਾਲਜ ਲਿਆਂਦੇ ਗਏ ਹਨ ਜਿਨ੍ਹਾਂ ਵਿੱਚ 12 ਕਾਲਜ ਆਯੁਰਵੈਦ ਅਤੇ 4 ਕਾਲਜ ਹੋਮਿਓਪੈਥੀ ਨਾਲ ਸਬੰਧਤ ਹਨ।

# ਅਕਾਲੀ ਸਰਪੰਚ ਤੇ ਪੁੱਤਰ ਨੇ ਦਿਖਾਈ ਦਹਿਸ਼ਤਗਰਦੀ

## ✪ ਰਾਤ ਨੂੰ ਮਕਾਨ 'ਤੇ ਫਾਇਰਿੰਗ ਕਰਕੇ ਔਰਤ ਸਮੇਤ ਦੋ ਜ਼ਖ਼ਮੀ ਕੀਤੇ

ਗੁਰਦਾਸਪੁਰ-ਥਾਣਾ ਧਾਰੀਵਾਲ ਅਧੀਨ ਪੈਂਦੇ ਪਿੰਡ ਡੇਹਰੀਵਾਲ ਦਰੋਗਾ ਦੇ ਸਰਪੰਚ ਤੇ ਉਸ ਦੇ ਲੜਕੇ ਵੱਲੋਂ ਕੀਤੀ ਗਈ ਫਾਇਰਿੰਗ ਕਾਰਨ ਇੱਕ ਔਰਤ ਸਮੇਤ ਦੋ ਜਣੇ ਗੰਭੀਰ ਜ਼ਖ਼ਮੀ ਹੋ ਗਏ। ਪਿੰਡ ਡੇਹਰੀਵਾਲ ਵਾਸੀ ਦਿਲਬਾਗ ਸਿੰਘ , ਸੁਖਵਿੰਦਰ ਕੌਰ ਤੇ ਪ੍ਰੀਤਮ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਰਿਸ਼ਤੇਦਾਰ ਬਲਵਿੰਦਰ ਸਿੰਘ ਦਾ ਕਿਸੇ ਗੱਲ ਨੂੰ ਲੈ ਕੇ ਪਿੰਡ ਦੇ ਅਕਾਲੀ ਸਰਪੰਚ ਜੋਗਿੰਦਰ ਸਿੰਘ ਦੇ ਲੜਕੇ ਹਰਪਾਲ ਸਿੰਘ ਨਾਲ ਝਗੜਾ ਹੋ ਗਿਆ। ਦੋਵਾਂ ਧਿਰਾਂ ਨੇ ਥਾਣਾ ਧਾਰੀਵਾਲ ਵਿਖੇ ਲਿਖਤੀ ਸ਼ਿਕਾਇਤ ਕੀਤੀ। ਮੋਹਤਬਰ ਵਿਅਕਤੀਆਂ ਵੱਲੋਂ ਸੁਲ੍ਹਾ-ਸਫ਼ਾਈ ਕਰਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ। ਇਸ ਸਬੰਧੀ ਪਿੰਡ ਡੇਹਰੀਵਾਲ ਦਰੋਗਾ ਵਿਖੇ ਦੋਵਾਂ ਧਿਰਾਂ ਤੇ ਮੋਹਤਬਰਾਂ ਦੀ ਮੀਟਿੰਗ ਸੀ ਪਰ ਦੇਰ ਸ਼ਾਮ ਤੱਕ ਗੱਲ ਕਿਸੇ ਸਮਝੌਤੇ 'ਤੇ ਨਹੀਂ ਅਪੜੀ। ਉਨ੍ਹਾਂ ਦੱਸਿਆ ਕਿ ਸਰਪੰਚ ਜੋਗਿੰਦਰ ਸਿੰਘ ਨੇ ਆਪਣੇ ਰਿਸ਼ਤੇਦਾਰਾਂ ਤੇ ਨੌਜਵਾਨਾਂ ਦਾ ਵੱਡਾ ਇਕੱਠ ਕੀਤਾ ਹੋਇਆ ਸੀ। ਖ਼ਤਰੇ ਨੂੰ ਭਾਂਪਦਿਆਂ ਉਨ੍ਹਾਂ ਥਾਣਾ ਧਾਰੀਵਾਲ ਦੀ ਪੁਲੀਸ ਨੂੰ ਸੂਚਿਤ ਕਰ ਦਿੱਤਾ। ਰਾਤ ਜਦੋਂ ਆਪਣੇ ਘਰਾਂ ਵਿੱਚ ਸੁੱਤੇ ਪਏ ਸਨ ਤਾਂ ਸਰਪੰਚ ਜੋਗਿੰਦਰ ਸਿੰਘ, ਉਸ ਦਾ ਲੜਕਾ ਹਰਪਾਲ ਸਿੰਘ, ਹਰਪ੍ਰੀਤ ਸਿੰਘ , ਜਗਤਾਰ ਸਿੰਘ , ਸੁਖਦੇਵ ਸਿੰਘ , ਦੀਵਾਨ ਸਿੰਘ ਪਿੰਡ ਭੋਜਰਾਜ ਵੱਡੀ ਗਿਣਤੀ ਸਾਥੀਆਂ ਨਾਲ ਬੰਦੂਕ, ਪਿਸਤੌਲ ਤੇ ਰਵਾਇਤੀ ਹਥਿਆਰਾਂ ਨਾਲ ਲੈਸ ਹੋ ਕੇ ਆਏ ਤੇ ਹਮਲਾ ਕਰ ਦਿੱਤਾ। ਗੋਲੀ ਲੱਗਣ ਕੁਲਵਿੰਦਰ ਸਿੰਘ ਤੇ ਦਲਜੀਤ ਕੌਰ ਪਤਨੀ ਗੰਭੀਰ ਜ਼ਖ਼ਮੀ ਹੋ ਗਏ।

ਥਾਣਾ ਧਾਰੀਵਾਲ ਦੇ ਇੰਚਾਰਜ਼ ਕੁਲਦੀਪ ਸਿੰਘ ਨੇ ਦੱਸਿਆ ਕਿ ਦਲਜੀਤ ਕੌਰ ਬਿਆਨਾਂ 'ਤੇ ਡੇਹਰੀਵਾਲ ਦਰੋਗਾ ਦੇ ਮੌਜੂਦਾ ਸਰਪੰਚ ਜੋਗਿੰਦਰ ਸਿੰਘ ਉਸ ਦੇ ਲੜਕੇ ਹਰਪਾਲ ਸਿੰਘ ਤੋਂ ਇਲਾਵਾ ਪਿੰਡ ਮੁੰਡੀਕਰਾਲ ਵਾਸੀ ਹਰਪ੍ਰੀਤ ਸਿੰਘ, ਠੀਕਰੀਵਾਲ ਵਾਸੀ ਜਗਤਾਰ ਸਿੰਘ ਸੁਖਦੇਵ ਸਿੰਘ ਤੇ ਕੁਝ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰਕੇ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

*ਮਾਮਲਾ ਬਲਾਤਕਾਰਾਂ ਦਾ*

# ਸੁਪਰੀਮ ਕੋਰਟ ਨੇ ਕਿਹਾ 'ਦਿੱਲੀ 'ਚ ਕੋਈ ਵੀ ਸੁਰੱਖਿਅਤ ਨਹੀਂ'

ਨਵੀਂ ਦਿੱਲੀ-ਹਾਲ ਹੀ 'ਚ 23 ਸਾਲਾ ਮੁਟਿਆਰ ਨਾਲ ਵਹਿਸ਼ੀਆਨਾ ਢੰਗ ਨਾਲ ਹੋਏ ਸਮੂਹਿਕ ਬਲਾਤਕਾਰ ਤੇ ਮਗਰੋਂ ਉਸ ਦੀ ਹੱਤਿਆ 'ਤੇ ਗੰਭੀਰ ਫਿਕਰਮੰਦੀ ਜ਼ਾਹਿਰ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਰਾਜਧਾਨੀ 'ਚ ਕੋਈ ਵੀ ਸੁਰੱਖਿਅਤ ਨਹੀਂ ਹੈ, ਕਿਉਂਕਿ ਅਜਿਹੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ।

ਜਸਟਿਸ ਕੇ.ਐਸ. ਰਾਧਾਕ੍ਰਿਸ਼ਨਨ, ਦੀਪਕ ਮਿਸ਼ਰਾ ਤੇ ਆਧਾਰਿਤ ਬੈਂਚ ਨੇ ਕਿਹਾ ਕਿ ਦਿੱਲੀ 'ਚ ਕੋਈ ਸੁਰੱਖਿਅਤ ਨਹੀਂ ਹੈ ਤੇ ਇਹ ਸੁਰੱਖਿਆ ਬਹਾਲ ਹੋਣੀ ਲਾਜ਼ਮੀ ਹੈ। ਬੈਂਚ ਨੇ ਕਿਹਾ ਕਿ 16 ਦਸੰਬਰ ਵਾਲੀ ਘਟਨਾ ਕੋਈ ਇਕ ਹੈ, ਸ਼ਹਿਰ 'ਚ ਅਜਿਹਾ ਕੁਝ ਵਾਰ-ਵਾਰ ਹੋ ਰਿਹਾ ਹੈ।

ਬੈਂਚ ਨੇ ਇਹ ਟਿੱਪਣੀ ਕਾਨੂੰਨ ਦੀ ਪੜ੍ਹਾਈ ਕਰ ਰਹੇ ਇਕ ਵਿਦਿਆਰਥੀ ਵੱਲੋਂ ਪਾਈ ਗਈ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਕੀਤੀ। ਪਟੀਸ਼ਨਰ ਨੇ ਅਦਾਲਤ ਨੂੰ ਬੇਨਤੀ ਕੀਤੀ ਸੀ ਕਿ ਸ਼ਹਿਰ ਨੂੰ ਨਾਗਰਿਕਾਂ ਲਈ ਸੁਰੱਖਿਅਤ ਬਣਾਏ ਜਾਣ ਤੇ ਫ਼ੌਜਦਾਰੀ ਅਪਰਾਧਾਂ ਕਾਰਨ ਲੱਗਦੀਆਂ ਸੱਟਾਂ/ਮਾਨਸਿਕ ਪੀੜਾ ਲਈ ਮੁਆਵਜ਼ੇ ਬਾਰੇ ਬੋਰਡ ਬਣਾਉਣ ਸਬੰਧੀ ਹਦਾਇਤਾਂ ਦਿੱਤੀਆਂ ਜਾਣ ਤੇ ਇਹ ਬੋਰਡ ਬਲਾਤਕਾਰ ਪੀੜਤਾਂ ਨੂੰ ਅਜਿਹੇ ਸੰਤਾਪ ਲਈ ਮੁਆਵਜ਼ਾ ਦਿਵਾਏ।

# ਬੱਸ ਡਰਾਈਵਰ ਤੇ ਉਸ ਦੇ ਸਾਥੀਆਂ ਨੇ ਔਰਤ ਨਾਲ ਕੀਤਾ ਸਮੂਹਿਕ ਬਲਾਤਕਾਰ

**✪ 8 ਘੰਟੇ ਬੱਸ ਘੁੰਮਾਉਂਦੇ ਰਹੇ, ਰਾਤ ਪੈਣ 'ਤੇ ਸਾਥੀਆਂ ਸਮੇਤ ਕੀਤਾ ਬਲਾਤਕਾਰ ✪ 48 ਘੰਟਿਆਂ 'ਚ ਸਾਰੇ ਮੁਲਜ਼ਮ ਪੁਲੀਸ ਨੇ ਕੀਤੇ ਗ੍ਰਿਫ਼ਤਾਰ**



ਗੁਰਦਾਸਪੁਰ-ਪ੍ਰਾਈਵੇਟ ਬੱਸ ਦੇ ਡਰਾਈਵਰ ਅਤੇ ਕੰਡਕਟਰ ਸਮੇਤ ਸੱਤ ਵਿਅਕਤੀਆਂ ਵੱਲੋਂ ਬੀਤੇ ਸ਼ੁੱਕਰਵਾਰ ਦੀ ਰਾਤ ਇੱਕ ਔਰਤ ਨਾਲ ਸਮੂਹਿਕ ਬਲਾਤਕਾਰ ਕਰਨ ਦੇ ਮਾਮਲੇ ਵਿੱਚ ਲੋੜੀਂਦੇ ਸਾਰੇ ਮੁਲਜ਼ਮਾਂ ਨੂੰ ਜ਼ਿਲ੍ਹਾ ਗੁਰਦਾਸਪੁਰ ਦੀ ਪੁਲੀਸ ਨੇ ਪੀੜਤਾ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਹੋਣ ਦੇ 48 ਘੰਟਿਆਂ ਵਿੱਚ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰ ਵਿਅਕਤੀਆਂ 'ਚ ਬੱਸ ਚਾਲਕ ਦਲੇਰ ਸਿੰਘ, ਕੰਡਕਟਰ ਅੰਮ੍ਰਿਤਪਾਲ ਸਿੰਘ, ਪਲਵਿੰਦਰ ਸਿੰਘ, ਜਸਵਿੰਦਰ ਸਿੰਘ, ਜਗਪ੍ਰੀਤ ਸਿੰਘ, ਲਖਵਿੰਦਰ ਸਿੰਘ ਤੇ ਸਰਬਜੀਤ ਸਿੰਘ ਹਨ। ਜ਼ਿਕਰਯੋਗ ਹੈ ਕਿ 29 ਵਰ੍ਹਿਆਂ ਦੀ ਔਰਤ ਵੱਲੋਂ 12 ਜਨਵਰੀ ਨੂੰ ਥਾਣਾ ਕਾਹਨੂੰਵਾਨ ਵਿਖੇ ਦਰਜ ਕਰਵਾਈ ਸ਼ਿਕਾਇਤ ਵਿੱਚ ਦੱਸਿਆ ਗਿਆ ਸੀ ਕਿ 11 ਜਨਵਰੀ ਨੂੰ ਉਹ ਆਪਣੇ ਪੇਕਾ ਪਿੰਡ ਤੋਂ ਸਹੁਰੇ ਪਿੰਡ ਆ ਰਹੀ ਸੀ। ਔਰਤ ਨੂੰ ਬੱਸ 'ਚੋਂ ਉਤਾਰਨ ਦੀ ਬਜਾਏ ਡਰਾਈਵਰ ਦਲੇਰ ਸਿੰਘ ਤੇ ਕੰਡਕਟਰ ਅੰਮ੍ਰਿਤਪਾਲ ਸਿੰਘ ਤਕਰੀਬਨ ਅੱਠ ਘੰਟੇ ਬੱਸ ਘੁੰਮਾਉਂਦੇ ਰਹੇ। ਰਾਤ ਹੋਣ 'ਤੇ ਡਰਾਈਵਰ ਨੇ ਬੱਸ ਸਟੈਂਡ 'ਤੇ ਮੋਟਰਸਾਈਕਲ ਮੰਗਵਾਇਆ ਤੇ ਇੱਕ ਥਾਂ 'ਤੇ ਲਿਜਾ ਕੇ ਖ਼ੁਦ ਤਾਂ ਉਸ ਨਾਲ ਬਲਾਤਕਾਰ ਕੀਤਾ ਹੀ, ਨਾਲ ਹੀ ਉਸ ਨੂੰ ਆਪਣੇ ਸਾਥੀਆਂ ਅੱਗੇ ਵੀ ਹਵਸ ਮਿਟਾਉਣ ਲਈ ਪਰੋਸ ਦਿੱਤਾ। ਔਰਤ ਦੇ ਭਰਾ ਨੇ ਉਸ ਨੂੰ ਤਕਰੀਬਨ 12.30 ਵਜੇ ਗੁਰਦਾਸਪੁਰ ਤੋਂ ਸੰਧੂ ਸਰਵਿਸ ਦੀ ਬੱਸ 'ਚ ਚੜ੍ਹਾਇਆ ਸੀ। ਸੰਧੂ ਸਰਵਿਸ ਦੀ ਬੱਸ ਤਕਰੀਬਨ 2 ਵਜੇ ਪਿੰਡ ਦੇ ਬੱਸ ਸਟੈਂਡ 'ਤੇ ਪਹੁੰਚਣੀ ਸੀ, ਜਿੱਥੇ ਔਰਤ ਨੇ ਉਤਰਨਾ ਸੀ, ਪਰ ਡਰਾਈਵਰ ਨੇ ਔਰਤ ਨੂੰ ਨਹੀਂ ਉਤਾਰਿਆ।

### ਹਮੇਸ਼ਾਂ ਖ਼ੁਦ ਬੱਸ 'ਚ ਬਿਠਾ ਕੇ ਆਉਂਦਾ ਸੀ ਸਹੁਰਾ

ਔਰਤ ਦੇ ਸਹੁਰੇ ਨੇ ਦੱਸਿਆ ਕਿ ਉਸ ਦੀ ਨੂੰਹ ਮਾਨਸਿਕ ਪੱਖੋਂ ਥੋੜ੍ਹੀ ਬਿਮਾਰ ਹੈ। ਇਸ ਲਈ ਜਦੋਂ ਵੀ ਉਹ ਆਪਣੇ ਮਾਪਿਆਂ ਕੋਲ ਜਾਂਦੀ ਸੀ, ਤਾਂ ਉਹ ਉਸ ਨੂੰ ਖ਼ੁਦ ਬੱਸ 'ਚ ਬਿਠਾ ਕੇ ਆਉਂਦਾ ਸੀ। ਦੂਜੇ ਪਾਸੇ ਉਸ ਦਾ ਭਰਾ ਉਸ ਨੂੰ ਘਰ ਲੈ ਜਾਂਦਾ ਸੀ। 10 ਜਨਵਰੀ ਨੂੰ ਉਸ ਦੀ ਨੂੰਹ ਦੇ ਮਾਪਿਆਂ ਘਰ ਯੱਗ ਸੀ, ਇਸ ਕਾਰਨ ਉਹ ਪਠਾਨਕੋਟ ਗਈ। 11 ਜਨਵਰੀ ਨੂੰ ਦੁਪਹਿਰ 12.30 ਵਜੇ ਉਸ ਦੇ ਭਰਾ ਨੇ ਉਸ ਨੂੰ ਬੱਸ 'ਚ ਬਿਠਾ ਕੇ ਮੈਨੂੰ ਫੋਨ ਕਰ ਦਿੱਤਾ। ਇਸੇ ਫੋਨ ਤੋਂ ਬਾਅਦ ਜਦੋਂ ਉਹ ਨੂੰਹ ਨੂੰ ਲੈਣ ਗਿਆ, ਤਾਂ ਉਹ ਉੱਥੇ ਨਹੀਂ ਉਤਰੀ। ਇਸ ਤੋਂ ਬਾਅਦ ਉਸ ਨੇ ਔਰਤ ਨੂੰ ਦੂਜੇ ਬੱਸ ਅੱਡੇ 'ਤੇ ਵੀ ਲੱਭਿਆ, ਪਰ ਨੂੰਹ ਨਹੀਂ ਮਿਲੀ। ਬੀਤੇ ਸ਼ਨੀਵਾਰ ਦੀ ਸਵੇਰੇ ਇਕ ਵਿਅਕਤੀ ਦੇ ਮੋਬਾਈਲ ਤੋਂ ਉਸ ਦੀ ਨੂੰਹ ਨੇ ਫੋਨ ਕੀਤਾ, ਜਿਸ ਤੋਂ ਬਾਅਦ ਉਹ ਉਸ ਨੂੰ ਘਰ ਲੈ ਕੇ ਆਇਆ। ਨੂੰਹ ਨੇ ਆਪਣੇ ਨਾਲ ਹੋਈ ਸਾਰੀ ਘਟਨਾ ਬਾਰੇ ਦੱਸਿਆ।

## ਬਾਦਲ ਵੱਲੋਂ ਚਾਰਜਸ਼ੀਟ 15 ਦਿਨ 'ਚ ਦਾਖ਼ਲ ਕਰਨ ਦੇ ਆਦੇਸ਼

ਚੰਡੀਗੜ੍ਹ-ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੁਲੀਸ ਨੂੰ ਹਦਾਇਤ ਦਿੱਤੀ ਕਿ ਗੁਰਦਾਸਪੁਰ ਬਲਾਤਕਾਰ ਕੇਸ ਦੀ ਚਾਰਜਸ਼ੀਟ 15 ਦਿਨਾਂ ਅੰਦਰ ਦਾਖਲ ਕਰਨੀ ਯਕੀਨੀ ਬਣਾਈ ਜਾਵੇ। ਇਸ ਕੇਸ ਦਾ ਦੋ ਮਹੀਨਿਆਂ ਅੰਦਰ ਨਿਬੇੜਾ ਯਕੀਨੀ ਬਣਾਉਣ ਦੇ ਆਦੇਸ਼ ਵੀ ਦਿੱਤੇ ਗਏ ਹਨ।

### ਮੌਕੇ 'ਤੇ ਮਿਲੀ ਸ਼ਰਾਬ ਦੀ ਖ਼ਾਲੀ ਬੋਤਲ

ਔਰਤ ਨਾਲ ਬਲਾਤਕਾਰ ਤੋਂ ਪਹਿਲਾਂ ਦੋਸ਼ੀਆਂ ਨੇ ਸ਼ਰਾਬ ਵੀ ਪੀਤੀ ਸੀ, ਜਿਸ ਟਿਊਬਵੈੱਲ 'ਤੇ ਔਰਤ ਨਾਲ ਘਟਨਾ ਘਟੀ ਸੀ, ਉੱਥੇ ਸ਼ਰਾਬ ਦੀਆਂ ਖ਼ਾਲੀ ਬੋਤਲਾਂ ਮਿਲੀਆਂ ਹਨ। ਇਸ ਮਾਮਲੇ ਸਬੰਧੀ ਜ਼ਿਲ੍ਹੇ ਦੇ ਕੁਝ ਕਾਂਗਰਸੀ ਆਗੂਆਂ ਨੇ ਪੁਲੀਸ ਕਾਰਜਸ਼ੈਲੀ ਦੀ ਨਿੰਦਾ ਕਰਦਿਆਂ ਜ਼ਿਲ੍ਹਾ ਪੁਲੀਸ ਮੁਖੀ ਦਾ ਤਬਾਦਲਾ ਕਰਨ ਦੀ ਮੰਗ ਕੀਤੀ ਸੀ।

# ਐਨ. ਆਰ. ਆਈ. ਸਭਾ ਦੀ ਚੋਣ 'ਚ ਹੋਵੇਗੀ ਤਿਕੋਣੀ ਜੰਗ

**✪ ਹੇਅਰ, ਸ਼ੇਰਗਿੱਲ ਤੇ ਨਾਰੰਗਪੁਰ 'ਚ ਹੋਏਗਾ ਮੁਕਾਬਲਾ ✪ ਛਿੜ ਸਕਦੀ ਏ ਕਾਨੂੰਨੀ ਜੰਗ**



ਕਮਲਜੀਤ ਹੇਅਰ

ਜਲੰਧਰ-ਪੰਜਾਬ ਸਰਕਾਰ ਇਸ ਵਾਰ ਐਨ.ਆਰ.ਆਈ. ਸਭਾ ਦੀ ਚੋਣ ਪੂਰੀ ਪਾਰਦਰਸ਼ਿਤਾ ਤੇ ਸੰਵਿਧਾਨ ਅਨੁਸਾਰ ਕਰਵਾਉਣ ਦੀ ਤਿਆਰੀ ਕਰ ਰਹੀ ਹੈ। ਇਸ ਨਾਲ ਮੌਜੂਦਾ ਪ੍ਰਧਾਨ ਕਮਲਜੀਤ ਹੇਅਰ ਤੇ ਸਾਬਕਾ ਪ੍ਰਧਾਨ ਪ੍ਰੀਤਮ ਸਿੰਘ ਨਾਰੰਗਪੁਰ ਦੀ ਰਾਹ ਸੌਖੀ ਨਹੀਂ ਹੋਵੇਗੀ। ਸਭਾ ਦੀਆਂ ਚੋਣਾਂ 27 ਜਨਵਰੀ ਨੂੰ ਹੋਣਗੀਆਂ। ਉਨ੍ਹਾਂ ਦਾ ਰਾਹ ਰੋਕਣ ਲਈ ਇਸ ਵਾਰ ਪ੍ਰਧਾਨ ਅਹੁਦੇ ਦੀ ਕੁਰਸੀ ਦੇ ਦਾਅਵੇਦਾਰ ਜਸਬੀਰ ਸਿੰਘ ਸ਼ੇਰਗਿਲ ਕਮਰ ਕੱਸ ਰਹੇ ਹਨ। ਚੋਣ ਲਈ ਤਕਰੀਬਨ 19 ਹਜ਼ਾਰ ਵੋਟਰ ਆਪਣੇ ਅਧਿਕਾਰ ਦਾ ਇਸਤੇਮਾਲ ਕਰਨਗੇ।

### ਇਸ ਵਾਰ ਹੇਅਰ ਲਈ ਮੁਸ਼ਕਲ

ਕਮਲਜੀਤ ਹੇਅਰ ਲਈ ਇਸ ਵਾਰ ਮੁਸ਼ਕਲ ਹੈ। ਉਨ੍ਹਾਂ ਕੋਲ ਬ੍ਰਿਟਿਸ਼ ਪਾਸਪੋਰਟ ਹੈ। ਐਨ.ਆਰ.ਆਈ. ਸਭਾ ਦੇ ਸੰਵਿਧਾਨ ਮੁਤਾਬਿਕ ਪ੍ਰਧਾਨ ਅਹੁਦੇ ਲਈ ਚੋਣ ਉਹੀ ਲੜ ਸਕਦਾ ਹੈ, ਜੋ ਭਾਰਤੀ ਨਾਗਰਿਕ ਹੋਵੇ ਅਤੇ ਸਾਬਕਾ 'ਐਨ.ਆਰ.ਆਈ.' ਹੋਵੇ। ਪਿਛਲੀ ਵਾਰ ਚੋਣ 'ਚ ਕਮਲਜੀਤ ਹੇਅਰ ਨੂੰ ਪ੍ਰਧਾਨ ਚੁਣਿਆ ਗਿਆ ਸੀ। ਉਨ੍ਹਾਂ ਨੂੰ ਟੱਕਰ ਦੇਣ ਵਾਲੇ ਜਸਬੀਰ ਸਿੰਘ ਸ਼ੇਰਗਿਲ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਸੀ ਤੇ ਵਿਦੇਸ਼ ਤੇ ਗ੍ਰਹਿ ਮੰਤਰਾਲੇ ਤੋਂ ਲੈ ਕੇ ਪੰਜਾਬ ਸਰਕਾਰ ਤੱਕ ਗੁਹਾਰ ਲਾਈ।

ਇਸ ਦੌਰਾਨ ਹੇਅਰ ਦਾ ਦੋ ਸਾਲ ਪਹਿਲਾਂ ਕਾਰਜਕਾਲ ਪੂਰਾ ਹੋ ਗਿਆ। ਇਸ ਵਾਰ ਉਨ੍ਹਾਂ ਦੇ ਨਾਮਜ਼ਦਗੀ ਪੱਤਰ 'ਤੇ ਇਤਰਾਜ਼ ਜਤਾਇਆ ਜਾ ਰਿਹਾ ਹੈ। ਸ਼ੇਰਗਿਲ ਦਾ ਕਹਿਣਾ ਹੈ ਕਿ ਸੰਵਿਧਾਨ ਮੁਤਾਬਕ ਹੇਅਰ ਚੋਣ ਨਹੀਂ ਲੜ ਸਕਦੇ। ਉਨ੍ਹਾਂ ਕੋਲ ਸਾਫ ਨਿਰਦੇਸ਼ ਹਨ ਕਿ ਵਿਦੇਸ਼ੀ ਨਾਗਰਿਕ ਐਨ.ਆਰ.ਆਈ. ਸਭਾ ਦਾ ਪ੍ਰਧਾਨ ਨਹੀਂ ਬਣ ਸਕਦਾ।

### ਇਸ ਵਾਰ ਵੀ ਚੋਣ ਲੜਾਂਗਾ : ਹੇਅਰ

ਬ੍ਰਿਟਿਸ਼ ਨਾਗਰਿਕ ਤੇ ਐਨ.ਆਰ.ਆਈ. ਸਭਾ ਦੇ ਪ੍ਰਧਾਨ ਕਮਲਜੀਤ ਹੇਅਰ ਦਾ ਕਹਿਣਾ ਹੈ ਕਿ ਉਹ ਇਸ ਵਾਰ ਵੀ ਚੋਣ ਲੜਨਗੇ। ਉਹ ਪਹਿਲਾਂ ਵੀ ਪ੍ਰਧਾਨ ਰਹਿ ਚੁੱਕੇ ਹਨ। ਸੰਵਿਧਾਨ ਮੁਤਾਬਕ ਇਹ ਚੋਣ ਲੜ ਸਕਣਗੇ ਜਾਂ ਨਹੀਂ, ਇਸ 'ਤੇ ਉਨ੍ਹਾਂ ਨੇ ਕੋਈ ਜਵਾਬ ਨਹੀਂ ਦਿੱਤਾ।

### ਨਾਰੰਗਪੁਰ ਵੀ ਚੋਣ ਲੜਨ ਨੂੰ ਤਿਆਰ

ਐਨ.ਆਰ.ਆਈ. ਦੀਆਂ ਚੋਣਾਂ 'ਚ ਪ੍ਰੀਤਮ ਸਿੰਘ ਨਾਰੰਗਪੁਰ ਵੀ ਚੋਣ ਲੜਨ ਦੀ ਤਿਆਰੀ ਕਰ ਰਹੇ ਹਨ। ਉਨ੍ਹਾਂ ਦੇ ਸਮਰਥਕਾਂ ਨੇ ਲਾਬਿੰਗ ਸ਼ੁਰੂ ਕਰ ਦਿੱਤੀ ਹੈ। ਨਾਰੰਗਪੁਰ 'ਤੇ ਵੀ ਦੋਸ਼ ਲੱਗੇ ਹਨ ਕਿ ਉਹ ਨਿਯਮਾਂ ਨੂੰ ਪੂਰਾ ਨਹੀਂ ਕਰਦੇ ਹਨ। ਨਾਰੰਗਪੁਰ ਪਹਿਲਾਂ ਵੀ ਐਨ.ਆਰ.ਆਈ. ਸਭਾ ਦੇ ਪ੍ਰਧਾਨ ਰਹਿ ਚੁੱਕੇ ਹਨ। ਜਸਬੀਰ ਸਿੰਘ ਸ਼ੇਰਗਿਲ ਦਾ ਕਹਿਣਾ ਹੈ ਕਿ ਜੇਕਰ ਪ੍ਰਧਾਨ ਅਹੁਦੇ ਲਈ ਕਮਲਜੀਤ ਹੇਅਰ ਤੇ ਨਾਰੰਗਪੁਰ ਨੇ ਕਾਗਜ਼ਾਤ ਦਾਖਲ ਕੀਤੇ, ਤਾਂ ਇਸ ਦਾ ਵਿਰੋਧ ਕੀਤਾ ਜਾਵੇਗਾ। ਦੋਵੇਂ ਨਿਯਮਾਂ ਨੂੰ ਪੂਰਾ ਨਹੀਂ ਕਰਦੇ ਹਨ, ਇਸ ਲਈ ਉਹ ਚੋਣ ਨਹੀਂ ਲੜ ਸਕਦੇ।

# ਅਮਰੀਕੀ ਸਕੂਲ 'ਚ ਕੁੜੀ ਨਾਲ ਗੈਂਗਰੇਪ

**✪ ਕੁੜੀ ਮਾਨਸਿਕ ਤੌਰ 'ਤੇ ਬਿਮਾਰ ✪ ਦੋ ਸਾਥੀ ਵਿਦਿਆਰਥੀਆਂ ਕੀਤਾ ਕਾਰਾ**

ਵਾਸ਼ਿੰਗਟਨ-ਅਮਰੀਕਾ ਦੇ ਇੱਕ ਸਕੂਲ ਦੀ ਜਮਾਤ 'ਚ 15 ਸਾਲਾ ਲੜਕੀ ਨਾਲ ਸਮੂਹਿਕ ਜਬਰ ਜਨਾਹ ਦੀ ਘਟਨਾ ਸਾਹਮਣੇ ਆਈ ਹੈ। ਕੁੜੀ ਮਾਨਸਿਕ ਤੌਰ 'ਤੇ ਬਿਮਾਰ ਦੱਸੀ ਜਾਂਦੀ ਹੈ। ਖ਼ਾਸ ਗੱਲ ਇਹ ਹੈ ਕਿ ਜਬਰ ਜਨਾਹ ਸਮੇਂ ਕੁੜੀ ਦਾ ਅਧਿਆਪਕ ਘਟਨਾ ਵਾਲੀ ਥਾਂ ਤੋਂ ਕੁਝ ਹੀ ਦੂਰੀ 'ਤੇ ਮੌਜੂਦ ਸੀ, ਪਰ ਉਸ ਨੂੰ ਘਟਨਾ ਦੀ ਭਿਣਕ ਤੱਕ ਨਹੀਂ ਲੱਗੀ। ਡੇਲੀ ਮੇਲ ਨੇ ਕਿਹਾ ਕਿ ਨਿਊਯਾਰਕ ਦੇ ਏਲਮਾਂਟ 'ਚ ਸਕੂਲ ਦੀ ਜਮਾਤ 'ਚ ਕੁੜੀ ਦੇ ਨਾਲ ਦੇ ਹੀ ਦੋ ਮੁੰਡਿਆਂ ਨੇ ਉਸ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ। ਮੁੰਡਿਆਂ ਨੇ ਉਸ ਨਾਲ ਗ਼ੈਰ-ਕੁਦਰਤੀ ਜਿਨਸੀ ਸਬੰਧ ਵੀ ਬਣਾਇਆ। ਸਾਇੰਸ ਦੀ ਕਲਾਸ 'ਚ ਹਵਸ ਦਾ ਇਹ ਖੇਡ ਪੂਰੇ ਦਸ ਮਿੰਟ ਚੱਲੀ।

ਰਿਪੋਰਟ ਮੁਤਾਬਕ ਭੱਜਣ ਦੀ ਕੋਸ਼ਿਸ਼ ਕਰਨ 'ਤੇ ਕੁੜੀ ਦੇ ਸਿਰ 'ਤੇ ਵਾਰ ਵੀ ਕੀਤਾ ਗਿਆ। ਦੂਜੇ ਦਿਨ ਜਾਣਕਾਰੀ ਮਿਲਣ ਦੇ ਬਾਵਜੂਦ ਸਕੂਲ ਪ੍ਰਸ਼ਾਸਨ ਨੇ ਕੋਈ ਕਦਮ ਨਹੀਂ ਚੁੱਕਿਆ। ਕੁੜੀ ਦੀ ਮਾਂ ਨੇ ਅਧਿਆਪਕ 'ਤੇ ਮਾਮਲੇ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਦੋਸ਼ੀਆਂ ਖ਼ਿਲਾਫ਼ ਮਾਮਲਾ ਦਰਜ ਕਰਵਾਇਆ ਹੈ। ਮਾਂ ਦਾ ਕਹਿਣਾ ਹੈ ਕਿ 14 ਵਿਦਿਆਰਥੀਆਂ ਦੀ ਜਮਾਤ 'ਚ ਉਨ੍ਹਾਂ ਦੀ ਕੁੜੀ ਇੱਕੋ-ਇੱਕ ਵਿਦਿਆਰਥਣ ਹੈ ਤੇ ਉਸ ਨਾਲ ਪਿਛਲੇ ਇੱਕ ਮਹੀਨੇ ਤੋਂ ਛੇੜਛਾੜ ਕੀਤੀ ਜਾ ਰਹੀ ਸੀ। ਦੂਜੇ ਪਾਸੇ, ਸਕੂਲ ਦੇ ਕਾਰਜਕਾਰੀ ਨਿਰਦੇਸ਼ਕ ਨੇ ਕਿਹਾ ਕਿ ਘਟਨਾ ਦੇ ਤੁਰੰਤ ਬਾਅਦ ਅੰਦਰੂਨੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਅੰਮ੍ਰਿਤਸਰ 'ਚ ਲੱਗੇਗਾ ਸਵਾਮੀ ਵਿਵੇਕਾਨੰਦ ਦਾ ਬੁੱਤ

ਬਠਿੰਡਾ-ਮੁੱਖ ਮੰਤਰੀ ਪੰਜਾਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਸਵਾਮੀ ਵਿਵੇਕਾਨੰਦ ਜੀ ਦੀਆਂ ਸਿੱਖਿਆਵਾਂ ਦੇ ਪਸਾਰ ਲਈ ਪੰਜਾਬ ਸਰਕਾਰ ਸਵਾਮੀ ਜੀ ਦੀ 150ਵੀਂ ਜਨਮ ਵਰ੍ਹੇਗੰਢ ਨੂੰ ਸਮਰਪਿਤ ਸਾਰਾ ਸਾਲ ਪ੍ਰੋਗਰਾਮ ਕਰਾਏਗੀ।

ਸਵਾਮੀ ਵਿਵੇਕਾਨੰਦ ਜੀ ਦੇ 150ਵੇਂ ਜਨਮ ਦਿਵਸ ਮੌਕੇ ਕਰਵਾਏ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਸਵਾਮੀ ਵਿਵੇਕਾਨੰਦ ਜੀ ਦਾ ਬੁੱਤ ਅੰਮ੍ਰਿਤਸਰ-ਅਟਾਰੀ ਮਾਰਗ 'ਤੇ ਸਥਾਪਿਤ ਕੀਤਾ ਜਾਵੇਗਾ।

# ਬਰਤਾਨੀਆ ਦੀ ਸੱਤਾਧਾਰੀ ਪਾਰਟੀ ਨੂੰ ਇੱਕ ਹਫ਼ਤੇ 'ਚ 2 ਝਟਕੇ

ਲੰਡਨ-ਬਰਤਾਨੀਆ ਦੀ ਗੱਠਜੋੜ ਸਰਕਾਰ ਨੂੰ ਉਸ ਸਮੇਂ ਇੱਕ ਹੋਰ ਝਟਕਾ ਲੱਗਾ ਜਦੋਂ ਪਾਰਟੀ ਦੇ ਸਾਬਕਾ ਖ਼ਜ਼ਾਨਚੀ ਲਾਰਡ ਮਰਲੈਂਡ ਨੇ ਵਪਾਰ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਇਸ ਹਫ਼ਤੇ ਅਹੁਦਾ ਛੱਡਣ ਵਾਲੇ ਉਹ ਦੂਸਰੇ ਮੰਤਰੀ ਹਨ। ਮਰਲੈਂਡ ਨੇ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੂੰ ਦੱਸਿਆ ਕਿ ਉਨ੍ਹਾਂ ਨੇ ਵਪਾਰ ਦੇ ਖੇਤਰ 'ਚ ਆਪਣਾ ਕੈਰੀਅਰ ਦੁਬਾਰਾ ਸ਼ੁਰੂ ਕਰਨ ਲਈ ਅਸਤੀਫ਼ਾ ਦਿੱਤਾ ਹੈ। ਇਸ ਤੋਂ ਪਹਿਲਾਂ ਬੀਤੇ ਸੋਮਵਾਰ ਨੂੰ ਸੰਸਦ ਦੇ ਉੱਪਰਲੇ ਸਦਨ ਹਾਊਸ ਆਫ ਲਾਰਡਸ ਦੇ ਨੇਤਾ ਸਟੈਕਥਲਾਈਡ ਨੇ ਇਹ ਕਹਿੰਦਿਆਂ ਅਸਤੀਫ਼ਾ ਦੇ ਦਿੱਤਾ ਸੀ ਕਿ ਉਹ ਨਿੱਜੀ ਖੇਤਰ 'ਚ ਪਰਤਣਾ ਚਾਹੁੰਦੇ ਹਨ। ਸਟ੍ਰੈਥਕਲਾਈਡ ਦਾ ਅਸਤੀਫ਼ਾ ਕਾਮਰਾਨ ਲਈ ਝਟਕਾ ਸੀ, ਕਿਉਂਕਿ ਉਨ੍ਹਾਂ ਨੇ ਸੋਮਵਾਰ ਨੂੰ ਡਾਊਨਿੰਗ ਸਟ੍ਰੀਟ 'ਚ ਲਿਬਰਲ ਡੈਮੋਕ੍ਰੇਟਿਕ ਪਾਰਟੀ ਦੇ ਨੇਤਾ ਨਿਕ ਕਲੇਗ ਨਾਲ ਗੱਠਜੋੜ ਦੇ ਬਾਰੇ ਫਿਰ ਤੋਂ ਐਲਾਨ ਕੀਤਾ ਸੀ। ਸਟ੍ਰੈਥਕਲਾਈਡ ਨੇ ਕਿਹਾ ਕਿ ਉਨ੍ਹਾਂ ਨੂੰ ਹਾਊਸ ਆਫ ਲਾਰਡਜ਼ 'ਚ ਕਈ ਵਾਰ ਲਿਬਰਲ ਡੈਮੋਕਰੇਟਿਕ ਸੰਸਦ ਮੈਂਬਰਾਂ ਨਾਲ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਡਾਊਨਿੰਗ ਸਟ੍ਰੀਟ ਦੇ ਬੁਲਾਰੇ ਨੇ ਦੱਸਿਆ ਕਿ ਲਾਰਡ ਮਰਲੈਂਡ ਮੰਤਰੀ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਵੀ ਪ੍ਰਧਾਨ ਮੰਤਰੀ ਦੇ ਦੂਤ ਦੇ ਤੌਰ 'ਤੇ ਜਾਣ ਵਾਲੇ ਵਪਾਰ ਪ੍ਰਤੀਨਿਧੀ ਦਲ ਦੀ ਅਗਵਾਈ ਕਰਨਗੇ। ਬੁਲਾਰੇ ਮੁਤਾਬਿਕ ਮਰਲੈਂਡ ਮੰਤਰੀ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਵੀ ਪ੍ਰਧਾਨ ਮੰਤਰੀ ਦੇ ਦੂਤ ਦੇ ਤੌਰ 'ਤੇ ਜਾਪਾਨ, ਲੀਬੀਆ ਅਤੇ ਲਾਸ ਏਂਜਲਸ ਦੇ ਦੌਰੇ 'ਤੇ ਜਾਣ ਵਾਲੇ ਵਪਾਰ ਪ੍ਰਤੀਨਿਧੀ ਦਲ ਦੀ ਅਗਵਾਈ ਕਰਨਗੇ।

ਬੁਲਾਰੇ ਮੁਤਾਬਕ ਮਰਲੈਂਡ ਨੇ ਵਪਾਰ ਨੂੰ ਉਤਸ਼ਾਹਿਤ ਕਰਨ ਲਈ ਆਪਣੀ ਭੂਮਿਕਾ ਵਧਾਉਣ ਵਾਸਤੇ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦਿੱਤਾ ਹੈ। ਉਹ ਇੱਕ ਸਫਲ ਵਪਾਰੀ ਦੇ ਰੂਪ 'ਚ ਪਛਾਣ ਬਣਾਉਣ ਮਗਰੋਂ ਮੰਤਰੀ ਮੰਡਲ 'ਚ ਊਰਜਾ ਮੰਤਰੀ ਦੇ ਤੌਰ 'ਤੇ ਸ਼ਾਮਲ ਹੋਏ ਸਨ। ਬਾਅਦ 'ਚ ਬੀਤੇ ਸਤੰਬਰ ਮਹੀਨੇ 'ਚ ਉਨ੍ਹਾਂ ਨੂੰ ਵਪਾਰ ਮੰਤਰੀ ਬਣਾਇਆ ਗਿਆ ਸੀ।

# ਕੈਨੇਡਾ ਜਾਣ ਲਈ ਪੰਜਾਬੀ ਵਰਤਦੇ ਨੇ ਗ਼ਲਤ ਢੰਗ : ਕੈਨੀ



ਅੰਮ੍ਰਿਤਸਰ-ਕੈਨੇਡਾ ਦੇ ਆਵਾਸ ਮੰਤਰੀ ਜੈਸਨ ਕੈਨੀ ਨੇ ਦੱਸਿਆ ਕਿ ਭਾਰਤ 'ਚੋਂ ਸਭ ਤੋਂ ਵੱਧ ਪੰਜਾਬੀਆਂ ਵੱਲੋਂ ਕੈਨੇਡਾ ਜਾਣ ਲਈ ਗਲਤ ਢੰਗ ਤਰੀਕਿਆਂ ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਸ ਤਹਿਤ ਮੌਤ ਤੇ ਵਿਆਹ ਦੇ ਗ਼ਲਤ ਸਰਟੀਫ਼ਿਕੇਟਾਂ ਸਣੇ ਬੈਂਕਾਂ ਦੇ ਗ਼ਲਤ ਦਸਤਾਵੇਜ਼ ਤੇ ਗ਼ਲਤ ਫੋਟੋਆਂ ਦੀ ਵੀ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕੈਨੇਡਾ ਸਰਕਾਰ ਵੱਲੋਂ ਵੀਜ਼ਾ ਪ੍ਰਦਾਨ ਕਰਨ ਦੀ ਕਾਰਵਾਈ ਨੂੰ ਤੇਜ਼ ਕੀਤਾ ਗਿਆ ਹੈ, ਜਿਸ ਤਹਿਤ ਪਿਛਲੇ ਵਰ੍ਹੇ 'ਚ ਵਿਜ਼ਟਰ ਵੀਜ਼ੇ 'ਤੇ ਪੰਜਾਬ 'ਚੋਂ 17608 ਲੋਕਾਂ ਨੂੰ ਵੀਜ਼ੇ ਦਿੱਤੇ ਗਏ, ਜੋ ਕਿ 2005 ਨਾਲੋਂ ਤਿੰਨ ਗੁਣਾ ਵੱਧ ਹਨ। ਇਸੇ ਤਰ੍ਹਾਂ 3700 ਲੋਕਾਂ ਨੂੰ ਸੁਪਰ ਵੀਜ਼ਾ ਮੁਹੱਈਆ ਕੀਤਾ। ਇਸ ਵੀਜ਼ੇ ਹੇਠ ਕੈਨੇਡਾ ਰਹਿੰਦੇ ਲੋਕਾਂ ਦੇ ਮਾਪੇ ਦੋ ਸਾਲ ਲਈ ਉਥੇ ਠਹਿਰ ਕਰ ਸਕਦੇ ਹਨ। ਇਹ ਨੀਤੀ ਪਿਛਲੇ ਸਾਲ ਹੀ ਲਾਗੂ ਕੀਤੀ ਗਈ ਹੈ। ਇਸੇ ਤਰ੍ਹਾਂ 5200 ਵਿਦਿਆਰਥੀਆਂ ਨੂੰ ਪੜ੍ਹਾਈ ਲਈ ਵੀਜ਼ਾ ਦਿੱਤਾ ਗਿਆ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬੀਆਂ ਨੂੰ ਹਰ ਵਰ੍ਹੇ ਵਧੇਰੇ ਵੀਜ਼ੇ ਮੁਹੱਈਆ ਕੀਤੇ ਜਾ ਰਹੇ ਹਨ। ਉਨ੍ਹਾਂ ਕੈਨੇਡਾ ਜਾਣ ਦੇ ਇੱਛੁਕ ਲੋਕਾਂ ਨੂੰ ਧੋਖੇਬਾਜ਼ ਟਰੈਵਲ ਏਜੰਟਾਂ ਤੋਂ ਬਚਣ ਲਈ ਸੁਚੇਤ ਕੀਤਾ। ਕੈਨੀ ਨੇ ਇਹ ਵੀ ਕਿਹਾ ਕਿ ਖਾਲਿਸਤਾਨ ਦੀ ਮੰਗ ਨੂੰ ਲੈ ਕੇ ਸ਼ਾਂਤਮਈ ਪ੍ਰਦਰਸ਼ਨ ਹੁੰਦੇ ਹਨ ਤੇ ਉਹ ਉਨ੍ਹਾਂ ਨੂੰ ਕੈਨੇਡਾ ਛੱਡਣ ਲਈ ਨਹੀਂ ਕਹਿ ਸਕਦੇ। ਕੈਨੇਡਾ 'ਚ ਕੁਝ ਖ਼ਾਲਿਸਤਾਨੀਆਂ ਨੂੰ ਸਥਾਈ ਨਾਗਰਿਕਤਾ ਦਿੱਤੇ ਜਾਣ ਬਾਰੇ ਭਾਰਤ ਸਰਕਾਰ ਦੇ ਵਿਰੋਧ ਸਬੰਧੀ ਉਨ੍ਹਾਂ ਕਿਹਾ ਕਿ ਸਿਰਫ਼ ਖ਼ਾਲਿਸਤਾਨੀ ਵਿਚਾਰਧਾਰਾ ਰੱਖਣਾ ਕੋਈ ਜੁਰਮ ਨਹੀਂ ਹੈ। ਉਨ੍ਹਾਂ ਇੱਥੇ ਹਰਿਮੰਦਰ ਸਾਹਿਬ 'ਚ ਮੱਥਾ ਟੇਕਿਆ ਤੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਮੁਲਾਕਾਤ ਵੀ ਕੀਤੀ।

ਕੈਨੀ ਕੋਲ ਕੈਬਨਿਟ ਮੰਤਰੀ ਮਜੀਠੀਆ ਨੇ ਕੈਨੇਡਾ ਜਾ ਕੇ ਵਸਣ ਦੇ ਚਾਹਵਾਨ ਪੰਜਾਬੀਆਂ ਦੇ ਲੰਮੇ ਸਮੇਂ ਤੋਂ ਕੈਨੇਡਾ ਸਰਕਾਰ ਕੋਲ ਲੰਬਿਤ ਪਏ ਕੇਸਾਂ ਦਾ ਮੁੱਦਾ ਉਠਾਇਆ ਅਤੇ ਇਨ੍ਹਾਂ ਦੇ ਫੌਰੀ ਨਿਬੇੜੇ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕੈਨੇਡਾ ਸਰਕਾਰ ਵੱਲੋਂ ਵੀਜ਼ੇ ਦੇਣ ਲਈ ਨਿਰਧਾਰਤ ਕੀਤੀਆਂ ਸ਼ਰਤਾਂ ਪੂਰਾ ਕਰਨ ਵਾਲੇ ਹਜ਼ਾਰਾਂ ਪੰਜਾਬੀਆਂ ਦੀਆਂ ਅਰਜ਼ੀਆਂ ਕੈਨੇਡਾ ਦੇ ਆਵਾਸ ਵਿਭਾਗ ਕੋਲ ਲਗਭਗ ਅੱਠ ਸਾਲਾਂ ਤੋਂ ਲੰਬਿਤ ਪਈਆਂ ਹਨ। ਇਨ੍ਹਾਂ ਕੇਸਾਂ ਦੇ ਨਿਬੇੜੇ ਦੇ ਇੰਤਜ਼ਾਰ ਵਿੱਚ ਬਿਨੈਕਾਰਾਂ ਦੇ ਜੀਵਨ ਦਾ ਲੰਮਾ ਅਰਸਾ ਗੁਜ਼ਾਰ ਦਿੱਤਾ ਅਤੇ ਨਾਲ ਹੀ ਕੈਨੇਡਾ ਸਰਕਾਰ ਦੀਆਂ ਸ਼ਰਤਾਂ ਪੂਰੀਆਂ ਕਰਨ ਦੇ ਨਾਲ-ਨਾਲ ਮੋਟੀ ਫੀਸ ਵੀ ਭਰੀ ਹੈ।

ਹਰਿਮੰਦਰ ਸਾਹਿਬ ਵਿਖੇ ਕੈਨੇਡਾ ਦੇ ਆਵਾਸ ਮੰਤਰੀ ਨੂੰ ਦਲਮੇਘ ਸਿੰਘ ਨੇ ਸਿਰੋਪਾ ਦੇ ਕੇ ਸਨਮਾਨਿਤ ਕੀਤਾ। ਕੈਨੀ ਨਾਲ ਕੈਨੇਡਾ ਦੇ ਸਿਹਤ ਮੰਤਰੀ ਟਿਮ ਉਪਲ, ਸੰਸਦ ਮੈਂਬਰ ਪਰਮ ਗਿੱਲ ਤੇ ਕੈਨੇਡਾ ਕੌਂਸਲੇਟ ਦੇ ਅਧਿਕਾਰੀ ਵੀ ਸ਼ਾਮਲ ਸਨ।

# ਅਮਰੀਕਾ ਬੰਦੂਕ ਸੱਭਿਆਚਾਰ 'ਤੇ ਲਗਾਮ ਲਗਾਉਣ ਲਈ ਗੰਭੀਰ

ਵਾਸ਼ਿੰਗਟਨ-ਅਮਰੀਕਾ 'ਚ ਕਈ ਗੋਲੀਬਾਰੀ ਦੀਆਂ ਘਟਨਾਵਾਂ ਤੋਂ ਬਾਅਦ ਬੰਦੂਕ ਸੱਭਿਆਚਾਰ 'ਤੇ ਰੋਕ ਲਗਾਉਣ ਦੀ ਉੱਠ ਰਹੀ ਮੰਗ ਵਿੱਚ ਉਪ-ਰਾਸ਼ਟਰਪਤੀ ਜੋ ਬਿਡੇਨ ਨੇ ਹਥਿਆਰ ਖ਼ਰੀਦਣ ਵਾਲਿਆਂ ਦੇ ਪਿਛੋਕੜ ਦੀ ਜਾਂਚ ਸ਼ੁਰੂ ਕਰਨ ਅਤੇ ਉੱਚ ਸਮਰੱਥਾ ਵਾਲੀਆਂ ਮੈਗਜ਼ੀਨਾਂ 'ਤੇ ਪਾਬੰਦੀ ਲਗਾਉਣ ਦਾ ਸੰਕੇਤ ਦਿੱਤਾ ਹੈ। ਅਮਰੀਕਾ 'ਚ ਬੰਦੂਕ ਰੱਖਣ ਨੂੰ ਮੌਲਿਕ ਅਧਿਕਾਰ ਦੇ ਤੌਰ 'ਤੇ ਮਾਨਤਾ ਮਿਲੀ ਹੈ। ਉਨ੍ਹਾਂ ਦੱਸਿਆ ਕਿ ਅਸੀਂ ਕਈ ਸਮੂਹਾਂ ਨਾਲ ਮੁਲਾਕਾਤ ਦੌਰਾਨ ਲੰਮੀ ਚਰਚਾ ਕੀਤੀ ਹੈ। ਇਸ ਦੌਰਾਨ ਕੁਝ ਲੋਕਾਂ ਨੇ ਪਿਛੋਕੜ ਦੀ ਜਾਂਚ ਪ੍ਰਣਾਲੀ ਨੂੰ ਕਿਵੇਂ ਮਜ਼ਬੂਤ ਬਣਾਇਆ ਜਾਵੇ ਇਸ ਬਾਰੇ 'ਚ ਵੀ ਸੁਝਾਅ ਦਿੱਤਾ ਗਿਆ ਹੈ। ਪਿਛਲੇ ਮਹੀਨੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਬਿਡੇਨ ਨੂੰ ਬੰਦੂਕ ਸੰਸਕ੍ਰਿਤੀ 'ਤੇ ਕੰਟਰੋਲ ਕਰਨ ਦਾ ਸੁਝਾਅ ਦੇਣ ਦਾ ਕੰਮ ਸੌਂਪਿਆ ਸੀ। ਉਹ ਇਸ ਮਸਲੇ 'ਤੇ ਸਾਰੇ ਸਬੰਧਿਤ ਪੱਖਾਂ ਦੀ ਸਹਿਮਤੀ ਲੈ ਰਹੇ ਹਨ।

# ਪੰਜਾਬ 'ਚ ਹਥਿਆਰਬੰਦ ਔਰਤਾਂ ਦਾ ਜੱਥਾ ਰੋਕੇਗਾ ਛੇੜਛਾੜ



ਬਠਿੰਡਾ-ਜੇਕਰ ਕੋਈ ਤੁਹਾਡੇ ਨਾਲ ਛੇੜਛਾੜ ਕਰ ਰਿਹਾ ਹੈ, ਤਾਂ ਬੱਸ ਪੁਲੀਸ ਕੰਟਰੋਲ ਰੂਮ 'ਚ ਫੋਨ ਕਰੋ ਅਤੇ ਤੁਹਾਨੂੰ ਬਚਾਉਣ ਆਉਣਗੀਆਂ ਆਰਮਡ ਸਪੈਸ਼ਲ ਪ੍ਰੋਟੈਕਸ਼ਨ ਸਕੁਐਡ ਦੀਆਂ ਜਾਂਬਾਜ਼ ਪੁਲੀਸ ਮੁਲਾਜ਼ਮਾਂ। ਹਰੇਕ ਸਥਿਤੀ ਨਾਲ ਨਿਬੜਣ ਲਈ ਤਿਆਰ ਅਤੇ ਹਥਿਆਰਾਂ ਨਾਲ ਲੈਸ ਇਸ ਦਸਤੇ ਦੀਆਂ ਮਹਿਲਾ ਪੁਲੀਸ ਮੁਲਾਜ਼ਮਾਂ ਬਠਿੰਡਾ ਸ਼ਹਿਰ 'ਚ ਗਸ਼ਤ ਕਰਨਗੀਆਂ। ਇਹ ਟੀਮ ਵਿਸ਼ੇਸ਼ ਤੌਰ 'ਤੇ ਸਕੂਲਾਂ-ਕਾਲਜਾਂ ਦੇ ਬਾਹਰ ਨਜ਼ਰ ਰੱਖੇਗੀ ਅਤੇ ਵਿਦਿਆਰਥਣਾਂ ਨੂੰ ਛੇੜਛਾੜ ਤੋਂ ਬਚਾਏਗੀ। ਦੇਸ 'ਚ ਪੰਜਾਬ ਪੁਲੀਸ ਦੇ ਇਸ ਤਰ੍ਹਾਂ ਦੇ ਪਹਿਲੇ ਵੁਮੇਨ ਸਪੈਸ਼ਲ ਸਕੁਐਡ ਨੂੰ ਬੀਤੇ ਦਿਨੀਂ ਇੱਥੇ ਹਨੂੰਮਾਨ ਚੌਕ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ।

ਇਸ ਟੀਮ 'ਚ 24 ਕੁੜੀਆਂ ਨੂੰ ਹਰ ਤਰ੍ਹਾਂ ਦੀ ਟਰੇਨਿੰਗ ਦਿੱਤੀ ਗਈ ਹੈ। ਇਹ ਕਿਸੇ ਵੀ ਸਥਿਤੀ ਨਾਲ ਨਿਬੜਣ 'ਚ ਸਮਰੱਥ ਹਨ। ਟੀਮ 'ਚ 20 ਕੁੜੀਆਂ 10 ਐਕਟਿਵਾ ਸਕੂਟਰਾਂ 'ਤੇ ਡਿਊਟੀ ਕਰਨਗੀਆਂ, ਜਦਕਿ ਚਾਰ ਕੁੜੀਆਂ ਕਿਸੇ ਕੁੜੀ ਦੇ ਬਿਮਾਰ ਹੋਣ ਜਾਂ ਛੁੱਟੀ ਜਾਣ ਦੀ ਸੂਰਤ 'ਚ ਉਸ ਦੀ ਥਾਂ ਰਹਿਣਗੀਆਂ। ਹਰ ਇੱਕ ਐਕਟਿਵਾ 'ਤੇ ਦੋ ਕੁੜੀਆਂ ਡਿਊਟੀ ਕਰਨਗੀਆਂ, ਜੋ ਰਿਵਾਲਵਰ, ਬੈਟਨ, ਵਾਕੀ-ਟਾਕੀ ਸੈੱਟ, ਹੱਥਕੜੀ ਅਤੇ ਪੇਪਰ ਸਪਰੇਅ ਨਾਲ ਲੈਸ ਹੋਣਗੀਆਂ।

### ਬਿਨਾਂ ਹਥਿਆਰਾਂ ਤੋਂ ਲੜਨ ਦੀ ਵੀ ਟਰੇਨਿੰਗ

ਐਸਐਸਪੀ ਰਵਚਰਨ ਸਿੰਘ ਬਰਾੜ ਨੇ ਦੱਸਿਆ ਕਿ ਇਸ ਸਕੁਐਡ 'ਚ ਪੁਲੀਸ 'ਚ ਭਰਤੀ ਹੋਈਆਂ ਨਵੀਆਂ ਕੁੜੀਆਂ ਨੂੰ ਤਿਆਰ ਕਰਕੇ ਸਪੈਸ਼ਲ ਟਰੇਨਿੰਗ ਦਿੱਤੀ ਗਈ ਹੈ। ਇਸ ਟੀਮ ਨੂੰ ਸਿਖਾਇਆ ਗਿਆ ਹੈ ਕਿ ਹਥਿਆਰਾਂ ਅਤੇ ਬਿਨਾਂ ਹਥਿਆਰਾਂ ਦੇ ਕਿਵੇਂ ਲੜਨਾ ਹੈ। ਇਨ੍ਹਾਂ ਕੁੜੀਆਂ ਦੀਆਂ ਬਣਾਈਆਂ ਟੀਮਾਂ ਦਾ ਸਿੱਧਾ ਸੰਪਰਕ ਕੰਟਰੋਲ ਰੂਮ ਨਾਲ ਹੋਵੇਗਾ। ਆਈਜੀ ਜ਼ੋਨ ਬਠਿੰਡਾ ਨਿਰਮਲ ਸਿੰਘ ਢਿੱਲੋਂ ਨੇ ਦੱਸਿਆ ਕਿ ਅਜਿਹੇ ਸਕੁਐਡ ਬਠਿੰਡਾ ਤੋਂ ਇਲਾਵਾ ਮਾਨਸਾ ਅਤੇ ਹੋਰਨਾਂ ਜ਼ਿਲ੍ਹਿਆਂ 'ਚ ਬਣਾਏ ਜਾਣਗੇ। ਲੋੜ ਪੈਣ 'ਤੇ ਇਨ੍ਹਾਂ ਟੀਮਾਂ 'ਚ ਹੋਰ ਵਾਧਾ ਵੀ ਕੀਤਾ ਜਾਵੇਗਾ।

# ਅਮਰੀਕਾ ਦੇ ਸਾਬਕਾ ਰਾਸ਼ਟਰਪਤੀਆਂ ਨੂੰ ਮਿਲੇਗੀ ਉਮਰ ਭਰ ਸੁਰੱਖਿਆ




ਵਾਸ਼ਿੰਗਟਨ-ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਇੱਕ ਅਜਿਹੇ ਬਿੱਲ 'ਤੇ ਦਸਤਖ਼ਤ ਕਰਕੇ ਉਸ ਨੂੰ ਕਾਨੂੰਨ ਦੀ ਸ਼ਕਲ ਦੇ ਦਿੱਤੀ ਹੈ, ਜਿਸ 'ਚ ਸਾਰੇ ਸਾਬਕਾ ਰਾਸ਼ਟਰਪਤੀਆਂ ਨੂੰ ਪੂਰੇ ਜੀਵਨ ਦੌਰਾਨ ਸੁਰੱਖਿਆ ਦੇਣ ਦੀ ਵਿਵਸਥਾ ਕੀਤੀ ਗਈ ਹੈ। ਸਾਬਕਾ ਰਾਸ਼ਟਰਪਤੀ ਸੁਰੱਖਿਆ ਕਾਨੂੰਨ 2012 'ਚ ਸਾਰੇ ਰਾਸ਼ਟਰਪਤੀਆਂ ਤੇ ਉਨ੍ਹਾਂ ਦੀਆਂ ਪਤਨੀਆਂ ਨੂੰ ਖੁਫ਼ੀਆ ਸੇਵਾ ਦੀ ਸੁਰੱਖਿਆ ਮੁਹੱਈਆ ਕਰਾਉਣ ਦੀ ਵਿਵਸਥਾ ਹੋਵੇ। ਵ੍ਹਾਈਟ ਹਾਊਸ ਮੁਤਾਬਿਕ ਇਸ ਬਿਲ ਦੇ ਕਾਨੂੰਨ ਬਣ ਜਾਣ ਤੋਂ ਬਾਅਦ ਹੁਣ ਸਾਬਕਾ ਰਾਸ਼ਟਰਪਤੀਆਂ ਦੇ ਪਰਿਵਾਰ ਦੇ ਬੱਚਿਆਂ ਨੂੰ ਵੀ 16 ਸਾਲ ਦੀ ਉਮਰ ਤੱਕ ਸੁਰੱਖਿਆ ਮੁਹੱਈਆ ਕਰਵਾਈ ਜਾਵੇਗੀ। ਪਹਿਲਾਂ ਦੇ ਕਾਨੂੰਨ ਤਹਿਤ 1997 ਤੋਂ ਪਹਿਲਾਂ ਤੱਕ ਦੇ ਰਾਸ਼ਟਰਪਤੀ ਰਹੇ ਲੋਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਕਾਰਜਕਾਲ ਖ਼ਤਮ ਹੋਣ ਦੇ ਸਿਰਫ਼ 10 ਸਾਲ ਬਾਅਦ ਤੱਕ ਸੁਰੱਖਿਆ ਦਿੱਤੀ ਜਾਂਦੀ ਸੀ। ਇਸ ਬਿਲ ਨੂੰ ਬੀਤੇ ਸਾਲ ਦਸੰਬਰ 'ਚ ਕਾਂਗਰਸ ਦੇ ਦੋਵਾਂ ਹਾਊਸਾਂ ਨੇ ਮਨਜ਼ੂਰੀ ਦਿੱਤੀ ਸੀ।

# ਅਮਰੀਕੀ ਨੌਜਵਾਨ ਖ਼ੁਦਕੁਸ਼ੀ ਦੀ ਰਾਹ 'ਤੇ

ਵਾਸ਼ਿੰਗਟਨ-ਅਮਰੀਕਾ 'ਚ 25 ਵਿੱਚੋਂ ਇੱਕ ਨੌਜਵਾਨ ਆਤਮ-ਹੱਤਿਆ ਦੀ ਕੋਸ਼ਿਸ਼ ਕਰਦਾ ਹੈ ਜਦਕਿ ਹਰੇਕ ਅੱਠ ਵਿੱਚ ਇੱਕ ਇਸ ਬਾਰੇ ਸੋਚਦਾ ਹੈ। ਇੱਕ ਨਵੇਂ ਅਧਿਐਨ ਵਿੱਚ ਇਹ ਦਾਅਵਾ ਕੀਤਾ ਗਿਆ ਹੈ। ਅਮਰੀਕੀ ਡਾਕਟਰੀ ਸੰਘ ਦੀ ਪੱਤ੍ਰਿਕਾ ਜਾਮਾ ਸਾਈਕੇਟਰੀ ਵਿੱਚ ਪ੍ਰਕਾਸ਼ਿਤ ਅਧਿਐਨ ਦੇ ਮੁਤਾਬਿਕ ਜ਼ਿਆਦਾਤਰ ਬਾਲਗਾਂ ਨੇ ਕਿਹਾ ਕਿ ਅੱਲ੍ਹੜਪੁਣੇ ਵਿੱਚ ਸਭ ਤੋਂ ਪਹਿਲਾਂ ਆਤਮ-ਹੱਤਿਆ ਬਾਰੇ ਵਿਚਾਰ ਆਉਂਦਾ ਹੈ। ਇਹ ਅਧਿਐਨ 6500 ਨੌਜਵਾਨਾਂ ਦੀਆਂ ਇੰਟਰਵਿਊਜ਼ ਤੇ ਉਨ੍ਹਾਂ ਦੇ ਮਾਤਾ-ਪਿਤਾ ਦੁਆਰਾ ਭਰੀ ਗਈ ਪ੍ਰਸ਼ਨਾਵਲੀ 'ਤੇ ਆਧਾਰਿਤ ਹੈ।

# ਬਰਤਾਨੀਆ 'ਚ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਦੀ ਲੋੜ : ਲਾਰਡ ਪਾਲ



ਲੰਡਨ-ਪ੍ਰਸਿੱਧ ਪਰਵਾਸੀ ਭਾਰਤੀ ਲਾਰਡ ਸਵਰਾਜ ਪਾਲ ਨੇ ਕਿਹਾ ਹੈ ਕਿ ਭ੍ਰਿਸ਼ਟਾਚਾਰ ਬਰਤਾਨੀਆ 'ਚ ਵੀ ਪੈਰ ਪਸਾਰ ਰਿਹਾ ਹੈ ਤੇ ਇਸ ਵਿਰੁੱਧ ਸਖ਼ਤ ਕਦਮ ਚੁੱਕਣ ਦੀ ਲੋੜ ਹੈ। ਸ੍ਰੀ ਪਾਲ ਨੇ ਕਿਹਾ ਕਿ ਹੁਣ ਵੇਲਾ ਆ ਗਿਆ ਹੈ ਕਿ ਇਸ ਗੱਲ ਨੂੰ ਸਵੀਕਾਰਿਆ ਜਾਵੇ ਕਿ ਬਰਤਾਨੀਆ 'ਚ ਵੀ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਉਨ੍ਹਾਂ ਕਿਹਾ ਕਿ ਇਸ ਵਿਰੁੱਧ ਕੁਝ ਕਰਨ ਦੀ ਲੋੜ ਹੈ ਤੇ ਇਸ ਕਾਰਜ ਵਿਚ ਦੇਰੀ ਨਹੀਂ ਕੀਤੀ ਜਾਣੀ ਚਾਹੀਦੀ।

# ਬਾਬਾ ਮਹਿੰਦਰ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਨੂੰ ਦਿਖਾਇਆ ਨੀਂਵਾ

## ✪ ਜੁੱਤਿਆਂ ਸਮੇਤ ਰੱਥ 'ਤੇ ਸਵਾਰ ਹੋ ਕੇ ਸ਼ਰਧਾਲੂਆਂ ਕੋਲੋਂ ਟਿਕਾਏ ਮੱਥੇ

ਮੋਹਾਲੀ-ਅੱਜ ਕਲ ਦੇ ਦੇਹਧਾਰੀ ਅਖੌਤੀ ਬਾਬੇ ਆਪਣੇ-ਆਪ ਨੂੰ ਸਰਵਉੱਚ ਦਿਖਾਉਣ ਲਈ ਅਨੇਕਾਂ ਪ੍ਰਕਾਰ ਦੇ ਅਡੰਬਰ ਰਚਦੇ ਹਨ, ਜਿਸ ਕਾਰਨ ਕਈ ਬਾਬੇ ਵਿਵਾਦਾਂ 'ਚ ਫਸ ਕੇ ਸਿੱਖ ਧਰਮ ਦੇ ਸ਼ਰਧਾਲੂਆਂ ਦੇ ਗੁੱਸੇ ਦਾ ਸ਼ਿਕਾਰ ਹੋਏ ਹਨ। ਅਜਿਹਾ ਹੀ ਕੁਝ ਸੈਕਟਰ-62 ਦੇ ਗੁਰਦੁਆਰਾ ਲੰਬਿਆਂ ਸਾਹਿਬ ਦੇ ਸੇਵਾਦਾਰ ਦੇ ਤੌਰ 'ਤੇ ਆਪਣੇ-ਆਪ ਨੂੰ ਪੇਸ਼ ਕਰਨ ਵਾਲੇ ਬਾਬਾ ਮਹਿੰਦਰ ਸਿੰਘ ਨੇ ਕਰ ਵਿਖਾਇਆ। ਉਹ ਇਕ ਆਲੀਸ਼ਾਨ ਰੱਥ-ਰੂਪੀ ਪਾਲਕੀ 'ਚ ਸਵਾਰ ਹੋ ਕੇ ਗੁਰੂ ਗ੍ਰੰਥ ਸਾਹਿਬ ਤੇ ਪੰਜ ਪਿਆਰਿਆਂ ਤੋਂ ਅੱਗੇ ਇਸ ਤਰ੍ਹਾਂ ਚੱਲ ਰਹੇ ਸਨ, ਜਿਵੇਂ ਉਹ ਗੁਰੂ ਗ੍ਰੰਥ ਸਾਹਿਬ ਤੋਂ ਵੀ ਸਰਵਉੱਚ ਹੋਣ। ਸ਼ਾਹੀ ਪਾਲਕੀ 'ਚ ਸਵਾਰ ਇਹ 'ਬਾਬਾ ਜੀ' ਸੰਗਤਾਂ ਤੋਂ ਪੈਰੀਂ ਹੱਥ ਲਗਵਾ ਕੇ ਉਨ੍ਹਾਂ ਨੂੰ ਆਸ਼ੀਰਵਾਦ ਦੇ ਰਹੇ ਸਨ। ਬਾਬਾ ਜੀ ਨੇ ਆਪਣੇ ਪੈਰਾਂ 'ਚ ਜੁੱਤੀਆਂ ਵੀ ਪਾਈਆਂ ਹੋਈਆਂ ਸਨ।

ਨਗਰ ਕੀਰਤਨ ਵਿਚ ਸਭ ਤੋਂ ਅੱਗੇ 'ਬਾਬਾ ਜੀ' ਦਾ ਰੱਥ ਚੱਲ ਰਿਹਾ ਸੀ, ਜਿਸ ਨੂੰ ਆ ਕੇ ਸੰਗਤਾਂ ਮੱਥਾ ਟੇਕਦੀਆਂ ਸਨ ਤੇ 'ਬਾਬਾ ਜੀ' ਮੁਸਕਰਾ ਕੇ ਉਨ੍ਹਾਂ ਨੂੰ ਆਸ਼ੀਰਵਾਦ ਦੇ ਰਹੇ ਸਨ।

ਇਸ ਸਬੰਧੀ ਗੱਲਬਾਤ ਕਰਦਿਆਂ ਪੰਥਕ ਆਗੂ ਭਾਈ ਸੁਰਿੰਦਰ ਸਿੰਘ ਕਿਸ਼ਨਪੁਰਾ ਨੇ ਇਸ ਨੂੰ ਮੰਦਭਾਗੀ ਘਟਨਾ ਦੱਸਿਆ। ਉਨ੍ਹਾਂ ਕਿਹਾ ਕਿ ਇਨ੍ਹਾਂ ਬਾਬਿਆਂ ਨੂੰ ਸਿੱਖ ਮਰਿਆਦਾ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਤੇ ਸੰਗਤਾਂ ਨੂੰ ਵੀ ਅਜਿਹੇ ਅਖੌਤੀ ਦੇਹਧਾਰੀ ਬਾਬਿਆਂ ਤੋਂ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ।



### ਰੱਥ 'ਚ ਸ਼ਰਧਾਲੂਆਂ ਦੇ ਕਹਿਣ 'ਤੇ ਬੈਠਾ ਸਾਂ : ਬਾਬਾ ਮਹਿੰਦਰ ਸਿੰਘ

ਇਸ ਸੰਬੰਧੀ ਸੰਤ ਬਾਬਾ ਮਹਿੰਦਰ ਸਿੰਘ ਲੰਬਿਆਂ ਵਾਲਿਆਂ ਨੇ ਕਿਹਾ ਕਿ ਉਹ ਸਰਵਉੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਨ ਸਤਿਕਾਰ ਕਰਦੇ ਹਨ ਤੇ ਉਹ ਨਗਰ ਕੀਰਤਨ ਦੌਰਾਨ ਚੱਲ ਰਹੇ ਰੱਥ 'ਚ ਸ਼ਰਧਾਲੂਆਂ ਦੇ ਕਹਿਣ 'ਤੇ ਕੁਝ ਸਮੇਂ ਲਈ ਹੀ ਬੈਠੇ ਸਨ। ਉਨ੍ਹਾਂ ਕਿਹਾ ਕਿ ਸੰਤ ਈਸ਼ਰ ਸਿੰਘ ਜੀ ਲੰਬਿਆਂ ਵਾਲਿਆਂ ਦੀ 43ਵੀਂ ਬਰਸੀ ਮੌਕੇ ਸ਼ੁਰੂ ਹੋਏ ਸਮਾਗਮਾਂ ਦੌਰਾਨ ਸਿੱਖ ਮਰਿਆਦਾ ਦਾ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਹੈ।

## ਵੱਡੇ ਪੱਧਰ 'ਤੇ ਮਨਾਈ ਜਾਇਆ ਕਰੇਗੀ ਧੀਆਂ ਦੀ ਲੋਹੜੀ : ਬਾਦਲ



ਬਠਿੰਡਾ-ਸਮਾਜ 'ਚ ਧੀਆਂ ਦਾ ਮਾਣ ਤੇ ਸਤਿਕਾਰ ਵਧਾਉਣ ਲਈ ਇਥੇ ਕਰਵਾਏ ਗਏ 'ਧੀਆਂ ਦੀ ਲੋਹੜੀ' ਸਮਾਗਮ ਮੌਕੇ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਆਉਂਦੇ ਸਾਲ ਤੋਂ ਧੀਆਂ ਦੀ ਲੋਹੜੀ ਨੂੰ ਪੰਜਾਬ ਵਿਚ ਹੋਰ ਵੀ ਵੱਡੇ ਪੱਧਰ ਉੱਪਰ ਮਨਾਇਆ ਜਾਇਆ ਕਰੇਗਾ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਔਰਤਾਂ ਲਈ ਸਮਾਜ ਅੰਦਰ ਹੋਰ ਉਸਾਰੂ ਮਹੌਲ ਸਿਰਜਣ ਲਈ ਪੰਜਾਬ ਦੇ ਹਰ ਥਾਣੇ ਅੰਦਰ ਇੱਕ-ਇੱਕ ਮਹਿਲਾ ਸਬ-ਇੰਸਪੈਕਟਰ ਦੀ ਤਾਇਨਾਤੀ ਕੀਤੀ ਜਾਵੇਗੀ ਤੇ ਇਸ ਮਕਸਦ ਲਈ ਜਲਦ ਹੀ 500 ਮਹਿਲਾ ਸਬ-ਇੰਸਪੈਕਟਰਾਂ ਦੀ ਭਰਤੀ ਕੀਤੀ ਜਾਵੇਗੀ

ਮਾਡਲ ਟਾਊਨ ਵਿਖੇ ਹੋਏ ਧੀਆਂ ਦੀ ਲੋਹੜੀ ਸਮਾਗਮ ਵਿੱਚ ਬਾਦਲ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਪੁੱਜੇ ਸਨ ਤੇ ਮੈਂਬਰ ਪਾਰਲੀਮੈਂਟ ਬੀਬੀ ਹਰਸਿਮਰਤ ਕੌਰ ਬਾਦਲ ਇਸ ਸਮਾਗਮ ਦੇ ਮੁੱਖ ਮਹਿਮਾਨ ਸਨ। ਇਸ ਸਮਾਗਮ ਦੌਰਾਨ 250 ਨਵ ਜੰਮੀਆਂ ਬੱਚੀਆਂ ਦੀਆਂ ਮਾਵਾਂ ਨੂੰ ਕੰਬਲ ਵੰਡੇ ਅਤੇ ਵਿੱਦਿਆ, ਖੇਡਾਂ ਤੇ ਹੋਰ ਵੱਖ-ਵੱਖ ਖੇਤਰਾਂ 'ਚ ਅਹਿਮ ਯੋਗਦਾਨ ਪਾਉਣ ਵਾਲੀਆਂ 150 ਲੜਕੀਆਂ ਨੂੰ ਸਨਮਾਨਿਤ ਕੀਤਾ।

*ਨਾਮਧਾਰੀ ਸੰਪਰਦਾਇ ਦਾ ਵਿਵਾਦ ਡੂੰਘਾ*

# ਠਾਕੁਰ ਉਦੈ ਸਿੰਘ ਦੀ ਗੱਦੀ ਖਿਲਾਫ ਚੱਲੀ ਮੁਹਿੰਮ





ਮੁਕੇਰੀਆਂ-ਨਾਮਧਾਰੀ ਸੰਪਰਦਾਇ ਦੇ ਆਗੂ ਠਾਕੁਰ ਉਦੈ ਸਿੰਘ ਨੂੰ ਗੁਰਗੱਦੀ ਦਿੱਤੇ ਜਾਣ ਖ਼ਿਲਾਫ਼ ਲੋਕਾਂ ਵਿੱਚ ਇੱਕਮੁੱਠਤਾ ਪੈਦਾ ਕਰਨ ਦੇ ਮੰਤਵ ਨਾਲ ਗੜ੍ਹਦੀਵਾਲਾ ਦੇ ਗੁਰਦੁਆਰਾ ਨਾਮਧਾਰੀ ਵਿਖੇ ਇੱਕ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦਾ ਮੁੱਖ ਮੰਤਵ ਬਾਬਾ ਜਗਜੀਤ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨਾ ਅਤੇ ਉਨ੍ਹਾਂ ਦੀ ਗੱਦੀ ਦੇ ਅਸਲ ਵਾਰਿਸ ਦੀ ਸਹੀ ਚੋਣ ਕਰਨ ਲਈ ਲੋਕਾਂ ਨੂੰ ਜਾਗਰੂਕ ਕਰਨਾ ਸੀ। ਇਸ ਸਮਾਗਮ 'ਚ ਦਸੂਹਾ, ਮੁਕੇਰੀਆਂ, ਗੜ੍ਹਦੀਵਾਲਾ, ਟਾਂਡਾ ਤੇ ਹੁਸ਼ਿਆਰਪੁਰ ਦੀਆਂ ਵੱਡੀ ਗਿਣਤੀ ਸੰਗਤਾਂ ਨੇ ਸ਼ਿਰਕਤ ਕੀਤੀ ਤੇ ਇਸ ਮੌਕੇ ਠਾਕੁਰ ਦਲੀਪ ਸਿੰਘ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਸਮੂਹ ਨਾਮਧਾਰੀ ਸੰਪਰਦਾਇ ਦੀਆਂ ਸੰਗਤਾਂ ਨੇ ਇਕਮੁੱਠਤਾ ਪ੍ਰਗਟ ਕਰਦਿਆਂ ਕਿਹਾ ਕਿ ਉਹ ਠਾਕੁਰ ਉਦੈ ਸਿੰਘ ਨੂੰ ਆਪਣਾ ਗੁਰੂ ਨਹੀਂ ਮੰਨਦੇ, ਕਿਉਂਕਿ ਉਨ੍ਹਾਂ ਦੀ ਬਾਬਾ ਜਗਜੀਤ ਸਿੰਘ ਵੱਲੋਂ ਗੁਰਗੱਦੀ ਨਹੀਂ ਸੌਂਪੀ ਗਈ। ਸੰਗਤ ਨੇ ਕਿਹਾ ਕਿ ਉਹ ਮਾਤਾ ਚੰਦ ਕੌਰ ਨੂੰ ਸੰਪਰਦਾ ਦੀ ਸਰਵਉੱਚ ਸ਼ਖ਼ਸੀਅਤ ਮੰਨਦੇ ਹਨ ਤੇ ਕੇਵਲ ਉਨ੍ਹਾਂ ਦਾ ਹੀ ਸਤਿਕਾਰ ਕਰਦੇ ਹਨ।

# ਪੰਜਾਬ ਦੀਆਂ ਜੇਲ੍ਹਾਂ 'ਚ ਕੈਦੀ ਕਰਦੇ ਨੇ ਨਸ਼ਿਆਂ ਤੇ ਮੋਬਾਈਲਾਂ ਦੀ ਵਰਤੋਂ

ਚੰਡੀਗੜ੍ਹ-ਪੰਜਾਬ ਦੀਆਂ ਜੇਲ੍ਹਾਂ 'ਚ ਨਸ਼ਿਆਂ ਤੇ ਮੋਬਾਈਲਾਂ ਦੀ ਵਰਤੋਂ ਦਾ ਵਰਤਾਰਾ ਜਾਰੀ ਹੈ। ਜੇਲ੍ਹਾਂ 'ਚ ਨਸ਼ੀਲੀਆਂ ਗੋਲੀਆਂ ਤੇ ਕੈਪਸੂਲਾਂ ਸਣੇ ਸਮੈਕ, ਹੈਰੋਇਨ ਤੇ ਅਫੀਮ ਦੀ ਵਰਤੋਂ ਲਈ ਕੈਦੀਆਂ ਵੱਲੋਂ ਹਰੇਕ ਹੀਲਾ ਵਰਤਿਆ ਜਾ ਰਿਹਾ ਹੈ। ਜਾਣਕਾਰ ਹਲਕਿਆਂ ਅਨੁਸਾਰ ਜੇਲ੍ਹਾਂ 'ਚ ਬੰਦ ਵੱਡੀ ਗਿਣਤੀ 'ਚ ਕੈਦੀ ਨਸ਼ਿਆਂ ਦੇ ਆਦੀ ਹੋਣ ਕਾਰਨ ਜਿਥੇ ਜੇਲ੍ਹ ਸਟਾਫ ਨਾਲ ਹਰੇਕ ਤਰ੍ਹਾਂ ਦੀ 'ਸੌਦੇਬਾਜ਼ੀ' ਕਰਕੇ ਨਸ਼ੇ ਅੰਦਰ ਲਿਜਾਣ ਲਈ ਹੀਲੇ ਵਰਤਦੇ ਹਨ, ਉੱਥੇ ਆਪਣੇ ਜਾਣਕਾਰਾਂ ਰਾਹੀਂ ਮੁਲਾਕਾਤ ਵੇਲੇ ਸਾਜ਼ੋ-ਸਾਮਾਨ 'ਚ ਨਸ਼ੇ ਲੁਕਾ ਕੇ ਅੰਦਰ ਲਿਜਾਣ 'ਚ ਵੀ ਕਾਮਯਾਬ ਹੋ ਰਹੇ ਹਨ। ਕਈ ਜੇਲ੍ਹਾਂ 'ਚ ਤਾਂ ਮੁਲਾਕਾਤੀਆਂ ਵੱਲੋਂ ਅਨੋਖੇ ਢੰਗ ਨਾਲ ਗਾਜਰਾਂ ਤੇ ਸੈੱਲਾਂ ਵਿੱਚ ਹੈਰੋਇਨ ਤੇ ਸਮੈਕ ਲੁਕੋ ਕੇ ਸਪਲਾਈ ਕਰਨ ਦੇ ਵੀ ਖੁਲਾਸੇ ਹੋਏ ਹਨ।

ਬੋਰਸਟਲ ਜੇਲ੍ਹ ਲੁਧਿਆਣਾ ਵਿੱਚ ਪਿਛਲੇ ਵਰ੍ਹੇ ਤਲਾਸ਼ੀ ਦੌਰਾਨ ਛੇ ਵਾਰ ਨਸ਼ੇ ਬਰਾਮਦ ਕੀਤੇ ਗਏ, ਜਿਸ ਤਹਿਤ ਮੁਲਾਕਾਤੀਆਂ ਕੋਲੋਂ 2392 ਨਸ਼ੀਲੀਆਂ ਗੋਲੀਆਂ ਅਤੇ 12 ਗਰਾਮ ਤੋਂ ਵੱਧ ਚਰਸ ਬਰਾਮਦ ਹੋਈ। ਕੁੱਲ ਬਰਾਮਦ ਕੀਤੀਆਂ ਨਸ਼ੀਲੀਆਂ ਗੋਲੀਆਂ ਵਿੱਚ 2322 ਲੋਮੋਟਿਲ ਗੋਲੀਆਂ ਹਨ। ਇਸ ਜੇਲ੍ਹ 'ਚੋਂ ਕੈਦੀਆਂ ਕੋਲੋਂ 20 ਮੋਬਾਈਲ ਫੋਨ ਤੇ 9 ਸਿਮ ਕਾਰਡ ਵੀ ਬਰਾਮਦ ਹੋਏ ਹਨ। ਜ਼ਿਲ੍ਹਾ ਜੇਲ੍ਹ ਹੁਸ਼ਿਆਰਪੁਰ 'ਚੋਂ ਪਿਛਲੇ ਵਰ੍ਹੇ 450 ਨਸ਼ੀਲੀਆਂ ਗੋਲੀਆਂ ਤੇ 11 ਕੈਪਸੂਲ ਬਰਾਮਦ ਕੀਤੇ ਗਏ ਹਨ। ਇਸ ਤੋਂ ਇਲਾਵਾ 12 ਗਰਾਮ ਚਰਸ ਅਤੇ ਨਸ਼ੀਲੇ ਪਾਊਡਰ ਦੀਆਂ 23 ਪੁੜੀਆਂ ਬਰਾਮਦ ਕੀਤੀਆਂ ਗਈਆਂ ਹਨ। ਇਸ ਜੇਲ੍ਹ ਵਿੱਚੋਂ ਅੱਠ ਬੰਦੀ ਨਸ਼ੀਲੇ ਪਦਾਰਥ ਵਰਤਦੇ



ਫੜੇ ਗਏ ਹਨ।

ਜ਼ਿਲ੍ਹਾ ਜੇਲ੍ਹ ਨਾਭਾ ਵਿੱਚੋਂ ਪਿਛਲੇ ਵਰ੍ਹੇ ਬੈਰਕਾਂ ਦੀ ਤਲਾਸ਼ੀ ਦੌਰਾਨ ਬੰਦੀਆਂ ਕੋਲੋਂ 50 ਗਰਾਮ ਅਫੀਮ ਤੇ 6 ਗਰਾਮ ਸਮੈਕ ਬਰਾਮਦ ਕੀਤੀ ਗਈ। ਇਸ ਤੋਂ ਇਲਾਵਾ ਦੋ ਮੋਬਾਈਲ ਫੋਨ ਅਤੇ ਦੋ ਸਿਮ ਕਾਰਡ ਵੀ ਬਰਾਮਦ ਹੋਏ। ਇਨ੍ਹਾਂ ਤਿੰਨਾਂ ਜੇਲ੍ਹਾਂ ਵਿੱਚ ਨਸ਼ਿਆਂ ਤੇ ਮੋਬਾਈਲ ਫੋਨਾਂ ਦੀ ਵਰਤੋਂ ਹੋਣ ਦੇ ਦੋਸ਼ਾਂ ਤਹਿਤ ਜੇਲ੍ਹ ਦੇ ਕਿਸੇ ਵੀ ਅਧਿਕਾਰੀ ਜਾਂ ਮੁਲਾਜ਼ਮ ਵਿਰੁੱਧ ਕਿਸੇ ਵੀ ਤਰ੍ਹਾਂ ਦੀ ਕੋਈ ਕਾਰਵਾਈ ਨਹੀਂ ਕੀਤੀ ਗਈ।

ਇਸ ਬੁਰਾਈ ਤੋਂ ਨਵੀਂ ਬਣੀ ਜ਼ਿਲ੍ਹਾ ਜੇਲ੍ਹ ਮਾਨਸਾ ਵੀ ਅਛੂਤੀ ਨਹੀਂ ਰਹੀ। ਇਹ ਜੇਲ੍ਹ ਦਸੰਬਰ 2011 ਵਿੱਚ ਸ਼ੁਰੂ ਹੋਈ ਸੀ। ਜੇਲ੍ਹ ਸੁਪਰਡੈਂਟ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਪਿਛਲੇ ਵਰ੍ਹੇ ਜੇਲ੍ਹ ਮੈਡੀਕਲ ਸਟਾਫ ਦੇ ਇਕ ਦਰਜਾ-4 ਮੁਲਾਜ਼ਮ ਕੋਲੋਂ ਡਿਊਟੀ ਦੌਰਾਨ ਕੁਝ ਨਸ਼ੀਲੀਆਂ ਗੋਲੀਆਂ ਤੇ ਕੈਪਸੂਲ ਬਰਾਮਦ ਹੋਏ ਸਨ। ਜੇਲ੍ਹ ਪ੍ਰਸ਼ਾਸਨ ਨੇ ਉਸ ਵਿਰੁੱਧ ਐਨ.ਡੀ.ਪੀ.ਐਸ. ਐਕਟ ਤਹਿਤ ਕੇਸ ਦਰਜ ਕਰਵਾਇਆ ਹੈ।

# ਨਿਰਮਲ ਤਖ਼ਤ ਬਾਬਾ ਬੁੱਢਾ ਸਾਹਿਬ ਦਕੋਹਾ ਵਿਖੇ ਧੀਆਂ ਦੀ ਲੋਹੜੀ ਮਨਾਈ

ਜਲੰਧਰ-ਨਿਰਮਲ ਤਖਤ ਬਾਬਾ ਬੁੱਢਾ ਸਾਹਿਬ ਚੈਰੀਟੇਬਲ ਟਰੱਸਟ ਦਕੋਹਾ ਵਿਖੇ ਕੁੜੀਆਂ ਦੀ ਲੋਹੜੀ ਮਨਾਈ ਗਈ। ਬਾਬਾ ਭਗਵੰਤ ਭਜਨ ਸਿੰਘ ਤੇ ਬੀਬੀ ਹਰਮੋਹਿੰਦਰ ਕੌਰ ਦੀ ਸਰਪ੍ਰਸਤੀ ਹੇਠ ਡਾ. ਪੁਨੀਤਪਾਲ ਸਿੰਘ (ਸਕੱਤਰ) ਨਿਰਮਲ ਤਖਤ ਚੈਰੀਟੇਬਲ ਟਰੱਸਟ ਵਲੋਂ ਕਰਵਾਏ ਗਏ ਇਕ ਵਿਸ਼ੇਸ਼ ਸਮਾਗਮ 'ਚ 30 ਬੱਚੀਆਂ ਨੂੰ ਲੋਹੜੀ ਉਪਹਾਰ ਦੇ ਕੇ ਲੋਹੜੀ ਦੇ ਸ਼ਗਨ ਮਨਾਏ ਗਏ। ਇਸ ਮੌਕੇ ਬੀਬੀ ਹਰਮੋਹਿੰਦਰ ਕੌਰ ਨੇ ਕਿਹਾ ਕਿ ਕੁੜੀਆਂ ਵੀ ਮੁੰਡਿਆਂ ਵਾਂਗ ਹੀ ਪਿਆਰ, ਸਤਿਕਾਰ ਦੀਆਂ ਹੱਕਦਾਰ ਹਨ। ਇਸ ਮੌਕੇ ਅੰਮ੍ਰਿਤਾ ਸਿੱਧੂ ਟਰੱਸਟੀ, ਗੁਰਦੇਵ ਕੌਰ ਸੰਘਾ ਸਾਬਕਾ ਚੇਅਰਪਰਸਨ ਨਾਰੀ ਕਮਿਸ਼ਨ, ਹਰਪ੍ਰੀਤ ਭੱਟੀ ਉਚੇਚੇ ਤੌਰ 'ਤੇ ਸ਼ਾਮਲ ਹੋਈਆਂ।

## ਕੈਨੇਡਾ ਨਿਊਜ਼

## ਬੀ. ਸੀ. ਕੇਅਰ ਕਾਰਡ ਦਾ ਨਵਾਂ ਰੂਪ ਜਲਦੀ ਹੀ



ਵੈਨਕੂਵਰ-ਬੀ. ਸੀ. 'ਚ ਸਿਹਤ ਸੇਵਾਵਾਂ ਹਾਸਲ ਕਰਨ ਲਈ ਇਸਤੇਮਾਲ ਕੀਤਾ ਜਾਂਦਾ ਕੇਅਰ ਕਾਰਡ ਜਲਦੀ ਹੀ ਨਵੇਂ ਰੂਪ ਵਿੱਚ ਆ ਰਿਹਾ ਹੈ । ਸੂਬੇ ਦੇ ਸਿਹਤ ਮੰਤਰਾਲੇ ਨੇ ਐਲਾਨ ਕੀਤਾ ਹੈ ਕਿ 15 ਫ਼ਰਵਰੀ ਤੋਂ 'ਕੇਅਰ ਕਾਰਡ' ਸਰਵਿਸ ਕਾਰਡ ਵਿੱਚ ਤਬਦੀਲ ਹੋ ਜਾਵੇਗਾ। ਨਵੇਂ ਕਾਰਡ ਨੂੰ ਡਰਾਈਵਰ ਲਾਈਸੰਸ ਦੇ ਨਾਲ ਹੀ ਇਸਤੇਮਾਲ ਕੀਤਾ ਜਾ ਸਕੇਗਾ। ਇਹ ਨਵਾਂ ਕਾਰਡ 5 ਸਾਲ ਤੱਕ ਚੱਲੇਗਾ। 19 ਤੋਂ 74 ਸਾਲ ਤੱਕ ਉਮਰ ਦੇ ਯੋਗ ਬਾਲਗ ਵਿਅਕਤੀ ਇਹ ਕਾਰਡ ਡਰਾਈਵਰ ਲਾਈਸੰਸ ਬਣਾਉਣ ਮੌਕੇ ਹਾਸਲ ਕਰ ਸਕਣਗੇ । ਸੂਬੇ ਵਿੱਚ ਕੇਅਰ ਕਾਰਡ ਨਾਲ ਜੁੜੇ ਨਿੱਜੀ ਜਾਣਕਾਰੀ ਲੀਕ ਹੋਣ ਦੇ ਕਈ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਸਰਕਾਰ ਵੱਲੋਂ ਅਜਿਹੀ ਪਹਿਲ ਕਦਮੀ ਕੀਤੀ ਗਈ ਹੈ। ਧੋਖਾਧੜੀ ਦੇ ਮਾਮਲਿਆਂ ਨੂੰ ਨੱਥ ਪਾਉਣ ਲਈ ਨਵੇਂ ਕਾਰਡ ਵਿੱਚ ਹੁਣ ਸੁਰੱਖਿਆ ਸਬੰਧੀ ਕਰੜੇ ਮਾਪਦੰਡ ਅਪਨਾਏ ਜਾ ਰਹੇ ਹਨ। ਪੰਜ ਸਾਲ ਦੇ ਇਸ ਪ੍ਰੋਗਰਾਮ ਉੱਪਰ ਅੰਦਾਜ਼ਨ 4.4 ਮਿਲੀਅਨ ਡਾਲਰ ਦਾ ਖ਼ਰਚਾ ਆਵੇਗਾ।

## ਲੁਟੇਰੇ ਗੋਰੇ ਵੱਲੋਂ ਪੰਜਾਬੀ ਕਲਾਕਾਰ 'ਤੇ ਹਮਲਾ

ਐਡਮਿੰਟਨ-ਵਿਦੇਸ਼ਾਂ 'ਚ ਰਹਿ ਰਹੇ ਪੰਜਾਬੀਆਂ ਤੇ ਨਕਸਲੀ ਵਿਤਕਰੇ ਨੂੰ ਲੈ ਕੇ ਕੀਤੇ ਜਾ ਰਹੇ ਹਮਲਿਆਂ ਤਹਿਤ ਐਡਮਿੰਟਨ 'ਚ ਰਹਿ ਰਹੇ ਪੰਜਾਬੀ ਮੂਲ ਦੇ ਗਾਇਕ ਸੁਖਵਿੰਦਰ ਨਾਗਰਾ 'ਤੇ ਇੱਕ ਗੋਰੇ ਵੱਲੋਂ ਚਾਕੂ ਨਾਲ ਹਮਲਾ ਕੀਤਾ ਗਿਆ, ਜਿਸ 'ਚ ਨਾਗਰਾ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਿਆ ਅਤੇ ਗੋਰਾ ਨਾਗਰਾ ਦਾ ਪਿੱਕਅੱਪ ਖੋਹ ਕੇ ਫਰਾਰ ਹੋ ਗਿਆ। ਜ਼ਖ਼ਮੀ ਹੋਏ ਸੁਖਵਿੰਦਰ ਨਾਗਰਾ ਨੂੰ ਇੱਥੋਂ ਦੇ ਅਲੈਗਜ਼ੈਂਡਰਾ ਹਸਪਤਾਲ 'ਚ ਭਰਤੀ ਕਰਵਾਇਆ ਗਿਆ। ਪੁਲਿਸ ਦੀ ਸੂਚਨਾ ਅਨੁਸਾਰ ਗੋਰੇ ਨੂੰ ਪਿਕਅੱਪ ਸਮੇਤ ਫੋਰਟ ਮੈਕਮਰੀ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ।

ਪ੍ਰਾਪਤ ਜਾਣਕਾਰੀ ਅਨੁਸਾਰ ਰਾਤ ਦੌਰਾਨ ਜਦੋਂ ਸੁਖਵਿੰਦਰ ਨਾਗਰਾ ਉੱਤਰੀ ਐਡਮਿੰਟਨ ਸਥਿਤ ਆਪਣੇ ਘਰ ਪਰਤ ਰਿਹਾ ਸੀ ਤਾਂ ਰਸਤੇ 'ਚ ਲਾਲ ਬੱਤੀ 'ਤੇ ਰੁਕਣ ਸਮੇਂ ਇੱਕ ਗੋਰੇ ਨੇ ਕੋਲ ਆ ਕੇ ਉਸ ਨੂੰ ਲਿਫਟ ਦੇਣ ਲਈ ਤਰਲਾ ਕੀਤਾ, ਉਸ ਸਮੇਂ ਬਾਹਰ ਦਾ ਤਾਪਮਾਨ ਮਨਫੀ ਦਸ ਡਿਗਰੀ ਸੈਂਟੀਮੀਟਰ ਦੇ ਲੱਗਭੱਗ ਸੀ। ਤਰਸ ਖਾ ਕੇ ਨਾਗਰਾ ਜਿਸ ਦੀ ਉਮਰ ਲਗਭਗ 50 ਵਰ੍ਹੇ ਹੈ, ਨੇ ਉਸ ਗੋਰੇ ਨੂੰ ਲਿਫਟ ਦੇਣ ਲਈ ਆਪਣੇ ਪਿਕਅੱਪ 'ਚ ਬਿਠਾ ਲਿਆ। ਥੋੜੀ ਦੂਰ ਜਾ ਕੇ ਗੋਰੇ ਨੇ ਨਾਗਰਾ ਨੂੰ ਕਿਸੇ ਹੋਰ ਰਾਹ ਜਾਣ ਲਈ ਮਜਬੂਰ ਕੀਤਾ। ਜਦੋਂ ਨਾਗਰਾ ਨੇ ਉਸ ਰਾਹ ਵੱਲ ਜਾਣ ਤੋਂ ਇਨਕਾਰ ਕੀਤਾ ਤਾਂ ਗੋਰੇ ਨੇ ਨਾਗਰਾ 'ਤੇ ਤੇਜ਼ਧਾਰ ਚਾਕੂ ਨਾਲ ਹਮਲਾ ਕੀਤਾ। ਨਾਗਰਾ ਆਪਣਾ ਪਿਕਅੱਪ ਰੋਕਦੇ ਸਾਰ ਹੀ ਆਪਣਾ ਬਚਾਅ ਕਰਦੇ ਹੋਏ ਭੱਜ ਤੁਰਿਆ ਤੇ ਉਸ ਦੇ ਪਿਕਅੱਪ ਦੀਆਂ ਚਾਬੀਆਂ ਅਚਾਨਕ ਪਿਕਅੱਪ 'ਚ ਡਿੱਗ ਪਈਆਂ। ਭੱਜਦਾ ਹੋਇਆ



ਨਾਗਰਾ ਸੜਕ 'ਤੇ ਪਈ ਬਰਫ ਕਾਰਨ ਸੜਕ 'ਤੇ ਤਿਲਕ ਕੇ ਡਿੱਗ ਪਿਆ। ਉਸ ਦਾ ਪਿੱਛਾ ਕਰ ਰਹੇ ਗੋਰੇ ਨੇ ਉਸ ਨੂੰ ਚਾਕੂ ਮਾਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਅਤੇ ਪਿੱਕਅੱਪ ਖੋਹਣ ਲਈ ਉਸ ਦੀਆਂ ਚਾਬੀਆਂ ਮੰਗੀਆਂ। ਅਜਿਹਾ ਨਾ ਕਰਨ ਦੀ ਹਾਲਤ 'ਚ ਨਾਗਰਾ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ। ਖੂਨ ਨਾਲ ਲੱਥ-ਪੱਥ ਹੋਏ ਨਾਗਰਾ ਨੇ ਗੋਰੇ ਨੂੰ ਦੱਸਿਆ ਕਿ ਉਸ ਦੀਆਂ ਚਾਬੀਆਂ ਗੱਡੀ 'ਚ ਡਿੱਗ ਪਈਆਂ। ਗੋਰੇ ਨੇ ਦੋ ਚਾਬੀਆਂ ਲੱਭੀਆਂ ਤੇ ਨਾਗਰਾ ਦਾ ਪਿਕਅੱਪ ਲੈ ਕੇ ਫਰਾਰ ਹੋ ਗਿਆ। ਜ਼ਖ਼ਮੀ ਹਾਲਤ 'ਚ ਨਾਗਰਾ ਨੇ ਕਿਸੇ ਨੇੜਲੇ ਘਰ ਦੀ ਮਦਦ ਲਈ ਬੂਹਾ ਖੜਕਾਇਆ। ਅੱਗੇ ਘਰ ਵਾਲਿਆਂ ਨੇ ਪੁਲਿਸ ਨੂੰ ਤੁਰੰਤ ਸੂਚਿਤ ਕੀਤਾ। ਪੁਲਿਸ ਨੇ ਤੁਰੰਤ ਉਸ ਨੂੰ ਇਲਾਜ ਲਈ ਅਲੈਗਜ਼ੈਂਡਰਾ ਹਸਪਤਾਲ ਭਰਤੀ ਕਰਵਾਇਆ, ਜਿਥੇ ਉਹ ਜ਼ੇਰੇ ਇਲਾਜ ਹੈ। ਸੁਖਵਿੰਦਰ ਨਾਗਰਾ ਦਾ ਪਿਛੋਕੜ ਹੁਸ਼ਿਆਰਪੁਰ ਜ਼ਿਲ੍ਹੇ ਤੋਂ ਹੈ। ਕੈਨੇਡਾ ਦਾ ਵਸਨੀਕ ਬਣਨ ਤੋਂ ਪਹਿਲਾਂ ਉਹ ਮੋਹਾਲੀ 'ਚ ਰਿਹਾ।

## ਕੈਨੇਡਾ ਤੇ ਅਮਰੀਕਾ 'ਚ ਵੱਡੀ ਪੱਧਰ 'ਤੇ ਫੈਲਿਆ ਫਲੂ

ਸਰੀ-ਕੈਨੇਡਾ ਦੀ ਪਬਲਿਕ ਹੈਲਥ ਏਜੰਸੀ ਅਨੁਸਾਰ ਕੈਨੇਡਾ ਭਰ ਵਿੱਚ ਫਲੂ ਤੇਜ਼ੀ ਨਾਲ ਫੈਲ ਰਿਹਾ ਹੈ। ਨਵੇਂ ਸਾਲ ਦੇ ਪਹਿਲੇ ਹਫਤੇ ਵਿੱਚ ਫਲੂ ਦੇ 107 ਮਾਮਲੇ ਦਰਜ ਕੀਤੇ ਗਏ। ਬਹੁਤੇ ਮਾਮਲੇ ਲੰਮੇਂ ਸਮੇਂ ਦੇਖਭਾਲ ਕਰਨ ਵਾਲੀਅ ਫਸਿਲਿਟੀਜ਼ ਵਿੱਚ ਸਾਹਮਣੇ ਆਏ। ਬ੍ਰਿਟਿਸ਼ ਕੋਲੰਬੀਆ, ਅਲਬਰਟਾ, ਮੈਨੀਟੋਬਾ, ਓਨਟਾਰੀਓ, ਕਿਊਬਿਕ ਤੇ ਨਿਊਫਾਊਂਡਲੈਂਡ ਤੇ ਲੈਬਾਡੌਰ ਦੇ ਪੰਦਰਾ ਇਲਾਕਿਆਂ ਵਿੱਚ ਫਲੂ ਤੇਜ਼ੀ ਨਾਲ ਫੈਲਣ ਦੇ ਮਾਮਲੇ ਸਾਹਮਣੇ ਆ ਰਹੇ ਹਨ 20 ਹੋਰਨਾਂ ਇਲਾਕਿਆਂ ਵਿੱਚ ਵੀ ਤੇਜ਼ੀ ਨਾਲ ਫਲੂ ਫੈਲ ਰਿਹਾ ਹੈ। ਏਜੰਸੀ ਦਾ ਕਹਿਣਾ ਹੈ ਕਿ ਫਲੂ ਵਰਗੇ ਲੱਛਣਾਂ ਦੀ ਸ਼ਿਕਾਇਤ ਕਰਨ ਵਾਲਿਆਂ ਦੀ ਗਿਣਤੀ ਸਾਲ ਦੇ ਇਸ ਸਮੇਂ ਦੇ ਹਿਸਾਬ ਨਾਲ ਜ਼ਿਆਦਾ ਹੈ।

ਲੈਬ ਟੈਸਟਾਂ ਵਿੱਚ 5 ਜਨਵਰੀ ਨੂੰ ਖ਼ਤਮ ਹੋਏ ਹਫਤੇ ਦੌਰਾਨ ਫਲੂ ਦੇ 3,864 ਮਾਮਲਿਆਂ ਦੀ ਪੁਸ਼ਟੀ ਕੀਤੀ ਗਈ। ਉਸ ਹਫਤੇ ਵਿੱਚ ਪੀਐਚਏਸੀ ਨੇ ਦੱਸਿਆ ਕਿ ਫਲੂ ਕਾਰਨ 95 ਲੋਕਾਂ ਨੂੰ ਹਸਪਤਾਲ ਭੇਜਿਆ ਗਿਆ ਜਿਨ੍ਹਾਂ ਵਿੱਚੋਂ 69 ਬੱਚੇ ਸਨ। ਇਹੋ ਹਾਲ ਅਮਰੀਕਾ ਦਾ ਵੀ ਦੱਸਿਆ ਜਾ ਰਿਹਾ ਹੈ। ਅਮਰੀਕਾ ਦੇ ਸੈਂਟਰਜ਼ ਫੌਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਪਿਛਲੇ ਹਫਤੇ ਅਮਰੀਕਾ ਦੇ 47 ਸਟੇਟਸ ਵਿੱਚ ਫਲੂ ਦੇ ਕਈ ਮਾਮਲੇ ਸਾਹਮਣੇ ਆਏ ਹਨ। ਹੁਣ ਤੱਕ ਫਲੂ ਕਾਰਨ ਅਮਰੀਕਾ ਵਿੱਚ 20 ਬੱਚਿਆਂ ਦੀ ਮੌਤ ਹੋ ਚੁੱਕੀ ਹੈ।

## ਕੈਨੇਡਾ 'ਚ ਕਈ ਪੰਜਾਬੀਆਂ ਦੀ ਹੋ ਚੁੱਕੀ ਹੈ ਜ਼ਮਾਨਤ ਜ਼ਬਤ

**○ ਨਹੀਂ ਕਰ ਰਹੇ ਕਾਨੂੰਨਾਂ ਦੀ ਪਾਲਨਾ ○ ਜ਼ਮਾਨਤਾਂ ਲਈ ਰਿਸ਼ਤੇਦਾਰਾਂ ਦਾ ਗੁਆ ਰਹੇ ਨੇ ਵਿਸ਼ਵਾਸ**

ਟੋਰਾਂਟੋ-ਕੈਨੇਡਾ 'ਚ ਪਹੁੰਚ ਕੇ ਸ਼ਰਨਾਰਥੀ ਕੇਸ ਅਪਲਾਈ ਕਰਨ ਵਾਲਿਆਂ ਜਾਂ ਅਪਰਾਧ ਕਰਨ ਵਾਲਿਆਂ ਨੂੰ ਜੇਲ੍ਹ 'ਚੋਂ ਰਿਹਾਅ ਕਰਵਾਉਣ ਲਈ ਅਕਸਰ ਉਨ੍ਹਾਂ ਦੇ ਸਕੇ-ਸੰਬੰਧੀ ਜ਼ਮਾਨਤ ਦਿੰਦੇ ਹਨ ਪਰ ਅਜਿਹਾ ਕਰਨ ਵਾਲੇ ਕਈ ਲੋਕਾਂ ਨੂੰ 'ਲੈਣੇ ਦੇ ਦੇਣੇ' ਪੈ ਰਹੇ ਹਨ? ਅਜਿਹਾ ਆਮ ਹੋ ਰਿਹਾ ਹੈ ਕਿ ਜੇਲ੍ਹ 'ਚ ਕੈਦ ਵਿਅਕਤੀ ਆਪਣੀ ਰਿਹਾਈ ਸਮੇਂ ਜ਼ਮਾਨਤ ਲਈ ਇਮੀਗ੍ਰੇਸ਼ਨ ਤਹਿਤ ਲਾਈ ਜਾਂਦੀ ਹਰੇਕ ਸ਼ਰਤ ਮੰਨ ਲੈਂਦੇ ਹਨ ਪਰ ਬਾਹਰ ਨਿਕਲ ਕੇ ਉਹ ਜ਼ਮਾਨਤ ਦੀਆਂ ਸ਼ਰਤਾਂ ਦੀ ਪ੍ਰਵਾਹ ਨਹੀਂ ਕਰਦੇ? ਹਾਲ ਹੀ 'ਚ ਟੋਰਾਂਟੋ ਲਾਗੇ ਮਿਸੀਸਾਗਾ ਸ਼ਹਿਰ ਦੇ ਇਕ ਪੰਜਾਬੀ ਪਰਿਵਾਰ ਦਾ 10,000 ਡਾਲਰ ਨਗਦ ਇਮੀਗ੍ਰੇਸ਼ਨ ਮੰਤਰਾਲੇ ਨੇ ਜ਼ਬਤ ਕਰ ਲਿਆ ਹੈ ਤੇ 5000 ਡਾਲਰ ਹੋਰ ਜਮ੍ਹਾਂ ਕਰਵਾਉਣ ਲਈ ਚਿੱਠੀ ਭੇਜੀ ਹੈ? ਇਸ ਪਰਿਵਾਰ ਨੇ ਬੀਤੇ ਸਾਲ ਪੰਜਾਬ ਤੋਂ ਟੋਰਾਂਟੋ ਪੁੱਜੇ ਆਪਣੇ ਇਕ ਨਜ਼ਦੀਕੀ ਰਿਸ਼ਤੇਦਾਰ ਨੂੰ ਛੁਡਾਉਣ ਲਈ ਜ਼ਮਾਨਤ ਦਿੱਤੀ ਸੀ ? ਉਸ ਵਿਅਕਤੀ ਨੇ ਬਾਹਰ ਨਿਕਲਣ ਮਗਰੋਂ ਆਪਣਾ ਅੱਡਾ ਕਿਸੇ ਅਣਦੱਸੀ ਜਗ੍ਹਾ ਬਣਾ ਲਿਆ ਤੇ ਇਮੀਗ੍ਰੇਸ਼ਨ ਅਧਿਕਾਰੀਆਂ ਦੀ ਪਹੁੰਚ ਤੋਂ ਬਾਹਰ ਹੋ ਗਿਆ? ਆਖਰ ਉਸ ਦਾ ਸ਼ਰਨਾਰਥੀ ਕੇਸ ਰੱਦ ਕਰ ਦਿੱਤਾ ਗਿਆ ਤੇ ਕੈਨੇਡਾ 'ਚ ਨਿਕਲ ਜਾਣ ਦੇ ਹੁਕਮ ਕਰ ਦਿੱਤੇ ਗਏ? ਅਜੇ ਤੱਕ ਉਸ ਵਿਅਕਤੀ ਦਾ ਅਤਾ-ਪਤਾ ਨਾ ਹੋਣ ਕਾਰਨ ਜ਼ਮਾਨਤੀਆਂ ਦਾ ਭਾਰੀ ਨੁਕਸਾਨ ਹੋ ਗਿਆ ਹੈ ਤੇ ਰਿਸ਼ਤੇਦਾਰੀ 'ਚ ਫਿੱਕ ਵੀ ਪਿਆ ਹੈ?

ਅਜਿਹੇ ਨੁਕਸਾਨ ਅਪਰਾਧਿਕ ਕੇਸਾਂ 'ਚ 'ਆਪਣਿਆਂ' ਦੀਆਂ ਜ਼ਮਾਨਤਾਂ ਦੇਣ ਵਾਲੇ ਲੋਕਾਂ ਦੇ ਵੀ ਹੋ ਰਹੇ ਹਨ? ਪੰਜਾਬੀਆਂ ਦੀ ਭਰਵੀਂ ਵਸੋਂ ਵਾਲੇ ਬਰੈਂਪਟਨ ਸ਼ਹਿਰ ਦੀ ਅਦਾਲਤ 'ਚ ਚੋਰੀ ਦੀਆਂ ਵਾਰਦਾਤਾਂ ਲਈ ਮੁਕੱਦਮਿਆਂ 'ਚ ਬੁਰੀ ਤਰ੍ਹਾਂ ਉਲਝੇ ਹੋਏ ਇਕ 30 ਕੁ ਸਾਲਾ ਨੌਜਵਾਨ ਨੂੰ 25000 ਡਾਲਰ ਦੀ ਜ਼ਮਾਨਤ 'ਤੇ ਉਸ ਦੀ ਮਾਸੀ-ਮਾਸੜ ਨੇ ਜੇਲ੍ਹ 'ਚੋਂ ਕਢਵਾਇਆ ਸੀ ਪਰ ਕੁਝ ਮਹੀਨਿਆਂ ਬਾਅਦ ਉਸ ਦਾ ਝੁਕਾਅ ਫਿਰ ਚੋਰੀਆਂ ਕਰਨ ਵੱਲ ਹੋ ਗਿਆ? ਅਖੀਰ ਉਸ ਦੇ ਜ਼ਮਾਨਤੀ ਮਾਸੀ-ਮਾਸੜ ਨੇ ਅਦਾਲਤ 'ਚ ਅਰਜ਼ੀ ਦੇ ਕੇ ਆਪਣੀ ਜ਼ਮਾਨਤ ਰੱਦ ਕਰਵਾਉਣ 'ਚ ਹੀ ਭਲਾ ਸਮਝਿਆ? ਇਸ ਸਮੇਂ ਉਹ ਸੰਗਰੂਰ ਇਲਾਕੇ ਦਾ ਨੌਜਵਾਨ ਇਕ ਵਾਰ ਫਿਰ ਜੇਲ੍ਹ 'ਚ ਤਾੜਿਆ ਗਿਆ ਹੈ?

ਕਮਾਲ ਦੀ ਗੱਲ ਇਹ ਹੈ ਕਿ ਚੋਰੀਆਂ-ਠੱਗੀਆਂ ਵਿੱਚ ਫਸੇ ਆਪਣੇ ਮੁਜ਼ਰਿਮ ਪੁੱਤਰਾਂ ਦੀ ਜ਼ਮਾਨਤ ਲਈ ਪੰਜਾਬ ਤੋਂ ਉਨ੍ਹਾਂ ਦੇ ਪਰਿਵਾਰ ਵਾਲੇ ਕੈਨੇਡਾ ਵਾਸੀ ਆਪਣੇ ਰਿਸ਼ਤੇਦਾਰਾਂ ਜਾਂ ਜਾਣਕਾਰਾਂ ਨੂੰ ਟੈਲੀਫੋਨ ਕਰਕੇ 'ਸੂਲੀ 'ਤੇ ਟੰਗੀ' ਰੱਖਦੇ ਹਨ ਜਦਕਿ ਸੱਤ ਸਮੁੰਦਰ ਪਾਰ ਦੇ ਅਸਲ ਹਾਲਾਤਾਂ ਤੋਂ ਉਹ ਅਣਜਾਣ ਹੁੰਦੇ ਹਨ? ਇਸ ਸਮੇਂ ਇਲਾਕੇ ਟੋਰਾਂਟੋ 'ਚ ਸਥਿਤ ਤਕਰੀਬਨ ਹਰੇਕ ਜੇਲ੍ਹ 'ਚ ਹੀ ਅਜਿਹੇ ਪੰਜਾਬੀ ਵਿਅਕਤੀ ਕੈਦ ਹਨ ਜਿਨ੍ਹਾਂ 'ਤੇ ਵਾਰ-ਵਾਰ ਜ਼ੁਰਮ ਕਰਨ ਅਤੇ ਜ਼ਮਾਨਤ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਦੇ ਦੋਸ਼ ਹਨ ਪਰ ਹੁਣ ਉਨ੍ਹਾਂ ਦੀ ਜ਼ਮਾਨਤ ਦੇਣ ਦਾ ਹਿਆਂ ਉਨ੍ਹਾਂ ਦੇ ਆਪਣੇ ਵੀ ਨਹੀਂ ਕਰ ਪਾ ਰਹੇ?

## ਸਰਵੇਖਣਾਂ 'ਚ ਜੇਰਾਰਡ ਕੈਨੇਡੀ ਹਰਮਨਪਿਆਰੇ



ਟੋਰਾਂਟੋ-ਉਂਟੇਰੀਓ ਲੀਡਰਸ਼ਿਪ ਦੌੜ ਬਾਰੇ ਕਰਵਾਏ ਗਏ ਵੱਖ ਵੱਖ ਸਰਵੇਖਣਾਂ ਵਿੱਚੋਂ ਕਈ ਜੇਰਾਰਡ ਕੈਨੇਡੀ ਨੂੰ ਹਰਮਨ ਪਿਆਰਾ ਦਰਸਾ ਰਹੇ ਹਨ। ਹਾਲਾਂਕਿ ਕੈਥਲਿਨ ਵਿੰਨ ਦੇ ਹੱਕ ਵਿੱਚ ਜਿਆਦਾਤਰ ਐਮ ਪੀ ਪੀ ਹਨ ਅਤੇ ਇੱਕ ਉਮੀਦਵਾਰ ਗਲੈਨ ਮੁਰੇ ਉਹਨਾਂ ਦੇ ਹੱਕ ਵਿੱਚ ਬੈਠ ਵੀ ਗਏ ਹਨ ਪਰ ਸਰਵੇਖਣਾਂ ਵਿੱਚ ਆਮ ਉਂਟੇਰੀਓ ਵਾਸੀਆਂ ਦਾ ਰੁਝਾਨ ਜੇਰਾਰਡ ਕੈਨੇਡੀ ਵੱਲ ਜਾਂਦਾ ਜਾਪ ਰਿਹਾ ਹੈ।

ਐਬਾਕਸ ਵੱਲੋਂ ਕੀਤੇ ਗਏ ਮੁਲਾਂਕਣ ਵਿੱਚ ਜੇਰਾਰਡ ਕੈਨੇਡੀ ਨੂੰ ਸੱਭ ਤੋਂ ਵੱਧ ਜਾਣਿਆ ਪਹਿਚਾਣਿਆ ਚਿਹਰਾ ਦੱਸਿਆ ਗਿਆ ਹੈ ਜਦੋਂ ਕਿ ਕੈਥਲੀਨ ਵਿੰਨ ਅਤੇ ਸੈਂਡਰਾ ਪੁਪਾਟੈਲੋ ਦਾ ਕਰਮਵਾਰ ਦੂਜਾ ਅਤੇ ਤੀਜਾ ਨੰਬਰ ਹੈ।

ਉਂਟੇਰੀਓ ਲਿਬਰਲ ਦੌੜ ਵਿੱਚ ਖਲੋਤੇ ਉਮੀਦਵਾਰਾਂ ਦੇਅਕਸ ਬਾਰੇ ਆਮ ਪਬਲਿਕ ਦੀ ਕੀ ਰਾਏ ਹੈ?

ਐਬਾਕਸ ਨੇ ਇਸ ਬਾਰੇ ਦਿਲਚਸਪ ਟਿੱਪਣੀ ਕੀਤੀ ਹੈ। ਉਸ ਮੁਤਾਬਕ 31% ਲੋਕਾਂ ਨੂੰ ਇਹ ਇਹ ਗੱਲ ਸਹੀ ਤਰੀਕੇ ਨਹੀਂ ਦੱਸ ਸਕੇ ਕਿ ਜੇਰਾਰਡ ਕੈਨੇਡੀ ਦੇ ਬਾਰੇ ਉਹਨਾਂ ਦੇ ਨਿੱਜੀ ਵਿਚਾਰ ਕੀ ਹਨ ਜਦੋਂ ਕਿ ਕੈਥਲਿਨ ਵਿੰਨ ਅਤੇ ਸੈਂਡਰਾ ਪੁਪਾਟੈਲੋ ਬਾਰੇ 72% ਤੇ 74% ਲੋਕਾਂ ਦੀ ਅਜਿਹੀ ਰਾਏ ਹੈ। 17 ਦਸੰਬਰ 2012 ਨੂੰ ਫੋਰਮ ਰੀਸਰਚ ਗਰੁੱਪ ਵੱਲੋਂ ਕਰਵਾਏ ਗਏ ਸਰਵੇਖਣ ਵਿੱਚ ਜੇਰਾਰਡ ਕੈਨੇਡੀ ਨੂੰ 36%, ਕੈਥਲੀਨ ਵਿੰਨ ਨੂੰ 23% ਅਤੇ ਸੈਂਡਰਾ ਪੁਪਾਟੈਲੋ ਨੂੰ 20% ਲੋਕਾਂ ਨੇ ਅਗਲੇ ਲਿਬਰਲ ਲੀਡਰ ਵਜੋਂ ਪਸੰਦ ਕੀਤਾ।

ਵਰਨਣਯੋਗ ਹੈ ਕਿ ਉਂਟੇਰੀਓ ਲਿਬਰਲ ਪਾਰਟੀ ਦੀ ਲੀਡਰਸ਼ਿਪ ਚੋਣ 25 ਤੋਂ 27 ਜਨਵਰੀ ਤੱਕ ਮੇਪਲ ਲੀਫ ਗਾਰਡਨ ਟੋਰਾਂਟੋ ਵਿਖੇ ਹੋਈ ਤਹਿ ਹੈ ਜਿਸ ਵਿੱਚ ਜੇਤੂ ਉਮੀਦਵਾਰ ਡਾਲਟਨ ਮਗਿੰਟੀ ਦੇ ਸਥਾਨ ਉੱਤੇ ਅਗਲੇ ਪ੍ਰੀਮੀਅਰ ਵਜੋਂ ਤਾਇਨਾਤ ਹੋਵੇਗਾ।

## ਬੀ.ਸੀ. ਸਰਕਾਰ ਨੇ ਨਿੱਜੀ ਬੱਸ ਕੰਪਨੀ ਦੀਆਂ ਸੇਵਾਵਾਂ ਕੀਤੀਆਂ ਠੱਪ

ਵੈਨਕੂਵਰ-ਬੀ.ਸੀ. ਸਰਕਾਰ ਨੇ ਸੂਬੇ 'ਚ ਮੀ ਜੂ ਟਰੈਵਲ ਕੰਪਨੀ ਦੀਆਂ ਬੱਸ ਸੇਵਾਵਾਂ ਠੱਪ ਕਰ ਦਿੱਤੀਆਂ ਹਨ। ਇਸ ਕੰਪਨੀ ਦੀ ਇਕ ਬੱਸ 30 ਦਸੰਬਰ ਨੂੰ ਲਾਸ ਵੇਗਾਸ ਤੋਂ ਵੈਨਕੂਵਰ ਆਉਂਦੇ ਸਮੇਂ ਅਮਰੀਕਾ ਦੇ ਸੂਬੇ ਓਰੇਗਨ 'ਚ ਹਾਦਸੇ ਦਾ ਸ਼ਿਕਾਰ ਹੋ ਗਈ ਸੀ ਤੇ ਹਾਈਵੇ 84 ਤੋਂ 180 ਫੁੱਟ ਹੇਠਾਂ ਖੱਡ 'ਚ ਜਾ ਡਿੱਗੀ। ਇਸ ਬੱਸ 'ਚ ਸਵਾਰ ਮੁਸਾਫਰਾਂ 'ਚੋਂ 9 ਹਲਾਕ ਤੇ 38 ਜ਼ਖ਼ਮੀ ਹੋ ਗਏ ਸਨ। ਬੀ.ਸੀ. ਦੇ ਟਰਾਂਸਪੋਰਟ ਮੰਤਰਾਲੇ ਵੱਲੋਂ ਕੀਤੀ ਪੜਤਾਲ ਮੁਤਾਬਕ ਬੱਸ ਕੰਪਨੀ ਕੰਮ ਕਰਨ ਦੇ ਘੰਟਿਆਂ ਸਬੰਧੀ ਨਿਯਮਾਂ 'ਤੇ ਖ਼ਰੀ ਨਹੀਂ ਉਤਰ ਸਕੀ।

# ਬਲਾਤਕਾਰੀਆਂ ਨੂੰ ਫਾਂਸੀ ਦਿੱਤੀ ਜਾਵੇ : ਬਾਦਲ

## ✪ ਪੀੜਤਾਂ ਦਾ ਬਿਆਨ ਘਰ ਜਾ ਕੇ ਲਿਆ ਜਾਵੇ



ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਬਾਦਲ ਨੇ ਸਮੂਹਿਕ ਬਲਾਤਕਾਰ ਤੇ ਬਲਾਤਕਾਰ ਦੀਆਂ ਅਜਿਹੀਆਂ ਹੋਰ ਵਹਿਸ਼ੀ ਘਟਨਾਵਾਂ ਦੇ ਮਾਮਲਿਆਂ ਵਿੱਚ ਮੌਤ ਦੀ ਸਖ਼ਤ ਸਜ਼ਾ ਤੈਅ ਕਰਨ ਦੀ ਵਕਾਲਤ ਕਰਦਿਆਂ ਮੰਗ ਕੀਤੀ ਕਿ ਅਜਿਹੇ ਵਹਿਸ਼ੀ ਕਾਰਿਆਂ ਨੂੰ ਅੰਜਾਮ ਦੇਣ ਵਾਲਿਆਂ ਲਈ ਰਹਿਮ ਦੀ ਅਪੀਲ ਦੀ ਵਿਵਸਥਾ ਵੀ ਨਹੀਂ ਹੋਣੀ ਚਾਹੀਦੀ। ਜਸਟਿਸ ਜੇ. ਐੱਸ. ਵਰਮਾ ਦੀ ਅਗਵਾਈ 'ਚ ਔਰਤਾਂ ਵਿਰੁੱਧ ਵੱਧ ਰਹੇ ਜੁਰਮਾਂ ਦੀ ਘੋਖ ਕਰਨ ਲਈ ਸਥਾਪਿਤ ਕੀਤੇ ਗਏ ਜਸਟਿਸ ਵਰਮਾ ਕਮਿਸ਼ਨ ਨੂੰ ਆਪਣੀ ਰਾਏ ਦਿੰਦਿਆਂ ਮੁੱਖ ਮੰਤਰੀ ਨੇ ਅਜਿਹੇ ਕੇਸਾਂ ਦੀ ਫ਼ੌਰੀ ਪੜਤਾਲ, ਪੈਰਵੀ, ਤੁਰੰਤ ਸੁਣਵਾਈ ਅਤੇ ਵੱਧ ਤੋਂ ਵੱਧ ਸਜ਼ਾ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ। ਧਾਰਾ 376 (1) ਅਤੇ (2) ਅਧੀਨ ਦਰਜ ਹੋਣ ਵਾਲੇ ਬਲਾਤਕਾਰ ਦੇ ਕੇਸਾਂ ਲਈ ਬਿਨਾਂ ਕਿਸੇ ਸ਼ਰਤ ਰਿਹਾਈ (ਪੈਰੋਲ) ਜਾਂ ਮੁਆਫ਼ੀ ਦੇ, ਘੱਟੋ-ਘੱਟ ਉਮਰ ਕੈਦ ਦੀ ਵਕਾਲਤ ਕਰਦਿਆਂ ਬਾਦਲ ਨੇ ਕਿਹਾ ਕਿ ਮੌਤ ਦੀ ਸਜ਼ਾ ਉਨ੍ਹਾਂ ਕੇਸਾਂ ਵਿੱਚ ਲਾਜ਼ਮੀ ਬਣਾਉਣੀ ਚਾਹੀਦੀ ਹੈ, ਜਿਨ੍ਹਾਂ ਕੇਸਾਂ ਵਿੱਚ ਬਲਾਤਕਾਰ ਉਪਰੰਤ ਪੀੜਤ ਦਾ ਕਤਲ ਕਰ ਦਿੱਤਾ ਗਿਆ ਹੋਵੇ। ਉਨ੍ਹਾਂ ਕਿਹਾ ਕਿ ਜਿਨਸੀ ਸ਼ੋਸ਼ਣ ਦੇ ਮੰਦਭਾਗੇ ਕੇਸਾਂ ਨੂੰ ਗ਼ੈਰ-ਜ਼ਮਾਨਤੀ ਕਰਾਰ ਦਿੱਤਾ ਜਾਵੇ ਅਤੇ ਇਨ੍ਹਾਂ ਵਿੱਚ ਘੱਟੋ-ਘੱਟ ਸਜ਼ਾ ਦੋ ਸਾਲ ਦੀ ਅਤੇ ਵੱਧ ਤੋਂ ਵੱਧ ਸੱਤ ਸਾਲ ਤੈਅ ਕੀਤੀ ਜਾਣੀ ਚਾਹੀਦੀ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਹਿਰਾਸਤ ਵਿੱਚ ਹੋਣ ਵਾਲੇ ਅਜਿਹੇ ਕੇਸਾਂ ਲਈ ਘੱਟੋ-ਘੱਟ ਸਜ਼ਾ ਤਿੰਨ ਸਾਲ ਅਤੇ ਵੱਧ ਤੋਂ ਵੱਧ ਸਜ਼ਾ 10 ਸਾਲ ਮੁਕੱਰਰ ਕੀਤੀ ਜਾਣੀ ਚਾਹੀਦੀ ਹੈ। ਬਾਦਲ ਨੇ ਇਹ ਵੀ ਸਲਾਹ ਦਿੱਤੀ ਕਿ ਅਜਿਹੇ ਕੇਸਾਂ ਵਿੱਚ ਵੀ ਦੋਸ਼ੀ ਲਈ ਪੈਰੋਲ ਅਤੇ ਮੁਆਫ਼ੀ ਦੀ ਵਿਵਸਥਾ ਨਹੀਂ ਕੀਤੀ ਜਾਣੀ ਚਾਹੀਦੀ। ਮੁੱਖ ਮੰਤਰੀ ਨੇ ਆਖਿਆ ਹਾਈ ਕੋਰਟਾਂ ਵੱਲੋਂ ਅਜਿਹੇ ਕੇਸਾਂ ਦੇ ਨਿਪਟਾਰੇ ਲਈ ਸਮਰਪਿਤ ਅਦਾਲਤਾਂ ਸਥਾਪਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਜਿਨ੍ਹਾਂ ਵਿੱਚ ਇਨ੍ਹਾਂ ਕੇਸਾਂ ਦੀ ਸੁਣਵਾਈ ਸਮਾਂਬੱਧ ਤਰੀਕੇ ਨਾਲ ਕੀਤੀ ਜਾਵੇ। ਫ਼ੌਰੀ ਤੋਂ ਨਿਰਪੱਖ ਜਾਂਚ ਲਈ ਬਾਦਲ ਨੇ ਕੌਮੀ ਪੱਧਰ 'ਤੇ ਇੱਕ ਟੋਲ ਫ਼ਰੀ ਨੰਬਰ ਚਾਲੂ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਸ ਨਾਲ ਔਰਤਾਂ ਵਿਰੁੱਧ ਜੁਰਮ ਨੂੰ ਬਿਨਾਂ ਕਿਸੇ ਦਿੱਕਤ ਦੇ ਸਾਹਮਣੇ ਲਿਆਂਦਾ ਜਾ ਸਕਦਾ ਹੈ।

### ਕੀ ਦਿੱਤੇ ਬਾਦਲ ਨੇ ਸੁਝਾਅ

- ਸਰੀਰਕ ਸ਼ੋਸ਼ਣ ਦੇ ਕੇਸਾਂ 'ਚ ਜ਼ਮਾਨਤ ਬੰਦ ਹੋਵੇ ਅਤੇ ਘੱਟ ਤੋਂ ਘੱਟ ਸਜ਼ਾ ਦੋ ਸਾਲ ਅਤੇ ਵੱਧ ਤੋਂ ਵੱਧ 7 ਸਾਲ ਤੈਅ ਕੀਤੀ ਜਾਣੀ ਚਾਹੀਦੀ ਹੈ।
- ਜਲਦੀ ਨਿਪਟਾਰੇ ਲਈ ਸਮਰਪਿਤ ਅਦਾਲਤਾਂ ਸਥਾਪਿਤ ਹੋਣ। ਕੌਮੀ ਪੱਧਰ 'ਤੇ ਇੱਕ ਟੋਲ ਫਰੀ ਨੰਬਰ ਚਾਲੂ ਕੀਤਾ ਜਾਵੇ। ਮਹਿਲਾ ਪੁਲੀਸ ਅਧਿਕਾਰੀਆਂ ਦੀ ਦੇਖ-ਰੇਖ ਵਿੱਚ ਸਥਾਪਿਤ ਹੋਣ ਵਾਲਾ ਇਹ ਨੰਬਰ ਦੇਸ ਭਰ 'ਚ ਕੰਟਰੋਲ ਰੂਮ 'ਤੇ ਸਥਾਪਿਤ ਕੀਤਾ ਜਾਵੇ।
- ਅਜਿਹੇ ਕੇਸਾਂ ਦੀ ਜਾਂਚ ਇੱਕ ਮਹਿਲਾ ਪੁਲੀਸ ਅਧਿਕਾਰੀ ਵੱਲੋਂ ਗਜ਼ਟਿਡ ਅਫਸਰ ਦੀ ਦੇਖ-ਰੇਖ ਵਿੱਚ ਕੀਤੀ ਜਾਵੇ।
- ਮਹਿਲਾ ਸ਼ਿਕਾਇਤਕਰਤਾ ਨੂੰ ਬਿਆਨ ਦੇਣ ਲਈ ਪੁਲੀਸ ਥਾਣੇ ਨਾ ਬੁਲਾਇਆ ਜਾਵੇ, ਬਲਕਿ ਉਸ ਦਾ ਬਿਆਨ ਉਸ ਦੇ ਘਰ ਜਾ ਕੇ ਪਰਿਵਾਰਕ ਮੈਂਬਰਾਂ ਦੀ ਮੌਜੂਦਗੀ ਵਿੱਚ ਲਿਆ ਜਾਵੇ।
- ਚਲਾਨ ਜਾਂਚ ਖ਼ਤਮ ਕਰਨ ਤੋਂ ਬਾਅਦ ਘਟਨਾ ਵਾਪਰਨ ਦੇ 30 ਦਿਨਾਂ ਅੰਦਰ ਪੇਸ਼ ਕੀਤਾ ਜਾਵੇ।
- ਜ਼ਿਲ੍ਹਾ ਪੁਲੀਸ ਮੁਖੀ ਨੂੰ ਅਜਿਹੀਆਂ ਸ਼ਿਕਾਇਤਾਂ ਦਾ ਰੋਜ਼ਾਨਾ ਨਿਰੀਖਣ ਕਰਨਾ ਚਾਹੀਦਾ ਹੈ, ਜਦਕਿ ਡੀ.ਆਈ.ਜੀ. ਅਤੇ ਆਈ. ਜੀ. ਪੱਧਰ ਦੇ ਅਧਿਕਾਰੀਆਂ ਦਾ ਆਪਣੀ ਰੇਂਜ ਦੀਆਂ ਸ਼ਿਕਾਇਤਾਂ ਦਾ ਹਰੇਕ ਮਹੀਨੇ ਨਿਪਟਾਰਾ ਕਰਨਾ ਚਾਹੀਦਾ ਹੈ।
- ਮੌਜੂਦਾ ਫਾਰੈਂਸਿਕ ਲੈਬਾਰਟਰੀਆਂ ਨੂੰ ਨਵੇਂ ਤੋਂ ਨਵੇਂ ਸਾਜ਼ੋ-ਸਾਮਾਨ ਨਾਲ ਲੈਸ ਕੀਤਾ ਜਾਵੇ।

# ਫ਼ੌਜ ਛੱਡ ਰਹੇ ਨੇ ਭਾਰਤੀ ਫ਼ੌਜੀ

## ✪ ਤਿੰਨ ਸਾਲਾਂ 'ਚ 25063 ਫ਼ੌਜੀਆਂ ਨੇ ਸਮੇਂ ਤੋਂ ਪਹਿਲਾਂ ਰਿਟਾਇਰਮੈਂਟ ਲਈ ✪ ਵਿਦੇਸ਼ਾਂ 'ਚ ਭਾਲ ਰਹੇ ਨੇ ਭਵਿੱਖ

ਨਵੀਂ ਦਿੱਲੀ-ਰੱਖਿਆ ਮੰਤਰੀ ਏਕੇ ਐਂਟਨੀ ਨੇ ਲੋਕ ਸਭਾ 'ਚ ਇੱਕ ਸਵਾਲ ਦੇ ਜਵਾਬ 'ਚ ਕਿਹਾ ਸੀ ਕਿ ਪਿਛਲੇ 3 ਸਾਲਾਂ 'ਚ 25063 ਫ਼ੌਜੀ ਅਧਿਕਾਰੀਆਂ ਤੇ ਜਵਾਨਾਂ ਨੇ ਸਮੇਂ ਤੋਂ ਪਹਿਲਾਂ ਰਿਟਾਇਰਮੈਂਟ ਲੈ ਲਈ ਹੈ। ਇਸ ਤੋਂ ਇਲਾਵਾ ਕਾਰਗਿਲ ਜੰਗ ਤੋਂ ਬਾਅਦ ਹੁਣ ਤੱਕ ਫ਼ੌਜ ਦੇ 4400 ਲੋਕ ਬਿਨਾਂ ਜੰਗ ਦੇ ਹੀ ਮਾਰੇ ਗਏ ਹਨ, ਜਿਨ੍ਹਾਂ 'ਚੋਂ 390 ਲੋਕਾਂ ਨੇ ਡਿਊਟੀ ਦੌਰਾਨ ਆਤਮ-ਹੱਤਿਆ ਕੀਤੀ ਹੈ। ਕੈਗ ਰਿਪੋਰਟ ਅਨੁਸਾਰ 2006-10 ਵਿਚਾਲੇ ਫ਼ੌਜ ਤੋਂ 250 ਡਾਕਟਰਾਂ ਨੇ ਵੀ ਸਮੇਂ ਤੋਂ ਪਹਿਲਾਂ ਰਿਟਾਇਰਮੈਂਟ ਲੈਣੀ ਸ਼ੁਰੂ ਕਰ ਦਿੱਤੀ ਹੈ। ਇੱਥੋਂ ਤੱਕ ਕਿ 73 ਡਾਕਟਰ ਤਾਂ ਆਪਣੇ ਕਰਾਰ ਦੀ 15 ਲੱਖ ਰੁਪਏ ਦੀ ਫੀਸ ਵੀ ਫ਼ੌਜ ਨੂੰ ਦੇ ਕੇ ਨੌਕਰੀ ਛੱਡਣ ਲਈ ਤਿਆਰ ਹਨ। ਰੱਖਿਆ ਮੰਤਰੀ ਦਾ ਮੰਨਣਾ ਹੈ ਕਿ ਆਤਮ-ਹੱਤਿਆਵਾਂ ਦਾ ਮੁੱਖ ਕਾਰਨ ਫ਼ੌਜ 'ਚ ਸੀਨੀਅਰ ਤੇ ਜੂਨੀਅਰ ਅਧਿਕਾਰੀਆਂ ਤੇ ਜਵਾਨਾਂ ਵਿਚਾਲੇ ਮਤਭੇਦ ਹਨ। ਇੱਕ ਸਾਬਕਾ ਮੇਜਰ ਜਨਰਲ ਅਨੁਸਾਰ ਫ਼ੌਜ 'ਚ ਜੂਨੀਅਰ ਅਧਿਕਾਰੀਆਂ ਤੇ ਜਵਾਨਾਂ ਨੂੰ ਨਾਜਾਇਜ਼ ਪ੍ਰੇਸ਼ਾਨ ਕੀਤਾ ਜਾਂਦਾ ਹੈ, ਜਿਸ ਕਾਰਨ ਉਹ ਸਮੇਂ ਤੋਂ ਪਹਿਲਾਂ ਜਾਂ ਤਾਂ ਨੌਕਰੀ ਛੱਡ ਜਾਂਦੇ ਹਨ ਜਾਂ ਫਿਰ ਆਤਮ-ਹੱਤਿਆ ਕਰ ਲੈਂਦੇ ਹਨ।

ਫ਼ੌਜ ਨੂੰ 2009 'ਚ 46615 ਅਧਿਕਾਰੀਆਂ ਦੀ ਲੋੜ ਸੀ ਜਦਕਿ ਉਸ ਕੋਲ ਲੱਗਭਗ 35,000 ਅਧਿਕਾਰੀ ਹਨ। ਫ਼ੌਜ ਦੀ ਨੌਕਰੀ ਛੱਡ ਕੇ ਜ਼ਿਆਦਾਤਰ ਲੋਕ ਪ੍ਰਸ਼ਾਸਨਿਕ ਜਾਂ ਨਿੱਜੀ ਖੇਤਰ 'ਚ ਆ ਰਹੇ ਹਨ। ਜਿਸ 'ਚ



ਸੂਚਨਾ ਤਕਨੀਕੀ, ਇੰਜਨੀਅਰਿੰਗ, ਮੈਡੀਕਲ ਤੇ ਕਮਰਸ਼ੀਅਲ ਖੇਤਰ ਦੇ ਲੋਕ ਜ਼ਿਆਦਾ ਹਨ। ਫ਼ੌਜ ਦੇ ਅਧਿਕਾਰੀ ਅੱਜ-ਕੱਲ੍ਹ ਕਾਰਪੋਰੇਟ ਕਲਚਰ ਤੋਂ ਜ਼ਿਆਦਾ ਪ੍ਰਭਾਵਿਤ ਹੋ ਰਹੇ ਹਨ ਤੇ ਜਾਬ ਗਾਰੰਟੀ ਨਾ ਮਿਲਣ 'ਤੇ ਵੀ ਫ਼ੌਜ ਨੂੰ ਛੱਡ ਰਹੇ ਹਨ। ਸੂਤਰਾਂ ਅਨੁਸਾਰ ਕੁਝ ਅਧਿਕਾਰੀਆਂ ਨੇ ਹੁਣੇ ਪ੍ਰਾਈਵੇਟ ਤੇਲ ਕੰਪਨੀ 'ਚ ਨੌਕਰੀ ਸ਼ੁਰੂ ਕੀਤੀ ਹੈ ਤੇ ਉਨ੍ਹਾਂ ਨੂੰ ਫ਼ੌਜ ਨਾਲੋਂ ਜ਼ਿਆਦਾ ਤਨਖ਼ਾਹ ਦਿੱਤੀ ਗਈ ਹੈ।

ਇਸ ਤੋਂ ਇਲਾਵਾ ਜਿਨ੍ਹਾਂ ਅਧਿਕਾਰੀਆਂ ਦੀ ਉਮਰ 35 ਸਾਲ ਤੱਕ ਹੈ, ਉਹ ਸਿਵਲ ਪ੍ਰਸ਼ਾਸਨਿਕ ਤੇ ਪੁਲੀਸ ਦੀਆਂ ਨੌਕਰੀਆਂ 'ਚ ਜਾ ਰਹੇ ਹਨ, ਜਦਕਿ ਉੱਥੇ ਤਨਖ਼ਾਹ ਵੀ ਘੱਟ ਹੈ। ਸੂਤਰਾਂ ਅਨੁਸਾਰ ਫ਼ੌਜ ਦੇ ਅਧਿਕਾਰੀ ਹੁਣ ਆਪਣੇ ਪਾਸਪੋਰਟ ਜ਼ਿਆਦਾ ਬਣਵਾ ਰਹੇ ਹਨ ਤੇ ਵਿਦੇਸ਼ਾਂ 'ਚ ਆਪਣਾ ਭਵਿੱਖ ਭਾਲ ਰਹੇ ਹਨ। ਰੱਖਿਆ ਮੰਤਰੀ ਨੇ ਕਿਹਾ ਕਿ ਫ਼ੌਜ 'ਚ ਛੁੱਟੀ ਦੇਣ ਦੇ ਮਾਮਲੇ 'ਚ ਢਿੱਲ ਦੇਣੀ ਚਾਹੀਦੀ ਹੈ। ਫ਼ੌਜ 'ਚ ਅਧਿਕਾਰੀਆਂ ਦੀ ਤਰੱਕੀ ਵੀ ਬਹੁਤ ਘੱਟ ਹੁੰਦੀ ਹੈ। 25 ਫੀਸਦੀ ਅਧਿਕਾਰੀ ਹੀ ਕਰਨਲ ਬਣਦੇ ਹਨ ਤੇ ਮੇਜਰ ਜਨਰਲ ਤੱਕ ਸਿਰਫ਼ 0.5 ਫੀਸਦੀ ਅਧਿਕਾਰੀ ਹੀ ਪਹੁੰਚਦੇ ਹਨ। ਖ਼ਤਰੇ ਵਾਲੇ ਸਥਾਨਾਂ 'ਤੇ ਪੋਸਟਿੰਗ ਨੂੰ ਲੈ ਕੇ ਵੀ ਸਿਆਸਤ ਹੁੰਦੀ ਹੈ। ਘੱਟ ਖ਼ਤਰੇ ਵਾਲੇ ਸਥਾਨਾਂ 'ਤੇ ਆਪਣੀ ਪੋਸਟਿੰਗ ਲਈ ਉੱਚ ਅਧਿਕਾਰੀ ਨੂੰ ਖ਼ੁਸ਼ ਕਰਨਾ ਜ਼ਰੂਰੀ ਹੁੰਦਾ ਹੈ। ਸਾਬਕਾ ਫ਼ੌਜ ਮੁਖੀ ਵੀ. ਕੇ. ਸਿੰਘ ਦਾ ਕਹਿਣਾ ਹੈ ਕਿ ਫ਼ੌਜ ਨੂੰ ਸਿਆਸਤ ਤੋਂ ਵੱਖ ਰੱਖਣਾ ਪਵੇਗਾ, ਤਾਂ ਕਿ ਫ਼ੌਜ 'ਚ ਭ੍ਰਿਸ਼ਟਾਚਾਰ 'ਤੇ ਕਾਬੂ ਪਾਇਆ ਜਾ ਸਕੇ, ਨਹੀਂ ਤਾਂ ਨੌਜਵਾਨਾਂ ਨੂੰ ਬਿਹਤਰ ਕੈਰੀਅਰ ਦੇਣ ਵਾਲੀ ਭਾਰਤੀ ਫ਼ੌਜ 'ਤੇ ਸਵਾਲੀਆ ਨਿਸ਼ਾਨ ਲੱਗ ਜਾਵੇਗਾ।

# ਪੰਜਾਬ ਪੁਲੀਸ ਨੇ ਪਾਇਰੇਸੀ ਕਰਨ ਵਾਲਿਆਂ 'ਤੇ ਕੱਸਿਆ ਸ਼ਿਕੰਜਾ

## ✪ ਪਾਇਰੇਸੀ ਕਾਰਨ ਹਰ ਵਰ੍ਹੇ ਹੋ ਰਿਹੈ 650 ਕਰੋੜ ਰੁਪਏ ਦਾ ਨੁਕਸਾਨ



ਚੰਡੀਗੜ੍ਹ-ਸੰਗੀਤ ਕੰਪਨੀਆਂ, ਗਾਇਕਾਂ, ਸੰਗੀਤਕਾਰਾਂ ਦਾ ਤੋਰੀ ਫੁਲਕਾ ਜਿੰਨ੍ਹਾ ਪਾਇਰੇਸੀ ਨੇ ਘੱਟ ਕੀਤਾ, ਓਨਾ ਕਿਸੇ ਨੇ ਵੀ ਨਹੀਂ ਕੀਤਾ, ਕਿਉਂਕਿ ਕਿਸੇ ਸੰਗੀਤ ਕੰਪਨੀ ਨੇ ਜੇਕਰ ਕੋਈ ਗੀਤ ਰੀਲ੍ਹ ਕੱਢੀ ਤਾਂ ਚੋਰੀ, ਸੀਡੀ ਤੇ ਗੀਤਾਂ ਦੀਆਂ ਕੈਸਿਟਾਂ ਬਣਾ ਕੇ ਵੇਚਣ ਵਾਲੇ ਪਾਇਰੇਟਰਾਂ ਨੇ ਅਸਲੀਅਤ ਦਾ ਲੱਕ ਤੋੜ ਦਿੱਤਾ, ਜਿਸ ਕਰਕੇ ਨਾਮਵਰ ਗਾਇਕ ਦੀ ਵੀ ਕੋਈ ਵੱਡੀ ਕੰਪਨੀ ਕੈਸਿਟ ਕੱਢਣੋਂ, ਘਾਟੇ ਦਾ ਸੌਦਾ ਕਹਿ ਕੇ ਇਨਕਾਰ ਕਰ ਦਿੰਦੀ ਹੈ, ਜਿਸ ਕਾਰਨ ਹੀ ਗਾਇਕ ਨੂੰ ਪੱਲਿਓਂ ਪੈਸੇ ਲਗਾਉਣੇ ਪੈ ਰਹੇ ਹਨ, ਜਿਸ ਨਾਲ ਉਸ ਦਾ ਗਾਇਕੀ ਖੇਤਰ ਵਿੱਚ ਨਾਂ ਚੱਲਦਾ ਰਹੇ। ਭਾਰਤੀ ਸੰਗੀਤ ਉਦਯੋਗ (ਆਈ.ਐੱਮ.ਆਈ.) ਤੋਂ ਪ੍ਰਾਪਤ ਸੂਚਨਾ ਦੇ ਆਧਾਰ 'ਤੇ ਪੰਜਾਬ ਪੁਲੀਸ ਨੇ ਸਾਲ ਚੜ੍ਹਦਿਆਂ ਹੀ ਚੰਡੀਗੜ੍ਹ, ਪਟਿਆਲਾ, ਲੁਧਿਆਣਾ, ਫਿਰੋਜ਼ਪੁਰ, ਅੰਮ੍ਰਿਤਸਰ, ਜਲੰਧਰ, ਬਟਾਲਾ, ਨਵਾਂਸ਼ਹਿਰ, ਸੰਗਰੂਰ, ਰੋਪੜ, ਮੁਕਤਸਰ ਅਤੇ ਅਮਰਗੜ੍ਹ ਆਦਿ ਸ਼ਹਿਰਾਂ ਤੋਂ 18 ਲੋਕਾਂ ਨੂੰ ਪਾਇਰੇਸੀ ਕਰਦਿਆਂ ਗ੍ਰਿਫ਼ਤਾਰ ਕੀਤਾ ਹੈ।

ਇਨ੍ਹਾਂ ਲੋਕਾਂ ਕੋਲੋਂ ਪਾਇਰੇਟਿਡ ਸਮੱਗਰੀ ਜਿਵੇਂ ਪੀ.ਸੀ., ਕਾਰਡ ਰੀਡਰ, ਡੀ ਵੀ ਡੀ ਰਾਈਟਰਸ ਬਰਾਮਦ ਕੀਤੇ ਹਨ, ਜਿਨ੍ਹਾਂ 'ਚ 18 ਕੰਪਿਊਟਰ, 18 ਕਾਰਡ ਰੀਡਰ, 18 ਮੋਬਾਈਲ ਚਿੱਪਾਂ, 18 ਡੀ.ਵੀ.ਡੀ. ਰਾਈਟਰਜ਼ ਤੋਂ ਇਲਾਵਾ 36 ਉਪਕਰਨ ਬਰਾਮਦ ਕੀਤੇ ਹਨ, ਜੋ ਪਾਇਰੇਸੀ ਲਈ ਕੰਮ ਆਉਂਦੇ ਹਨ। ਪੁਲੀਸ ਨੇ ਵੱਖ-ਵੱਖ ਹਿੱਟ ਫ਼ਿਲਮਾਂ ਅਤੇ ਗੀਤਾਂ ਦੀਆਂ ਨਕਲੀ ਵੀ.ਸੀ.ਡੀ. ਅਤੇ ਐਮ.ਪੀ. 3 ਵੀ ਬਰਾਮਦ ਕੀਤੇ ਹਨ, ਜਿਨ੍ਹਾਂ 'ਚ ਰਾਜਾ ਹਿੰਦੋਸਤਾਨੀ, ਮੇਲ ਕਰਾ ਦੇ ਰੱਬਾ, ਸਾਜਨ, ਰਾਜ, ਕੁਛ ਕੁਛ ਹੋਤਾ ਹੈ, ਚਮਕੀਲਾ ਸਾਰੇਗਾਮਾ ਆਦਿ ਹਨ। ਜੇਕਰ ਕਾਨੂੰਨ ਦੀ ਨਜ਼ਰ ਤੋਂ ਵੇਖਿਆ ਜਾਵੇ, ਤਾਂ ਪਾਇਰੇਸੀ ਇੱਕ ਜੁਰਮ ਹੈ ਅਤੇ ਇਸ ਵਿੱਚ ਸ਼ਾਮਲ ਹੋਣ ਉੱਤੇ 50 ਹਜ਼ਾਰ ਤੋਂ ਲੈ ਕੇ 3 ਲੱਖ ਰੁਪਏ ਦਾ ਜ਼ੁਰਮਾਨਾ ਜਾਂ 3 ਸਾਲ ਦੀ ਕੈਦ ਤੱਕ ਵੀ ਹੋ ਸਕਦੀ ਹੈ। ਭਾਰਤੀ ਸੰਗੀਤ ਉਦਯੋਗ ਦੇ ਸੂਬਾ ਕੋਆਰਡੀਨੇਟਰ ਡੀ.ਐੱਸ. ਧਾਲੀਵਾਲ ਅਨੁਸਾਰ ਪਹਿਲਾਂ ਉਹ ਨਿਯਮਿਤ ਇਨ੍ਹਾਂ ਦੁਕਾਨਾਂ 'ਤੇ ਜਾਂਦੇ ਹਨ ਤੇ ਮਾਰਕੀਟਿੰਗ ਲਾਈਸੈਂਸ ਲੈਣ ਲਈ ਅਰਜ਼ੋਈ ਕਰਦੇ ਹਨ। ਜਦੋਂ ਅਜਿਹੇ ਲੋਕ ਨਿਯਮ ਮੰਨਣ ਤੋਂ ਇਨਕਾਰੀ ਹੁੰਦੇ ਹਨ, ਤਾਂ ਜਾ ਕੇ ਇਨ੍ਹਾਂ ਨੂੰ ਪਾਇਰੇਸੀ ਕਰਦੇ ਫੜਿਆ ਗਿਆ ਹੈ।

ਸਾਲ 2012 'ਚ ਇੱਕ ਅੰਦਾਜ਼ੇ ਅਨੁਸਾਰ 500 ਤੋਂ ਵੱਧ ਲੋਕਾਂ ਨੂੰ ਪੰਜਾਬ ਵਿੱਚ ਪਾਇਰੇਟਿਡ ਸੰਗੀਤ ਵੇਚਣ ਲਈ ਗ੍ਰਿਫ਼ਤਾਰ ਕਰਵਾਇਆ ਗਿਆ ਹੈ। ਹਰ ਵਰ੍ਹੇ 650 ਕਰੋੜ ਰੁਪਏ ਦਾ ਨੁਕਸਾਨ ਪਾਇਰੇਸੀ ਕਾਰਨ ਭਾਰਤੀ ਸੰਗੀਤ ਉਦਯੋਗ ਨੂੰ ਹੋ ਰਿਹਾ ਹੈ।

# ਆਲ ਇੰਡੀਆ ਅਕਾਲੀ ਦਲ ਦੀ ਸਮੁੱਚੀ ਟੀਮ ਸ. ਜਸਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਿਚ ਸ਼ਾਮਿਲ : ਮਾਨ



ਫਤਹਿਗੜ੍ਹ ਸਾਹਿਬ–"ਅੱਜ ਕਿਲ੍ਹਾ ਸ. ਹਰਨਾਮ ਸਿੰਘ ਵਿਖੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਸਿਆਸੀ ਮਾਮਲਿਆਂ ਦੀ ਇਕ ਹੋਈ ਜ਼ਰੂਰੀ ਇਕੱਤਰਤਾ ਵਿਚ ਸ. ਜਸਵੰਤ ਸਿੰਘ ਮਾਨ ਪ੍ਰਧਾਨ ਆਲ ਇੰਡੀਆ ਅਕਾਲੀ ਦਲ ਦੀ ਅਗਵਾਈ ਵਿਚ ਉਹਨਾਂ ਦੀ ਸਮੁੱਚੀ ਟੀਮ ਨੇ ਜਿਥੇ ਬਿਨ੍ਹਾਂ ਸ਼ਰਤ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਜਥੇਬੰਦੀ ਵਿਚ ਸ਼ਮੂਲੀਅਤ ਕੀਤੀ, ਉਥੇ ਸ. ਜਸਵੰਤ ਸਿੰਘ ਮਾਨ ਨੇ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਕਿਹਾ ਕਿ ਅਸੀਂ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਸਿੱਖ ਕੌਮ ਨੂੰ ਦਰਪੇਸ਼ ਆ ਰਹੀਆਂ ਧਾਰਮਿਕ, ਸਮਾਜਿਕ, ਇਖ਼ਲਾਕੀ, ਸਿਆਸੀ ਮੁਸ਼ਕਿਲਾਂ ਨੂੰ ਦੂਰ ਕਰਨ ਅਤੇ ਕੌਮੀ ਨਿਸ਼ਾਨੇ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਕੀਤੇ ਜਾ ਰਹੀ ਸੰਜ਼ੀਦਗੀ ਭਰੇ ਸੁਹਿਰਦ ਉਦਮਾਂ ਦੀ ਬਦੌਲਤ ਸਾਡੀ ਸਮੁੱਚੀ ਪਾਰਟੀ ਨੇ ਬਿਨ੍ਹਾਂ ਸ਼ਰਤ ਸ. ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿਚ ਚਲਣ ਦਾ ਫੈਸਲਾ ਕੀਤਾ ਹੈ । ਉਹਨਾਂ ਕਿਹਾ ਕਿ ਸਾਡੀ ਪਾਰਟੀ ਦੇ ਪੰਜਾਬ, ਹਰਿਆਣਾ, ਹਿਮਾਚਲ, ਜੰਮੂ-ਕਸ਼ਮੀਰ, ਰਾਜਸਥਾਨ, ਚੰਡੀਗੜ੍ਹ, ਦਿੱਲੀ ਅਤੇ ਹੋਰ ਸਥਾਨਾਂ ਉਤੇ ਕੰਮ ਕਰ ਰਹੇ ਅਹੁਦੇਦਾਰ ਅੱਜ ਤੋ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸਿਪਾਹੀ ਹੋਣਗੇ ਜੋ ਵੀ ਅਸੀਂ ਆਪਸੀ ਵਿਚਾਰ ਵਟਾਂਦਰੇ ਰਾਹੀਂ ਕੌਮੀ ਫੈਸਲੇ ਭਵਿੱਖ ਵਿਚ ਲਵਾਂਗੇ, ਸਾਡੇ ਵਰਕਰ ਤੇ ਅਹੁਦੇਦਾਰ ਉਹਨਾਂ ਨੂੰ ਲਾਗੂ ਕਰਨ ਅਤੇ ਪ੍ਰਚਾਰ ਕਰਨ ਵਿਚ ਤਨਦੇਹੀ ਨਾਲ ਕੰਮ ਕਰਨਗੇ । ਸਿੱਖ ਕੌਮ ਨਾਲ ਹੋ ਰਹੇ ਜ਼ਬਰ-ਜੁਲਮ ਤੇ ਬੇਇਨਸਾਫ਼ੀਆਂ ਨੂੰ ਖ਼ਤਮ ਕਰਵਾਉਣ ਲਈ ਸ. ਮਾਨ ਦੀ ਅਗਵਾਈ ਵਿਚ ਇਹ ਸਰਗਰਮੀਆਂ ਜਾਰੀ ਰੱਖਾਂਗੇ । ਉਹਨਾਂ ਕਿਹਾ ਜੇਕਰ ਅਜੋਕੇ ਸਮੇਂ ਵਿਚ ਸਿੱਖ ਕੌਮ ਨੂੰ ਆਪਣੀ ਮੰਜ਼ਿਲ ਤੇ ਪਹੁੰਚਾਉਣ ਲਈ ਕੋਈ ਸਖ਼ਸ਼ੀਅਤ ਸਹੀ ਅਗਵਾਈ ਦੇਣ ਦੇ ਸਮਰੱਥ ਹੈ ਤਾਂ ਉਹ ਕੇਵਲ ਤੇ ਕੇਵਲ ਸ. ਸਿਮਰਨਜੀਤ ਸਿੰਘ ਮਾਨ ਹੀ ਹਨ । ਸ. ਜਸਵੰਤ ਸਿੰਘ ਮਾਨ ਪ੍ਰਧਾਨ ਆਲ ਇੰਡੀਆ ਅਕਾਲੀ ਦਲ ਦੇ ਨਾਲ ਸਾਮਿਲ ਹੋਣ ਵਾਲੀਆਂ ਪ੍ਰਮੁੱਖ ਸਖਸ਼ੀਅਤਾਂ ਵਿਚ ਸ. ਤਾਲਿਬ ਸਿੰਘ ਸੰਧੂ ਸਾਬਕਾ ਐਮ.ਐਲ.ਏ, ਸ. ਬਲਵਿੰਦਰ ਸਿੰਘ ਬਾਜਵਾ, ਸ. ਪਲਵਿੰਦਰ ਸਿੰਘ ਸੋਢੀ ਪ੍ਰਧਾਨ ਟਰੱਕ ਯੂਨੀਅਨ ਕਰਨਾਲ, ਪ੍ਰੋ: ਅਜੀਤ ਸਿੰਘ ਕਾਹਲੋ ਤੇ ਸ. ਨਰਿੰਦਰ ਸਿੰਘ ਅਤੇ ਹੋਰ ਵੱਡੀ ਗਿਣਤੀ ਵਿਚ ਅਹੁਦੇਦਾਰਾਂ ਨੇ ਸਮੂਲੀਅਤ ਕੀਤੀ।

ਇਹ ਜਾਣਕਾਰੀ ਸ. ਇਕਬਾਲ ਸਿੰਘ ਟਿਵਾਣਾ ਸਿਆਸੀ ਤੇ ਮੀਡੀਆ ਸਲਾਹਕਾਰ ਤੇ ਮੁੱਖ ਬੁਲ-ਾਰਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪਾਰਟੀ ਦੇ ਮੁੱਖ ਦਫ਼ਤਰ ਤੋ ਮੀਟਿੰਗ ਦੇ ਵੇਰਵੇ ਦਿੰਦੇ ਹੋਏ ਇਕ ਪ੍ਰੈਸ ਰਲੀਜ ਵਿਚ ਦਿੱਤੀ। ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸ. ਜਸਵੰਤ ਸਿੰਘ ਮਾਨ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਕੀਤੇ ਗਏ ਕੌਮ ਪੱਖੀ ਫੈਸਲੇ ਦਾ ਜੋਰਦਾਰ ਸ਼ਬਦਾਂ ਵਿਚ ਸਵਾਗਤ ਕਰਦੇ ਹੋਏ ਕਿਹਾ ਕਿ ਸ. ਜਸਵੰਤ ਸਿੰਘ ਮਾਨ ਬਹੁਤ ਹੀ ਸੁਲਝੇ ਹੋਏ ਅਤੇ ਹੁਣ ਤੱਕ ਦੇ ਸਿੱਖ ਇਤਿਹਾਸ ਦੀ ਡੂੰਘੀ ਜਾਣਕਾਰੀ ਰੱਖਣ ਵਾਲੇ ਅਤੇ ਕੌਮ ਨੂੰ ਦਰਪੇਸ ਮੁਸ਼ਕਿਲਾਂ ਵਿਚੋਂ ਕੱਢਣ ਲਈ ਚੋਖਾ ਤੁਜ਼ਰਬਾ ਰੱਖਦੇ ਹਨ । ਫਿਰ ਉਹ ਕੌਮੀ ਨਿਸ਼ਾਨੇ ਲਈ ਵੀ ਪੂਰੇ ਇਮਾਨਦਾਰ ਹਨ । ਅਜਿਹੇ ਗੁਰਮੁੱਖ ਸੱਜ਼ਣਾਂ ਵੱਲੋਂ ਪਾਰਟੀ ਦੀ ਸੋਚ ਨੂੰ ਪ੍ਰਵਾਨ ਕਰਕੇ ਚੱਲਣ ਦੇ ਕੀਤੇ ਗਏ ਫੈਸਲੇ ਨਾਲ ਆਉਣ ਵਾਲੇ ਸਮੇਂ ਵਿਚ ਕੌਮ ਪੱਖੀ ਨਤੀਜੇ ਜ਼ਰੂਰ ਨਿਕਲਣਗੇ । ਕਿਉਕਿ ਸ. ਜਸਵੰਤ ਸਿੰਘ ਮਾਨ ਦਾ ਵੱਡੀ ਗਿਣਤੀ ਵਿਚ ਪੰਥਕ ਸਖਸ਼ੀਅਤਾਂ ਨਾਲ ਡੂੰਘਾਂ ਮੇਲ-ਜੋਲ ਹੈ ਅਤੇ ਬਾਦਲੀਲ ਇਤਿਹਾਸਿਕ ਤੇ ਸਿਆਸੀ ਵੇਰਵੇ ਦਿੰਦੇ ਹੋਏ ਉਹਨਾਂ ਸਖਸ਼ੀਅਤਾਂ ਨੂੰ ਕੌਮੀ ਪਲੇਟਫਾਰਮ ਤੇ ਲਿਆਉਣ ਲਈ ਮੁੱਖ ਭੂਮਿਕਾ ਨਿਭਾਉਣਗੇ । ਜਿਸ ਨਾਲ ਸਿੱਖ ਕੌਮ ਆਪਸੀ ਸਹਿਯੋਗ ਰਾਹੀ ਜਲਦੀ ਹੀ ਆਪਣੀ ਮੰਜ਼ਿਲ ਤੇ ਪਹੁੰਚਣ ਤੋ ਇਨਕਾਰ ਨਹੀ ਕੀਤਾ ਜਾ ਸਕਦਾ । ਸ. ਮਾਨ ਨੇ ਹੋਰ ਵੀ ਪੰਥਕ ਸਖਸ਼ੀਅਤਾਂ, ਜਿਨ੍ਹਾਂ ਦਾ ਬੀਤੇ ਸਮੇਂ ਦੇ ਸੰਘਰਸ਼ ਅਤੇ ਇਤਿਹਾਸ ਵਿਚ ਭੂਮਿਕਾ ਰਹੀ ਹੈ ਅਤੇ ਜੋ ਕੌਮੀ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ ਉਤਾਵਲੇ ਹਨ, ਉਹਨਾਂ ਨੂੰ ਵੀ ਸ. ਜਸਵੰਤ ਸਿੰਘ ਮਾਨ ਜੀ ਦੀ ਤਰ੍ਹਾਂ ਕੌਮ ਪੱਖੀ ਫੈਸਲਾ ਕਰਕੇ ਸਮੁੱਚੀ ਸੁਹਿਰਦ ਸਿੱਖ ਲੀਡਰਸ਼ਿਪ ਨੂੰ ਕੌਮੀ ਪਲੇਟਫਾਰਮ ਤੇ ਆਉਣ ਦਾ ਸਤਿਕਾਰ ਸਾਹਿਤ ਖੁੱਲ੍ਹਾਂ ਸੱਦਾ ਦਿੱਤਾ । ਇਸ ਸਮੂਲੀਅਤ ਦਾ ਐਲਾਣ ਕਰਨ ਤੋ ਪਹਿਲੇ ਸਮੁੱਚੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਪੀ.ਏ.ਸੀ. ਕਮੇਟੀ ਅਤੇ ਸ. ਜਸਵੰਤ ਸਿੰਘ ਮਾਨ ਦੀ ਪਾਰਟੀ ਦੇ ਅਹੁਦੇਦਾਰਾਂ ਨੇ ਕੌਮੀ ਮਸਲਿਆਂ ਉਤੇ ਅਤੇ ਖ਼ਾਲਿਸਤਾਨ ਨੂੰ ਜਮਹੂਰੀਅਤ ਅਤੇ ਅਮਨਮਈ ਤਰੀਕੇ ਕਿਵੇ ਪ੍ਰਾਪਤ ਕਰਨਾ ਹੈ ਅਤੇ ਕਿਹੜੇ ਡਿਪਲੋਮੈਟਿਕ ਢੰਗ ਅਪਣਾਉਣੇ ਹਨ ਅਤੇ ਕੌਮ ਨੂੰ ਦੁੱਖ ਤਕਲੀਫ਼ਾਂ ਵਿਚੋਂ ਕਿਵੇ ਕੱਢਣਾਂ ਹੈ ਕੋਈ 11:00 ਵਜੇ ਤੋ ਲੈਕੇ 4:00 ਵਜੇ ਤੱਕ 5 ਘੰਟੇ ਖੁੱਲ੍ਹੀਆਂ ਵਿਚਾਰਾਂ ਹੋਈਆਂ ਅਤੇ ਇਕ-ੱਤਰ ਹੋਕੇ ਦ੍ਰਿੜਤਾ ਨਾਲ ਚੱਲਣ ਦਾ ਫੈਸਲਾ ਕੀਤਾ। ਪਾਰਟੀ ਨੇ ਸ. ਜਸਵੰਤ ਸਿੰਘ ਮਾਨ ਪ੍ਰਧਾਨ ਆਲ ਇੰਡੀਆ ਅਕਾਲੀ ਦਲ ਤੇ ਉਹਨਾਂ ਦੇ ਸਾਥੀਆਂ ਵੱਲੋਂ ਸਮੂਲੀਅਤ ਕਰਨ ਦੇ ਫੈਸਲੇ ਦਾ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਦੇ ਪੰਥਕ ਨਾਅਰਿਆਂ ਨਾਲ ਅਤੇ ਲੱਡੂ ਵੰਡਕੇ ਜੋਰਦਾਰ ਸਵਾਗਤ ਕੀਤਾ ।

ਅੱਜ ਦੀ ਇਸ ਵਿਸ਼ੇਸ਼ ਮੀਟਿੰਗ ਵਿਚ ਸ. ਸਿਮਰਨਜੀਤ ਸਿੰਘ ਮਾਨ ਅਤੇ ਸ. ਜਸਵੰਤ ਸਿੰਘ ਮਾਨ ਤੋ ਇਲਾਵਾ ਭਾਈ ਧਿਆਨ ਸਿੰਘ ਮੰਡ, ਜਥੇਦਾਰ ਭਾਗ ਸਿੰਘ ਸੁਰਤਾਪੁਰ, ਬਾਬਾ ਅਮਰਜੀਤ ਸਿੰਘ ਕਿਲ੍ਹਾ ਹਕੀਮਾਂ, ਇਕਬਾਲ ਸਿੰਘ ਟਿਵਾਣਾ, ਪ੍ਰੋ: ਮਹਿੰਦਰਪਾਲ ਸਿੰਘ, ਗੁਰਸੇਵਕ ਸਿੰਘ ਜਵਾਹਰਕੇ, ਜਸਕਰਨ ਸਿੰਘ ਕਾਹਨਸਿੰਘਵਾਲਾ, ਗੁਰਿੰਦਰਪਾਲ ਸਿੰਘ ਧਨੌਲਾ, ਮਾਸਟਰ ਕਰਨੈਲ ਸਿੰਘ ਨਾਰੀਕੇ, ਬਹਾਦਰ ਸਿੰਘ ਭਸੋੜ, ਕੁਲਦੀਪ ਸਿੰਘ ਭਾਗੋਵਾਲ, ਹਰਭਜਨ ਸਿੰਘ ਕਸ਼ਮੀਰੀ, ਅਵਤਾਰ ਸਿੰਘ ਖੱਖ, ਰਣਜੀਤ ਸਿੰਘ ਸੰਘੇੜਾ, ਗੁਰਨੈਬ ਸਿੰਘ ਨੈਬੀ, ਰਣਜੀਤ ਸਿੰਘ ਚੀਮਾ, ਗੁਰਜੰਟ ਸਿੰਘ ਕੱਟੂ, ਸਿਮਰਨ ਸਿੰਘ ਐਡਵੋਕੇਟ, ਜਰਨੈਲ ਸਿੰਘ ਸਖੀਰਾ ਅਤੇ ਧਰਮ ਸਿੰਘ ਕਲੌੜ, ਆਦਿ ਆਗੂਆਂ ਨੇ ਸ਼ਮੂਲੀਅਤ ਕਰਦੇ ਹੋਏ ਵਿਚਾਰ ਪ੍ਰਗਟ ਕੀਤੇ ।

***ਮੁਸਲਿਮ ਪੰਚਾਇਤ ਦਾ ਫਤਵਾ***

## ਕੁੜੀਆਂ ਵਿਆਹਾਂ 'ਚ ਨਹੀਂ ਨੱਚਣਗੀਆਂ

ਉਦੇਪੁਰ-ਜ਼ਿਲ੍ਹੇ ਦੀ ਇੱਕ ਪੰਚਾਇਤ ਨੇ ਘੱਟਗਿਣਤੀ ਫਿਰਕੇ ਦੀਆਂ ਲੜਕੀਆਂ ਦੇ ਵਿਆਹਾਂ ਵਿੱਚ ਨੱਚਣ ਅਤੇ ਮੋਬਾਈਲ ਵਰਤਣ ਉੱਤੇ ਰੋਕ ਲਗਾ ਦਿੱਤੀ ਹੈ। ਇੱਥੋਂ 70 ਕਿਲੋਮੀਟਰ ਦੂਰ ਸਲੂਬਰ ਕਸਬੇ ਵਿੱਚ ਅੰਜੂਮਨ ਮੁਸਲਿਮ ਪੰਚਾਇਤ ਨੇ ਹਦਾਇਤ ਜਾਰੀ ਕੀਤੀ ਹੈ ਕਿ ਕੁੜੀਆਂ ਨੂੰ ਕਿਹਾ ਜਾਵੇ ਕਿ ਉਹ ਘਰਾਂ ਤੋਂ ਬਾਹਰ ਮੋਬਾਈਲ ਦੀ ਵਰਤੋਂ ਨਾ ਕਰਨ। ਅਜਿਹਾ ਭਾਈਚਾਰੇ ਵਿੱਚ ਲਵ ਮੈਰਿਜ ਅਤੇ ਅੰਤਰਜਾਤੀ ਵਿਆਹਾਂ ਦੇ ਵੱਧ ਰਹੇ ਰੁਝਾਨ ਨੂੰ ਵੇਖਦੇ ਹੋਏ ਕੀਤਾ ਗਿਆ ਹੈ। ਕੁੜੀਆਂ ਨੂੰ ਸਿਰਫ਼ ਆਪਣੇ ਮਾਤਾ-ਪਿਤਾ ਸਾਹਮਣੇ ਹੀ ਮੋਬਾਈਲ ਵਰਤੋਂ ਦੀ ਇਜਾਜ਼ਤ ਹੋਵੇਗੀ। ਉਹ ਸਕੂਲਾਂ ਅਤੇ ਕਾਲਜਾਂ ਵਿੱਚ ਇਸ ਦੀ ਵਰਤੋਂ ਨਹੀਂ ਕਰ ਸਕਣਗੀਆਂ। ਸੰਸਥਾ ਦੇ ਸਕੱਤਰ ਹਬੀਬਊਰ ਰਹਿਮਾਨ ਨੇ ਨੇ ਕਿਹਾ ਕਿ ਅਸੀਂ ਵਿਆਹਾਂ ਵਿੱਚ ਕੁੜੀਆਂ ਦੇ ਨੱਚਣ ਦੇ ਵਿਰੁੱਧ ਹਾਂ। ਫ਼ੈਸਲੇ ਨੂੰ ਜਾਇਜ਼ ਠਹਿਰਾਉਂਦੇ ਹੋਏ, ਉਨ੍ਹਾਂ ਕਿਹਾ ਕਿ ਅਜਿਹਾ ਸੁਰੱਖਿਅਤ ਮਾਹੌਲ ਬਣਾਉਣ ਲਈ ਜ਼ਰੂਰੀ ਹੈ। ਇਹ ਸਭ ਔਰਤਾਂ ਦੀ ਸੁਰੱਖਿਆ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਚਾਇਤ ਵੈਸੇ ਔਰਤਾਂ ਦੀ ਆਜ਼ਾਦੀ ਦੇ ਖ਼ਿਲਾਫ਼ ਨਹੀਂ ਹੈ, ਪਰ ਉਨ੍ਹਾਂ ਦਾ ਸਨਮਾਨ ਕਾਇਮ ਰੱਖਣ ਲਈ ਇਹ ਰੋਕਾਂ ਜ਼ਰੂਰੀ ਹਨ।



# ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਵੱਲੋਂ ਮੋਹਣ ਸਿੰਘ ਕੁੱਕੜਪਿੰਡੀਆ ਦਾ ਨਾਵਲ ਰਿਲੀਜ਼



ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਵੱਲੋਂ ਨਵੇਂ ਵਰੇ ਦੀ ਆਮਦ 'ਤੇ ਮਰਹੂਮ ਸ਼ਾਇਰ ਨਰਿੰਦਰ ਮਾਨਵ ਅਤੇ ਸੁਭਾਸ਼ ਕਲਾਕਾਰ ਦੀ ਯਾਦ ਨੂੰ ਸਮਰਪਿਤ ਕਵੀ ਦਰਬਾਰ ਅਤੇ ਪੁਸਤਕ ਰਲੀਜ਼ ਸਮਾਰੋਹ ਇਥੇ ਵਿਰਸਾ ਵਿਹਾਰ ਵਿਖੇ ਕਰਵਾਇਆ ਗਿਆ। ਇਸ ਮੌਕੇ ਪ੍ਰਧਾਨਗੀ ਮੰਡਲ ਵਿਚ ਹਰਭਜਨ ਸਿੰਘ ਬੈਂਸ, ਗਿਆਨ ਸਿੰਘ ਕੋਟਲੀ, ਮੋਹਣ ਸਪਰਾ, ਪਰਮਜੀਤ ਕੁਮਾਰ, ਮੰਚ ਦੇ ਪ੍ਰਧਾਨ ਰਾਜਿੰਦਰ ਪ੍ਰਦੇਸੀ, ਨਰਿੰਦਰ ਮਾਨਵ ਦੀਪਤਨੀ ਸ੍ਰੀਮਤੀ ਇਸ਼ਵਿੰਦਰ ਕੌਰ ਮਾਨਵ ਅਤੇ ਮੋਹਣ ਸਿੰਘ ਕੁੱਕੜਪਿੰਡੀਆ ਸੁਸ਼ੋਭਿਤ ਹੋਏ। ਸਭ ਤੋਂ ਪਹਿਲਾਂ ਦਿੱਲੀ ਬਲਾਤਕਾਰ ਦੀ ਸ਼ਿਕਾਰ ਬੇਟੀ ਦਾਮਿਨੀ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ।

ਇਸ ਉਪਰੰਤ ਪ੍ਰਵਾਸੀ ਲੇਖਕ ਮੋਹਣ ਸਿੰਘ ਕੁੱਕੜਪਿੰਡੀਆ ਦਾ 19ਵਾਂ ਨਾਵਲ 'ਮੈਨੂੰ ਟੋਹਲ ਲਈਂ ਵਲੈਤੋਂ ਆ ਕੇ' ਰਲੀਜ਼ ਕੀਤਾ ਗਿਆ। ਨਾਵਲ 'ਤੇ ਪਰਚਾ ਹਰਮੀਤ ਸਿੰਘ ਅਟਵਾਲ ਨੇ ਪੜ੍ਹਿਆ ਅਤੇ ਕਰਨੈਲ ਸਿੰਘ ਨਿੱਝਰ ਨੇ ਇਸ 'ਤੇ ਆਪਣੇ ਵਿਚਾਰ ਪੇਸ਼ ਕੀਤੇ। ਵਿਦਵਾਨ ਲੇਖਕਾਂ ਦਾ ਵਿਚਾਰ ਸੀ ਕਿ ਨਾਵਲ, ਧੜਾਧੜ ਪ੍ਰਵਾਸ ਧਾਰਨ ਕਰ ਰਹੇ ਲੋਕਾਂ ਦੀਆਂ ਸਮੱਸਿਆਵਾਂ ਦੀ ਤਸਵੀਰ ਪੇਸ਼ ਕਰਦਾ ਹੈ ਪਰ ਕਿਤੇ-ਕਿਤੇ ਨੰਗੇ ਸ਼ਬਦਾਂ ਤੋਂ ਬਚਿਆ ਜਾ ਸਕਦਾ ਸੀ। ਇਸ ਸਬੰਧੀ ਮੋਹਣ ਸਿੰਘ ਕੁੱਕੜਪਿੰਡੀਆ ਨੇ ਆਪਣੇ ਸਪੱਸ਼ਟੀਕਰਨ ਵਿਚ ਕਿਹਾ ਕਿ ਉਹ ਗੱਲ ਲੁਕੋ ਕੇ ਨਹੀਂ ਸਗੋਂ ਸਪੱਸ਼ਟਤਾ ਨਾਲ ਕਰਨ ਦਾ ਆਦੀ ਹੈ।

ਇਸ ਉਪਰੰਤ ਰਾਜਿੰਦਰ ਪ੍ਰਦੇਸੀ ਨੇ ਨਰਿੰਦਰ ਮਾਨਵ ਅਤੇ ਸੁਭਾਸ਼ ਕਲਾਕਾਰ ਦੇ ਸ਼ੇਅਰਾਂ ਨਾਲ ਦੋਵਾਂ ਸ਼ਾਇਰਾਂ ਨੂੰ ਸ਼ਰਧਾਂਜਲੀ ਦਿੰਦਿਆਂ ਕਵੀ ਦਰਬਾਰ ਦਾ ਆਗਾਜ਼ ਕਰਨ ਲਈ ਰੇਣੂੰ ਨਈਅਰ ਨੂੰ ਸੱਦਾ ਦਿੱਤਾ। ਕਵੀ ਦਰਬਾਰ ਵਿਚ ਚਾਰ ਭਾਸ਼ਾਵਾਂ ਦੇ ਜਿਨਾਂ ਸ਼ਾਇਰਾਂ ਨੇ ਕੜਾਕੇ ਦੀ ਠੰਡ ਵਿਚ ਮਾਹੌਲ ਨੂੰ ਗਰਮਾਈ ਰੱਖਿਆ ਉਨਾਂ ਵਿਚ ਡਾ. ਕਮਲ ਭੱਲਾ, ਪ੍ਰਕਾਸ਼ ਕੌਰ ਸੰਧੂ, ਸੁਰਿੰਦਰ ਕੌਰ ਬਾੜਾ, ਜਗਦੀਸ਼ ਰਾਣਾ, ਹਰਭਜਨ ਸਿੰਘ ਬੈਂਸ, ਗਿਆਨ ਸਿੰਘ ਕੋਟਲੀ, ਪਰਮਜੀਤ ਕੁਮਾਰ, ਜਸਪਾਲ ਜ਼ੀਰਵੀ, ਪਰਮਜੀਤ ਕੌਰ ਘੁੰਮਣ, ਵੀਰਇੰਦਰ ਸਿੰਘ ਪਰਹਾਰ, ਵਰਿੰਦਰ ਸ਼ਰਮਾ ਯੋਗੀ, ਡੀ.ਆਰ. ਬਜ਼ਮੀ, ਸੁਮਨ ਸ਼ਾਮਪੁਰੀ, ਕੁਲਵਿੰਦਰ ਫੁੱਲ, ਮੋਹਣ ਸਪਰਾ, ਚਰਨ ਸੀਚੇਵਾਲਵੀ, ਪਰਮਜੀਤ ਕੌਰ ਜ਼ੀਰਾ, ਨਕਾਸ਼ ਚਿੱਤੇਵਾਣੀ, ਸੁਰਿੰਦਰ ਮਲਸੀਆਂ ਅਤੇ ਨਰਿੰਦਰ ਮਾਨਵ ਦੀ ਬੇਟੀ ਪੁਨੀਤ ਕੌਰ ਨੇ ਮਾਨਵ ਦੀ ਲਿਖੀ ਆਖਰੀ ਗ਼ਜ਼ਲ ਹਾਜ਼ਰੀਨ ਨਾਲ ਸਾਂਝੀ ਕੀਤੀ। ਇਸ ਮੌਕੇ ਜੱਸ ਫਿਜ਼ਾ ਅਮਰੀਕਾ, ਵਾਸਦੇਵ ਸਿੰਘ ਪਰਹਾਰ, ਜਗੀਰ ਸਿੰਘ ਨੂਰ, ਮੋਹਣ ਲਾਲ ਫਿਲੌਰੀਆ, ਦਲਜੀਤ ਸਿੰਘ ਰਤਨ, ਤੀਰਥ ਸਿੰਘ ਸਪਰਾ, ਕਰਨ ਫੁੱਲ, ਗੁਰਦਿਆਲ ਸਿੰਘ ਕਾਹਲੋਂ, ਅਸ਼ੋਕ ਗੁਪਤਾ, ਮੋਹਣ ਸਿੰਘ ਸਹਿਗਲ ਅਤੇ ਹੋਰ ਸਾਹਿਤ ਪ੍ਰੇਮੀ ਹਾਜ਼ਰ ਸਨ।

-ਸੁਰਿੰਦਰ ਕੌਰ ਬਾੜਾ

# ਜਲੰਧਰ ਪ੍ਰਸ਼ਾਸਨ 'ਚ ਔਰਤ ਅਫ਼ਸਰਾਂ ਦੀ ਬੱਲੇ ਬੱਲੇ

**✪ ਬਾਦਲ ਸਰਕਾਰ ਨੇ ਜਲੰਧਰ ਪ੍ਰਸ਼ਾਸ਼ਨ 'ਚ ਲਿਆਂਦੀਆਂ ਇਨਕਲਾਬੀ ਤਬਦੀਲੀਆਂ ✪ ਦ੍ਰਿੜਤਾ ਨਾਲ ਕਾਰਜ ਕਰ ਰਹੀਆਂ ਹਨ ਅਫ਼ਸਰ ਬੀਬੀਆਂ**


ਗੁਰਪ੍ਰੀਤ ਦਿਓ


ਸ਼ਰੁਤੀ ਸਿੰਘ


ਸਰੋਜਨੀ ਗੌਤਮ ਸ਼ਾਰਦਾ


ਅਨੁਪਮ ਕਲੇਰ


ਨੀਲਮ ਕੁਮਾਰੀ


ਈਸ਼ਾ ਕਾਲੀਆ

ਜਲੰਧਰ-ਜਲੰਧਰ ਦਾ ਪ੍ਰਸ਼ਾਸਨ ਇਕ ਵੱਖਰੀ ਮਿਸਾਲ ਪੇਸ਼ ਕਰ ਰਿਹਾ ਹੈ, ਜਿਥੇ ਪ੍ਰਸ਼ਾਸਨ ਦੇ ਅਹਿਮ ਅਹੁਦਿਆਂ ਦੀ ਵਾਗਡੋਰ ਔਰਤ ਅਫਸਰਾਂ ਦੇ ਹੱਥ ਹੈ । ਸੂਬੇ ਅੰਦਰ ਇਹ ਨਿਵੇਕਲੀ ਕਿਸਮ ਦਾ ਤਜਰਬਾ ਹੈ ਜੋ ਔਰਤਾਂ ਲਈ ਸਤਿਕਾਰ ਪੈਦਾ ਕਰਨ ਦੇ ਨਾਲ ਲਿੰਗ ਬਰਾਬਰੀ ਦੀ ਭਾਵਨਾ ਨੂੰ ਵੀ ਉਤਸ਼ਾਹਿਤ ਕਰਦਾ ਹੈ। ਆਮ ਕਰਕੇ ਪ੍ਰਸ਼ਾਸਨ ਦਾ ਕੰਮ ਮਰਦਾਂ ਦੇ ਹੀ ਹਵਾਲੇ ਰਹਿੰਦਾ ਹੈ ਤੇ ਔਰਤਾਂ ਅਜਿਹੀ ਜ਼ਿੰਮੇਵਾਰੀ ਤੋਂ ਵਾਂਝੀਆਂ ਹੀ ਰਹੀਆਂ ਹਨ, ਪਰ ਬਾਦਲ ਸਰਕਾਰ ਨੇ ਇਕਲਾਬੀ ਸੋਚ ਦਾ ਪ੍ਰਗਟਾਵਾ ਕਰਦਿਆਂ ਜਲੰਧਰ ਵਿੱਚ ਪ੍ਰਸ਼ਾਸ਼ਨ 'ਤੇ ਔਰਤ ਅਫ਼ਸਰਾਂ ਨੂੰ ਸਥਾਪਤ ਕੀਤਾ ਹੈ। ਪੁਲਿਸ ਦੀ ਇੰਸਪੈਕਟਰ ਜਨਰਲ ਜਲੰਧਰ ਜ਼ੋਨ ਗੁਰਪ੍ਰੀਤ ਦਿਓ ਸੀਨੀਅਰ ਅਧਿਕਾਰੀ ਹਨ ਜੋ ਜਲੰਧਰ ਜ਼ੋਨ ਅਧੀਨ ਪੈਂਦੇ 7 ਪੁਲਿਸ ਜ਼ਿਲ੍ਹਿਆਂ ਨੂੰ ਦੇਖਦੇ ਹਨ ਤੇ ਪ੍ਰਵਾਸੀ ਭਾਈਚਾਰੇ ਦੇ ਮੱਸਲੇ ਬਹੁਤ ਵਧੀਆ ਢੰਗ ਨਾਲ ਹੱਲ ਕਰ ਰਹੇ ਹਨ। ਪੁਲਿਸ ਦੀ ਇੰਸਪੈਕਟਰ ਜਨਰਲ ਜਲੰਧਰ ਜ਼ੋਨ ਗੁਰਪ੍ਰੀਤ ਦਿਓ ਦਾ ਕਹਿਣਾ ਹੈ ਕਿ ਜੇਕਰ ਔਰਤਾਂ ਪ੍ਰਸ਼ਾਸਨਿਕ ਅਹੁਦਿਆਂ ਉੱਪਰ ਕੰਮ ਕਰਨਗੀਆਂ ਤਾਂ ਲਾਜ਼ਮੀ ਹੀ ਸਮਾਜ ਅੰਦਰ ਚੰਗਾ ਸੰਦੇਸ਼ ਵੀ ਜਾਂਦਾ ਹੈ ਤੇ ਤਵਾਜ਼ਨ ਵੀ ਬਣਦਾ ਹੈ।

ਜਲੰਧਰ ਦੇ ਨਵੇਂ ਆਏ ਡਿਪਟੀ ਕਮਿਸ਼ਨਰ ਸ਼ਰੁਤੀ ਸਿੰਘਹਨ, ਆਈ. ਏ. ਐਸ. ਅਧਿਕਾਰੀ ਈਸ਼ਾ ਕਾਲੀਆ ਐਸ. ਡੀ. ਐਮ. ਜਲੰਧਰ-99 ਹਨ, ਸੀਨੀਅਰ ਪੀ. ਸੀ. ਐਸ. ਅਧਿਕਾਰੀ ਸਰੋਜਨੀ ਗੌਤਮ ਸ਼ਾਰਦਾ ਜਲੰਧਰ ਵਿਕਾਸ ਅਥਾਰਟੀ ਦੇ ਮੁੱਖ ਪ੍ਰਸ਼ਾਸਕ ਅਧਿਕਾਰੀ ਵਜੋਂ ਕੰਮ ਕਰ ਰਹੇ ਹਨ। ਗੁਰਪ੍ਰੀਤ ਕੌਰ ਸਪਰਾ ਨੂੰ ਜਲੰਧਰ ਵਿਕਾਸ ਅਥਾਰਟੀ ਦੇ ਪ੍ਰਸ਼ਾਸਕ ਅਤੇ ਇੰਪਰੂਵਮੈਂਟ ਟਰੱਸਟ ਜਲੰਧਰ ਦੇ ਪ੍ਰਸ਼ਾਸਕ ਥਾਪਿਆ ਗਿਆ ਹੈ। ਨਗਰ ਨਿਗਮ ਜਲੰਧਰ ਦੇ ਜੁਆਇੰਟ ਕਮਿਸ਼ਨਰ ਦੇ ਅਹੁਦੇ ਉੱਪਰ ਅਨੁਪਮ ਕਲੇਰ ਤਾਇਨਾਤ ਹਨ।

ਸਿੱਖਿਆ ਵਿਭਾਗ ਦੇ ਦੋਵੇਂ ਅਹਿਮ ਅਹੁਦੇ ਔਰਤ ਅਧਿਕਾਰੀਆਂ ਦੀ ਕਮਾਨ ਹੇਠ ਰਹੇ ਹਨ। ਸਰਕਲ ਸਿੱਖਿਆ ਅਫਸਰ ਵਜੋਂ ਦਰਸ਼ਨ ਕੌਰ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਵਜੋਂ ਨੀਲਮ ਕੁਮਾਰੀ ਕੰਮ ਕਰ ਰਹੇ ਹਨ।

ਪੁਲਿਸ ਵਿਭਾਗ ਵਿਚ ਜਿਥੇ ਆਈ. ਜੀ. ਵਰਗੇ ਅਹਿਮ ਅਹੁਦੇ ਉੱਪਰ ਸ੍ਰੀਮਤੀ ਗੁਰਪ੍ਰੀਤ ਦਿਓ ਤਾਇਨਾਤ ਹਨ, ਉਥੇ ਜਲੰਧਰ ਪੁਲਿਸ ਕਮਿਸ਼ਨਰੇਟ 'ਚ ਏ. ਸੀ. ਪੀ. ਦੇ ਅਹੁਦੇ ਉੱਪਰ ਮਨਜੀਤ ਕੌਰ ਤਾਇਨਾਤ ਹਨ।


ਮਨਜੀਤ ਕੌਰ

*ਮਾਮਲਾ ਪਟਿਆਲਾ 'ਚ ਹੋਏ ਗੈਂਗ ਰੇਪ ਦਾ*

## ਐਸਐਸਪੀ ਸਣੇ ਸਾਰੇ ਵੱਡੇ ਅਫ਼ਸਰਾਂ ਨੂੰ ਕਲੀਨ ਚਿੱਟ

**✪ ਰਿਪੋਰਟ 'ਚ ਕਿਹਾ ਕਿ ਪੀੜਤਾਂ ਨੇ ਵੱਡੇ ਅਫ਼ਸਰਾਂ ਨੂੰ ਨਹੀਂ ਕੀਤੀ ਸੀ ਸ਼ਿਕਾਇਤ**

ਚੰਡੀਗੜ੍ਹ-ਪਟਿਆਲਾ 'ਚ ਗੈਂਗਰੇਪ ਦੀ ਸ਼ਿਕਾਰ ਲੜਕੀ ਦੀ ਖ਼ੁਦਕੁਸ਼ੀ ਦੇ ਮਾਮਲੇ 'ਚ ਸੰਬੰਧਿਤ ਜ਼ਿਲ੍ਹੇ ਦੇ ਐਸਐਸਪੀ ਸਣੇ ਸਾਰੇ ਵੱਡੇ ਅਫ਼ਸਰਾਂ ਨੂੰ ਕਲੀਨ ਚਿੱਟ ਦੇ ਦਿੱਤੀ ਗਈ ਹੈ। ਸਪੈਸ਼ਲ ਇਨਵੈਸਟੀਗੇਸ਼ਨ ਟੀਮ ਨੇ ਆਪਣੀ ਜਾਂਚ ਰਿਪੋਰਟ 'ਚ ਕਿਹਾ ਹੈ ਕਿ ਐਸਐਸਪੀ ਅਤੇ ਹੋਰ ਸੀਨੀਅਰ ਅਧਿਕਾਰੀਆਂ ਨੂੰ ਇਸ ਦੀ ਜਾਣਕਾਰੀ ਨਹੀਂ ਸੀ।

ਹੇਠਲੇ ਪੱਧਰ ਦੇ ਮੁਲਾਜ਼ਮਾਂ ਨੇ ਵੱਡੇ ਅਧਿਕਾਰੀਆਂ ਨੂੰ ਸੂਚਨਾ ਹੀ ਨਹੀਂ ਦਿੱਤੀ। ਐਸਆਈਟੀ ਨੇ ਇਸ ਮਾਮਲੇ 'ਚ ਲਾਪਰਵਾਹੀ ਲਈ ਐਸਆਈ, ਐਸਐਚਓ ਤੇ ਡੀਐਸਪੀ ਨੂੰ ਹੀ ਜ਼ਿੰਮੇਵਾਰ ਮੰਨਿਆ ਹੈ।

ਇਸ ਮਾਮਲੇ 'ਚ ਘਾਗਾ ਥਾਣੇ ਦੇ ਐਸਐਚਓ ਗੁਰਚਰਨ ਸਿੰਘ ਤੇ ਬਾਦਸ਼ਾਹਪੁਰ ਚੌਕੀ ਇੰਚਾਰਜ ਐਸਆਈ ਨਸੀਬ ਸਿੰਘ ਨੂੰ ਬਰਖ਼ਾਸਤ ਕੀਤਾ ਜਾ ਚੁੱਕਾ ਹੈ ਜਦਕਿ ਹਲਕਾ ਇੰਚਾਰਜ ਡੀਐਸਪੀ ਹਰਪ੍ਰੀਤ ਸਿੰਘ ਸਸਪੈਂਡ ਹੋ ਚੁੱਕੇ ਹਨ।

ਐਸਆਈਟੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਘਟਨਾ ਦੇ ਦੂਸਰੇ ਦਿਨ ਯਾਨੀ 14 ਨਵੰਬਰ ਨੂੰ ਬਾਦਸ਼ਾਹਪੁਰ ਚੌਕੀ 'ਚ ਸ਼ਿਕਾਇਤ ਕੀਤੀ ਗਈ, ਪਰ ਐਸਆਈ ਨਸੀਬ ਸਿੰਘ ਨੇ ਕੇਸ ਦਰਜ ਕਰਨ ਦੀ ਥਾਂ ਦੋਸ਼ੀਆਂ ਨਾਲ ਸਮਝੌਤੇ ਲਈ ਪੀੜਤ ਦੀ ਮਾਂ 'ਤੇ ਦਬਾਅ ਬਣਾਇਆ।

ਪੁਲੀਸ ਕੋਲ ਕਈ ਚੱਕਰ ਕੱਟਣ ਤੋਂ ਬਾਅਦ 27 ਨਵੰਬਰ ਨੂੰ ਘਾਗਾ ਥਾਣੇ 'ਚ ਕੇਸ ਦਰਜ ਕੀਤਾ, ਪਰ ਦੋਸ਼ੀਆਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਉਲਟਾ ਪੀੜਤ ਤੇ ਉਸ ਦੇ ਪਰਿਵਾਰਕ ਮੈਂਬਰਾਂ ਤੋਂ ਥਾਣੇ 'ਚ ਅਸ਼ਲੀਲ ਸਵਾਲ ਪੁੱਛੇ ਜਾਂਦੇ ਰਹੇ। ਤੰਗ ਆ ਕੇ ਤਕਰੀਬਨ ਇੱਕ ਮਹੀਨੇ ਬਾਅਦ 26 ਦਸੰਬਰ ਨੂੰ ਪੀੜਤ ਕੁੜੀ ਨੇ ਆਤਮ-ਹੱਤਿਆ ਕਰ ਲਈ।

ਐਸਐਚਓ ਨੇ ਨਾ ਤਾਂ ਪਹਿਲਾਂ ਦਰਜ ਕੇਸ ਦੀ ਸੂਚਨਾ ਐਸਐਸਪੀ ਨੂੰ ਦਿੱਤੀ ਤੇ ਨਾ ਹੀ ਆਤਮ-ਹੱਤਿਆ ਤੋਂ ਬਾਅਦ ਦਰਜ ਮਾਮਲੇ ਦੀ ਪਿੱਠਭੂਮੀ ਉਨ੍ਹਾਂ ਨੂੰ ਦੱਸੀ।

ਐਸਆਈਟੀ 'ਚ ਸ਼ਾਮਲ ਇਕ ਅਧਿਕਾਰੀ ਨੇ ਦੱਸਿਆ ਕਿ ਪੀੜਤ ਕੁੜੀ ਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਐਸਐਸਪੀ ਜਾਂ ਹੋਰ ਕਿਸੇ ਵੱਡੇ ਅਧਿਕਾਰੀ ਨੂੰ ਸਿੱਧੇ ਕੋਈ ਸ਼ਿਕਾਇਤ ਨਹੀਂ ਕੀਤੀ ਸੀ।

## ਹਾਈਕੋਰਟ ਨੇ ਪੰਜਾਬ 'ਚ 8 ਫਾਸਟ ਟਰੈਕ ਅਦਾਲਤਾਂ ਬਣਾਉਣ ਦੇ ਦਿੱਤੇ ਹੁਕਮ

ਚੰਡੀਗੜ੍ਹ-ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਅਰਜਨ ਕੁਮਾਰ ਸੀਕਰੀ ਨੇ ਪੰਜਾਬ ਵਿਚ 8 ਅਤੇ ਹਰਿਆਣਾ ਵਿਚ 11 ਫਾਸਟ ਟਰੈਕ ਅਦਾਲਤਾਂ ਬਣਾਉਣ ਦੇ ਹੁਕਮ ਜਾਰੀ ਕੀਤੇ ਹਨ। ਇਨ੍ਹਾਂ ਵਿਚ ਔਰਤਾਂ ਖ਼ਿਲਾਫ਼ ਹੁੰਦੇ ਘਿਨਾਉਣੇ ਜੁਰਮਾਂ ਦੀ ਸੁਣਵਾਈ ਹੋਵੇਗੀ।

## ਐਨ. ਆਰ. ਆਈਜ਼ ਦੀ ਮਦਦਗਾਰ ਹੈ ਪੁਲੀਸ

ਜਲੰਧਰ-ਵਿਦੇਸ਼ਾਂ 'ਚ ਜਾ ਵਸੇ ਐਨਆਰਆਈਜ਼ ਲਈ ਪੁਲੀਸ 'ਸਮਝੌਤਾ ਐਕਸਪ੍ਰੈਸ' ਬਣ ਗਈ ਹੈ। ਐਨਆਰਆਈਜ਼ ਭਾਰਤ ਵਿੱਚ ਆ ਕੇ ਸ਼ਿਕਾਇਤ ਤਾਂ ਕਰਨਾ ਚਾਹੁੰਦੇ ਹਨ, ਪਰ ਲੰਮੀ ਕਾਨੂੰਨੀ ਕਾਰਵਾਈ ਦਾ ਸਾਹਮਣਾ ਨਹੀਂ ਕਰਨਾ ਚਾਹੁੰਦੇ। ਇਨ੍ਹਾਂ ਹਾਲਾਤਾਂ ਵਿੱਚ ਪੁਲੀਸ ਦੀ ਪਰੇਸ਼ਾਨੀ ਹੋਰ ਵੀ ਵੱਧ ਗਈ ਹੈ। ਇਸੇ ਕਾਰਨ ਪੰਜਾਬ ਪੁਲੀਸ ਨੇ ਐਨ.ਆਰ.ਆਈਜ਼ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਥਾਣਾ ਪੱਧਰ 'ਤੇ ਹੀ ਕਰਨਾ ਸ਼ੁਰੂ ਕਰ ਦਿੱਤਾ ਹੈ।

ਜਾਣਕਾਰੀ ਮੁਤਾਬਕ ਐਨ.ਆਰ.ਆਈ. ਵਿੰਗ ਦੇ ਕੋਲ ਸਾਲ 2011 'ਚ 1876 ਸ਼ਿਕਾਇਤਾਂ ਆਈਆਂ ਸਨ। 2012 'ਚ ਇਨ੍ਹਾਂ ਸ਼ਿਕਾਇਤਾਂ ਦੀ ਗਿਣਤੀ ਵੱਧ ਕੇ 4761 ਹੋ ਗਈ। ਸਾਲ 2012 'ਚ ਪੁਲੀਸ ਨੇ ਐਨਆਰਆਈਜ਼ ਦੀਆਂ ਸ਼ਿਕਾਇਤਾਂ ਉੱਤੇ ਕਾਰਵਾਈ ਦੀ ਰਫ਼ਤਾਰ ਵਧਾਈ ਅਤੇ ਇਨ੍ਹਾਂ ਵਿੱਚੋਂ 3935 ਸ਼ਿਕਾਇਤਾਂ ਦਾ ਨਿਪਟਾਰਾ ਕਰ ਦਿੱਤਾ।

ਇਨ੍ਹਾਂ ਦੋਵਾਂ ਸਾਲਾਂ ਦੀਆਂ ਸ਼ਿਕਾਇਤਾਂ ਉੱਤੇ ਪੁਲੀਸ ਨੇ ਗੰਭੀਰਤਾ ਨਾਲ ਜਾਂਚ ਕੀਤੀ, ਤਾਂ ਪਾਇਆ ਕਿ ਐਨ.ਆਰ.ਆਈਜ਼ ਦੀਆਂ 38 ਫੀਸਦੀ ਸ਼ਿਕਾਇਤਾਂ ਧੋਖਾਧੜੀ ਦੀਆਂ ਹਨ, ਜਦਕਿ 52 ਫੀਸਦੀ ਸ਼ਿਕਾਇਤਾਂ ਜ਼ਮੀਨੀ ਵਿਵਾਦਾਂ ਦੀਆਂ ਹਨ। ਇਸ ਹਾਲਾਤ 'ਚ ਪੁਲੀਸ ਨੇ ਇਨ੍ਹਾਂ ਸ਼ਿਕਾਇਤਾਂ ਉੱਤੇ ਸਮਝੌਤਾ ਕਰਵਾਉਣ ਦਾ ਯਤਨ ਕੀਤਾ। ਪੁਲੀਸ ਦਾ ਦਾਅਵਾ ਹੈ ਕਿ ਪੁਲੀਸ ਨੇ ਇਨ੍ਹਾਂ ਸ਼ਿਕਾਇਤਾਂ 'ਚੋਂ 235 ਸ਼ਿਕਾਇਤਾਂ ਥਾਣਾ ਪੱਧਰ ਉੱਤੇ ਹੀ ਨਿਪਟਾ ਦਿੱਤੀਆਂ ਹਨ। ਐਨ.ਆਰ.ਆਈ. ਵਿੰਗ ਪੰਜਾਬ ਦੀ ਇੰਚਾਰਜ ਆਈਜੀ ਗੁਰਪ੍ਰੀਤ ਦਿਓ ਨੇ ਦੱਸਿਆ ਕਿ ਪੁਲੀਸ ਦਾ ਮਕਸਦ ਐਨ. ਆਰ. ਆਈਜ਼ ਨੂੰ ਇਨਸਾਫ਼ ਦਿਵਾਉਣਾ ਹੈ। ਜ਼ਿਆਦਾਤਰ ਐੱਨ.ਆਰ.ਆਈ. ਲੰਬੀ ਕਾਨੂੰਨੀ ਲੜਾਈ ਤੋਂ ਗੁਰੇਜ਼ ਕਰਦੇ ਹਨ। ਸਰਕਾਰ ਦੇ ਵੀ ਹੁਕਮ ਹਨ ਕਿ ਐਨ.ਆਰ.ਆਈਜ਼ ਦੇ ਮਾਮਲੇ ਤੇਜ਼ੀ ਨਾਲ ਨਿਪਟਾਏ ਜਾਣ। ਇਸ ਹਾਲਾਤ ਵਿੱਚ ਪੁਲੀਸ ਸਮਝੌਤੇ ਦਾ ਯਤਨ ਵੀ ਕਰਦੀ ਹੈ।

### ਅਪਰਾਧ ਨਾ ਹੋਣ ਫਿਰ ਵੀ ਮਦਦਗਾਰ ਪੁਲੀਸ

ਐਨ.ਆਰ.ਆਈਜ਼ ਦੇ ਮਾਮਲੇ 'ਚ ਪੁਲੀਸ ਜੇਕਰ ਅਪਰਾਧ ਨਾ ਵੀ ਬਣਦਾ ਹੋਵੇ, ਫਿਰ ਵੀ ਉਨ੍ਹਾਂ ਦੀ ਮਦਦ ਕਰ ਰਹੀ ਹੈ। ਆਈਜੀ ਗੁਰਪ੍ਰੀਤ ਦਿਓ ਵੀ ਇਸ ਗੱਲ ਨੂੰ ਮੰਨਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਐਨ.ਆਰ.ਆਈਜ਼ ਦੇ 52 ਫੀਸਦੀ ਮਾਮਲੇ ਜ਼ਮੀਨੀ ਵਿਵਾਦ ਦੇ ਹਨ। ਜ਼ਮੀਨੀ ਵਿਵਾਦਾਂ 'ਚ ਜ਼ਿਆਦਾਤਰ ਮਾਮਲੇ ਦੀਵਾਨੀ ਹੁੰਦੇ ਹਨ, ਪਰ ਫਿਰ ਵੀ ਪੁਲੀਸ ਉਨ੍ਹਾਂ ਨੂੰ ਕਾਨੂੰਨੀ ਸਲਾਹ ਦਿੰਦੀ ਹੈ।

### ਐਨ.ਆਰ.ਆਈ. ਵਿੰਗ 'ਚ ਦੋ ਐਸਪੀ

ਪੰਜਾਬ ਸਰਕਾਰ ਦੇ ਆਦੇਸ਼ ਉੱਤੇ ਐੱਨ.ਆਰ.ਆਈਜ਼ ਵਿੰਗ ਵਿੱਚ ਆਈਜੀ ਗੁਰਪ੍ਰੀਤ ਦਿਓ ਦੀ ਅਗਵਾਈ ਵਿੱਚ ਦੋ ਐਸਪੀ ਵੀ ਤਾਇਨਾਤ ਕੀਤੇ ਗਏ ਹਨ। ਇਨ੍ਹਾਂ ਵਿੱਚ ਐਨ.ਆਰ.ਆਈ. ਅਫੇਅਰ ਦੇ ਐਸਪੀ ਇੱਕ ਦਾ ਚਾਰਜ ਚਰਨਜੀਤ ਕੁਮਾਰ ਨੂੰ ਦਿੱਤਾ ਗਿਆ ਹੈ, ਜਦਕਿ ਐਸਪੀ-2 ਦਾ ਵਾਧੂ ਚਾਰਜ ਏਡੀਸੀਪੀ ਸਪੈਸ਼ਲ ਬ੍ਰਾਂਚ ਜਲੰਧਰ ਦਿਲਜਿੰਦਰ ਸਿੰਘ ਢਿੱਲੋਂ ਨੂੰ ਦਿੱਤਾ ਗਿਆ ਹੈ।

## ਨਿੱਕੀਆਂ ਤਿੱਖੀਆਂ

# ਜਦੋਂ ਲਾੜੇ ਤੇ ਲਾੜੀ ਨੇ ਦਿਖਾਏ ਗੱਤਕੇ ਦੇ ਜੌਹਰ



ਨਡਾਲਾ-ਪਿੰਡ ਟਾਂਡੀ ਦਾਖਲੀ ਵਾਸੀ ਸੁਖਦੇਵ ਸਿੰਘ ਦੀ ਬੇਟੀ ਰੁਪਿੰਦਰ ਕੌਰ ਦਾ ਆਨੰਦ ਕਾਰਜ ਪਰਵਾਸੀ ਪੰਜਾਬੀ ਜਰਨੈਲ ਸਿੰਘ ਇਟਲੀ ਪੁੱਤਰ ਨੰਬਰਦਾਰ ਸੁਰਜੀਤ ਸਿੰਘ ਵਾਸੀ ਬੱਲੜਾ (ਹੁਸ਼ਿਆਰਪੁਰ) ਨਾਲ ਸਿੱਖ ਰੀਤਾਂ ਨਾਲ ਹੋਇਆ। ਇਸ ਮੌਕੇ ਜਿੱਥੇ ਗੱਤਕਾ ਪਾਰਟੀਆਂ ਨੇ ਗੱਤਕੇ ਦੇ ਜੌਹਰ ਦਿਖਾਏ, ਉੱਥੇ ਆਨੰਦ ਕਾਰਜ ਤੋਂ ਪਹਿਲਾਂ ਲਾੜੇ ਤੇ ਲਾੜੀ ਨੇ ਗੱਤਕਾ ਖੇਡ ਕੇ ਸਭ ਨੂੰ ਹੈਰਾਨ ਕਰ ਦਿੱਤਾ।

ਇਸ ਵਿਆਹ ਦੀ ਹੋਰ ਵਿਲੱਖਣ ਗੱਲ ਇਹ ਸੀ ਕਿ ਪੈਲੇਸ ਦੀ ਥਾਂ ਸਾਰਾ ਸਮਾਗਮ ਘਰ ਵਿਚ ਹੀ ਕੀਤਾ ਗਿਆ ਤੇ ਪਕਵਾਨ ਤਿਆਰ ਕਰਨ ਵਾਲੇ ਹਲਵਾਈ ਵੀ ਅੰਮ੍ਰਿਤਧਾਰੀ ਸਨ। ਸਿੱਖ ਕੌਮ ਲਈ ਮਾਣ ਦਾ ਕਾਰਨ ਬਣੇ ਇਸ ਵਿਲੱਖਣ ਵਿਆਹ ਸਮੇਂ ਸਾਬਕਾ ਮੰਤਰੀ ਬੀਬੀ ਜਗੀਰ ਕੌਰ, ਵਿਧਾਇਕ ਸੰਗਤ ਸਿੰਘ ਗਿਲਜ਼ੀਆ ਨੇ ਨਵ-ਵਿਆਹੁਤਾ ਜੋੜੇ ਨੂੰ ਅਸ਼ੀਰਵਾਦ ਦਿੰਦਿਆਂ ਹੋਰਨਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਦਾਜ ਲਏ ਵਿਆਹ ਕਰਨ, ਪੂਰਨ ਬਾਣੇ ਵਿਚ ਸੱਜ ਕੇ ਦੇਸ਼-ਵਿਦੇਸ਼ ਵਿਚ ਮਿਹਨਤ ਕਰਨ ਅਤੇ ਕੌਮ ਦੇ ਮਾਣ ਸਨਮਾਨ ਨੂੰ ਉੱਚਾ ਕਰਨ।

# ਦਸਤਾਰ ਮਸਲੇ ਲਈ ਫਰਾਂਸ ਦੇ ਸਿੱਖ ਮੁੱਖ ਮੰਤਰੀ ਬਾਦਲ ਨੂੰ ਮਿਲੇ



ਜਲੰਧਰ-ਦਸਤਾਰ ਐਕਸ਼ਨ ਕਮੇਟੀ ਫਰਾਂਸ ਦੇ ਆਗੂਆਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲ ਕੇ ਮੰਗ ਕੀਤੀ ਕਿ ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰ ਕਮੇਟੀ ਵੱਲੋਂ ਦਿੱਤੇ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕਰਵਾਉਣ ਲਈ ਉਹ ਖੁਦ ਦਖ਼ਲ ਦੇਣ ਅਤੇ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੂੰ ਮਿਲ ਕੇ ਜ਼ੋਰ ਪਾਉਣ ਕਿ ਉਹ ਫਰਾਂਸ ਸਰਕਾਰ ਕੋਲ ਇਹ ਮਾਮਲਾ ਉਠਾ ਕੇ ਸਿੱਖਾਂ ਦੇ ਧਾਰਮਿਕ ਅਤੇ ਮਨੁੱਖੀ ਅਧਿਕਾਰਾਂ ਨੂੰ ਘਟਾਉਣ ਵਾਲੇ ਕਾਨੂੰਨ 'ਚ ਸੋਧ ਕਰਨ ਲਈ ਦਬਾਅ ਪਾਉਣ। ਦਸਤਾਰ ਕਮੇਟੀ ਦੇ ਪ੍ਰਧਾਨ ਗੁਰਦਿਆਲ ਸਿੰਘ, ਸਕੱਤਰ ਇਕਬਾਲ ਸਿੰਘ ਭੱਟੀ ਤੇ ਵਰਿੰਦਰ ਸਿੰਘ ਮਾਨ ਨੇ ਮੁੱਖ ਮੰਤਰੀ ਨਾਲ ਮੁਲਾਕਾਤ 'ਚ ਮਨੁੱਖੀ ਅਧਿਕਾਰ ਕਮੇਟੀ ਵੱਲੋਂ ਲਏ ਫੈਸਲੇ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਸੰਯੁਕਤ ਰਾਸ਼ਟਰ ਦੀ ਕਮੇਟੀ ਨੇ ਫਰਾਂਸ ਸਰਕਾਰ ਵੱਲੋਂ ਪਾਸ ਕੀਤੇ ਕਾਨੂੰਨ ਨੂੰ ਸਿੱਖਾਂ ਦੀ ਧਾਰਮਿਕ ਆਜ਼ਾਦੀ 'ਚ ਦਖ਼ਲ ਕਰਾਰ ਦਿੱਤਾ ਹੈ ਤੇ ਫਰਾਂਸ ਸਰਕਾਰ ਨੂੰ ਕਾਨੂੰਨ 'ਚ ਸੋਧ ਕਰਨ ਲਈ ਕਿਹਾ ਹੈ। ਉਕਤ ਨੇਤਾਵਾਂ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਇਹ ਮਾਮਲਾ ਪ੍ਰਧਾਨ ਮੰਤਰੀ ਕੋਲ ਉਠਾਉਣ ਦਾ ਭਰੋਸਾ ਦਿੱਤਾ ਹੈ।

# ਕਾਮਾਗਾਟਾਮਾਰੂ ਅੰਦੋਲਨ ਦੇ ਸ਼ਹੀਦਾਂ ਨੂੰ ਵੀ ਸਹੂਲਤਾਂ ਦੇਣ ਦਾ ਫ਼ੈਸਲਾ

ਚੰਡੀਗੜ੍ਹ-ਪੰਜਾਬ ਸਰਕਾਰ ਵੱਲੋਂ ਕਾਮਾਗਾਟਾਮਾਰੂ ਅੰਦੋਲਨ ਨਾਲ ਸਬੰਧਤ ਸ਼ਹੀਦਾਂ ਨੂੰ ਵੀ ਸੁਤੰਤਰਤਾ ਸੰਗਰਾਮ ਪੈਨਸ਼ਨ ਸਕੀਮ ਅਧੀਨ ਪੈਨਸ਼ਨ ਅਤੇ ਦੂਜੀਆਂ ਸਹੂਲਤਾਂ ਮੁਹੱਈਆ ਕਰਾਉਣ ਦਾ ਫੈਸਲਾ ਲਿਆ ਗਿਆ ਹੈ। ਰਾਜ ਸਰਕਾਰ ਵੱਲੋਂ ਇਸ ਮੰਤਵ ਲਈ ਕੇਂਦਰ ਸਰਕਾਰ ਨੂੰ ਲਿਖਿਆ ਜਾ ਰਿਹਾ ਹੈ। ਵਰਨਣਯੋਗ ਹੈ ਕਿ ਆਜ਼ਾਦੀ ਅੰਦੋਲਨ ਦੌਰਾਨ ਕੈਨੇਡਾ ਤੋਂ ਇਕ ਵਿਸ਼ੇਸ਼ ਸਮੁੰਦਰੀ ਜਹਾਜ਼ ਵਿਚ ਭਾਰਤ ਦੇ ਆਜ਼ਾਦੀ ਅੰਦੋਲਨ ਵਿਚ ਹਿੱਸਾ ਪਾਉਣ ਲਈ ਤੁਰੇ ਇਨ੍ਹਾਂ ਸੁਤੰਤਰਤਾ ਸੰਗਰਾਮੀਆਂ ਨੂੰ ਅੰਗਰੇਜ਼ ਸਰਕਾਰ ਵੱਲੋਂ ਭਾਰਤ ਵਿਚ ਦਾਖਲ ਨਹੀਂ ਹੋਣ ਦਿੱਤਾ ਗਿਆ ਸੀ ਅਤੇ ਇਨ੍ਹਾਂ 'ਚੋਂ ਬਹੁਤ ਸਾਰੇ ਆਜ਼ਾਦੀ ਦੇ ਦੀਵਾਨੇ ਮਾਰੇ ਗਏ ਸਨ ਅਤੇ ਦੂਜਿਆਂ ਨੂੰ ਗ੍ਰਿਫਤਾਰ ਕਰਕੇ ਕਾਲੇ ਪਾਣੀ ਭੇਜ ਦਿੱਤਾ ਗਿਆ ਸੀ ਅਤੇ ਵੱਡੇ ਤਸੀਹਿਆਂ ਦਾ ਸ਼ਿਕਾਰ ਬਣਾਇਆ ਗਿਆ ਸੀ।

# ਅਮਰੀਕਾ ਨੂੰ 2019 ਤੱਕ ਪਿੱਛੇ ਛੱਡ ਦੇਵੇਗਾ ਚੀਨ

ਸਿਡਨੀ-ਇਕ ਪ੍ਰਵਾਨਿਤ ਖੋਜ ਸੰਸਥਾ ਨੇ ਪੇਸ਼ੀਨਗੋਈ ਕੀਤੀ ਹੈ ਕਿ 2019 ਤੱਕ ਚੀਨ ਦਾ ਅਰਥਚਾਰਾ ਅਮਰੀਕੀ ਅਰਥਚਾਰੇ ਨੂੰ ਪਿਛਾਂਹ ਛੱਡ ਜਾਵੇਗਾ ਅਤੇ ਅਗਲੇ ਤਿੰਨ ਦਹਾਕਿਆਂ ਦੌਰਾਨ ਚੀਨ ਦੁਨੀਆ ਦਾ ਸਭ ਤੋਂ ਅਹਿਮ ਦੇਸ਼ ਬਣ ਜਾਵੇਗਾ। ਇਹ ਲੱਭਤਾਂ ਚੀਨੀ ਵਿਗਿਆਨ ਅਕਾਦਮੀ ਵੱਲੋਂ ਜਾਰੀ ਕੀਤੀ ਗਈ ਕੌਮ ਦੀ ਤੰਦਰੁਸਤੀ ਰਿਪੋਰਟ ਵਿੱਚ ਪੇਸ਼ ਕੀਤੀਆਂ ਗਈਆਂ ਹਨ। ਹਾਲਾਂਕਿ ਇਸ ਪੇਸ਼ੀਨਗੋਈ ਦਾ ਇਕ ਪੈਮਾਨਾ ਉਜਾਗਰ ਨਹੀਂ ਕੀਤਾ ਗਿਆ, ਪਰ 'ਹੈਰਾਲਡ ਸੰਨ' ਵਿੱਚ ਛਪੀ ਇਸ ਰਿਪੋਰਟ ਅਨੁਸਾਰ 100 ਸਭ ਤੋਂ ਤੰਦਰੁਸਤ ਦੇਸ਼ਾਂ ਵਿੱਚੋਂ ਚੀਨ ਇਸ ਵੇਲੇ 11ਵੇਂ ਸਥਾਨ 'ਤੇ ਹੈ।

# ਬਲਾਤਕਾਰੀਆਂ ਦੀ ਸਜ਼ਾ ਮਾਫ਼ੀ ਬਾਰੇ ਹਾਈ ਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਨੋਟਿਸ

ਚੰਡੀਗੜ੍ਹ-ਦੇਸ ਦੇ ਮਾਹੌਲ ਨੂੰ ਵੇਖਦੇ ਹੋਏ ਪੰਜਾਬ ਸਰਕਾਰ ਆਪਣਾ ਸਰਕੁਲਰ ਵਾਪਸ ਲਵੇ, ਤਾਂ ਚੰਗਾ ਹੋਵੇਗਾ। ਬੀਤੇ ਦਿਨੀਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸੰਗੀਨ ਦੋਸ਼ਾਂ 'ਚ ਸਜ਼ਾ ਮਾਫੀ ਸਬੰਧੀ ਪੰਜਾਬ ਸਰਕਾਰ ਦੇ ਸਰਕੁਲਰ ਨੂੰ ਰੱਦ ਕੀਤੇ ਜਾਣ ਦੀ ਮੰਗ ਸਬੰਧੀ ਇਕ ਜਨਹਿਤ ਅਰਜ਼ੀ 'ਤੇ ਇਹ ਟਿੱਪਣੀ ਕੀਤੀ। ਚੀਫ ਜਸਟਿਸ ਏਕੇ ਸੀਕਰੀ ਤੇ ਜਸਟਿਸ ਆਰਕੇ ਜੈਨ ਦੀ ਬੈਂਚ ਨੇ ਪੰਜਾਬ ਸਰਕਾਰ ਨੂੰ ਮਾਮਲੇ 'ਤੇ ਨੋਟਿਸ ਜਾਰੀ ਕਰਕੇ 22 ਜਨਵਰੀ ਤੱਕ ਜਵਾਬ ਮੰਗਿਆ ਹੈ। ਦਿੱਲੀ ਗੈਂਗਰੇਪ ਕੇਸ ਤੋਂ ਬਾਅਦ, ਦੇਸ ਇੱਕ ਪਾਸੇ ਜਿੱਥੇ ਬਲਾਤਕਾਰ ਦੇ ਦੋਸ਼ੀਆਂ ਲਈ ਫਾਂਸੀ ਦੀ ਸਜ਼ਾ ਮੰਗ ਰਿਹਾ ਹੈ, ਉੱਥੇ ਪੰਜਾਬ ਸਰਕਾਰ ਦਾ ਸਰਕੁਲਰ ਬਲਾਤਕਾਰ ਤੋਂ ਬਾਅਦ ਹੱਤਿਆ ਵਰਗੇ ਸੰਗੀਨ ਮਾਮਲਿਆਂ ਦੇ ਦੋਸ਼ੀਆਂ ਲਈ ਸਜ਼ਾ ਮਾਫੀ ਦੀ ਗੱਲ ਕਰ ਰਿਹਾ ਹੈ। ਇਸ ਸਰਕੁਲਰ ਨੂੰ ਰੱਦ ਕੀਤੇ ਜਾਣ ਦੀ ਮੰਗ ਨੂੰ ਲੈ ਕੇ ਵਕੀਲ ਐੱਚ.ਸੀ. ਅਰੋੜਾ ਨੇ ਹਾਈਕੋਰਟ 'ਚ ਅਰਜ਼ੀ ਦਾਇਰ ਕੀਤੀ ਹੈ। ਅਰਜ਼ੀ 'ਚ ਕਿਹਾ ਹੈ ਕਿ ਬਲਾਤਕਾਰ ਦੇ ਮਾਮਲਿਆਂ 'ਚ ਜਿੱਥੇ ਘੱਟ ਤੋਂ ਘੱਟ ਸਜ਼ਾ 7 ਸਾਲ ਰੱਖੀ ਗਈ ਹੈ, ਉੱਥੇ ਪੰਜਾਬ ਸਰਕਾਰ ਦੇ ਸਰਕੁਲਰ ਮੁਤਾਬਿਕ ਜੇਲ੍ਹ 'ਚ 6 ਸਾਲ ਦੀ ਸਜ਼ਾ ਬਿਤਾਉਣ ਮਗਰੋਂ ਕੈਦੀ ਸਜ਼ਾ ਮਾਫ਼ੀ ਦਾ ਹੱਕਦਾਰ ਰਹੇਗਾ। ਇਸ ਤਰ੍ਹਾਂ ਇਹ ਭਾਰਤੀ ਦੰਡ ਸੰਹਿਤਾ (ਆਈਪੀਸੀ) ਦੀ ਵੀ ਅਣਦੇਖੀ ਹੈ, ਜਿਸ ਵਿੱਚ ਘੱਟ ਤੋਂ ਘੱਟ 7 ਸਾਲ ਦੀ ਜੇਲ੍ਹ ਦੀ ਸਜ਼ਾ ਰੱਖੀ ਗਈ ਹੈ। ਅਰਜ਼ੀ 'ਚ ਕਿਹਾ ਗਿਆ ਹੈ ਕਿ ਅਜਿਹੇ ਸਰਕੁਲਰ ਨਾਲ ਸਮਾਜ 'ਚ ਅਪਰਾਧਾਂ 'ਚ ਵਾਧਾ ਹੋਵੇਗਾ। ਖ਼ਾਸ ਤੌਰ 'ਤੇ ਔਰਤਾਂ ਨਾਲ ਬਲਾਤਕਾਰ ਵਰਗੇ ਸੰਗੀਨ ਮਾਮਲਿਆਂ 'ਚ ਵਾਧਾ ਹੋਵੇਗਾ।

# ਬਰਤਾਨਵੀ 'ਵਰਸਿਟੀਆਂ ਨੂੰ ਵਿਦੇਸ਼ੀ ਵਿਦਿਆਰਥੀ ਘਟਣ ਦਾ ਖਦਸ਼ਾ

ਲੰਡਨ-ਇਮੀਗ੍ਰੇਸ਼ਨ ਬਾਰੇ ਕੈਮਰੌਨ ਸਰਕਾਰ ਦੇ ਸਖ਼ਤ ਰੁਖ ਕਾਰਨ ਇਸ ਸਾਲ ਬਰਤਾਨਵੀ ਯੂਨੀਵਰਸਿਟੀਆਂ ਨੂੰ ਡਰ ਹੈ ਕਿ ਵਿਦੇਸ਼ੀ ਖਾਸਕਰ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਕਾਫੀ ਘੱਟ ਸਕਦੀ ਹੈ। ਦੇਸ਼ ਦੀਆਂ ਪ੍ਰਮੁੱਖ ਵਰਸਿਟੀਆਂ ਦੀ ਪ੍ਰਤੀਨਿਧ ਬਾਡੀ ਯੂਨੀਵਰਸਿਟੀਜ਼ ਯੂਕੇ ਦੇ ਮੁਖੀ ਅਨੁਸਾਰ ਓਵਰਸੀਜ਼ ਦੇ ਵਿਦਿਆਰਥੀਆਂ ਨੂੰ ਇਹ ਮਹਿਸੂਸ ਕਰਾਇਆ ਜਾ ਰਿਹਾ ਹੈ ਕਿ ਉਨ੍ਹਾਂ ਦਾ ਇਥੇ ਸਵਾਗਤ ਨਹੀਂ ਹੈ ਤੇ ਉਹ ਅਮਰੀਕਾ, ਕੈਨੇਡਾ ਤੇ ਆਸਟਰੇਲੀਆ ਵੱਲ ਮੂੰਹ ਕਰ ਰਹੇ ਹਨ।

ਯੂਨੀਵਰਸਿਟੀਆਂ ਇਸ ਬਾਡੀ ਨੂੰ ਰਿਪੋਰਟ ਕਰ ਰਹੀਆਂ ਹਨ ਕਿ ਵਿਦੇਸ਼ੀ ਵਿਦਿਆਰਥੀਆਂ ਖਾਸਕਰ ਭਾਰਤ, ਪਾਕਿਸਤਾਨ ਤੇ ਹੁਣ ਚੀਨ ਤੇ ਸਾਊਦੀ ਅਰਬ ਤੋਂ ਵਿਦਿਆਰਥੀਆਂ ਦੀ ਗਿਣਤੀ ਘਟ ਰਹੀ ਹੈ। ਇਸ ਸਾਲ ਭਾਰਤੀ ਵਿਦਿਆਰਥੀਆਂ ਦੀ ਆਮਦ 25 ਫੀਸਦੀ ਘਟਣ ਦੇ ਆਸਾਰ ਹਨ।

# ਭਾਰਤ ਸਰਕਾਰ ਨੇ ਦੋ ਪ੍ਰਵਾਸੀ ਪੰਜਾਬੀਆਂ ਨੂੰ ਕੀਤਾ ਸਨਮਾਨਿਤ


ਕੋਚੀ-ਚੰਡੀਗੜ੍ਹ ਸ਼ਹਿਰ ਦੇ ਇਕ ਹੋਰ ਪੁੱਤਰ ਡਾ. ਗੁਰਸ਼ਰਨ ਸਿੰਘ ਛਤਵਾਲ ਨੂੰ ਪਰਵਾਸੀ ਭਾਰਤੀ ਪੁਰਸਕਾਰ ਨਾਲ ਸਨਮਾਨਿਆ ਗਿਆ ਹੈ। ਛਤਵਾਲ ਇਸ ਵੇਲੇ ਜਰਮਨੀ ਵਿੱਚ ਰਹਿੰਦਾ ਹੈ। ਦੋ ਸਾਲ ਪਹਿਲਾਂ ਚੰਡੀਗੜ੍ਹ ਦੇ ਇਕ ਉਦਮੀ ਹਰਿੰਦਰਪਾਲ ਸਿੰਘ ਬਾਂਗਾ ਨੂੰ ਵੀ ਇਸ ਸਨਮਾਨ ਨਾਲ ਨਿਵਾਜ਼ਿਆ ਗਿਆ ਸੀ। ਓਵਰਸੀਜ਼ ਭਾਰਤੀ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਨੇ ਪੁਰਸਕਾਰ ਹਾਸਲ ਕਰਨ ਵਾਲੇ 15 ਵਿਅਕਤੀਆਂ ਦੀ ਸੂਚੀ ਜਾਰੀ ਕੀਤੀ ਜਿਸ ਵਿੱਚ ਡਾ. ਗੁਰਸ਼ਰਨ ਸਿੰਘ ਛਤਵਾਲ ਦੇ ਨਾਲ-ਨਾਲ ਆਸਟਰੇਲੀਆ ਇੰਡੀਆ ਸੁਸਾਇਟੀ ਵਿਕਟੋਰੀਆ ਦੇ ਪੰਜਾਬੀ ਮੁਖੀ ਡਾ. ਗੁਰਦੀਪ ਸਿੰਘ ਅਰੋੜਾ ਦਾ ਨਾਮ ਵੀ ਸ਼ਾਮਲ ਸੀ। 22 ਸਤੰਬਰ 1949 ਨੂੰ ਚੰਡੀਗੜ੍ਹ ਦੇ ਇਕ ਵਪਾਰੀ ਪਰਿਵਾਰ 'ਚ ਜਨਮੇ ਗੁਰਸ਼ਰਨ ਛਤਵਾਲ ਨੇ ਮੁੰਬਈ, ਜਪਾਨ ਤੇ ਕੈਨੇਡਾ 'ਚ ਪੜ੍ਹਾਈ ਕੀਤੀ। ਇਸ ਵਿਗਿਆਨੀ ਨੇ ਭਾਰਤ ਜਿਹੇ ਮੁਲਕਾਂ 'ਚ ਫੈਲਣ ਵਾਲੇ ਖਤਰਨਾਕ ਬੈਕਟੀਰੀਆ ਸਟਰੈਟੋਕੋਕਾਈ 'ਤੇ ਕੰਮ ਕੀਤਾ ਹੈ। ਇਹ ਬੈਕਟੀਰੀਆ ਗਲੇ ਦੇ ਇਨਫੈਕਸ਼ਨ ਲਈ ਜ਼ਿੰਮੇਵਾਰ ਹੈ ਪਰ ਸਟਰੈਟੋਕੋਕਾਈ ਦੀ ਟਾਈਪ ਦੇ ਆਧਾਰ 'ਤੇ ਬਿਮਾਰੀ ਦਾ ਅਸਰ ਬੜਾ ਮਾਰੂ ਹੋ ਸਕਦਾ ਹੈ।

# ਅਦਾਲਤ ਨੇ ਹਫਤੇ 'ਚ ਬਲਾਤਕਾਰੀ ਨੂੰ ਸੁਣਾਈ 10 ਸਾਲ ਦੀ ਕੈਦ

ਹੁਸ਼ਿਆਰਪੁਰ-ਪੁਲਸ ਨੇ ਬਲਾਤਕਾਰ ਦੇ ਇਕ ਮਾਮਲੇ 'ਚ ਦੋਸ਼ ਪੱਤਰ ਦਾਖਲ ਕਰਨ ਦੇ ਲਈ 7 ਮਹੀਨੇ ਦਾ ਸਮਾਂ ਲਿਆ ਸੀ ਪਰ ਉਸ ਮਾਮਲੇ 'ਚ ਜ਼ਿਲ੍ਹਾ ਸ਼ੈਸ਼ਨ ਜੱਜ ਨੇ 7 ਦਿਨ 'ਚ ਸੁਣਵਾਈ ਕਰਦਿਆਂ ਦੋਸ਼ੀ ਨੂੰ 10 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਜੈ ਪ੍ਰਕਾਸ਼ ਉਰਫ ਪਵਨ ਦੁਬੇ ਨਾਲ ਦੇ ਦੋਸ਼ੀ ਨੇ ਪਿਛਲੇ ਸਾਲ ਮਈ 'ਚ ਇਕ ਨਾਬਾਲਿਗ ਲੜਕੀ ਨੂੰ ਵਰਗਲਾ ਕੇ ਉਸ ਨਾਲ ਬਲਾਤਕਾਰ ਕੀਤਾ ਸੀ। ਸਰਕਾਰੀ ਵਕੀਲ ਟੀ. ਐਸ. ਗਰੇਵਾਲ ਨੇ ਦੱਸਿਆ ਕਿ ਦੋਸ਼ੀ ਨੂੰ ਅਗਵਾ ਤੇ ਬਲਾਤਕਾਰ ਦੇ ਮਾਮਲੇ 'ਚ ਵੱਖ-ਵੱਖ ਸਜ਼ਾ ਸੁਣਾਈ ਗਈ ਹੈ। ਇਸ ਮਾਮਲੇ 'ਚ ਅਦਾਲਤ ਦਾ ਇਨਸਾਫ਼ ਸ਼ਲਾਘਾਯੋਗ ਹੈ।

# ਬਾਪੂ ਦੇ ਚਸ਼ਮੇ ਤੇ ਚਰਖੇ 'ਤੇ ਲਗਾਈ 22 ਲੱਖ ਦੀ ਕਸਟਮ ਡਿਊਟੀ

## ✪ ਸਚਿਨ ਦੀ ਫਰਾਰੀ ਨੂੰ ਦਿੱਤੀ ਸੀ 1.13 ਕਰੋੜ ਦੀ ਛੋਟ



ਮੁੰਬਈ-ਲੰਡਨ ਵਿੱਚ ਹੋਈ ਨਿਲਾਮੀ ਵਿੱਚ ਖ਼ਰੀਦੀਆਂ ਗਈਆਂ ਮਹਾਤਮਾ ਗਾਂਧੀ ਦੀਆਂ ਯਾਦਾਂ ਨੂੰ ਦੇਸ ਵਿੱਚ ਲਿਆਉਣ 'ਤੇ ਕਸਟਮ ਡਿਊਟੀ ਅਦਾ ਕਰਨੀ ਪਈ, ਜਦਕਿ ਕ੍ਰਿਕਟਰ ਸਚਿਨ ਤੇਂਦੁਲਕਰ ਨੂੰ ਤੋਹਫ਼ੇ ਵਿੱਚ ਮਿਲੀ ਫਰਾਰੀ ਕਾਰ ਲਈ ਇਹ ਡਿਊਟੀ ਮਾਫ ਕਰ ਦਿੱਤੀ ਗਈ।



ਮਹਾਤਮਾ ਗਾਂਧੀ ਦੀਆਂ ਯਾਦਾਂ ਨਾਲ ਜੁੜੀਆਂ 29 ਵਸਤਾਂ ਬੀਤੇ ਮੰਗਲਵਾਰ ਨੂੰ ਤਾਂ ਹੀ ਮੁੰਬਈ ਹਵਾਈ ਅੱਡੇ ਤੋਂ ਬਾਹਰ ਲਿਆਂਦੀਆਂ ਜਾ ਸਕੀਆਂ, ਜਦੋਂ ਉਨ੍ਹਾਂ ਲਈ 22 ਲੱਖ ਰੁਪਏ ਦੀ ਕਸਟਮ ਡਿਊਟੀ ਅਦਾ ਕਰ ਦਿੱਤੀ ਗਈ।

ਗਾਂਧੀ ਨਾਲ ਜੁੜੀਆਂ ਵਸਤਾਂ ਪਿਛਲੇ ਸਾਲ ਅਪ੍ਰੈਲ ਵਿੱਚ ਲੰਡਨ 'ਚ ਹੋਈ ਇੱਕ ਨਿਲਾਮੀ ਦੌਰਾਨ ਸਨਅਤਕਾਰ ਤੇ ਸਾਬਕਾ ਕੇਂਦਰੀ ਮੰਤਰੀ ਕਮਲ ਮੁਰਾਰਕਾ ਨੇ ਦੋ ਕਰੋੜ ਰੁਪਏ ਵਿੱਚ ਖ਼ਰੀਦੀਆਂ ਹਨ। ਮੁਰਾਰਕਾ ਨੇ ਸੰਬੰਧਿਤ ਵਿਭਾਗ ਨੂੰ ਚਿੱਠੀ ਲਿਖ ਕੇ ਗਾਂਧੀ ਜੀ ਦਾ ਚਸ਼ਮਾ, ਚਰਖਾ, ਕਿਤਾਬ 'ਤੇ ਚਿੱਠੀਆਂ ਵਰਗੀਆਂ 29 ਵਸਤਾਂ 'ਤੇ ਕਸਟਮ ਡਿਊਟੀ ਨਾ ਲੈਣ ਦੀ ਬੇਨਤੀ ਕੀਤੀ ਸੀ। ਇਸ ਬੇਨਤੀ ਦੇ ਜਵਾਬ ਵਿੱਚ ਮੁਰਾਰਕਾ ਨੂੰ ਇਹ ਲਿਖਤੀ ਵਾਅਦਾ ਕਰਨ ਲਈ ਕਿਹਾ ਗਿਆ ਕਿ ਉਹ ਭਾਰਤ ਲਿਆਉਣ ਤੋਂ ਬਾਅਦ ਇਹ ਵਸਤਾਂ ਕਿਸੇ ਨੂੰ ਵੇਚਣਗੇ ਨਹੀਂ।

ਸ਼ਰਤ ਮੰਨਣ ਤੋਂ ਬਾਅਦ ਫਿਰ ਚਿੱਠੀ ਮਿਲੀ ਕਿ ਇਹ ਵਸਤਾਂ ਕਿਸੇ ਨੂੰ ਤੋਹਫ਼ੇ ਜਾਂ ਹੋਰ ਰੂਪ ਵਿੱਚ ਨਹੀਂ ਦਿੱਤੀਆਂ ਜਾ ਸਕਣਗੀਆਂ। ਮੁਰਾਰਕਾ ਕਹਿੰਦੇ ਹਨ ਕਿ ਏਨੇ ਬੰਧਨਾਂ ਨੂੰ ਵੇਖਦੇ ਹੋਏ ਅਸੀਂ ਡਿਊਟੀ ਭਰਨੀ ਹੀ ਜਾਇਜ਼ ਸਮਝੀ। ਇਹ ਵਸਤਾਂ ਉਨ੍ਹਾਂ ਨੇ ਗਾਂਧੀ ਦੇ ਸਨਮਾਨ ਨੂੰ ਧਿਆਨ ਵਿੱਚ ਰੱਖ ਕੇ ਲੰਡਨ ਦੀ ਨਿਲਾਮੀ ਵਿੱਚ ਖ਼ਰੀਦੀਆਂ ਸਨ। ਭਾਰਤ ਲਿਆ ਕੇ ਵੀ ਉਹ ਇਹ ਵਸਤਾਂ ਕਿਸੇ ਢੁੱਕਵੀਂ ਸੰਸਥਾ ਨੂੰ ਦਾਨ ਕਰਨ ਵਾਲੇ ਸਨ। ਉਨ੍ਹਾਂ ਅਨੁਸਾਰ ਉਨ੍ਹਾਂ ਨੂੰ ਅੰਨਾ ਹਜ਼ਾਰੇ ਤੋਂ ਬਿਹਤਰ ਇਨ੍ਹਾਂ ਵਸਤਾਂ ਨੂੰ ਸਨਮਾਨ ਦੇਣ ਵਾਲਾ ਕੋਈ ਨਜ਼ਰ ਨਹੀਂ ਆਇਆ। ਉਨ੍ਹਾਂ ਨੂੰ ਸੌਂਪਣ ਤੋਂ ਬਾਅਦ ਇਹ ਉਨ੍ਹਾਂ 'ਤੇ ਨਿਰਭਰ ਹੈ ਕਿ ਇਨ੍ਹਾਂ ਦੀ ਵਰਤੋਂ ਉਹ ਕਿਵੇਂ ਕਰਨ।

### ਮਾਈਕਲ ਸ਼ੂਮਾਕਰ ਨੇ ਭੇਟ ਕੀਤੀ ਸੀ ਫਰਾਰੀ

ਕਸਟਮ ਵਿਭਾਗ 2002 'ਚ ਕ੍ਰਿਕਟਰ ਸਚਿਨ ਤੇਂਦੁਲਕਰ ਨੂੰ ਤੋਹਫੇ ਵਜੋਂ ਮਿਲੀ ਫਰਾਰੀ 'ਤੇ 1.13 ਕਰੋੜ ਰੁਪਏ ਦੀ ਡਿਊਟੀ ਮਾਫ ਕਰ ਚੁੱਕਾ ਹੈ। ਸਰ ਡਾਨ ਬ੍ਰੈਡਮੈਨ ਦੇ 29 ਸੈਂਕੜਿਆਂ ਦੇ ਰਿਕਾਰਡ ਦੀ ਬਰਾਬਰੀ ਕਰਨ 'ਤੇ ਸਚਿਨ ਨੂੰ ਇਹ ਕਾਰ ਫਾਰਮੂਲਾ-1 ਕਾਰ ਰੇਸਰ ਦੋਸਤ ਮਾਈਕਲ ਸ਼ੂਮਾਕਰ ਨੇ ਭੇਟ ਕੀਤੀ ਸੀ। ਸਚਿਨ ਪਿਛਲੇ ਸਾਲ ਸੂਰਤ ਦੇ ਇੱਕ ਅਮੀਰ ਬਿਲਡਰ ਨੂੰ ਇਹ ਕਾਰ ਵੇਚ ਚੁੱਕੇ ਹਨ।

**ਲੰਡਨ ਐਕਸਪ੍ਰੈਸ**



**ਅਮਨਦੀਪ ਹਾਂਸ**

# ਅੰਗਰੇਜ਼ਾਂ ਤੇ ਰਜਵਾੜਿਆਂ ਦੇ ਰਿਸ਼ਤਿਆਂ ਦਾ ਗਵਾਹ "ਮਹਾਰਾਜਾ ਦਾ ਖੂਹ"

ਲੰਡਨ-ਵਿਸ਼ਵੀਕਰਨ ਦੇ ਦੌਰ 'ਚ ਭਾਰਤ ਅਤੇ ਬਰਤਾਨੀਆ ਦੇ ਰਿਸ਼ਤਿਆਂ 'ਚ ਮਜ਼ਬੂਤੀ ਦੀ ਬਹੁਤ ਗੱਲ ਹੁੰਦੀ ਹੈ, ਖ਼ਾਸ ਤੌਰ 'ਤੇ ਅੱਜ ਜਦੋਂ ਭਾਰਤ ਦੀ ਤਰੱਕੀ ਦੀ ਤੂਤੀ ਬੋਲ ਰਹੀ ਹੈ, ਪਰ ਰਿਸ਼ਤੇ ਮਿੱਠੇ ਉਸ ਵੇਲੇ ਵੀ ਸਨ, ਜਦੋਂ ਭਾਰਤ ਆਜ਼ਾਦ ਨਹੀਂ ਸੀ। ਲੰਡਨ ਦੇ ਕੋਲ ਮਹਾਰਾਜਾ ਦਾ ਖੂਹ ਇਸ ਇਤਿਹਾਸ ਦਾ ਗਵਾਹ ਹੈ। ਲੰਡਨ ਤੋਂ 60 ਕਿਲੋਮੀਟਰ ਦੂਰ, ਚਿਲਟ੍ਰਨ ਪਹਾੜੀਆਂ ਦੇ ਕੋਲ, ਸਟੋਕ ਸੇ ਨਾਂ ਦੇ ਇੱਕ ਛੋਟੇ ਜਿਹੇ ਪਿੰਡ 'ਚ ਇੱਕ ਖੂਹ ਹੈ, ਜਿਸ ਦਾ ਨਾਂ ਹੈ ਮਹਾਰਾਜਾ ਦਾ ਖੂਹ। ਇਸ ਖੂਹ ਨੂੰ ਬਨਾਰਸ ਦੇ ਮਹਾਰਾਜਾ ਈਸ਼ਵਰੀ ਨਰਾਇਣ ਸਿੰਘ ਬਹਾਦਰ ਨੇ ਪੁਟਵਾਇਆ ਸੀ।

ਦੋਸਤੀ ਦੀ ਕਹਾਣੀ-ਮਹਾਰਾਜਾ ਦੇ ਖੂਹ 'ਤੇ ਇੱਕ ਕਿਤਾਬ 'ਡਿਪਿੰਗ ਇੰਟਰ ਦਿ ਵੈੱਲਜ਼' ਲਿਖਣ ਵਾਲੀ ਐਂਜਲਾ ਸਪੈਂਸਰਜ਼ ਹਾਰਪਰ ਕਹਿੰਦੀ ਹੈ ਕਿ ਇਸ ਖੂਹ ਦੀ ਕਹਾਣੀ 1857 ਦੀ ਬਗ਼ਾਵਤ ਸਮੇਂ ਸ਼ੁਰੂ ਹੁੰਦੀ ਹੈ। ਉਸ ਸਮੇਂ ਅੰਗਰੇਜ਼ਾਂ ਦੀ ਸੈਨਾ 'ਚ ਇੱਕ ਅਫਸਰ ਸਨ, ਐਡਵਰਡ ਐਂਡਰਸਨ ਰੀਡ ਅਤੇ ਗ਼ਦਰ ਨੂੰ ਕੁਚਲਣ ਲਈ ਉਨ੍ਹਾਂ ਦਾ ਸਾਥ ਦੇ ਰਹੇ ਸਨ ਕਾਸ਼ੀ ਦੇ ਰਾਜਾ। ਐਡਵਰਡ ਅਤੇ ਮਹਾਰਾਜਾ ਇਕੱਠੇ ਲੜੇ ਤੇ ਦੋਵਾਂ 'ਚ ਦੋਸਤੀ ਹੋ ਗਈ।

ਐਡਵਰਡ ਬਾਅਦ 'ਚ ਸਰਹੱਦੀ ਸੂਬੇ ਦੇ ਗਵਰਨਰ ਬਣੇ ਤੇ ਉੱਥੇ ਉਨ੍ਹਾਂ ਨੇ ਇੱਕ ਵਾਰ ਦੋ ਭਰਾਵਾਂ ਦੀ ਜ਼ਮੀਨ ਦੀ ਲੜਾਈ ਸੁਲਝਾਉਣ ਲਈ ਉਨ੍ਹਾਂ ਦੀ ਜ਼ਮੀਨ ਖ਼ਰੀਦ ਕੇ ਪੈਸੇ ਵੰਡ ਦਿੱਤੇ ਅਤੇ ਉਸ ਜ਼ਮੀਨ 'ਤੇ ਇੱਕ ਖੂਹ ਪੁਟਵਾ ਦਿੱਤਾ, ਕਿਉਂਕਿ ਉੱਥੇ ਪਾਣੀ ਦੀ ਬੇਹੱਦ ਘਾਟ ਸੀ। ਐਂਜਲਾ ਆਖਦੀ ਹੈ ਕਿ ਜਦੋਂ ਕਾਸ਼ੀ ਦੇ ਨਰੇਸ਼ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੂੰ ਬਹੁਤ ਖ਼ੁਸ਼ੀ ਹੋਈ ਤੇ ਉਨ੍ਹਾਂ ਕਿਹਾ ਕਿ ਮੈਂ ਵੀ ਕੁਝ ਅਜਿਹਾ ਹੀ ਕਰਨਾ ਚਾਹੁੰਦਾ ਹਾਂ, ਪਰ ਇੱਥੇ ਮੁਸ਼ਕਿਲ ਹੈ, ਕਾਫੀ ਭੀੜ ਹੈ, ਇੱਥੇ ਤਾਂ, ਮੈਂ ਤੁਹਾਡੇ (ਐਡਵਰਡ) ਪਿੰਡ 'ਚ ਖੂਹ ਪੁਟਵਾਵਾਂਗਾ। ਦਰਅਸਲ ਐਡਵਰਡ ਨੇ ਰਾਜਾ ਨੂੰ ਦੱਸਿਆ ਸੀ ਕਿ ਉਨ੍ਹਾਂ ਦੇ ਪਿੰਡ 'ਚ ਪਾਣੀ ਦੀ ਬਹੁਤ ਕਮੀ ਹੈ ਤੇ ਗਰਮੀਆਂ 'ਚ ਬੱਚਿਆਂ ਦੀ ਰਸੋਈ ਲਈ ਰੱਖਿਆ ਪਾਣੀ ਪੀ ਜਾਣ ਕਾਰਨ ਲੜਾਈ ਵੀ ਹੋ ਜਾਂਦੀ ਹੈ। ਫਿਰ ਮਹਾਰਾਜਾ ਨੇ ਐਡਵਰਡ ਨੂੰ ਖੂਹ ਲਈ ਸਾਰੀ ਰਕਮ ਦੇ ਦਿੱਤੀ ਤੇ ਐਡਵਰਡ ਨੇ ਇੰਗਲੈਂਡ ਪਰਤ ਕੇ ਖੂਹ ਖੁਦਵਾਇਆ, ਜਿਸ ਦਾ ਨਾਮ ਰੱਖਿਆ ਗਿਆ 'ਮਹਾਰਾਜਾ ਦਾ ਖੂਹ'।

ਸਾਫ਼ ਪਾਣੀ-ਖੂਹ 368 ਫੁੱਟ ਡੂੰਘਾ ਹੈ, ਜਾਂ ਇੰਝ ਆਖ ਲਓ ਕਿ ਕੁਤੁਬ ਮੀਨਾਰ ਤੋਂ ਵੀ ਜ਼ਿਆਦਾ, ਜਿਸ ਦੀ ਉੱਚਾਈ 238 ਫੁੱਟ ਹੈ। ਕਹਿੰਦੇ ਹਨ ਕਿ ਪਾਣੀ ਦੀ ਬਾਲਟੀ ਭਰ ਕੇ ਬਾਹਰ ਖਿੱਚਣ 'ਚ ਪਹਿਲਾਂ 10 ਮਿੰਟ ਲੱਗ ਜਾਇਆ ਕਰਦੇ ਸਨ। ਇਹ ਪੂਰਾ ਖੂਹ ਸਿਰਫ਼ ਇੱਕੋ ਵਿਅਕਤੀ ਨੇ ਪੁੱਟ ਦਿੱਤਾ ਸੀ। ਕਰੀਬ ਇੱਕ ਸਾਲ ਲੱਗ ਗਿਆ ਸੀ ਖੂਹ ਤਿਆਰ ਹੋਣ 'ਚ। ਕਾਫੀ ਡੂੰਘਾ ਹੋਣ ਕਾਰਨ ਖੂਹ ਦਾ ਪਾਣੀ ਬੇਹੱਦ ਸਾਫ਼ ਸੀ। ਪਹਿਲਾਂ ਖੂਹ 'ਚ 15-20 ਫੁੱਟ ਪਾਣੀ ਹੋਇਆ ਕਰਦਾ ਸੀ ਤੇ ਹੁਣ ਉੱਥੇ ਕਰੀਬ 50 ਫੁੱਟ ਪਾਣੀ ਹੈ। ਹੁਣ ਬੇਸ਼ੱਕ ਪਾਣੀ ਦੇ ਹੋਰ ਵਸੀਲੇ ਹੋਣ ਕਾਰਨ ਇਸ ਦੀ ਜ਼ਿਆਦਾ ਲੋੜ ਨਹੀਂ, ਪਰ ਇਸ ਨੇ ਕਰੀਬ 70 ਸਾਲਾਂ ਤੱਕ ਲੋਕਾਂ ਦੀ ਤ੍ਰੇਹ ਬੁਝਾਈ ਹੈ।

ਬਨਾਰਸ ਨਾਲ ਸੰਪਰਕ : 1886 'ਚ ਐਡਵਰਡ ਦੀ ਮੌਤ ਦੇ ਬਾਅਦ ਤੋਂ ਹੀ ਸਟੋਕ ਸੇ ਪਿੰਡ ਦਾ ਬਨਾਰਸ ਨਾਲੋਂ ਸੰਪਰਕ ਲੱਗਭੱਗ ਖ਼ਤਮ ਹੋ ਗਿਆ। ਦੁਬਾਰਾ ਸੰਪਰਕ ਹੋਇਆ 72 ਸਾਲਾਂ ਬਾਅਦ ਤੇ ਉਹ ਵੀ ਸੰਯੋਗ ਨਾਲ। 1958 'ਚ ਆਕਸਫੋਰਡ ਤੋਂ ਇੱਕ ਸੈਲਾਨੀ ਬਨਾਰਸ ਆਇਆ ਤੇ ਉਸ ਸਮੇਂ ਮਹਾਰਾਜਾ ਨੇ ਉਸ ਨੂੰ ਖੂਹ ਬਾਰੇ ਪੁੱਛਿਆ। ਇਹ ਸੁਣ ਕੇ ਕਿ ਖੂਹ ਅਜੇ ਵੀ ਹੈ ਮਹਾਰਾਜ ਸਰਗਰਮ ਹੋ ਗਏ। 1961 'ਚ ਜਦੋਂ ਬਰਤਾਨੀਆ ਦੀ ਮਹਾਰਾਣੀ ਐਲਿਜਾਬੇਥ ਬਨਾਰਸ ਆਈ, ਤਾਂ ਮਹਾਰਾਜਾ ਨੇ ਉਨ੍ਹਾਂ ਨੂੰ ਖੂਹ ਦੀ 100ਵੀਂ ਵਰ੍ਹੇਗੰਢ 'ਤੇ ਕੁਝ ਖ਼ਾਸ ਕਰਨ ਦੀ ਅਪੀਲ ਕੀਤੀ। ਮਹਾਰਾਣੀ ਆਪਣੇ ਨਾਲ ਗੰਗਾ ਜਲ ਲੈ ਗਈ, ਜਿਸ ਨੂੰ ਖੂਹ ਦੇ ਪਾਣੀ 'ਚ ਮਿਲਾਇਆ ਗਿਆ। 100ਵੀਂ ਵਰ੍ਹੇਗੰਢ ਮੌਕੇ 1964 'ਚ ਮਹਾਰਾਣੀ ਦੇ ਪਤੀ ਡਿਊਕ ਆਫ ਐਡਿਨਬਰਾ ਪ੍ਰਿੰਸ ਫਿਲਿਪ ਹੈਲੀਕਾਪਟਰ 'ਚ ਉਸ ਪਿੰਡ ਗਏ ਤੇ ਖੂਹ ਨੂੰ ਵੇਖਿਆ। ਹੁਣ 2014 'ਚ ਖੂਹ ਦੀ 150 ਵੀਂ ਵਰ੍ਹੇਗੰਢ ਮੌਕੇ ਖੂਹ ਦੇ ਟਰੱਸਟੀ ਵਰਤਮਾਨ ਮਹਾਰਾਜਾ ਨਾਲ ਸੰਪਰਕ ਕਰਨਾ ਚਾਹੁੰਦੇ ਹਨ।



ਬੀਬੀਸੀ ਨੇ ਇਸ ਸੰਬੰਧ 'ਚ ਬਨਾਰਸ ਦੇ ਮੌਜੂਦਾ ਮਹਾਰਾਜਾ ਆਨੰਤ ਨਰਾਇਣ ਸਿੰਘ ਨਾਲ ਸੰਪਰਕ ਕੀਤਾ, ਪਰ ਉਨ੍ਹਾਂ ਨੇ ਇਸ ਸੰਬੰਧ 'ਚ ਕੋਈ ਦਿਲਚਸਪੀ ਵਿਖਾਏ ਬਿਨਾਂ ਸਿਰਫ਼ ਇੰਨਾ ਹੀ ਕਿਹਾ ਕਿ ਉਨ੍ਹਾਂ ਦੇ ਵੱਡੇ-ਵਡੇਰਿਆਂ ਨੇ ਜੋ ਵੀ ਕੀਤਾ ਵਧੀਆ ਕੀਤਾ ਤੇ ਇਸ ਬਾਰੇ ਉਨ੍ਹਾਂ ਕੋਲ ਕਹਿਣ ਨੂੰ ਹੋਰ ਕੁਝ ਵੀ ਨਹੀਂ। ਮਹਾਰਾਜਾ ਨੇ ਇਹ ਵੀ ਨਹੀਂ ਕਿਹਾ ਕਿ ਉਨ੍ਹਾਂ ਦੇ ਪੂਰਵਜਾਂ ਨੇ ਇੰਗਲੈਂਡ ਦੇ ਖੂਹ ਦੀ ਯਾਦ 'ਚ ਬਨਾਰਸ 'ਚ ਵੀ ਬਿਲਕੁਲ ਉਸੇ ਤਰ੍ਹਾਂ ਦਾ ਹੀ ਖੂਹ ਪੁਟਵਾਇਆ ਹੈ। ਬੀਬੀਸੀ ਨੂੰ ਇਸ ਬਾਰੇ ਜਾਣਕਾਰੀ ਦਿੱਤੀ, ਮਹਾਰਾਜੇ ਦੇ ਨਿੱਜੀ ਸਕੱਤਰ ਡਾ. ਜੈ ਪ੍ਰਕਾਸ਼ ਪਾਠਕ ਨੇ। ਕਾਸ਼ੀ ਹਿੰਦੂ ਯੂਨੀਵਰਸਿਟੀ ਕੋਲ ਨਗਵਾਂ ਇਲਾਕੇ 'ਚ ਇਹ ਖੂਹ ਮਹਾਰਾਜਾ ਈਸ਼ਵਰੀ ਨਰਾਇਣ ਸਿੰਘ ਬਹਾਦਰ ਦੀ ਪਤਨੀ ਨੇ ਆਪਣੇ ਪਤੀ ਦੀ ਯਾਦ 'ਚ 1991 'ਚ ਪੁਟਵਾਇਆ ਸੀ। ਬੇਸ਼ੱਕ ਇੰਗਲੈਂਡ ਦੇ ਖੂਹ 'ਚੋਂ ਹੁਣ ਪਾਣੀ ਨਹੀਂ ਕੱਢਿਆ ਜਾਂਦਾ ਹੈ, ਪਰ ਬਦਲਾਅ ਦਾ ਇਹ ਮੂਕ ਗਵਾਹ ਅਜੇ ਵੀ ਤ੍ਰੇਹ ਬੁਝਾ ਰਿਹਾ ਹੈ, ਭਾਰਤ 'ਚ ਅੰਗਰੇਜ਼ੀ ਹਕੂਮਤ ਅਤੇ ਰਜਵਾੜਿਆਂ ਦੇ ਰਿਸ਼ਤਿਆਂ ਨੂੰ ਸਮਝਣਾ ਚਾਹੁਣ ਵਾਲਿਆਂ ਦੀ।

# ਬ੍ਰਿਟਿਸ਼ ਸ਼ਾਹੀ ਘਰਾਣੇ ਨੂੰ ਲੋੜ ਹੈ ਭਾਂਡੇ ਮਾਂਜਣ ਵਾਲੇ ਦੀ

ਲੰਡਨ-ਬ੍ਰਿਟੇਨ ਦੀ ਮਹਾਰਾਣੀ ਐਲਿਜਾਬੇਥ ਨੂੰ ਇਨ੍ਹੀਂ ਦਿਨੀਂ ਭਾਂਡੇ ਧੋਣ ਲਈ ਇਕ ਵਿਅਕਤੀ ਦੀ ਲੋੜ ਹੈ। ਭਾਂਡੇ ਧੋਣ ਵਾਲੇ ਵਿਅਕਤੀ ਨੂੰ 14200 ਪੌਂਡ ਦਾ ਸਾਲਾਨਾ ਮਿਹਨਤਾਨਾ ਮਿਲੇਗਾ।

ਬ੍ਰਿਟੇਨ ਦੇ ਇਸ ਰਾਜਸੀ ਪਰਿਵਾਰ ਦੀ ਅਧਿਕਾਰਕ ਵੈੱਬਸਾਈਟ 'ਤੇ ਇਸ ਬਾਬਤ ਸੂਚਨਾ ਦਿੱਤੀ ਗਈ ਹੈ। ਭਾਂਡੇ ਧੋਣ ਵਾਲੇ ਇਨਸਾਨ ਨੂੰ ਜਨਰਲ ਕੈਟਰਿੰਗ ਅਸਿਸਟੈਂਟ ਦਾ ਅਹੁਦਾ ਦਿੱਤਾ ਜਾਵੇਗਾ ਤੇ ਉਸ ਨੂੰ ਹਰ ਹਫ਼ਤੇ 40 ਘੰਟੇ ਦੀ ਦਰ ਨਾਲ ਸਾਲਾਨਾ 14 ਹਜ਼ਾਰ 200 ਪੌਂਡ ਤਨਖ਼ਾਹ ਦਿੱਤੀ ਜਾਵੇਗੀ।

ਉਸ ਨੂੰ ਵਕਤ ਦਾ ਪਾਬੰਦ, ਭਰੋਸੇਮੰਦ ਅਤੇ ਕੰਮ ਦਾ ਅਨੁਭਵ ਹੋਣਾ ਚਾਹੀਦਾ ਹੈ। ਉਸ ਨੂੰ ਲੰਡਨ ਦੇ ਰਾਜਮਹਿਲ ਬਕਿੰਘਮ ਪੈਲੇਸ ਤੋਂ ਇਲਾਵਾ ਸ਼ਾਹੀ ਖ਼ਾਨਦਾਨ ਦੇ ਨਾਲ ਵਿੰਡਸਰ, ਸੈਂਡਰਿੰਘਮ ਬਾਲਮੋਰੇਲ ਅਤੇ ਹੋਲੀਰੁਡ ਹਾਊਸ ਦੇ ਦੌਰਿਆਂ 'ਤੇ ਵੀ ਜਾਣਾ ਹੋਵੇਗਾ। ਉਸ ਨੂੰ ਲੰਡਨ ਤੋਂ ਘੱਟ ਤੋਂ ਘੱਟ ਤਿੰਨ ਮਹੀਨੇ ਦੂਰ ਹੋਣ ਦੀ ਸ਼ਰਤ 'ਤੇ ਹੀ ਨੌਕਰੀ ਦਿੱਤੀ ਜਾਵੇਗੀ।



# ਅਸ਼ਲੀਲ ਫੋਨ ਕਾਲ ਕਾਰਨ ਵਧੀ ਭਾਰਤੀ ਵਿਗਿਆਨੀਆਂ ਦੀ ਪਰੇਸ਼ਾਨੀ

ਲੰਡਨ-ਬ੍ਰਿਟੇਨ 'ਚ ਭਾਰਤੀ ਮੂਲ ਦੇ ਵਿਗਿਆਨੀ ਨੂੰ ਉਸ ਵੇਲੇ ਕਈ ਅਣਚਾਹੀਆਂ ਅਤੇ ਅਸ਼ਲੀਲ ਫੋਨ ਕਾਲਜ਼ ਦਾ ਸਾਹਮਣਾ ਕਰਨਾ ਪਿਆ, ਜਦੋਂ ਗ਼ਲਤੀ ਨਾਲ ਉਸ ਦਾ ਨੰਬਰ ਇਕ ਚੈਨਲ 'ਤੇ ਪ੍ਰਸਾਰਿਤ ਹੋ ਗਿਆ। ਬ੍ਰਿਟੇਨ ਦੇ ਬਰਾਡਕਾਸਟਿੰਗ ਵਾਚਡਾਗ ਆਫਕਾਮ ਨੇ ਕਿਹਾ ਹੈ ਕਿ ਉਹ ਚੈਨਲ ਦੇ ਇਸ ਪ੍ਰੋਗਰਾਮ ਦੇ ਸੰਦਰਭ 'ਚ ਆਈਆਂ 160 ਤੋਂ ਵੱਧ ਸ਼ਿਕਾਇਤਾਂ ਦੀ ਜਾਂਚ ਕਰ ਰਹੇ ਹਨ। 27 ਸਾਲਾ ਰਾਕੇਸ਼ ਸਾਗਰ ਨੇ ਆਫ ਕਾਮ ਦੇ ਸਾਹਮਣੇ ਆਪਣੀ ਸ਼ਿਕਾਇਤ ਦਰਜ ਕਰਵਾਈ ਸੀ। ਉਸ ਨੇ ਦੱਸਿਆ ਕਿ ਚੈਨਲ 'ਤੇ ਉਸ ਦਾ ਨੰਬਰ ਪ੍ਰਸਾਰਿਤ ਹੋਣ ਤੋਂ ਬਾਅਦ ਉਸ ਨੂੰ 300 ਤੋਂ ਵੱਧ ਫੋਨ ਕਾਲਜ਼ ਅਤੇ ਮੈਸੇਜ ਮਿਲੇ, ਜਿਨ੍ਹਾਂ 'ਚੋਂ ਕੁਝ ਦੀ ਭਾਸ਼ਾ ਬਹੁਤ ਅਸ਼ਲੀਲ ਸੀ। ਸਾਗਰ ਨੇ ਦੱਸਿਆ ਕਿ ਉਹ ਇਸ ਮਾਮਲੇ 'ਚ ਕਾਨੂੰਨੀ ਕਾਰਵਾਈ 'ਤੇ ਵੀ ਸਲਾਹ ਮਸ਼ਵਰਾ ਕਰ ਰਿਹਾ ਹੈ। ਯਾਦ ਰਹੇ ਕਿ ਪਿਛਲੇ ਸਾਲ 30 ਦਸੰਬਰ ਨੂੰ ਚੈਨਲ-4 'ਤੇ ਪ੍ਰਸਾਰਿਤ 'ਬਿਗ ਫੈਟ ਕੁਈਜ਼ ਆਫ ਦਿ ਈਅਰ' ਦੌਰਾਨ ਬ੍ਰਿਟਿਸ਼ ਕਾਮੇਡੀਅਰ ਜੈਕ ਵ੍ਹਾਈਟਹਾਲ ਨੇ ਸਕਰੀਨ 'ਤੇ ਟੀਵੀ ਦਰਸ਼ਕਾਂ ਲਈ ਇੱਕ ਨੰਬਰ ਲਿਖਿਆ ਤੇ ਦਾਅਵਾ ਕੀਤਾ ਕਿ ਇਹ ਨੰਬਰ ਉਨ੍ਹਾਂ ਦੇ ਸਾਥੀ ਅਤੇ ਬ੍ਰਿਟਿਸ਼ ਮੀਡੀਆ ਦੀ ਵਿਵਾਦਿਤ ਪਰਸਨੈਲਟੀ ਜੋਨਾਥਰ ਰੋਸ ਦਾ ਹੈ ਅਤੇ ਤੁਸੀਂ ਜਦੋਂ ਵੀ ਚਾਹੋ, ਇਨ੍ਹਾਂ ਨੂੰ ਫੋਨ ਕਰ ਸਕਦੇ ਹਨ। ਸੰਯੋਗ ਨਾਲ ਜੈਕ ਨੇ ਜੋ ਨੰਬਰ ਸਕਰੀਨ 'ਤੇ ਲਿਖਿਆ ਉਹ ਸਾਗਰ ਦਾ ਨਿਕਲਿਆ ਅਤੇ ਇਸ ਤੋਂ ਬਾਅਦ ਉਸ ਨੂੰ ਲਗਾਤਾਰ ਫੋਨ ਅਤੇ ਐਸਐਮਐਸ ਆਉਣ ਲੱਗੇ, ਇਸ 'ਚੋਂ ਕੁਝ ਸੰਦੇਸ਼ ਅਸ਼ਲੀਲ ਵੀ ਸਨ।

# ਚੱਲ ਵਸਿਆ ਬਰਤਾਨੀਆ ਦਾ 110 ਸਾਲਾ ਬਜ਼ੁਰਗ

ਲੰਡਨ-ਬਰਤਾਨੀਆ ਦਾ ਰੇਗ ਡੀਨ ਨਾਂ ਦਾ 110 ਸਾਲਾ ਸਭ ਤੋਂ ਬਜ਼ੁਰਗ ਵਿਅਕਤੀ ਬੀਤੇ ਦਿਨੀਂ ਚੱਲ ਵਸਿਆ। ਇਸ ਵਿਅਕਤੀ ਨੇ ਦੋ ਵਿਸ਼ਵ ਯੁੱਧ ਤੇ 24 ਬ੍ਰਿਟਿਸ਼ ਪ੍ਰਧਾਨ ਮੰਤਰੀਆਂ ਨੂੰ ਅਹੁਦਾ ਸੰਭਾਲਦਿਆਂ ਤੇ ਜਾਂਦਿਆਂ ਦੇਖਿਆ। ਸਾਬਕਾ ਕੈਪਟਨ ਤੇ ਅਧਿਆਪਕ ਡੀਨ ਦਾ ਜਨਮ 1902 'ਚ ਹੋਇਆ ਸੀ ਤੇ ਜੂਨ 2010 'ਚ ਉਸ ਨੂੰ ਬਰਤਾਨੀਆ ਦੇ ਸਭ ਤੋਂ ਬਜ਼ੁਰਗ ਵਿਅਕਤੀ ਦੇ ਖਿਤਾਬ ਨਾਲ ਸਨਮਾਨਿਆ ਗਿਆ ਸੀ। ਦੱਸਣਯੋਗ ਹੈ ਕਿ 80 ਸਾਲਾਂ ਦੀ ਉਮਰ 'ਚ ਉਹ ਰਿਟਾਇਰ ਹੋਇਆ ਤੇ ਉਸ ਵੇਲੇ ਤੱਕ ਉਹ ਇੱਕ ਮੰਤਰੀ ਵਜੋਂ ਕੰਮ ਕਰਦਾ ਰਿਹਾ।




# ਵਿਦਿਆਰਥੀ 'ਤੇ ਹਮਲਾ ਕਰਨ ਵਾਲੇ ਨੂੰ 7 ਸਾਲ ਦੀ ਕੈਦ

ਲੰਡਨ-ਆਪਣੀ ਸਾਥੀ ਮੁਟਿਆਰ ਨੂੰ ਬਚਾਉਂਦੇ ਇਕ ਯੂਨੀਵਰਸਿਟੀ ਦੇ ਵਿਦਿਆਰਥੀ 'ਤੇ ਮਾਰੂ ਹਮਲਾ ਕਰਨ ਵਾਲੇ ਏਸ਼ੀਆਈ ਮੂਲ ਦੇ ਅੱਲ੍ਹੜ ਲੜਕੇ ਨੂੰ ਅਦਾਲਤ ਨੇ 7 ਸਾਲ ਦੀ ਸਜ਼ਾ ਸੁਣਾਈ ਹੈ। ਇਸ ਲੜਕੇ ਨੇ ਪੀੜਤ 'ਤੇ ਚਾਕੂ ਨਾਲ ਕਈ ਵਾਰ ਕੀਤੇ।

17 ਸਾਲਾ ਗੁਰਜੋਤ ਸਿੰਘ ਮੁੰਡਿਆਂ ਦੇ ਇਕ ਗੈਂਗ ਦਾ ਹਿੱਸਾ ਸੀ, ਜਿਨ੍ਹਾਂ 'ਚੋਂ ਕੁਝ ਤਾਂ ਸਿਰਫ 14 ਸਾਲ ਦੀ ਉਮਰ ਦੇ ਸਨ। ਇਸ ਗੈਂਗ ਨੇ ਐਡਵਰਡ ਵੌਸ 'ਤੇ ਪੰਜ ਵਾਰੀ ਤਿੱਖੇ ਵਾਰ ਕੀਤੇ। ਡੇਲੀ ਮੇਲ 'ਚ ਛਪੀ ਰਿਪੋਰਟ ਅਨੁਸਾਰ ਬਰਮਿੰਘਮ ਦੇ ਗੁਰਜੋਤ ਸਿੰਘ ਨੇ ਇਸੇ ਸ਼ਹਿਰ 'ਚ ਫਸਟ ਈਅਰ ਦੇ 19 ਸਾਲਾ ਵੌਸ 'ਤੇ ਪੰਜ ਵਾਰੀ ਹਮਲਾ ਕਰਕੇ ਮੌਤ ਦੇ ਮੂੰਹ 'ਚ ਧੱਕਣ ਦਾ ਯਤਨ ਕੀਤਾ।

ਉਸ ਨੇ ਵੌਸ ਦੀ ਕੂਹਣੀ, ਛਾਤੀ ਅਤੇ ਪੇਟ 'ਤੇ ਵਾਰ ਕੀਤੇ। ਗੁਰਜੋਤ ਨੇ ਵੌਸ, ਉਸ ਦੀ ਮਿੱਤਰ ਕੁੜੀ ਸਰਾਹ ਲੇਹ ਤੇ ਉਨ੍ਹਾਂ ਦੀਆਂ ਦੋ ਹੋਰ ਦੋਸਤ ਲੜਕੀਆਂ 'ਤੇ ਉਦੋਂ ਹਮਲਾ ਕੀਤਾ ਜਦੋਂ ਪਿਛਲੇ ਸਾਲ 28 ਅਪਰੈਲ ਨੂੰ ਉਹ ਦੁਪਹਿਰ ਮਗਰੋਂ ਸੜਕ 'ਤੇ ਟਹਿਲ ਰਹੇ ਸਨ। ਅਦਾਲਤ 'ਚ ਦੱਸਿਆ ਗਿਆ ਕਿ ਗੁਰਜੋਤ ਤੇਜ਼ਧਾਰ ਹਥਿਆਰਾਂ ਦਾ ਸ਼ੌਕੀਨ ਹੈ ਤੇ ਉਸ ਦੇ ਕੰਪਿਊਟਰ ਤੇ ਮੋਬਾਈਲ ਫੋਨ 'ਚੋਂ ਉਸ ਦੀਆਂ ਅਜਿਹੀਆਂ ਤਸਵੀਰਾਂ ਮਿਲੀਆਂ ਹਨ, ਜਿਨ੍ਹਾਂ 'ਚ ਉਹ ਤਲਵਾਰ ਲਹਿਰਾ ਰਿਹਾ ਸੀ।

# ਯੂ ਕੇ 'ਚ 900 ਤੋਂ ਵੱਧ ਮੁਜਰਿਮ ਡਾਕਟਰ ਨੌਕਰੀ ਕਰ ਰਹੇ ਨੇ

## ਬਹੁਤੇ ਮਰੀਜ਼ਾਂ ਨੂੰ ਆਪਣੇ ਡਾਕਟਰਾਂ ਦੇ ਚਾਲ ਚਲਣ ਬਾਰੇ ਪਤਾ ਵੀ ਨਹੀਂ

ਲੰਡਨ – ਯੂ ਕੇ ਵਿਚ ਇਸ ਸਮੇਂ ਲੋਕਾਂ ਦਾ ਇਲਾਜ ਕਰਨ ਵਾਲੇ 927 ਡਾਕਟਰ ਅਜਿਹੇ ਹਨ, ਜਿਹਨਾਂ ਦਾ ਅਪਰਾਧ ਸਾਬਤ ਹੋ ਚੁੱਕਾ ਹੈ, ਤੇ ਉਹ ਅਜੇ ਵੀ ਅਪਾਣੀ ਨੌਕਰੀ ਕਰ ਰਹੇ ਨੇ ਤੇ ਮਰੀਜ਼ ਉਹਨਾਂ ਪਾਸੋਂ ਆਪਣਾ ਇਲਾਜ ਕਰਵਾ ਰਹੇ ਹਨ ।

ਪ੍ਰਾਪਤ ਵੇਰਵੇ ਮੁਤਾਬਕ ਇਹਨਾਂ ਵਿਚ ਕਈ ਡਾਕਟਰਾਂ ਉੱਤੇ ਗੰਭੀਰ ਅਪਰਾਧਾਂ ਦੇ ਦੋਸ਼ ਹਨ । ਕੁਝ ਡਾਕਟਰ ਤਾਂ ਬੱਚਿਆਂ ਦੀਆਂ ਇਤਰਾਜ਼ਯੋਗ ਤਸਵੀਰਾਂ ਰੱਖਣ, ਕੁਝ ਡਰੱਗ, ਕੁਝ ਵੇਸਵਾਵਾਂ ਦੇ ਪਿੱਛੇ ਜਾਣ ਕਰਬ ਕਰਾਲਿੰਗ ਅਤੇ ਖ਼ਤਰਨਾਕ ਡਰਾਇਵਰੀ ਕਰਕੇ ਕਿਸੇ ਨੂੰ ਮਾਰਨ ਜਿਹੇ ਅਪਰਾਧਾਂ ਵਿਚ ਸ਼ਾਮਿਲ ਹਨ ।

ਹਜ਼ਾਰਾਂ ਮਰੀਜ਼ਾਂ ਪਾਸੋਂ ਉਹਨਾਂ ਦੇ ਡਾਕਟਰਾਂ ਬਾਰੇ ਓਹਲਾ ਰੱਖਿਆ ਜਾ ਰਿਹਾ ਹੈ। ਮਰੀਜ਼ਾਂ ਨੂੰ ਦੱਸਿਆ ਨਹੀਂ ਜਾ ਰਿਹਾ ਕਿ ਉਹਨਾਂ ਦੇ ਡਾਕਟਰ ਇਤਨੇ ਗੰਭੀਰ ਅਪਰਾਧਾਂ ਵਿਚ ਦੋਸ਼ੀ ਹਨ । ਪਰ ਜਨਰਲ ਮੈਡੀਕਲ ਕੌਂਸਲ ਨੇ ਕਿਹਾ ਹੈ ਕਿ ਉਹ ਆਪਣੇ ਤੌਰ ਤੇ ਸੈਕਸ ਅਪਰਾਧਾਂ ਵਿਚ ਸ਼ਾਮਿਲ ਲੋਕਾਂ ਦੇ ਰਜਿਸਟਰ ਤੇ ਆਪਣੇ ਆਪ ਨਹੀਂ ਦੇਖ ਸਕਦੇ, ਇਹ ਉਹਨਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਵੇਗੀ । 25 ਡਾਕਟਰ ਕਿਸੇ ਨੂੰ ਸਰੀਰਕ ਨੁਕਸਾਨ ਪਹੁੰਚਾਉਣ ਦੇ ਦੋਸ਼ੀ ਹਨ । 296 ਡਾਕਟਰ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਦੋਸ਼ੀ, 182 ਡਾਕਟਰ ਖਤਰਨਾਕ ਡਰਾਈਵਿੰਗ ਕਰਨ ਦੇ ਦੋਸ਼ੀ, 2 ਡਾਕਟਰ ਬੱਚਿਆਂ ਨਾਲ ਨਿਰਦੈਇਤਾ ਕਰਨ ਦੇ ਦੋਸ਼ੀ, 9 ਆਪਣੇ ਜੀਵਨ ਸਾਥੀ ਤੇ ਹਮਲਾ ਕਰਨ ਅਤੇ 5 ਤੰਗ ਕਰਨ ਦੇ ਅਤੇ 2 ਨਜਾਇਜ਼ ਹਥਿਆਰ ਰੱਖਣ ਅਤੇ 8 ਡਾਕਟਰ ਕਰਬ ਕਰੌਲਿੰਗ ਦੇ ਦੋਸ਼ੀ ਪਾਏ ਗਏ ਹਨ । ਅਲੋਚਨਾ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਮਰੀਜ਼ਾਂ ਨੂੰ ਉਹਨਾਂ ਦੇ ਡਾਕਟਰਾਂ ਨੂੰ ਦੋਸ਼ੀ ਪਾਏ ਜਾਣ ਬਾਰੇ ਦੱਸਣਾ ਜ਼ਰੂਰੀ ਹੈ ਲੋਕਾਂ ਤੋਂ ਅਜਿਹੀ ਗੱਲ ਛੁਪਾਉਣੀ ਨਹੀਂ ਚਾਹੀਦੀ ।

# ਗੈਂਗ ਮਾਸਟਰ ਕੁਲਦੀਪ ਸਿੰਘ ਨੂੰ ਗਲਤ ਢੰਗ ਨਾਲ ਕਮਾਏ ਪੈਸੇ ਨਾ ਦੇਣ ਕਾਰਨ ਸਾਢੇ ਤਿੰਨ ਸਾਲ ਹੋਰ ਕੈਦ



ਕੁਲਦੀਪ ਸਿੰਘ

ਲੀਡਜ਼ – ਇਥੇ ਰਿਵਲਿਨ ਪਾਰਕ, ਕਿੰਗਜ਼ ਵੁੱਡ ਵਿਖੇ ਰਹਿਣ ਵਾਲੇ ਕੁਲਦੀਪ ਸਿੰਘ ਨੂੰ ਗਲਤ ਢੰਗ ਨਾਲ ਕਮਾਏ ਡੇਢ ਮਿਲੀਅਨ ਪੌਂਡ ਵਾਪਸ ਨਾ ਦੇਣ ਕਾਰਨ ਲੀਡਜ਼ ਮੈਜਿਸਟ੍ਰੇਟ ਦੀ ਅਦਾਲਤ ਵੱਲੋਂ ਸਾਢੇ 3 ਸਾਲ ਹੋਰ ਕੈਦ ਦੀ ਸਜ਼ਾ ਸੁਣਾਈ ਗਈ ਹੈ ।

ਪ੍ਰਾਪਤ ਵੇਰਵੇ ਮੁਤਾਬਕ ਕੁਲਦੀਪ ਸਿੰਘ ਨੇ ਇਹ ਡੇਢ ਮਿਲੀਅਨ ਪੌਂਡ ਹਰਜਾਨਾ ਦੇਣ ਤੋਂ ਬਚਣ ਵਾਸਤੇ ਆਪਣੀ ਦੁਕਾਨ ਘਰਾਂ ਵਿਚ ਪੇਪਰ ਸੁੱਟਣ ਵਾਲੇ ਇਕ ਮੁੰਡੇ ਨੂੰ ਦੇਣ ਦੀ ਕੋਸ਼ਿਸ਼ ਕੀਤੀ ਸੀ ਤਾਂ ਕਿ ਉਹ ਆਪਣੀ ਜਾਇਦਾਦ ਦੇ ਵੇਰਵੇ ਛੁਪਾ ਸਕੇ । ਉਸ ਲੜਕੇ ਵੱਲੋਂ ਇਸ ਦੀ ਸੂਚਨਾ ਪੁਲਿਸ ਨੂੰ ਦੇਣ ਤੇ ਕੁਲਦੀਪ ਸਿੰਘ ਉਲਟਾ ਕੁੜਿੱਕੀ ਵਿਚ ਫਸ ਗਿਆ ਸੀ ।

ਕੁਲਦੀਪ ਸਿੰਘ ਆਪਣੇ ਕੋਲ ਲਾਈਸੰਸ ਨਾ ਹੋਣ ਦੀ ਸੂਰਤ ਵਿਚ ਵੀ ਹਰਟੀਲਚਰਲ ਫਰਮਾਂ ਨੂੰ ਕਾਮੇ ਸੁਪਲਾਈ ਕਰਦਾ ਸੀ । ਉਸ ਨੂੰ ਬਿਨਾ ਲਾਈਸੰਸ ਤੋਂ ਇਹ ਕੰਮ ਕਰਨ ਤੋਂ ਰੋਕਿਆ ਵੀ ਗਿਆ ਸੀ, ਪਰ ਉਹਨੇ ਇਹ ਕੰਮ ਜਾਰੀ ਰੱਖਿਆ । ਹੁੱਲ ਕਰਾਊਨ ਕੋਰਟ ਨੂੰ ਦੱਸਿਆ ਗਿਆ ਕਿ ਕੁਲਦੀਪ ਨੇ ਇਸ ਕੰਮ ਵਿਚੋਂ ਡੇਢ ਮਿਲੀਅਨ ਪਾਉਂਡ ਕਮਾਏ ਤੇ ਉਹਦੇ ਕੋਲ £314,138 ਪੌਂਡ ਦੀ ਜਾਇਦਾਦ ਸੀ ।

ਉਸ ਪਾਸੋਂ ਹਰਜਾਨਾ ਵਸੂਲੀ ਕਰਨ ਲਈ ਅਦਾਲਤ ਵੱਲੋਂ ਇੰਡੀਆ ਵਿਚ ਉਹਦੀ ਪਰਿ–ਵਾਰਕ ਜਾਇਦਾਦ ਵੇਚਣ ਲਈ ਹੁਕਮ ਕੀਤੇ ਗਏ ਸਨ, ਜਿਹਦੇ ਵਿਚ ਉਹਦੀਆਂ 6 ਕਾਰਾਂ ਵੀ ਸ਼ਾਮਿਲ ਸਨ । ਉਸ ਨੂੰ ਪਿਛਲੇ ਮਹੀਨੇ 3 ਮਹੀਨਿਆਂ ਲਈ ਜੇਹਲ ਭੇਜਿਆ ਗਿਆ ਸੀ, ਜਦੋਂ ਕਿ ਉਸ ਨੂੰ ਇਕ ਪੇਪਰ ਬੋਇ ਨੂੰ ਦੁਕਾਨ ਦੇਣ ਦੇ ਦੋਸ਼ ਵਿਚ ਸਜ਼ਾ ਹੋਈ ਸੀ । ਕੁਲਦੀਪ ਨੇ 3 ਪੌਂਡ ਘੰਟਾ ਮਜ਼ਦੂਰੀ ਕਰਨ ਵਾਲੇ ਉਸ ਲੜਕੇ ਨੂੰ ਆਫ਼ਰ ਦਿੱਤੀ ਸੀ ਕਿ ਉਹ ਕੇਵਲ 1000 ਪੌਂਡ ਦੇ ਕੇ ਇਸ ਦੁਕਾਨ ਦਾ ਡਾਇਰੈਕਟਰ ਬਣ ਸਕਦਾ ਹੈ । ਪਰ ਕੁਲਦੀਪ ਸਿੰਘ ਜਾਂਚ ਕਰਤਾਵਾਂ ਪਾਸੋਂ ਆਪਣੀ ਜਾਇਦਾਦ ਛੁਪਾਉਣਾ ਚਾਹੁੰਦਾ ਸੀ ਕਿ ਉਹ ਆਖ ਸਕੇ ਕਿ ਉਹਦੇ ਕੋਲ ਵਾਪਸ ਦੇਣ ਲਈ ਕੁਝ ਨਹੀਂ ਹੈ । ਪ੍ਰੋਸੀਕਿਊਟਰ ਨੇ ਕਿਹਾ ਕਿ ਕੁਲਦੀਪ ਨੇ ਆਪਣਾ ਕਾਰੋਬਾਰ ਵੇਚਣ ਦੀ ਬਜਾਏ, ਇਸ ਨੂੰ ਇਕ ਲੜਕੇ ਦੇ ਨਾਂ ਲਵਾ ਕੇ ਬਚਾਉਣ ਦੀ ਕੋਸ਼ਿਸ਼ ਕੀਤੀ ਸੀ ।

# ਕੈਂਬਰਿਜ ਦਾ ਕਬਰਸਿਤਾਨ ਹੁਣ ਨਸ਼ੇੜੀਆਂ ਦਾ ਬਣਿਆ ਅੱਡਾ

ਲੰਡਨ-ਬੇਘਰੇ ਨਸ਼ੱਈਆਂ ਨੇ ਕੈਂਬਰਿਜ ਯੂਨੀਵਰਸਿਟੀ ਵਾਲੇ ਸ਼ਹਿਰ 'ਚ ਕਿਸੇ ਸਮੇਂ ਖਿੱਚ ਦਾ ਕੇਂਦਰ ਰਹੇ ਕਬਰਿਸਤਾਨ 'ਤੇ ਕਬਜ਼ਾ ਕਰ ਲਿਆ ਹੈ। ਸਥਾਨਕ ਲੋਕ ਇਸ ਕਾਰਨ ਕਾਫ਼ੀ ਖ਼ਫ਼ਾ ਹਨ ਤੇ ਉਹ ਇਸ ਸਥਾਨ ਨੂੰ ਖਾਲੀ ਕਰਾਉਣਾ ਚਾਹੁੰਦੇ ਹਨ। ਕਬਰਾਂ 'ਚ ਹੁਣ ਇਹ ਨਸ਼ੱਈ ਸੁੱਤੇ ਪਏ ਹੁੰਦੇ ਹਨ ਤੇ ਨਾਲ ਦੇ ਖਾਲੀ ਥਾਵਾਂ 'ਤੇ ਉਹ ਪਖਾਨਾ ਤੇ ਪਿਸ਼ਾਬ ਕਰਦੇ ਰਹਿੰਦੇ ਹਨ।



ਉਹ ਇੱਥੋਂ ਦੇ ਸਕੂਲੀ ਬੱਚਿਆਂ ਨੂੰ ਵੀ ਡਰਾਉਂਦੇ ਹਨ ਤੇ ਉਨ੍ਹਾਂ ਦੇ ਕੁੱਤਿਆਂ ਨੂੰ ਵਿਗਾੜ ਰਹੇ ਹਨ। 'ਡੇਲੀ ਮੇਲ' 'ਚ ਛਪੀ ਰਿਪੋਰਟ ਅਨੁਸਾਰ ਇਸ ਸਥਾਨ ਦੇ ਨੇੜਿਓਂ ਲੰਘਣ ਵਾਲੇ ਇਕ ਵਾਰ ਤਾਂ ਉਨ੍ਹਾਂ ਨੂੰ ਦੇਖ ਕੇ ਡਰ ਜਾਂਦੇ ਹਨ ਤੇ ਕੈਂਬਰਿਜ 'ਚ ਮਿੱਲ ਰੋਡ 'ਤੇ ਪੈਂਦੇ ਕਬਰਿਸਤਾਨ 'ਚ ਇਹ ਮੈਲੇ ਕੁਚੈਲੇ ਨਸ਼ੱਈ ਪੱਸਰੇ ਹੁੰਦੇ ਹਨ ਤੇ ਉਹ ਆਪਣੇ ਨਸ਼ੇ ਦੇ ਟੀਕੇ ਲਾ ਰਹੇ ਹੁੰਦੇ ਹਨ। ਪਿਛਲੇ ਕੁਝ ਮਹੀਨਿਆਂ ਤੋਂ ਇਸ ਥਾਂ 'ਤੇ ਇਨ੍ਹਾਂ ਨਸ਼ੱਈਆਂ ਨੇ ਗੰਦ ਪਾ ਰੱਖਿਆ ਹੈ। ਉਹ ਇੱਥੇ ਖਾਲੀ ਪਈ ਥਾਂ 'ਤੇ ਹੀ ਟੱਟੀ-ਪਿਸ਼ਾਬ ਕਰਦੇ ਹਨ।

ਜਿਨ੍ਹਾਂ ਦੇ ਪਰਿਵਾਰਾਂ ਦੇ ਜੀਅ ਇਸ ਕਬਰਿਸਤਾਨ 'ਚ ਦਫ਼ਨ ਹਨ, ਉਨ੍ਹਾਂ ਨੇ ਇਨ੍ਹਾਂ ਬੇਘਰੇ ਨਸ਼ੱਈਆਂ ਤੋਂ ਇਹ ਖਾਲੀ ਕਰਾਏ ਜਾਣ ਦੀ ਮੰਗ ਸਰਕਾਰ ਤੋਂ ਕੀਤੀ ਹੈ।

ਕੈਂਬਰਿਜ ਸ਼ਾਇਰ ਪੁਲੀਸ ਪੀ. ਸੀ. ਐਲਾਨ ਟਰੈਜਿਲਗਾਸ ਦੇ ਹਵਾਲੇ ਨਾਲ 'ਡੇਲੀ ਮੇਲ' 'ਚ ਕਿਹਾ ਗਿਆ ਹੈ ਕਿ ਇਸ ਖੇਤਰ 'ਚ ਸ਼ਰਾਬੀ ਤੇ ਨਸ਼ੱਈਆਂ ਦਾ ਸੁੱਤੇ ਮਿਲਣਾ ਕੋਈ ਖਾਸ ਗੱਲ ਨਹੀਂ ਹੈ। ਕਈ ਵਾਰ ਤਾਂ ਉਹ ਕਬਰ ਦਾ ਪੱਥਰ ਵੀ ਪਰੇ ਹਟਾ ਕੇ ਅੰਦਰ ਸੌਂ ਜਾਂਦੇ ਹਨ।

ਇਕ ਔਰਤ ਨੇ ਦੱਸਿਆ ਕਿ ਉਹ ਇਕ ਵਾਰ ਇਹ ਦੇਖ ਕੇ ਦੰਗ ਰਹਿ ਗਈ ਕਿ ਇਕ ਆਦਮੀ ਪੈਂਟ ਥੱਲੇ ਕਰਕੇ ਕਬਰ 'ਤੇ ਬੈਠਾ ਸੀ ਤੇ ਸ਼ਰ੍ਹੇਆਮ ਆਪਣੇ ਪੱਟ 'ਚ ਟੀਕਾ ਲਾ ਰਿਹਾ ਸੀ। ਪੁਲੀਸ ਆਲੇ-ਦੁਆਲੇ ਦੇ ਦੁਕਾਨਦਾਰਾਂ ਵਿਚ ਕਾਰਵਾਈ ਕਰਨ 'ਤੇ ਵਿਚਾਰ ਕਰ ਰਹੀ ਹੈ, ਜੋ ਇਨ੍ਹਾਂ ਨੂੰ ਸ਼ਰਾਬ ਮੁਹੱਈਆ ਕਰਾ ਕੇ ਸਮਾਜ ਵਿਰੋਧੀ ਵਰਤਾਰੇ ਨੂੰ ਸ਼ਹਿ ਦੇ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਕਿਸੇ ਵੇਲੇ ਸ਼ਹਿਰ ਦਾ ਸੁਹਣਾ ਹਿੱਸਾ ਸਮਝੇ ਜਾਂਦੇ ਕਬਰਿਸਤਾਨ ਤੋਂ ਉਹ ਲਾਂਭੇ ਹੋ ਕੇ ਲੰਮਾ ਰਾਹ ਲੈ ਕੇ ਲੰਘਦੇ ਹਨ।

# ਅਮਰੀਕਾ ਵੱਲੋਂ ਇਮੀਗ੍ਰੇਸ਼ਨ ਨੀਤੀ 'ਚ ਅਹਿਮ ਤਬਦੀਲੀ ਦਾ ਐਲਾਨ



ਕੈਲੇਫੋਰਨੀਆ-ਓਬਾਮਾ ਪ੍ਰਸ਼ਾਸਨ ਨੇ ਅਮਰੀਕੀ ਇਮੀਗ੍ਰੇਸ਼ਨ ਨੀਤੀ ਵਿਚ ਅਹਿਮ ਤਬਦੀਲੀ ਕਰਨ ਦਾ ਐਲਾਨ ਕੀਤਾ ਹੈ। ਅਮਰੀਕਾ ਵਿਚ ਪਰਿਵਾਰ ਸਮੇਤ ਰਹਿ ਰਹੇ ਗ਼ੈਰ-ਕਾਨੂੰਨੀ ਪ੍ਰਵਾਸੀ ਹੁਣ ਇਥੇ ਰਹਿੰਦਿਆਂ ਹੀ ਸਥਾਈ ਰਿਹਾਇਸ਼ੀ ਬਣ ਸਕਦੇ ਹਨ। ਇਸ ਤੋਂ ਪਹਿਲਾਂ ਗ਼ੈਰ-ਕਾਨੂੰਨੀ ਪ੍ਰਵਾਸੀ, ਜਿਹੜੇ ਇਕ ਸਾਲ ਤੱਕ ਅਮਰੀਕਾ ਵਿਚ ਰਹੇ ਸਨ, ਨੂੰ 3 ਸਾਲ ਤੱਕ ਦਾ ਪਰਿਵਾਰ ਤੋਂ ਦੂਰ ਰਹਿ ਕੇ ਇੰਤਜ਼ਾਰ ਕਰਨਾ ਪੈਂਦਾ ਸੀ। ਫਿਰ ਉਹ ਅਮਰੀਕਾ ਵਾਪਸ ਆ ਸਕਦੇ ਸਨ ਤੇ ਇਸੇ ਤਰ੍ਹਾਂ ਜਿਹੜੇ ਇਕ ਸਾਲ ਤੋਂ ਵੱਧ ਸਮੇਂ ਤੱਕ ਅਮਰੀਕਾ ਵਿਚ ਰਹੇ ਸਨ, ਨੂੰ 10 ਸਾਲ ਤੱਕ ਦਾ ਇੰਤਜ਼ਾਰ ਕਰਨਾ ਪੈਂਦਾ ਸੀ। ਰਾਸ਼ਟਰਪਤੀ ਓਬਾਮਾ ਨੇ ਅਮਰੀਕੀ ਨਾਗਰਿਕਾਂ, ਜਿਨ੍ਹਾਂ ਨੂੰ ਡਿਪੋਰਟੇਸ਼ਨ ਦੇ ਆਖਰੀ ਹੁਕਮਾਂ ਕਾਰਨ ਜਾਂ ਫਿਰ ਬਿਨ੍ਹਾਂ ਜਾਂਚ-ਪੜਤਾਲ ਦੇ ਉਨ੍ਹਾਂ ਦੇ ਦਾਖਲੇ ਕਰਨ ਅਮਰੀਕਾ ਵਿਚ ਗਰੀਨ ਕਾਰਡ ਹਾਸਲ ਨਹੀਂ ਹੋ ਸਕਿਆ ਸੀ, ਦੀਆਂ ਪਤਨੀਆਂ ਤੇ ਪਰਿਵਾਰਾਂ ਲਈ ਇਮੀਗ੍ਰੇਸ਼ਨ ਪ੍ਰਕਿਰਿਆ ਵਿਚ ਤਬਦੀਲੀ ਕੀਤੀ ਹੈ। ਮਾਰਚ 2013 ਤੋਂ ਸ਼ੁਰੂ ਹੋ ਰਹੀ ਇਸ ਨਵੀਂ ਇਮੀਗ੍ਰੇਸ਼ਨ ਨੀਤੀ ਅਨੁਸਾਰ ਆਈ-601 ਅਤੇ ਆਈ-212 ਵੇਵਰ ਅਰਜ਼ੀਆਂ ਦਾਇਰ ਕੀਤੀਆਂ ਜਾ ਸਕਦੀਆਂ ਹਨ ਤੇ ਅਮਰੀਕਾ ਛੱਡੇ ਬਗੈਰ ਇਸ ਦੀ ਪ੍ਰਵਾਨਗੀ ਮਿਲ ਸਕਦੀ ਹੈ। ਇਸ ਨਵੀਂ ਨੀਤੀ ਤੋਂ ਪਹਿਲਾਂ ਜਿਨ੍ਹਾਂ ਦੇ ਡਿਪੋਟੇਸ਼ਨ ਦੇ ਆਖਰੀ ਹੁਕਮ ਹੋਏ ਹੁੰਦੇ ਸਨ ਜਾਂ ਫਿਰ ਜਿਹੜੇ ਬਿਨਾਂ ਵੀਜ਼ਾ ਦੇ ਦਾਖਲ ਹੋਏ ਸਨ, ਨੂੰ ਅਮਰੀਕਾ ਛੱਡਣਾ ਪੈਂਦਾ ਸੀ ਤੇ ਭਾਰਤ ਵਿਚ ਸਥਿਤ ਅਮਰੀਕੀ ਕੌਂਸਲਖਾਨੇ ਵਿਚ ਵੇਵਰ ਦੀ ਅਰਜ਼ੀ ਦੇਣੀ ਪੈਂਦੀ ਸੀ ਤੇ ਕਈ ਸਾਲ ਤੱਕ ਭਾਰਤ ਵਿਚ ਉਡੀਕ ਕਰਨੀ ਪੈਂਦੀ ਸੀ। ਅਟਾਰਨੀ ਗੁਰਪਤਵੰਤ ਸਿੰਘ ਪੰਨੂੰ ਅਨੁਸਾਰ ਓਬਾਮਾ ਪ੍ਰਸ਼ਾਸਨ ਦੀ ਇਸ ਨਵੀਂ ਨੀਤੀ ਦੇ ਨਾਲ ਜਿਨ੍ਹਾਂ ਦੇ ਡਿਪੋਰਟੇਸ਼ਨ ਦੇ ਆਖਰੀ ਹੁਕਮ ਹੋਏ ਸਨ, ਪਰ ਉਨ੍ਹਾਂ ਦੀ ਪਤਨੀ ਜਾਂ ਮਾਪੇ ਅਮਰੀਕੀ ਨਾਗਰਿਕ ਹਨ, ਨੂੰ ਹੁਣ ਅਮਰੀਕਾ ਛੱਡੇ ਬਗੈਰ ਗਰੀਨ ਕਾਰਡ ਲਈ ਵੇਵਰ ਦੀ ਮਨਜ਼ੂਰੀ ਮਿਲ ਸਕੇਗੀ। ਇਸ ਵੇਲੇ ਇਹ ਹਾਲਤ ਹੈ ਕਿ ਕੁਝ ਅਮਰੀਕੀ ਨਾਗਰਿਕਾਂ ਦੇ ਮਾਪੇ ਤੇ ਪਤਨੀਆਂ ਨੂੰ ਗਰੀਨ ਕਾਰਡ ਲਈ ਅਰਜ਼ੀ ਦੇਣ ਲਈ ਆਪਣੇ ਗ੍ਰਹਿ ਦੇਸ਼ ਜਾਣਾ ਪੈਂਦਾ ਸੀ, ਕਿਉਂਕਿ ਉਨ੍ਹਾਂ ਲਈ ਗਰੀਨ ਕਾਰਡ ਲਈ ਵੇਵਰ ਜ਼ਰੂਰੀ ਹੁੰਦਾ ਹੈ। ਜਿਸ ਦੇ ਸਿੱਟੇ ਵਜੋਂ ਉਨ੍ਹਾਂ ਨੂੰ ਆਪਣੇ ਅਮਰੀਕੀ ਨਾਗਰਿਕ ਪਰਿਵਾਰ ਤੋਂ ਕਈ ਸਾਲਾਂ ਤੱਕ ਵੱਖਰੇ ਰਹਿਣਾ ਪੈਂਦਾ ਸੀ ਜਦੋਂ ਤੱਕ ਕਿ ਉਨ੍ਹਾਂ ਦੀਆਂ ਵੇਵਰ ਅਰਜ਼ੀਆਂ ਦੀ ਪ੍ਰਕਿਰਿਆ ਚੱਲ ਰਹੀ ਹੁੰਦੀ ਹੈ। ਹੁਣ ਓਬਾਮਾ ਪ੍ਰਸ਼ਾਸਨ ਦੀ ਨਵੀਂ ਨੀਤੀ ਤਹਿਤ ਜਿਨ੍ਹਾਂ ਨੂੰ ਆਪਣੇ ਗਰੀਨ ਕਾਰਡ ਲਈ ਵੇਵਰ ਦੀ ਲੋੜ ਹੈ ਉਹ ਇਨ੍ਹਾਂ ਵੇਵਰ ਅਰਜ਼ੀਆਂ ਦੀ ਪ੍ਰਕਿਰਿਆ ਦੇ ਮੁਕੰਮਲ ਹੋਣ ਤੱਕ ਆਪਣੇ ਪਰਿਵਾਰਾਂ ਨਾਲ ਅਮਰੀਕਾ ਵਿਚ ਹੀ ਰਹਿ ਸਕਣਗੇ।

# ਪ੍ਰਿੰਸ ਹੈਰੀ ਹੱਤਿਆਰਾ : ਤਾਲਿਬਾਨ

ਲੰਡਨ-ਬ੍ਰਿਟਿਸ਼ ਰਾਜਗੱਦੀ ਦੇ ਤੀਸਰੇ ਵਾਰਿਸ ਪ੍ਰਿੰਸ ਹੈਰੀ ਦੇ ਅਫਗਾਨਿਸਤਾਨ 'ਚ ਤਾਲਿਬਾਨ ਖ਼ਿਲਾਫ਼ ਨਾਟੋ ਫ਼ੌਜ ਦੀ ਇੱਕ ਸਫਲ ਮੁਹਿੰਮ 'ਚ ਹਿੱਸਾ ਲੈਣ ਦੇ ਕੁਝ ਦਿਨ ਬਾਅਦ ਦੇਸ ਦੇ ਸਭ ਤੋਂ ਮਜ਼ਬੂਤ ਅੱਤਵਾਦੀ ਧੜੇ ਨੇ ਉਨ੍ਹਾਂ ਨੂੰ ਮਾਸੂਮਾਂ ਦੀ ਹੱਤਿਆ ਕਰਨ ਵਾਲਾ ਨਸ਼ੇੜੀ ਸਿਆਰ ਕਰਾਰ ਦਿੱਤਾ ਹੈ।

ਅਖ਼ਬਾਰ ਨੂੰ ਦਿੱਤੀ ਇੰਟਰਵਿਊ 'ਚ ਅਫਗਾਨਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਗੁਲਬੁੱਦੀਨ ਹਿਕਮਤਯਾਰ ਨੇ ਕਿਹਾ ਕਿ ਬ੍ਰਿਟਿਸ਼ ਰਾਜਕੁਮਾਰ ਨਸ਼ੇ 'ਚ ਧੁੱਤ ਹੋ ਕੇ ਮਾਸੂਮਾਂ ਦੀ ਹੱਤਿਆ ਕਰਨ ਲਈ ਅਫਗਾਨਿਸਤਾਨ ਆਇਆ ਸੀ। ਉਹ ਬਿਨਾਂ ਕਿਸੇ ਸ਼ਰਮ ਦੇ ਆਪਣੇ ਹੈਲੀਕਾਪਟਰ 'ਤੇ ਸਵਾਰ ਹੋ ਕੇ ਰਾਕੇਟਾਂ ਨਾਲ ਮੁਜ਼ਾਹਿਦੀਨਾਂ ਦਾ ਸ਼ਿਕਾਰ ਕਰਨਾ ਚਾਹੁੰਦਾ ਹੈ, ਪਰ ਉਹ ਇਸ ਸੱਚ ਤੋਂ ਵਾਕਿਫ ਨਹੀਂ ਹੈ ਕਿ ਅਫਗਾਨੀ ਸ਼ੇਰਾਂ ਅਤੇ ਬਾਜ਼ਾਂ ਦਾ ਸ਼ਿਕਾਰ ਕਰਨਾ ਇੰਨਾ ਸੌਖਾ ਨਹੀਂ ਹੈ। ਸਿਆਰ ਬਾਜ਼ਾਂ ਅਤੇ ਸ਼ੇਰਾਂ ਦਾ ਸ਼ਿਕਾਰ ਨਹੀਂ ਕਰ ਸਕਦਾ ਹੈ। ਉਹ ਸਾਲ 1993 ਤੋਂ 1994 ਤੱਕ ਅਤੇ ਫਿਰ ਥੋੜ੍ਹੇ ਸਮੇਂ ਲਈ ਸਾਲ 1996 'ਚ ਅਫਗਾਨਿਸਤਾਨ ਦਾ ਪ੍ਰਧਾਨ ਮੰਤਰੀ ਸੀ।

ਹਾਲਾਂਕਿ ਬ੍ਰਿਟਿਸ਼ ਰੱਖਿਆ ਮੰਤਰਾਲਾ ਨੇ ਇਸ ਦੋਸ਼ ਦਾ ਖੰਡਨ ਕਰਦੇ ਹੋਏ ਕਿਹਾ ਕਿ ਕੋਈ ਵੀ ਬ੍ਰਿਟਿਸ਼ ਪਾਇਲਟ ਨਸ਼ੇ ਦੀ ਹਾਲਤ 'ਚ ਏਅਰਕਰਾਫਟ ਨਹੀਂ ਉਡਾ ਸਕਦਾ ਹੈ। ਪਤਾ ਹੋਵੇ ਕਿ ਤਾਲਿਬਾਨ ਅਤੇ ਅਲਕਾਇਦਾ ਦਾ ਸਮੱਰਥਨ ਕਰਨ ਵਾਲੇ ਹਿਕਮਤਯਾਰ ਨੂੰ ਅਮਰੀਕਾ ਨੇ ਵਿਸ਼ਵਿਕ ਅੱਤਵਾਦੀ ਦੀ ਲਿਸਟ 'ਚ ਸ਼ਾਮਲ ਕਰ ਰੱਖਿਆ ਹੈ।

# ਮੋਗਾ ਉਪ-ਚੋਣ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼

## ✪ ਕਾਂਗਰਸ ਦੀਆਂ ਗਤੀਵਿਧੀਆਂ ਤੇਜ਼ ਤੇ ਅਕਾਲੀਆਂ ’ਚ ਪਈ ਫੁੱਟ

ਜਲੰਧਰ-ਪੰਜਾਬ ਵਿਧਾਨ ਸਭਾ ਦੀ ਮੋਗਾ ਸੀਟ ਲਈ ਉਪ-ਚੋਣ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਅਕਾਲੀ ਦਲ ਵਲੋਂ ਸਾਬਕਾ ਵਿਧਾਇਕ ਐਲਾਨੇ ਜਾਣ ਤੋਂ ਬਾਅਦ ਹੁਣ ਸਮੁੱਚੀ ਨਜ਼ਰ ਕਾਂਗਰਸ ਆ ਕੇ ਟਿਕ ਗਈ ਹੈ। 23 ਫਰਵਰੀ ਨੂੰ ਹੋਣ ਵਾਲੀ ਉਪ-ਚੋਣ ਨੂੰ ਦੇਖਦਿਆਂ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਚੁੱਕਾ ਹੈ। ਹੁਣ ਮੋਗਾ ਵਿਚ ਨਾ ਤਾਂ ਕੋਈ ਅਧਿਕਾਰੀ ਤਬਦੀਲ ਹੋ ਸਕਦਾ ਹੈ ਤੇ ਨਾ ਹੀ ਸਰਕਾਰ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਵੰਡ ਸਕਦੀ ਹੈ। ਜੈਨ ਵੱਲੋਂ ਉੱਪ ਚੋਣ ’ਚ ਕੀਤੇ ਗਏ ਧੋਖੇ ਅਤੇ ਵਿਧਾਨ ਸਭਾ ’ਚ ਯੂਥ ਅਕਾਲੀ ਦਲ ਦੇ ਪ੍ਰਧਾਨ ਤੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਵਲੋਂ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਨਾਲ ਕੀਤੇ ਬੁਰੇ ਸਲੂਕ ਨੂੰ ਚੋਣ ਮੁੱਦਾ ਬਣਾਇਆ ਜਾ ਰਿਹਾ ਹੈ। ਮੋਗਾ ’ਚ ਚੋਣ ਨਤੀਜਿਆਂ ਨੇ ਹਮੇਸ਼ਾ ਹੀ ਲੋਕਾਂ ਨੂੰ ਹੈਰਾਨ ਕੀਤਾ ਹੈ। 2002 ’ਚ ਜਦੋਂ ਕਾਂਗਰਸ ਦੇ ਹੱਥਾਂ ’ਚ ਰਾਜ ਭਾਗ ਲੱਗਾ ਸੀ ਤਾਂ ਉਸ ਵੇਲੇ ਅਕਾਲੀ ਦਲ ਦੇ ਤੋਤਾ ਸਿੰਘ ਮੋਗਾ ਤੋਂ ਚੁਣੇ ਗਏ ਸਨ। 2007 ’ਚ ਜਦੋਂ ਅਕਾਲੀ ਦਲ-ਭਾਜਪਾ ਦੇ ਹੱਥ ਸੱਤਾ ਆਈ ਸੀ ਤਾਂ ਕਾਂਗਰਸ ਦੇ ਜੁਗਿੰਦਰ ਪਾਲ ਜੈਨ ਜੇਤੂ ਹੋਏ ਸਨ। 2012 ਦੀ ਚੋਣ ’ਚ ਮੁੜ ਅਕਾਲੀ ਦਲ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ ਤੇ ਕਾਂਗਰਸ ਦੇ ਜੈਨ ਮੁੜ ਜੇਤੂ ਹੋ ਗਏ ਸਨ। ਜੈਨ ਨੇ ਇਸ ਵਾਰ ਸਾਬਕਾ ਡੀ. ਜੀ. ਪੀ. ਪਰਮਦੀਪ ਸਿੰਘ ਗਿੱਲ ਨੂੰ ਹਰਾਇਆ ਸੀ।

### ਅਕਾਲੀਆਂ ’ਚ ਫੁੱਟ

ਕਾਂਗਰਸ ਇਸ ਵਾਰ ਅਕਾਲੀ ਵੋਟਾਂ ’ਚ ਵੰਡ ’ਤੇ ਵੀ ਨਿਰਭਰ ਕਰੇਗੀ। ਜੈਨ ਨੂੰ ਟਿਕਟ ਦੇਣ ਦੇ ਮੁੱਦੇ ’ਤੇ ਸਾਬਕਾ ਡੀ.ਜੀ. ਪੀ. ਗਿੱਲ ਤੇ ਸਾਬਕਾ ਮੰਤਰੀ ਤੋਤਾ ਸਿੰਘ ਖੁਸ਼ ਨਹੀਂ ਹਨ। ਉਹ ਨਹੀਂ ਚਾਹੁੰਦੇ ਸਨ ਕਿ ਇਕ ਕਾਂਗਰਸੀ ਨੂੰ ਚੋਣਾਂ ’ਚ ਅਕਾਲੀ ਦਲ ਵਲੋਂ ਟਿਕਟ ਦਿੱਤੀ ਜਾਵੇ।

### ਸਰਪੰਚਾਂ-ਪੰਚਾਂ ਮੋਰਚਾ ਖੋਲ੍ਹਿਆ

ਮੋਗਾ ਦੇ 51 ਪਿੰਡਾਂ ਦੇ ਪੰਚਾਂ, ਸਰਪੰਚਾਂ ਤੇ ਅਕਾਲੀ ਵਰਕਰਾਂ ਨੇ ਸੀਨੀਅਰ ਅਕਾਲੀ ਆਗੂ ਡਾ. ਸ਼ਰਨਪ੍ਰੀਤ ਸਿੰਘ ਦੀ ਅਗਵਾਈ ਵਿਚ ਇਕ ਵਿਸ਼ਾਲ ਮੀਟਿੰਗ ਕੀਤੀ। ਫ਼ੈਸਲਾ ਕੀਤਾ ਗਿਆ ਕਿ ਅਗਲੇ ਦਿਨਾਂ ਵਿਚ ਮੋਗਾ ਹਲਕੇ ਦੇ ਅਕਾਲੀ ਆਗੂਆਂ ਵਲੋਂ ਹਲਕਾ ਮੋਗਾ ਤੋਂ ਜੋਗਿੰਦਰਪਾਲ ਜੈਨ ਦੀ ਅਕਾਲੀ ਦਲ ਵਲੋਂ ਦਾਅਵੇਦਾਰੀ ਵਿਰੁਧ ਵਿਸ਼ਾਲ ਰੈਲੀ ਕੀਤੀ ਜਾਵੇਗੀ, ਜਿਸ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਬਾਦਲ ਨੂੰ ਅਪੀਲ ਕੀਤੀ ਜਾਵੇਗੀ ਕਿ ਮੋਗਾ ਜ਼ਿਮਨੀ ਚੋਣ ਲਈ ਪਰਮਦੀਪ ਗਿੱਲ ਨੂੰ ਅਕਾਲੀ ਦਲ ਦਾ ਉਮੀਦਵਾਰ ਬਣਾਇਆ ਜਾਵੇ।

### ਕਈ ਕਾਂਗਰਸੀ ਵਿਧਾਇਕਾਂ ਦਾ ਰਾਹ ਰੁਕਿਆ

ਅਕਾਲੀ ਦਲ ਬਾਦਲ ਵਲੋਂ ਕਾਂਗਰਸ ਦੇ ਦੋ ਹੋਰ ਵਿਧਾਇਕਾਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਦੀ ਗੱਲ ਅਜੇ ਤਕ ਇਸ ਕਰ ਕੇ ਸਿਰੇ ਨਹੀਂ ਲੱਗ ਸਕੀ, ਕਿਉਂਕਿ ਅਕਾਲੀ ਦਲ ਦੇ ਕੁੱਝ ਸਥਾਨਕ ਨੇਤਾਵਾਂ ਨੂੰ ਕਾਂਗਰਸੀ ਵਿਧਾਇਕਾਂ ਦੀਆਂ ਸ਼ਰਤਾਂ ਪ੍ਰਵਾਨ ਨਹੀਂ ਹਨ। ਜਿਥੋਂ ਤਕ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦਾ ਸਬੰਧ ਹੈ, ਉਹ ਕਾਂਗਰਸੀ ਵਿਧਾਇਕਾਂ ਦੀਆਂ ਸ਼ਰਤਾਂ ਮੰਨਣ ਲਈ ਸਹਿਮਤ ਦੱਸੇ ਜਾਂਦੇ ਹਨ।

ਜਾਣਕਾਰੀ ਅਨੁਸਾਰ ਇਹ ਦੋਵੇਂ ਵਿਧਾਇਕ ਮਾਲਵੇ ਨਾਲ ਸਬੰਧਤ ਹਨ ਤੇ ਦੋਵੇਂ ਹੀ ਅਕਾਲੀ ਦਲ ਵਿਚ ਆਉਣ ਲਈ ਤਿਆਰ ਹਨ ਪਰ ਉਨ੍ਹਾਂ ਦੀ ਮੁੱਖ ਸ਼ਰਤ ਹੈ ਕਿ ਉਹ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਦੇਣ ਉਪਰੰਤ ਮੁੜ ਅਕਾਲੀ ਦਲ ਬਾਦਲ ਦੀ ਟਿਕਟ ’ਤੇ ਵਿਧਾਨ ਸਭਾ ਚੋਣ ਲੜਨਗੇ। ਇਸ ਸ਼ਰਤ ਦਾ ਅਕਾਲੀ ਦਲ ਦੇ ਹਾਰੇ ਹੋਏ ਤੇ ਪੁਰਾਣੇ ਆਗੂਆਂ ਵਲੋਂ ਵਿਰੋਧ ਕੀਤਾ ਜਾ ਰਿਹਾ ਹੈ। ਸਥਾਨਕ ਨੇਤਾ ਚਾਹੁੰਦੇ ਹਨ ਕਿ ਜੇ ਇਨ੍ਹਾਂ ਦੋਹਾਂ ਕਾਂਗਰਸੀ ਵਿਧਾਇਕਾਂ ਨੂੰ ਪਾਰਟੀ ਵਿਚ ਲਿਆਉਣਾ ਹੈ ਤਾਂ ਉਨ੍ਹਾਂ ਦਾ ਵਿਧਾਨ ਸਭਾ ਤੋਂ ਅਸਤੀਫ਼ਾ ਦੁਆ ਕੇ ਉਨ੍ਹਾਂ ਨੂੰ ਰਾਜ ਸਭਾ ਦਾ ਮੈਂਬਰ ਬਣਾ ਦਿਤਾ ਜਾਵੇ ਅਤੇ ਇਨ੍ਹਾਂ ਦੋਹਾਂ ਹਲਕਿਆਂ ਤੋਂ ਟਿਕਟ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਮਿਲੇ। ਇਹ ਸ਼ਰਤ ਕਾਂਗਰਸੀ ਵਿਧਾਇਕਾਂ ਨੂੰ ਪ੍ਰਵਾਨ ਨਹੀਂ। ਇਸ ਕਾਰਨ ਇਨ੍ਹਾਂ ਵਿਧਾਇਕਾਂ ਨੂੰ ਅਜੇ ਤਕ ਅਕਾਲੀ ਦਲ ਵਿਚ ਸ਼ਾਮਲ ਕਰਨ ਦੀ ਗੱਲਬਾਤ ਸਿਰੇ ਨਹੀਂ ਲੱਗ ਸਕੀ।

# ਕਮਲ ਸ਼ਰਮਾ ਬਣੇ ਪੰਜਾਬ ਭਾਜਪਾ ਦੇ ਪ੍ਰਧਾਨ

ਚੰਡੀਗੜ੍ਹ-ਕਮਲ ਸ਼ਰਮਾ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦੇ ਪ੍ਰਧਾਨ ਚੁਣੇ ਗਏ ਹਨ। ਉਹ ਇਸ ਸਮੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਿਆਸੀ ਸਲਾਹਕਾਰ ਵਜੋਂ ਤਾਇਨਾਤ ਹਨ। ਇਸ ਚੋਣ ਦਾ ਐਲਾਨ ਸਾਬਕਾ ਲੋਕ ਸਭਾ ਮੈਂਬਰ ਅਤੇ ਕੇਂਦਰੀ ਚੋਣ ਅਬਜ਼ਰਬਰ ਰਾਮ ਨਾਥ ਕੋਵਿੰਦ ਅਤੇ ਸੂਬਾ ਚੋਣ ਅਬਜ਼ਰਬਰ ਵਿਨੋਦ ਸ਼ਰਮਾ ਨੇ ਕੀਤਾ। ਸੂਬਾ ਪ੍ਰਧਾਨ ਦੀ ਚੋਣ ਮੌਕੇ ਭਾਜਪਾ ਦੇ ਕੌਮੀ ਮੀਤ ਪ੍ਰਧਾਨ ਸ਼ਾਂਤਾ ਕੁਮਾਰ,ਕੌਮੀ ਜਨਰਲ ਸਕੱਤਰ ਜੇ.ਪੀ.ਨੱਢਾ, ਭਾਜਪਾ ਮੋਰਚਿਆਂ ਅਤੇ ਸੈੱਲਾਂ ਦੇ ਕੌਮੀ ਕੋਆਰਡੀਨੇਟਰ ਮਹਿੰਦਰ ਪਾਂਡੇ, ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਅਤੇ ਵਿਧਾਇਕ ਅਸ਼ਵਨੀ ਸ਼ਰਮਾ,ਭਾਜਪਾ ਵਿਧਾਇਕ ਦਲ ਦੇ ਨੇਤਾ ਚੂਨੀ ਲਾਲ ਭਗਤ, ਜੰਗਲਾਤ ਮੰਤਰੀ ਸੁਰਜੀਤ ਕੁਮਾਰ ਆਦਿ ਹਾਜ਼ਰ ਸਨ।



# ਜਲੰਧਰ ’ਚ ਪੋਰਨ ਸਾਈਟ ਦਾ ਕੰਟਰੋਲ ਰੂਮ ਬੇਨਕਾਬ

## ✪ ਜਲੰਧਰ ਦੇ ਦੋ ਨੌਜਵਾਨ ਕਾਬੂ ✪ ਕੌਮਾਂਤਰੀ ਪੱਧਰ ਤੱਕ ਜੁੜੀਆਂ ਹਨ ਤਾਰਾਂ

ਜਲੰਧਰ-ਇਲਾਕੇ ਦੇ ਨਵੇਂ ਵਿਆਹੇ ਜੋੜੇ ਦਾ ਮਥੁਰਾ ਦੇ ਹੋਟਲ ’ਚ ਵੀਡੀਓ ਕਲਿੱਪ ਬਣਾ ਕੇ ਉਸ ਨੂੰ ਪੋਰਨ ਵੈੱਬਸਾਈਟ ’ਤੇ ਪਾ ਦਿੱਤਾ ਗਿਆ। ਸ਼ਿਕਾਇਤ ਮਿਲਣ ’ਤੇ ਨੋਇਡਾ ਸਾਈਬਰ ਸੈੱਲ ਨੇ ਪੋਰਨ ਵੈੱਬਸਾਈਟ ਦੇ ਦੋ ਸੰਚਾਲਕਾਂ ਨੂੰ ਜਲੰਧਰ ’ਚ ਛਾਪੇਮਾਰੀ ਕਰਕੇ ਗ੍ਰਿਫ਼ਤਾਰ ਕਰ ਲਿਆ ਹੈ। ਦੋਵਾਂ ਮੁਲਜ਼ਮਾਂ ਨੂੰ ਬੀਤੇ ਸੋਮਵਾਰ ਪੁਲੀਸ ਨੇ ਅਦਾਲਤ ’ਚ ਪੇਸ਼ ਕੀਤਾ। ਅਦਾਲਤ ਨੇ ਦੋਵਾਂ ਨੂੰ ਛੇ ਦਿਨ ਦੇ ਪੁਲੀਸ ਰਿਮਾਂਡ ’ਤੇ ਭੇਜ ਦਿੱਤਾ ਹੈ।

ਸਾਈਬਰ ਸੈੱਲ ਦੀ ਜਾਂਚ ’ਚ ਪਾਇਆ ਗਿਆ ਕਿ ਇਸ ਰੈਕੇਟ ’ਚ ਹੋਟਲ ਮਾਲਕ, ਵੈੱਬਸਾਈਟ ਸੰਚਾਲਕ, ਹੋਸਟਿੰਗ ਸਰਵਿਸ ਪ੍ਰੋਵਾਈਡਰ ਤੋਂ ਲੈ ਕੇ ਵੈੱਬਸਾਈਟ ਡਿਜ਼ਾਈਨਰ ਤੱਕ ਸ਼ਾਮਲ ਹਨ। ਪੋਰਨ ਵੈੱਬਸਾਈਟ ਦਾ ਸਰਵਰ ਯੂਐੱਸਏ ਤੋਂ ਲੈ ਕੇ ਬ੍ਰਾਜ਼ੀਲ ਆਦਿ ਦੇਸਾਂ ਤੱਕ ਕਨੈਕਟ ਹੈ।

ਪਤਾ ਲੱਗਾ ਹੈ ਕਿ ਨੋਇਡਾ ਦੀ ਇੱਕ ਕੰਪਨੀ ’ਚ ਕੰਮ ਕਰ ਰਿਹਾ ਐਗਜ਼ੀਕਿਊਟਿਵ ਕੁਝ ਮਹੀਨੇ ਪਹਿਲਾਂ ਪਤਨੀ ਨਾਲ ਮਥੁਰਾ, ਜੈਪੁਰ ਤੇ ਹੋਰ ਕਈ ਸ਼ਹਿਰਾਂ ’ਚ ਘੁੰਮਣ ਗਿਆ ਸੀ।

ਮਥੁਰਾ ਦੇ ਹੋਟਲ ਦੇ ਇੱਕ ਕਮਰੇ ’ਚ ਕੈਮਰੇ ਪਹਿਲਾਂ ਤੋਂ ਹੀ ਲੱਗੇ ਹੋਏ ਸਨ ਤੇ ਪਤੀ-ਪਤਨੀ ਦਾ ਵੀਡੀਓ ਕਲਿੱਪ ਬਣਾ ਲਿਆ ਗਿਆ। ਇਸ ਤੋਂ ਬਾਅਦ ਇਕ ਦਰਜਨ ਤੋਂ ਵੀ ਵੱਧ ਪੋਰਨ ਵੈੱਬਸਾਈਟਾਂ ’ਤੇ ਉਕਤ ਕਲਿੱਪ ਪਾ ਦਿੱਤਾ। ਜਦੋਂ ਐਗਜ਼ੀਕਿਊਟਿਵ ਨੂੰ ਇਸ ਬਾਰੇ ਪਤਾ ਲੱਗਾ, ਤਾਂ ਉਹ ਪਰੇਸ਼ਾਨ ਹੋ ਗਿਆ। ਉਸ ਦੀ ਸ਼ਿਕਾਇਤ ਤੋਂ ਬਾਅਦ ਸਾਈਬਰ ਸੈੱਲ ਨੇ ਜਾਂਚ-ਪੜਤਾਲ ਕਰ ਕੇ ਪਹਿਲਾਂ ਤਾਂ ਵੀਡੀਓ ਕਲਿੱਪ ਹਟਵਾਇਆ ਤੇ ਫਿਰ ਪੋਰਨ ਵੈੱਬਸਾਈਟ ਦੇ ਦੋ ਸੰਚਾਲਕਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਇਸ ਸੰਬੰਧੀ ਸਾਈਬਰ ਸੈੱਲ ਨੇ ਜਲੰਧਰ ਤੋਂ ਵੈੱਬਸਾਈਟ ਸੰਚਾਲਕ ਅੰਕੁਰ ਬੇਦੀ ਤੇ ਹਰਵਿੰਦਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਅੰਕੁਰ ਬੇਦੀ ਬੀਸੀਏ ਦਾ ਵਿਦਿਆਰਥੀ ਹੈ ਤੇ ਨਿੱਜੀ ਬੈਂਕ ’ਚ ਕੰਮ ਕਰਦਾ ਹੈ ਜਦਕਿ ਹਰਵਿੰਦਰ ਬੀਕਾਮ-2 ਦਾ ਵਿਦਿਆਰਥੀ ਹੈ। ਇਸ ਬਾਰੇ ਸਾਈਬਰ ਸੈੱਲ ਦੇ ਇੰਚਾਰਜ ਡਾ. ਤਿਰਵੇਣੀ ਸਿੰਘ ਦਾ ਕਹਿਣਾ ਹੈ ਕਿ ਇਹ ਇੰਟਰਨੈਸ਼ਨਲ ਰੈਕੇਟ ਹੈ ਅਤੇ ਇਸ ਵਿੱਚ ਹੋਟਲ ਮਾਲਕ ਤੋਂ ਲੈ ਕੇ ਵੈੱਬਸਾਈਟ ਸੰਚਾਲਕ ਤੇ ਹੋਸਟਿੰਗ ਸਰਵਿਸ ਪ੍ਰੋਵਾਈਡਰ ਵੀ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਕੋਲੋਂ ਪੁੱਛ-ਗਿੱਛ ਉਪਰੰਤ, ਪੁਲੀਸ ਜਾਂਚ ਅੱਗੇ ਵਧਾਵੇਗੀ।

### ਤਿੰਨ ਸਾਲ ਤੋਂ ਕਰ ਰਹੇ ਸਨ ਕੰਮ

ਅੰਕੁਰ ਬੇਦੀ ਤੇ ਹਰਵਿੰਦਰ ਦੀਆਂ ਛੇ-ਛੇ ਪੋਰਨ ਵੈੱਬਸਾਈਟਾਂ ਹਨ। ਇਨ੍ਹਾਂ ਸਾਰੀਆਂ ਸਾਈਟਾਂ ’ਤੇ ਜੋੜੇ ਦਾ ਕਲਿੱਪ ਪਾਇਆ ਗਿਆ। ਹਰ ਰੋਜ਼ ਲੱਖਾਂ ਹਿੱਟ ਮਿਲਦੀਆਂ ਹਨ। ਅੰਕੁਰ ਤੇ ਹਰਵਿੰਦਰ ਪਿਛਲੇ ਤਿੰਨ ਸਾਲ ਤੋਂ ਪੋਰਨ ਵੈੱਬਸਾਈਟਾਂ ਦਾ ਕੰਮ ਕਰ ਰਹੇ ਸਨ।

### ਦੇਸ-ਵਿਦੇਸ਼ ਨਾਲ ਕੰਨੈਕਟ ਹੈ ਰੈਕੇਟ

ਸਾਈਬਰ ਸੈੱਲ ਦੀ ਜਾਂਚ ਦੌਰਾਨ ਉਕਤ ਰੈਕੇਟ ਦੇ ਇੰਟਰਨੈਸ਼ਨਲ ਪੱਧਰ ਦੇ ਹੋਣ ਦੀ ਗੱਲ ਸਾਹਮਣੇ ਆਈ ਹੈ। ਹੋਟਲ ’ਚ ਠਹਿਰਨ ਵਾਲੇ ਜੋੜੇ ਦਾ ਅਸ਼ਲੀਲ ਵੀਡੀਓ ਬਣਾ ਕੇ ਸੰਚਾਲਕ ਇਸ ਦੀ ਕੀਮਤ ਤੈਅ ਕਰਕੇ ਪੋਰਨ ਸਾਈਟ ਵਾਲਿਆਂ ਨੂੰ ਦਿੰਦੇ ਸਨ। ਸਾਈਬਰ ਸੈੱਲ ਦੇ ਮੁਤਾਬਕ ਯੂਐਸਏ, ਫਰਾਂਸ, ਬ੍ਰਾਜ਼ੀਲ ਤੋਂ ਲੈ ਕੇ ਗੋਆ, ਮਹਾਂਰਾਸ਼ਟਰ ਤੇ ਦਿੱਲੀ ਤੱਕ ਇਨ੍ਹਾਂ ਪੋਰਨ ਸਾਈਟਾਂ ਦਾ ਵਪਾਰ ਹੁੰਦਾ ਹੈ।

### ਦੋ ਦਿਨ ਬਾਅਦ ਮੁਲਜ਼ਮ ਅੰਕੁਰ ਨੇ ਚੜ੍ਹਨਾ ਸੀ ਘੋੜੀ

ਗ੍ਰਿਫ਼ਤਾਰ ਪੋਰਨ ਸਾਈਟ ਸੰਚਾਲਕ ਅੰਕੁਰ ਬੇਦੀ ਦਾ ਵਿਆਹ ਦੋ ਦਿਨ ਬਾਅਦ ਹੋਣ ਵਾਲਾ ਸੀ। ਇਸ ਤੋਂ ਪਹਿਲਾਂ ਹੀ ਪੁਲੀਸ ਨੇ ਜਲੰਧਰ ਤੋਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ।

### ਪੁੱਛ-ਗਿੱਛ ਦੌਰਾਨ ਕਈ ਤੱਥ ਸਾਹਮਣੇ ਆਉਣ ਦੀ ਆਸ

ਅੰਕੁਰ ਤੇ ਹਰਵਿੰਦਰ ਤੋਂ ਪੁੱਛ-ਗਿੱਛ ਉਪਰੰਤ ਪੁਲੀਸ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਵੀਡੀਓ ਕਲਿੱਪ ਇਨ੍ਹਾਂ ਲੋਕਾਂ ਨੂੰ ਕਿੱਥੋਂ ਮਿਲਦੇ ਹਨ। ਇਸ ’ਚ ਹੋਟਲ ਮਾਲਕ ਤੇ ਵੈੱਬਸਾਈਟ ਡਿਜ਼ਾਈਨਰ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

### ਇਸ਼ਤਿਹਾਰਾਂ ਨਾਲ ਕਮਾਏ ਲੱਖਾਂ ਰੁਪਏ

ਜਲੰਧਰ ਦੇ ਜੰਡਿਆਲਾ ਮੰਜਕੀ ਦੇ ਪਿੰਡ ਪੱਤੀ ਛਾਨਕੀ ਵਾਸੀ ਅੰਕੁਰ ਤੇ ਨਕੋਦਰ ਦੇ ਬਾਗ਼ਪੁਰ ਵਾਸੀ ਹਰਵਿੰਦਰ ਨੇ ਪੋਰਨ ਵੈੱਬਸਾਈਟ ਜ਼ਰੀਏ ਲੱਖਾਂ ਰੁਪਏ ਕਮਾਏ ਹਨ।

ਨੋਇਡਾ ਪੁਲੀਸ ਦੇ ਸਾਈਬਰ ਸੈੱਲ ਦੇ ਇੰਚਾਰਜ ਤ੍ਰਿਵੈਣੀ ਸਿੱਖ ਮੁਤਾਬਕ ਤਿੰਨ ਸਾਲ ਪਹਿਲਾਂ ਇਨ੍ਹਾਂ ਦੋਵਾਂ ਨੌਜਵਾਨਾਂ ਨੇ ਪੋਰਨ ਵੈੱਬਸਾਈਟ ਬਣਾਈ ਸੀ ਤੇ ਹੁਣ ਤੱਕ ਦੋਵਾਂ ਨੇ ਇੱਕ ਨਹੀਂ, ਤਕਰੀਬਨ ਇੱਕ ਦਰਜਨ ਪੋਰਨ ਸਾਈਟਾਂ ਵੱਖ-ਵੱਖ ਨਾਵਾਂ ਨਾਲ ਬਣਾਈਆਂ ਸਨ।

ਇਨ੍ਹਾਂ ਵੈੱਬਸਾਈਟਾਂ ’ਚੋਂ ਇੱਕ ਨੇ 57 ਲੱਖ ਕਲਿੱਕ ਸਿਰਫ਼ ਇੱਕ ਮਹੀਨੇ ਵਿੱਚ ਹਾਸਲ ਕੀਤੇ। ਇਹੀ ਕਾਰਨ ਸੀ ਕਿ ਉਨ੍ਹਾਂ ਨੂੰ ਇਸ਼ਤਿਹਾਰ, ਡਾਊਨ ਲੋਡਿੰਗ ਤੇ ਪੋਰਨ ਫਿਲਮ ਦੀ ਵਿਕਰੀ ਨਾਲ ਲੱਖਾਂ ਰੁਪਏ ਦੀ ਕਮਾਈ ਹੋਣ ਲੱਗੀ।

### ਜਲੰਧਰ ਦੀ ਪੋਰਨ ਸਾਈਟ ’ਤੇ ਇੱਕ ਮਹੀਨੇ ’ਚ 57 ਲੱਖ ਕਲਿੱਕ

ਕੰਪਿਊਟਰ ਤਕਨੀਕ ਸਿੱਖਿਆ ਦਾ ਇਸਤੇਮਾਲ ਜਲੰਧਰ ਦੇ ਦੋ ਨੌਜਵਾਨਾਂ ਨੇ ਪੋਰਨ ਵੈੱਬਸਾਈਟ ਦੇ ਧੰਦੇ ’ਚ ਲੱਖਾਂ ਰੁਪਏ ਕਮਾ ਲਏ। ਦੋਵੇਂ ਨੌਜਵਾਨ ਜਲੰਧਰ ਤੋਂ ਜਿਸ ਵੈੱਬਸਾਈਟ ਨੂੰ ਅਪਰੇਟ ਕਰ ਰਹੇ ਸਨ, ਉਸ ਦੇ ‘ਵਿਜ਼ੀਟਰ’ ਦਾ ਅੰਕੜਾ ਹੈਰਾਨ ਕਰਨ ਵਾਲਾ ਹੈ।

ਮਾਮਲੇ ਦੀ ਜਾਂਚ ਕਰ ਰਹੇ ਅਧਿਕਾਰੀਆਂ ਨੇ ਖੁਲਾਸਾ ਕੀਤਾ ਕਿ ਵੈੱਬਸਾਈਟ ’ਤੇ ਦੇਸੀ ਪੋਰਨ ਫਿਲਮ ਪੋਸਟ ਕਰਕੇ ਇਨ੍ਹਾਂ ਨੌਜਵਾਨਾਂ ਨੇ ਤਿੰਨ ਸਾਲ ’ਚ ਹੀ ਲੱਖਾਂ ‘ਵਿਜ਼ੀਟਰ’ ਬਣਾ ਲਏ ਸਨ।

# ਯੂਰਪੀਅਨ ਪਾਰਲੀਮੈਂਟ ਵਿੱਚ ਸਿੱਖ ਫੈਡਰੇਸ਼ਨ ਯੂ ਕੇ ਵੱਲੋਂ ਦੋ ਦਿਨਾਂ ਸਿੱਖ ਲਾਬੀ 21 ਅਤੇ 22 ਜਨਵਰੀ ਨੂੰ - ਗਿੱਲ



ਭਾਈ ਅਮਰੀਕ ਸਿੰਘ ਗਿੱਲ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂਰਪੀਅਨ ਪਾਰਲੀਮੈਂਟ ਵਿੱਚ ਸਿੱਖ ਫੈਡਰੇਸ਼ਨ ਯੂ ਕੇ ਵੱਲੋਂ ਦੋ ਦਿਨਾਂ ਸਿੱਖ ਲਾਬੀ ਦਾ ਪ੍ਰਬੰਧ ਕੀਤਾ ਗਿਆ ਅਤੇ ਇਸ ਦੌਰਾਨ ਭਾਰਤ ਵਿੱਚ ਮੌਤ ਦੀ ਸਜਾ ਖ਼ਤਮ ਕਰਨ, ਜੇਲਾਂ ਵਿੱਚ ਸਜਾ ਭੁਗਤ ਚੁੱਕੇ ਸਿੱਖਾਂ ਦੀ ਰਿਹਾਈ ਅਤੇ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜਾਵਾਂ ਦੇਣ ਦੀਆ ਮੰਗਾਂ ਸਬੰਧੀ ਖੁੱਲ ਕੇ ਵਿਚਾਰਾਂ ਕੀਤੀਆਂ ਜਾਣਗੀਆਂ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਭਾਈ ਅਮਰੀਕ ਸਿੰਘ ਗਿੱਲ ਨੇ ਕਿਹਾ ਕਿ 21 ਅਤੇ 22 ਜਨਵਰੀ ਨੂੰ ਯੂਰਪੀਅਨ ਪਾਰਲੀਮੈਂਟ ਬਰਸਲਜ਼ ਵਿਖੇ ਹੋਣ ਵਾਲੀ ਸਿੱਖ ਲਾਬੀ ਵਿੱਚ ਭਾਰਤ ਵਿੱਚ ਔਰਤਾਂ, ਘੱਟ ਗਿਣਤੀ ਕੌਮਾਂ ਅਤੇ ਗਰੀਬਾਂ ਤੇ ਤੇ ਹੋ ਰਹੇ ਜ਼ੁਲਮਾਂ ਬਾਰੇ ਵੀ ਵਿਚਾਰ ਚਰਚਾ ਹੋਵੇਗੀ। ਉਹਨਾਂ ਕਿਹਾ ਕਿ ਇਸ ਮੌਕੇ ਯੂਰਪੀਅਨ ਕਮਿਸ਼ਨ ਨਾਲ ਵੀ ਅਲੱਗ ਮੀਟਿੰਗ ਹੋਵੇਗੀ ਜਿਸ ਵਿੱਚ ਭਾਈ ਦਲਜੀਤ ਸਿੰਘ ਬਿੱਟੂ, ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ, ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਕੁਲਬੀਰ ਸਿੰਘ ਬੜਾ ਪਿੰਡ ਅਤੇ 93 ਸਾਲਾ ਡਾ. ਆਸਾ ਸਿੰਘ ਦੇ ਕੇਸਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।**


# ਡੈਨਮਾਰਕ 'ਚ ਭਾਈ ਸੁਬੇਗ ਸਿੰਘ ਦੇ ਗ੍ਰਹਿ ਵਿਖੇ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ



ਡੈਨਮਾਰਕ 'ਚ ਭਾਈ ਸੁਬੇਗ ਸਿੰਘ ਦੇ ਘਰ ਵਿਖੇ ਕੀਤੇ ਸਮਾਗਮ ਦੌਰਾਨ ਉਹਨਾਂ ਦੇ ਨਾਲ ਭਾਈ ਸੱਜਣ ਸਿੰਘ ਸਰਪੰਚ, ਸ: ਗੁਰਮੇਜ ਸਿੰਘ ਗਿੱਲ ਅਤੇ ਸਮੂਹ ਸੰਗਤਾਂ ਨਜ਼ਰ ਆ ਰਹੀਆਂ ਹਨ।

**ਡੈਨਮਾਰਕ - ਇਥੇ ਉੱਘੇ ਨਿਸ਼ਕਾਮ ਪੰਥਕ ਸੇਵਾਦਾਰ, ਨਿਧੜਕ ਆਗੂ ਭਾਈ ਸੁਬੇਗ ਸਿੰਘ ਦੇ ਗ੍ਰਹਿ ਵਿਖੇ ਬੀਤੇ ਦਿਨੀਂ ਪਰਿਵਾਰ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਦੀਵਾਨ ਸਜਾਏ।** ਇਸ ਮੌਕੇ ਦੇਸ਼ ਵਿਦੇਸ਼ ਤੋਂ ਸਮਾਗਮ ਵਿਚ ਸ਼ਾਮਿਲ ਹੋਣ ਲਈ ਮਹਿਮਾਨ ਆਗੂ ਪੁੱਜੇ ਜਿਨ੍ਹਾਂ ਵਿਚ ਯੂ ਕੇ ਤੋਂ ਵਿਸ਼ੇਸ਼ ਤੌਰ ਤੇ ਖਾਲਿਸਤਾਨ ਜਲਾਵਤਨ ਸਰਕਾਰ ਦੇ ਪ੍ਰਧਾਨ ਮੰਤਰੀ ਸ: ਗੁਰਮੇਜ ਸਿੰਘ ਗਿੱਲ ਵੀ ਸ਼ਾਮਿਲ ਹੋਏ। ਸਵੀਡਨ ਤੋਂ ਸਰਪੰਚ ਭਾਈ ਸੱਜਣ ਸਿੰਘ ਪਰਿਵਾਰ ਅਤੇ ਸਿੰਘਾਂ ਸਮੇਤ ਹਾਜ਼ਰੀ ਲਵਾਈ। ਭਾਈ ਸੁਬੇਗ ਸਿੰਘ ਦੀ ਸਿੰਘਣੀ ਦੀ ਸਿਹਤ ਪਿਛਲੇ ਕੁਝ ਸਮੇਂ ਤੋਂ ਠੀਕ ਨਹੀਂ ਸੀ, ਤੇ ਪਰਿਵਾਰ ਚਾਹੁੰਦਾ ਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਲਗਾਤਾਰ ਪਾਠ ਕੀਤਾ ਜਾਵੇ ਤੇ ਅਰਦਾਸਾਂ ਕੀਤੀਆਂ ਜਾਣ। ਇਸ ਦੌਰਾਨ ਪੰਥਕ ਆਗੂਆਂ ਨੇ ਪਹੁੰਚ ਕੇ ਪਰਿਵਾਰ ਨਾਲ ਪਾਠ ਕੀਤਾ ਤੇ ਅਰਦਾਸਾਂ ਵਿਚ ਸ਼ਾਮਿਲ ਹੋਏ। ਸ: ਗਿੱਲ ਨੇ ਕਿਹਾ ਕਿ ਭਾਈ ਸੁਬੇਗ ਸਿੰਘ ਦੀ ਬਹੁਤ ਪੰਥਕ ਸੇਵਾ ਹੈ, ਅਸੀਂ ਹਰ ਸਮੇਂ ਉਹਨਾਂ ਦੇ ਦੁੱਖ ਸੁੱਖ ਵਿਚ ਸ਼ਾਮਿਲ ਹਾਂ ਤੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਉਹਨਾਂ ਦੇ ਪਰਿਵਾਰ ਅਤੇ ਸਮੂਹ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ। ਇਸ ਮੌਕੇ ਹਾਜ਼ਰ ਹੋਏ ਪੰਥਕ ਆਗੂਆਂ ਨੇ ਮੌਜੂਦਾ ਹਾਲਾਤ ਤੇ ਗਹਿਰ ਗੰਭੀਰ ਵਿਚਾਰਾਂ ਕੀਤੀਆਂ।

# ਬਰਤਾਨੀਆ ਦੇ ਹਾਊਸ ਆਫ ਲਾਰਡ ਦੇ ਮੈਂਬਰ ਲਾਰਡ ਤਰਸੇਮ ਸਿੰਘ ਕੰਗ ਨਹੀ ਰਹੇ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)-ਬਰਤਾਨੀਆ ਦੇ ਹਾਊਸ ਆਫ ਲਾਰਡ ਦੇ ਮੈਂਬਰ ਲਾਰਡ ਤਰਸੇਮ ਸਿੰਘ ਕੰਗ ਨਹੀਂ ਰਹੇ। ਉਨ੍ਹਾਂ ਦਾ ਅੱਜ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਦਿਹਾਂਤ ਹੋ ਗਿਆ। ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਕੁਲਥਮ ਦੇ ਜੰਮਪਲ ਤਰਸੇਮ ਸਿੰਘ 75 ਵਰ੍ਹਿਆਂ ਦੇ ਸਨ ਅਤੇ ਲੰਮੇ ਸਮੇਂ ਤੋਂ ਇੰਗਲੈਂਡ ਦੇ ਸ਼ਹਿਰ ਬਰਮਿੰਘਮ ਵਿਖੇ ਰਹਿ ਰਹੇ ਸਨ। ਉਹ ਆਪਣੇ ਪਿੱਛੇ ਪਤਨੀ ਮਹਿੰਦਰ ਕੌਰ ਕੰਗ, ਇਕ ਬੇਟਾ ਅਤੇ ਪੋਤਰੀ ਛੱਡ ਗਏ ਹਨ। ਸ: ਕੰਗ 1979 ਤੋਂ 2007 ਤੱਕ ਸੈਂਡਵਿਲ ਕਾਸਲ ਵਿਚ ਕਾਸਲਰ ਰਹੇ। ਇਸੇ ਦੌਰਾਨ ਉਨ੍ਹਾਂ ਕਾਸਲ ਲੀਡਰ ਅਤੇ ਮੇਅਰ ਵਰਗੇ ਅਹਿਮ ਅਹੁਦਿਆਂ 'ਤੇ ਰਹਿ ਕੇ ਸੇਵਾਵਾਂ ਦਿੱਤੀਆਂ। ਸਿਹਤ ਵਿਭਾਗ ਸਮੇਤ ਕਈ ਸਥਾਨਿਕ ਸਰਕਾਰੀ ਅਹੁਦਿਆਂ 'ਤੇ ਸੇਵਾਵਾਂ ਦੇਣ ਵਾਲੇ ਸ: ਤਰਸੇਮ ਸਿੰਘ ਕੰਗ 1999 ਵਿਚ ਬਰਤਾਨੀਆ ਸੰਸਦ ਵਿਚ ਲਾਰਡ ਬਣੇ। ਸ: ਕੰਗ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਇਲਿੰਗ ਸਾਊਥਾਲ ਐਮ. ਪੀ. ਸ੍ਰੀ ਵਰਿੰਦਰ ਸ਼ਰਮਾ, ਲੰਡਨ ਵਿਧਾਨ ਸਭਾ ਦੇ ਮੈਂਬਰ ਡਾ: ਓਂਕਾਰ ਸਿੰਘ, ਸ: ਲਹਿੰਬਰ ਸਿੰਘ ਕੰਗ, ਸ: ਗੁਰਮੇਲ ਸਿੰਘ ਮੱਲ੍ਹੀ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਛੋਟੀ ਬੱਚੀ ਨਾਲ ਗੈਂਗ ਰੇਪ ਪਿੱਛੋਂ ਮੁਸਲਮਾਨਾਂ ਤੇ ਸਿੱਖ ਨੌਜਵਾਨਾਂ ਵਿਚ ਝਗੜਾ, ਕਈ ਜਖਮੀ

ਸਫ਼ਾ 27 ਦਾ ਬਾਕੀ ਹਿੱਸਾ

ਪੰਜਾਬ ਟਾਈਮਜ਼ ਦੇ ਆਪਣੇ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਇਸ ਘਟਨਾ ਦਾ ਮੁੱਢ ਪਹਿਲਾਂ ਇਕ ਸਿੱਖ ਬੱਚੀ ਨਾਲ ਕੁਝ ਮੁਸਲਮਾਨ ਮੁੰਡਿਆਂ ਵੱਲੋਂ ਕੀਤੀ ਗਈ ਜ਼ਿਆਦਤੀ ਨਾਲ ਬੱਝਿਆ ਸੀ। ਇਹ ਨਹੀਂ ਕਿਹਾ ਜਾ ਸਕਦਾ ਕਿ ਇਸ ਕਥਨ ਵਿਚ ਕਿੰਨੀ ਕੁ ਸੱਚਾਈ ਹੈ, ਇਸ ਬਾਰੇ ਤਾਂ ਲੋਕਲ ਪੁਲਿਸ ਹੀ ਜਾਂਚ ਕਰਕੇ ਦੱਸ ਸਕਦੀ ਹੈ ਕਿ ਅਗਰ ਉਸ 16 ਸਾਲ ਤੋਂ ਘੱਟ ਉਮਰ ਦੀ ਸਿੱਖ ਬੱਚੀ ਨਾਲ ਗੁੰਡਿਆਂ ਵੱਲੋਂ ਗੈਂਗ ਰੇਪ ਕੀਤਾ ਗਿਆ ਸੀ, ਉਸ ਦੀ ਰਿਪੋਰਟ ਪੁਲਿਸ ਦੇ ਕੋਲ ਹੈ ਜਾਂ ਨਹੀਂ। ਸਾਡੀ ਜਾਣਕਾਰੀ ਮੁਤਾਬਕ ਜਦੋਂ ਇਸ ਬੱਚੀ ਨਾਲ ਬਲਾਤਕਾਰ ਹੋਇਆ ਤਾਂ ਉਹ ਪੁਲਿਸ ਕੋਲ ਵੀ ਗਈ ਸੀ, ਪਰ ਪੁਲਿਸ ਨੇ ਇਸ ਬਾਰੇ ਕੋਈ ਕਾਰਵਾਈ ਨਹੀਂ ਕੀਤੀ। ਇਥੇ ਹੀ ਬਸ ਨਹੀਂ, ਫਿਰ ਕੁਝ ਮੁਸਲਿਮ ਬੰਦਿਆਂ ਵੱਲੋਂ ਉਸ ਬੱਚੀ ਨੂੰ ਮੁਸਲਮਾਨ ਬਣਨ ਲਈ ਦਬਾਅ ਪਾਇਆ ਜਾਣ ਲੱਗਿਆ ਤੇ ਉਹਦੇ ਪਰਿਵਾਰ ਨੂੰ ਧਮਕੀਆਂ ਦਿੱਤੀਆਂ ਗਈਆਂ। ਇਹ ਪਰਿ-ਵਾਰ ਦਬਾਅ ਕਾਰਣ ਲੈਸਟਰ ਤੋਂ ਕਿਤੇ ਹੋਰ ਥਾਂ ਚਲੇ ਗਿਆ।

ਫਿਰ ਕੁਝ ਸਮੇਂ ਬਾਅਦ ਬੱਚੀ ਨਾਲ ਹੋਏ ਗੈਂਗ ਰੇਪ ਦੀ ਖ਼ਬਰ ਜਦੋਂ ਸਿੱਖ ਨੌਜਵਾਨਾਂ ਤੱਕ ਪਹੁੰਚੀ ਤਾਂ ਉਹ ਗੁੱਸੇ ਵਿਚ ਆ ਕੇ ਭੜਕ ਉੱਠੇ ਅਤੇ ਇਕੱਠੇ ਹੋ ਗਏ। ਦੱਸਿਆ ਜਾਂਦਾ ਹੈ ਕਿ ਉਹ ਉਥੇ ਰੈਸਟੋਰੈਂਟ ਵਿਚ ਕਿਸੇ ਨਾਲ ਗੱਲ ਕਰਨ ਗਏ ਸਨ ਤਾਂ ਉਥੇ ਮੌਜੂਦ ਬੰਦਿਆਂ ਦੇ ਨਾਲ ਨੌਜਵਾਨਾਂ ਦਾ ਤਕਰਾਰ ਹੋ ਗਿਆ, ਜਿਸ ਪਿੱਛੋਂ ਉਹਨਾਂ ਵਿਚ ਝੜਪ ਹੋ ਗਈ। ਜੇ ਪੁਲਿਸ ਸਮੇਂ ਸਿਰ ਲੜਕੀ ਦੇ ਮਾਮਲੇ ਵਿਚ ਜਾਂਚ ਕਰਕੇ ਕਾਰਵਾਈ ਕਰਦੀ ਤਾਂ ਸ਼ਾਇਦ ਨੌਜਵਾਨਾਂ ਵਿਚ ਇਹ ਰੋਹ ਨਾ ਭੜਕਦਾ।

ਪਿਛਲੇ ਸਮੇਂ ਵਿਚ ਅੱਲ੍ਹੜ ਉਮਰ ਦੀਆਂ ਗੋਰੀਆਂ ਅਤੇ ਏਸ਼ੀਅਨ ਖਾਸ ਕਰਕੇ ਹਿੰਦੂ ਤੇ ਸਿੱਖ ਬੱਚੀਆਂ ਨਾਲ ਸੈਕਸ ਸ਼ੋਸ਼ਣ ਦੀਆਂ ਬਹੁਤੀਆਂ ਘਟਨਾਵਾਂ ਬਾਰੇ ਡਰਬੀ, ਰੋਚੈਸਟਰ, ਮਾਨਚੈਸਟਰ, ਲੈਸਟਰ, ਵੂਲਿਚ ਅਤੇ ਹੋਰ ਬਹੁਤ ਸਾਰੇ ਸ਼ਹਿਰਾਂ ਦੇ ਅਖ਼ਬਾਰਾਂ ਵਿਚ ਖ਼ਬਰਾਂ ਛਪੀਆਂ ਹਨ। ਇਹਨਾਂ ਘਟਨਾਵਾਂ ਵਿਚ ਜਿਆਦਾਤਰ ਮੁਸਲਿਮ ਬੰਦੇ ਦੋਸ਼ੀ ਪਾਏ ਗਏ। ਦਰਜਨਾਂ ਬੰਦੇ ਸੈਕਸ ਸ਼ੋਸ਼ਣ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਅਤੇ ਕਈਆਂ ਨੂੰ ਸਜ਼ਾਵਾਂ ਵੀ ਹੋਈਆਂ। ਕੁਝ ਮੁਸਲਮਾਨਾਂ ਵੱਲੋਂ ਦੂਜੇ ਧਰਮ ਦੀਆਂ ਛੋਟੀਆਂ ਬੱਚੀਆਂ ਨੂੰ ਵਰਗਲਾ ਕੇ ਫੁਸਲਾ ਕੇ ਉਹਨਾਂ ਨਾਲ ਜਿਣਸੀ ਜ਼ੋਰ ਜ਼ਬਰਦਸਤੀ ਕਰਨ ਦੀਆਂ ਘਟਨਾਵਾਂ ਵਿਚ ਪਿਛਲੇ ਸਮੇਂ ਵਿਚ ਬਹੁਤ ਵਾਧਾ ਹੋਇਆ ਹੈ। ਬੀਤੇ ਦਿਨੀਂ ਇਥੋਂ ਦੇ ਐਮ ਪੀ ਨੇ ਵੀ ਬਿਆਨ ਦਿੱਤਾ ਸੀ ਕਿ ਇਹ ਗੋਰੀਆਂ ਬੱਚੀਆਂ ਨੂੰ ਸਸਤਾ ਮਾਸ ਸਮਝ ਕੇ ਵਰਤ ਰਹੇ ਹਨ। ਉਹਨਾਂ ਨਾਲ ਜ਼ਿਆਦਤੀ ਕਰਦੇ ਹਨ।

ਇਸ ਘਟਨਾ ਪਿੱਛੋਂ ਲੈਸਟਰ ਦੇ ਇਕ ਗੁਰੂ ਘਰ ਵਿਖੇ ਸਿੱਖ ਭਾਈਚਾਰੇ ਦੀ ਪੁਲਿਸ ਨਾਲ ਇਕ ਵਿਸ਼ੇਸ਼ ਮੀਟਿੰਗ ਵੀ ਹੋਈ, ਜਿਸ ਵਿਚ ਇਸ ਮਸਲੇ ਨੂੰ ਗੰਭੀਰਤਾ ਨਾਲ ਲਿਆ ਗਿਆ। ਸਿੱਖ ਕੌਂਸਲ ਨੂੰ ਚਾਹੀਦਾ ਹੈ ਕਿ ਅੱਗੇ ਤੋਂ ਉਹ ਪੁਲਿਸ ਨਾਲ ਰਾਬਤਾ ਰੱਖੇ ਅਤੇ ਜਿੱਥੇ ਕਿੱਤੇ ਵੀ ਬੱਚੀਆਂ ਦੇ ਸ਼ੋਸ਼ਨ ਸਬੰਧੀ ਕੋਈ ਘਟਨਾ ਵਾਪਰਦੀ ਹੈ ਤਾਂ ਪੁਲਿਸ ਨਾਲ ਗੱਲ-ਬਾਤ ਰਾਹੀਂ ਮਾਮਲੇ ਨੂੰ ਨਜਿੱਠਣ ਦੀ ਕੋਸ਼ਿਸ਼ ਕਰੇ ਅਤੇ ਪੁਲਿਸ ਨੂੰ ਆਖੇ ਕਿ ਅਜਿਹੇ ਕੇਸਾਂ ਵਿਚ ਛੇਤੀ ਕਾਰਵਾਈ ਕੀਤੀ ਜਾਵੇ।

ਬੁੱਧਵਾਰ ਸਵੇਰੇ ਆਖਰੀ ਖਬਰਾਂ ਛਪਣ ਵੇਲੇ ਤੱਕ ਪੰਜਾਬ ਟਾਈਮਜ਼ ਨੂੰ ਸੂਚਨਾ ਮਿਲੀ ਸੀ ਕਿ 16 ਸਾਲ ਤੋਂ ਘੱਟ ਜਿਸ ਬੱਚੀ ਨਾਲ ਗੈਂਗ ਰੇਪ ਹੋਇਆ ਸੀ, ਉਸ ਨੂੰ ਲੈਸਟਰ ਪੁਲਿਸ ਨਾਲ ਗੱਲ ਕਰਨ ਲਈ ਲਿਜਾਇਆ ਜਾ ਰਿਹਾ ਹੈ। ਉਥੇ ਉਹ ਪੁਲਿਸ ਅਧਿਕਾਰੀਆਂ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਆਪਣੇ ਨਾਲ ਵਾਪਰੀ ਘਟਨਾ ਬਾਰੇ ਦੱਸੇਗੀ। ਬੱਚੀ ਨੇ ਦੱਸਿਆ ਸੀ ਕਿ ਉਕਤ ਰੈਸਟੋਰੈਂਟ ਮੁਗਲ ਦਰਬਾਰ ਵਿਚ ਉਸ ਨਾਲ ਜ਼ਬਰ ਜਨਾਹ ਹੋਇਆ ਸੀ। ਬੱਚੀ ਸਪੱਸ਼ਟ ਕਰੇਗੀ ਕਿ ਉਹਨੇ ਕਿਸ ਪੁਲਿਸ ਅਫ਼ਸਰ ਕੋਲ ਸ਼ਿਕਾਇਤ ਕੀਤੀ ਸੀ ਤੇ ਪੁਲਿਸ ਵੱਲੋਂ ਕੋਈ ਕਾਰਵਾਈ ਨਾ ਕਰਨ ਕਾਰਨ ਦੋ ਗਰੁੱਪਾਂ ਵਿਚ ਇਹ ਝਗੜਾ ਹੋ ਗਿਆ ਸੀ।

# ਵੱਡੀ ਗਿਣਤੀ 'ਚ ਲੋੜਵੰਦ ਲੋਕਾਂ ਨੂੰ ਠੱਗ ਕੰਪਨੀਆਂ ਵੱਲੋਂ ਠੱਗਿਆ ਜਾ ਰਿਹੈ - ਟੇਲਰ



ਅਮਰਜੀਤ ਗਿੱਲ

**ਡਰਬੀ - ਡਰਬੀਸ਼ਾਇਰ ਦੇ ਟਰੇਡਿੰਗ ਸਟੈਂਡਰਡ ਏਜੰਸੀ ਦੇ ਚੀਫ਼ ਰੌਬਰਟ ਟੇਲਰ ਨੇ ਬੀਤੇ ਦਿਨੀਂ ਆਪਣੇ ਬਿਆਨ ਵਿਚ ਕਿਹਾ ਕਿ ਡਰਬੀਸ਼ਾਇਰ ਵਿਚ ਬਹੁਤ ਸਾਰੀਆਂ ਅਜਿਹੀਆਂ ਕੰਪਨੀਆਂ ਹਨ, ਜਿਹੜੀਆਂ ਆਪਣੇ ਸੇਲਸਮੈਨਾਂ ਨੂੰ ਉਹ ਚੀਜ਼ਾਂ ਵੀ ਵੇਚਣ ਲਈ ਜ਼ੋਰ ਪਾ ਰਹੀਆਂ ਹਨ, ਜਿਹਨਾਂ ਦੀ ਗਾਹਕ ਨੂੰ ਲੋੜ ਹੀ ਨਹੀਂ ਹੁੰਦੀ।**

ਮਿ: ਟੇਲਰ ਦਾ ਕਹਿਣਾ ਹੈ ਅਜਿਹਾ ਮੰਦਵਾੜੇ ਦੇ ਕਾਰਨ ਵਾਪਰ ਰਿਹਾ ਹੈ, ਕੰਪਨੀਆਂ ਚਾਹੁੰਦੀਆਂ ਹਨ, ਉਹ ਘਾਟੇ ਵਿਚ ਨਾ ਜਾਣ, ਇਸ ਲਈ ਕੰਪਨੀ ਬੌਸ ਆਪਣੇ ਸੇਲਜ਼ਮੈਨਾਂ ਉਤੇ ਦਬਾਅ ਪਾਉਂਦੇ ਹਨ ਕਿ ਉਹ ਵੱਧ ਤੋਂ ਵੱਧ ਪ੍ਰੋਡਕਟ ਵੇਚਣ।

ਇਸ ਮੰਦਵਾੜੇ ਦਾ ਸ਼ਿਕਾਰ ਡਿਸਏਬਲਡ ਬਜ਼ੁਰਗ ਲੋਕ ਜਿਆਦਾ ਹੋ ਰਹੇ ਹਨ, ਕਿਉਂਕਿ ਉਹ ਕਿਸੇ ਉਤੇ ਨਿਰਭਰ ਕਰਦੇ ਹਨ, ਤੇ ਸੇਲਜ਼ਮੈਨ ਉਹਨਾਂ ਦੇ ਘਰ ਜਾ ਕੇ ਉਹਨਾਂ ਨੂੰ ਉਹ ਚੀਜ਼ ਖਰੀਦਣ ਲਈ ਰਾਜ਼ੀ ਕਰ ਲੈਂਦੇ ਹਨ, ਜਿਸ ਦੀ ਉਹਨਾਂ ਨੂੰ ਲੋੜ ਨਹੀਂ ਹੁੰਦੀ ਤੇ ਨਾ ਹੀ ਉਹ ਲਾਭਦਾਇਕ ਹੁੰਦੀ ਹੈ।

ਉਹਨਾਂ ਦੱਸਿਆ ਡਰਬੀਸ਼ਾਇਰ ਵਿਚ ਕਈ ਮੋਬਾਇਲਿਟੀ ਕੰਪਨੀਆਂ ਵੱਲੋਂ ਆਪਣੇ ਗਾਹਕਾਂ ਨਾਲ ਧੋਖਾ ਕੀਤਾ ਗਿਆ ਹੈ। ਪਿਛਲੇ ਸਾਲ ਲੌਂਗ ਈਟਨ ਵਿਖੇ ਗੇਨਜ਼ਬਰੋਅ ਬਿਜ਼ਨੈਸ ਪਾਰਕ ਵਿਚ ਵਿਰਗੋ ਹੈਲਥ ਕੇਅਰ ਲਿਮਟਿਡ ਨਾਂ ਦੀ ਮੋਬਾਇਲਟੀ ਕੰਪਨੀ ਚਲਾਉਣ ਵਾਲੇ ਪਤੀ ਪਤਨੀ ਅਮਰ-ਜੀਤ 51 ਅਤੇ ਰਣਜੀਤ ਗਿੱਲ 41 ਨੂੰ ਆਪਣੇ ਗਾਹਕਾਂ ਨਾਲ ਧੋਖਾ ਕਰਨ ਦੇ ਜੁਰਮ ਵਿਚ ਅਮਰਜੀਤ ਗਿੱਲ ਨੂੰ 18 ਮਹੀਨੇ ਅਤੇ ਰਣਜੀਤ ਗਿੱਲ ਨੂੰ 12 ਮਹੀਨੇ ਕੈਦ ਦੀ ਸਜ਼ਾ, 2 ਸਾਲ ਮੁਅੱਤਲੀ ਅਤੇ 200 ਘੰਟੇ ਕਮਿਊਨਿਟੀ ਦਾ ਮੁਫ਼ਤ ਕੰਮ ਕਰਨ ਦੀ ਸਜ਼ਾ ਸੁਣਾਈ ਗਈ ਸੀ। ਉਹਨਾਂ ਉੱਤੇ ਦੋਸ਼ ਸੀ ਕਿ ਉਹਨਾਂ ਨੇ ਆਪਣੇ ਬਜ਼ੁਰਗ ਗਾਹਕਾਂ ਨੂੰ 40,000 ਪੌਂਡ ਤੋਂ ਵੀ ਵੱਧ ਦਾ ਸਮਾਨ ਧੋਖੇ ਨਾਲ ਵੇਚਿਆ ਸੀ।

## ਹੈਲਥ ਨਿਊਜ਼

### ਬਲੱਡ ਟੈਸਟ ਤੋਂ ਪਤਾ ਲੱਗੇਗੀ ਤੁਹਾਡੀ ਉਮਰ

ਲੰਡਨ-ਹੁਣ ਲੋਕਾਂ ਦੇ ਖ਼ੂਨ ਦੀ ਜਾਂਚ ਤੋਂ ਇਹ ਪਤਾ ਲੱਗ ਜਾਵੇਗਾ ਕਿ ਉਨ੍ਹਾਂ ਦੀ ਜ਼ਿੰਦਗੀ ਕਿੰਨੀ ਲੰਬੀ ਹੈ। ਸੋਧਕਰਤਾਵਾਂ ਦਾ ਦਾਅਵਾ ਹੈ ਕਿ ਖ਼ੂਨ ਦੇ ਨਵੇਂ 'ਲਾਈਫਸਪੈਨ' ਟੈਸਟ ਦਾ ਵਿਕਾਸ ਕਰ ਲਿਆ ਗਿਆ ਹੈ ਤੇ ਇਸ ਰਾਹੀਂ ਲੋਕਾਂ ਦੇ ਬੁੱਢੇ ਹੋਣ ਦੀ ਦਰ ਦੇ ਆਧਾਰ 'ਤੇ ਇਹ ਪਤਾ ਲਗਾਇਆ ਜਾ ਸਕਦਾ ਹੈ ਕਿ ਉਹ ਕਿੰਨੇ ਦਿਨ ਜਿਉਂਦੇ ਰਹਿਣਗੇ।

### ਹਾਰਟ ਅਟੈਕ ਤੋਂ ਬਚਾਏਗਾ ਟਮਾਟਰ ਦਾ ਕੈਪਸੂਲ

ਲੰਡਨ-ਵਿਗਿਆਨੀਆਂ ਨੇ ਇੱਕ ਟਮਾਟਰ ਦੀ ਗੋਲੀ/ਕੈਪਸੂਲ ਇਜਾਦ ਕੀਤੀ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਕੈਪਸੂਲ ਨਾ ਕੇਵਲ ਖ਼ੂਨ ਦੇ ਵਹਾਅ ਨੂੰ ਸਰਗਰਮ ਰੱਖਦਾ ਹੈ, ਸਗੋਂ ਧਮਨੀਆਂ ਦੇ ਲਚਕੀਲੇਪਣ ਨੂੰ ਵੀ 50 ਫੀਸਦੀ ਤੱਕ ਵਧਾਉਂਦਾ ਹੈ। ਐਟਰੋਨੋਨ ਨਾਂ ਦੇ ਇਸ ਕੈਪਸੂਲ 'ਚ ਲਾਈਕੋਪੀਨ ਨਾਂ ਦਾ ਰਸਾਇਣ ਭਰਿਆ ਹੁੰਦਾ ਹੈ। ਇਸੇ ਰਸਾਇਣਕ ਪਦਾਰਥ ਕਾਰਨ ਟਮਾਟਰ ਲਾਲ ਹੁੰਦੇ ਹਨ। ਕੈਂਬਰਿਜ ਯੂਨੀਵਰਸਿਟੀ ਦੇ ਖੋਜੀਆਂ ਨੇ ਕੈਪਸੂਲ ਦੇ ਪ੍ਰੀਖਣ ਵਿੱਚ ਪਾਇਆ ਕਿ ਇਹ ਖ਼ੂਨ ਦੇ ਪ੍ਰਵਾਹ ਨੂੰ ਵਧਾਉਂਦਾ ਹੈ ਅਤੇ ਦਿਲ ਦੇ ਰੋਗੀਆਂ ਦੀਆਂ ਨਾੜੀਆਂ ਠੀਕ ਹੁੰਦੀਆਂ ਹਨ।

# ਗ੍ਰੀਨ ਟੀ ਸਿਹਤ ਲਈ ਜ਼ਰੂਰੀ

### ਗ੍ਰੀਨ ਟੀ ਦੇ ਲਾਭ

ਦੰਦਾਂ ਦੀ ਰੱਖਿਆ 'ਚ ਸਹਾਇਕ : ਗ੍ਰੀਨ ਟੀ ਪਲਾਕ 'ਚ ਮੌਜੂਦ ਨੁਕਸਾਨਦਾਇਕ ਬੈਕਟੀਰੀਆ ਨੂੰ ਨਸ਼ਟ ਕਰਕੇ ਦੰਦਾਂ ਦੀ ਰੱਖਿਆ ਕਰਦੀ ਹੈ। ਗ੍ਰੀਨ ਟੀ 'ਚ ਮੌਜੂਦ ਫਲੋਰੀਨ ਦੰਦਾਂ 'ਚ ਖੋੜਾਂ ਦੇ ਬਣਨ ਤੋਂ ਰੋਕਦਾ ਹੈ।

ਆਰਥਰਾਇਟਿਸ 'ਚ : ਜੋ ਲੋਕ ਚਾਰ ਜਾਂ ਪੰਜ ਕੱਪ ਗ੍ਰੀਨ ਟੀ ਦਾ ਸੇਵਨ ਕਰਦੇ ਹਨ, ਉਹ ਰੂਮੇਟਾਈਡ ਆਰਥਰਾਇਟਿਸ 'ਤੇ ਕੰਟਰੋਲ ਕਰ ਸਕਦੇ ਹਨ।

ਦਿਮਾਗ਼ ਦੀ ਪਰਫਾਰਮੈਂਸ 'ਚ ਸੁਧਾਰ ਲਈ : ਗ੍ਰੀਨ ਟੀ 'ਚ ਵੱਖ-ਵੱਖ ਕਿਸਮ ਦੇ ਪੋਸ਼ਕ ਤੱਤ ਪਾਏ ਜਾਂਦੇ ਹਨ, ਜੋ ਮਲਟੀਪਲ ਸਕਲੀਰੋਸਿਸ ਵਰਗੀਆਂ ਦਿਮਾਗੀ ਬੀਮਾਰੀਆਂ ਨਾਲ ਲੜਨ 'ਚ ਸਹਾਇਕ ਹੁੰਦੇ ਹਨ। ਇਹ ਦਿਮਾਗ਼ ਦੀ ਕਾਰਜ ਪ੍ਰਣਾਲੀ ਨੂੰ ਵੀ ਵਧਾਉਂਦੇ ਹਨ।

ਪਾਚਨ ਤੇ ਭੁੱਖ 'ਚ : ਗ੍ਰੀਨ ਟੀ ਪਾਚਨ



ਕਿਰਿਆ 'ਚ ਸਹਾਇਕ ਹੁੰਦੀ ਹੈ ਤੇ ਭੁੱਖ ਨੂੰ ਵਧਾਉਂਦੀ ਹੈ।

ਕੈਂਸਰ ਤੋਂ ਰੱਖਿਆ 'ਚ : ਕੈਂਸਰ ਸਭ ਤੋਂ ਖ਼ਤਰਨਾਕ ਰੋਗ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਗ੍ਰੀਨ ਟੀ 'ਚ ਕੁਝ ਅਜਿਹੇ ਪੋਸ਼ਕ ਤੱਤ ਮੌਜੂਦ ਹੁੰਦੇ ਹਨ, ਜੋ ਕੈਂਸਰ ਕੋਸ਼ਿਕਾਵਾਂ ਨੂੰ ਸਰੀਰ 'ਚ ਪ੍ਰਵੇਸ਼ ਕਰਨ ਤੋਂ ਰੋਕਦੇ ਹਨ।

ਦਿਲ ਦੀ ਰੱਖਿਆ 'ਚ : ਗ੍ਰੀਨ ਟੀ ਐੱਲ.ਡੀ.ਐੱਲ. ਕੋਲੈਸਟ੍ਰਾਲ ਦੇ ਆਕਸੀਡੇਸ਼ਨ ਨੂੰ ਰੋਕਦੀ ਹੈ। ਇਸ ਤਰ੍ਹਾਂ ਧਮਨੀਆਂ 'ਚ ਪਲਾਕ ਦੇ ਘੱਟ ਹੋਣ ਨਾਲ ਦਿਲ ਸੰਬੰਧੀ ਰੋਗਾਂ ਦਾ ਖਤਰਾ ਘੱਟ ਹੁੰਦਾ ਹੈ।

ਸਰੀਰ 'ਚੋਂ ਫੈਟ ਹਟਾਉਣ 'ਚ : ਗ੍ਰੀਨ ਟੀ ਦੇ ਸਤ ਭਾਵ ਰਸ ਨਾਲ ਅਸੀਂ ਸਰੀਰ 'ਚ ਕੈਲੋਰੀਜ਼ ਦੇ ਬਰਨ ਹੋਣ ਦੀ ਪ੍ਰਕਿਰਿਆ ਨੂੰ ਤੇਜ਼ ਕਰ ਸਕਦੇ ਹਾਂ। ਸਰੀਰ 'ਚ ਪੋਲੀਫਿਨੋਲਸ ਦੀ ਜਿੰਨੀ ਜ਼ਿਆਦਾ ਮਾਤਰਾ ਹੋਵੇਗੀ, ਓਨੀ ਹੀ ਫੈਟ ਬਰਨਿੰਗ ਇਫੈਕਟਸ ਹੋਣਗੇ। ਗ੍ਰੀਨ ਟੀ ਪੋਲੀਫਿਨੋਲਸ ਦਾ ਇਕ ਭਰਪੂਰ ਸਰੋਤ ਹੈ, ਇਸੇ ਲਈ ਇਸ ਨੂੰ ਅੱਜ ਬਾਜ਼ਾਰ 'ਚ ਮੁਹੱਈਆ ਭਾਰ ਘੱਟ ਕਰਨ ਵਾਲੀਆਂ ਆਪਸ਼ਨਾਂ 'ਚ ਸਰਵੋਤਮ ਮੰਨਿਆ ਜਾਂਦਾ ਹੈ। ਇਹ ਮੋਟਾਪੇ ਦੀ ਸਭ ਤੋਂ ਵਧੀਆ ਦਵਾਈ ਹੈ।

# ਮਿੱਠਾ ਖਾਓਗੇ ਤਾਂ ਹੋ ਜਾਵੋਗੇ ਮੋਟੇ



ਲੰਡਨ-ਆਪਣੀ ਇਕ ਨਵੀਂ ਕਿਤਾਬ ਵਿੱਚ ਰਾਬਰਟ ਲਸਟਿਗ ਨੇ ਕਿਹਾ ਹੈ ਕਿ ਭੁੱਖ ਨੂੰ ਨਿਯਮਿਤ ਕਰਨ ਵਾਲਾ ਹਾਰਮੋਨ ਲੈਪਟਿਨ ਤੇ ਖੰਡ ਹੀ ਆਲਮੀ ਪੱਧਰ 'ਤੇ ਮੋਟਾਪੇ ਦੀ ਮਹਾਂਮਾਰੀ ਦੇ ਮੁੱਖ ਕਾਰਨ ਹਨ। ਕੈਲੀਫੋਰਨੀਆ ਯੂਨੀਵਰਸਿਟੀ 'ਚ ਕਲੀਨਿਕਲ ਪੈਡੀਆਟ੍ਰਿਕਸ ਦੇ ਪ੍ਰੋਫੈਸਰ ਲਸਟਿਗ ਦੀ ਕਿਤਾਬ ਦੇ ਆਧਾਰ 'ਤੇ 'ਡੇਲੀ ਮੇਲ' 'ਚ ਰਿਪੋਰਟ ਛਪੀ ਹੈ। ਭੁੱਖ ਸਬੰਧੀ ਸਰੀਰ ਵਿਚਲੇ ਦੋ ਹਾਰਮੋਨਾਂ ਵਿੱਚੋਂ ਲੈਪਟਿਨ ਭੁੱਖ ਘੱਟ ਕਰਦਾ ਹੈ (ਇਸ ਦੇ ਨਾਲ ਦਾ ਹਾਰਮੋਨ ਘਰੇਲਿਨ ਭੁੱਖ ਚਮਕਾਉਂਦਾ ਹੈ)। ਜਦੋਂ ਤੁਸੀਂ ਵਾਹਵਾ ਖਾ ਲਿਆ ਹੋਵੇ ਤਾਂ ਤੁਹਾਡੇ ਫੈਟ ਲੈਪਟਿਨ ਛੱਡਦੇ ਹਨ, ਜੋ ਕਾਫੀ ਹੱਦ ਤਕ ਭੁੱਖ ਨੂੰ ਮੱਠੀ ਪਾਉਂਦਾ ਹੈ। ਹਾਲੀਆ ਅਧਿਐਨ ਤੋਂ ਇਹ ਸਾਹਮਣੇ ਆਇਆ ਹੈ ਕਿ ਮੋਟੇ ਲੋਕਾਂ 'ਚ ਜ਼ਿਆਦਾ ਮਾਤਰਾ 'ਚ ਲੈਪਟਿਨ ਹੁੰਦਾ ਹੈ, ਪਰ ਅਜਿਹੇ ਲੋਕ ਲੈਪਟਿਨ ਦਾ ਅਸਰ ਘੱਟ ਲੈਂਦੇ ਹਨ। ਆਪਣੀ ਪੁਸਤਕ 'ਫੈਟ ਚਾਂਸ' ਵਿੱਚ ਲਸਟਿਗ ਨੇ ਦੱਸਿਆ ਕਿ ਲੈਪਟਿਨ ਦਾ ਕੰਮ ਕਰਨੋਂ ਹਟਣਾ ਤੇ ਖੰਡ ਦੋ ਹੀ ਮੋਟਾਪੇ ਦੇ ਵੱਡੇ ਕਾਰਨ ਹਨ।

# ਸ਼੍ਰੋਮਣੀ ਕਮੇਟੀ ਤਾਂ ਹੁਣ ਦੇਵੀ ਦੇਵਤਿਆਂ ਦੇ ਮੰਦਰਾਂ 'ਤੇ ਵੀ ਲੰਗਰ ਚਲਾਊਗੀ

"ਲਓ! ਕਰ ਲਓ ਘਿਓ ਨੂੰ ਭਾਂਡਾ, ਹੁਣ ਸ਼੍ਰੋਮਣੀ ਕਮੇਟੀ ਕੁੰਭ ਦੇ ਮੇਲੇ 'ਤੇ ਲੰਗਰ ਲਾਉਣ ਚੱਲੀ ਐ" ਬਿੱਕਰ ਦੀ ਇਸ ਗੱਲ ਨੇ ਸਾਰਿਆਂ ਦਾ ਧਿਆਨ ਖਿੱਚਿਆ, ਤਾਂ ਬਾਬਾ ਲਾਭ ਸਿੰਘ ਚੌਂਕ ਕੇ ਬੋਲਿਆ "ਕੀ ਕਿਹਾ ਸ਼ੇਰਾ! ਸ਼੍ਰੋਮਣੀ ਕਮੇਟੀ ਨੇ ਕੁੰਭ ਦੇ ਮੇਲੇ 'ਤੇ ਜਾ ਕੇ ਲੰਗਰ ਲਾਉਣੈ, ਫੇਰ ਤਾਂ ਭਾਈ! ਸਾਡੀ ਸ਼੍ਰੋਮਣੀ ਕਮੇਟੀ ਗੁਰਮਤਿ ਦੇ ਬਿਲਕੁਲ ਈ ਉਲਟ ਕੰਮ ਕਰਨ ਲੱਗ ਪਈ ਐ, ਜਿਹੜੇ ਕਰਮ-ਕਾਂਡਾਂ ਦਾ ਗੁਰੂ ਸਾਹਿਬਾਨ ਨੇ ਖੰਡਨ ਕੀਤੈ, ਸ਼੍ਰੋਮਣੀ ਕਮੇਟੀ ਤਾਂ ਆਪ ਈ ਉਨ੍ਹਾਂ ਸਾਰੇ ਕਰਮ ਕਾਂਡਾਂ 'ਚ ਫਸੀ ਜਾਂਦੀ ਐ" ਬਾਬਾ ਲਾਭ ਸਿੰਘ ਦੀ ਇਸ ਗੱਲ 'ਤੇ ਮਾਸਟਰ ਦਰਸ਼ਨ ਸਿੰਘ ਬੋਲਿਆ "ਨਾ ਬਾਬਾ ਜੀ! ਇਹਦੇ 'ਚ ਭਲਾ ਮਾੜੀ ਗੱਲ ਵੀ ਕੀ ਐ, ਹੁਣ ਕੁੰਭ ਦੇ ਮੇਲੇ 'ਤੇ ਲੱਖਾਂ ਹਿੰਦੂ ਲੋਕ ਜਾਂਦੇ ਨੇ, ਜੇ ਭਲਾ ਉੱਥੇ ਸ਼੍ਰੋਮਣੀ ਕਮੇਟੀ ਲੰਗਰ ਚਲਾ ਕੇ ਭੁੱਖਿਆਂ ਨੂੰ ਰੋਟੀ-ਪਾਣੀ ਛਕਾ ਵੀ ਦਿਓ, ਤਾਂ ਇਹਦੇ ਨਾਲ ਸਿੱਖੀ ਸਿਧਾਂਤਾਂ ਦਾ ਕੀ ਨੁਕਸਾਨ ਹੋਜੂ, ਗੁਰੂ ਮਹਾਰਾਜ ਨੇ ਵੀ ਵੰਡ ਕੇ ਖਾਣ ਦਾ ਈ ਉਪਦੇਸ਼ ਦਿੱਤੈ ਸਿੱਖਾਂ ਨੂੰ" ਮਾਸਟਰ ਦਰਸ਼ਨ ਸਿੰਘ ਨੂੰ ਟੋਕਦਿਆਂ ਬਿੱਕਰ ਬੋਲ ਪਿਆ "ਓ ਰਹਿਣੇ ਦੇ ਮਾਸਟਰਾ ਸਫ਼ਾਈਆਂ ਦੇਣ ਨੂੰ, ਏਹ ਸ਼੍ਰੋਮਣੀ ਕਮੇਟੀ ਅੰਬਰਸਰ (ਅੰਮ੍ਰਿਤਸਰ) ਸਾਹਿਬ ਵਾਲਾ ਲੰਗਰ ਤਾਂ ਠੇਕੇ 'ਤੇ ਦੇਈ ਬੈਠੀ ਐ, ਸਾਲ ਭਰ ਤਾਂ ਸਾਰੇ ਪੰਜਾਬ ਦੇ ਲੋਕਾਂ ਕੋਲੋਂ ਮੰਗ ਤੰਗ ਕੇ ਲੰਗਰ ਚਲਵਾਈਐ, ਕਦੇ ਕਿਸੇ ਐਮ.ਐਲ.ਏ. ਦੀ ਡਿਊਟੀ ਲਾ'ਤੀ, ਕਦੇ ਕਿਸੇ ਦੀ, ਸਾਰੇ ਅਕਾਲੀ ਜਥੇਦਾਰ ਘਰ-ਘਰ ਫਿਰਦੇ ਰਹੇ ਨੇ ਰਸਦਾਂ 'ਕੱਠੀਆਂ ਕਰਦੇ, ਹੁਣ ਸ਼੍ਰੋਮਣੀ ਕਮੇਟੀ ਵੱਡੀ ਦਾਨੀ ਬਣਦੀ ਫਿਰਦੀ ਐ, ਜੇਹੜੀ ਸ਼੍ਰੋਮਣੀ ਕਮੇਟੀ ਦੇ ਬਹੁਤੇ ਗੁਰਦੁਆਰਿਆਂ ਦੇ ਲੰਗਰ ਮਸਤ ਰਹਿੰਦੇ ਨੇ, ਪਰ ਕੁੰਭ ਦੇ ਮੇਲੇ ਤੇ



ਜਾ ਕੇ ਸ਼੍ਰੋਮਣੀ ਕਮੇਟੀ ਕੱਢੂਗੀ ਜਲੇਬੀਆਂ" ਬਿੱਕਰ ਦੀ ਇਸ ਗੱਲ 'ਤੇ ਸ਼ਿੰਦਾ ਬੋਲਿਆ "ਅਮਲੀਆ! ਗੁਰੂ-ਘਰ ਵੱਲੋਂ ਲੰਗਰ ਲਾਉਣੇ ਕੋਈ ਮਾੜੀ ਗੱਲ ਨਈਂ, ਪਰ ਇਸ ਤਰ੍ਹਾਂ ਕੁੰਭ ਦੇ ਮੇਲੇ 'ਤੇ ਲੰਗਰ ਲਾਉਣ ਨਾਲ ਸਿੱਖੀ ਦੇ ਨਿਆਰੇਪਣ ਨੂੰ ਖ਼ਤਮ ਕਰਨ ਵਾਲੀ ਗੱਲ ਐ, ਜੇਹੜੇ ਅਸ਼ੋਕ ਸਿੰਘਲ ਹੋਰਾਂ ਦੇ ਸੱਦੇ 'ਤੇ ਇਹ ਲੰਗਰ ਲਾਉਣ ਚੱਲੇ ਨੇ, ਉਹੀ ਅਸ਼ੋਕ ਸਿੰਘਲ ਹੋਰੀਂ ਤਾਂ ਪਹਿਲਾਂ ਈ ਜ਼ੋਰ ਸ਼ੋਰ ਨਾਲ ਸ਼ਰੇਆਮ ਇਹ ਪ੍ਰਚਾਰ ਕਰ ਰਹੇ ਨੇ, ਬਈ ਇਹ ਸਿੱਖ ਤਾਂ ਕੇਸਾਧਾਰੀ ਹਿੰਦੂ ਈ ਨੇ, ਹੁਣ ਜਦੋਂ ਕੁੰਭ ਦੇ ਮੇਲੇ 'ਤੇ ਗਾਤਰਿਆਂ ਵਾਲੇ ਖਾਲਸੇ ਲੰਗਰ ਲਾਉਣਗੇ, ਤਾਂ ਅਗਲਿਆਂ ਵੱਲੋਂ ਸਿੱਖਾਂ ਦੇ ਕੇਸਾਧਾਰੀ ਹਿੰਦੂ ਹੋਣ ਵਾਲੇ ਦਾਅਵੇ ਤਾਂ ਆਪੇ ਈ ਦੁਨੀਆਂ ਸਾਹਮਣੇ ਸੱਚੇ ਹੋ ਜਾਣਗੇ, ਇੱਕ ਪਾਸੇ ਦੇਸ-ਵਿਦੇਸ਼ਾਂ 'ਚ ਵੱਸ ਚੁੱਕੀ ਅੱਧੋਂ ਬਹੁਤੀ ਸਿੱਖ ਕੌਮ ਜਿਥੇ ਆਪਣੇ ਨਿਆਰੇਪਣ ਤੇ ਵੱਖਰੀ ਪਹਿਚਾਣ ਨੂੰ ਲੈ ਕੇ ਸੰਘਰਸ਼ ਕਰ ਰਹੀ ਐ, ਉਥੇ ਸ਼੍ਰੋਮਣੀ ਕਮੇਟੀ ਦਾ ਇਹ ਕਦਮ ਸਿੱਖ ਕੌਮ ਦੀ ਵੱਖਰੀ ਹੋਂਦ 'ਤੇ ਵੱਡੀ ਸੱਟ ਮਾਰਨ ਵਾਲੈ" ਸ਼ਿੰਦੇ ਨੂੰ ਬਿੱਕਰ ਨੇ ਜਵਾਬ ਦਿੱਤਾ "ਨਾਲੇ ਕਾਮਰੇਡਾ! ਕੱਲ ਅਮਰਨਾਥ ਦੀ ਗੁਫਾ 'ਤੇ ਲੰਗਰ ਲਾਉਣ ਦਾ ਸੱਦਾ ਜੁ, ਪਰਸੋਂ ਨੂੰ ਦੇਵੀਆਂ ਦੇ ਮੰਦਰਾਂ 'ਤੇ, ਹੋਰ ਦੋ ਦਿਨਾਂ ਨੂੰ ਕਿਸੇ ਹੋਰ ਧਰਮ ਵਾਲੇ ਸੱਦ ਲੈਣਗੇ, ਇਨ੍ਹਾਂ ਤੋਂ ਪੰਜਾਬ ਦੇ ਸਿੱਖਾਂ ਦੀ ਸਾਰ ਤਾਂ ਲਈ ਨਹੀਂ ਜਾਂਦੀ, ਪਰ ਸ਼੍ਰੋਮਣੀ ਕਮੇਟੀ ਤਾਂ ਹੁਣ ਦੇਵੀ ਦੇਵਤਿਆਂ ਦੇ ਮੰਦਰਾਂ 'ਤੇ ਵੀ ਲੰਗਰ ਚਲਾਊਗੀ" ਬਿੱਕਰ ਦੀ ਇਸ ਗੱਲ 'ਤੇ ਸ਼ਿੰਦੇ ਨੇ ਟਿੱਪਣੀ ਕੀਤੀ, "ਅਮਲੀਆ!

ਸ਼੍ਰੋਮਣੀ ਕਮੇਟੀ ਨੂੰ ਪਤੈ ਲੱਗ ਗਿਐ, ਬਈ ਪੰਜਾਬ 'ਚੋਂ ਤਾਂ ਹੁਣ ਉਨ੍ਹਾਂ ਦੇ ਕਾਰਨਾਮਿਆਂ ਕਰਕੇ ਸਿੱਖੀ ਖ਼ਤਮ ਹੋਣ ਵਾਲੀ ਐ, ਇਸ ਕਰਕੇ ਹੁਣ ਤਾਂ ਇਹੀ ਠੀਕ ਐ ਬਈ ਕੁੰਭ ਦੇ ਮੇਲੇ ਸਣੇ ਹੋਰ ਹਿੰਦੂ ਤੀਰਥਾਂ 'ਤੇ ਵੀ ਲੰਗਰ ਲਾਉਣ ਦਾ ਈ ਠੇਕਾ ਲੈ ਲਿਆ ਜਾਵੇ" ਸ਼ਿੰਦੇ ਦੀ ਇਸ ਗੱਲ 'ਤੇ ਸਾਰੇ ਹੱਸਣ ਲੱਗ ਪਏ।

# ਜੁਲਾਈ ਵਿੱਚ ਵੱਜਣਗੀਆਂ ਬਰਤਾਨੀਆਂ ਦੇ ਸ਼ਾਹੀ ਘਰਾਣੇ ਵਿੱਚ ਬੱਚੇ ਦੀਆਂ ਕਿਲਕਾਰੀਆਂ



ਬਰਤਾਨਵੀ ਸ਼ਾਹੀ ਪਰੀਵਾਰ ਦੀ ਨੂੰਹ ਕੇਟ ਮਿਡਲਟਨ ਤਸਵੀਰ: *ਮਨਪ੍ਰੀਤ ਸਿੰਘ ਬੱਧਨੀ ਕਲਾਂ*

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦਾ ਸ਼ਾਹੀ ਪ੍ਰੀਵਾਰ ਬੀਤੇ ਦੋ ਕੁ ਸਾਲਾਂ ਤੋਂ ਕਾਫੀ ਚਰਚਾ ਵਿੱਚ ਹੈ, ਭਾਂਵੇਂ ਪ੍ਰਿੰਸ ਹੈਰੀ ਦੀਆਂ ਨਗਨ ਤਸਵੀਰਾਂ ਹੋਣ ਅਤੇ ਭਾਂਵੇਂ ਮਹਾਰਾਣੀ ਐਲਿਜ਼ਾਬੈਥ ਦੀ 60ਵੀਂ ਤਾਜ ਪੋਸ਼ੀ ਵਰ੍ਹੇ ਗੰਢ। ਹੁਣ ਸ਼ਾਹੀ ਪ੍ਰੀਵਾਰ ਦੀ ਨੂੰਹ ਕੇਟ ਮਿਲਡਟਨ ਦੇ ਮਾਂ ਬਣਨ ਦੀ ਖ਼ਬਰ ਅਤੇ ਭਾਰਤੀ ਨਰਸ ਦੀ ਮੌਤ ਕਾਰਨ ਵੀ ਸ਼ਾਹੀ ਪ੍ਰੀਵਾਰ ਕਾਫੀ ਚਰਚਾ ਵਿੱਚ ਰਿਹਾ। ਸ਼ਾਹੀ ਪ੍ਰੀਵਾਰ ਦੇ ਬੱਚੇ ਨੂੰ ਲੈ ਕੇ ਬਾਦਸ਼ਾਹਤ ਦੇਣ ਦੇ ਮਾਮਲੇ ਵਿੱਚ ਵੀ ਚਰਚਾ ਦਾ ਵਿਸ਼ਾ ਕਾਫੀ ਬਹਿਸ ਦਾ ਮੁੱਦਾ ਬਣਿਆ ਹੋਇਆ ਹੈ, ਕਿਉਂਕਿ ਸਰਕਾਰ ਸ਼ਾਹੀ ਪ੍ਰੀਵਾਰ ਦੇ ਰਾਜ ਤਿਲਕ ਸੰਬੰਧੀ ਬਣੇ ਨਿਯਮਾਂ ਵਿੱਚ ਸੋਧ ਕਰਦਿਆਂ ਅਗਲਾ ਬੱਚਾ ਪੈਦਾ ਹੋਣ ਤੋਂ ਪਹਿਲਾਂ ਹੀ ਐਲਾਨ ਕਰਨਾ ਚਾਹੁੰਦੀ ਹੈ ਕਿ ਮੁੰਡਾ ਹੋਵੇ ਜਾਂ ਕੁੜੀ ਰਾਜ ਭਾਗ ਦਾ ਵਾਰਿਸ ਉਹੀ ਹੋਵੇਗਾ। ਜਦ ਕਿ ਹੁਣ ਦੇ ਕਾਨੂੰਨ ਅਨੁਸਾਰ ਸਿਰਫ ਪਹਿਲਾ ਲੜਕਾ ਹੀ ਬਰਤਾਨੀਆਂ ਦਾ ਮਹਾਰਾਜਾ ਬਣ ਸਕਦਾ ਹੈ। ਇਸ ਸੋਧ ਨੂੰ ਮਹਾਰਾਣੀ ਐਲਿਜ਼ਾਬੈਥ ਵੱਲੋਂ ਵੀ ਹਰੀ ਝੰਡੀ ਮਿਲ ਗਈ ਹੈ, ਲੇਕਨ ਅਜੇ ਇਸ ਨੂੰ ਸਰਕਾਰੀ ਤੌਰ ਤੇ ਐਲਾਨ ਕਰਨਾ ਬਾਕੀ ਹੈ। ਸੇਂਟ ਜੇਮਜ਼ ਪੈਲੇਸ ਵੱਲੋਂ ਅੱਜ ਜਾਰੀ ਕੀਤੇ ਬਿਆਨ ਵਿੱਚ ਕਿਹਾ ਗਿਆ ਹੈ ਕਿ 31 ਸਾਲਾ ਕੇਟ ਮਿਲਡਲਟਨ ਜੁਲਾਈ ਵਿੱਚ ਬੱਚੇ ਨੂੰ ਜਨਮ ਦੇਵੇਗੀ। ਅਤੇ ਕੇਟ ਦੀ ਸਿਹਤ ਵਿੱਚ ਲਗਾਤਾਰ ਸੁਧਾਰ ਹੋ ਰਿਹਾ ਹੈ ਅਤੇ ਉਹ ਵੱਖ ਵੱਖ ਸਮਾਗਮ ਵਿੱਚ ਵੀ ਸ਼ਮੂਲੀਅਤ ਕਰ ਰਹੀ ਹੈ।

## *ਮਾਮਲਾ ਏ ਟੀ ਓ ਦੀ ਆਤਮ-ਹੱਤਿਆ ਦਾ*

# ਅਦਾਲਤ ਸਾਹਮਣੇ ਪੇਸ਼ ਹੋਈ ਦੋਸ਼ੀ ਐਸ ਪੀ

**ਅਦਾਲਤ ਤੋਂ ਭਗੌੜੇ ਹੋਣ ਦੇ ਡਰੋਂ ਅੰਮ੍ਰਿਤਧਾਰੀ ਬੀਬੀ ਦੇ ਭੇਸ 'ਚ ਕੀਤਾ ਆਤਮ-ਸਮਰਪਣ**



ਮੋਹਾਲੀ-ਲੱਗਭੱਗ 4 ਮਹੀਨੇ ਤੋਂ ਕਾਨੂੰਨ ਨੂੰ ਦਰਕਿਨਾਰ ਕਰਕੇ ਮੋਹਾਲੀ ਪੁਲਸ ਨੂੰ ਚਕਮਾ ਦੇ ਰਹੀ ਐੱਸ. ਪੀ. ਵਿਜੀਲੈਂਸ ਲਈ ਜਦੋਂ ਬਚਾਅ ਦੇ ਸਾਰੇ ਦਰਵਾਜ਼ੇ ਬੰਦ ਹੋ ਗਏ ਤਾਂ ਆਖਰਕਾਰ ਉਨ੍ਹਾਂ ਨੇ ਕਾਨੂੰਨ ਦੇ ਸਾਹਮਣੇ ਝੁਕ ਕੇ ਆਤਮ-ਸਮਰਪਣ ਕਰਨਾ ਹੀ ਬਿਹਤਰ ਸਮਝਿਆ। ਈ. ਟੀ. ਓ. ਆਤਮ-ਹੱਤਿਆ ਕੇਸ ਵਿਚ ਦੋਸ਼ੀ ਐੱਸ. ਪੀ. ਵਿਜੀਲੈਂਸ ਅਮਨਦੀਪ ਕੌਰ ਰਾਏ ਨੇ ਨਾਟਕੀ ਅੰਦਾਜ਼ ਵਿਚ ਅੰਮ੍ਰਿਤਧਾਰੀ ਦੇ ਭੇਸ ਪੁਲੀਸ ਦੀਆਂ ਅੱਖਾਂ 'ਚ ਧੂੜ ਝੋਕਦਿਆਂ ਅਡੀਸ਼ਨਲ ਸੈਸ਼ਨ ਜੱਜ ਦੀ ਕੋਰਟ ਵਿਚ ਆਤਮ-ਸਮਰਪਣ ਕਰ ਕੀਤਾ। ਆਤਮ-ਸਮਰਪਣ ਕਰਨ ਤੋਂ ਬਾਅਦ ਕੋਰਟ ਨੇ ਐੱਸ. ਪੀ. ਨੂੰ ਅਗਲੀ ਸੁਣਵਾਈ ਤੱਕ ਲਈ ਕੋਰਟ ਦੇ ਬਖਸ਼ੀਖਾਨੇ ਵਿਚ ਬੰਦ ਕਰ ਦਿੱਤਾ ਅਤੇ ਕੁਝ ਦੇਰ ਬਾਅਦ ਆਪਣਾ ਫੈਸਲਾ ਸੁਣਾਉਂਦੇ ਹੋਏ ਐੱਸ. ਪੀ. ਨੂੰ ਨਿਆਂਇਕ ਹਿਰਾਸਤ ਵਿਚ ਪਟਿਆਲਾ ਜੇਲ ਭੇਜ ਦਿੱਤਾ ਹੈ।

ਐੱਸ. ਪੀ. ਵਿਜੀਲੈਂਸ ਵਲੋਂ ਅਗਾਊਂ ਜ਼ਮਾਨਤ ਲਈ ਪਟੀਸ਼ਨ ਦਾਇਰ ਕੀਤੀ ਗਈ ਸੀ। ਉਨ੍ਹਾਂ ਨੂੰ ਨਾ ਤਾਂ ਹਾਈਕੋਰਟ ਵਲੋਂ ਅਤੇ ਨਾ ਹੀ ਫੇਰ ਸੁਪਰੀਮ ਕੋਰਟ ਤੋਂ ਕੋਈ ਰਾਹਤ ਮਿਲ ਸਕੀ ਸੀ, ਜਿਸ ਕਾਰਨ ਉਨ੍ਹਾਂ ਦੇ ਕੋਲ ਆਤਮ-ਸਮਰਪਣ ਕਰਨ ਤੋਂ ਸਿਵਾਏ ਕੋਈ ਹੋਰ ਰਸਤਾ ਨਹੀਂ ਸੀ। ਇਸ ਦੇ ਨਾਲ ਹੀ ਕੋਰਟ ਵਲੋਂ ਵੀ ਉਨ੍ਹਾਂ ਨੂੰ ਭਗੌੜਾ ਐਲਾਨ ਕਰਨ ਦੀ ਤਿਆਰੀ ਕੀਤੀ ਗਈ ਸੀ। ਇਸੇ ਦੇ ਡਰੋਂ ਐੱਸ. ਪੀ. ਅਮਨਦੀਪ ਕੌਰ ਨੇ ਅਦਾਲਤ ਵਿਚ ਆਤਮ-ਸਮਰਪਣ ਕਰਨਾ ਬਿਹਤਰ ਸਮਝਿਆ।

ਈ. ਟੀ. ਓ. ਰਣਜੀਤ ਸਿੰਘ ਬਰਾੜ ਦੀ ਪਤਨੀ ਮਨਜੀਤ ਕੌਰ ਨੂੰ ਜਦੋਂ ਐੱਸ. ਪੀ. ਦੇ ਆਤਮ-ਸਮਰਪਣ ਕਰਨ ਦਾ ਪਤਾ ਲੱਗਾ ਤਾਂ ਉਨ੍ਹਾਂ ਦੀਆਂ ਅੱਖਾਂ ਵਿਚੋਂ ਖੁਸ਼ੀ ਦੇ ਹੰਝੂ ਛਲਕ ਪਏ। ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ ਨੂੰ ਇਕ ਵਾਰ ਫੇਰ ਪੁਲਸ ਤੋਂ ਜ਼ਿਆਦਾ ਕਾਨੂੰਨ 'ਤੇ ਵਿਸ਼ਵਾਸ ਕਾਇਮ ਹੋਇਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਤੀ ਨੂੰ ਇਸੇ ਐੱਸ. ਪੀ. ਨੇ ਗ਼ਲਤ ਢੰਗ ਨਾਲ ਫਸਾਇਆ ਸੀ ਜਿਸ ਕਾਰਨ ਉਨ੍ਹਾਂ ਨੇ ਜ਼ਲਾਲਤ ਦੇ ਚਲਦੇ ਆਤਮ-ਹੱਤਿਆ ਕੀਤੀ ਸੀ।

# ਐਸ ਐਸ ਰਾਣਾ ਨੇ ਹੌਲੈਂਡ ਵਾਸੀਆਂ ਨੂੰ ਆਪਣੇ ਪੁੱਤਰ ਦੇ ਵਿਆਹ ਤੇ ਲੋਹੜੀ ਦੀ ਪਾਰਟੀ ਦਿੱਤੀ



ਵਿਆਂਹਦੜ ਜੋੜੀ ਕਾਕਾ ਦੁਤਿੰਦਰ ਰਾਣਾ ਤੇ ਕੀਰਤੀ ਦੇਵੀ

ਐਮਸਟਰਡਮ – ਇਥੇ ਬੀਤੇ ਐਤਵਾਰ 13 ਜਨਵਰੀ ਨੂੰ ਲੋਹੜੀ ਵਾਲੇ ਦਿਨ ਆਈ ਓ ਸੀ ਯੂਰਪ ਤੇ ਹੌਲੈਂਡ ਦੇ ਪ੍ਰਧਾਨ ਸੁਰਿੰਦਰ ਸਿੰਘ ਰਾਣਾ ਨੇ ਆਪਣੇ ਪੁੱਤਰ ਦੁਤਿੰਦਰ ਰਾਣਾ ਤੇ ਕੀਰਤੀ ਦੇਵੀ ਦੇ ਵਿਆਹ ਦੀ ਖੁਸ਼ੀ ਵਿਚ ਹੌਲੈਂਡ ਵਾਸੀਆਂ ਨੂੰ ਚਾਈਨੀ ਰੈਸਟੋਰੈਂਟ ਗੋਲਡਨ ਗਾਰਡਨ ਵਿਚ ਵਿਸ਼ੇਸ਼ ਰਿਸੈਪਸ਼ਨ ਪਾਰਟੀ ਸ਼ਾਮ 7:30 ਤੋਂ ਰਾਤ 12 ਵਜੇ ਤੱਕ ਦਿੱਤੀ। ਜਿਸ ਵਿਚ ਹੌਲੈਂਡ ਦਾ ਵਪਾਰਕ ਭਾਈਚਾਰਾ ਅਤੇ ਬਹੁਤ ਸਾਰੇ ਉਹਨਾਂ ਦੇ ਰਿਸ਼ਤੇਦਾਰ, ਸੱਜਣ ਮਿੱਤਰ ਤੇ ਸਿਆਸੀ ਆਗੂਆਂ ਸਣੇ ਦੋ ਸੌ ਦੇ ਕਰੀਬ ਮਹਿਮਾਨ ਸ਼ਾਮਲ ਹੋਏ।



ਅਤੇ ਇਸ ਵਿਆਹ ਵਿਚ ਸ਼ਾਮਿਲ ਹੋਏ ਆਗੂ ਜਿਨ੍ਹਾਂ ਵਿਚ ਐਸ ਐਸ ਰਾਣਾ ਦੇ ਨਾਲ ਸ: ਅਮਰਜੀਤ ਸਿੰਘ ਸਮਰਾ, ਬੀਬੀ ਰਾਜਿੰਦਰ ਕੌਰ ਭੱਠਲ, ਬਲਬੀਰ ਮੰਡੇਰ ਅਤੇ ਹੋਰ ਕੇਂਦਰੀ ਆਗੂ ਨਜ਼ਰ ਆ ਰਹੇ ਹਨ।

ਰਾਣਾ ਨੇ ਦੱਸਿਆ ਕਿ ਉਹਨਾਂ ਵੱਲੋਂ ਹੌਲੈਂਡ ਵਿਚ ਭਾਰਤੀ ਅੰਬੈਸਡਰ ਸ੍ਰੀਮਤੀ ਭਾਸਵਤੀ ਮੁਖਰਜੀ ਨੂੰ ਵੀ ਸੱਦਾ ਦਿੱਤਾ ਗਿਆ ਸੀ, ਪਰ ਉਹ ਰੁਝੇਵੇਂ ਕਾਰਨ ਆ ਨਹੀਂ ਸਕੇ ਤੇ ਉਹਨਾਂ ਨੇ ਲਿਖਤੀ ਰੂਪ ਵਿਚ ਸੁਨੇਹਾ ਭੇਜ ਕੇ ਰਾਣਾ ਪਰਿਵਾਰ ਨੂੰ ਵਧਾਈ ਦਿੱਤੀ। ਇਸ ਮੋਕੇ ਰਾਣਾ ਪਰਿਵਾਰ ਨੂੰ ਵਧਾਈ ਦੇਣ ਵਾਲਿਆਂ ਵਿਚ ਇੰਡੀਅਨ ਅੰਬੈਸੀ ਤੋਂ ਆਰ ਐਸ ਰਾਣਾ ਅਤੇ ਵੈਸਟ ਐਮਸਟਰਡਮ ਦੇ ਚੇਅਰਮੈਨ ਮਿ: ਬਾਦੂਤ ਵੀ ਸ਼ਾਮਿਲ ਹੋਏ ਜਿਹਨਾਂ ਨੇ ਰਾਣਾ ਪਰਿਵਾਰ ਨੂੰ ਵਿਆਹ ਅਤੇ ਲੋਹੜੀ ਦੀ ਵਧਾਈ ਦਿੱਤੀ। ਰਾਣਾ ਪਰਿਵਾਰ ਵੱਲੋਂ ਮਹਿਮਾਨਾਂ ਤੇ ਆਗੂਆਂ ਦੀ ਵਧੀਆ ਖਾਣੇ ਨਾਲ ਮਹਿਮਾਨ ਨਿਵਾਜੀ ਕੀਤੀ ਗਈ। ਰਾਣਾ ਨੇ ਦੱਸਿਆ ਕਿ ਇਸੇ ਤਰ੍ਹਾਂ ਉਹਨਾਂ ਨੇ ਇੰਡੀਆ ਵਿਚ ਵੀ ਆਪਣੇ ਪੁੱਤਰ ਦੇ ਵਿਆਹ ਮੋਕੇ ਮਹਿਮਾਨਾਂ ਨੂੰ ਪਾਰਟੀ ਦਿੱਤੀ ਸੀ।

# ਆਖੰਡ ਕੀਰਤਨੀ ਜਥਾ ਯੂ ਕੇ ਅਤੇ ਦਮਦਮੀ ਟਕਸਾਲ ਵਿੱਚ ਹੋਈ ਏਕਤਾ

## ਦੇਸ਼-ਵਿਦੇਸ਼ ਦੀਆਂ ਸੰਗਤਾਂ ਵੱਲੋਂ ਵਧਾਈਆਂ



ਭਾਈ ਹਰਪਾਲ ਸਿੰਘ ਦਾਦੂਵਾਲ

ਰੋਮ ਇਟਲੀ (ਹਰਦੀਪ ਸਿੰਘ ਕੰਗ) ਦਮਦਮੀ ਟਕਸਾਲ(ਭਾਈ ਰਾਮ ਸਿੰਘ ਜੀ)ਅਤੇ ਆਖੰਡ ਕੀਰਤਨੀ ਜਥਾ ਯੂ ਕੇ ਦੁਆਰਾ ਸਿੱਖੀ ਦੇ ਪ੍ਰਚਾਰ ਲਈ ਆਪਸੀ ਸਹਿਮਤੀ ਬਣਾਉਦਿਆਂ ਇਕ ਹੋਣ ਦਾ ਐਲਾਨ ਕੀਤਾ ਗਿਆ ਹੈ।ਇਨ੍ਹਾਂ ਦੋਹਾਂ ਜਥੇਬੰਦੀਆਂ ਦੀ ਏਕਤਾ ਪਿਛਲੇ ਦਿਨੀਂ ਇੰਗਲੈਂਡ ਦੇ ਡਰਬੀ ਸ਼ਹਿਰ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮੱਰਪਿਤ ਸਜੇ ਸਮਾਗਮਾਂ ਮੌਕੇ ਹੋਈ।ਦੋਹਾਂ ਜਥੇਬੰਦੀਆਂ ਨੂੰ ਇਕੱਠੇ ਕਰਨ ਲਈ ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਭਾਈ ਰਾਮ ਸਿੰਘ ਜੀ ਦੁਆਰਾ ਬਹੁਤ ਹੀ ਅਹਿਮ ਭੂਮਿਕਾ ਨਿਭਾਈ ਗਈ ਹੈ।ਦੇਸ਼ -ਵਿਦੇਸ਼ ਦੀਆਂ ਸਿੱਖ ਸੰਗਤਾਂ ਦੁਆਰਾ ਇਨ੍ਹਾਂ ਦੋਹਾਂ ਜਥੇਬੰਦੀਆਂ ਦੇ ਇਕਜੁੱਟ ਹੋਣ ਤੇ ਖੁਸ਼ੀ ਪ੍ਰਗਟਾਉਦਿਆਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ(ਸਰਨਾ) ਦੀ ਇਟਲੀ ਇਕਾਈ ਦੇ ਪ੍ਰਧਾਨ ਭਾਈ ਹਰਪਾਲ ਸਿੰਘ ਦਾਦੂਵਾਲ ਨੇ ਕਿਹਾ ਹੈ ਕਿ ਦੋਹਾਂ ਜਥੇਬੰਦੀਆਂ ਦੁਆਰਾ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਸਜੇ ਸਮਾਗਮਾਂ ਤੇ ਏਕਤਾ ਦਾ ਪ੍ਰਗਟਾਵਾ ਕਰਦਿਆਂ ਸੱਚੀ -ਸੁੱਚੀ ਸਿੱਖੀ ਭਾਵਨਾ ਦਾ ਸਬੂਤ ਦਿੱਤਾ ਗਿਆ ਹੈ।ਭਾਈ ਦਾਦੂਵਾਲ ਨੇ ਕਿਹਾ ਕਿ ਇਸ ਲਈ ਆਖੰਡ ਕੀਰਤਨੀ ਜਥਾ ਯੂ ਕੇ ਦੇ ਪ੍ਰਧਾਨ ਭਾਈ ਰਘੁਵੀਰ ਸਿੰਘ ਅਤੇ ਦਮਦਮੀ ਟਕਸਾਲ ਦੇ ਮੁੱਖੀ ਭਾਈ ਰਾਮ ਸਿੰਘ ਜੀ ਵਧਾਈ ਦੇ ਹੱਕਦਾਰ ਹਨ ਜਿਨ੍ਹਾਂ ਕਿ ਸਿੱਖ ਕੌਮ ਦੀ ਭਲਾਈ ਦੇ ਲਈ ਅਤੇ ਸਿੱਖੀ ਪ੍ਰਚਾਰ ਦੇ ਲਈ ਏਕਤਾ ਦਾ ਸਬੂਤ ਦਿੰਦਿਆਂ ਇਕਜੁਟ ਹੋ ਕੇ ਇਕੋ ਪਲੇਟਫਾਰਮ ਤੇ ਕਾਰਜ ਕਰਨ ਦਾ ਪ੍ਰਣ ਕੀਤਾ ਹੈ।

# ਮੋਗਾ ਜਿਮਨੀ ਚੋਣਾਂ ਦੇ ਪ੍ਰਚਾਰ ਲਈ ਇੰਡੀਅਨ ਓਵਰਸੀਜ ਕਾਂਗਰਸ ਯੂਰਪ ਦਾ ਇਕ ਵਫਦ ਪੰਜਾਬ ਜਾਵੇਗਾ



ਸੁਰਿੰਦਰ ਸਿੰਘ ਰਾਣਾ, ਬਲਬੀਰ ਸਿੰਘ ਮੰਡੇਰ

ਰੋਮ ਇਟਲੀ – ਫਰਵਰੀ ਮਹੀਨੇ ਦੇ ਵਿੱਚ ਵਿਧਾਨ ਸਭਾ ਹਲਕਾ ਮੋਗਾ ਵਿਖੇ ਹੋਣ ਵਾਲੀ ਜਿਮਨੀ ਚੋਣ ਦੇ ਵਿੱਚ ਕਾਂਗਰਸ ਦੇ ਉਮੀਦ-ਵਾਰ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਲਈ ਯੂਰਪ ਤੋਂ ਇੰਡੀਅਨ ਓਵਰਸੀਜ ਕਾਂਗਰਸ ਦਾ ਵਫਦ ਪੰਜਾਬ ਲਈ ਰਵਾਨਾ ਹੋਵੇਗਾ।

ਇਸ ਫਵਦ ਦੀ ਅਗਵਾਈ ਇੰਡੀਅਨ ਓਵਰਸੀਜ ਕਾਂਗਰਸ ਯੂਰਪ ਤੇ ਹੌਲੈਂਡ ਦੇ ਚੇਅਰਮੈਨ ਸ: ਸੁਰਿੰਦਰ ਸਿੰਘ ਰਾਣਾ ਅਤੇ ਬਲਬੀਰ ਸਿੰਘ ਮੰਡੇਰ ਚੇਅਰਮੈਨ ਇੰਡੀਅਨ ਓਵਰਸੀਜ ਕਾਂਗਰਸ ਯੂਰਪ ਤੇ ਸੀਨੀਅਰ ਚੇਅਰਮੈਨ ਆਈ ਓ ਸੀ ਯੂ ਕੇ ਕਰਨਗੇ। ਇਸ ਵਫਦ ਵਿੱਚ ਯੂਰਪ ਭਰ ਦੇ ਸਾਰੇ ਮੁਲਕਾਂ ਤੋਂ ਕਾਂਗਰਸੀ ਆਗੂ ਅਤੇ ਵਰਕਰ ਸ਼ਾਮਿਲ ਹੋ ਕੇ ਮੋਗਾ ਜਿਮਨੀ ਚੋਣ ਦੇ ਪ੍ਰਚਾਰ ਵਿੱਚ ਕਾਂਗਰਸੀ ਉਮੀਦਵਾਰ ਦੇ ਹੱਕ ਵਿੱਚ ਚੋਣ ਪ੍ਰਚਾਰ ਵਿੱਚ ਨਿਤਰਨਗੇ।

ਉਨ੍ਹਾਂ ਦੱਸਿਆ ਕਿ ਸੀਨੀਅਰ ਕਾਂਗਰਸੀ ਆਗੂ ਰਾਣਾ ਗੁਰਜੀਤ ਸਿੰਘ ਮੋਗਾ ਜਿਮਨੀ ਚੋਣ ਦੇ ਮੁੱਖ ਕੁਆਡੀਨੇਟਰ ਵਜੋਂ ਜਿੰਮੇਵਾਰੀ ਸੰਭਾਲ ਰਹੇ ਹਨ। ਉਨ੍ਹਾਂ ਦੀਆਂ ਚੋਣ ਨੀਤੀਆਂ ਅਤੇ ਸਿਆਸੀ ਤਜਰਬੇ ਦੇ ਅਧਾਰ ਤੇ ਹੀ ਇਸ ਇਲਾਕੇ ਵਿੱਚ ਕਾਂਗਰਸੀ ਚੋਣ ਪ੍ਰਚਾਰ ਕੀਤਾ ਜਾਵੇਗਾ।

ਸ: ਮੰਡੇਰ ਅਤੇ ਸ: ਸੁਰਿੰਦਰ ਸਿੰਘ ਰਾਣਾ ਨੇ ਮੋਗਾ ਇਲਾਕੇ ਦੇ ਸੂਝਵਾਨ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਾਂਗਰਸੀ ਉਮੀਦਵਾਰ ਨੂੰ ਜਿਤਾ ਕੇ ਇਲਾਕੇ ਦੀ ਸੇਵਾ ਕਰਨ ਦਾ ਮੋਕਾ ਦੇਣ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਇੰਡੀਅਨ ਓਵਰਸੀਜ ਕਾਂਗਰਸ ਇਟਲੀ ਇਕਾਈ ਦੇ ਪ੍ਰਧਾਨ ਸ: ਕਰਮਜੀਤ ਸਿੰਘ ਢਿੱਲੋ ਨੇ ਪੰਜਾਬ ਟਾਈਮਜ ਦੇ ਪੱਤਰਕਾਰ ਹਰਦੀਪ ਸਿੰਘ ਕੰਗ ਨੂੰ ਦੱਸਿਆ ਕਿ ਇਟਲੀ ਤੋਂ ਵੀ ਪਾਰਟੀ ਦੇ ਆਹੁਦੇਦਾਰ ਇਸ ਫਵਦ ਦੇ ਨਾਲ ਜਣਗੇ।

# ਬਲਾਤਕਾਰੀ ਨੂੰ ਹੋਈ ਮੌਤ ਦੀ ਸਜ਼ਾ

ਨਵੀਂ ਦਿੱਲੀ-ਦਿੱਲੀ ਦੀ ਇਕ ਅਦਾਲਤ ਨੇ ਬੱਚੀ ਨਾਲ ਬਲਾਤਕਾਰ ਦੇ ਦੋਸ਼ੀ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਕੇਸ ਦਾ ਫੈਸਲਾ ਫਾਸਟ ਟਰੈਕ ਕੋਰਟ ਵਿੱਚ ਹੋਇਆ। ਐਡੀਸ਼ਨਲ ਸੈਸ਼ਨ ਜੱਜ ਵਰਿੰਦਰ ਭੱਟ ਨੇ ਕੇਸ ਦਾ ਫੈਸਲਾ ਕਰਦਿਆਂ 56 ਸਾਲਾ ਦੋਸ਼ੀ ਭਾਰਤ ਸਿੰਘ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਭੱਟ ਦਵਾਰਕਾ ਕੋਰਟ ਕੰਪਲੈਕਸ ਦੀ ਫਾਸਟ ਟਰੈਕ ਕੋਰਟ ਦੇ ਮੁਖੀ ਵੀ ਹਨ। ਬਲਾਤਕਾਰ ਦੌਰਾਨ ਤਿੰਨ ਸਾਲਾ ਲੜਕੀ ਦੀ ਮੌਤ ਹੋ ਗਈ ਸੀ। ਜੱਜ ਨੇ ਫੈਸਲੇ ਵਿੱਚ ਕਿਹਾ ਕਿ ਇਹ ਅਣਮਨੁੱਖੀ ਕਾਰਾ ਹੈ ਅਤੇ ਅਜਿਹੇ ਮਾਮਲੇ ਵਿੱਚ ਰਿਆਇਤ ਨਹੀਂ ਮਿਲ ਸਕਦੀ। ਅਦਾਲਤ ਨੇ ਦੋਸ਼ੀ ਨੂੰ 50 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਲਾਇਆ ਹੈ।

# ਗੌਲਫ ਕੋਰਸ ਨੇੜਿਓਂ ਮਿਲੀ ਖੋਪੜੀ ਦੀ ਪੁਲਿਸ ਵੱਲੋਂ ਜਾਂਚ ਸ਼ੁਰੂ

ਵਾਅਨ-ਪਿਛਲੇ ਵੀਕੈਂਡ ਉੱਤੇ ਇੱਕ ਗੌਲਫ ਕੋਰਸ ਦੇ ਨੇੜਿਓਂ ਇਨਸਾਨੀ ਖੋਪੜੀ ਮਿਲਣ ਤੋਂ ਬਾਅਦ ਵਾਅਨ ਪੁਲਿਸ ਦੇ ਵਿਸ਼ੇਸ਼ ਸਿਖਲਾਈ ਪ੍ਰਾਪਤ ਅਧਿਕਾਰੀ ਹੋਰ ਮਨੁੱਖੀ ਹੱਡੀਆਂ ਦੀ ਭਾਲ ਵਿੱਚ ਇੱਥੋਂ ਨਾਲ ਲੱਗਦੇ ਜੰਗਲੀ ਇਲਾਕੇ ਦੀ ਛਾਣਬੀਣ ਕਰ ਰਹੇ ਹਨ। ਅਜੇ ਤੱਕ ਯੌਰਕ ਰੀਜਨਲ ਪੁਲਿਸ ਨੂੰ ਇਹ ਵੀ ਨਹੀਂ ਪਤਾ ਕਿ ਮਾਰਿਆ ਗਿਆ ਇਨਸਾਨ ਔਰਤ ਸੀ ਜਾਂ ਮਰਦ, ਉਸ ਦੀ ਉਮਰ ਕੀ ਸੀ ਜਾਂ ਫਿਰ ਉਹ ਕਿੱਥੋਂ ਦਾ ਰਹਿਣ ਵਾਲਾ ਵਿਅਕਤੀ ਸੀ।

# ਲੈਸਟਰ ਵਿਚ ਅੱਲ੍ਹੜ ਉਮਰ ਦੀ ਬੱਚੀ ਨਾਲ ਗੈਂਗ ਰੇਪ ਦੀ ਘਟਨਾ ਪਿੱਛੋਂ ਮੁਸਲਿਮ ਅਤੇ ਸਿੱਖ ਨੌਜਵਾਨਾਂ ਵਿਚ ਹੋਇਆ ਸਖ਼ਤ ਟਕਰਾਓ

## 6 ਜਖਮੀ ਪਹੁੰਚਾਏ ਹਸਪਤਾਲ ਅਤੇ ਪੁਲਿਸ ਵੱਲੋਂ 6 ਨੌਜਵਾਨ ਗ੍ਰਿਫ਼ਤਾਰ– ਜਾਂਚ ਜਾਰੀ

**ਲੈਸਟਰ – ਬੀਤੇ ਸੋਮਵਾਰ ਨੂੰ ਰਾਤ ਦੇ 9 ਵਜੇ ਇਥੇ ਸਪਿਨੀ ਹਿਲਜ਼ ਵਿਖੇ ਈਸਟ ਪਾਰਕ ਰੋਡ ਉੱਤੇ ਸਥਿੱਤ ਮੁਗਲ ਦਰਬਾਰ ਰੈਸਟੋਰੈਂਟ ਵਿਚ 40 ਦੇ ਕਰੀਬ ਨੌਜਵਾਨਾਂ ਵਿਚ ਤਕਰਾਰ ਹੋਣ ਪਿੱਛੋਂ ਕੁਝ ਬੰਦੇ ਜਖਮੀ ਹੋ ਗਏ। ਪ੍ਰਾਪਤ ਵੇਰਵੇ ਮੁਤਾਬਕ ਇਸ ਘਟਨਾ ਵਿਚ 6 ਜ਼ਖਮੀਆਂ ਨੂੰ ਲੈਸਟਰ ਰੌਇਲ ਇਨਫਰਮਰੀ ਵਿਚ ਦਾਖਲ ਕਰਵਾਇਆ ਗਿਆ, ਜਿਹਨਾਂ ਦਾ ਉਥੇ ਇਲਾਜ ਕੀਤਾ ਗਿਆ। ਜਿਹਨਾਂ ਵਿਚੋਂ ਤਿੰਨ ਅਜੇ ਹਸਪਤਾਲ ਵਿਚ ਹਨ, ਤੇ ਇਕ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ।**

ਘਟਨਾ ਪਿੱਛੋਂ ਪੁਲਿਸ ਨੇ ਲੈਸਟਰ ਤੋਂ ਬਾਹਰ 6 ਬੰਦਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਹਨਾਂ ਦੇ ਨਾਂ ਜਾਰੀ ਨਹੀਂ ਕੀਤੇ ਗਏ। ਪੰਜਾਬ ਟਾਈਮਜ਼ ਨੂੰ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਇਹ ਲੜਾਈ ਕੁਝ ਮੁਸਲਮਾਨ ਮੁੰਡਿਆਂ ਵੱਲੋਂ ਇਕ ਸਿੱਖ ਲੜਕੀ ਨਾਲ ਜ਼ਿਆਦਤੀ ਕਰਨ ਬਾਅਦ ਵਾਪਰੀ ਦੱਸੀ ਜਾਂਦੀ ਹੈ।

ਇਸ ਅਚਾਨਕ ਹੋਈ ਲੜਾਈ ਦੌਰਾਨ ਰੈਸਟੋਰੈਂਟ ਦੇ ਦਰਵਾਜ਼ੇ ਤੇ ਬਾਰੀਆਂ ਦਾ ਵੀ ਨੁਕਸਾਨ ਹੋ ਗਿਆ ਅਤੇ ਕਈ ਬੰਦੇ ਵੀ



ਰੈਸਟੋਰੈਂਟ ਜਿੱਥੇ ਬੀਤੇ ਸੋਮਵਾਰ ਸ਼ਾਮ ਨੂੰ 9 ਵਜੇ ਘਟਨਾ ਵਾਪਰੀ

ਜਖਮੀ ਹੋ ਗਏ। ਇਸ ਸਬੰਧੀ ਪੁਲਿਸ ਨੇ ਸੀ ਸੀ ਟੀ ਵੀ ਕੈਮਰੇ ਦੀ ਰਿਕਾਰਡਿੰਗ ਲੈ ਲਈ ਹੈ ਤੇ ਜਾਂਚ ਕਰ ਰਹੀ ਹੈ। ਝਗੜੇ ਦੌਰਾਨ ਬਹੁਤ ਸਾਰੇ ਬੰਦੇ ਕੇਵਲ ਇਕ ਮਿੰਟ ਵਿਚ ਰੈਸਟੋਰੈਂਟ ਦੇ ਮੁੱਖ ਦਰਵਾਜੇ ਵਿਚੋਂ ਦੀ ਅੰਦਰ ਦਾਖਲ ਹੋ ਗਏ ਸਨ। ਪੰਜਾਂ ਮਿੰਟਾਂ ਵਿਚ ਰੈਸਟੋਰੈਂਟ ਵਿਚੋਂ ਕਈ ਬੰਦੇ ਬਾਹਰ ਨਿੱਕਲ ਗਏ ਤੇ ਤੁਰੰਤ ਅੱਖਾਂ ਤੋਂ ਓਹਲੇ ਹੋ ਗਏ। ਕੁਝ ਚਸ਼ਮਦੀਦ ਗਵਾਹਾਂ ਨੇ ਪੁਲਿਸ ਨੂੰ ਦੱਸਿਆ ਕਿ ਉਹਨਾਂ ਨੇ ਉਸ ਰੈਸਟੋਰੈਂਟ ਵਿਚੋਂ ਕਈ ਬੰਦਿਆਂ ਨੂੰ ਦੌੜੇ ਜਾਂਦੇ ਦੇਖਿਆ, ਜਿਹਨਾਂ ਦੇ ਚਿਹਰੇ 'ਤੇ ਖ਼ੂਨ ਲੱਗਿਆ ਹੋਇਆ ਸੀ, ਕਈਆਂ ਦੀ ਛਾਤੀ ਉੱਤੇ ਖ਼ੂਨ ਸੀ। ਰੌਇਲ ਚਿਕਨ ਐਂਡ ਪੀਜ਼ਾ ਵਿਚ ਕੰਮ ਕਰਨ ਵਾਲੇ 18 ਸਾਲਾ ਸੈਫ਼ ਬੱਟ ਨੇ ਕਿਹਾ ਕਿ ਸੜਕ ਦੇ ਦੂਜੇ ਪਾਸੇ ਟੇਕ ਅਵੇ ਵਿਚੋਂ ਬੰਦਿਆਂ ਨੂੰ ਭੱਜੇ ਜਾਂਦੇ ਦੇਖਿਆ ਸੀ। ਅਸੀਂ ਕਾਫ਼ੀ ਬਿਜ਼ੀ ਸੀ, ਪਹਿਲਾਂ ਤਾਂ ਮੈਨੂੰ ਇਸ ਬਾਰੇ ਪਤਾ ਨਹੀਂ ਲੱਗਿਆ, ਪਰ ਛੇਤੀ ਹੀ ਦੇਖਿਆ ਕਿ ਇਕ ਵੱਡਾ ਗਰੁੱਪ ਰੈਸਟੋਰੈਂਟ ਕੋਲ ਭੱਜਿਆ ਜਾ ਰਿਹਾ ਸੀ, ਕਈਆਂ ਦੇ ਮੂੰਹ ਤੇ ਅਤੇ ਕਈਆਂ ਦੀ ਛਾਤੀ ਉੱਤੇ ਖ਼ੂਨ ਦੇ ਦਾਗ ਸਨ। ਕਈਆਂ ਦੇ ਸਰੀਰ 'ਤੇ ਕਿਤੇ ਨਾ ਕਿਤੇ ਖ਼ੂਨ ਸੀ, ਅਤੇ ਕਈ ਡਰਦੇ ਹੋਏ ਭੱਜੇ ਜਾ ਰਹੇ ਸਨ।

ਮੁਗਲ ਦਰਬਾਰ ਰੈਸਟੋਰੈਂਟ ਦੇ ਨਾਲ ਲਗਦੇ ਟੋਰੋਜ਼ ਐਕਸਪ੍ਰੈਸ ਦੇ ਮਾਲਕ ਅਸ਼ਰਫ਼ ਸਿਦਾਤ (32 ਸਾਲ) ਨੇ ਕਿਹਾ ਕਿ ਮੈਂ ਆਪਣੇ ਸਟਾਫ਼ ਨਾਲ ਗੱਲ ਕਰ ਰਿਹਾ ਸੀ ਉਹਨਾਂ ਨੇ ਕਿਹਾ ਕਿ ਇਹ ਬਹੁਤ ਹੀ ਖਤਰਨਾਕ ਸੀ। ਇਕ ਵੱਡਾ ਗਰੁੱਪ ਰੈਸਟੋਰੈਂਟ ਦੀ ਰਸੋਈ ਵਿਚ ਗਿਆ ਸੀ, ਜਿੱਥੇ ਹਫ਼ੜਾ ਦਫ਼ੜੀ ਮਚ ਗਈ ਸੀ। ਕਈਆਂ ਨੇ ਕਿਹਾ ਕਿ ਇਸ ਇਲਾਕੇ ਵਿਚ ਪਹਿਲਾਂ ਕਦੀ ਇਹੋ ਜਿਹੀ ਘਟਨਾ ਨਹੀਂ ਵਾਪਰੀ। ਇਹ ਸਭ ਕੁਝ ਇਕ ਦਮ ਵਾਪਰ ਗਿਆ, ਕਈਆਂ ਨੂੰ ਪਤਾ ਹੀ ਨਹੀਂ ਲੱਗਿਆ ਕਿ ਕੀ ਹੋਇਆ ਹੈ। ਜਦੋਂ ਖੜਕੇ ਦੜਕੇ ਪਿੱਛੋਂ ਦੇਖਿਆ ਤਾਂ ਕਈ ਲੋਕ ਖ਼ੂਨ ਨਾਲ ਲਿੱਬੜੇ ਭੱਜੇ ਜਾ ਰਹੇ ਸਨ।

ਪੁਲਿਸ ਦਾ ਕਹਿਣਾ ਹੈ ਕਿ ਉਹ ਸੀ ਸੀ ਟੀ ਵੀ ਦੀਆਂ ਫ਼ੋਟੋਆਂ ਅਜੇ ਜਾਰੀ ਨਹੀਂ ਕਰ ਰਹੇ, ਉਹ ਘਟਨਾ ਦੀ ਜਾਂਚ ਕਰ ਰਹੇ ਹਨ। ਇਕ ਦੁਕਾਨਦਾਰ ਨੇ ਪੁਲਿਸ ਨੂੰ ਸੀ ਸੀ ਟੀ ਵੀ ਕੈਮਰੇ ਦੀਆਂ ਫੁਟੇਜ ਦਿੰਦਿਆਂ ਕਿਹਾ ਕਿ ਉਸ ਨੂੰ ਪਤਾ ਨਹੀਂ ਲੱਗ ਰਿਹਾ ਕਿ ਉਹਨਾਂ ਹਮਲਾ ਕਰਨ ਵਾਲਿਆਂ ਨੇ ਕਿਵੇਂ ਸੋਚ ਲਿਆ ਕਿ ਉਹ ਇੰਝ ਕਰਕੇ ਬਚ ਨਿੱਕਲਣਗੇ, ਜਦ ਕਿ ਪੁਲਿਸ ਸਟੇਸ਼ਨ ਇਸ ਘਟਨਾ ਸਥਾਨ ਦੇ ਬਹੁਤ ਨੇੜੇ ਹੈ।

ਪੁਲਿਸ ਨੇ ਚਸ਼ਮਦੀਦ ਗਵਾਹਾਂ ਨੂੰ ਅਪੀਲ ਕੀਤੀ ਹੈ ਕਿ ਉਹ ਅੱਗੇ ਆਉਣ ਅਤੇ ਇਸ ਘਟਨਾ ਬਾਰੇ ਦੱਸਣ। ਜੇ ਕਿਸੇ ਨੂੰ ਇਸ ਘਟਨਾ ਦੇ ਵਾਪਰਨ ਨਾਲ ਸਬੰਧ ਰੱਖਦੀ ਕੋਈ ਗੱਲ ਪਤਾ ਹੋਵੇ ਉਹ ਤਾਂ ਵੀ ਪੁਲਿਸ ਨੂੰ ਦੱਸ ਸਕਦੇ ਹਨ। ਡਿਟੈਕਟਿਵ ਇੰਸਪੈਕਟਰ ਸਾਈਮਨ ਪ੍ਰੈਸਟਨ ਨੇ ਕਿਹਾ ਕਿ ਅਸੀਂ 6 ਬੰਦਿਆਂ ਨੂੰ ਗ੍ਰਿਫ਼ਤਾਰ ਕਰ ਚੁੱਕੇ ਹਾਂ, ਤੇ ਸਾਡੇ ਅਫ਼ਸਰਾਂ ਦੀ ਟੀਮ ਇਸ ਘਟਨਾ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਜੇ ਕਿਸੇ ਨੇ ਇਸ ਘਟਨਾ ਬਾਰੇ ਕੁਝ ਦੇਖਿਆ ਹੋਵੇ ਤਾਂ ਉਹ ਪੁਲਿਸ ਨੂੰ 101 ਨੰਬਰ ਤੇ ਜਾਂ ਕ੍ਰਾਈਮ ਸਟੌਪਰਸ ਨੂੰ 0800 555 111 ਨੰਬਰ ਤੇ ਜਾਣਕਾਰੀ ਦੇ ਸਕਦੇ ਹਨ।

ਇਸ ਸਬੰਧੀ ਮੁਗਲ ਦਰਬਾਰ ਰੈਸਟੋਰੈਂਟ ਦੇ ਪ੍ਰਬੰਧਕਾਂ ਦਾ ਪੱਖ ਜਾਨਣ ਲਈ ਅਦਾਰਾ ਪੰਜਾਬ ਟਾਈਮਜ਼ ਵੱਲੋਂ ਬੁੱਧਵਾਰ ਸਵੇਰੇ ਸਾਢੇ ਕੁ 10 ਵਜੇ ਉਹਨਾਂ ਦੇ ਨੰਬਰ 'ਤੇ ਫ਼ੋਨ ਕੀਤਾ ਗਿਆ ਤਾਂ ਕਿਸੇ ਨਾਲ ਗੱਲ ਨਹੀਂ ਹੋ ਸਕੀ।

**ਇਸ ਘਟਨਾ ਦੇ ਪਿਛੋਕੜ ਵਿਚ ਕੀ ਸੀ, ਤੇ ਇਹ ਕਿਉਂ ਵਾਪਰੀ ਬਾਰੇ ਪੂਰੀ ਖਬਰ ਪੰਜਾਬ ਟਾਈਮਜ਼ ਦੇ ਸਫ਼ਾ 24 'ਤੇ ਦੇਖੋ।**

# ਸੁੱਚਾ ਸਿੰਘ ਅਟਵਾਲ ਤੇ ਕੌਂਸਲਰ ਅਜੀਤ ਸਿੰਘ ਅਟਵਾਲ ਵੱਲੋਂ ਐਨ ਆਰ ਆਈ ਸਭਾ ਦੀ ਮੀਟਿੰਗ ਵਿਚ ਸ਼ਿਰਕਤ

**ਡਰਬੀ – ਬੀਤੇ ਦਿਨੀਂ ਪੰਜਾਬ ਵਿਚ ਐਨ ਆਰ ਆਈ ਸਭਾ ਦੀ ਮੀਟਿੰਗ ਵਿਚ ਸ਼ਾਮਿਲ ਹੋਣ ਪਿੱਛੋਂ ਸ਼੍ਰੋਮਣੀ ਅਕਾਲੀ ਦਲ ਯੂ ਕੇ (ਬਾਦਲ) ਦੇ ਪ੍ਰਧਾਨ ਸ: ਸੁੱਚਾ ਸਿੰਘ ਅਟਵਾਲ ਨੇ ਪੰਜਾਬ ਟਾਈਮਜ਼ ਦੇ ਦਫ਼ਤਰ ਵਿਖੇ ਆ ਕੇ ਜਾਣਕਾਰੀ ਦਿੱਤੀ ਕਿ ਉਹ ਆਪਣੇ ਪੁੱਤਰ ਡਰਬੀ ਦੇ ਕੌਂਸਲਰ ਸ: ਅਜੀਤ ਸਿੰਘ ਅਟਵਾਲ ਸਮੇਤ ਇਸ ਮੀਟਿੰਗ ਵਿਚ ਸ਼ਾਮਿਲ ਹੋਏ ਸਨ ਤੇ ਯੂ ਕੇ ਵਾਸੀ ਪੰਜਾਬੀਆਂ ਦੇ ਮਸਲਿਆਂ ਬਾਰੇ ਉਨ੍ਹਾਂ ਨੇ ਐਨ ਆਰ ਆਈ ਸਭਾ ਨੂੰ ਜਾਣੂ ਕਰਵਾਇਆ।**



ਕੌਂਸਲਰ ਅਜੀਤ ਸਿੰਘ ਅਟਵਾਲ, ਸ: ਸੁੱਚਾ ਸਿੰਘ ਅਟਵਾਲ

ਸ: ਅਟਵਾਲ ਨੇ ਦੱਸਿਆ ਕਿ ਇਸ ਯਾਤਰਾ ਸਮੇਂ ਉਹਨਾਂ ਦੀ ਐਨ ਆਰ ਆਈ ਸਭਾ ਤੇ ਪੰਜਾਬ ਸਰਕਾਰ ਵੱਲੋਂ ਬਹੁਤ ਆਓ ਭਗਤ ਕੀਤੀ ਗਈ, ਉਹਨਾਂ ਦੇ ਰਹਿਣ ਲਈ ਵਧੀਆ ਹੋਟਲਾਂ ਵਿਚ ਪ੍ਰਬੰਧ ਕੀਤਾ ਗਿਆ ਸੀ, ਆਵਾਜਾਈ ਲਈ ਸੋਹਣੀਆਂ ਕਾਰਾਂ ਮੁਹੱਈਆ ਕੀਤੀਆਂ ਗਈ। ਉਹਨਾਂ ਦੱਸਿਆ ਐਨ ਆਰ ਆਈ ਸਭਾ ਦੀ ਇਹ ਮੀਟਿੰਗ ਬਹੁਤ ਹੀ ਖ਼ੁਸ਼ਗਵਾਰ ਤੇ ਸੁਹਾਵਣੇ ਮਾਹੌਲ ਵਿਚ ਹੋਈ। ਜਿੱਥੇ ਪ੍ਰਵਾਸੀ ਪੰਜਾਬੀਆਂ ਦੇ ਦਰਪੇਸ਼ ਮਸਲਿਆਂ ਬਾਰੇ ਖੁੱਲ੍ਹ ਕੇ ਵਿਚਾਰਾਂ ਹੋਈਆਂ। ਯਾਦ ਰਹੇ ਸ: ਸੁੱਚਾ ਸਿੰਘ ਅਟਵਾਲ ਦੇ ਪਰਿਵਾਰ ਵੱਲੋਂ ਪੰਜਾਬ ਵਿਚ ਆਪਣੇ ਨਗਰ ਵਿਖੇ ਤਰੱਕੀ ਲਈ ਬਹੁਤ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹੈ ਅਤੇ ਕਈ ਪ੍ਰੋਜੈਕਟ ਚੱਲ ਰਹੇ ਹਨ।

# ਜਾਅਲੀ ਦੁਲਹਨ ਨੂੰ ਜੇਹਲ ਭੇਜਿਆ ਅਤੇ ਲਾੜਾ ਸਜ਼ਾ ਕੱਟਣ ਪਿੱਛੋਂ ਹੋਵੇਗਾ ਡਿਪੋਰਟ


ਲੈਸਟਰ – ਇਥੋਂ ਦੀ ਰਹਿਣ ਵਾਲੀ ਆਇਸ਼ਾ ਮੁਲਨ ਨਾਂ ਦੀ 26 ਸਾਲਾ ਔਰਤ ਨੂੰ ਜਾਅਲੀ ਵਿਆਹ ਕਰਾਉਣ ਦੇ ਦੋਸ਼ ਵਿਚ 15 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਡਾਊਨਪੈਟ੍ਰਿਕ ਕਰਾਊਨ ਕੋਰਟ ਵਿਚ ਚੱਲੇ ਮੁਕੱਦਮੇ ਦੌਰਾਨ ਦੱਸਿਆ ਗਿਆ ਕਿ ਉਨੇ 2010 ਵਿਚ ਵੀ ਇਕ ਬ੍ਰਿਟਿਸ਼ ਆਦਮੀ ਨਾਲ ਵਿਆਹ ਕਰਵਾਇਆ ਸੀ। ਫਿਰ ਉਸ ਨੇ 5 ਅਕਤੂਬਰ 2011 ਨੂੰ ਬੈਲਫਾਸਟ ਜਾ ਕੇ ਡਾਊਨਪੈਟ੍ਰਿਕ ਰਜਿਸਟਰ ਆਫਿਸ ਵਿਚ ਇਕ ਹੋਰ ਭਾਰਤੀ 38 ਸਾਲਾ ਸਲਾਲੋਦੀਨ ਦੋਦਭਾਈ ਬਾਦਕੀ ਨਾਲ ਵਿਆਹ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ, ਜਦੋਂ ਉਸ ਨੂੰ ਅਫ਼ਸਰਾਂ ਨੇ ਸ਼ੱਕ ਪੈਣ ਤੇ ਰੋਕ ਦਿੱਤਾ ਸੀ। ਉਹ ਉਸ ਇੰਡੀਅਨ ਬੰਦੇ ਨੂੰ ਵਿਆਹ ਤੋਂ ਪਹਿਲਾਂ ਕੇਵਲ ਦੋ ਵਾਰੀ ਹੀ ਮਿਲੀ ਸੀ। ਉਹਨਾਂ ਨੇ ਲੈਸਟਰ ਤੋਂ ਬੈਲਫਾਸਟ ਜਾ ਕੇ ਵਿਆਹ ਕਰਾਉਣ ਦੀ ਕੋਸ਼ਿਸ਼ ਕੀਤੀ ਸੀ। ਉਸ ਔਰਤ ਨੇ ਮੰਨਿਆ ਕਿ ਉਹ ਪਹਿਲਾਂ ਹੀ 2010 ਤੋਂ ਇਕ ਬਰਤਾਨਵੀ ਆਦਮੀ ਨਾਲ ਵਿਆਹੀ ਹੋਈ ਸੀ। 38 ਸਾਲਾ ਲਾੜੇ ਸਾਲਾਲੋਦੀਨ ਨੂੰ ਜੇਹਲ ਦੀ ਸਜ਼ਾ ਪੂਰੀ ਹੋਣ ਪਿੱਛੋਂ ਯੂ ਕੇ ਤੋਂ ਡਿਪੋਰਟ ਕਰ ਦਿੱਤਾ ਜਾਵੇਗਾ।

# ਇੰਗਲੈਂਡ ਦੇ ਵੱਡੀ ਗਿਣਤੀ ਵਿੱਚ ਪ੍ਰਵਾਸੀ ਪੰਜਾਬੀ ਕਮਲਜੀਤ ਸਿੰਘ ਹੇਅਰ ਦੇ ਸਮਰਥਨ ਚ ਅੱਗੇ ਆਏ

## ਵਿਦੇਸ਼ਾਂ ਵਿੱਚ ਬੈਠੇ ਮੈਂਬਰਾਂ ਨੂੰ ਡਾਕ ਰਾਹੀਂ ਵੋਟ ਪਾਉਣ ਦੀ ਕੀਤੀ ਮੰਗ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 27 ਜਨਵਰੀ ਨੂੰ ਹੋ ਰਹੀ ਐਨ ਆਰ ਆਈ ਸਭਾ ਪੰਜਾਬ ਦੀ ਚੋਣ ਲਈ ਵੱਡੀ ਗਿਣਤੀ ਵਿੱਚ ਇੰਗਲੈਂਡ ਦੇ ਪੰਜਾਬੀ ਕਮਲਜੀਤ ਸਿੰਘ ਹੇਅਰ ਦੇ ਹੱਕ ਵਿੱਚ ਅੱਗੇ ਆਏ ਹਨ। ਕੱਲ੍ਹ ਐਨ ਆਰ ਆਈ ਸਭਾ ਪੰਜਾਬ ਦੀ ਮਾਨਤਾ ਪ੍ਰਾਪਤ ਇਕਾਈ ਵੈਸਟ ਮਿਡਲੈਂਡ, ਯੂ ਕੇ ਦੇ ਮੇਂਬਰਾਂ ਦੀ ਇੱਕ ਮੀਟਿੰਗ ਕੁਆਰਡੀਨੇਟਰ ਕਰਨੈਲ ਸਿੰਘ ਚੀਮਾਂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਵਰਨ ਸਿੰਘ ਸੰਘਵਾਲ, ਸੋਹਣ ਸਿੰਘ ਸੰਧੂ ਸਾਬਕਾ ਮੀਤ ਪ੍ਰਧਾਨ, ਰੇਸ਼ਮ ਸਿੰਘ ਰਾਏ, ਬਲਬੀਰ ਸਿੰਘ ਮੰਡੇਰ, ਮਝੈਲ ਸਿੰਘ ਬੱਲ, ਅਜੀਤ ਸਿੰਘ ਊਬੀ, ਫਕੀਰ ਚੰਦ, ਚੰਚਲ ਸਿੰਘ ਢਿਲੋਂ, ਅਵਤਾਰ ਸਿੰਘ ਜੌਹਲ, ਸਲਮਿੰਦਰ ਸਿੰਘ ਮੱਲ੍ਹੀ, ਬਲਜਿੰਦਰ ਮਾਨ ਅਤੇ ਲੱਖਾ ਸਿੰਘ ਆਦਿ ਸ਼ਾਮਿਲ ਹੋਏ।



ਕਮਲਜੀਤ ਸਿੰਘ ਹੇਅਰ

ਮੀਟਿੰਗ ਵਿੱਚ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਪ੍ਰਵਾਸੀਆਂ ਲਈ ਐਲਾਨੀਆਂ ਸਹੂਲਤਾਂ ਦੀ ਸ਼ਲਾਘਾ ਕੀਤੀ ਗਈ।

ਇਸ ਮੌਕੇ ਐਨ ਆਰ ਆਈ ਸਭਾ ਪੰਜਾਬ ਦੇ ਮੌਜੂਦਾ ਪ੍ਰਧਾਨ ਕਮਲਜੀਤ ਸਿੰਘ ਹੇਅਰ ਦੇ ਸਮਰਥਨ ਵਿੱਚ ਸਰਬ ਸੰਮਤੀ ਨਾਲ ਮਤਾ ਪਾਸ ਕਰਦਿਆਂ ਕਿਹਾ ਕਿ ਪ੍ਰਵਾਸੀਆਂ ਦੇ ਮਸਲਿਆਂ ਨੂੰ ਕਮਲਜੀਤ ਸਿੰਘ ਹੇਅਰ ਨੇ ਹੱਲ ਕਰਵਾਉਣ ਲਈ ਬੀਤੇ ਸਮੇਂ ਵਿੱਚ ਬਾਖ਼ੂਬੀ ਭੂਮਿਕਾ ਨਿਭਾਈ ਹੈ। ਇਸ ਦੇ ਨਾਲ ਹੀ ਸਰਕਾਰ ਤੋਂ ਮੰਗ ਕੀਤੀ ਕਿ ਵਿਦੇਸ਼ਾਂ ਵਿੱਚ ਬੈਠੇ ਐਨ ਆਰ ਆਈ ਸਭਾ ਦੇ ਸਮੁੱਚੇ ਮੈਂਬਰਾਂ ਦਾ ਵੋਟਾਂ ਲਈ ਪੰਜਾਬ ਆਉਣਾ ਮੁਸ਼ਕਿਲ ਹੈ, ਇਸ ਕਰਕੇ ਪ੍ਰਵਾਸੀਆਂ ਲਈ ਬਣੀ ਇਸ ਸਭਾ ਦੇ ਮੇਂਬਰਾਂ ਨੂੰ ਡਾਕ ਰਾਹੀਂ, ਈ ਮੇਲ ਰਾਹੀਂ ਜਾਂ ਹੋਰ ਕਿਸੇ ਢੰਗ ਨਾਲ ਵਿਦੇਸ਼ਾਂ ਤੋਂ ਵੋਟ ਪਾਉਣ ਦਾ ਹੱਕ ਦਿੱਤਾ ਜਾਵੇ।

# ਟਿਵੀਡੇਲ ਗੁਰੂ ਘਰ ਵਿਚ ਦਸਮ ਗ੍ਰੰਥ ਦੇ ਸਹਿਜ ਪਾਠ ਦਾ ਭੋਗ ਪਾਉਣ ਦਾ ਮੁੱਦਾ ਭਖਿਆ

*** ਪੰਥਕ ਆਗੂਆਂ ਤੇ ਵਿਦਵਾਨਾਂ ਵੱਲੋਂ ਸੰਵੇਦਨਸ਼ੀਲ ਮੁੱਦੇ ਨਾ ਉਭਾਰਨ ਦੀ ਅਪੀਲ**
*** ਪੰਥਕ ਵਿਦਵਾਨ ਤੇ ਪਾਠਕ ਆਪਣੇ ਸੂਝਵਾਨ ਵਿਚਾਰ ਲਿਖ ਕੇ ਭੇਜਣ**

**ਬ੍ਰਮਿੰਘਮ – ਇਥੇ ਨੇੜੇ ਟਾਊਨ ਟਿਵੀਡੇਲ ਦੇ ਇਕ ਗੁਰੂ ਘਰ ਵਿਖੇ ਕੁਝ ਸਿੱਖਾਂ ਵੱਲੋਂ (ਦਸਮ ਗ੍ਰੰਥ) ਦੇ ਸਹਿਜ ਪਾਠ ਦਾ ਭੋਗ ਪਾਇਆ ਜਾ ਰਿਹਾ ਹੈ, ਜਿਸ ਬਾਰੇ ਯੂ ਕੇ ਅਤੇ ਯੂਰਪ ਦੀਆਂ ਸਿੱਖ ਸੰਗਤਾਂ, ਵਿਦਵਾਨਾਂ, ਪ੍ਰਚਾਰਕਾਂ ਨੇ ਵੱਡੇ ਪੱਧਰ ਤੇ ਚਿੰਤਾ ਪ੍ਰਗਟ ਕੀਤੀ ਹੈ। ਉਹਨਾਂ ਦਾ ਕਹਿਣਾ ਹੈ ਕਿ ਦਸਮ ਗ੍ਰੰਥ ਦੀਆਂ ਕੁਝ ਰਚਨਾਵਾਂ ਬਾਰੇ ਪੰਥ ਵਿਚ ਵਿਵਾਦ ਹੈ, ਇਸ ਲਈ ਪੰਥਕ ਫੈਸਲੇ ਮੁਤਾਬਕ ਅਜਿਹੇ ਵਿਵਾਦਤ ਮੁੱਦੇ ਨੂੰ ਉਛਾਲਣਾ ਨਹੀਂ ਚਾਹੀ–ਦਾ। ਅਜਿਹਾ ਮੁੱਦਾ ਉਭਾਰਨ ਨਾਲ ਪੰਥ ਦਾ ਨੁਕਸਾਨ ਹੀ ਹੁੰਦਾ ਹੈ। ਪਿਛਲੇ ਦਿਨੀਂ ਅਖੰਡ ਕੀਰਤਨੀ ਜਥਾ ਯੂ ਕੇ ਅਤੇ ਦਮਦਮੀ ਟਕਸਾਲ ਦੀ ਏਕਤਾ ਸਮੇਂ ਵੀ ਇਹਨਾਂ ਸੰਵੇਦਨਸ਼ੀਲ ਮੁੱਦਿਆਂ ਨੂੰ ਪੰਥਕ ਹਿੱਤਾਂ ਲਈ ਲਾਂਭੇ ਰੱਖਣ ਦੀ ਅਪੀਲ ਕੀਤੀ ਗਈ ਸੀ।**

ਜ਼ਿਕਰਯੋਗ ਹੈ ਕਿ ਦਸਮ ਗ੍ਰੰਥ ਜੋ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਪਿਛੋਂ ਹੋਂਦ ਵਿਚ ਆਇਆ ਸੀ, ਬਾਰੇ ਸਿੱਖਾਂ ਦੀ ਰਾਏ ਭਿੰਨ ਭਿੰਨ ਹੈ। ਕੁਝ ਸਿੱਖ ਦਸਮ ਗ੍ਰੰਥ ਦੀ ਸਮੁੱਚੀ ਰਚਨਾ ਨੂੰ ਗੁਰੂ ਕ੍ਰਿਤ ਨਹੀਂ ਮੰਨਦੇ ਤੇ ਉਹ ਕਹਿੰਦੇ ਹਨ ਕਿ ਇਹ ਕਿਸੇ ਕਵੀ ਸ਼ਾਮ – ਰਾਮ ਦੀ ਰਚਨਾ ਹੈ। ਕੁਝ ਸਿੱਖ ਸਮੁੱਚੇ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਨਾਲ ਜੋੜਦੇ ਹਨ। ਜਦ ਕਿ ਪੰਥ ਦਾ ਵੱਡਾ ਭਾਗ ਇਸ ਗ੍ਰੰਥ ਵਿਚਲੀਆਂ ਅੰਮ੍ਰਿਤ ਛਕਾਉਣ ਵਾਲੀਆਂ ਬਾਣੀਆਂ, ਨਿੱਤਨੇਮ ਅਤੇ ਕੁਝ ਹੋਰ ਬਾਣੀਆਂ ਨੂੰ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਤ ਮੰਨਦੇ ਹਨ ਅਤੇ ਬਾਕੀ ਬਹੁਤੇ ਭਾਗ ਨੂੰ ਗੁਰੂ ਜੀ ਦੇ ਸਮਕਾਲੀ ਕਵੀਆਂ ਦੀ ਰਚਨਾ ਤਸਲੀਮ ਕਰਦੇ ਹਨ।

ਬਹੁਤ ਸਾਰੀਆਂ ਰਚਨਾਵਾਂ ਜਿਵੇਂ ਕੇ ਚੌਬੀਸੋ ਅਵਤਾਰ ਜਿਹਦੇ ਵਿਚ ਅਵਤਾਰ ਵਾਦ ਬਾਰੇ ਦੱਸਿਆ ਗਿਆ ਹੈ, ਰਾਮ ਅਵਤਾਰ ਅਤੇ ਕ੍ਰਿਸ਼ਨ ਅਵਤਾਰ ਬਾਰੇ ਵੀ ਵਿਸਥਾਰ ਵਿਚ ਜ਼ਿਕਰ ਹੈ ਬਾਰੇ ਵੀ ਸਿੱਖ ਵਿਦਵਾਨ ਸਹਿਮਤ ਨਹੀਂ ਹਨ। ਪਰ ਜਿਹੜੀ ਰਚਨਾ ਸਭ ਨਾਲੋਂ ਵੱਧ ਵਿਵਾਦ ਪੂਰਨ ਹੈ, ਉਹ ਤ੍ਰਿਯਾ ਚਰਿਤਰੋ ਪਖਯਾਨ ਹੈ। ਇਸ ਵਿਚ ਔਰਤ ਮਰਦ ਦੇ ਨਜਾਇਜ ਸਬੰਧਾਂ ਅਤੇ ਨਸ਼ਿਆਂ ਦੀ ਵਰਤੋਂ ਬਾਰੇ ਬਹੁਤ ਹੀ ਵਿਸਥਾਰ ਤੇ ਬਾਰੀਕੀ ਨਾਲ ਲਿਖਿਆ ਗਿਆ ਹੈ। ਬਹੁਤੇ ਸਿੱਖ ਵਿਦਵਾਨਾਂ ਦਾ ਮਤ ਹੈ ਕਿ ਅਜਿਹੀ ਰਚਨਾ ਨੂੰ ਗੁਰੂ ਸਾਹਿਬ ਨਾਲ ਨਹੀਂ ਜੋੜਨਾ ਚਾਹੀਦਾ ਹੈ। ਉਹ ਤਾਂ ਇਹਨਾਂ ਰਚਨਾਵਾਂ ਨੂੰ (ਮਨੋ ਕਲਪਿਤ ਅਸ਼ਲੀਲ ਕਹਾਣੀਆਂ) ਦਾ ਨਾਂ ਦਿੰਦੇ ਹਨ।

ਟਿਵੀਡੇਲ ਵਿਖੇ ਹੋ ਰਹੇ ਇਸ ਪ੍ਰੋਗਰਾਮ ਬਾਰੇ ਇਕ ਚੈਨਲ ਉੱਤੇ ਇਸ਼ਤਿਹਾਰ ਵੀ ਚੱਲ ਰਿਹਾ ਸੀ, ਜਿਸ ਬਾਰੇ ਸਿੱਖ ਸੰਗਤਾਂ ਦੇ ਇਤਰਾਜ਼ ਕਰਨ ਤੇ ਟੀ ਵੀ ਚੈਨਲ ਦੇ ਪ੍ਰਬੰਧਕਾਂ ਨੇ ਇਸ਼ਤਿਹਾਰ ਤਾਂ ਬੰਦ ਕਰ ਦਿੱਤਾ ਹੈ। ਪਤਾ ਲੱਗਾ ਸੀ ਕਿ ਜਿਹੜਾ ਪ੍ਰੋਗਰਾਮ ਹੋਣਾ ਹੈ, ਉਹ ਵੀ ਟੀ ਵੀ ਉੱਤੇ ਲਾਈਵ ਪ੍ਰਸਾਰਿਤ ਹੋਣਾ ਸੀ, ਟੀ ਵੀ ਚੈਨਲ ਦੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਉਹ ਇਹ ਪ੍ਰੋਗਰਾਮ ਨਹੀਂ ਦਿਖਾਉਣਗੇ। ਇਸ ਪ੍ਰੋਗਰਾਮ ਸਬੰਧੀ ਇਥੋਂ ਦੇ ਅਖ਼ਬਾਰਾਂ ਵਿਚ ਵੀ ਇਸ਼ਤਿਹਾਰ ਛਪ ਰਹੇ ਹਨ।

ਦੂਜੇ ਪਾਸੇ ਟਾਈਗਰ ਜਥੇ ਵੱਲੋਂ ਪਹਿਲਾਂ ਇਕ ਰੇਡੀਓ 'ਤੇ ਲਾਈਵ ਪ੍ਰੋਗਰਾਮ ਦਿੱਤਾ ਗਿਆ ਫਿਰ ਵੀਨਸ ਟੀ ਵੀ ਚੈਨਲ ਉੱਤੇ ਸਮਾਂ ਲੈ ਕੇ ਬਹੁਤ ਸਖ਼ਤ ਪ੍ਰੋਗਰਾਮ ਦਿੱਤਾ ਗਿਆ। ਇਸ ਪ੍ਰੋਗਰਾਮ ਵਿਚ ਭਾਈ ਪ੍ਰਭਦੀਪ ਸਿੰਘ, ਭਾਈ ਪ੍ਰਗਣ ਸਿੰਘ ਅਤੇ ਭਾਈ ਜਗਰੂਪ ਸਿੰਘ ਨੇ ਜੋ ਵਿਚਾਰ ਪੇਸ਼ ਕੀਤੇ ਉਹਨਾਂ ਬਾਰੇ ਵੀ ਸੰਗਤਾਂ ਵਿਚ ਇਕ ਰਾਏ ਨਹੀਂ ਹੈ, ਉਹਨਾਂ ਦਾ ਕਹਿਣਾ ਸੀ ਕਿ ਐਹੋ ਜਿਹੀਆਂ ਅਸ਼ਲੀਲ ਕਹਾਣੀਆਂ ਨੂੰ ਗੁਰੂ ਸਾਹਿਬ ਨਾਲ ਜੋੜ ਕੇ ਅਸੀਂ ਸਜ਼ਾ ਦੇ ਭਾਗੀ ਬਣਾਂਗੇ। ਆਉਣ ਵਾਲੀਆਂ ਨਸਲਾਂ ਸਾਨੂੰ ਸਾਡੀ ਇਸ ਗਲਤੀ ਲਈ ਕਦੇ ਮੁਆਫ਼ ਨਹੀਂ ਕਰਨਗੀਆਂ। ਉਹਨਾਂ ਨੇ ਆਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਕਈ ਕਹਿੰਦੇ ਹਨ ਕਿ ਦਸਮ ਗ੍ਰੰਥ ਦੀ ਰਚਨਾ ਬੀਰ ਰਸੀ ਰਚਨਾ ਹੈ, ਤੇ ਸਿੰਘ ਇਸ ਨੂੰ ਪੜ੍ਹ ਕੇ ਜੂਝਦੇ ਰਹੇ ਹਨ। ਇਸ ਸਬੰਧੀ ਉਹਨਾਂ ਨਿਰਣਾ ਦਿੱਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਕੀ ਘੱਟ ਬੀਰ ਰਸ ਵਾਲੀ ਹੈ, ਜਿੱਥੇ ਗੁਰੂ ਮਹਾਰਾਜ ਕਹਿੰਦੇ ਹਨ, ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ। ਇਤ ਮਾਰਗਿ ਪੈਰੁ ਧਰੀਜੈ। ਸਿਰੁ ਦੀਜੈ ਕਾਣਿ ਨ ਕੀਜੈ।

ਗੁਰੂ ਸਾਹਿਬਾਨ ਦੇ ਵੇਲੇ ਜਿੰਨੀਆਂ ਜੰਗਾਂ ਲੜੀਆਂ ਗਈਆਂ ਕੀ ਉਹਨਾਂ ਸੂਰਬੀਰਾਂ ਯੋਧਿਆਂ ਨੇ ਦਸਮ ਗ੍ਰੰਥ ਪੜ੍ਹਿਆ ਸੀ, ਉਦੋਂ ਤਾਂ ਅਜੇ ਇਹ ਗ੍ਰੰਥ ਬਣਿਆ ਵੀ ਨਹੀਂ ਸੀ। ਸਾਹਿਬਜ਼ਾਦੇ ਸ਼ਹੀਦ ਹੋ ਗਏ, ਗੁਰੂ ਜੀ ਦੇ ਹੋਰ ਹੋਣਹਾਰ ਅਨੇਕਾਂ ਸਿੰਘ ਸ਼ਹੀਦ ਹੋਏ, ਉਹਨਾਂ ਨੇ ਬੀਰ ਰਸ ਕਿੱਥੋਂ ਲਿਆ ?

ਸਿੱਖਾਂ ਦੇ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਵੱਲੋਂ ਪੰਥਕ ਮੁੱਦਿਆਂ ਬਾਰੇ ਸਹੀ ਰੋਲ ਨਹੀਂ ਨਿਭਾਇਆ ਜਾ ਰਿਹਾ। ਪੰਜੇ ਤਖ਼ਤਾਂ ਦੇ ਜਥੇਦਾਰ ਵੀ ਇਸ ਮਾਮਲੇ ਪ੍ਰਤੀ ਇਕ ਮਤ ਨਹੀਂ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਦੋਂ ਇਹ ਮਾਮਲਾ ਲਿਜਾਇਆ ਗਿਆ ਤਾਂ ਉਹਨਾਂ ਨੇ ਇਸ ਬਾਰੇ ਕੋਈ ਤਸੱਲੀ ਬਖ਼ਸ਼ ਜਵਾਬ ਨਹੀਂ ਦਿੱਤਾ। ਦੂਜੇ ਪਾਸੇ ਪੰਜਾਬੋਂ ਬਾਹਰਲੇ ਤਖ਼ਤ ਤਾਂ ਪਹਿਲਾਂ ਹੀ ਇਸ ਗ੍ਰੰਥ ਦਾ ਪ੍ਰਕਾਸ਼ ਕਰਦੇ ਤੇ ਅਖੰਡ ਪਾਠ ਕਰਦੇ ਹਨ, ਇਸ ਲਈ ਉਹ ਇਸ ਦੇ ਹੱਕ ਵਿਚ ਹੀ ਬੈਠਦੇ ਹਨ। ਜਦੋਂ ਦੇ ਪੰਥਕ ਫੈਸਲਿਆਂ ਵਿਚ ਇਹਨਾਂ ਬਾਹਰਲੇ ਦੋ ਤਖ਼ਤਾਂ ਦੇ ਨੁਮਾਇੰਦੇ ਪੰਜ ਸਿੰਘ ਸਾਹਿਬਾਨ ਵਿਚ ਸ਼ਾਮਿਲ ਹੋਣ ਲੱਗੇ ਹਨ ਫੈਸਲੇ ਕੋਈ ਬਹੁਤੇ ਪੰਥ ਦੇ ਹਿਤ ਵਿਚ ਨਹੀਂ ਹੋਏ। ਸੋ ਸਾਡੇ ਤਖ਼ਤਾਂ ਨੂੰ ਵੀ ਆਗੂਆਂ ਨੇ ਵੰਡ ਲਿਆ ਹੈ, ਜਿੱਥੋਂ ਸੇਧ ਮਿਲਣੀ ਸੀ, ਉਥੋਂ ਗਲਤ ਫੈਸਲੇ ਲਏ ਜਾ ਰਹੇ ਹਨ।

ਬਹੁਤੇ ਵਿਚਾਰਵਾਨ ਤੇ ਪੰਥਕ ਸੋਚ ਰੱਖਣ ਵਾਲੇ ਗੁਰਸਿੱਖਾਂ ਦਾ ਵਿਚਾਰ ਹੈ ਕਿ ਇਸ ਬਾਰੇ ਜਿੰਨਾ ਚਿਰ ਸਮੁੱਚਾ ਪੰਥ ਕੋਈ ਨਿੱਗਰ ਫੈਸਲਾ ਨਹੀਂ ਲੈ ਲੈਂਦਾ ਇਸ ਮੁੱਦੇ ਉੱਤੇ ਬਹਿਸ ਨਾ ਕੀਤੀ ਜਾਵੇ ਤੇ ਇਸ ਨੂੰ ਉਛਾਲਿਆ ਨਾ ਜਾਵੇ। ਕੁਝ ਨੌਜਵਾਨਾਂ ਦਾ ਵਿਚਾਰ ਹੈ ਕਿ ਜੇ ਦਸਮ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੁਲ ਪ੍ਰਕਾਸ਼ ਕਰਨਾ ਬੰਦ ਨਾ ਕੀਤਾ ਗਿਆ ਅਸੀਂ ਇਸ ਦੇ ਉਹਨਾਂ ਹਿੱਸਿਆਂ ਦਾ ਤਰਜਮਾ ਕਰਕੇ ਸੰਗਤਾਂ ਦੇ ਪੇਸ਼ ਕਰਾਂਗੇ।

ਪੁਰਤਗਾਲ ਸਿੱਖ ਕੌਂਸਲ ਦੇ ਪ੍ਰਧਾਨ ਭਾਈ ਰਾਜਵੰਤ ਸਿੰਘ ਧਰਮੀ ਫੌਜੀ ਤੇ ਸਾਥੀ ਸਿੰਘਾਂ ਨੇ ਇੰਟਰਨੈੱਟ 'ਤੇ ਕਿਹਾ ਹੈ ਕਿ ਜਿਹੜਾ ਚੈਨਲ ਮੀਡੀਆ ਅਜਿਹੇ ਵਿਵਾਦਤ ਮੁੱਦੇ ਨੂੰ ਉਭਾਰ ਰਿਹਾ ਹੈ, ਉਸ ਨੂੰ ਪੈਸੇ ਨਾ ਦਿੱਤੇ ਜਾਣ। ਇਸੇ ਤਰ੍ਹਾਂ ਬੈਲਜੀਅਮ ਤੋਂ ਭਾਈ ਸੁਰਿੰਦਰ ਸਿੰਘ ਨੇ ਕਿਹਾ ਕਿ ਜਿਹੜੇ ਚੈਨਲ ਸੰਗਤਾਂ ਦੇ ਦਸਵੰਧ ਦੇ ਪੈਸੇ ਨਾਲ ਚੱਲਦੇ ਹਨ, ਉਹਨਾਂ ਨੂੰ ਵਿਵਾਦ ਵਾਲੇ ਮੁੱਦਿਆਂ ਨੂੰ ਹਵਾ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਹਨਾਂ ਦੱਸਿਆ ਕਿ ਉਹਨਾਂ ਨੇ ਇਕ ਚੈਨਲ ਨੂੰ ਇਸੇ ਕਾਰਨ ਪੈਸੇ ਦੇਣੇ ਬੰਦ ਕਰ ਦਿੱਤੇ ਹਨ। ਪਾਠਕਾਂ ਤੇ ਵਿਦਵਾਨਾਂ ਨੂੰ ਬੇਨਤੀ ਹੈ ਕਿ ਉਹ ਪੰਥ ਨੂੰ ਇਕ ਮੁੱਠ ਰੱਖਣ ਵਾਲੇ ਸੁਲਝੇ ਹੋਏ ਸੋਹਣੇ ਵਿਚਾਰ ਸਾਨੂੰ ਭੇਜਣ ਤਾਂ ਕਿ ਆਉਂਦੇ ਸਮੇਂ ਵਿਚ ਪੰਥ ਦੇ ਹਿਤ ਵਿਚ ਕੋਈ ਸੁਖਾਵਾਂ ਫੈਸਲਾ ਹੋ ਸਕੇ।

# ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਖਾਲਿਸਤਾਨ ਕਾਨਫਰੰਸ ਦਾ ਆਯੋਜਨ



**ਬ੍ਰਮਿੰਘਮ–ਬ੍ਰਮਿੰਘਮ 13–1–13 ਹਰ ਸਾਲ ਦੀ ਤਰ੍ਹਾਂ ਗੁਰੂ ਨਾਨਕ ਦੇਵ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤ ਦੇ ਸਹਿਯੋਗ ਨਾਲ ਕਾਨਫਰੰਸ ਦਾ ਆਯੋਜਨ ਕਰਕੇ ਸਮੂਹ ਪੰਥਕ ਜਥੇਬੰਦੀਆਂ ਨੂੰ ਸੱਦਾ ਦਿੱਤਾ ਗਿਆ ਤਾਂ ਜੋ ਜਥੇਬੰਦੀਆਂ ਦੇ ਨੁਮਾਇੰਦੇ ਪਿਛਲੇ ਸਾਲ ਦੌਰਾਨ ਕੀਤੇ ਕਾਰਜਾਂ ਅਤੇ ਇਸ ਸਾਲ ਲਈ ਉਲੀਕੇ ਕਾਰਜਾਂ ਤੋਂ ਸੰਗਤਾਂ ਨੂੰ ਜਾਣੂੰ ਕਰਵਾਉਣ। ਅਖੰਡ ਪਾਠ ਸਾਹਿਬ ਦੇ ਭੋਗ, ਆਸਾ ਜੀ ਦੀ ਵਾਰ ਦੇ ਕੀਰਤਨ ਅਤੇ ਕਥਾ ਤੋਂ ਉਪਰੰਤ ਸਟੇਜ ਸਕੱਤਰ ਸ੍ਰ: ਚਰਨਜੀਤ ਸਿੰਘ ਨੇ ਕਾਨਫਰੰਸ ਦੀ ਅਰੰਭਤਾ ਕਰਦੇ ਹੋਏ ਬੁਲਾਰਿਆਂ ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ।**

ਸ੍ਰ: ਜਸਪਾਲ ਸਿੰਘ ਬੈਂਸ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸ੍ਰ: ਸਿਮਰਨ–ਜੀਤ ਸਿੰਘ ਮਾਨ ਸਾਹਿਬ ਜੂਨ 84 ਦੇ ਘੱਲੂਘਾਰੇ ਦੇ ਸਮੇਂ ਤੋਂ ਨਿਰੰਤਰ ਖਾਲਿਸਤਾਨ ਲਈ ਸੰਘਰਸ਼ ਕਰ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਉਨ੍ਹਾਂ ਦੀ ਅਗਵਾਈ ਵਿੱਚ ਸਿੱਖ ਕੌਮ ਦੇ ਹੱਕਾਂ ਹਿੱਤਾਂ ਲਈ ਜੂਝ ਰਿਹਾ ਹੈ। ਅੱਜ ਦਾ ਦਿਨ ਸਾਨੂੰ ਯਾਦ ਕਰਵਾਉਂਦਾ ਹੈ ਕਿ ਕਿਵੇਂ ਬੇਦਾਵਾ ਦੇ ਗਏ ਸਿੰਘ ਮੁੜ ਪੰਥ ਵਿੱਚ ਸ਼ਾਮਲ ਹੋ ਸਕਦੇ ਹਨ। ਦਸੰਬਰ 12 ਵਿੱਚ ਪਾਰਟੀ ਵਲੋਂ ਸ਼ਿਕਾਗੋ ਵਿਖੇ ਵਿਸ਼ਾਲ ਪੰਥਕ ਕਾਨਫਰੰਸ ਕਰਵਾਈ ਜਿਸ ਵਿੱਚ ਅਲੱਗ ਅਲੱਗ ਦੇਸ਼ਾਂ ਅਤੇ ਜਥੇਬੰਦੀਆਂ ਦੇ ਆਗੂਆਂ ਨੇ ਸ਼ਿਰਕਤ ਕੀਤੀ। ਇਸ ਤੋਂ ਪਹਿਲਾਂ ਸਿਤੰਬਰ ਵਿੱਚ ਮਾਨ ਸਾਹਿਬ ਨੇ ਪੈਰਿਸ ਫਰਾਂਸ, ਫਰੈਂਕਫਰਟ ਜਰਮਨੀ ਅਤੇ ਸਾਊਥਾਲ ਯੂ ਕੇ ਵਿਖੇ ਹਜ਼ਾਰਾਂ ਸੰਗਤਾਂ ਨੂੰ ਪਾਰਟੀ ਪ੍ਰੋਗਰਾਮ ਅਤੇ ਕੌਮੀ ਨਿਸ਼ਾਨੇ ਖਾਲਿਸਤਾਨ ਪ੍ਰਤੀ ਵੇਰਵੇ ਸਹਿਤ ਦੱਸਿਆ। ਵੜੈਚ ਪਿੰਡ ਦੇ ਗੁਰਦੁਆਰਾ ਸਾਹਿਬ ਦੀ ਮੁੜ ਉਸਾਰੀ ਲਈ ਆਪ ਜੀ ਅਤੇ ਬਾਬਾ ਬਲਜੀਤ ਸਿੰਘ ਦਾਦੂਵਾਲ ਜੀ ਨੇ ਗੱਲਬਾਤ ਰਾਹੀਂ ਰਾਧਾ ਸੁਆਮੀ ਮੁੱਖੀ ਗੁਰਿੰਦਰ ਸਿੰਘ ਢਿੱਲੋਂ ਨਾਲ ਮਸਲਾ ਸੁਲਝਾਇਆ ਹੈ। ਸਮੇਂ ਸਮੇਂ ਤੇ ਜਿੱਥੇ ਕਿੱਤੇ ਵੀ ਕੋਈ ਮਸਲਾ ਕੌਮ ਦੇ ਸਾਹਮਣੇ ਆਉਂਦਾ ਹੈ ਪਾਰਟੀ ਆਪਣੀ ਨੈਤਿਕ ਜ਼ਿੰਮੇਵਾਰੀ ਡੱਟ ਕੇ ਨਿਭਾਉਂਦੀ ਹੈ। ਖਾਲਿਸਤਾਨ ਦੀ ਪ੍ਰਾਪਤੀ ਤੱਕ ਡੈਮੋਕ੍ਰੈਟਿਕ ਢੰਗ ਨਾਲ ਪਾਰਟੀ ਸੰਘਰਸ਼ ਕਰਦੀ ਰਹੇਗੀ।

**ਬਾਕੀ ਸਫ਼ਾ 51 ਤੇ ਪੜ੍ਹੋ →**

# ਗੁਰੂ ਘਰ ਦੇ ਗ੍ਰੰਥੀਆਂ ਦੀ ਲੜਾਈ ਤੋਂ ਸੂਝਵਾਨ ਸਿੱਖ ਸੰਗਤਾਂ ਵਿਚ ਗੰਭੀਰ ਚਿੰਤਾ

ਅੱਜ ਜ਼ਮਾਨਾ ਏਨਾ ਬਦਲ ਗਿਆ ਹੈ ਕਿ ਜਿਹਨਾਂ ਨੇ ਲੋਕਾਂ ਨੂੰ ਸਿੱਧਾ ਰਾਹ ਦਿਖਾਉਣਾ ਹੈ, ਉਹ ਆਪ ਹੀ ਗਲਤ ਰਾਹ ਤੇ ਪੈ ਗਏ ਹਨ। ਆਮ ਤੌਰ ਤੇ ਜੇ ਕਿਸੇ ਸਿੱਖ ਦੀ ਕੋਈ ਸਮੱਸਿਆ ਹੋਵੇ ਤਾਂ ਲੋਕ ਕਹਿੰਦੇ ਹਨ ਕਿ ਜਾਓ ਗੁਰੂ ਘਰ ਜਾ ਕੇ ਗ੍ਰੰਥੀ ਸਿੰਘ ਪਾਸੋਂ ਕੋਈ ਸਿੱਖ ਮੱਤ ਲਵੋ। ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨੇੜੇ ਰਹਿਣ ਵਾਲਾ ਵਿਅਕਤੀ ਗ੍ਰੰਥੀ ਸਿੰਘ ਬੜਾ ਸੂਝਵਾਨ, ਸਮਝਦਾਰ, ਠੰਢੇ ਦਿਲ ਵਾਲਾ ਇਮਾਨਦਾਰ ਇਨਸਾਨ ਹੁੰਦਾ ਹੈ। ਪਰ ਜੇ ਗ੍ਰੰਥੀ ਸਿੰਘ ਆਪ ਹੀ ਭੁੱਲਿਆ ਭਟਕਿਆ ਹੋਵੇ ਤਾਂ ਉਹ ਵਿਚਾਰੇ ਆਮ ਇਨਸਾਨ ਨੂੰ ਕੀ ਰਾਹ ਦਿਖਾਏਗਾ। ਬੀਤੇ ਦਿਨੀਂ ਯੂ ਕੇ ਦੇ ਇਕ ਗੁਰੂ ਘਰ ਵਿਖੇ ਦੋ ਗ੍ਰੰਥੀ ਸਿੰਘ ਆਪਸ ਵਿਚ ਲੜ ਪਏ। ਜਦੋਂ ਉਹ ਗੁੱਥਮ ਗੁੱਥਾ ਹੋਏ ਤਾਂ ਉਹਨਾਂ ਨੇ ਇਕ ਦੂਜੇ ਦੇ ਦਾਹੜੀ ਕੇਸ ਵੀ ਪੁੱਟ ਸੁੱਟੇ। ਲੋਕ ਇਹ ਦੇਖ ਕੇ ਦੰਗ ਰਹਿ ਗਏ ਕਿ ਹਰ ਵੇਲੇ ਗੁਰਬਾਣੀ ਪੜ੍ਹਨ ਵਾਲੇ ਵੀ ਇੰਝ ਕਰ ਸਕਦੇ ਹਨ। ਦੋਵਾਂ ਨੇ ਇਕ ਦੂਜੇ ਦੇ ਕੇਸਾਂ ਦੀ ਬੇਅਦਬੀ ਕੀਤੀ। ਜਿਸ ਕਾਰਨ ਗੁਰ–ਦੁਆਰਾ ਪ੍ਰਬੰਧਕ ਕਮੇਟੀ ਨੇ ਦੋਵਾਂ ਨੂੰ ਬਰਖ਼ਾਸਤ ਕਰਕੇ ਸੇਵਾ ਤੋਂ ਮੁਕਤ ਕਰ ਦਿੱਤਾ। ਪਹਿਲਾਂ ਗੁਰੂ ਘਰਾਂ ਉੱਤੇ ਕਬਜ਼ੇ ਦੀ ਲੜਾਈ ਵਿਚ ਕਮੇਟੀਆਂ ਦੀ ਲੜਾਈ ਹੁੰਦੀ ਤਾਂ ਦੇਖੀ ਸੁਣੀ ਸੀ, ਪਰ ਹੁਣ ਉਹਨਾਂ ਕਮੇਟੀਆਂ ਨੂੰ ਸਮਝਾਉਣ ਵਾਲੇ ਤੇ ਚਾਨਣ ਦਿਖਾਉਣ ਵਾਲੇ ਗੁਰੂ ਦੇ ਵਜ਼ੀਰਾਂ ਦੀ ਲੜਾਈ ਦੇਖ ਕੇ ਸੂਝਵਾਨ ਸਿੱਖ ਬਹੁਤ ਚਿੰਤਤ ਹਨ। ਸੰਗਤਾਂ ਇਸ ਮਾਮਲੇ ਪ੍ਰਤੀ ਆਪਣੇ ਸੁਝਾਅ ਲਿਖ ਕੇ ਭੇਜਣ।

# ਦਿੱਲੀ ਗੁਰਦੁਆਰਾ ਕਮੇਟੀ ਦੀ ਚੋਣ ਦੌਰਾਨ ਦੋਵੇਂ ਧਿਰਾਂ ਨੂੰ ਸਿੱਖ ਰਵਾਇਤਾਂ ਕਾਇਮ ਰੱਖਣ ਲਈ ਯੂ ਕੇ ਦੀਆਂ ਪੰਥਕ ਜਥੇਬੰਦੀਆਂ ਵੱਲੋਂ ਅਪੀਲ

## ਦਿੱਲੀ ਕਮੇਟੀ ਨੂੰ ਕੇਂਦਰੀ ਸਿਆਸੀ ਪਾਰਟੀਆਂ ਕਾਂਗਰਸ ਤੇ ਭਾਜਪਾ ਦੇ ਪ੍ਰਭਾਵ ਤੋਂ ਮੁਕਤ ਰੱਖਿਆ ਜਾਵੇ



**ਡਰਬੀ – ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਵਿਚ ਪ੍ਰਮੁੱਖ ਵਿਰੋਧੀ ਗੁੱਟਾਂ ਅਕਾਲੀ ਦਲ ਦਿੱਲੀ (ਸਰਨਾ ਗੁੱਟ) ਅਤੇ ਦੂਜੇ ਪਾਸੇ ਅਕਾਲੀ ਦਲ ਬਾਦਲ ਗੁੱਟ ਦੀ ਧਿਰ ਨੂੰ ਅਖੰਡ ਕੀਰਤਨੀ ਜਥਾ ਯੂ ਕੇ ਅਤੇ ਸਹਿਯੋਗੀ ਜਥੇਬੰਦੀਆਂ ਵੱਲੋਂ ਅਪੀਲ ਕੀਤੀ ਗਈ ਹੈ ਕਿ ਚੋਣ ਪ੍ਰਚਾਰ ਦੌਰਾਨ ਸਿੱਖ ਰਵਾਇਤਾਂ ਅਤੇ ਗੁਰਮਤਿ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਿਆ ਜਾਵੇ, ਤੇ ਘਟੀਆ ਦਰਜੇ ਦੀ ਦੂਸ਼ਣਬਾਜ਼ੀ ਅਤੇ ਮਨਮਤੀ ਪ੍ਰਚਾਰ ਤੋਂ ਗੁਰੇਜ਼ ਕੀਤਾ ਜਾਵੇ।**

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਚੋਣ ਜਿੱਤਣ ਨੂੰ ਲੈ ਕੇ ਇਹਨਾਂ ਦੋਵੇਂ ਧਿਰਾਂ ਵਿਚ ਪੂਰਾ ਜ਼ੋਰ ਲੱਗਾ ਹੋਇਆ ਹੈ ਤੇ ਇਕ ਦੂਜੇ ਦੇ ਖਿਲਾਫ਼ ਬਹੁਤ ਹੀ ਘਟੀਆ ਪੱਧਰ ਦੇ ਬਿਆਨ ਦਿੱਤੇ ਜਾ ਰਹੇ ਹਨ, ਤੇ ਦੋਸ਼ ਲਾਏ ਜਾ ਰਹੇ ਹਨ। ਅਖੰਡ ਕੀਰਤਨੀ ਜਥਾ ਯੂ ਕੇ ਦੇ ਜਥੇਦਾਰ ਰਘਬੀਰ ਸਿੰਘ, ਸਪੋਕਸਮੈਨ ਭਾਈ ਜੋਗਿੰਦਰ ਸਿੰਘ, ਸ੍ਰੀ ਗੁਰੂ ਸਿੰਘ ਸਭਾ ਡਰਬੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਪੁਰੇਵਾਲ, ਕਾਰਸੇਵਾ ਕਮੇਟੀ ਸਿੱਖ ਗੁਰਧਾਮ ਪਾਕਿਸਤਾਨ ਦੇ ਪ੍ਰਧਾਨ ਅਵਤਾਰ ਸਿੰਘ ਸੰਘੇੜਾ, ਜਨਰਲ ਸਕੱਤਰ ਭਾਈ ਜੋਗਾ ਸਿੰਘ, ਜਥੇਦਾਰ ਬਲਬੀਰ ਸਿੰਘ, ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਜਨਰਲ ਸਕੱਤਰ ਭਾਈ ਮਲਕੀਤ ਸਿੰਘ, ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਕਵੈਂਟਰੀ ਦੇ ਪ੍ਰਧਾਨ ਸ: ਕੁਲਵੰਤ ਸਿੰਘ ਢੇਸੀ ਅਤੇ ਬ੍ਰਿਟਿਸ਼ ਸਿੱਖ ਕੌਂਸਲ ਦੇ ਜਨਰਲ ਸਕੱਤਰ ਸ: ਤਰਸੇਮ ਸਿੰਘ ਦਿਓਲ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਸਿਆਸੀ ਲੋਕ ਤਾਂ ਚੋਣਾਂ ਸਮੇਂ ਐਹੋ ਜਿਹੇ ਬਿਆਨ ਦੇਣ ਤਾਂ ਵੱਖਰੀ ਗੱਲ ਹੈ, ਪਰ ਧਾਰਮਿਕ ਸੰਸਥਾ ਦੀ ਸੇਵਾ ਸੰਭਾਲਣ ਵਾਲੇ ਜੇ ਏਨੀ ਘਟੀਆ ਪੱਧਰ ਤੇ ਆ ਜਾਣ ਤਾਂ ਇਹ ਸਿੱਖ ਰਵਾਇਤਾਂ ਨੂੰ ਤੋੜਨ ਬਰਾਬਰ ਅਤੇ ਸੰਗਤਾਂ ਲਈ ਬਹੁਤ ਦੁੱਖਦਾਈ ਹੈ। ਸਿੱਖ ਆਗੂਆਂ ਦੀ ਬੋਲੀ ਸੱਭਿਅਕ ਅਤੇ ਗੁਰਮਤਿ ਅਨੁਸਾਰ ਹੋਣੀ ਚਾਹੀਦੀ ਹੈ। ਸਾਡੀ ਘਟੀਆ ਬਿਆਨ ਬਾਜ਼ੀ ਨੂੰ ਲੈ ਕੇ ਗੁਰੂਡੰਮ੍ਹ ਸਿੱਖ ਸੰਗਤਾਂ ਨੂੰ ਗੁੰਮਰਾਹ ਕਰ ਰਿਹਾ ਹੈ।

ਜੇ ਦੇਖਿਆ ਜਾਵੇ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬ ਤੋਂ ਬਾਹਰ ਅਤੇ ਪਾਕਿਸਤਾਨ ਦੇ ਇਤਿਹਾਸਕ ਗੁਰਦੁਆਰਿਆਂ ਦੀ ਸੰਭਾਲ ਲਈ ਕੋਈ ਖਾਸ ਉੱਦਮ ਨਹੀਂ ਕੀਤਾ ਅਤੇ ਨਾ ਹੀ ਉਥੇ ਜ਼ਿਕਰਯੋਗ ਕੋਈ ਕੰਮ ਕੀਤਾ ਹੈ ਅਤੇ ਨਾਨਕਸ਼ਾਹੀ ਕੈਲੰਡਰ ਨੂੰ ਵੀ ਬ੍ਰਿਕਮੀ ਕੈਲੰਡਰ ਵਿਚ ਬਦਲਣ ਲੱਗਿਆਂ ਦੇਰੀ ਨਹੀਂ ਲਾਈ, ਜਿਸ ਨਾਲ ਸੰਗਤਾਂ ਵਿਚ ਭੰਬਲ ਭੂਸਾ ਪੈਦਾ ਹੋਇਆ ਹੈ। ਦੂਜੇ ਪਾਸੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਕਿਸਤਾਨ ਵਿਚ ਇਤਿਹਾਸਕ ਗੁਰ ਅਸਥਾਨਾਂ ਅਤੇ ਨਨਕਾਣਾ ਸਾਹਿਬ ਵਿਖੇ ਵਿਸ਼ਾਲ ਸਰਾਂ ਦੀ ਸੇਵਾ ਵਿਚ ਬੜਾ ਯੋਗਦਾਨ ਪਾਇਆ ਗਿਆ ਤੇ ਕਈ ਸੇਵਾਵਾਂ ਅਜੇ ਵੀ ਚੱਲਦੀਆਂ ਹਨ, ਇਸ ਮੌਕੇ ਪੰਜਵੀਂ ਪਾਤਿਸ਼ਾਹੀ ਦੇ ਸ਼ਹੀਦੀ ਸਥਾਨ ਡੇਹਰਾ ਸਾਹਿਬ ਗੁਰੂ ਘਰ (ਲਾਹੌਰ) ਦੀ ਸੇਵਾ ਮਿਲ ਗਈ ਹੈ, ਪੰਥਕ ਸੰਸਥਾਵਾਂ ਵੱਲੋਂ ਇਸ ਲਈ ਉਹਨਾਂ ਨੂੰ ਵਧਾਈ ਦਿੱਤੀ ਜਾਂਦੀ ਹੈ। ਦਿੱਲੀ ਕਮੇਟੀ ਨੇ ਨਾਨਕਸ਼ਾਹੀ ਕੈਲੰਡਰ ਜੋ 2003 ਵਿਚ ਸਰਬ ਪ੍ਰਵਾਨਤ ਸੀ, ਉਸ ਨੂੰ ਜਿਉਂ ਦਾ ਤਿਉਂ ਲਾਗੂ ਰੱਖਿਆ ਗਿਆ ਹੈ।

ਉਕਤ ਆਗੂਆਂ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲੜ ਰਹੀਆਂ ਦੋਵੇਂ ਧਿਰਾਂ ਨੂੰ ਸੁਝਾਅ ਦਿੱਤਾ ਹੈ ਕਿ ਉਹ ਸ਼ਰਾਬ ਤੇ ਨਸ਼ਿਆਂ ਦੀ ਵਰਤੋਂ ਨਾ ਕਰਨ ਤੇ ਨਾ ਹੀ ਨੀਵੀਂ ਪੱਧਰ ਦੀ ਬਿਆਨਬਾਜ਼ੀ ਕਰਨ। ਦੋਵੇਂ ਸੰਸਥਾਵਾਂ ਦੇ ਆਗੂ ਸਿੱਖੀ ਕਦਰਾਂ ਕੀਮਤਾਂ ਨੂੰ ਕਾਇਮ ਰੱਖਣ। ਇਸ ਚੋਣ ਵਿਚ ਪੰਜਾਬ ਵਾਲੇ ਗੁੱਟ ਦੀ ਕਮਾਂਡ ਸੰਭਾਲਣ ਵਾਲਾ ਆਗੂ ਤਾਂ ਆਪ ਸ਼ਰਾਬ ਪੀਣ ਦਾ ਆਦੀ ਹੈ, ਉਹ ਅੱਗੇ ਹੇਠਲੇ ਕੇਡਰ ਵਿਚ ਕਿਹੋ ਜਿਹੀ ਭਰਤੀ ਕਰੇਗਾ। ਉਕਤ ਆਗੂਆਂ ਵੱਲੋਂ ਦੋਵੇਂ ਧਿਰਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਇਸ ਚੋਣ ਨੂੰ ਕਾਂਗਰਸ ਅਤੇ ਭਾਜਪਾ ਦੇ ਪ੍ਰਭਾਵ ਤੋਂ ਮੁਕਤ ਰੱਖਿਆ ਜਾਵੇ। ਨਾਲ ਹੀ ਇਹਨਾਂ ਪੰਥਕ ਜਥੇਬੰਦੀਆਂ ਨੇ ਦਿੱਲੀ ਦੇ ਸਮੂਹ ਸਿੱਖ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਗੁਰਮਤਿ ਅਨੁਸਾਰ ਕੌਮ ਦੀ ਸੇਵਾ ਕਰਨ ਵਾਲੇ ਯੋਗ ਉਮੀਦਵਾਰਾਂ ਨੂੰ ਹੀ ਵੋਟ ਪਾਉਣ।

**ਜਾਦੂ ਟੂਣੇ ਕਰਨ ਵਾਲੇ ਤਾਂਤਰਿਕ ਬਾਬਿਆਂ ਤੋਂ ਬਚੋ। ਇਹ ਬਾਬੇ ਨਹੀਂ, ਇਹ ਹੱਟੇ ਕੱਟੇ ਚਾਲੀ ਪੰਤਾਲੀ ਸਾਲਾਂ ਦੇ ਅਧੇੜ ਉਮਰ ਦੇ ਬੰਦੇ ਹਨ।**


discover the world with ...

ਦੁਨੀਆਂ ਭਰ ਦੇ ਕਿਸੇ ਵੀ ਦੇਸ਼ ਦੇ ਸਫ਼ਰ ਲਈ ਹਰੇਕ ਏਅਰ ਲਾਈਨ ਦੀਆਂ ਸਸਤੀਆਂ ਟਿਕਟਾਂ ਲੈਣ ਲਈ ਅੱਜ ਹੀ ਡਰਬੀ ਦੇ ਔਸ਼ਨਜ਼ ਟਰੈਵਲ ਨਾਲ ਸੰਪਰਕ ਕਰੋ।

*All prices shown are subject to availability and include all taxes and surcharges.*

OCEANS TRAVEL

Direct Sales Agent for ALL MAJOR AIRLINES




| Heathrow to | Economy | Business |
|---|---|---|
| Amritsar | fr £456 | fr £1550 |
| Delhi | fr £592 | fr £1207 |
| Mumbai | fr £406 | fr £1172 |
| Ahmedabad | fr £457 | fr £1546 |
| Goa | fr £519 | fr £1545 |

All prices shown are subject to availability.

**ਦੁਨੀਆਂ ਭਰ ਵਿੱਚ ਕਿਤੇ ਵੀ ਜਾਣ ਲਈ ਡਰਬੀ ਦੇ ਔਸ਼ਨਜ਼ ਟਰੈਵਲ ਨੂੰ ਹਮੇਸ਼ਾਂ ਯਾਦ ਰੱਖੋ। ਹਰੇਕ ਵੱਡੀ ਏਅਰਲਾਈਨ ਦੇ ਡਾਇਰੈਕਟ ਸੇਲ ਏਜੰਟ। ਅਸੀਂ ਇੰਡੀਆ ਜਾਣ ਲਈ ਵੀਜ਼ਾ ਸਰਵਿਸ ਵੀ ਦਿੰਦੇ ਹਾਂ।**

***ਵਧੇਰੇ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ !!***

ਸਾਡੇ ਸਟਾਫ਼ ਨਾਲ ਤੁਸੀਂ ਪੰਜਾਬੀ ਅਤੇ ਹਿੰਦੀ ਵਿਚ ਵੀ ਗੱਲਬਾਤ ਕਰ ਸਕਦੇ ਹੋ !

| QATAR | Turkmenistan Airlines | Virgin atlantic | JET AIRWAYS | QATAR | transat |
|---|---|---|---|---|---|
| to Amritsar | to Amritsar | to Mumbai | to Amritsar | to Delhi | to Toronto |
| fr £648 incl tax | fr £532 incl tax | fr £405 incl tax | fr £518 incl tax | fr £537 incl tax | fr £449 incl tax |
| JAN - JUN | JAN | JAN - MAR | JAN - JUN | JAN - JUN | JAN - MAR |
| Generous Baggage | 30kg Baggage | 46kg Baggage | 46kg Baggage | Generous Baggage | 23kg Baggage |

# OCEANS TRAVEL

12 PEAR TREE ROAD, NORMANTON, DERBY, DE23 6PY

***TEL: 01332 297019, 01332 771111***

*email: sales@oceanstravel.co.uk website: www.oceanstravel.co.uk*

*All major credit/debit cards accepted*



ਵਿਚਾਰ :– ਜਿੰਦਗੀ ਜੋ ਹਮੇਸ਼ਾ ਹੀ ਦੂਸਰਿਆਂ ਤੋਂ ਖਿਮਾ ਮੰਗਦੀ ਹੈ, ਇਸ ਨੂੰ ਆਪ ਵੀ ਕਦੇ ਕਦੇ ਮੁਆਫ ਕਰਦਿਆਂ ਰਹਿਣਾ ਚਾਹੀਦਾ ਹੈ।

# ਜ਼ੁਰਮ ਰੋਕਣ ਲਈ ਭਾਰਤ ਸਰਕਾਰ ਬਦਲੇ ਪੁਲੀਸ ਦੀ ਮਾਨਸਿਕਤਾ


ਪੰਜਾਬ ਪੁਲੀਸ ਦੀ ਕਾਰਜ-ਪ੍ਰਣਾਲੀ ਨੂੰ ਲੈ ਕੇ ਹਾਈ ਕੋਰਟ ਵੱਲੋਂ ਕੀਤੀ ਗਈ ਟਿੱਪਣੀ ਤੋਂ ਬਿਨਾਂ ਸ਼ੱਕ ਸੂਬੇ ਦੇ ਆਮ ਲੋਕਾਂ ਦੀਆਂ ਭਾਵਨਾਵਾਂ ਪ੍ਰਗਟ ਹੁੰਦੀਆਂ ਹਨ। ਉਂਝ ਤਾਂ ਪੂਰੇ ਦੇਸ ’ਚ ਪੁਲੀਸ ਦੀ ਮਾਨਸਿਕਤਾ ਨੂੰ ਬਦਲੇ ਜਾਣ ਦੀ ਲੋੜ ਹੈ। ਪੰਜਾਬ ’ਚ ਪੁਲੀਸ ਦੇ ਭ੍ਰਿਸ਼ਟ ਵਿਵਹਾਰ ਅਤੇ ਉਸ ਦੀ ਕਾਰਜ-ਪ੍ਰਣਾਲੀ ’ਤੇ ਹਮੇਸ਼ਾਂ ਦੋਸ਼ ਲੱਗਦੇ ਰਹੇ ਹਨ। ਇੱਥੋਂ ਤੱਕ ਪ੍ਰਵਾਸੀ ਪੰਜਾਬੀਆਂ ਦਾ ਪੰਜਾਬ ਵਿੱਚ ਕੋਈ ਪੂੰਜੀ ਨਾ ਲਗਾਉਣ ਦਾ ਕਾਰਨ ਭ੍ਰਿਸ਼ਟ ਪੁਲੀਸ ਪ੍ਰਬੰਧ ਹੈ। ਐਨ ਆਰ ਆਈ ਦੀਆਂ ਜਾਇਦਾਦਾਂ ’ਤੇ ਕਬਜ਼ੇ ਹੋ ਰਹੇ ਹਨ, ਜ਼ੁਰਮ ਵੱਧ ਰਹੇ ਹਨ, ਨਸ਼ਿਆਂ ਦੀ ਸਮੱਗਲਿੰਗ ਵੱਧ ਚੁੱਕੀ ਹੈ ਤਾਂ ਇਸ ਦਾ ਦੋਸ਼ੀ ਕੌਣ ਹੈ? ਜੇਕਰ ਪੁਲੀਸ ਇਨ੍ਹਾਂ ਘਟਨਾਵਾਂ ਨੂੰ ਰੋਕਣ ’ਚ ਕਾਮਯਾਬ ਨਹੀਂ ਹੁੰਦੀ ਤਾਂ ਇਸ ਦਾ ਕਾਰਨ ਇਹੀ ਹੈ ਕਿ ਪੁਲੀਸ ਭ੍ਰਿਸ਼ਟਾਚਾਰ ’ਚ ਡੁੱਬੀ ਹੋਈ ਹੈ। ਇਹ ਸਿਰਫ ਪੰਜਾਬ ਪੁਲੀਸ ਦਾ ਹਾਲ ਨਹੀਂ, ਪੂਰੀ ਭਾਰਤ ਦੀ ਪੁਲੀਸ ਭ੍ਰਿਸ਼ਟਾਚਾਰ ਵਿੱਚ ਤਾਂ ਲਿਬੜੀ ਹੋਈ ਹੈ, ਉਸ ਦਾ ਸਿਆਸੀਕਰਨ ਵੀ ਹੋ ਚੁੱਕਾ ਹੈ। ਦਿੱਲੀ ’ਚ ਸਮੂਹਿਕ ਬਲਾਤਕਾਰ ਦੀ ਸ਼ਿਕਾਰ ਹੋਈ ਕੁੜੀ ਦੇ ਬਿਆਨ ਲਏ ਜਾਣ ਦੌਰਾਨ ਮੈਜਿਸਟਰੇਟ ਵੱਲੋਂ ਉਨ੍ਹਾਂ ’ਤੇ ਦਬਾਅ ਪਾਏ ਜਾਣ ਦੇ ਦੋਸ਼ ਨੇ ਭਾਰਤ ਦੇ ਆਵਾਮ ਨੂੰ ਹੈਰਾਨ ਕਰ ਦਿੱਤਾ ਸੀ। ਦਿੱਲੀ ਪੁਲੀਸ ਇਸ ਮਾਮਲੇ ਨੂੰ ਲੈ ਕੇ ਜਿਸ ਤਰ੍ਹਾਂ ਦੇ ਸਵਾਲਾਂ ਦੇ ਘੇਰੇ ’ਚ ਆਈ ਹੈ, ਉਸ ਨੇ ਉਸ ਦੀ ਭਰੋਸੇਯੋਗਤਾ ਤੇ ਫਰਜ਼ ਪ੍ਰਤੀ ਨਿਸ਼ਚੈ ਨੂੰ ਬੜੀ ਸੱਟ ਪਹੁੰਚਾਈ ਹੈ। ਦਿੱਲੀ ਨੂੰ ਹੁਣ ਬਲਾਤਕਾਰਾਂ ਦੀ ਰਾਜਧਾਨੀ ਤੱਕ ਆਖਿਆ ਜਾਣ ਲੱਗਾ ਹੈ। ਦਿੱਲੀ ’ਚ ਬਲਾਤਕਾਰ ਪਹਿਲਾਂ ਵੀ ਹੋਏ ਹਨ, ਪਰ ਇਸ ਵਹਿਸ਼ੀਆਨਾ ਘਟਨਾ ਨੇ ਭਾਰਤ ’ਚ ਪੁਲੀਸ ਤੰਤਰ ਦੀਆਂ ਸਾਰੀਆਂ ਚੂਲਾਂ ਹਿਲਾ ਦਿੱਤੀਆਂ ਹਨ। ਇਸ ਦਾ ਅਸਰ ਦੇਸ ਤੇ ਪ੍ਰਾਂਤ ਦੇ ਹਰੇਕ ਧਰਾਤਲ ’ਤੇ ਜ਼ਰੂਰ ਪਵੇਗਾ।

ਇਹੀ ਸਥਿਤੀ ਪੰਜਾਬ ਦੀ ਵੀ ਹੈ। ਪੰਜਾਬ ’ਚ ਪਿਛਲੇ ਕੁਝ ਦਿਨਾਂ ’ਚ ਕੁਝ ਅਜਿਹੀਆਂ ਘਟਨਾਵਾਂ ਹੋਈਆਂ ਹਨ, ਜਿਸ ਤੋਂ ਜਾਪਦਾ ਹੈ ਕਿ ਪੰਜਾਬ ਉੱਪਰ ਜਮਹੂਰੀਅਤ ਪ੍ਰਬੰਧਾਂ ਵਾਲੀ ਸਰਕਾਰ ਨਹੀਂ, ਗੁੰਡਾਰਾਜ ਹੈ। ਪਿਛਲੇ ਦਿਨੀਂ ਵਾਪਰੀਆਂ ਹਿੰਸਕ, ਅਪਰਾਧਕ ਤੇ ਬਲਾਤਕਾਰ ਦੀਆਂ ਘਟਨਾਵਾਂ ਨੇ ਪੂਰੇ ਪ੍ਰਸ਼ਾਸਨਿਕ ਤੰਤਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਕਈ ਥਾਂਵਾਂ ’ਤੇ ਸਿਆਸਤਦਾਨਾਂ ਦੀ ਦਖਲਅੰਦਾਜ਼ੀ ਸਾਹਮਣੇ ਆਈ ਹੈ। ਮੋਗਾ ਵਿਖੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸੁਖਦੇਵ ਸਿੰਘ ਬਾਹੀਆ ਦੇ ਸ਼ਰਾਬੀ ਤੇ ਪਤਿਤ ਪੁੱਤਰ ਪ੍ਰਭਜੋਤ ਨੇ ਗੁੰਡਾਗਰਦੀ ਦੀਆਂ ਹੱਦਾਂ ਪਾਰ ਕਰਦਿਆਂ ਟ੍ਰੈਫਿਕ ਪੁਲੀਸ ’ਤੇ ਹਮਲਾ ਕਰ ਦਿੱਤਾ, ਕਿਉਂਕਿ ਪੁਲੀਸ ਸ਼ਰਾਬ ਪੀਣ ਕਾਰਨ ਉਸ ਦਾ ਚਲਾਨ ਕਰਨ ਲੱਗੀ ਸੀ, ਪਰ ਹੁਣ ਪੰਥ ਦਾ ਪ੍ਰਚਾਰ ਦਾ ਦਾਅਵਾ ਕਰਨ ਵਾਲੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਾਹੀਆ ਨੇ ਸੱਚ ਦੀ ਥਾਂ ਆਪਣੇ ਕਾਕੇ ਦਾ ਵਕੀਲ ਬਣ ਕੇ ਸਿਆਸੀ ਦਬਾਅ ਅਧੀਨ ਏ ਐਸ ਪੀ ਦਾ ਤਬਾਦਲਾ ਕਰਵਾ ਦਿੱਤਾ। ਪਹਿਲਾਂ ਤਾਂ ਬਾਦਲ ਸਾਹਿਬ ਇਹ ਆਖਦੇ ਰਹੇ ਕਿ ਕਾਨੂੰਨ ਆਪਣਾ ਕੰਮ ਕਰਦਾ ਰਹੇਗਾ, ਪਰ ਮੁੜ ਕੇ ਕਾਨੂੰਨ ਨਾਲ ਹੀ ਬਲਾਤਕਾਰ ਹੋ ਗਿਆ। ਜੇਕਰ ਹਾਲਤਾਂ ਇਹ ਹਨ ਤਾਂ ਪੰਜਾਬ ਦੀ ਸਥਿਤੀ ਕਿਵੇਂ ਸੁਧਰ ਸਕਦੀ ਹੈ, ਫਿਰ ਕਿਵੇਂ ਦਾਅਵਾ ਕੀਤਾ ਜਾ ਸਕਦਾ ਹੈ ਕਿ ਪ੍ਰਵਾਸੀ ਪੰਜਾਬੀਆਂ ਦੀ ਜਾਨ-ਮਾਲ ਨੂੰ ਉੱਥੇ ਕੋਈ ਖਤਰਾ ਨਹੀਂ, ਉਹ ਉੱਥੇ ਨਿਸ਼ਚਿੰਤ ਹੋ ਕੇ ਨਿਵੇਸ਼ ਕਰ ਸਕਦੇ ਹਨ। ਸਥਿਤੀਆਂ ਦੀ ਗੰਭੀਰਤਾ ਨੂੰ ਇਸ ਇੱਕ ਤੱਥ ਤੋਂ ਵੀ ਵੇਖਿਆ ਜਾ ਸਕਦਾ ਹੈ ਕਿ ਪੰਜਾਬ ਦੇ ਪਟਿਆਲਾ ਸ਼ਹਿਰ ’ਚ ਹੋਏ ਬਲਾਤਕਾਰ ਦੀ ਇੱਕ ਘਟਨਾ ਤੇ ਫਿਰ ਪੀੜਤਾ ਵੱਲੋਂ ਆਤਮ-ਹੱਤਿਆ ਕਰ ਲੈਣ ਦੀ ਘਟਨਾ ’ਤੇ ਹਾਈ ਕੋਰਟ ਨੇ ਤਾਂ ਗੰਭੀਰ ਨੋਟਿਸ ਲਿਆ ਹੀ ਹੈ, ਖ਼ੁਦ ਪੁਲੀਸ ਦੇ ਉੱਚ ਅਧਿਕਾਰੀ, ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਨੇ ਵੀ ਮੰਨਿਆ ਹੈ ਕਿ ਪਟਿਆਲਾ ’ਚ ਪੁਲੀਸ ਦੀ ਭੂਮਿਕਾ ਠੀਕ ਨਹੀਂ ਰਹੀ ਸੀ। ਇਸ ਘਟਨਾ ਨੂੰ ਲੈ ਕੇ ਹਾਈ ਕੋਰਟ ਦੇ ਮੁੱਖ ਜੱਜ ਦੀ ਇਹ ਟਿੱਪਣੀ ਬੇਹੱਦ ਸਨਸਨੀਖੇਜ ਹੋ ਜਾਂਦੀ ਹੈ ਕਿ ਪਟਿਆਲਾ ਦੇ ਬਲਾਤਕਾਰ ਮਾਮਲੇ ’ਚ ਨਾ ਕੇਵਲ ਪੁਲੀਸ ਵਾਲੇ ਗੂੰਗੇ ਅਤੇ ਬੋਲ਼ੇ ਬਣੇ ਰਹੇ, ਸਗੋਂ ਉਨ੍ਹਾਂ ਨੇ ਪੀੜਤ ਪੱਖ ਨੂੰ ਨਿਆਂ ਦਿਵਾਉਣ ਦੀ ਕੋਸ਼ਿਸ਼ ਕਰਨ ਦੀ ਥਾਂ, ਉਨ੍ਹਾਂ ਪ੍ਰਤੀ ਅਸ਼ਲੀਲ ਟਿੱਪਣੀਆਂ ਵੀ ਕੀਤੀਆਂ। ਪੰਜਾਬ ਪੁਲੀਸ ਦੀ ਕਾਰਜ-ਪ੍ਰਣਾਲੀ ’ਤੇ ਇਹ ਵੀ ਇੱਕ ਵੱਡਾ ਦਾਗ ਹੈ ਕਿ ਪਿਛਲੇ ਕੁਝ ਸਮੇਂ ਤੋਂ ਕਈ ਅਜਿਹੀਆਂ ਘਟਨਾਵਾਂ ਹੋਈਆਂ ਹਨ, ਜਿਨ੍ਹਾਂ ਕਾਰਨ ਨਾ ਸਿਰਫ਼ ਕੁਝ ਪੁਲੀਸ ਮੁਲਾਜ਼ਮਾਂ ਅਤੇ ਅਫਸਰਾਂ ਨੂੰ ਵੀ ਮੁਅੱਤਲ ਕੀਤਾ ਗਿਆ ਹੈ, ਸਗੋਂ ਕਈ ਅਫ਼ਸਰਾਂ ਦੇ ਵਿਰੁੱਧ ਅਪਰਾਧਿਕ ਮੁਕੱਦਮੇ ਵੀ ਦਰਜ ਹੋਏ ਹਨ। ਪੰਜਾਬ ’ਚ ਮੋਗਾ ਅਗਵਾ ਕਾਂਡ, ਤਰਨਤਾਰਨ ਪੁਲੀਸ ਹੱਤਿਆ ਕਾਂਡ, ਫਿਰ ਪਟਿਆਲਾ ਬਲਾਤਕਾਰ ਮਾਮਲਾ ਅਤੇ ਹੁਣ ਲੁਧਿਆਣਾ ’ਚ ਕੁੱਟ-ਮਾਰ ਦੇ ਮਾਮਲੇ ’ਚ ਪੁਲੀਸ ਦਾ ਸੰਪੂਰਨ ਤੰਤਰ ਸ਼ੱਕ ਦੇ ਘੇਰੇ ’ਚ ਆ ਜਾਂਦਾ ਹੈ। ਅਸੀਂ ਸਮਝਦੇ ਹਾਂ ਕਿ ਨਾ ਸਿਰਫ਼ ਪੰਜਾਬ ’ਚ, ਬਲਕਿ ਸਾਰੇ ਭਾਰਤ ’ਚ ਪੁਲੀਸ ਦੀ ਮਾਨਸਿਕਤਾ ਨੂੰ ਬਦਲਣ ਦੀ ਜ਼ਰੂਰਤ ਹੈ। ਇੱਥੋਂ ਤੱਕ ਕਿ ਪੁਲੀਸ ਦਾ ਢਾਂਚਾ ਇੰਨਾ ਮਾੜਾ ਹੋ ਚੁੱਕਾ ਹੈ ਕਿ ਉਸ ਦੇ ਹਰੇਕ ਹਿੱਸੇ ’ਚ ਸੁਧਾਰ ਦੀ ਵੱਡੀ ਲੋੜ ਪ੍ਰਤੀਤ ਹੋ ਰਹੀ ਹੈ। ਪੰਜਾਬ ’ਚ ਪੁਲੀਸ ਤੰਤਰ ’ਚ ਸੁਧਾਰ ਹਿੱਤ ਪਿਛਲੇ ਲੰਬੇ ਸਮੇਂ ਤੋਂ ਕੋਸ਼ਿਸ਼ ਜਾਰੀ ਹੈ। ਇਸ ਲਈ ਕਈ ਵਾਰ ਕਮਿਸ਼ਨ ਵੀ ਬਣੇ ਅਤੇ ਕਈ ਯੋਜਨਾਵਾਂ ਵੀ ਬਣੀਆਂ, ਪਰ ਹਰ ਵਾਰ ਨਤੀਜਾ ਮਨਫੀ ਰਿਹਾ। ਪਤਾ ਨਹੀਂ, ਰਾਜਨੀਤੀ ਦਾ ਇਸ ਪੱਖ ’ਚ ਕਿਹੋ ਜਿਹਾ ਤੇ ਕਿਹੜਾ ਸੁਆਰਥ ਰੁਕਾਵਟ ਬਣਦਾ ਹੈ ਕਿ ਸਰਕਾਰਾਂ ਤੇ ਰਾਜਨੀਤਕ ਵਿਵਸਥਾਵਾਂ ਪੁਲੀਸ ਤੰਤਰ ’ਚ ਕਿਸੇ ਤਰ੍ਹਾਂ ਦਾ ਸੁਧਾਰ ਚਾਹੁੰਦੀ ਹੀ ਨਹੀਂ। ਹਰੇਕ ਦਲ ਦੀ ਸਰਕਾਰ ਜਦੋਂ ਖ਼ੁਦ ਸੱਤਾ ’ਚ ਹੁੰਦੀ ਹੈ, ਉਦੋਂ ਸਥਿਤੀਆਂ ਉਸ ਦੇ ਆਪਣੇ ਅਨੁਕੂਲ ਰਹਿੰਦੀਆਂ ਹਨ, ਪਰ ਜਿਵੇਂ ਹੀ ਸੱਤਾ ਬਦਲਣ ਲੱਗਦੀ ਹੈ, ਪੁਲੀਸ ਦੀ ਕਾਰਜ ਪ੍ਰਣਾਲੀ ਅਤੇ ਮਾਨਸਿਕਤਾ ’ਚ ਉਸੇ ਅਨੁਸਾਰ ਬਦਲਾਅ ਹੋਣ ਲੱਗਦਾ ਹੈ। ਅਜਿਹਾ ਦੋਸ਼ ਹਰੇਕ ਦੌਰ ਅਤੇ ਸਰਕਾਰ ਵੇਲੇ ਲੱਗਦਾ ਰਿਹਾ ਹੈ। ਅਸੀਂ ਸਮਝਦੇ ਹਾਂ ਕਿ ਪੁਲੀਸ ਦੀ ਕਾਰਜਪ੍ਰਣਾਲੀ ਅਤੇ ਪੁਲੀਸ ਮੁਲਾਜ਼ਮਾਂ ਦੀ ਮਾਨਸਿਕਤਾ ’ਚ ਸੁਧਾਰ ਲਈ ਠੋਸ ਨੀਤੀ ਬਣਨੀ ਜ਼ਰੂਰੀ ਹੈ। ਇਸ ਲਈ ਜੇਕਰ ਕਾਨੂੰਨ ਅਤੇ ਸੰਵਿਧਾਨ ’ਚ ਸੋਧ ਵੀ ਕਰਨੀ ਪੈਂਦੀ ਹੈ, ਤਾਂ ਕੋਈ ਸੰਕੋਚ ਨਹੀਂ ਕੀਤਾ ਜਾਣਾ ਚਾਹੀਦਾ। ਅਕਾਲੀ ਸਰਕਾਰ ਨੂੰ ਇਸ ਸੰਬੰਧ ਵਿੱਚ ਪਹਿਲਕਦਮੀ ਕਰਨ ਦੀ ਲੋੜ ਹੈ।

**- ਰਜਿੰਦਰ ਸਿੰਘ ਪੁਰੇਵਾਲ**

# NEWS & VIEWS

## PANTHIC UNITY & SUPREME STATUS OF SRI GURU GRANTH SAHIB



***"Sabh Sikhan ko Hukam hai Guru Manyo Granth" – Guru Gobind Singh ji.***

**Total belief in the supreme status of Sri Guru Granth Sahib, unites the Khalsa Panth. Guru Granth- Guru Panth tradition is the bedrock of Sikh religio-political nationhood.**

**Would ceremonial worship accorded to Dasam Granth in the presence of Guru Granth Sahib encourage the spread of other sects and cults? For example, Bhagat Bani has the status of "Guru" only through Guru Granth Sahib. Bhagat Bani is an inseparable part of Guru Granth Sahib. Bhagat Bani cannot be installed separately by followers of the respective Bhagti sects, "like and at par with Sri Guru Granth Sahib". If that happens then the holistic guidance, and the supreme and central position of Sri Guru Granth Sahib is eroded.**

**Already, those pursuing the Hindutva religio-political agenda, the Bipran cults, are exploiting selective quotes from Dasam Granth. They prefer to treat Sikh ideology as an integral part of Vedic Snatan dharma. Partial quotes from Dasam Granth, lead on to out of context quotes from Guru Granth Sahib. That is happening in videos being circulated on the internet. These agents of Hindutva, prefer to ignore the holistic Khalsa view clarified by Guru Gobind Singh ji within Dasam Granth. There are some good publications with references from Dasam Granth showing how the Khalsa worship of One Akal Purakh ("Aad Ant Ekai Avtara") is continually stressed and the Vedic pantheon ("Kishn Bishn kabho(n) na dheao(n)") unequivocally rejected.**

**"Ceremonial installation" of Dasam Granth next to Sri Guru Granth Sahib and doing "akhand" or "sehaj" paatths of the Scripture, should be considered in the light of the ideological and politically inspired onslaught on the independence of Sikhi. One view is that the terms akhand or sahej paatth are only relevant to Sri Guru Granth Sahib.**

**Dasam Granth is not the issue here, because even the most staunch proponents of Dasam Granth do not deny the supreme position of Guru Granth Sahib as ordained by Dasam Guru ji Himself. My upbringing in a Gursikh family teaches me that the great Scripture is part of the Sikh heritage and should be researched and read by students of Sikh history and miri-piri tradition. One encouraging indication of Sikhi revival in the West has been the keen interest the young Gursikhs are showing in the Khalsa shaster vidya (martial arts) and the accompanying physical and spiritual discipline. Compositions of Dasam Granth inspire Sikhi martial spirit and show the ultimate victory of good over evil.**

**The issue before us is the unity of Khalsa Panth assembled before One Guru Jyote, Sri Guru Granth Sahib, as the Supreme Guiding Light. That is Guru Gobind Singh ji's vision of "naira, tej-dharak" Guru Khalsa Panth. Realisation that vision is the key to Sikh unity.**

**Gurmukh Singh** (Ret'd Principal policy, UK Civil Service) ( http://www.sewauk.blogspot.com/ )

# ਰੋਕੋ ਕੈਂਸਰ ਵੱਲੋਂ ਪੰਜਾਬ ਵਿੱਚ 500 ਹੋਰ ਕੈਂਪ ਲਗਾਉਣ ਦਾ ਐਲਾਨ



ਕੁਲਵੰਤ ਸਿੰਘ ਧਾਲੀਵਾਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬ ਸਰਕਾਰ ਵੱਲੋਂ ਕੈਂਸਰ ਦੇ ਮਰੀਜ਼ਾਂ ਅਤੇ ਪੀੜਤਾਂ ਬਾਰੇ ਜਾਰੀ ਕੀਤੀ ਸੂਚੀ ਸਬੰਧੀ ਰੋਕੋ ਕੈਂਸਰ ਯੂ ਕੇ ਦੇ ਬੋਰਡ ਦੀ ਇੱਕ ਅਹਿਮ ਮੀਟਿੰਗ ਲੰਡਨ ਵਿਖੇ ਹੋਈ ਅਤੇ ਇਸ ਮੌਕੇ ਕੈਂਸਰ ਨਾਲ ਤੜਫ ਰਹੇ ਪੰਜਾਬ ਦੇ ਲੋਕਾਂ ਦੀ ਦਾਸਤਾਨ ਸੁਣਾਈ ਗਈ ਅਤੇ ਨਾਲ ਹੀ ਸਰਕਾਰ ਵੱਲੋਂ ਕੈਂਸਰ ਨਾਲ ਹੋਈਆਂ ਮੌਤਾਂ ਅਤੇ ਪੀੜਤਾਂ ਦੀ ਜਾਰੀ ਕੀਤੀ ਗਈ ਸੂਚੀ ਨੂੰ ਕੁਲਵੰਤ ਸਿੰਘ ਧਾਲੀਵਾਲ ਵੱਲੋਂ ਪੜ੍ਹ ਕੇ ਸੁਣਾਇਆ ਗਿਆ। ਉਪਰੰਤ ਬੋਰਡ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਮਨੁੱਖਤਾ ਦੇ ਭਲੇ ਲਈ ਪੰਜਾਬ ਅੰਦਰ 500 ਹੋਰ ਕੈਂਸਰ ਕੈਂਪ 20 ਜਨਵਰੀ ਤੋਂ 31 ਦਸੰਬਰ 2013 ਤੱਕ ਲਗਾਉਣ ਦਾ ਫੈਸਲਾ ਕੀਤਾ ਗਿਆ। ਸ੍ਰ. ਕੁਲਵੰਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਸਰਕਾਰੀ ਅੰਕੜਿਆਂ ਅਨੁਸਾਰ 83616 ਲੋਕ ਸ਼ੱਕੀ ਹਨ, ਜਦ ਕਿ 23522 ਲੋਕਾਂ ਨੂੰ ਕੈਂਸਰ ਪਾਇਆ ਗਿਆ ਹੈ ਅਤੇ ਵਰੇ 2008 ਤੋਂ ਵਰੇ 2013 ਤੱਕ 32857 ਲੋਕਾਂ ਦੀ ਕੈਂਸਰ ਨਾਲ ਮੌਤ ਹੋ ਚੁੱਕੀ ਹੈ। ਉਹਨਾਂ ਕਿਹਾ ਕਿ ਪ੍ਰਵਾਸੀ ਲੋਕਾਂ ਵੱਲੋਂ ਇਹਨਾਂ ਕੈਂਪਾਂ ਨੂੰ ਭਰਵਾਂ ਸਹਿਯੋਗ ਦਿੱਤਾ ਜਾ ਰਿਹਾ ਹੈ, ਲੇਕਨ ਪੰਜਾਬ ਦੇ ਲੋਕਾਂ ਨੂੰ ਇਹਨਾਂ ਕੈਂਪਾਂ ਦਾ ਵੱਧ ਤੋਂ ਵੱਧ ਫਾਇਦਾ ਲੈਣਾ ਚਾਹੀਦਾ ਹੈ।

# ਜੇਲ੍ਹਾਂ 'ਚ ਅਮੀਰ ਕੈਦੀਆਂ ਨੂੰ ਦਿੱਤੀਆਂ ਜਾ ਰਹੀਆਂ ਘਰ ਵਰਗੀਆਂ ਸਹੂਲਤਾਂ

### ✪ ਕੋਰਟ ਨੇ ਲਿਆ ਸਖ਼ਤ ਨੋਟਿਸ ✪ ਜਾਂਚ 'ਚ ਜੇਲ੍ਹ ਅਧਿਕਾਰੀ ਦੋਸ਼ੀ ਪਾਏ ਗਏ

ਚੰਡੀਗੜ੍ਹ-ਪੰਜਾਬ ਦੀਆਂ ਜੇਲ੍ਹਾਂ 'ਚ ਅਮੀਰ ਕੈਦੀਆਂ ਨੂੰ ਪੈਸੇ ਲੈ ਕੇ ਘਰ ਵਰਗੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਜਦਕਿ ਗਰੀਬ ਤੇ ਪੈਸੇ ਨਾ ਦੇ ਸਕਣ ਵਾਲੇ ਕੈਦੀਆਂ ਨੂੰ ਤੰਗ ਕੀਤਾ ਜਾ ਰਿਹਾ ਹੈ।

ਇਸ ਦਾ ਖੁਲਾਸਾ ਹੁਸ਼ਿਆਰਪੁਰ ਦੀ ਜੇਲ੍ਹ 'ਚ ਸੈਸ਼ਨ ਜੱਜ ਵੱਲੋਂ ਕੀਤੀ ਗਈ ਜਾਂਚ ਤੋਂ ਬਾਅਦ ਹੋਇਆ। ਸੈਸ਼ਨ ਜੱਜ ਨੇ ਜਾਂਚ ਤੋਂ ਬਾਅਦ ਇਸ ਬਾਰੇ ਡੀਸੀ ਨੂੰ ਜਾਂਚ ਸੌਂਪੀ ਸੀ, ਜਿਨ੍ਹਾਂ ਨੇ ਐਸਡੀਐਮ ਨੂੰ ਜਾਂਚ ਰਿਪੋਰਟ ਦੇਣ ਲਈ ਕਿਹਾ। ਐਸਡੀਐਮ ਦੀ ਜਾਂਚ ਰਿਪੋਰਟ 'ਚ ਦੋਸ਼ ਸਹੀ ਪਾਏ ਗਏ। ਹੁਣ ਏਡੀਜੀਪੀ ਜੇਲ੍ਹ ਆਰਪੀ ਮੀਨਾ ਨੇ ਇਸ ਮਾਮਲੇ ਦੀ ਰਿਪੋਰਟ ਗ੍ਰਹਿ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਭੇਜ ਕੇ ਇਨ੍ਹਾਂ ਗ਼ੈਰ-ਕਾਨੂੰਨੀ ਗਤੀਵਿਧੀਆਂ 'ਚ ਸ਼ਾਮਲ ਸੰਬੰਧਿਤ ਸੁਪਰਡੈਂਟ ਬਲਬੀਰ ਸਿੰਘ ਬੀਸਲਾ ਨੂੰ ਸਸਪੈਂਡ ਕਰਨ ਦੀ ਸਿਫਾਰਸ਼ ਕੀਤੀ ਹੈ, ਪਰ ਇੰਨਾ ਵੱਡਾ ਖੁਲਾਸਾ ਹੋਣ ਦੇ ਬਾਵਜੂਦ ਗ੍ਰਹਿ ਵਿਭਾਗ ਦੇ ਅਧਿਕਾਰੀਆਂ ਨੇ ਫਾਈਲ ਦਬਾ ਰੱਖੀ ਹੈ।

### ਕੈਦੀ ਨੇ ਕੀਤੀ ਸੀ ਸ਼ਿਕਾਇਤ

ਹੁਸ਼ਿਆਰਪੁਰ ਦੀ ਜੇਲ੍ਹ 'ਚ ਬੰਦ ਕੈਦੀ ਇੰਦਰਜੀਤ ਸਿੰਘ ਨੇ ਜ਼ਿਲ੍ਹਾ ਸੈਸ਼ਨ ਜੱਜ ਵੀਕੇ ਧੀਰ ਨੂੰ 29 ਸਤੰਬਰ 2012 ਨੂੰ ਜੇਲ੍ਹ 'ਚ ਇੰਸਪੈਕਸ਼ਨ ਦੌਰਾਨ ਸ਼ਿਕਾਇਤ ਕੀਤੀ ਸੀ ਕਿ ਜੇਲ੍ਹ ਅਧਿਕਾਰੀ ਅਮੀਰ ਤੇ ਗ਼ਰੀਬ ਕੈਦੀਆਂ 'ਚ ਕਾਫੀ ਭੇਦਭਾਵ ਕਰਦੇ ਹਨ। ਅਮੀਰ ਕੈਦੀਆਂ ਤੋਂ 15-15 ਹਜ਼ਾਰ ਰੁਪਏ ਲੈ ਕੇ ਉਨ੍ਹਾਂ ਨੂੰ ਚੱਕੀਆਂ ਕਿਰਾਏ 'ਤੇ ਦਿੱਤੀਆਂ ਜਾਂਦੀਆਂ ਹਨ ਅਤੇ ਆਮ ਕੈਦੀਆਂ ਤੋਂ ਬਿਹਤਰ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਗ਼ਰੀਬ ਕੈਦੀਆਂ ਦੇ ਘਰ ਤੋਂ ਆਉਣ ਵਾਲਾ ਸਾਮਾਨ ਤਕ ਖੋਹ ਲਿਆ ਜਾਂਦਾ ਹੈ, ਜਦਕਿ ਅਮੀਰ ਕੈਦੀਆਂ ਨੂੰ ਪੈਸੇ ਲੈ ਕੇ ਬਿਹਤਰ ਸਹੂਲਤਾਂ ਵਾਲੇ ਕਮਰਿਆਂ (ਚੱਕੀਆਂ) 'ਚ ਰੱਖਿਆ ਜਾਂਦਾ ਹੈ।

ਵਿਰੋਧ ਕਰਨ ਵਾਲੇ ਕੈਦੀਆਂ ਨੂੰ ਸਰੇਆਮ ਧਮਕਾਇਆ ਜਾਂਦਾ ਹੈ ਕਿ ਜੇਕਰ ਉਨ੍ਹਾਂ ਨੇ ਮੂੰਹ ਖੋਲ੍ਹਿਆ, ਤਾਂ ਉਨ੍ਹਾਂ ਨੂੰ ਪਰੇਸ਼ਾਨ ਕੀਤਾ ਜਾਵੇਗਾ, ਇੱਥੋਂ ਤੱਕ ਕਿ ਉਨ੍ਹਾਂ ਨੂੰ ਕਿਸੇ ਹੋਰ ਕੇਸ 'ਚ ਫਸਾਇਆ ਵੀ ਜਾ ਸਕਦਾ ਹੈ। ਸੈਸ਼ਨ ਜੱਜ ਨੇ ਉਸੇ ਵੇਲੇ ਇੰਸਪੈਕਸ਼ਨ ਦੌਰਾਨ ਜੇਲ੍ਹ 'ਚ ਇਹ ਗੱਲਾਂ ਸਹੀ ਪਾਉਂਦੇ ਹੋਏ, ਇਸ ਦੀ ਜਾਂਚ ਕਰਨ ਲਈ ਡੀਸੀ ਨੂੰ ਨਿਰਦੇਸ਼ ਦਿੱਤੇ।

ਡੀਸੀ ਦੇ ਨਿਰਦੇਸ਼ 'ਤੇ ਕੀਤੀ ਗਈ ਜਾਂਚ 'ਚ ਐਸਡੀਐਮ ਕੈਪਟਨ ਕਰਨੈਲ ਸਿੰਘ ਨੇ ਆਪਣੇ ਤੌਰ 'ਤੇ ਇਨ੍ਹਾਂ ਤੱਥਾਂ ਦੀ ਜਾਂਚ ਕੀਤੀ, ਤਾਂ ਸਾਰੇ ਦੋਸ਼ ਠੀਕ ਪਾਏ ਗਏ, ਜਿਸ ਦੀ ਜਾਂਚ ਰਿਪੋਰਟ ਦੇ ਆਧਾਰ 'ਤੇ ਏਡੀਜੀਪੀ ਜੇਲ੍ਹ ਨੇ ਗ੍ਰਹਿ ਵਿਭਾਗ ਦੇ ਪ੍ਰਮੁੱਖ ਸਕੱਤਰ ਡੀਐੱਸ ਬੈਂਸ ਨੂੰ 7 ਦਸੰਬਰ 2012 ਨੂੰ ਹੁਸ਼ਿਆਰਪੁਰ ਜੇਲ੍ਹ ਦੇ ਸੁਪਰਡੈਂਟ ਬਲਬੀਰ ਸਿੰਘ ਬੀਸਲਾ ਨੂੰ ਸਸਪੈਂਡ ਕਰਨ ਦੀ ਸਿਫਾਰਿਸ਼ ਕੀਤੀ।

### ਇੱਕ ਦੀ ਬਦਲੀ ਦੂਜਾ ਸਸਪੈਂਡ

ਸੈਸ਼ਨ ਜੱਜ ਨੇ ਜਾਂਚ ਦੌਰਾਨ ਜੇਲ੍ਹ 'ਚ ਅਨਿਯਮਿਤਤਾਵਾਂ ਪਾਏ ਜਾਣ ਵਾਲੇ ਤੱਤਕਾਲੀ ਡਿਪਟੀ ਸੁਪਰਡੈਂਟ ਦੇਵਪਾਲ ਨੂੰ ਟਰਾਂਸਫਰ ਕਰਨ ਅਤੇ ਹੁਸ਼ਿਆਰਪੁਰ ਜੇਲ੍ਹ 'ਚ ਤਾਇਨਾਤ ਮੁਨਸ਼ੀ (ਵਾਰਡਨ) ਕੇਵਲ ਕੁਮਾਰ ਨੂੰ ਸਸਪੈਂਡ ਕਰਕੇ ਜਾਂਚ ਦੇ ਨਿਰਦੇਸ਼ ਦਿੱਤੇ ਸਨ।

## ਕੀ ਹੁੰਦੀਆਂ ਹਨ ਚੱਕੀਆਂ



ਜੇਲ੍ਹ 'ਚ ਦੋ ਤਰ੍ਹਾਂ ਦੀਆਂ ਚੱਕੀਆਂ ਹੁੰਦੀਆਂ ਹਨ। ਕੁਝ ਕੈਦੀਆਂ ਨੂੰ ਸਜ਼ਾ ਦੇਣ ਲਈ ਪ੍ਰਯੋਗ ਕੀਤੀਆਂ ਜਾਂਦੀਆਂ ਹਨ। ਇਨ੍ਹਾਂ 'ਚ ਜਗ੍ਹਾ ਕਾਫੀ ਘੱਟ ਹੁੰਦੀ ਹੈ। ਕੈਦੀ ਪੂਰੀ ਤਰ੍ਹਾਂ ਖੜ੍ਹਾ ਵੀ ਨਹੀਂ ਹੋ ਸਕਦਾ। ਪਹਿਲਾਂ ਕੈਦੀਆਂ ਤੋਂ ਸਜ਼ਾ ਦੇ ਤੌਰ 'ਤੇ ਚੱਕੀਆਂ 'ਚ ਕਣਕ ਪਿਸਾਈ ਜਾਂਦੀ ਸੀ, ਜਿਸ ਕਾਰਨ ਇਨ੍ਹਾਂ ਨੂੰ ਚੱਕੀਆਂ ਕਿਹਾ ਜਾਣ ਲੱਗਾ। ਹੁਣ ਇਨ੍ਹਾਂ ਦੀ ਥਾਂ ਛੋਟੇ-ਛੋਟੇ ਕਮਰੇ ਬਣਾ ਦਿੱਤੇ ਗਏ, ਪਰ ਨਾਮ ਅਜੇ ਵੀ 'ਚੱਕੀਆਂ' ਹੀ ਹੈ। ਦੂਜੀ ਤਰ੍ਹਾਂ ਦੀਆਂ 'ਚੱਕੀਆਂ' ਉਹ ਹੁੰਦੀਆਂ ਹਨ, ਜਿੱਥੇ ਕੈਦੀਆਂ ਨੂੰ ਕਾਫੀ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ 'ਚੱਕੀਆਂ' 'ਚ ਦੋ-ਤਿੰਨ ਕੈਦੀ ਅਲੱਗ ਤੋਂ ਰੱਖੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਘਰ ਵਾਂਗ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ।

## ਹੁਣ ਨਹਾਉਂਦੇ ਸਮੇਂ ਵੀ ਕਰੋ ਫ਼ੋਨ 'ਤੇ ਗੱਲ



ਟੋਕੀਓ-ਸੋਨੀ ਨੇ ਅਜਿਹਾ ਸਮਾਰਟਫੋਨ ਉਤਾਰਿਆ ਹੈ, ਜਿਸ ਨੂੰ ਪਾਣੀ ਤੋਂ ਖ਼ਤਰਾ ਨਹੀਂ ਹੋਵੇਗਾ। ਇਸ ਨੂੰ ਨਾ ਸਿਰਫ਼ ਤੁਸੀਂ ਧੋ ਸਕਦੇ ਹੋ, ਬਲਕਿ ਨਹਾਉਂਦੇ ਸਮੇਂ ਵੀ ਇਸਤੇਮਾਲ ਕਰ ਸਕਦੇ ਹੋ। ਜਾਪਾਨ 'ਚ ਮੋਬਾਈਲ ਫੋਨਾਂ ਦਾ ਪਾਣੀ ਤੋਂ ਮਹਿਫੂਜ਼ ਹੋਣਾ ਆਮ ਗੱਲ ਹੈ, ਪਰ ਬਾਕੀ ਦੁਨੀਆਂ 'ਚ ਵਰਤੇ ਜਾਣ ਵਾਲੇ ਸਮਾਰਟਫੋਨ 'ਚ ਅਜੇ ਤੱਕ ਇਹ ਫੀਚਰ ਸ਼ਾਮਲ ਨਹੀਂ ਸਨ। ਐਕਸਪੀਰੀਆ ਜੈਡ ਨਾਂ ਦੇ ਇਹ ਫੋਨ ਐਚਡੀਆਰ ਵੀਡੀਓ ਵੀ ਰਿਕਾਰਡ ਕਰ ਸਕਦਾ ਹੈ।

## ਸਾਊਥਾਲ ਤੇ ਲੰਡਨ ਵਿਚ ਪੰਜਾਬ ਟਾਈਮਜ਼ ਦੇ ਪ੍ਰਤੀਨਿੱਧ ਸ: ਮਨਪ੍ਰੀਤ ਸਿੰਘ ਬੱਧਨੀ ਕਲਾਂ



ਲੰਡਨ ਤੇ ਸਾਊਥਾਲ ਵਿਚ ਪੰਜਾਬ ਟਾਈਮਜ਼ ਦੇ ਰਿਪੋਰਟਰ ਤੇ ਨੁਮਾਇੰਦੇ ਸ: ਮਨਪ੍ਰੀਤ ਸਿੰਘ ਬੱਧਨੀ ਕਲਾਂ ਹਨ । ਇਥੇ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਮਨਪ੍ਰੀਤ ਸਿੰਘ ਬੱਧਨੀ ਕਲਾਂ ਨਾਲ ਸੰਪਰਕ ਕਰੋ ।


Tel: 07899-798 363
Emial: mail@badhni.com


ਤਰ੍ਹਾਂ-ਤਰ੍ਹਾਂ ਦੇ ਸਵਾਦਿਸ਼ਟ ਪਕਵਾਨਾਂ ਦੀ ਸਾਫ-ਸੁਥਰੀ ਅਤੇ ਵਧੀਆ ਕੇਟਰਿੰਗ ਸਰਵਿਸ ਲਈ ਹਮੇਸ਼ਾਂ ਯਾਦ ਰੱਖੋ

BATH CATERING SERVICES

ਵਿਆਹ-ਸ਼ਾਦੀਆਂ, ਜਨਮ ਦਿਨ ਪਾਰਟੀਆਂ, ਸਾਲਗਿਰਾ ਅਤੇ ਛੋਟੀਆਂ-ਵੱਡੀਆਂ ਪਾਰਟੀਆਂ ਲਈ ਵੈਜ ਅਤੇ ਨਾਨ-ਵੈਜੀਟੇਰੀਅਨ ਕੇਟਰਿੰਗ ਸਰਵਿਸ ਲੈਣ ਲਈ ਹਮੇਸ਼ਾਂ ਸਾਨੂੰ ਯਾਦ ਰੱਖੋ ।

ਅਸੀਂ ਸੁਆਦਿਸ਼ਟ ਗਰਮਾ-ਗਰਮ ਖਾਣਾ ਇੰਗਲੈਂਡ ਭਰ ਵਿੱਚ ਕਿਤੇ ਵੀ ਪਹੁੰਚਾ ਸਕਦੇ ਹਾਂ !!



ਅਸੀਂ ਤੁਹਾਡੇ ਆਰਡਰ ਮੁਤਾਬਕ ਮੋਤੀ ਚੂਰ ਦੇ ਲੱਡੂ, ਗੁਲਾਬ ਜਾਮੁਨ, ਬੇਸਨ, ਗਜ਼ਰੇਲਾ, ਬਰਫੀ ਅਤੇ ਹੋਰ ਤਰ੍ਹਾਂ-ਤਰ੍ਹਾਂ ਦੀ ਮਠਿਆਈ ਵਧੀਆ ਰੇਟਾਂ ਤੇ ਬਣਾ ਕੇ ਦਿੰਦੇ ਹਾਂ !!

100 ਸਮੋਸੇ - 20 ਪੌਂਡ ਦੇ, 100 ਸਪਰਿੰਗ ਰੋਲ - 25 ਪੌਂਡ ਦੇ ਪਰੌਂਠੇ, ਪਕੌੜੇ, ਨਮਕੀਨ ਅਤੇ ਮਠਿਆਈ ਲੈਣ ਲਈ ਅੱਜ ਹੀ ਮਿ: ਬਾਠ ਨੂੰ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ !!

ਅਸੀਂ ਛੋਟੀਆਂ-ਵੱਡੀਆਂ ਪਾਰਟੀਆਂ ਲਈ ਚਾਈਨਾ ਕਰੋਕਰੀ ਅਤੇ ਵੇਟਰ ਵੀ ਸਪਲਾਈ ਕਰਦੇ ਹਾਂ !!

*We Cater For Weddings, Parties, Anniversaries, Birthday Parties...etc... ANYWHERE IN UK*

CHINA CROCKERY AND WAITERING SERVICES AVAILABLE.

Bath CATERING SERVICES

*Unit 4, Sycamore Road Ind. Estate, Handsworth, Birmingham, B21 0QL*
*Contact: Mr Bath 07816 775630*
*Tel: 0121 532 8748 www.bathcatering.co.uk*



# ਭਰਤੀ ਹੋਣ ਆਏ ਪੰਜਾਬੀ ਗੱਭਰੂ ਹੰਭੇ

## ✪ 4000 'ਚੋਂ 600 ਹੀ ਅਗਲੇ ਰਾਊਂਡ 'ਚ ਪੁੱਜੇ

ਲੁਧਿਆਣਾ-ਅਣਖੀ ਜਵਾਨਾਂ ਲਈ ਦੁਨੀਆਂ ਭਰ 'ਚ ਮਸ਼ਹੂਰ ਪੰਜਾਬ ਦੇ ਜਵਾਨ ਹੁਣ ਹੰਭਣ ਲੱਗੇ ਪਏ ਹਨ। ਇਸ ਦੀ ਤਾਜ਼ਾ ਮਿਸਾਲ ਬੀਤੇ ਦਿਨੀਂ ਗੁਰੂ ਨਾਨਕ ਦੇਵ ਸਟੇਡੀਅਮ 'ਚ ਵੇਖਣ ਨੂੰ ਮਿਲੀ। ਫ਼ੌਜ ਦੀ ਖੁੱਲ੍ਹੀ ਭਰਤੀ ਰੈਲੀ 'ਚ 14 ਤੋਂ 18 ਫੀਸਦੀ ਨੌਜਵਾਨ 1600 ਮੀਟਰ ਦੀ ਦੌੜ ਅਤੇ ਫਿਜੀਕਲ ਟੈੱਸਟ 'ਚ ਹੀ ਫੇਲ੍ਹ ਹੋ ਗਏ।



ਬਹੁਤ ਹੀ ਥੋੜ੍ਹੇ ਜਵਾਨ ਅਜਿਹੇ ਰਹੇ, ਜਿਨ੍ਹਾਂ ਨੇ ਫਸਟ ਚੈਂਬਰ ਨੂੰ ਪਾਸ ਕੀਤਾ। ਇਹ ਚੈਂਬਰ ਉਨ੍ਹਾਂ ਲਈ ਸੀ, ਜੋ ਇਸ ਦੌੜ ਨੂੰ 5:40 ਮਿੰਟ 'ਚ ਪਾਰ ਕਰਦੇ। ਉਨ੍ਹਾਂ ਨੂੰ ਇਸ ਲਈ ਸਭ ਤੋਂ ਵੱਧ 60 ਅੰਕ ਦਿੱਤੇ ਜਾਂਦੇ ਹਨ। ਸੈਕਿੰਡ ਚੈਂਬਰ 'ਚ ਆਉਣ ਵਾਲਿਆਂ ਦੀ ਗਿਣਤੀ ਵੀ ਕੁਝ ਜ਼ਿਆਦਾ ਚੰਗੀ ਨਹੀਂ ਸੀ, ਇਹ ਉਨ੍ਹਾਂ ਲਈ ਰਿਜ਼ਰਵ ਹੈ, ਜੋ ਇਸ ਦੌੜ ਨੂੰ 5:41 ਤੋਂ ਲੈ ਕੇ 5:50 ਮਿੰਟ 'ਚ ਪਾਰ ਕਰਦੇ ਹਨ। ਉਨ੍ਹਾਂ ਨੂੰ 48 ਅੰਕ ਦਿੱਤੇ ਜਾਂਦੇ ਹਨ। ਅਜਿਹੇ ਜਵਾਨਾਂ ਦੀ ਗਿਣਤੀ ਬਰਾਬਰ ਅਤੇ ਉਸ ਤੋਂ ਕੁਝ ਵੱਧ ਰਹੀ, ਜਿਨ੍ਹਾਂ ਨੇ ਇਸ ਦੌੜ ਨੂੰ 6:20 ਮਿੰਟ ਤੋਂ ਘੱਟ ਸਮੇਂ 'ਚ ਪਾਰ ਕੀਤਾ।

ਦੱਸ ਦੇਈਏ ਕਿ ਇੱਕ ਗਰੁੱਪ 'ਚ ਇੱਕ ਹੀ ਸਮੇਂ 100 ਜਵਾਨਾਂ ਨੂੰ ਦੌੜਾਇਆ ਜਾ ਰਿਹਾ ਸੀ, ਪਰ 12 ਤੋਂ 15 ਹੀ ਜਵਾਨ ਇੰਨੇ ਸਮਰਥ ਦਿੱਸੇ, ਜੋ ਇਸ ਦੌੜ ਨੂੰ ਪੂਰਾ ਕਰ ਸਕੇ। ਇਨ੍ਹਾਂ 'ਚ 20 ਤੋਂ 25 ਪ੍ਰਤੀਸ਼ਤ ਜਵਾਨ ਤਾਂ ਪਹਿਲੇ ਜਾਂ ਦੂਸਰੇ ਰਾਊਂਡ 'ਚ ਹੀ ਬਾਹਰ ਹੋ ਗਏ। ਆਖਰੀ ਰਾਊਂਡ 'ਚ 50 ਪ੍ਰਤੀਸ਼ਤ ਜਵਾਨ ਪਹੁੰਚੇ, ਪਰ ਅੰਤ 'ਚ ਗਿਣਤੀ 12-15 ਹੀ ਰਹਿ ਗਈ। ਕੁਲ 4 ਹਜ਼ਾਰ ਜਵਾਨ ਪੁੱਜੇ, ਉਨ੍ਹਾਂ 'ਚੋਂ 700 ਪਹਿਲੇ ਰਾਊਂਡ 'ਚ ਬਾਹਰ ਹੋ ਗਏ, ਜਦਕਿ ਬਾਕੀ ਬਚੇ 3300 'ਚੋਂ 600 ਹੀ ਦੌੜ ਦਾ ਰਾਊਂਡ ਪਾਰ ਕਰਕੇ ਅਗਲੇ ਚਰਨ 'ਚ ਪੁੱਜੇ।

### ਅਭਿਆਸ ਨਹੀਂ ਰਿਹਾ

ਫ਼ੌਜ ਅਧਿਕਾਰੀਆਂ ਅਨੁਸਾਰ 1600 ਮੀਟਰ ਦੀ ਦੌੜ ਕੋਈ ਵੱਡਾ ਟਾਰਗੇਟ ਨਹੀਂ ਹੈ ਅਤੇ ਪੰਜਾਬ ਦਾ ਯੂਥ ਇਸ ਨੂੰ ਪਾਰ ਕਰਨ ਦੀ ਯੋਗਤਾ ਵੀ ਰੱਖਦਾ ਹੈ।

### ਪੰਜਾਬੀ ਨੌਜਵਾਨਾਂ ਦੀ ਸਿਹਤ ਚਿੰਤਾਜਨਕ

ਸਥਾਨਕ ਗੁਰੂ ਨਾਨਕ ਸਟੇਡੀਅਮ ਵਿਚ ਹੋ ਰਹੀ ਫੌਜੀ ਭਰਤੀ ਰੈਲੀ ਦੌਰਾਨ ਪੰਜਾਬ ਦੇ ਨੌਜਵਾਨਾਂ ਦੀ ਬਾਡੀ ਫਿਟਨੈੱਸ ਚਿੰਤਾਜਨਕ ਸਥਿਤੀ ਵਿਚ ਪਾਈ ਗਈ, 5500 ਨੌਜਵਾਨਾਂ 'ਚੋਂ ਸਿਰਫ਼ 650 ਨੌਜਵਾਨ ਮੈਡੀਕਲੀ ਫਿੱਟ ਪਾਏ ਗਏ। ਇਸ ਤਰ੍ਹਾਂ ਇਨ੍ਹਾਂ ਵਿਚ 12 ਫ਼ੀਸਦੀ ਨੌਜਵਾਨ ਹੀ ਸਿਹਤ ਦੇ ਤੌਰ 'ਤੇ ਤੰਦਰੁਸਤ ਪਾਏ ਗਏ।


3 FOR 1
ADVERTISING
YOUR ADVERT WILL APPEAR IN
* SOLD PAPER,
* FREE EDITION,
* AND ONLINE
Visit : www.punjabtimes.com
or Ring: 01332 372 851

Cosmetic Surgery
DR. B.P. SINGH
M.S. FIACCS, FIACS, FIAMS
BOARD CERTIFIED
COSMETIC SURGEON



Certified by : INTERNATIONAL BOARD OF COSMETIC SURGERY
ਕਾਸਮੈਟਿਕ ਸਰਜਰੀ ਰਾਹੀਂ ਮੋਟਾਪਾ ਘਟਾਓ, ਚਿਹਰਾ ਸੁੰਦਰ ਬਣਾਓ, ਸੁੰਦਰ ਫਿੱਗਰ ਬਣਾਓ ਅਤੇ ਲਟਕਦੀਆਂ ਛੋਟੀਆਂ, ਵੱਡੀਆਂ ਛਾਤੀਆਂ ਦਾ ਪੱਕਾ ਇਲਾਜ ਕਰਵਾਓ।
ਗੰਜੇਪਨ ਦੇ ਪੱਕੇ ਇਲਾਜ ਲਈ ਹੇਅਰ ਟਰਾਂਸਪਲਾਂਟ ਸਰਜਰੀ ਕਰਵਾਓ।
★ Liposuction ★ Tummy Tuck ★ Obesity
★ Breast ★ Nose ★ Face ★ Asymmetry
★ Genitals ★ Lift Procedures
We Provide Pick-up
Nearest International Airports (AMRITSAR ★ DELHI)
CENTRE FOR LASER COSMETIC SURGERY
261, MOTA SINGH NAGAR, JALANDHAR (PB) INDIA
PHONE : 91 181 2224228, 2223376
MOBILE : 91 98142 18261
E-mail : singhbp@vsnl.net. : drbpsingh@cosmeticsurgerybp.net
Website : www.cosmeticsurgerybp.net
TOTAL BODY SHAPING

ਬ੍ਰਮਿੰਘਮ ਇਲਾਕੇ ਦੇ ਮਸ਼ਹੂਰ ਅਤੇ ਤਜ਼ਰਬੇਕਾਰ ਬਿਲਡਰ
CHOHAN BUILDERS
Specialists in: New Extensions, Double Glazing, Block Paving, Carpentry, Bathrooms, Kitchens, Slabing, Decorating & Plastering.
FMB
* ਨਵਾਂ ਘਰ ਤਿਆਰ ਕਰਵਾਉਣਾ ਹੋਵੇ
* ਹਰ ਤਰ੍ਹਾਂ ਦੀ ਰਿਪੇਅਰ * ਸਸਪੈਂਡਿਡ ਸੀਲਿੰਗ
* ਡੈਂਪ ਪਰੂਫ ਕਰਨ * ਕਿਚਨ ਫਿਟਿੰਗ
* ਰੀ-ਵਾਇਰਿੰਗ * ਪਲਾਸਟਰਿੰਗ * ਐਕਸਟੈਂਸ਼ਨ
* ਰੂਫਿੰਗ ਜਾਂ ਹੋਰ ਕਿਸੇ ਵੀ ਤਰ੍ਹਾਂ ਦਾ ਬਿਲਡਿੰਗ ਵਰਕ ਕਰਵਾਉਣ ਲਈ ਹਮੇਸ਼ਾਂ ਸਾਨੂੰ ਯਾਦ ਰੱਖੋ !




ਕੰਮ ਵਧੀਆ, ਭਰੋਸੇਯੋਗ ਅਤੇ ਦਿੱਤੇ ਸਮੇਂ ਅਨੁਸਾਰ ਖ਼ਤਮ ਹੁੰਦਾ ਹੈ!
For Free Estimate Ring Rashpal Chohan on
07830 113273 or 07737 127156
Email: chohanbuilders@hotmail.co.uk
VS

ਆਯੁਰਵੈਦਿਕ ਅਤੇ ਯੂਨਾਨੀ ਖਾਨਦਾਨੀ, ਚਾਰ ਪੁਸ਼ਤੀ ਵੈਦਾਂ ਦੇ ਆਯੁਰਵੈਦਿਕ ਯੋਗਤਾ ਪ੍ਰਾਪਤ ਦੁਨੀਆਂ ਵਿਚ ਜਾਣੇ ਪਛਾਣੇ
ਵੈਦ ਨਰਿੰਦਰ ਪਾਲ ਕੈੜਾ
ਸਪੁੱਤਰ ਨੂਰੇ-ਹਿਕਮਤ ਹਕੀਮ ਸੁਦਰਸ਼ਨ ਲਾਲ
ਤਲੀ 'ਤੇ ਸਰ੍ਹੋਂ ਜਮਾਓ-ਤਾਕਤ, ਸਿਹਤ ਅਤੇ ਜਵਾਨੀ
ਸ਼ਾਦੀ ਤੋਂ ਪਹਿਲਾਂ ਜਾਂ ਸ਼ਾਦੀ ਤੋਂ ਬਾਅਦ ਹਰ ਉਮਰ ਵਿਚ ਹਾਸਲ ਕਰੋ।



ਹਕੀਮ ਸੁਦਰਸ਼ਨ ਲਾਲ



ਵੈਦ ਨਰਿੰਦਰ ਪਾਲ ਕੈੜਾ

ਕੀ ਤੁਸੀਂ ਪ੍ਰੇਸ਼ਾਨ ਹੋ ? ਤੁਸੀਂ ਪੈਸਾ ਅਤੇ ਸਮਾਂ ਬਰਬਾਦ ਕੀਤਾ ਹੈ। ਤੁਸੀਂ ਵੱਡੇ-ਵੱਡੇ ਇਸ਼ਤਿਹਾਰਬਾਜ਼ਾਂ ਅਤੇ ਵੱਡੇ-ਵੱਡੇ ਦਵਾਖਾਨਿਆਂ ਤੋਂ ਇਲਾਜ ਕਰਵਾ ਚੁੱਕੇ ਹੋ? ਤੁਸੀਂ ਸਿਲਾ-ਚਾਂਦੀ ਵਾਲੀਆਂ ਦਵਾਈਆਂ ਖਾ ਚੁੱਕੇ ਹੋ। ਤੁਸੀਂ ਵੱਡੇ-ਵੱਡੇ ਸ਼ਹਿਨਸ਼ਾਹੀ ਅਤੇ ਬਾਦਸ਼ਾਹੀ ਇਲਾਜ ਕਰਵਾਏ। ਫਿਰ ਵੀ ਤੁਸੀਂ ਆਪਣੀ ਬਿਮਾਰੀ ਤੋਂ ਪ੍ਰੇਸ਼ਾਨ ਹੋ? ਘਬਰਾਉਣ ਦੀ ਲੋੜ ਨਹੀਂ।
ਚਿੰਤਾ ਨਾ ਕਰੋ! ਦੁਨੀਆਂ ਸਾਨੂੰ ਮੰਨਦੀ ਹੈ। ਅਸੀਂ ਸਿਰਫ਼ ਉਨ੍ਹਾਂ ਰੋਗਾਂ ਦਾ ਇਲਾਜ ਕਰਦੇ ਹਾਂ ਜਿਸ ਨੂੰ ਅਸੀਂ ਠੀਕ ਕਰ ਸਕਦੇ ਹਾਂ। ਆਪਣੀ ਗੁਪਤ ਬਿਮਾਰੀ ਨੂੰ ਲੁਕਾ ਕੇ ਆਪਣੇ ਜੀਵਨ ਸਾਥੀ ਦੀਆਂ ਖੁਸ਼ੀਆਂ ਅਤੇ ਜਵਾਨੀ ਬਰਬਾਦ ਨਾ ਕਰੋ। ਅੱਜ ਹੀ ਖਾਨਦਾਨੀ ਵੈਦ ਜੀ ਨੂੰ ਜੀਵਨ ਦੇ ਪੂਰੇ ਹਾਲਾਤ ਪੱਤਰ ਰਾਹੀਂ ਜਾਂ ਫੋਨ ਰਾਹੀਂ ਦੱਸੋ ਅਤੇ ਆਪਣੀ ਜ਼ਿੰਦਗੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ।
ਪੁਰਸ਼ਾਂ ਦੇ ਗੁਪਤ ਰੋਗ : ਧਾਂਤ, ਸੁਪਨ-ਦੋਸ਼, ਬਚਪਨ ਦੀਆਂ ਗਲਤੀਆਂ, ਹਸਤਮੈਥੁਨ, ਨਾਮਰਦੀ, ਗਲਤ ਔਰਤਾਂ ਦੀ ਸੰਗਤ, ਆਤਸ਼ਕ, ਸਿਜ, ਗਰਮੀ, ਪਿਸ਼ਾਬ ਰੋਗ, ਜਲਨ, ਜਵਾਨੀ ਵਿਚ ਬੁਢਾਪਾ, ਨਸਾਂ 'ਚ ਖਿੱਚਾਪਨ, ਜਲਦੀ ਪਤਨ ਅਤੇ ਉਹ ਰੋਗ ਜਿਨ੍ਹਾਂ ਕਰਕੇ ਆਪਣੇ ਜੀਵਨ ਸਾਥੀ ਤੋਂ ਸ਼ਰਮਿੰਦਗੀ ਉਠਾਉਣੀ ਪੈਂਦੀ ਹੈ।
ਬੇ-ਔਲਾਦ ਮਿਲੋ : ਵੀਰਜ 'ਚ ਸ਼ੁਕਰਾਣੂ ਨਾ ਹੋਣਾ ਜਾਂ ਘੱਟ ਹੋਣਾ, ਧਾਤ ਸੈੱਲ ਜਾਂ ਵੀਰਜ ਪਤਲਾ ਹੋਣ ਦਾ ਵਧੀਆ ਇਲਾਜ, ਜਿਨ੍ਹਾਂ ਦੇ ਇਕ ਬੱਚਾ ਹੋਣ ਦੇ ਬਾਅਦ ਦੂਜਾ ਬੱਚਾ ਨਾ ਹੋਣਾ, ਉਨ੍ਹਾਂ ਦੇ ਇਲਾਜ ਲਈ ਮਿਲੋ ਜਾਂ ਲਿਖੋ।
ਮੋਬਾਇਲ ਨੰਬਰ 98143-51025
ਕੈੜਾ ਦਵਾਖਾਨਾ (ਰਜਿ.)
ਸਾਹਮਣੇ ਐਸ.ਡੀ. ਕਾਲਜ ਫਾਰ ਵੂਮੈਨ, ਮੁਹੱਲਾ ਗੋਬਿੰਦਗੜ੍ਹ ਰੋਡ, ਜਲੰਧਰ-144 001 ਪੰਜਾਬ (ਭਾਰਤ)
ਫੋਨ ਰਾਹੀਂ ਤੁਸੀਂ ਜਦੋਂ ਵੀ ਚਾਹੋ ਗੱਲ ਕਰੋ। ਫੋਨ ਨੰਬਰ 0181-2230502
ਨੋਟ - ਦਵਾਈ ਦੇਸ਼, ਵਿਦੇਸ਼ਾਂ 'ਚ ਭੇਜਣ ਦਾ ਖਾਸ ਪ੍ਰਬੰਧ ਹੈ। ਐਮਰਜੈਂਸੀ ਵਿਚ ਦਵਾਈ ਕੋਰੀਅਰ ਰਾਹੀਂ ਵੀ ਭੇਜੀ ਜਾਂਦੀ ਹੈ।

# ਐਨ ਆਰ ਆਈ ਕੰਪਲੈਕਸ ਫ਼ਗਵਾੜਾ ਵਿਖੇ ਚੰਡੀਗੜ੍ਹ ਹਾਈਵੇ ਉੱਤੇ ਕੋਠੀ ਜਾਂ ਪਲਾਟ ਲੈਣ ਲਈ ਸੁਨਹਿਰੀ ਮੌਕਾ

**BUY A PLOT OR A MODERN NEW KOTHEE (HOUSE) AT THE EXCLUSIVE GATED NRI COMPLEX, A FEW KM. OUTSIDE PHAGWARA, JUST OFF THE PHAGWARA – CHANDIGARH HIGHWAY NH 23A, PANJAB FOR YOUR TOURIST VISITS/ WEDDING TRIPS/ BUSINESS TRIPS/ FARMING TRIPS TO PANJAB. LIVE IN A SAFE AND SECURE AREA.**





**This is a unique opportunity for NRIs living abroad in USA, Canada, UK, Europe, and Australasia.**

**The NRI complex offers the following features:-**

1. NRIs living abroad can buy a plot or have a kothee built or purchase an already newly built kothee.

2. Each kothee provides 4 bedrooms with each having en-suite bathrooms/showers and western toilets, car parking space, modern kitchen units and fittings. Television with satellite world-wide channels can be readily purchased for your family.

3. Park for children to play in.

4. Internet computer facilities for your personal, family, and business needs, so that you can stay in touch with your friends and the rest of the world.

5. Amritsar international airport is only 2 hours drive away, and our taxi/driver can pick-up/drop you off, giving you door to door security which is essential for NRIs. Chandigarh and Chandigarh Airport/ Anandpur Sahib are only 2 hours drive away, and Jalandhar/ Nakodar/ Kapurthala/ Banga / Nawansher/ Goraya are nearby. Phagwara railway station is only 6 km from the NRI complex, and there is a direct Shatabadi air-conditioned modern train service from Delhi to Phagwara. Good medical and hospital facilities are nearby.

6. The whole NRI Complex is protected by a 7 ft high boundary wall, with one gate access control for security, and closed circuit cameras monitoring and recording all the time around the whole complex. Entrance/Exit to the NRI Complex is controlled by security guards through the one gate 24 hours a day, with regular guard dog patrols during the night. Only authorised persons are allowed entry into the NRI complex.

7. The NRI complex is owned and managed by NRIs living in the UK, who fully understand your needs and values.

8. Enjoy the company of NRIs from other overseas countries within the safe and secure complex; we have already sold kothees to NRIs from the UK, Canada, Australia, The NRI Complex is modern, clean and tidy, with no open sewers, pollution, dirty water ponds, rubbish tips (which are often sources of potential disease), noisy neighbours, etc. typically found in many villages and towns.

ਫ਼ਗਵਾੜਾ – ਚੰਡੀਗੜ੍ਹ ਹਾਈਵੇ ਐਨ ਐਚ 23ਏ ਦੇ ਨੇੜੇ ਐਨ ਆਰ ਆਈ ਕੰਪਲੈਕਸ ਵਿਚ ਪਲਾਟ, ਨਵੀਂ ਮਾਡਰਨ ਕੋਠੀ ਜਾਂ ਘਰ ਖਰੀਦਣ ਲਈ ਸੁਹਾਵਣਾ ਮੌਕਾ, ਜਿੱਥੇ ਤੁਸੀਂ ਆਪਣੀ ਯਾਤਰਾ ਦੌਰਾਨ ਸੁਰੱਖਿਅਤ ਮਹਿਸੂਸ ਕਰੋਗੇ ।

**ਯੂ ਕੇ, ਅਮਰੀਕਾ, ਕੈਨੇਡਾ, ਯੂਰਪ ਅਤੇ ਆਸਟ੍ਰੇਲੀਆ ਵਿਚ ਰਹਿ ਰਹੇ ਪ੍ਰਵਾਸੀ ਭਾਰਤੀਆਂ ਲਈ ਵਿਲੱਖਣ ਮੌਕਾ ਹੈ ।**





## ਐਨ ਆਰ ਆਈ ਕੰਪਲੈਕਸ ਵਿਚ ਮਿਲਣ ਵਾਲੀਆਂ ਸਹੂਲਤਾਂ:

1) ਵਿਦੇਸ਼ ਵਿਚ ਰਹਿ ਰਹੇ ਭਾਰਤੀ ਇਥੇ ਪਲਾਟ ਖਰੀਦ ਕੇ ਨਵੀਂ ਕੋਠੀ ਬਣਾ ਸਕਦੇ ਹਨ, ਜਾਂ ਬਣੀ ਬਣਾਈ ਨਵੀਂ ਕੋਠੀ ਖਰੀਦ ਸਕਦੇ ਹਨ ।

2) ਸਾਰੀਆਂ ਕੋਠੀਆਂ 'ਚ 4 ਬੈੱਡ ਰੂਮ ਹਨ, ਜਿਨ੍ਹਾਂ 'ਚ ਬਾਥਰੂਮ/ਸ਼ਾਵਰ ਬਣੇ ਹੋਏ ਅਤੇ ਪੱਛਮੀ ਮੁਲਕਾਂ ਵਰਗੀਆਂ ਟੋਇਲਟਾਂ, ਕਾਰ ਪਾਰਕਿੰਗ ਦੀ ਥਾਂ, ਨਵੀਨ ਰਸੋਈ ਦੀਆਂ ਯੂਨਿਟਾਂ ਫਿੱਟ ਹਨ। ਆਪਣੇ ਪਰਿਵਾਰ ਲਈ ਦੁਨੀਆ ਭਰ ਦੇ ਚੈਨਲਾਂ ਵਾਲਾ ਟੈਲੀਵਿਜ਼ਨ ਸੈਟੇਲਾਈਟ ਤਿਆਰ ਬਰ ਤਿਆਰ ਖਰੀਦ ਸਕਦੇ ਹੋ ।

3) ਬੱਚਿਆਂ ਦੇ ਖੇਡਣ ਲਈ ਪਾਰਕ ।

4) ਤੁਹਾਡੀਆਂ ਨਿੱਜੀ, ਪਰਿਵਾਰਕ ਅਤੇ ਕਾਰੋਬਾਰ ਦੀਆਂ ਲੋੜਾਂ ਲਈ ਕੰਪਿਊਟਰ ਦੀ ਸਹੂਲਤ ਹੈ, ਜਿਸ ਨਾਲ ਤੁਸੀਂ ਆਪਣੇ ਮਿੱਤਰਾਂ ਅਤੇ ਦੁਨੀਆ ਨਾਲ ਸੰਪਰਕ ਰੱਖ ਸਕਦੇ ਹੋ ।

5) ਅੰਮ੍ਰਿਤਸਰ ਇੰਟਰਨੈਸ਼ਨਲ ਹਵਾਈ ਅੱਡੇ ਤੱਕ ਇਥੋਂ ਕੇਵਲ 2 ਘੰਟੇ ਦਾ ਸਫ਼ਰ ਹੈ, ਸਾਡਾ ਟੈਕਸੀ ਡਰਾਈਵਰ ਤੁਹਾਨੂੰ ਜਦੋਂ ਚਾਹੋ ਉਥੋਂ ਲਿਆ ਤੇ ਛੱਡ ਸਕਦੇ ਹਨ । ਇਸ ਨਾਲ ਤੁਹਾਨੂੰ ਪੂਰੀ ਸੁਰੱਖਿਆ ਮਿਲੇਗੀ, ਜਿਸ ਦੀ ਪ੍ਰਵਾਸੀ ਭਾਰਤੀਆਂ ਨੂੰ ਲੋੜ ਹੁੰਦੀ ਹੈ । ਚੰਡੀਗੜ੍ਹ/ ਚੰਡੀਗੜ੍ਹ ਹਵਾਈ ਅੱਡਾ ਅਤੇ ਸ੍ਰੀ ਅਨੰਦਪੁਰ ਸਾਹਿਬ ਵੀ ਇਥੋਂ 2 ਘੰਟੇ ਦਾ ਹੀ ਸਫ਼ਰ ਹੈ । ਜਲੰਧਰ, ਨਕੋਦਰ, ਕਪੂਰਥਲਾ, ਬੰਗਾ, ਨਵਾਂਸ਼ਹਿਰ ਅਤੇ ਗੋਰਾਇਆਂ ਵੀ ਇਥੋਂ ਨੇੜੇ ਹੀ ਹਨ । ਫਗਵਾੜਾ ਦਾ ਰੇਲਵੇ ਸਟੇਸ਼ਨ ਐਨ ਆਰ ਆਈ ਕੰਪਲੈਕਸ ਤੋਂ ਕੇਵਲ 6 ਕਿਲੋਮੀਟਰ ਦੂਰ ਹੈ ਅਤੇ ਉਥੇ ਦਿੱਲੀ ਤੋਂ ਫਗਵਾੜਾ ਤੱਕ ਸ਼ਤਾਬਦੀ ਏਅਰ-ਕੰਡੀਸ਼ਨਡ (ਵਾਤਾਨਕੂਲ ਰੇਲ) ਦੀ ਸੇਵਾ ਹੈ । ਇਥੇ ਨੇੜੇ ਹੀ ਸਿਹਤ ਸਬੰਧੀ ਹਸਪਤਾਲ ਦੀਆਂ ਸਹੂਲਤਾਂ ਵੀ ਹਨ ।

6) ਐਨ ਆਰ ਆਈ ਕੰਪਲੈਕਸ ਦੇ ਦੁਆਲੇ 7 ਫੁੱਟ ਉੱਚੀ ਚਾਰ ਦੀਵਾਰੀ (ਕੰਧ) ਬਣੀ ਹੋਈ ਹੈ, ਜਿਸ ਦੇ ਇਕੋ ਫਾਟਕ ਉੱਤੇ ਸੁਰੱਖਿਆ ਗਾਰਡ ਦਾ ਪ੍ਰਬੰਧ ਹੈ ਅਤੇ ਇਸ ਦੇ ਇਲਾਵਾ ਸਾਰੇ ਕੰਪਲੈਕਸ ਵਿਚ ਸੁਰੱਖਿਆ ਕੈਮਰੇ ਲੱਗੇ ਹੋਏ ਹਨ, ਜਿਹਨਾਂ ਦੀ ਹਰ ਵੇਲੇ ਰਿਕਾਰਡਿੰਗ ਹੁੰਦੀ ਹੈ । ਇਥੇ ਹਰ ਆਉਣ ਜਾਣ ਵਾਲੇ ਫਾਟਕ ਤੇ ਗਾਰਡ 24 ਘੰਟੇ ਰਾਖੀ ਕਰਦਾ ਹੈ, ਇਸ ਤੋਂ ਬਿਨਾ ਰਾਤ ਨੂੰ ਕੁੱਤੇ ਸਮੇਤ ਗਾਰਡ ਰਾਖੀ ਕਰਦਾ ਹੈ । ਕੇਵਲ ਉਹ ਲੋਕ ਹੀ ਇਥੇ ਆ ਸਕਦੇ ਹਨ, ਜਿਨ੍ਹਾਂ ਨੂੰ ਇਥੇ ਆਉਣ ਦੀ ਆਗਿਆ ਹੋਵੇ ।

7) ਐਨ ਆਰ ਆਈ ਕੰਪਲੈਕਸ ਯੂ ਕੇ ਵਿਚ ਰਹਿਣ ਵਾਲੇ ਪ੍ਰਵਾਸੀ ਭਾਰਤੀਆਂ ਵੱਲੋਂ ਬਣਾਇਆ ਗਿਆ ਹੈ, ਜਿਹੜੀਆਂ ਤੁਹਾਡੀਆਂ ਸੁੱਖ ਸਹੂਲਤਾਂ ਅਤੇ ਕਦਰਾਂ ਕੀਮਤਾਂ ਤੋਂ ਜਾਣੂ ਹਨ ।

8) ਇਸ ਸੁਰੱਖਿਅਤ ਕੰਪਲੈਕਸ ਵਿਚ ਹੋਰ ਦੇਸ਼ਾਂ ਵਿਚ ਰਹਿਣ ਵਾਲੇ ਭਾਰਤੀਆਂ ਦੀ ਸੰਗਤ ਵੀ ਮਾਣ ਸਕਦੇ ਹੋ, ਇਥੇ ਪਹਿਲਾਂ ਹੀ ਯੂ ਕੇ, ਕੈਨੇਡਾ, ਆਸਟ੍ਰੇਲੀਆ ਅਤੇ ਹੋਰ ਕਈ ਦੇਸ਼ਾਂ 'ਚ ਰਹਿਣ ਵਾਲੇ ਭਾਰਤੀਆਂ ਨੂੰ ਕੋਠੀਆਂ ਵੇਚੀਆਂ ਜਾ ਚੁੱਕੀਆਂ ਹਨ ।

9) ਇਹ ਐਨ ਆਰ ਆਈ ਕੰਪਲੈਕਸ, ਨਵੀਨ, ਸਾਫ਼ ਸੁੱਥਰਾ, ਅੰਡਰ ਗਰਾਊਂਡ ਸੀਵਰੇਜ਼ ਹਨ। ਇਥੇ ਆਮ ਪਿੰਡਾਂ ਤੇ ਸ਼ਹਿਰਾਂ ਵਾਂਗ ਕੋਈ ਗੰਦਗੀ, ਗੰਦੇ ਪਾਣੀ ਦਾ ਛੱਪੜ, ਕੂੜੇ ਦੇ ਢੇਰ ਅਤੇ ਰੌਲਾ ਰੱਪਾ ਜਿਸ ਨਾਲ ਬਿਮਾਰੀਆਂ ਹੋਣ ਦਾ ਡਰ ਰਹਿੰਦਾ ਹੈ ਇਥੇ ਐਸਾ ਕੁਝ ਵੀ ਨਹੀਂ ਹੈ ।

## For further details and bookings, please contact the following:-

**Avtar Singh Azad - India 00-91-9872-458244 or 00-91-7508-802789**
**- or in UK 07940 – 336 202 avtarazad@yahoo.co.uk**
**Kashmir Singh LL.B, LL.M - UK 07721 – 507055 kashmir_singh@btopenworld.com**
**Pandit Gopal Aerry - UK 0121-559-7542 / or in India 00-91-7355-366019**

# ਹੁਣ ਆਏਗਾ ਪੇਪਰ ਟੈਬਲੇਟ



ਲੰਡਨ-ਵੱਡੇ ਤੇ ਭਾਰੀ ਡੈਸਕ ਟਾਪ ਕੰਪਿਊਟਰ ਦੀ ਥਾਂ ਲੈ ਚੁੱਕੇ ਲੈਪਟਾਪ ਵੀ ਆਉਣ ਵਾਲੇ ਕੁਝ ਸਾਲਾਂ 'ਚ ਗੁਜ਼ਰੇ ਜ਼ਮਾਨੇ ਦੀਆਂ ਚੀਜ਼ਾਂ 'ਚ ਸ਼ੁਮਾਰ ਹੋ ਜਾਣਗੇ। ਸੋਧ ਕਰਤਾਵਾਂ ਨੇ ਇੱਕ ਕ੍ਰਾਂਤੀਕਾਰੀ ਟੈਬਲੇਟ ਸਕਰੀਨ ਵਿਕਸਿਤ ਕੀਤੀ ਹੈ। ਖ਼ਾਸ ਗੱਲ ਇਹ ਹੈ ਕਿ ਇਹ ਟੈਬਲੇਟ ਪੇਪਰ ਦੀ ਇੱਕ ਸ਼ੀਟ ਜਿੰਨਾ ਪਤਲਾ ਹੈ। ਇਸ ਨੂੰ ਮੋੜ ਕੇ, ਬਿਨਾਂ ਕਿਸੇ ਨੁਕਸਾਨ ਦੇ ਰੱਖਿਆ ਜਾ ਸਕਦਾ ਹੈ ਤੇ ਸੰਭਵ ਹੈ ਕਿ ਆਉਣ ਵਾਲੇ ਪੰਜ ਸਾਲ 'ਚ ਇਹ ਲੈਪਟਾਪ ਦੀ ਥਾਂ ਲੈ ਲਵੇ। ਕੈਨੇਡਾ 'ਚ ਇਸ ਨੂੰ ਕਵੀਂਸ ਯੂਨੀਵਰਸਿਟੀ ਦੇ ਸੋਧ ਕਰਤਾਵਾਂ ਨੇ ਪਲਾਸਟਿਕ ਲਾਜਿਕ ਐਂਡ ਇੰਟਲ ਲੈਬਸ ਦੇ ਸਹਿਯੋਗ ਨਾਲ ਵਿਕਸਿਤ ਕੀਤਾ ਹੈ। ਇਸ ਟੈਬਲੇਟ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਹੈ ਕਿ ਇਹ ਮੋੜਨ 'ਤੇ ਵੀ ਟੁੱਟਦਾ ਨਹੀਂ ਹੈ ਤੇ ਪੇਪਰ ਵਾਂਗ ਪਤਲਾ ਹੈ।

ਟੈਬਲੇਟ 'ਚ 10.7 ਇੰਚ ਦਾ ਡਿਸਪਲੇ ਹੈ, ਜਿਸ ਨੂੰ ਪਲਾਸਟਿਕ ਲਾਜਿਕ ਨੇ ਤਿਆਰ ਕੀਤਾ ਹੈ। ਫਲੈਕਸੀਬਲ ਟਚ ਸਕਰੀਨ ਵਾਲਾ ਇਹ ਟੈਬਲੇਟ ਇੰਟਲ ਕੋਰ ਟੀਐੱਮ ਆਈਲ ਪ੍ਰੋਸੈਸਰ ਨਾਲ ਚੱਲਦਾ ਹੈ। ਪਲਾਸਟਿਕ ਲਾਜਿਕ ਦੇ ਸੀਈਓ ਇੰਦਰੋ ਮੁਖਰਜੀ ਮੁਤਾਬਿਕ ਫਲੈਕਸੀਬਲ ਟਚ ਸਕਰੀਨ ਵਾਲਾ ਇਹ ਟੈਬਲੇਟ ਆਪਣੇ ਵਰਗਾ ਪਹਿਲਾ ਟੈਬਲੇਟ ਹੈ। ਸੋਧਕਰਤਾ ਇਸ ਨੂੰ ਇਸ ਹਫ਼ਤੇ ਤੋਂ ਬਾਅਦ ਲਾਸ ਵੇਗਾਸ 'ਚ ਕੰਜ਼ਿਊਮਰ ਇਲੈਕਟ੍ਰਾਨਿਕਸ ਸ਼ੋਅ ਦੌਰਾਨ ਲਾਂਚ ਕਰਨ ਦੀ ਯੋਜਨਾ ਬਣਾ ਰਹੇ ਹਨ।


ਟੋਰਾਂਟੋ ਜਾਣ ਲਈ ਸਪੈਸ਼ਲ ਕਿਰਾਇਆ
SPECIAL FARES AVAILABLE FOR
CANADA-TORONTO
TEL: 01634 352 863

ਅਤਿ-ਆਧੁਨਿਕ ਲੈਸਿਕ ਲੇਜ਼ਰ ਨਾਲ
ਐਨਕਾਂ ਤੋਂ ਛੁਟਕਾਰਾ

ਬਿਨਾਂ ਟੀਕਾ, ਟਾਂਕਾ, ਪੱਟੀ, ਦਾਖਲਾ, ਫੇਕੋ ਨਾਲ, ਚਿੱਟੇ ਮੋਤੀਏ ਦੇ ਲੈਂਜ਼ ਵਾਲੇ ਅਪਰੇਸ਼ਨ ਰੋਜ਼ਾਨਾ, ਟੀਰ (ਭੈਂਗਾਪਨ), ਕਾਲਾ ਮੋਤੀਆ, ਪੁਤਲੀ ਦਾ ਬਦਲਣਾ, ਹੋਰ ਅੱਖਾਂ ਦੀਆਂ ਬੀਮਾਰੀਆਂ ਦਾ ਇਲਾਜ ਅਤੇ ਅਪਰੇਸ਼ਨ ਅਤਿ-ਆਧੁਨਿਕ ਮਸ਼ੀਨਾਂ ਰਾਹੀਂ ਕੀਤੇ ਜਾਂਦੇ ਹਨ।

ਇਨ੍ਹਾਂ ਤਸਵੀਰਾਂ ਨੂੰ ਦੇਖ ਕੇ ਹੈਰਾਨ ਨਾ ਹੋਵੋ ਅਕਾਲ ਆਈ ਹਸਪਤਾਲ ਵਿੱਚ ਕੌਮਾਂਤਰੀ ਪੱਧਰ ਦੀਆਂ ਹਰ ਤਰ੍ਹਾਂ ਦੀਆਂ ਤਕਨੀਕਾਂ ਪਹੁੰਚ ਚੁੱਕੀਆਂ ਹਨ, ਜਿਨ੍ਹਾਂ ਨਾਲ ਅੱਖਾਂ 'ਤੇ ਚਿਹਰੇ ਨੂੰ ਸੁੰਦਰ ਬਣਾਇਆ ਜਾ ਸਕਦਾ ਹੈ। ਤੁਹਾਡੀ ਅੱਖ ਨੂੰ ਸੋਹਣਾ ਅਤੇ ਦੂਜੀ ਅੱਖ ਵਰਗਾ ਬਣਾਇਆ ਜਾ ਸਕਦਾ ਹੈ। ਉਸ ਲਈ ਸਾਡੇ ਨਾਲ ਸੰਪਰਕ ਰੱਖੋ। ਜਿਹੜੀ ਅੱਖ ਤੁਹਾਨੂੰ ਬਹੁਤ ਮਿਹਨਤ ਤੋਂ ਬਾਅਦ ਬਣਾ ਕੇ ਦਿੱਤੀ ਜਾਵੇਗੀ, ਉਸ ਨੂੰ ਤੁਸੀਂ ਮਹੀਨਿਆਂ ਬੱਧੀ ਬਿਨਾਂ ਕੱਢਿਆਂ ਰੱਖ ਸਕੋਗੇ। ਇਲਾਜ ਲਈ ਆਉਣ ਤੋਂ ਪਹਿਲਾਂ ਤੁਸੀਂ ਟੈਲੀਫੋਨ 'ਤੇ ਸੰਪਰਕ ਜ਼ਰੂਰ ਕਰੋ ਤਾਂ ਜੋ ਅਸੀਂ ਤੁਹਾਡੀ ਪੂਰੀ ਦੇਖਭਾਲ ਦਾ ਇੰਤਜ਼ਾਮ ਕਰ ਸਕੀਏ।

ਆਪ੍ਰੇਸ਼ਨ ਤੋਂ ਪਹਿਲਾਂ ਅਤੇ ਬਾਅਦ ਦੀਆਂ ਤਸਵੀਰਾਂ



ਡਾ. ਬਲਬੀਰ ਸਿੰਘ ਭੌਰਾ M.S. (ophth)
+91-91181-50955
+91-98141-78867


ਅਕਾਲ ਅੱਖਾਂ ਦਾ ਹਸਪਤਾਲ
ਅਤੇ ਲੈਸਿਕ ਲੇਜ਼ਰ ਸੈਂਟਰ

606-ਆਰ, ਮਾਲ ਰੋਡ, ਮਾਡਲ ਟਾਊਨ, ਜਲੰਧਰ।
ਫੋਨ : 0181-2273606 ਫੈਕਸ +91-181-2461606
Web : www.akaleyehospital.com e-mail : akaleyejal@yahoo.co.in

ਨੋਟ-ਐਨ.ਆਰ.ਆਈ. ਆਪਣੇ ਪਿੰਡਾਂ ਵਿੱਚ ਅੱਖਾਂ ਦਾ ਚੈਕਅੱਪ ਕੈਂਪ ਲਗਾਉਣ ਲਈ ਸੰਪਰਕ ਕਰਨ। ਸੇਵਾ ਨੂੰ ਮੁੱਖ ਰੱਖਦਿਆਂ ਮੈਡੀਕਲ ਕੈਂਪ ਤੇ ਆਪਰੇਸ਼ਨ ਬਹੁਤ ਘੱਟ ਰੇਟ 'ਤੇ ਉੱਚ ਤਕਨੀਕ ਨਾਲ ਕੀਤੇ ਜਾਂਦੇ ਹਨ।

ਐਨ. ਆਰ. ਆਈ. ਟੈਲੀਫੋਨ 'ਤੇ ਸੰਪਰਕ ਕਰਕੇ ਸਮਾਂ ਲੈ ਸਕਦੇ ਹਨ।

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟ ਸੂਈਟ
www.kingswaybanqueting.com
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ 200 ਮਹਿਮਾਨਾਂ ਤੱਕ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ ਉਮਰਾਓ ਅਟਵਾਲ ਦੇ 35 ਸਾਲਾ ਤਜ਼ਰਬੇ ਦਾ ਲਾਭ ਉਠਾਓ !!
ਯੂ. ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ



ਸ. ਉਮਰਾਓ ਅਟਵਾਲ


KINGSWAY BANQUETING SUITE
270-272 BATH ROAD, HOUNSLOW, MIDDLESE, TW4 7DF.
(OPP. HOUNSLOW WEST TUBE STATION)
TEL: 020 8570 8351 M: 07956 322 808
Email: enquiries@kingswaybanqueting.com, www.kingswaybanqueting.com


ਸਾਰੇ ਬੁੱਧੀਜੀਵੀਆਂ ਅਤੇ ਸਿਆਣੇ ਪਾਠਕਾਂ ਨੂੰ ਬੇਨਤੀ ਹੈ ਕਿ ਆਪਣੇ ਸੁਝਾਅ ਪੰਜਾਬ ਟਾਈਮਜ਼ ਨੂੰ ਲਿਖ ਕੇ ਘੱਲੋ ਕਿ ਪੰਜਾਬੀਆਂ ਨੂੰ ਕਾਲੇ ਇਲਮ ਵਾਲੇ ਝੂਠੇ ਬਾਬਿਆਂ ਤੋਂ ਕਿਵੇਂ ਬਚਾਇਆ ਜਾਵੇ।





ਮਰਦਾਨਾ ਕਮਜ਼ੋਰੀ
ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ
E-mail :- shweat077@yahoo.com
www.surajvanshipharmacy.com
ਅਸਰ 3 ਦਿਨਾਂ ਤੋਂ ਸ਼ੁਰੂ
ਬੁਢਾਪੇ 'ਚ ਜਵਾਨੀ ਮਾਣੋ
ਮਰਦਾਨਾ ਤਾਕਤ ਲਈ ਸਿਹਤ ਰੋਫੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)
ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜ਼ਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।



ਡਾ. ਨੇਤਰ ਸਿੰਘ ਓਬਰਾਏ
ਸੈਕਸ ਵਿੱਚ ਭਰਪੂਰ ਜੋਸ਼ ਅਤੇ ਮਨਚਾਹਾ ਟਾਈਮ
ਵਿਆਹ ਤੋਂ ਪਹਿਲਾਂ ਜਾਂ ਵਿਆਹ ਤੋਂ ਬਾਅਦ ਹਰ ਉਮਰ 'ਚ ਹਾਸਲ ਕਰੋ
[illegible]
ਸਿਹਤ ਬਣਾਓ
ਵਾਲ ਝੜਨਾ ਜਾਂ ਸਫੇਦ ਹੋਣਾ
Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi +91-98155-33933

# ਐਮ ਪੀ ਸ੍ਰੀ ਵਰਿੰਦਰ ਸ਼ਰਮਾਂ ਦੀ ਸੱਸ ਦਾ ਦੇਹਾਂਤ


ਸ੍ਰੀਮਤੀ ਯਸ਼ੋਦਾ ਦੇਵੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਊਥਾਲ ਈਲਿੰਗ ਦੇ ਐਮ ਪੀ ਸ੍ਰੀ ਵਰਿੰਦਰ ਸ਼ਰਮਾਂ ਦੀ ਸੱਸ ਅਤੇ ਉਹਨਾਂ ਦੀ ਧਰਮ ਪਤਨੀ ਸ੍ਰੀਮਤੀ ਨਿਰਮਲਾ ਸ਼ਰਮਾਂ ਦੀ ਮਾਤਾ ਸ੍ਰੀਮਤੀ ਯਸ਼ੋਦਾ ਦੇਵੀ ਜੋਸ਼ੀ ਦਾ ਬੀਤੀ ਰਾਤ ਵੁਲਵਰਹੈਂਪਟਨ ਵਿਖੇ ਦੇਹਾਂਤ ਹੋ ਗਿਆ, ਉਹ 88 ਵਰ੍ਹਿਆਂ ਦੇ ਸਨ। ਉਹ ਬੀਤੇ ਕੁਝ ਦਿਨਾਂ ਤੋਂ ਬਿਮਾਰ ਚੱਲੇ ਆ ਰਹੇ ਸਨ। ਸ੍ਰੀਮਤੀ ਯਸ਼ੋਦਾ ਦੇਵੀ ਦਾ ਪਿਛਲਾ ਪਿੰਡ ਭਾਣੋ ਕੀ ਜਿਲ੍ਹਾ ਕਪੂਰਥਲਾ ਹੈ ਅਤੇ ਪਿਛਲੇ 50 ਸਾਲ ਤੋਂ ਇੰਗਲੈਂਡ ਵਿੱਚ ਰਹਿ ਰਹੇ ਸਨ। ਉਹਨਾਂ ਦਾ ਅੰਤਮ ਸਸਕਾਰ 23 ਜਨਵਰੀ ਦਿਨ ਬੁਧਵਾਰ ਨੂੰ ਅੰਡਰ ਹਿੱਲ ਲੇਨ ਬੁਸ਼ਬਰੀ ਵੁਲਵਰਹੈਂਪਟਨ ਵਿਖੇ 9:30 ਵਜੇ ਸਵੇਰੇ ਕੀਤਾ ਜਾਵੇਗਾ। ਮਾਤਾ ਜੀ ਦੇ ਅਕਾਲ ਚਲਾਣੇ ਤੇ ਲੰਡਨ ਅਸੈਂਬਲੀ ਮੈਂਬਰ ਡਾ. ਉਂਕਾਰ ਸਿੰਘ ਸਹੋਤਾ, ਈਲਿੰਗ ਦੇ ਕੌਂਸਲ ਲੀਡਰ ਜੁਲੀਅਨ ਬੈਲ, ਡਿਪਟੀ ਲੀਡਰ ਰਣਜੀਤ ਧੀਰ ਆਦਿ ਸਮੇਤ ਵੱਖ ਵੱਖ ਭਾਈਚਾਰਿਆਂ ਦੇ ਨੁਮਾਇੰਦਿਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਅੰਤਮ ਰਸਮਾਂ ਦਾ ਵੇਰਵਾ:

ਅੰਤਮ ਦਰਸ਼ਨ: 23 ਜਨਵਰੀ ਦਿਨ ਬੁਧਵਾਰ ਸਵੇਰੇ 8:00 ਤੋਂ 9:00 ਉਹਨਾਂ ਦੇ ਗ੍ਰਹਿ 62 Park Road East Wesr Park WV1 4QB

ਅੰਤਮ ਸਸਕਾਰ: 9:30 ਵਜੇ ਸਵੇਰੇ Bushbury Crematorium Under Hill Lane, Bushbury, Wolverhampton WV10 7JG

ਪਗੜੀ ਦੀ ਰਸਮ : Sri Krishna Mander, 123 Penn Road, Wolverhampton WV3 0DU

# ਇੰਗਲੈਂਡ ਕਬੱਡੀ ਫੈਡਰੇਸ਼ਨ ਨਸ਼ੇੜੀ ਖਿਡਾਰੀਆਂ ਤੇ ਸਖ਼ਤੀ ਵਰਤੇਗੀ - ਸੱਤਾ ਮੁਠੱਡਾ


ਸਤਨਾਮ ਸਿੰਘ ਸੱਤਾ ਮੁਠੱਡਾ

ਲੰਡਨ -(ਮਨਪ੍ਰੀਤ ਸਿੰਘ ਬੱਧਨੀ ਕਲਾਂ) -ਇੰਗਲੈਂਡ ਕਬੱਡੀ ਫੈਡਰੇਸ਼ਨ ਇਸ ਵਰ੍ਹੇ ਹੋਣ ਵਾਲੇ ਕਬੱਡੀ ਟੂਰਨਾਮੈਂਟਾਂ ਤੇ ਕਬੱਡੀ ਖਿਡਾਰੀਆਂ ਦੇ ਡੋਪ ਟੈਸਟ ਕਰੇਗੀ ਅਤੇ ਦੋਸ਼ੀ ਖਿਡਾਰੀਆਂ ਖਿਲਾਫ ਸਖ਼ਤ ਕਾਰਵਾਈ ਵੀ ਕਰੇਗੀ। ਇਹ ਵਿਚਾਰ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸਤਨਾਮ ਸਿੰਘ ਸੱਤਾ ਮੁਠੱਡਾ ਨੇ ਪ੍ਰਗਟ ਕੀਤੇ, ਉਹਨਾਂ ਕਿਹਾ ਕਿ ਖੁਸ਼ੀ ਦੀ ਗੱਲ ਹੈ ਕਿ ਇਸ ਵਾਰ ਸੰਸਾਰ ਕੱਪ ਦੌਰਾਨ ਇੰਗਲੈਂਡ ਦਾ ਕੋਈ ਵੀ ਖਿਡਾਰੀ ਡੋਪ ਟੈਸਟ ਵਿੱਚ ਦੋਸ਼ੀ ਨਹੀਂ ਪਾਇਆ ਗਿਆ ਅਤੇ ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਕਿ ਨਸ਼ੇ ਤੋਂ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦਾ ਖਹਿੜਾ ਛੁੱਟੇ। ਉਹਨਾਂ ਇਹ ਵੀ ਕਿਹਾ ਕਿ ਇਸ ਵਾਰ ਇੰਗਲੈਂਡ ਦੀਆਂ ਕਬੱਡੀ ਕਲੱਬਾਂ ਵੱਲੋਂ ਚੋਟੀ ਦੇ ਕਬੱਡੀ ਖਿਡਾਰੀ ਮੰਗਵਾਏ ਜਾ ਰਹੇ ਹਨ।

# ਭੈਣ ਨੂੰ ਮਿਲਣ ਲਈ ਨਾਬਾਲਗ ਭਰਾ ਨੇ ਪਾਰ ਕੀਤੇ ਦੋ ਦੇਸ

ਲੰਡਨ-ਆਪਣੇ ਸੱਕੇ ਮਾਤਾ-ਪਿਤਾ ਤੇ ਭੈਣ ਨਾਲ ਮਿਲਣ ਦੀ ਇੱਛਾ ’ਚ ਯੂਰਪ ’ਚ ਇੱਕ 13 ਸਾਲਾ ਬੱਚਾ ਮਤਰੇਏ ਪਿਤਾ ਦੀ ਕਾਰ ਲੈ ਕੇ ਚਲਾ ਗਿਆ। ਇੰਨਾ ਹੀ ਨਹੀਂ, ਇਸ ਦੌਰਾਨ ਉਸ ਨੇ 1000 ਕਿਲੋਮੀਟਰ ਦਾ ਸ.ਫਰ ਵੀ ਤੈਅ ਕੀਤਾ। ਇਟਲੀ ਤੋਂ ਹੁੰਦੇ ਹੋਏ ਇਸ ਮੁੰਡੇ ਨੇ ਆਸਟਰੀਆ ਨੂੰ ਪਾਰ ਕੀਤਾ ਅਤੇ ਜਰਮਨੀ ਵੱਲ ਵਧਿਆ, ਜਿੱਥੇ ਉਸ ਨੂੰ ਸਰਹੱਦ ’ਤੇ ਫੜ ਲਿਆ ਗਿਆ।

ਪੋਲੈਂਡ ਦੇ ਰਹਿਣ ਵਾਲੇ ਮੁੰਡੇ ਨੂੰ ਦੋ ਸਾਲ ਪਹਿਲਾਂ ਇਟਲੀ ਦੇ ਇੱਕ ਪਰਿਵਾਰ ਨੇ ਗੋਦ ਲਿਆ ਸੀ। ਦੱਸਿਆ ਜਾਂਦਾ ਹੈ ਕਿ ਇੱਥੇ ਉਹ ਆਪਣੇ ਮਾਤਾ-ਪਿਤਾ ਤੇ ਸੱਕੀ ਭੈਣ ਦੀ ਘਾਟ ਮਹਿਸੂਸ ਕਰ ਰਿਹਾ ਸੀ, ਜਿਸ ਨਾਲ ਉਹ ਕਾਫੀ ਪਰੇਸ਼ਾਨ ਵੀ ਰਹਿੰਦਾ ਸੀ। ਬੀਤੇ ਦਿਨੀਂ ਉਸ ਦਾ ਆਪਣੀ ਮਤਰੇਈ ਮਾਂ ਨਾਲ ਮੋਬਾਈਲ ਫੋਨ ਨੂੰ ਲੈ ਕੇ ਝਗੜਾ ਹੋ ਗਿਆ। ਗੁੱਸੇ ’ਚ ਉਸ ਨੇ ਮਤਰੇਏ ਪਿਤਾ ਦੀ ਕਾਰ ਕੱਢੀ ਤੇ ਨਿਕਲ ਗਿਆ।

ਇੰਟਰਪੋਲ ਦੀ ਮਦਦ ਨਾਲ ਫੜਿਆ-ਪਰਿਵਾਰ ਨੇ ਇੰਟਰਪੋਲ ਤੇ ਪੁਲੀਸ ਨੂੰ ਖ਼ਬਰ ਦਿੱਤੀ, ਜਿਸ ਤੋਂ ਬਾਅਦ ਉਸ ਮੁੰਡੇ ਨੂੰ ਫੜਿਆ ਗਿਆ। ਇਤਾਲਵੀ ਮੀਡੀਆ ਅਨੁਸਾਰ ਮੁੰਡਾ ਆਪਣੀ ਭੈਣ ਦੀ ਕਮੀ ਮਹਿਸੂਸ ਕਰ ਰਿਹਾ ਸੀ ਤੇ ਉਸੇ ਨੂੰ ਮਿਲਣ ਲਈ ਪੋਲੈਂਡ ਜਾ ਰਿਹਾ ਸੀ।

ਇਸ ਲਈ ਹੋਈ ਹੈਰਾਨ-ਪੁਲੀਸ ਦਾ ਕਹਿਣਾ ਹੈ ਕਿ ਇਹ ਆਪਣੇ ਆਪ ’ਚ ਅਨੋਖਾ ਹੈ ਕਿ ਮੁੰਡਾ ਦੋ ਅੰਤਰਰਾਸ਼ਟਰੀ ਸਰਹੱਦਾਂ ਲੰਘਣ ’ਚ ਕਾਮਯਾਬ ਰਿਹਾ, ਜਦਕਿ ਦੋ ਵਾਰ ਗੱਡੀ ’ਚ ਉਸ ਨੇ ਤੇਲ ਵੀ ਪੁਆਇਆ।

## ਚਲਾਉਂਦਾ ਰਿਹੈ ਕਾਰ

ਮੁੰਡਾ ਪਹਿਲਾਂ ਵੀ ਗੋ ਕਾਰਟਿੰਗ ਗੱਡੀਆਂ ਚਲਾਉਂਦਾ ਰਿਹਾ ਸੀ ਅਤੇ ਉਸ ਨੇ ਆਪਣੇ ਪਿਤਾ ਦੀ ਹਾਈ ਪਾਵਰ ਮਰਸਡੀਜ਼ ਨੂੰ ਬੜੇ ਆਤਮ-ਵਿਸ਼ਵਾਸ ਨਾਲ ਚਲਾਇਆ।

ਪਾਠਕ ਤੇ ਸਿਆਣੇ ਪੰਜਾਬੀ ਉਨ੍ਹਾਂ ਅਖ਼ਬਾਰਾਂ, ਰਸਾਲਿਆਂ ਨੂੰ ਆਪਣੇ ਘਰਾਂ, ਗੁਰੂ ਘਰਾਂ ਅਤੇ ਮੰਦਰਾਂ ਆਦਿ ਵਿਚ ਨਾ ਰੱਖਣ ਜਿਹੜੇ ਅਖ਼ਬਾਰਾਂ ਵਿਚ ਪਾਖੰਡੀ ਬਾਬਿਆਂ ਤੇ ਜਾਦੂ ਟੂਣੇ ਵਾਲਿਆਂ ਦੇ ਇਸ਼ਤਿਹਾਰ ਛਪਦੇ ਹਨ ।


ਹਵਾਈ ਟਿਕਟਾਂ ਦੇ ਕਾਰੋਬਾਰ ਵਿਚ ਪਿਛਲੇ 40 ਸਾਲਾਂ ਤੋਂ ਤਜਰਬੇਕਾਰ

ਟਾਈਮਪੋਰਟ ਟਰੈਵਲ


ਪੰਮੀ ਕਾਲੀਆ

Holiday package to
DUBAI 3 Nights £489
Emirates Direct flights from
Gatwick + 4 star Hotel.
*Visa Services for indian passport.*

ਸਾਡੇ ਪਾਸੋਂ ਅੰਮ੍ਰਿਤਸਰ, ਦਿੱਲੀ, ਮੁੰਬਈ ਲਈ ਸਿੱਧੀਆਂ ਫਲਾਈਟਾਂ ਦੀਆਂ ਟਿਕਟਾਂ ਬਹੁਤ ਵਾਜਬ ਰੇਟ 'ਤੇ ਮਿਲ ਸਕਦੀਆਂ ਹਨ। ਅਮਰੀਕਾ, ਕੈਨੇਡਾ, ਅਫਰੀਕਾ, ਪਾਕਿਸਤਾਨ ਅਤੇ ਯੂਰਪ ਦੇ ਕਿਸੇ ਵੀ ਦੇਸ਼ ਜਾਣਾ ਹੋਵੇ, ਅਸੀਂ ਤੁਹਾਡੀ ਸੇਵਾ ਅਤੇ ਸਹਾਇਤਾ ਲਈ ਹਾਜ਼ਰ ਹਾਂ।

All fares from Jan. 2013 onwards

*SALE *SALE *SALE *SALE *SALE *SALE *SALE *SALE

Jet Airways Amritsar from Jan. 2013 £509 Inc.Tax
British Airways Manchester & London to Delhi £449 Inc.Tax Baggage 46 Kg.
Virgin-Delhi Premmium class from £699 Inc.Tax Baggage 46 Kg.
Jet Airways-Delhi from £499 Inc.Tax Baggage 46 Kg.
Air India-Amritsar from £449 Inc.Tax Onword Jan. 2013

SALE*SALE *SALE*SALE

Air Transit- Canada £429 Inc. Tax 23 K.G.
Bir'm to Amritsar £632 Inc. Tax from Jan. 30 K.G.
Bir'm to Delhi £529 inc. Tax from Jan. 30 K.G.

ਤੁਰਕਮੇਨਿਸਤਾਨ ਏਅਰਲਾਈਨ ਦੇ ਪ੍ਰਮੁੱਖ ਏਜੰਟ

SPECIAL OFFER TURKMENISTAN from London Heathrow to
Amritsar from Jan. 2013 Inc. Tax £535 Delhi £449

SPECIAL OFFER QATAR AIRWAYS
£579

ਵਿਸ਼ੇਸ਼ ਰਿਆਇਤੀ ਟਿਕਟਾਂ ਲਈ ਅੱਜ ਹੀ ਸੰਪਰਕ ਕਰੋ।
ਨੋਟ : ਵਧੇਰੇ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ ਤੇ ਸਸਤੀਆਂ ਟਿਕਟਾਂ ਪਾਓ ।
www.flights4india.com
ਟਿਕਟਾਂ ਖੜ੍ਹੇ ਪੈਰ ਵੀ ਮਿਲ ਸਕਦੀਆਂ ਹਨ।

PIO 15 yrs. long visa to India.
Indian Surrender Passport Service
Visa Services to U.S.A., Australia, China & Schengen visa

*All major credit / debit cards accepted.*

Call : 020 8553 3969

TIMEPORT TRAVEL
137 Woodlands Road, ILFORD, Essex IG1 1JR
E-mail : sales@timeporttravel.com www.timeporttravel.com
Contact : Santosh Kalia : 0208 257 6384 or 07947 3193 94

10442 ATOL PROTECTED ATOL HOLDERS

Tel : 0203 004 9930 (Calls only on Sunday 10am to 4pm)

# ਭਾਰਤ ਵਿਚ ਅੰਗਰੇਜ਼ਾਂ ਵੱਲੋਂ ਬਣਾਏ ਪੁਲਿਸ ਤੇ ਨਿਆਇਕ ਕਾਨੂੰਨ ਬਦਲੇ ਜਾਣ

## ਭਾਰਤ ਅੰਦਰ ਲੋਕ ਮਾਰੂ ਕਾਨੂੰਨਾਂ ਨੂੰ ਬਦਲਣ ਲਈ ਸਰਗਰਮ ਅਰੀਦਮਨਜੀਤ ਸਿੰਘ ਦੀ ਵਿਸ਼ੇਸ਼ ਮੁਲਾਕਾਤ



ਅਰੀਦਮਨ ਜੀਤ ਸਿੰਘ ਨਾਲ ਗੱਲਬਾਤ ਕਰਦੇ ਹੋਏ ਖੱਬੇ ਸ: ਹਰਜਿੰਦਰ ਸਿੰਘ ਮੰਡੇਰ ਅਤੇ ਸੱਜੇ ਸ: ਸੰਤੋਖ ਸਿੰਘ ਸਰਨ

ਸਾਬਕਾ ਬੀ ਐਸ ਐਫ਼ ਅਫ਼ਸਰ ਅਰੀਦਮਨ ਜੀਤ ਸਿੰਘ ਭਾਰਤ ਦੇ ਮੌਜੂਦਾ ਸਿਆਸੀ ਤੇ ਪ੍ਰਸ਼ਾਸਨਿਕ ਢਾਂਚੇ ਦੇ ਕੰਮ ਕਾਜ ਕਰਨ ਦੇ ਤਰੀਕਿਆਂ ਨੂੰ ਬਦਲਣ ਲਈ (ਨਿਸ਼ਾਨ) ਨਾਂ ਦੀ ਸੰਸਥਾ ਕਾਇਮ ਕਰਕੇ ਪੰਜਾਬ, ਹਰਿਆਣਾ ਸੂਬਿਆਂ ਦੇ ਨਾਲ ਭਾਰਤ ਦੇ ਹੋਰ ਭਾਗਾਂ ਵਿਚ ਵੀ ਜ਼ੋਰ ਸ਼ੋਰ ਨਾਲ ਕੰਮ ਕਰ ਰਹੇ ਹਨ। ਉਹ ਅਪ੍ਰੈਲ 1984 ਤੋਂ ਸਤੰਬਰ 1989 ਤੱਕ ਬੀ ਐਸ ਐਫ ਦੇ ਵਿਚ ਪੰਜਾਬ ਚ ਤਾਇਨਾਤ ਸਨ। ਅਰੀਦਮਨ ਜੀਤ ਸਿੰਘ ਇਸ ਜਥੇਬੰਦੀ (ਨਿਸ਼ਾਨ) ਦੇ ਡਾਇਰੈਕਟਰ ਹਨ, ਉਹ ਕੀ ਅਤੇ ਕਿਵੇਂ ਕੰਮ ਕਰਦੇ ਹਨ, ਉਹਨਾਂ ਦਾ ਮੁੱਖ ਏਜੰਡਾ ਕੀ ਹੈ, ਇਸ ਸਬੰਧੀ ਉਹਨਾਂ ਦੇ ਨਾਲ ਹਰਜਿੰਦਰ ਸਿੰਘ ਮੰਡੇਰ ਵੱਲੋਂ ਕੀਤੀ ਗਈ ਮੁਲਾਕਾਤ, ਪੰਜਾਬ ਟਾਈਮਜ਼ ਦੇ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ। –ਸੰਪਾਦਕ

***ਸਵਾਲ – ਅਰੀਦਮਨ ਜੀਤ ਸਿੰਘ ਜੀ ਤੁਹਾਡੀ ਸੰਸਥਾ ਦਾ ਨਾਂ (ਨਿਸ਼ਾਨ) ਤੁਸੀਂ ਰੱਖਿਆ ਹੈ, ਇਸ ਦਾ ਮਤਲਬ ਕੀ ਹੈ?***

ਜਵਾਬ – ਇਸ ਦਾ ਮਤਲਬ ਹੈ ਕਿ ਲੜਾਈਆਂ ਹਮੇਸ਼ਾ ਕਿਸੇ ਨਾ ਕਿਸੇ ਝੰਡੇ ਹੇਠ ਹੀ ਲੜੀਆਂ ਜਾਂਦੀਆਂ ਹਨ। ਮੈਂ ਫੌਜੀ ਟਰੇਨਿੰਗ ਕੀਤੀ ਹੋਈ ਹੈ। ਬੇਸ਼ੱਕ ਸਾਡੀ ਬੀ ਐਸ ਐਫ਼ ਨੂੰ ਤੇ ਪੰਜਾਬ ਪੁਲਿਸ ਨੂੰ ਉਹ ਪੁਲਿਸ ਫੋਰਸ ਹੀ ਕਹਿੰਦੇ ਹਨ, ਪਰ ਅਸਲੀਅਤ ਵਿਚ ਇਹਨਾਂ ਨੂੰ ਫੌਜੀ ਟਰੇਨਿੰਗ ਦਿੱਤੀ ਜਾਂਦੀ ਹੈ। ਉਥੇ ਪੰਜਾਬ ਪੁਲਿਸ ਦੇ ਲੋਕਾਂ ਦੀ ਟਰੇਨਿੰਗ ਵੀ ਫੌਜੀਆਂ ਵਾਲੀ ਹੀ ਹੈ। ਇਸੇ ਕਰਕੇ ਉਹ ਲੋਕਾਂ ਨੂੰ ਕੁੱਟਣ ਮਾਰਨ ਤੇ ਜ਼ਿਆਦਾ ਜ਼ੋਰ ਦਿੰਦੇ ਹਨ। ਜਦ ਕਿ ਪੁਲਿਸ ਦਾ ਕੰਮ ਇਹ ਨਹੀਂ ਹੁੰਦਾ। ਸਾਡੀ ਪੁਲਿਸ ਦੀ ਸਿਖਲਾਈ ਦਾ ਢਾਂਚਾ ਸਾਰਾ ਅੰਗਰੇਜ਼ਾਂ ਨੇ ਸਾਡੇ ਉੱਤੇ ਰਾਜ ਕਰਨ ਲਈ ਬਣਾਇਆ ਸੀ। ਉਸ ਟਰੇਨਿੰਗ ਵਿਚ ਸਾਨੂੰ ਝੰਡੇ ਦੀ ਕਸਮ ਖੁਆਉਂਦੇ ਹਨ। ਇਸ ਗੱਲ ਤੋਂ ਪ੍ਰਭਾਵਿਤ ਹੋ ਕੇ ਮੈਂ ਇਸ ਸੰਸਥਾ ਦਾ ਨਾਂ ਨਿਸ਼ਾਨ ਰੱਖਿਆ ਜਿਸ ਦੇ ਤਹਿਤ ਅਸੀਂ ਇਹ ਤਬਦੀਲੀ ਦੀ ਜੰਗ ਲੜ ਰਹੇ ਹਾਂ। ਇਸ ਨਿਸ਼ਾਨ ਵਿਚ ਦੇਖੋ ਤੁਸੀਂ ਇਕ ਮਿਸ਼ਾਲ ਵੀ ਜਗ ਰਹੀ ਹੈ, ਤੇ ਹੇਠਾਂ ਅਸੀਂ ਲਿਖਿਆ ਹੈ (ਅਪਹੋਲਡਿੰਗ ਰਾਈਟਸ ਐਂਡ ਜਸਟਿਸ) ਭਾਵ ਅਸੀਂ ਨਿਆਂ ਤੇ ਆਪਣਾ ਹੱਕ ਲੈਣ ਲਈ ਹਰ ਸੰਭਵ ਹੀਲਾਂ ਕਰਨਾ ਹੈ।

***ਸਵਾਲ – ਕੀ ਬੀ ਐਸ ਐਫ਼ ਵਿਚ ਇਕ ਅਫ਼ਸਰ ਵਜੋਂ ਵਿਚਰਦਿਆਂ ਪੰਜਾਬ ਪੁਲਿਸ ਨਾਲ ਹੋਇਆ ਕੋਈ ਤਜ਼ਰਬਾ ਸਾਂਝਾ ਕਰੋਗੇ?***

ਜਵਾਬ – ਹਾਂ ਜੀ, ਜਦੋਂ ਪੰਜਾਬ ਪੁਲਿਸ ਦਾ ਮੁਖੀ ਡਾਇਰੈਕਟਰ ਜਨਰਲ ਰਿਬੇਰੋ ਸੀ , ਮੈਂ ਉਸ ਵੇਲੇ ਦਾ ਚਸ਼ਮਦੀਦ ਗਵਾਹ ਰਿਹਾ ਹਾਂ, ਕਿ ਗੋਬਿੰਦ ਰਾਮ ਕੋਲੋਂ ਬੰਦਾ ਲਿਆ ਕੇ ਹਰਭਜਨ ਚਾਂਦਕੀ ਨੇ ਮਾਰ ਦਿੱਤਾ ਸੀ। ਉਹ ਮੇਰੀ ਟਰੇਨਿੰਗ ਕਰਵਾਉਣੀ ਚਾਹੁੰਦਾ ਸੀ, ਉਹ ਕਹਿੰਦਾ ਅੱਗੇ ਤੋਂ ਇਨਕਾਊਂਟਰ (ਪੁਲਿਸ ਮੁਕਾਬਲਾ) ਤੂੰ ਕਰਿਆ ਕਰਨੇ ਨੇ। ਮੈਂ ਉਦੋਂ ਹੀ ਸੋਚ ਲਿਆ ਸੀ ਕਿ ਇਹ ਬਹੁਤ ਗਲਤ ਕੰਮ ਹੋ ਰਿਹਾ ਹੈ, ਮੈਂ ਇਹਦੇ ਖਿਲਾਫ਼ ਕੰਮ ਕਰਾਂਗਾ। ਸਾਡੇ ਅਫ਼ਸਰਾਂ ਨੇ ਉਦੋਂ ਵੀ ਸਟੈਂਡ ਲਿਆ ਸੀਗਾ।

***ਸਵਾਲ – ਇਹ ਸੰਸਥਾ ਕਦੋਂ ਬਣਾਈ ਗਈ ?***

ਜਵਾਬ – ਉਸ ਫੀਲਡ ਵਿਚ ਕੰਮ ਕਰਨ ਵਾਸਤੇ ਅਸੀਂ 2006 ਵਿਚ ਇਹ ਸੰਸਥਾ ਬਣਾ ਕੇ ਰਜਿਸਟਰਡ ਕੀਤੀ ਸੀ। ਉਦੋਂ ਅਸੀਂ 28 ਰਾਜਾਂ ਦੀ ਪੁਲਿਸ ਨੂੰ ਚਿੱਠੀਆਂ ਲਿਖੀਆਂ, ਜਿਹਦੇ ਵਿਚ ਪੰਜਾਬ ਪੁਲਿਸ ਵੀ ਸ਼ਾਮਿਲ ਹੈ, ਅਸੀਂ ਆਪਣੇ ਵੱਲੋਂ ਡਿਪਲੋਮੈਟਿਕ ਢੰਗ ਵਰਤਿਆ ਤੇ ਪੁੱਛਿਆ ਕਿ ਤੁਸੀਂ ਦੱਸੋ ਇਹ ਜਾਣਕਾਰੀ ਸਾਨੂੰ ਕਿੱਥੋਂ ਮਿਲੇਗੀ ਕਿ ਕਿੰਨੇ ਕੁ ਕਿੱਥੇ ਪੁਲਿਸ ਮੁਕਾਬਲੇ ਹੋਏ ਹਨ। ਅਸੀਂ ਇੰਝ ਲਿਖਿਆ ਕਿ ਤੁਹਾਡੀਆਂ ਇਸ ਪੱਖ ਤੋਂ ਕਿੰਨੀਆ ਕੁ ਪ੍ਰਾਪਤੀਆਂ ਹੋਈਆਂ, ਸਾਨੂੰ ਇਸ ਬਾਰੇ ਜਾਣਕਾਰੀ ਨਹੀਂ ਮਿਲ ਰਹੀ। ਸਾਨੂੰ ਸਾਰੇ ਪੁਲਿਸ ਮੁਕਾਬਲਿਆਂ ਬਾਰੇ ਜਾਣਕਾਰੀ ਦਿਓ। ਅਸੀਂ ਫਿਰ ਆਪਣੇ ਫੀਲਡ ਦੇ ਤਜ਼ਰਬੇ ਮੁਤਾਬਕ ਇਹ ਪਤਾ ਲਾ ਲਵਾਂਗੇ ਕਿ ਅਸਲੀ ਮੁਕਾਬਲਾ ਕਿਹੜਾ ਹੈ ਕਿ ਨਕਲੀ ਕਿਹੜਾ। ਉਹਦੇ ਵਿਚ ਪੰਜਾਬ ਪੁਲਿਸ ਨੇ ਸਾਨੂੰ ਜਵਾਬ ਦੇ ਦਿੱਤਾ ਤੇ ਨਾਲ ਹੀ ਨਾਗਾਲੈਂਡ ਪੁਲਿਸ ਦੇ ਡੀ ਜੀ ਨੇ ਸਾਨੂੰ ਖੁਦ ਸਾਈਨ ਕਰਕੇ ਲਿਖ ਕੇ ਭੇਜਿਆ ਕਿ ਤੁਸੀਂ ਬੜਾ ਚੰਗਾ ਕੰਮ ਕਰ ਰਹੇ ਹੋ। ਤੁਸੀਂ ਪੁਲਿਸ ਦੀਆਂ ਪ੍ਰਾਪਤੀਆਂ ਨੂੰ ਸਾਹਮਣੇ ਲਿਆਓਗੇ। ਪਰ ਸਾਡਾ ਮੁੱਖ ਮੰਤਵ ਇਹ ਸੀ ਕਿ ਸਾਡੇ ਕੋਲ ਸਾਰਾ ਡਾਟਾ (ਰਿਕਾਰਡ) ਆ ਜਾਏਗਾ ਤੇ ਫਿਰ ਅਸੀਂ ਇਹ ਪਤਾ ਆਸਾਨੀ ਨਾਲ ਲਾ ਲਵਾਂਗੇ ਕਿ ਇੰਨੇ ਮੁਕਾਬਲੇ ਝੂਠੇ ਨੇ ਤੇ ਇੰਨੇ ਸੱਚੇ ਨੇ।

***ਸਵਾਲ – ਕੀ ਪੁਲਿਸ ਦੇ ਇਸ ਸਿਸਟਮ ਉੱਤੇ ਨਿਆਂ ਪਾਲਿਕਾ ਦਾ ਕੰਟਰੋਲ ਨਹੀਂ ਹੈ ?***

**ਇੰਟਰਵਿਊ ਦਾ ਬਾਕੀ ਹਿੱਸਾ ਪੂਰੇ ਪੰਜਾਬ ਟਾਈਮਜ਼ ਦੇ ਸਫਾ 67 ਤੇ ਦੇਖੋ ਜੀ।** →



**ਮਰਦਾਨਾ ਤਾਕਤ ਲਈ ਅਮਰੀਕਾ ਵਿੱਚ ਕੀਤੀ ਗਈ ਨਵੀਂ ਖੋਜ ਦਾ ਕਮਾਲ!**

**ਕੀ ਤੁਹਾਡੀ ਵਿਵਾਹੁਤਾ ਜ਼ਿੰਦਗੀ ਦਾ ਅਨੰਦ ਥੋੜ੍ਹੇ ਸਮੇਂ ਤੱਕ ਹੀ ਰਹਿ ਗਿਆ ਹੈ?**

ਬਚਪਨ ਦੀਆਂ ਗਲਤੀਆਂ ਅਤੇ ਗ਼ੈਰ ਕੁਦਰਤੀ ਤਰੀਕੇ ਨਾਲ ਤੁਹਾਡੀਆਂ ਨਸਾਂ ਵਿੱਚ ਜਿਹੜਾ ਨੁਕਸਾਨ, ਜਿਵੇਂ ਕਮਜ਼ੋਰੀ ਅਤੇ ਕੁਦਰਤੀ ਵਾਧਾ ਨਾ ਹੋਣਾ ਅਤੇ ਆਪਣੇ ਸਾਥੀ ਨੂੰ ਪੂਰਾ ਅਨੰਦ ਨਾ ਦੇ ਸਕਣਾ! ਜਿਸ ਦੀ ਵਜ੍ਹਾ ਨਾਲ ਮਰਦ ਵਿਆਹੁਤਾ ਜ਼ਿੰਦਗੀ ਤੋਂ ਦੂਰ ਭਜਣਾ ਚਾਹੁੰਦਾ ਹੈ, ਪਰ ਇਹ ਝਾਕਾ ਅਤੇ ਸ਼ਰਮ ਕੱਦ ਤੱਕ ਅਤੇ ਕਿਉਂ ? ਨਾ ਉਮੀਦੀ ਤੇ ਮਾਯੂਸੀ ਦੇ ਚੁੰਗਲ ਤੋਂ ਨਿਕਲ ਕੇ ਤੁਸੀਂ ਵੀ ਗ੍ਰਹਿਸਥ ਜ਼ਿੰਦਗੀ ਵਿੱਚ ਖੁਸ਼ੀਆਂ ਲਿਆ ਸਕਦੇ ਹੋ !!

ਸਾਡੇ ਪਾਸ ਅਮਰੀਕਾ ਵਿੱਚ ਤਿਆਰ ਕੀਤੀ ਨਵੀਂ ਤਰ੍ਹਾਂ ਦੀ ਦਵਾਈ ਅਤੇ ਕਰੀਮ ਜੋ ਕਿ ਖਾਲਸ ਜੜ੍ਹੀ ਬੂਟੀਆਂ ਤੋਂ ਤਿਆਰ ਕੀਤੀ ਗਈ ਹੈ, ਜਿਸ ਦਾ ਤੁਹਾਨੂੰ ਤੁਰੰਤ ਅਸਰ ਬਿਨ੍ਹਾਂ ਕਿਸੇ ਨੁਕਸਾਨ ਤੋਂ ਪੱਕੇ ਤੌਰ 'ਤੇ ਰਹੇਗਾ!

***ਇਸ ਤੋਂ ਇਲਾਵਾ ਸਲਿਮਿੰਗ, ਅਲਰਜੀ, ਦਮਾ, ਐਗਜ਼ੀਮਾ, ਹਾਈ ਬਲੱਡ ਪ੍ਰੈਸ਼ਰ ਤੇ ਕਬਜ਼ ਆਦਿ ਦਾ ਪੂਰਾ ਤੇ ਮੁਕੰਮਲ ਇਲਾਜ ਕੀਤਾ ਜਾਂਦਾ ਹੈ।***

ਇਕ ਅਨੌਖਾ ਇਲਾਜ ਕੇਵਲ ਮਰਦਾਂ ਵਾਸਤੇ!

*Free Cataloge & Free Delivery*

*ਨੋਟ: ਤੁਸੀਂ ਪੰਜਾਬੀ ਵਿੱਚ ਵੀ ਸਾਡੇ ਨਾਲ ਗੱਲਬਾਤ ਕਰਕੇ ਸਲਾਹ ਮਸ਼ਵਰਾ ਲੈ ਸਕਦੇ ਹੋ!*

**LIFE HERBAL & NUTRITIONS**
**32, MASON STREET, MANCHESTER M4 5EY**
**TEL: 0161 834 5838**

**ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਪੰਜਾਬ ਟਾਈਮਜ਼ ਨੂੰ ਹਮੇਸ਼ਾ ਯਾਦ ਰੱਖੋ**

**ਅਸੀਂ ਹਰ ਤਰ੍ਹਾਂ ਦੇ ਵੱਖ–ਵੱਖ ਸਾਈਜ਼ਾਂ 'ਚ ਲਿਫ਼ਾਫੇ, ਪੋਸਟਰ, ਕਿਤਾਬਾਂ ਅਤੇ ਰਸਾਲੇ ਆਦਿ ਸਸਤੇ ਭਾਅ 'ਤੇ ਛਾਪਦੇ ਹਾਂ। ਆਪਣੇ ਬਿਜਨੈਸ ਨਾਲ ਸਬੰਧਿਤ ਕਿਸੇ ਵੀ ਆਕਾਰ ਦੇ ਲਿਫ਼ਾਫ਼ੇ, ਪੋਸਟਰ, ਕਿਤਾਬਾਂ ਅਤੇ ਰਸਾਲੇ ਆਦਿ ਛਪਵਾਉਣ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰੋ ਜੀ।**

**We are specialists in Envelope Printing, For any kind of Small or Large, any size of Envelopes, Posters, Books and Megazines printing call us**

**Specialist in Full Colour and all other Commercial Printing**

**PANJAB TIMES**
21 COTTON BROOK ROAD, DERBY. DE23 8JY (UK)
TEL: 01332 372851 FAX: 01332 372833
***or Mob:* 07432 679 684**
*Email: Panjabtimes@aol.com*




ਪ੍ਰਵਾਸੀ ਪੰਜਾਬੀਆਂ ਦੀ ਇਕੋ ਇਕ ਅਧਿਕਾਰਿਤ ਸੰਸਥਾ

# ਐਨ. ਆਰ. ਆਈ. ਸਭਾ ਪੰਜਾਬ

ਦੀ ਐਤਵਾਰ 27 ਜਨਵਰੀ 2013 ਨੂੰ ਨਵੀਂ ਅਗਜ਼ੈਕਟਿਵ ਕਮੇਟੀ ਦੀ ਚੋਣ ਮੌਕੇ

ਸਮੂਹ ਪੰਜਾਬੀਆਂ ਨੂੰ ਹੁੰਮ ਹੁੰਮਾ ਕੇ ਜਲੰਧਰ ਪੁੱਜ ਕੇ

# ਸ. ਕਮਲਜੀਤ ਸਿੰਘ ਹੇਅਰ

ਦੇ ਹੱਕ ਵਿਚ ਵੋਟਾਂ ਪਾਉਣ ਦੀ

# ਜ਼ੋਰਦਾਰ ਅਪੀਲ

ਸ. ਕਮਲਜੀਤ ਸਿੰਘ ਹੇਅਰ ਨੇ ਆਪਣੇ ਪ੍ਰਧਾਨਗੀਕਾਲ ਸਮੇਂ ਕਰੋੜਾਂ ਰੁਪਏ ਦਾ ਐਨ.ਆਰ.ਆਈ. ਭਵਨ ਉਸਾਰ ਕੇ ਆਉਣ ਵਾਲੀ ਪੀੜ੍ਹੀ ਲਈ ਇੱਕ ਪਲੇਟਫਾਰਮ ਸਥਾਪਿਤ ਕੀਤਾ ਹੈ।

## ਸਭਾ ਦੀਆਂ ਪ੍ਰਾਪਤੀਆਂ

- ਸ. ਕਮਲਜੀਤ ਸਿੰਘ ਹੇਅਰ ਨੇ ਆਪਣੇ ਕਾਰਜਕਾਲ ਦੌਰਾਨ ਕੇਵਲ ਪ੍ਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਹੱਲ ਕਰਵਾਉਣ ਲਈ 6 ਵਿਸ਼ੇਸ਼ ਜ਼ਿਲ੍ਹਾ ਥਾਣੇ ਜਲੰਧਰ, ਐਸ ਬੀ ਐਸ ਨਗਰ (ਨਵਾਂ ਸ਼ਹਿਰ), ਹੁਸ਼ਿਆਰਪੁਰ, ਕਪੂਰਥਲਾ, ਲੁਧਿਆਣਾ ਅਤੇ ਮੋਗਾ ਵਿਚ ਬਣਵਾਏ ਅਤੇ ਹੁਣ ਸਰਕਾਰ ਨੇ ਹੋਰ ਬਣਾਉਣ ਦਾ ਐਲਾਨ ਕਰ ਦਿੱਤਾ ਹੈ।
- ਸ. ਕਮਲਜੀਤ ਸਿੰਘ ਹੇਅਰ ਨੇ ਆਪਣੇ ਪ੍ਰਧਾਨਗੀਕਾਲ ਸਮੇਂ 1240 ਸ਼ਕਾਇਤਾਂ ਵਿੱਚੋਂ 843 ਸ਼ਕਾਇਤਾਂ ਸਫ਼ਲਤਾ ਨਾਲ ਹੱਲ ਕਰਵਾਈਆਂ ਹਨ। ਬਾਕੀ ਦੀਆਂ ਸ਼ਕਾਇਤਾਂ ਅਦਾਲਤੀ ਦਾਖ਼ਲਅੰਦਾਜ਼ੀ ਕਾਰਨ ਹੱਲ ਹੋਣੋਂ ਰਹਿ ਗਈਆਂ ਸਨ।
- ਕਿਸੇ ਵੀ ਐਨ.ਆਰ.ਆਈ. ਵਿਰੁੱਧ ਪੁਲਿਸ ਕੇਸ ਦਰਜ ਕਰਨ ਤੋਂ ਪਹਿਲਾਂ ਡੀ.ਐਸ.ਪੀ ਰਾਹੀਂ ਜਾਂਚ ਕਰਵਾਉਣੀ ਜ਼ਰੂਰੀ ਹੈ।
- ਐਨ.ਆਰ.ਆਈ. ਸਭਾ ਪੰਜਾਬ ਨੇ ਐਨ.ਆਰ.ਆਈਜ਼ ਦੇ ਜ਼ਮੀਨਾਂ ਜਾਇਦਾਦਾਂ ਦੇ ਮਸਲੇ ਛੇਤੀ ਨਿਪਟਾਉਣ ਲਈ ਪੰਜਾਬ ਸਰਕਾਰ ਕੋਲੋਂ ਪੰਜਾਬ ਸਿਕਿਓਰਿਟੀ ਆਫ਼ ਲੈਂਡ ਟੈਨਓਰਜ਼ ਐਕਟ 1953 ਪਾਸ ਕਰਵਾਇਆ। ਜਿਸ ਵਿਚ ਐਨ.ਆਰ.ਆਈਜ਼ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦੇ ਕਬਜ਼ੇ ਛੇਤੀ ਮਿਲਣ ਦੀ ਵਿਵਸਥਾ ਹੈ।
- ਸ਼ਹਿਰੀ ਇਲਾਕਿਆਂ ਵਿਚ ਐਨ.ਆਰ.ਆਈਜ਼ ਦੇ ਘਰ ਤੇ ਕਮਰਸ਼ੀਅਲ ਅਦਾਰੇ ਕਰਾਏਦਾਰਾਂ ਤੋਂ ਛੇਤੀ ਖਾਲੀ ਕਰਵਾਉਣ ਲਈ ਈਸਟ ਪੰਜਾਬ ਅਰਬਨ ਰੈਂਟ ਰਿਸਟਰਿਕਸ਼ਨ ਐਕਟ 1949 ਵਿਚ ਪੰਜਾਬ ਸਰਕਾਰ ਕੋਲੋਂ ਸੋਧ ਕਰਵਾਈ ਗਈ ਤੇ ਨਵੀਂ ਧਾਰਾ 13-ਬੀ ਇਸ ਵਿਚ ਸ਼ਾਮਿਲ ਕੀਤੀ ਗਈ। ਇਹ ਐਕਟ ਚੰਡੀਗੜ੍ਹ ਵਿਚ ਵੀ ਲਾਗੂ ਹੈ।
- ਐਨ.ਆਰ.ਆਈਜ਼ ਦੀਆਂ ਜ਼ਮੀਨਾਂ ਜਾਇਦਾਦਾਂ ਦੇ ਕੇਸਾਂ ਦੇ ਛੇਤੀ ਹੱਲ ਲਈ ਪੰਜਾਬ ਸਰਕਾਰ ਕੋਲੋਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਤੇਜ਼ ਰਫ਼ਤਾਰ ਮਾਲ ਅਦਾਲਤਾਂ ਬਣਵਾਈਆਂ, ਜ਼ਿਲ੍ਹਾ ਮਾਲ ਅਫ਼ਸਰਾਂ ਨੂੰ ਇਨ੍ਹਾਂ ਅਦਾਲਤਾਂ ਦੇ ਪ੍ਰੀਜ਼ਾਈਡਿੰਗ ਅਫ਼ਸਰਾਂ ਦਾ ਦਰਜਾ ਦਿੱਤਾ ਗਿਆ ਹੈ।
- ਸ. ਕਮਲਜੀਤ ਸਿੰਘ ਹੇਅਰ ਦੀ ਅਗਵਾਈ ਹੇਠ ਐਨ.ਆਰ.ਆਈ. ਸਭਾ ਪੰਜਾਬ ਨੇ ਯਤਨ ਕਰਕੇ ਪੰਜਾਬ ਸਰਕਾਰ ਦੀ ਮਦਦ ਨਾਲ ਜਲੰਧਰ ਵਿਚ ਪਹਿਲੀ ਜੁਡੀਸ਼ਲ ਅਦਾਲਤ ਸਥਾਪਿਤ ਕਰਵਾਈ, ਜਿਥੇ ਵਿਸ਼ੇਸ਼ ਤੌਰ 'ਤੇ ਐਨ.ਆਰ.ਆਈਜ਼ ਦੇ ਕੇਸਾਂ ਦੀ ਸੁਣਵਾਈ ਹੁੰਦੀ ਹੈ।
- ਪਿੰਡਾਂ ਤੇ ਸ਼ਹਿਰਾਂ ਦੇ ਵਿਕਾਸ ਲਈ ਐਨ.ਆਰ.ਆਈਜ਼ ਨੂੰ ਇਹ ਸਹੂਲਤ ਦਿੱਤੀ ਗਈ ਕਿ ਉਹ ਲੋਕ ਭਲਾਈ ਦੇ ਜਿਸ ਪ੍ਰੋਜੈਕਟ ਵਿਚ ਵੀ 50 ਫੀਸਦੀ ਪੈਸਾ ਲਗਾਉਣਗੇ, ਪੰਜਾਬ ਸਰਕਾਰ ਉਸ ਲਈ 50 ਫੀਸਦੀ ਗਰਾਂਟ ਦੇਵੇਗੀ।
- ਐਨ.ਆਰ.ਆਈ. ਸਭਾ ਦੀ ਮੰਗ 'ਤੇ ਸਰਕਾਰ ਨੇ ਸੂਬੇ ਦੇ ਸਾਰੇ ਜ਼ਿਲ੍ਹਾ ਡਿਪਟੀ ਕਮਿਸ਼ਨਰਾਂ ਨੂੰ ਡੀ.ਸੀ. ਐਨ.ਆਰ.ਆਈਜ਼ ਬਣਾ ਦਿੱਤਾ ਹੈ ਤੇ ਹਦਾਇਤਾਂ ਮੁਤਾਬਿਕ, ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀਜ਼ ਹਰ ਮਹੀਨੇ ਐਨ.ਆਰ.ਆਈਜ਼ ਦੀਆਂ ਸ਼ਿਕਾਇਤਾਂ ਸੁਣਨ ਲਈ ਵਿਸ਼ੇਸ਼ ਸੰਗਤ ਦਰਸ਼ਨ ਕਰਦੇ ਹਨ।
- ਅਮਰੀਕਾ, ਕਨੇਡਾ ਤੇ ਯੂਰਪ ਦੇ ਕਈ ਦੇਸ਼ਾਂ ਵਿਚ ਸਭਾ ਦੀਆਂ ਸਰਗਰਮੀਆਂ ਵਧਾਉਣ ਲਈ ਦਫ਼ਤਰ ਸਥਾਪਿਤ ਕੀਤੇ ਗਏ ਅਤੇ ਅਹੁਦੇਦਾਰ ਨਾਮਜ਼ਦ ਕੀਤੇ ਗਏ।
- ਸਰਦਾਰ ਹੇਅਰ ਦੇ ਯਤਨਾਂ ਸਦਕਾ ਪਰਵਾਸੀ ਭਾਰਤੀਆਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਪੰਜਾਬ ਵਿਚ ਸਰਕਾਰ ਨੇ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਵਿੱਚ ਐਨ.ਆਰ.ਆਈਜ਼ ਦਾ ਇੱਕ-ਇੱਕ ਪ੍ਰਤੀਨਿਧ ਨਾਮਜ਼ਦ ਕੀਤਾ ਹੈ।
- ਸਰਕਾਰ ਨੇ ਉਨ੍ਹਾਂ ਪਿੰਡਾਂ ਵਿਚ ਐਨ.ਆਰ.ਆਈ ਨੰਬਰਦਾਰ ਨਿਯੁਕਤ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ, ਜਿਨ੍ਹਾਂ ਪਿੰਡਾਂ ਵਿਚੋਂ 20 ਜਾਂ ਇਸ ਤੋਂ ਵਧੇਰੇ ਪਰਿਵਾਰ ਵਿਦੇਸ਼ ਗਏ ਹੋਏ ਹਨ। ਇਨ੍ਹਾਂ ਦਾ ਕੰਮ ਐਨ.ਆਰ.ਆਈਜ਼ ਦੀਆਂ ਜਾਇਦਾਦਾਂ ਦੀ ਨਿਗਰਾਨੀ ਕਰਨਾ ਹੈ।
- ਕੇਂਦਰ ਸਰਕਾਰ ਨੇ ਐਨ.ਆਰ.ਆਈ ਮਾਮਲਿਆਂ ਬਾਰੇ ਵੱਖਰਾ ਮੰਤਰਾਲਾ ਸਥਾਪਤ ਕਰ ਦਿੱਤਾ ਹੈ।
- ਐਨ.ਆਰ.ਆਈਜ਼ ਦੇ ਹਰ ਕਿਸਮ ਦੇ ਕੇਸਾਂ ਦੀ ਸੁਣਵਾਈ ਅਤੇ ਅਗਵਾਈ ਲਈ ਐਨ.ਆਰ.ਆਈ ਸਭਾ ਕੋਲ ਯੋਗ, ਮਾਹਿਰ ਤੇ ਤਜਰਬੇਕਾਰ ਸੀਨੀਅਰ ਅਧਿਕਾਰੀ ਤੇ ਸਟਾਫ਼ ਮੌਜੂਦ ਹੈ।
- 4 ਜਨਵਰੀ 2013 ਨੂੰ ਪੰਜਾਬ ਦੇ ਉੱਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਸ੍ਰੀਮਤੀ ਗੁਰਪ੍ਰੀਤ ਵਿਰਕ ਆਈ.ਏ.ਐਸ ਜਲੰਧਰ ਨੂੰ ਵਿਸ਼ੇਸ਼ ਅਧਿਕਾਰ ਦੇ ਕੇ ਪ੍ਰਵਾਸੀਆਂ ਦੇ ਮਸਲਿਆਂ ਨੂੰ ਗੰਭੀਰਤਾ ਨਾਲ ਲੈ ਕੇ ਹੱਲ ਕਰਵਾਉਣ ਲਈ ਕਿਹਾ ਹੈ।

## ਟਰਾਂਸਪੋਰਟ ਸੇਵਾ

ਜੇਕਰ ਕਿਸੇ ਮਾਈ, ਬਜ਼ੁਰਗ, ਭੈਣ-ਭਰਾ ਨੂੰ ਐਤਵਾਰ 27 ਜਨਵਰੀ 2013 ਵੋਟਾਂ ਪਾਉਣ ਲਈ ਟਰਾਂਸਪੋਰਟ ਦੀ ਦਿੱਕਤ ਹੋਵੇ ਤਾਂ ਉਹ ਹੇਠਾਂ ਦਿੱਤੇ ਨੰਬਰਾਂ 'ਤੇ ਆਪਣੀ ਬੁਕਿੰਗ ਕਰਵਾ ਸਕਦੇ ਹਨ। ਉਨ੍ਹਾਂ ਨੂੰ ਘਰੋਂ ਲਿਆਉਣ ਤੇ ਵਾਪਸ ਪਹੁੰਚਾਉਣ ਦੀ ਜ਼ਿੰਮੇਵਾਰੀ ਸਾਡੀ ਹੋਵੇਗੀ (ਮਿ. ਅਸ਼ੀਸ਼)

(0091) 750 803 2159
(0091) 750 803 2168

**ਬੇਨਤੀ ਕਰਤਾ**

ਸ੍ਰੀ ਵਰਿੰਦਰ ਸ਼ਰਮਾ ਐਮ. ਪੀ., ਜਗਦੀਸ਼ ਸ਼ਰਮਾ, ਪ੍ਰੀਤਮ ਗਰੇਵਾਲ, ਉਮਰਾਓ ਅਟਵਾਲ, ਸੁਰਿੰਦਰ ਸਿੰਘ ਭੰਗਲ, ਮਹਿੰਦਰ ਕੰਗ, ਗੁਰਬੀਰ ਅਟਕਜ਼, ਦਲਜੀਤ ਸਹੋਤਾ, ਜਸਵੰਤ ਗਰੇਵਾਲ, ਦੀਦਾਰ ਭੰਡਾਲ, ਜਸਵੰਤ ਢਿੱਲੋਂ, ਮਨਜੀਤ ਲਿੱਟ, ਚਰਨਦੀਪ ਜੁਟਲਾ, ਕੌਂਸਲਰ ਗੋਪਾਲ ਢਿੱਲੋਂ, ਅਜਮੇਰ ਢਿੱਲੋਂ ਕੌਂਸਲਰ, ਕੌਂਸਲਰ ਮਹਿੰਦਰ ਗਿੱਲ, ਕੌਂਸਲਰ ਤੇਜ ਰਾਮ ਬਾਘਾ, ਕੌਂਸਲਰ ਤਜਿੰਦਰ ਧਾਮੀ, ਕੌਂਸਲਰ ਮਹਿੰਦਰ ਮਿੱਢਾ, ਕੌਂਸਲਰ ਕੇ. ਸੀ. ਮੋਹਨ, ਕੌਂਸਲਰ ਸਵਰਨ ਪੱਡਾ, ਜੋਗਿੰਦਰ ਸੰਘਾ, ਸੁਰਿੰਦਰ ਮੰਡੇਰ, ਹਰਜਿੰਦਰ ਮੰਡੇਰ, ਕੌਂਸਲਰ ਦਰਸ਼ਨ ਗਰੇਵਾਲ, ਜਸਵਿੰਦਰ ਸਿੰਘ ਰੌਸੀ, ਅਮਨਦੀਪ ਨਿੱਜਰ, ਗੁਰਪ੍ਰੀਤ ਚੇਸੀ, ਅਜੀਤ ਸਿੰਘ ਜੁਟਲਾ, ਸਤਨਾਮ ਸਿੰਘ ਜੁਟਲਾ, ਮਲਕੀਤ ਸਿੰਘ ਜੁਟਲਾ, ਕਰਮਜੀਤ ਔਜਲਾ, ਪਰਮਜੀਤ ਔਜਲਾ, ਬਲਦੇਵ ਔਜਲਾ, ਅੰਬੀ ਢੱਕਰ, ਕੁਲਵੰਤ ਸਿੰਘ ਭਾਟੀਆ, ਬਿੱਟੂ ਅਟਵਾਲ, ਬਿਕਰਮਜੀਤ ਸਿੰਘ ਬਿੱਲਾ, ਮਨਬੀਰ ਸਿੰਘ ਢਿੱਲੋਂ, ਹਰਜਾਪ ਭੰਗਲ, ਕੇਵਲ ਸਿੰਘ ਬਾਸੀ, ਹਰਕੀਰਤ ਸਿੰਘ ਤੂਰ।

# ਐਸ ਓ ਪੀ ਡਬਲਯੂ ਨੇ ਪਿਛਲੇ ਸਾਲ 50 ਤੋਂ ਵੱਧ ਕੈਦੀਆਂ ਨੂੰ ਰਿਹਾਅ ਕਰਵਾਇਆ

*** ਜੇਹਲਾਂ ਵਿਚ ਬੰਦ ਕੈਦੀਆਂ ਤੇ ਉਹਨਾਂ ਦੇ ਪਰਿਵਾਰਾਂ ਦੀ ਮਦਦ ਸੰਗਤਾਂ ਦੇ ਸਹਿਯੋਗ ਨਾਲ ਜਾਰੀ**

*** ਸਾਡੀ ਸੰਸਥਾ ਲੋੜਵੰਦਾਂ ਨੂੰ ਬੈਂਕ ਖਾਤਿਆਂ ਰਾਹੀਂ ਮਦਦ ਭੇਜਦੀ ਹੈ - ਬਲਬੀਰ ਸਿੰਘ ਬੈਂਸ**

**ਸਾਊਥਾਲ – ਸਿੱਖ ਆਰਗੇਨਾਈਜ਼ੇਸ਼ਨ ਫਾਰ ਪ੍ਰਿਜ਼ਨਰਜ਼ ਵੈਲਫੇਅਰ ਨਾਂ ਦੀ ਸੰਸਥਾ ਵੱਲੋਂ ਪਿਛਲੇ ਸਾਲ ਨਵੰਬਰ ਦਸਬੰਰ ਵਿਚ ਜੇਹਲਾਂ ਵਿਚ ਬੰਦ ਵਿਅਕਤੀਆਂ ਦੇ ਜਿਹੜੇ ਪਰਿਵਾਰਾਂ ਦੀ ਮਦਦ ਕੀਤੀ ਗਈ, ਉਹਨਾਂ ਨੂੰ ਮਾਇਕ ਸਹਾਇਤਾ, ਸਿਹਤ ਸਬੰਧੀ (ਇਲਾਜ) ਲਈ ਮਦਦ, ਵਿਆਹ ਸ਼ਾਦੀ ਅਤੇ ਵਕੀਲਾਂ ਦੀਆਂ ਫੀਸਾਂ ਦਿੱਤੀਆਂ ਗਈਆਂ। ਇਸ ਬਾਰੇ ਲਿਖਤੀ ਰੂਪ ਵਿਚ ਜਾਣਕਾਰੀ ਦਿੰਦਿਆਂ ਸੰਸਥਾ ਦੇ ਮੁਖੀ ਭਾਈ ਬਲਬੀਰ ਸਿੰਘ ਬੈਂਸ ਨੇ ਦੱਸਿਆ ਕਿ ਜੇਹਲਾਂ ਵਿਚ ਬੰਦ ਵਿਅਕਤੀਆਂ ਦੇ ਪਰਿਵਾਰਾਂ ਨੂੰ ਦਿੱਤੀ ਗਈ ਇਸ ਮਦਦ ਦੇ ਇਲਾਵਾ ਮਹਾਰਾਸ਼ਟਰ, ਦਿੱਲੀ, ਨਾਭਾ, ਕਰਨਾਲ, ਪਟਿਆਲਾ, ਅੰਮ੍ਰਿਤਸਰ, ਜੰਮੂ ਅਤੇ ਚੰਡੀਗੜ੍ਹ ਦੀਆਂ ਜੇਹਲਾਂ ਵਿਚ ਬੰਦ ਕੈਦੀਆਂ ਨੂੰ ਵੀ ਮਦਦ ਦਿੱਤੀ ਗਈ ਹੈ।**

ਭਾਈ ਬੈਂਸ ਨੇ ਦੱਸਿਆ ਕਿ ਅਸੀਂ ਇਹ ਦੱਸਦੇ ਹੋਏ ਮਾਣ ਮਹਿਸੂਸ ਕਰਦੇ ਹਾਂ ਕਿ ਸਾਡੇ ਮਦਦਗਾਰਾਂ ਦੀ ਸਹਾਇਤਾ ਨਾਲ ਜੇਹਲਾਂ ਵਿਚ ਬੰਦ ਵਿਅਕਤੀਆਂ ਦੇ ਪਰਿਵਾਰਾਂ ਨੂੰ ਹੁਣ ਇਹ ਮਦਦ ਬੈਂਕਾਂ ਰਾਹੀਂ ਸਿੱਧੀ ਭੇਜੀ ਜਾਂਦੀ ਹੈ, ਤਾਂ ਕਿ ਇਸ ਵਿਚ ਕੋਈ ਪਰਦਾ ਨਾ ਰਹੇ ਤੇ ਨਾ ਜਾਅਲਸਾਜ਼ੀ ਦੀ ਕੋਈ ਸੰਭਾਵਨਾ ਰਹੇ। ਸਾਡੀ ਐਸ ਓ ਪੀ ਡਬਲਯੂ ਦੀ ਟੀਮ ਲੋੜਵੰਦ ਪਰਿਵਾਰਾਂ ਦੇ ਬੈਂਕਾਂ ਦੇ ਵੇਰਵੇ ਸਾਡੇ ਤੱਕ ਪਹੁੰਚਾਉਣ ਵਿਚ ਬਹੁਤ ਅਣਥੱਕ ਮਿਹਨਤ ਕਰ ਰਹੀ ਹੈ, ਜਿਸ ਨਾਲ ਅਸੀਂ ਉਹਨਾਂ ਨੂੰ ਲੋੜੀਂਦੀ ਸਹਾਇਤਾ ਉਹਨਾਂ ਦੇ ਬੈਂਕ ਖਾਤਿਆਂ ਵਿਚ ਤੇਜ ਅਤੇ ਸੁਰੱਖਿਅਤ ਢੰਗ ਨਾਲ ਪਹੁੰਚਾਉਣ ਵਿਚ ਕਾਮਯਾਬ ਹੋਏ ਹਾਂ। ਉਹਨਾਂ ਕਿਹਾ ਕਿ ਅਸੀਂ ਬੈਂਕਾਂ ਨੂੰ ਬੇਨਤੀ ਕੀਤੀ ਹੈ ਕਿ ਜੇਹਲਾਂ ਵਿਚ ਬੰਦ ਵਿਅਕਤੀਆਂ ਦੇ ਪਰਿਵਾਰਾਂ ਨੂੰ ਮਦਦ ਪਹੁੰਚਾਉਣ ਅਤੇ ਸੇਵਾ ਵਿਚ ਹੋਰ ਸੁਧਾਰ ਲਿਆਉਣ ਲਈ ਉਹ ਸਾਨੂੰ ਸਹਿਯੋਗ ਦੇਣ। ਜਿਹੜੇ ਕੈਦੀਆਂ ਤੇ ਉਹਨਾਂ ਦੇ ਪਰਿਵਾਰਾਂ ਦੀ ਅਸੀਂ ਮਦਦ ਕਰਦੇ ਹਾਂ, ਉਹਨਾਂ ਨੂੰ ਹਰ ਸਾਲ ਗਰਮੀਆਂ ਅਤੇ ਸਰਦੀਆਂ ਦੇ ਕੱਪੜੇ ਵੀ ਦਿੱਤੇ ਜਾਂਦੇ ਹਨ। ਪਿਛਲੇ ਸਾਲ ਅਸੀਂ ਇਸ ਸਬੰਧ ਵਿਚ ਸਾਰੇ ਕੈਦੀਆਂ ਨੂੰ ਕੱਪੜੇ ਪਹੁੰਚਾਏ, ਕੇਵਲ ਅੰਮ੍ਰਿਤਸਰ ਜੇਹਲ ਵਿਚ ਨਹੀਂ ਪਹੁੰਚਾ ਸਕੇ। ਕਿਉਂਕਿ ਉਹਨਾਂ ਦੇ ਬੈਂਕ ਖਾਤੇ ਅਜੇ ਤੱਕ ਸਾਨੂੰ ਨਹੀਂ ਮਿਲੇ ਸਨ। ਐਸ ਓ ਪੀ ਡਬਲਯੂ ਨੇ ਸਰਦੀਆਂ ਦੇ ਕੱਪੜੇ ਆਪ ਲੈਣ ਵਾਸਤੇ ਹਰ ਕੈਦੀ ਨੂੰ 5000 ਰੁਪਏ ਦਿੱਤੇ।

ਸ: ਬਲਬੀਰ ਸਿੰਘ ਬੈਂਸ ਨੇ ਦੱਸਿਆ ਕਿ ਉਹਨਾਂ ਨੇ ਪਿਛਲੇ ਸਾਲ ਦੇ ਸਾਰੇ ਅਕਾਊਂਟ ਚੈਰਿਟੀ ਕਮਿਸ਼ਨ ਨੂੰ ਦੇ ਦਿੱਤੇ ਹਨ। ਬੇਸ਼ੱਕ ਸਾਡੇ ਕੋਲ 2012 ਦੇ ਅਕਾਊਂਟਸ ਦੇਣ ਲਈ 31 ਅਕਤੂਬਰ 2013 ਤੱਕ ਦਾ ਸਮਾਂ ਸੀ, ਪਰ ਐਸ ਓ ਪੀ ਡਬਲਯੂ ਚਾਹੁੰਦੀ ਹੈ ਕਿ ਅਸੀਂ ਆਪਣੇ ਅਕਾਊਂਟ ਜਿੰਨੀ ਛੇਤੀ ਹੋ ਸਕੇ ਚੈਰਿਟੀ ਕਮਿਸ਼ਨ ਕੋਲ ਪਹੁੰਚਾ ਦੇਈਏ ਤਾਂ ਕਿ ਸਾਡੀ ਸੰਸਥਾ ਦੀ ਮਦਦ ਕਰਨ ਵਾਲੇ ਜਾਣ ਸਕਣ ਕਿ ਉਹਨਾਂ ਵੱਲੋਂ ਦਿੱਤਾ ਗਿਆ ਪੈਸਾ ਕਿੱਥੇ ਅਤੇ ਕਿਹੜੇ ਢੰਗ ਨਾਲ ਵਰਤਿਆ ਜਾਂਦਾ ਹੈ ਅਤੇ ਇਹ ਕਿਸ ਨੂੰ ਦਿੱਤਾ ਜਾਂਦਾ ਹੈ। ਅਸੀਂ ਸਭ ਨਾਲੋਂ ਨੰਬਰ ਇਕ ਪਹਿਲ ਇਸ ਕੰਮ ਨੂੰ ਦਿੰਦੇ ਹਾਂ ਕਿ ਇਹ ਹਿਸਾਬ ਕਿਤਾਬ ਸ਼ੀਸ਼ੇ ਵਾਂਗ ਕਲੀਅਰ ਸਾਫ਼ ਹੋਵੇ, ਤੇ ਸਾਡੇ ਸਾਰੇ ਮਦਦ ਕਰਨ ਵਾਲੇ ਸਪੱਸ਼ਟ ਰੂਪ ਵਿਚ ਜਾਣ ਸਕਣ। ਇਹ ਸਾਰੇ ਪ੍ਰੋਜੈਕਟ ਅਸੀਂ ਕੇਵਲ ਤੁਹਾਡੀ ਸਾਰਿਆਂ ਦੀ ਮਦਦ ਨਾਲ ਹੀ ਮੁਕੰਮਲ ਕਰ ਸਕਦੇ ਹਾਂ। ਤੁਹਾਡੇ ਵੱਲੋਂ ਦਿੱਤੇ ਡੋਨੇਸ਼ਨ ਨਾਲ ਦਸੰਬਰ ਵਿਚ ਜਿਹੜੀਆਂ ਸੇਵਾਵਾਂ ਕੀਤੀਆਂ ਗਈਆਂ, ਉਹਨਾਂ ਦਾ ਵੇਰਵਾ ਇਸ ਤਰ੍ਹਾਂ ਹੈ:

ਲਾਲ ਸਿੰਘ ਦੇ ਵਕੀਲ ਦੀ ਫੀਸ 1,60,000 ਰੁਪਏ, ਮੇਜਰ ਸਿੰਘ ਦਾ ਜੁਰਮਾਨਾ ਅਤੇ ਵਕੀਲ ਦੀ ਫੀਸ 145,000 ਰੁਪਏ, ਦਇਆ ਸਿੰਘ ਲਾਹੌਰੀਆ ਦੇ ਵਕੀਲ ਦੀ ਫੀਸ 100,000 ਰੁ:, ਕਈ ਕੇਸਾਂ ਵਾਸਤੇ ਜਸਪਾਲ ਸਿੰਘ ਮੰਝਪੁਰ ਵਕੀਲ ਦੀ ਫੀਸ ਇਕ ਲੱਖ ਰੁਪਏ, ਬਲਜੀਤ ਸਿੰਘ ਭਾਊ ਦੇ ਵਕੀਲ ਦੀ ਫੀਸ 25,000 ਰੁ:, ਤਰਲੋਚਨ ਸਿੰਘ ਦੇ ਵਕੀਲ ਦੀ ਫੀਸ 25,000 ਰੁ:, ਜਗਤਾਰ ਸਿੰਘ ਹਵਾਰਾ ਨੂੰ ਖਰਚਾ 25,000 ਰੁ:, ਪ੍ਰਮਜੀਤ ਸਿੰਘ ਭਿਓਰਾ ਦੇ ਵਕੀਲ ਦੀ ਫੀਸ 25,000 ਰੁ:, ਬਲਵਿੰਦਰ ਸਿੰਘ ਨੂੰ ਤਿਹਾੜ ਜੇਹਲ ਵਿਚੋਂ ਵਿਆਹ ਤੇ ਛੁਡਾਉਣ ਲਈ 50,000 ਰੁ:, ਰਣਜੀਤ ਸਿੰਘ ਨੂੰ ਤਿਹਾੜ ਜੇਹਲ ਵਿਚੋਂ ਛੁਡਾਉਣ ਲਈ ਵਕੀਲ ਦੀ ਫੀਸ 20,000 ਰੁਪਏ, ਅਮਰਜੀਤ ਸਿੰਘ ਦੇ ਵਕੀਲ ਦੀ ਫੀਸ 35,000 ਰੁਪਏ, ਪ੍ਰਭਦਿਆਲ ਸਿੰਘ ਦੀ ਭੈਣ ਦੇ ਵਿਆਹ ਅਤੇ ਜ਼ਮਾਨਤ ਦੀ ਫੀਸ 25,000 ਰੁ:, ਸੁਰਿੰਦਰ ਕੌਰ ਪਰਿਵਾਰ ਦੀ ਮਦਦ ਅਤੇ ਵਕੀਲ ਦੀ ਫੀਸ 36,000 ਰੁ:, ਬਾਬਾ ਬਖਸ਼ੀਸ਼ ਸਿੰਘ ਪਰਿਵਾਰ ਦੀ ਮਦਦ 35,000 ਰੁਪਏ, ਬਲਬੀਰ ਸਿੰਘ ਭੂਤਨਾ ਅਤੇ ਉਸ ਦੀ ਪਤਨੀ ਦੋਵੇਂ ਜੇਹਲ ਵਿਚ 20,000 ਰੁ: ਅਤੇ ਉਸ ਦੀ ਮਾਤਾ ਕੁਲਦੀਪ ਕੌਰ ਨੂੰ ਖਰਚਾ 20,000 ਰੁ:, ਸ਼ਹੀਦ ਪਰਿਵਾਰ ਦੀ ਬੀਬੀ ਮਨਜੀਤ ਕੌਰ ਨੂੰ ਇਲਾਜ ਲਈ 35,000 ਰੁ:, ਦਲਜੀਤ ਕੌਰ ਦੇ ਇਲਾਜ ਲਈ 20,000 ਰੁ: ਜਿਸ ਦਾ ਪਤੀ ਕਰਨਾਲ ਜੇਹਲ ਵਿਚ ਹੈ। ਇਸੇ ਤਰ੍ਹਾਂ ਬੀਬੀ ਗੁਰਜੀਤ ਕੌਰ (ਸ਼ਹੀਦ ਪਰਿਵਾਰ) ਨੂੰ ਇਲਾਜ ਵਾਸਤੇ 20,000 ਰੁ:, ਬਲਰਾਜ ਸਿੰਘ ਨੂੰ ਇਲਾਜ ਲਈ 15,000 ਰੁ:, ਬੀਬੀ ਜੀਤ ਕੌਰ (ਸ਼ਹੀਦ ਪਰਿਵਾਰ 20,000 ਰੁ:, ਬੀਬੀ ਬਲਬੀਰ ਕੌਰ (ਧਰਮੀ ਫੌਜੀ) ਪਰਿਵਾਰ ਨੂੰ 20,000 ਰੁ: ਅਤੇ ਮਨਜੋਤ ਕੌਰ (ਸ਼ਹੀਦ ਪਰਿਵਾਰ) ਨੂੰ 10,000 ਰੁਪਏ ਪਹੁੰਚਾਏ ਗਏ। ਇਹ ਕੁਲ ਰਕਮ 9,96,000 ਰੁਪਏ ਜੋ ਕਿ 12,450 ਪੌਂਡ ਬਣਦੀ ਹੈ, ਐਸ ਓ ਪੀ ਡਬਲਯੂ ਨੇ ਦਸੰਬਰ ਮਹੀਨੇ ਵਿਚ ਲੋੜਵੰਦਾਂ ਨੂੰ ਪਹੁੰਚਾਈ ਹੈ।

ਇਹ ਨੋਟ ਕਰਨ ਵਾਲੀ ਗੱਲ ਹੈ ਕਿ ਇਹ ਸੂਚੀ ਕੇਵਲ ਉਹਨਾਂ ਦੀ ਹੈ, ਜਿਹੜੇ ਵਿਅਕਤੀਆਂ ਨੂੰ ਸਿੱਧੇ ਤੌਰ ਤੇ ਇਹ ਮਦਦ ਦਿੱਤੀ ਗਈ ਹੈ, ਇਸ ਸੂਚੀ ਵਿਚ ਉਹਨਾਂ ਸਾਰੇ ਕੈਦੀਆਂ ਦੇ ਵੇਰਵੇ ਸ਼ਾਮਿਲ ਨਹੀਂ ਹਨ, ਜਿਹਨਾਂ ਨੂੰ ਲਗਾਤਾਰ ਮਦਦ ਦਿੱਤੀ ਜਾਂਦੀ ਹੈ, ਜਿਵੇਂ ਕਿ ਪਰਿਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਦਿੱਤਾ ਜਾਂਦਾ ਹੈ। ਭਾਈ ਬਲਬੀਰ ਸਿੰਘ ਬੈਂਸ ਨੇ ਐਸ ਓ ਪੀ ਡਬਲਯੂ ਦੀ ਸਾਰੀ ਟੀਮ ਅਤੇ ਸਾਰੇ ਮਦਦਗਾਰਾਂ ਦਾ ਹਾਰਦਿਕ ਧੰਨਵਾਦ ਕੀਤਾ ਹੈ, ਜਿਹਨਾਂ ਦੀ ਸਹਾਇਤਾ ਨਾਲ ਉਹ 2012 ਵਿਚ ਇਤਨੇ ਲੋੜਵੰਦਾਂ ਨੂੰ ਮਦਦ ਪਹੁੰਚਾ ਸਕੇ ਹਨ। ਉਹਨਾਂ ਦੱਸਿਆ ਕਿ ਅਸੀਂ 2012 ਵਿਚ 50 ਤੋਂ ਵੱਧ ਕੈਦੀਆਂ ਨੂੰ ਛੁਡਾਇਆ ਹੈ, ਜੇ ਉਹਨਾਂ ਦੀ ਮਦਦ ਨਾ ਕੀਤੀ ਜਾਂਦੀ ਤਾਂ ਉਹ ਅਜੇ ਹੋਰ ਲੰਮਾ ਸਮਾਂ ਜੇਹਲਾਂ ਵਿਚ ਰਹਿਣੇ ਸਨ, ਕਿਉਂਕਿ ਉਹਨਾਂ ਕੋਲ ਵਕੀਲਾਂ ਦੀ ਫੀਸ ਤੇ ਜੁਰਮਾਨੇ ਆਦਿ ਭਰਨ ਲਈ ਪੈਸੇ ਨਹੀਂ ਸਨ, ਸੋ ਇਹ ਤੁਸੀਂ ਮਦਦ ਕਰਕੇ ਉਹਨਾਂ ਨੂੰ ਛੁਡਵਾ ਕੇ ਉਹਨਾਂ ਦੇ ਪਰਿਵਾਰਾਂ ਵਿਚ ਭੇਜਿਆ ਹੈ ਤੇ ਉਹ ਆਪਣੇ ਬੱਚਿਆਂ ਨੂੰ ਮਿਲ ਸਕੇ ਹਨ। ਸਾਨੂੰ ਐਸ ਓ ਪੀ ਡਬਲਯੂ ਦੀ ਸਾਰੀ ਟੀਮ ਉੱਤੇ ਅਤੇ ਸੰਸਥਾ ਨੂੰ ਦਾਨ ਕਰਨ ਵਾਲੇ ਦਾਨੀਆਂ ਉੱਤੇ ਬਹੁਤ ਮਾਣ ਹੈ। 2012 ਵਿਚ ਅਸੀਂ ਬਹੁਤ ਕੰਮ ਕੀਤਾ ਹੈ ਤੇ ਚਾਹੁੰਦੇ ਹਾਂ 2013 ਵਿਚ ਇਸ ਨਾਲੋਂ ਵੀ ਵੱਡੇ ਨਿਸ਼ਾਨੇ ਪੂਰੇ ਕੀਤੇ ਜਾਣ, ਪਰ ਉਹ ਪੂਰੇ ਕਰਨੇ ਤੁਹਾਡੀ ਮਦਦ ਤੋਂ ਬਿਨਾ ਮੁਸ਼ਕਿਲ ਹਨ। ਇਸ ਸਾਲ ਨੂੰ ਗੁਰੂ ਨਾਨਕ ਦੇਵ ਜੀ ਦੇ ਤੇਰਾ, ਤੇਰਾ ਵਾਲੇ ਵਾਕਾਂ ਦੇ ਤੌਰ ਤੇ ਮਨਾਈਏ ਤੇ ਜੇਹਲਾਂ ਵਿਚ ਬੰਦ ਵਿਅਕਤੀਆਂ ਦੀ ਹੋਰ ਮਦਦ ਕਰੀਏ। ਆਓ ਸਾਰੇ ਮਿਲ ਕੇ ਇਸ ਸਾਲ ਨੂੰ ਇਕ ਯਾਦਗਾਰੀ ਸਾਲ ਬਣਾ ਦੇਈਏ। ਐਸ ਓ ਪੀ ਡਬਲਯੂ ਵੱਲੋਂ ਅਸੀਂ ਸਾਰਿਆਂ ਨੂੰ ਨਵੇਂ ਸਾਲ ਦੀ ਵਧਾਈ ਦਿੰਦੇ ਹਾਂ। ਐਸ ਓ ਪੀ ਡਬਲਯੂ ਨੂੰ ਮਦਦ ਕਰਨ ਲਈ ਹੇਠਾਂ ਲਿਖੀਆਂ ਵੈਬਸਾਈਟ ਰਾਹੀਂ ਪਹੁੰਚ ਕਰ ਸਕਦੇ ਹੋ:



ਭਾਈ ਬਲਬੀਰ ਸਿੰਘ ਬੈਂਸ

Donate:
www.Justgiving.com/SOPW
Web: www.PrisonerWelfare.com
or Email:
Info@prisonerwelfare.com



# ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਿੱਖਣ ਤੇ ਸੁਣਨ ਵਾਲਿਆਂ ਲਈ ਅਨਮੋਲ ਤੋਹਫ਼ਾ: ਇੱਕ ਸੰਸਥਾ ਵੱਲੋਂ ਕੀਤੇ ਜਾਣ ਵਾਲਾ ਕੰਮ ਇਕੱਲੇ ਸਤਪਾਲ ਸਿੰਘ ਪੁਰੇਵਾਲ ਨੇ ਕਰ ਵਿਖਾਇਆ

**ਕਿਰਪਾਲ ਸਿੰਘ ਬਠਿੰਡਾ**
9855480797

*** ਇੱਕ ਸੰਸਥਾ ਵੱਲੋਂ ਕੀਤੇ ਜਾਣ ਵਾਲਾ ਕੰਮ ਇਕੱਲੇ ਸਤਪਾਲ ਸਿੰਘ ਪੁਰੇਵਾਲ ਨੇ ਕਰ ਵਿਖਾਇਆ**

*** ਹਰ ਪ੍ਰਾਣੀ ਮਾਤਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਥਿਆ ਪਾਠ ਸਿਖਾਉਣ ਲਈ ਵੀਡੀਓ ਟਿਊਟਰ ਕੀਤਾ ਤਿਆਰ**

ਸਿੱਖ ਰਹਿਤ ਮਰਿਆਦਾ ਦੇ ਪੰਨਾ ਨੰਬਰ 16 ’ਤੇ ਸਾਧਾਰਨ ਪਾਠ ਦੇ ਸਿਰਲੇਖ ਹੇਠ ਇਹ ਹਦਾਇਤਾਂ ਦਰਜ ਹਨ:, (*) ਹਰ ਇੱਕ ਸਿੱਖ ਨੂੰ ਵੱਸ ਲੱਗੇ, ਆਪਣੇ ਘਰ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਦਾ ਵੱਖਰਾ ਤੇ ਨਵੇਕਲਾ ਸਥਾਨ ਨਿਯਤ ਕਰਨਾ ਚਾਹੀਏ।, (ਅ) ਹਰ ਇੱਕ ਸਿੱਖ ਸਿੱਖਣੀ ਬੱਚੇ ਬੱਚੀ ਨੂੰ ਗੁਰਮੁਖੀ ਪੜ੍ਹ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸਿੱਖਣਾ ਚਾਹੀਏ।, (*) ਹਰ ਇੱਕ ਸਿੱਖ ਅੰਮ੍ਰਿਤ ਵੇਲੇ ਪ੍ਰਸ਼ਾਦ ਛਕਣ ਤੋਂ ਪਹਿਲਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲਵੇ। ਜੇ ਇਸ ਵਿਚ ਉਕਾਈ ਹੋ ਜਾਵੇ, ਤਾਂ ਦਿਨ ਵਿਚ ਕਿਸੇ ਨਾ ਕਿਸੇ ਵੇਲੇ ਜ਼ਰੂਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕਰੇ ਜਾਂ ਸੁਣੇ। ਸਫ਼ਰ ਆਦਿ ਔਕੜ ਔਕੜ ਵੇਲੇ ਦਰਸ਼ਨ ਕਰਨ ਤੋਂ ਅਸਮਰਥ ਹੋਵੇ ਤਾਂ ਸ਼ੰਕਾ ਨਹੀਂ ਕਰਨੀ।, (ਸ) ਚੰਗਾ ਤਾਂ ਇਹ ਹੈ ਕਿ ਹਰ ਇੱਕ ਸਿੱਖ ਆਪਣਾ ਸਾਧਾਰਨ ਪਾਠ ਜਾਰੀ ਰੱਖੇ ਤੇ ਮਹੀਨੇ ਦੋ ਮਹੀਨੇ ਮਗਰੋਂ (ਜਾਂ ਜਿਤਨੇ ਸਮੇਂ ਵਿਚ ਹੋ ਹੋ ਸਕੇ) ਭੋਗ ਪਾਵੇ। ਪਰ ਪੁਜਾਰੀ ਸ਼੍ਰੇਣੀ, ਜਿਨ੍ਹਾਂ ਨੇ ਧਰਮ ਨੂੰ ਧੰਦਾ ਜਾਂ ਵਪਾਰ ਬਣਾ ਲਿਆ ਹੈ ਉਨ੍ਹਾਂ ਨੇ ਸਿੱਖਾਂ ਨੂੰ ਵਹਿਮਾਂ ਭਰਮਾਂ ਵਿਚ ਉਲਝਾ ਕੇ ਇੰਨਾ ਡਰਾ ਦਿੱਤਾ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਤਾਂ ਇੱਕ ਪਾਸੇ ਰਿਹਾ ਗੁਰੂ ਗ੍ਰੰਥ ਸਾਹਿਬ ਜੀ ਦੇ ਨਜ਼ਦੀਕ ਆਉਣ ਤੋਂ ਵੀ ਡਰਨ ਲੱਗ ਪਏ ਹਨ। ਕਿਉਂਕਿ ਪ੍ਰਚਾਰਿਆ ਜਾ ਰਿਹਾ ਹੈ ਕਿ ਬਿਨਾਂ ਸੰਥਿਆ ਲਿਆਂ ਪਾਠ ਗ਼ਲਤ ਹੋ ਜਾਂਦਾ ਹੈ ਤੇ ਗ਼ਲਤ ਪਾਠ ਕਰਨ ਵਾਲੇ ਨੂੰ ਪਾਪ ਲੱਗਦਾ ਹੈ। ਉਨ੍ਹਾਂ ਅਨੁਸ-ਾਰ ਵਿਧੀ ਪੂਰਵਕ ਪਾਠ ਕਰਨ ਦੀ ਮਰਿਆਦਾ ਕੇਵਲ ਕਿਸੇ (ਭਾਵ ਵਿਹਲੜ ਡੇਰੇਦਾਰਾਂ) ਤੋਂ ਹੀ ਸਿੱਖੀ ਜਾ ਸਕਦੀ ਹੈ। ਮਰਿਆਦਾ ਦੀ ਉਲੰਘਣਾ ਹੋਣ ’ਤੇ ਵੀ ਪਾਪਾਂ ਦੇ ਭਾਗੀ ਬਣੀਦਾ ਹੈ।

ਅੱਜ ਕੱਲ੍ਹ ਦੇ ਜੁੱਗ ਵਿਚ ਜਦੋਂ ਰੁਜ਼ਗਾਰ ਪ੍ਰਾਪਤ ਕਰਨ ਅਤੇ ਇਸ ਨੂੰ ਜ਼ਿੰਮੇਵਾਰੀ ਨਾਲ ਨਿਭਾਉਣ ਲਈ ਹੀ ਮਨੁੱਖ ਨੂੰ ਵੱਡੀ ਘਾਲਣਾ ਘਾਲਣੀ ਪੈਂਦੀ ਹੈ ਇਸ ਲਈ ਕਿਸੇ ਕੋਲ ਇਤਨਾ ਸਮਾਂ ਨਹੀਂ ਕਿ ਉਹ ਤਿੰਨ ਚਾਰ ਸਾਲ ਵਿਹਲੜਾਂ ਦੇ ਡੇਰੇ ਵਿਚ ਰਹਿ ਕੇ ਸ਼ੁੱਧ ਪਾਠ ਸਿੱਖਣ ਲਈ ਸੰਥਿਆ ਲੈਣ ਤੇ ਵਿਧੀ ਪੂਰਵਕ ਪਾਠਾਂ ਦੀਆਂ ਮਰਿਆਦਾਵਾਂ ਸਿੱਖਣ ਲਈ ਸਮਾਂ ਕੱਢ ਸਕੇ। ਜਿਹੜਾ ਕੱਢ ਵੀ ਲਵੇ ਉਸ ਨੂੰ ਵੀ ਗੁਰੂ ਦਾ ਗਿਆਨ ਦੇਣ ਦੀ ਬਜਾਏ ਮਰਿਆਦਾ ਦੇ ਨਾਮ ’ਤੇ ਉਹ ਕਰਮਕਾਂਡ ਹੀ ਸਿਖਾਏ ਜਾਂਦੇ ਹਨ ਜਿਨ੍ਹਾਂ ਦੀ ਜਿੱਲ੍ਹਣ ਤੋਂ 239 ਸਾਲ ਦੀਆਂ ਘਾਲਣਾ ਰਾਹੀ ਗੁਰੂ ਸਾਹਿਬ ਨੇ ਸਾਨੂੰ ਕੱਢਿਆ ਸੀ। ਇਸ ਤਰ੍ਹਾਂ ਡੇਰੇਦਾਰਾਂ ਤੇ ਪੁਜਾਰੀਆਂ ਦੇ ਪ੍ਰਚਾਰ ਸਦਕਾ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਖ਼ੁਦ ਨਾ ਕਰਨ ਦੀ ਕੋਤਾਹੀ ਕਰ ਕੇ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਹੋ ਰਹੀ ਹੈ ਗੁਰਬਾਣੀ ਤੋਂ ਸਿੱਖ ਪੂਰੀ ਤਰ੍ਹਾਂ ਟੁੱਟ ਕੇ ਸਿਧਾਂਤਕ ਪੱਖੋਂ ਰਸਾਤਲ ਵਿਚ ਜਾ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਫ਼ਰਜ਼ ਬਣਦਾ ਸੀ ਕਿ ਕੇਵਲ ਸਿੱਖਾਂ ਨੂੰ ਹੀ ਨਹੀਂ ਬਲਕਿ ਸਮੂਹ ਲੁਕਾਈ ਨੂੰ ਗੁਰਬਾਣੀ ਦੇ ਅਰਥ ਭਾਵ ਸਮਝਾ ਕੇ ਉਨ੍ਹਾਂ ਨੂੰ ਗੁਰੂ ਦੇ ਲੜ ਲਾਉਂਦੀ। ਪਰ ਸ਼੍ਰੋਮਣੀ ਕਮੇਟੀ ਜਿੱਥੇ ਪੂਰੀ ਤਰ੍ਹਾਂ ਸਿਆਸਤ ਦੇ ਅਧੀਨ ਹੋ ਚੁੱਕੀ ਹੈ ਉੱਥੇ ਅਸਿੱਧੇ ਤੌਰ ’ਤੇ ਸ਼ਬਦ ਗੁਰੂ ਦੀ ਸਿਧਾਂਤਕ ਪੱਖੋਂ ਵਿਰੋਧੀ ਜਮਾਤ ਆਰ ਐੱਸ ਐੱਸ ਦੇ ਗ਼ਲਬੇ ਅਧੀਨ ਵੀ ਆ ਚੁੱਕੀ ਹੈ ਇਸ ਲਈ ਉਸ ਤੋਂ ਕੋਈ ਆਸ ਰੱਖਣੀ ਹੀ ਬੇਮਾਅਨੇ ਹੈ। ਕੰਪਿਊਟਰ ਦੇ ਇਸ ਯੁੱਗ ਵਿਚ ਅਮਰੀਕਾ ਨਿਵਾਸੀ ਸ: ਸਤਪਾਲ ਸਿੰਘ ਪੁਰੇਵਾਲ ਜੀ ਨੇ ਗੁਰਬਾਣੀ ਨੂੰ ਕੇਵਲ ਸਿੱਖਾਂ ਤੱਕ ਹੀ ਨਹੀਂ ਬਲਕਿ ਦੁਨੀਆਂ ਭਰ ਦੇ ਹਰ ਪ੍ਰਾਣੀ ਮਾਤਰ ਤੱਕ ਪਹੁੰਚਾਉਣ ਲਈ ਇੱਕ ਵੀਡੀਓ ਟਿਊਟਰ ਤਿਆਰ ਕਰਨ ਦਾ ਪ੍ਰੋਜੈਕਟ ਆਪਣੇ ਹੱਥ ਵਿਚ ਲਿਆ। ਤਕਰੀਬਨ 6-7 ਮਹੀਨੇ ਪਹਿਲਾਂ ਉਨ੍ਹਾਂ ਦੀ ਵੈੱਬ ਸਾਈਟ ’ਏਕਤੂਹੀਡਾਟਕਾਮ’ (www.ektuhi.com) ’ਤੇ ਗਿਆਨੀ ਜਗਤਾਰ ਸਿੰਘ ਜਾਚਕ ਜੀ ਦੀ ਆਵਾਜ਼ ’ਚ ਗੁਰੂ ਗ੍ਰੰਥ ਸਾਹਿਬ ਜੀ ਦਾ ਕੀਤਾ ਗਿਆ ਸੰਥਿਆ ਪਾਠ ਦੀਆਂ ਪਾਈਆਂ ਗਈਆਂ ਕੁੱਝ ਵੀਡੀਓ ਸੀਡੀ ਵੇਖਣ ਦਾ ਮੌਕਾ ਮਿਲਿਆ। ਮੇਰੇ ਮਨ ਨੂੰ ਇਹ ਉਪਰਾਲਾ ਕਾਫ਼ੀ ਚੰਗਾ ਲੱਗਾ ਕਿਉਂਕਿ ਇਸ ਵਿਚ ਪ੍ਰਕਰਣ ਮੁਤਾਬਿਕ ਅਰਥ ਸਪਸ਼ਟ ਕਰਦਾ ਹੋਇਆ ਸ਼ੁੱਧ ਉਚਾਰਨ ਤੇ ਗੁਰਬਾਣੀ ਵਿਆਕਰਨ ਅਨੁਸਾਰ ਸਹੀ ਥਾਂ ਵਿਸ਼ਰਾਮ ਤੇ ਅਰਧ ਵਿਸ਼ਰਾਮ ਲਾ ਕੇ ਪਾਠ ਕੀਤਾ ਗਿਆ ਹੈ, ਜਿਸ ਨਾਲ ਜਿਸ ਵਿਅਕਤੀ ਨੇ ਕਦੀ ਵੀ ਗੁਰਬਾਣੀ ਨਹੀਂ ਪੜ੍ਹੀ ਉਸ ਨੂੰ ਵੀ ਅੱਧੋਂ ਵੱਧ ਅਰਥ ਆਪਣੇ ਆਪ ਸਮਝ ਆਉਣੇ ਸ਼ੁਰੂ ਹੋ ਜਾਂਦੇ ਹਨ। ਇਸ ਤੋਂ ਇਲਾਵਾ ਨਵੇਂ ਸਿੱਖਿਆਰਥੀਆਂ ਦੀ ਸਹੂਲਤ ਲਈ ਜਿਸ ਸ਼ਬਦ ਦਾ ਉਚਾਰਨ ਹੋ ਰਿਹਾ ਹੁੰਦਾ ਹੈ ਉਹ ਨਾਲ ਦੀ ਨਾਲ ਹਾਈਲਾਈਟ ਹੁੰਦਾ ਜਾ ਰਿਹਾ ਹੁੰਦਾ ਹੈ ਤਾਂ ਕਿ ਸਰੋਤੇ ਨੂੰ ਆਪਣੀ ਸੁਰਤ ਉਸ ਸ਼ਬਦ ਵਿਚ ਟਿਕਾਉਣ ਵਿਚ ਮਦਦ ਮਿਲ ਸਕੇ। ਇਸ ਲਈ ਗਿਆਨੀ ਜਗਤਾਰ ਸਿੰਘ ਜਾਚਕ ਜੀ ਦੀ ਸ਼ਲਾਘਾ ਕਰਨ ਅਤੇ ਇਸ ਨੂੰ ਹੋਰ ਲਾਹੇਵੰਦ ਬਣਾਉਣ ਲਈ ਕੁੱਝ ਸੁਝਾਉ ਦੇਣ ਵਾਸਤੇ ਉਨ੍ਹਾਂ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਇਹ ਕੰਮ ਸ: ਸਤਪਾਲ ਸਿੰਘ ਜੀ ਪੁਰੇਵਾਲ ’ਯੂਨਿਊਜ਼ਟੂਡੇ ਡਾਟ ਕਾਮ’ ਵਾਲੇ ਕਰ ਰਹੇ ਹਨ ਇਸ ਲਈ ਉਨ੍ਹਾਂ ਦਾ ਧੰਨਵਾਦ ਵੀ ਕਰ ਦੇਵੋ ਤੇ ਆਪਣੇ ਇਹ ਸੁਝਾਉ ਵੀ ਉਨ੍ਹਾਂ ਤੱਕ ਪੁੱਜਦੇ ਕਰ ਦੇਵੋ। ਈਮੇਲ ਸੰਦੇਸ਼ ਰਾਹੀਂ ਸ: ਪੁਰੇਵਾਲ ਜੀ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨੂੰ ਕੁੱਝ ਹੋਰ ਸੁਝਾਵਾਂ ਤੋਂ ਇਲਾਵਾ ਇਹ ਬੇਨਤੀ ਵੀ ਕੀਤੀ ਕਿ ਇਸ ਵਿਚ ਡਾਊਨ ਲੋਡ ਦੀ ਆਪਸ਼ਨ ਪਾਈ ਜਾਵੇ ਤਾਂ ਕਿ ਹਰ ਜਗਿਆਸੂ ਇਸ ਨੂੰ ਡਾਊਨ ਲੋਡ ਕਰ ਕੇ ਆਪਣੇ ਕੰਪਿਊਟਰ ਵਿਚ ਸੇਵ ਕਰ ਕੇ ਰੱਖ ਲਵੇ ਤਾਂ ਕਿ ਜੇ ਕਿਸੇ ਸਮੇਂ ਇੰਟਰਨੈੱਟ ਦੀ ਪ੍ਰਾਬਲਮ ਹੋਵੇ ਤਾਂ ਵੀ ਉਸ ਨੂੰ ਆਪਣਾ ਪਾਠ ਜਾਰੀ ਰੱਖਣ ਵਿਚ ਕੋਈ ਸਮੱਸਿਆ ਨਾ ਆਵੇ। ਇਸ ਤਰ੍ਹਾਂ ਕਰਨ ਨਾਲ ਜਿਨ੍ਹਾਂ ਕੋਲ ਇੰਟਰਨੈੱਟ ਕੁਨੈਕਸ਼ਨ ਦੀ ਸੁਵਿਧਾ ਨਾ ਵੀ ਹੋਵੇ ਉਨ੍ਹਾਂ ਨੂੰ ਵੀ ਪੈੱਨ ਡਰਾਈਵ ਜਾਂ ਸੀਡੀ ਵਿਚ ਕਾਪੀ ਕਰ ਕੇ ਦਿੱਤਾ ਜਾ ਸਕੇਗਾ।

**ਬਾਕੀ ਸਫਾ 71 ’ਤੇ ਪੜ੍ਹੋ** →

## ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ

**ਯੂ ਕੇ ਵਿਚ 1965 ਤੋਂ ਛਪ ਰਿਹਾ ਪੰਜਾਬ ਟਾਈਮਜ਼ ਦਾ ਇਸ਼ਤਿਹਾਰਾਂ ਵਾਲਾ ਸੈਕਸ਼ਨ ਪੰਜਾਬ ਟਾਈਮਜ਼ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ ਵਿਚ ਵੰਡਿਆ ਜਾ ਰਿਹਾ ਹੈ। ਇਸ ਵਿਚ ਛਪਣ ਲਈ ਇਸ਼ਤਿਹਾਰਾਂ ਦਾ ਮੈਟਰ ਮੰਗਲਵਾਰ ਦੀ ਸ਼ਾਮ ਤੱਕ ਪੰਜਾਬ ਟਾਈਮਜ਼ ਦੇ ਦਫ਼ਤਰ ਪਹੁੰਚ ਜਾਣਾ ਚਾਹੀਦਾ ਹੈ। ਪੂਰਾ ਪੰਜਾਬ ਟਾਈਮਜ਼ ਤੇ ਇਸ਼ਤਿਹਾਰਾਂ ਵਾਲਾ ਸੈਕਸ਼ਨ ਨਿਊਜ਼ ਏਜੰਟ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਇਕ ਪੌਂਡ ਦਾ ਮਿਲਦਾ ਹੈ। ਇਸ਼ਤਿਹਾਰਾਂ ਵਾਲਾ ਸੈਕਸ਼ਨ ਗੁਰੂ ਘਰਾਂ, ਇੰਟਰਨੈਸ਼ਨਲ ਫਲਾਈਟਾਂ, ਹੋਟਲਾਂ, ਰੈਸਟੋਰੈਂਟਾਂ, ਮਠਿਆਈ ਦੀਆਂ ਦੁਕਾਨਾਂ ਤੇ ਆਫ਼ ਲਾਈਸੰਸਾਂ ਤੇ ਗਰੋਸਰੀ ਦੁਕਾਨਾਂ ਤੋਂ ਮਿਲਦਾ ਹੈ।**

***ਜਾਣਕਾਰੀ ਲਈ ਸੰਪਰਕ: 01332 372 851***

Diploma Course for ITI Admissions Information visit us : www.iticollegesinpunjab.com
+91-98728-81103, www.necollege.in



ਦੇਸ਼ ਪ੍ਰਦੇਸ਼ ਵਿੱਚ ਮਸ਼ਹੂਰ
ਸੈਕਸ
ਅਤੇ ਸੇਹਤ ਵਾਧਾ No. 1 ਕੋਰਸ

ਹਰ ਤਰਾਂ ਦੇ ਨਸ਼ੇ ਛੱਡੋ

Realman ਹਰ ਸੈਕਸ ਸਮੱਸਿਆ ਲਈ ਹਰ ਉਮਰ ਵਿੱਚ ਕੰਪਲੀਟ ਪਾਵਰਫੁੱਲ ਪੱਕਾ ਇਲਾਜ। ਅੰਗ ਛੋਟਾ, ਪਤਲਾ, ਟੇਢਾ, ਢਿੱਲਾ ਅਤੇ ਸੈਕਸ ਟਾਈਮ ਘੱਟ ਹੈ, ਜੋਸ਼ ਵਿੱਚ ਕਮੀ, Nill ਸ਼ੁਕਰਾਣੂੰ, ਸੁਪਨਦੋਸ਼, ਧਾਂਤ, ਨਾਮਰਦੀ, ਨਸਾਂ ਵਿੱਚ ਕਮਜ਼ੋਰੀ, 100% ਸੈਕਸ ਪਾਵਰ ਲਈ ਹਰਬਲ ਫਾਰਮੂਲੇਸ਼ਨ ਮਨਚਾਹਾ ਸੈਕਸ ਟਾਈਮ ਵਧਾਓ। ਹਾਈ ਪਾਵਰ Sex ਦਵਾਈ ਰਿਜ਼ਲਟ ਤੀਸਰੇ ਦਿਨ ਆਦਮੀ ਦੀ (Potency) ਦੁੱਗਣੀ, ਦਵਾਈ ਗਾਰੰਟੀਡ। ਕੱਦ ਲੰਬਾ ਕਰੋ, ਮੋਟਾਪਾ, ਸ਼ੂਗਰ, ਛਾਈਆਂ, ਕਬਜ਼, ਪੇਟ ਗੈਸ, ਚਮੜੀ ਰੋਗ, ਗਠੀਆ, ਬਵਾਸੀਰ, ਲਕੋਰੀਆ, ਵਾਲਾਂ ਦਾ ਝੜਨਾ, ਨਸ਼ੇ ਛੁਡਾਉਣਾ ਅਤੇ ਹਰ ਤਰਾਂ ਦਾ ਆਯੁਰਵੈਦਿਕ ਇਲਾਜ।

Dukh Niwaran Ayur. Centre®
Opp. Narinder Cinema, Near Bus Stand, Jalandhar (Pb.)
www.drayur.in
0091-181-2452545
0091-98721-22541-42

# AZAD
## PROPERTY SERVICES

# ਆਜ਼ਾਦ
## ਪਰਾਪਰਟੀ ਸਰਵਿਸਿਜ਼

**ਪੰਜਾਬ ਵਿਚ ਜ਼ਮੀਨ ਜਾਇਦਾਦ ਖਰੀਦਣ ਜਾਂ ਵੇਚਣ ਲਈ ਸਾਡੀ ਸੇਵਾ ਦਾ ਲਾਭ ਉਠਾਓ**

**ਅਵਤਾਰ ਸਿੰਘ ਵਲੈਤੀਏ ਨਾਲ ਹੇਠਾਂ ਦਿੱਤੇ ਫ਼ੋਨ ਨੰਬਰਾਂ ‘ਤੇ ਗੱਲਬਾਤ ਕਰੋ**

## TO BUY OR SELL PROPERTY IN PANJAB
**Contact Avtar Singh Azad Englandia**

**U.K. Tel: 0044 (0) 7940 336 202**
**In India: 0091 98 724 58 244**
**or 0091 96 464 28500**
**Email:avtarazad@yahoo.co.uk**

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

# ਅਖੰਡ ਕੀਰਤਨੀ ਜਥਾ ਯੂ ਕੇ ਵੱਲੋਂ

## ਗੁਰੂ ਨਾਨਕ ਦਰਬਾਰ ਗੁਰਦੁਆਰਾ, ਕਿੰਗ ਸਟ੍ਰੀਟ, ਸਾਊਥਾਲ ਵਿਖੇ

# ਰੈਣਿ ਸਬਾਈ ਕੀਰਤਨ

**19 ਜਨਵਰੀ 2013 ਨੂੰ ਸ਼ਨੀਵਾਰ ਸ਼ਾਮ 7:00 ਵਜੇ**

ਗੁਰੂ ਪਿਆਰੀ ਸਾਧ ਸੰਗਤ ਜੀ, ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸਮੂਹ ਖਾਲਸਾ ਪੰਥ ਨੇ 5 ਜਨਵਰੀ 2013 ਨੂੰ ਚੜ੍ਹਦੀ ਕਲਾ ਵਿਚ ਮਨਾਇਆ ਹੈ, ਇਸ ਸਬੰਧ ਵਿਚ ਕਲਗੀਧਰ ਪਾਤਿਸ਼ਾਹ ਨੂੰ ਯਾਦ ਕਰਦਿਆਂ ਗੁਰਦੁਆਰਾ ਗੁਰੂ ਨਾਨਕ ਦਰਬਾਰ, ਕਿੰਗ ਸਟ੍ਰੀਟ, ਸਾਊਥਾਲ ਵਿਖੇ 19 ਜਨਵਰੀ 2013 ਦਿਨ ਸ਼ਨਿੱਚਰਵਾਰ ਨੂੰ ਸ਼ਾਮ ਰਹਿਰਾਸ ਸਾਹਿਬ ਦੇ ਪਾਠ ਉਪ੍ਰੰਤ ਅਖੰਡ ਕੀਰਤਨੀ ਜਥਾ ਯੂ ਕੇ ਵੱਲੋਂ ਰੈਣਿ ਸਬਾਈ ਕੀਰਤਨ ਸਮਾਗਮ ਆਰੰਭ ਹੋਣਗੇ। ਜਥੇ ਦੇ ਸਿੰਘ ਸਿੰਘਣੀਆਂ ਯੂ ਕੇ ਭਰ ਦੇ ਦੂਰ ਨੇੜੇ ਦੇ ਸ਼ਹਿਰਾਂ ਤੋਂ ਪਹੁੰਚ ਰਹੇ ਹਨ। ਸਮੂਹ ਸੰਗਤਾਂ ਨੂੰ ਇਸ ਮੌਕੇ ਗੁਰੂ ਘਰ ਵਿਖੇ ਪਹੁੰਚ ਕੇ ਲਾਹੇ ਲੈਣ ਦੀ ਬੇਨਤੀ ਕੀਤੀ ਜਾਂਦੀ ਹੈ।

ਰਹਿਰਾਸ ਸਾਹਿਬ ਦੇ ਪਾਠ ਉਪ੍ਰੰਤ ਲੋਕਲ ਜਥੇ 7 ਤੋਂ 9:15 ਵਜੇ ਤੱਕ ਕੀਰਤਨ ਕਰਨਗੇ।

**9:15 ਤੋਂ 10:15 ਤੱਕ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਜੀ ਭਿੰਡਰਾਂਵਾਲੇ ਦਮਦਮੀ ਟਕਸਾਲ (ਸੰਗਰਾਵਾਂ) ਹਾਜ਼ਰੀ ਭਰਨਗੇ**

**ਹੋਰ ਜਾਣਕਾਰੀ ਲਈ : ਭਾਈ ਸਤਨਾਮ ਸਿੰਘ 07956 519 256, ਭਾਈ ਜੁਝਾਰ ਸਿੰਘ ਨਾਲ ਸੰਪਰਕ ਕਰੋ ਜੀ: 07554 711 133**

## ਭਗਤ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਏਗਾ

ਭਗਤ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ 25 ਫਰਵਰੀ ਨੂੰ ਆ ਰਿਹਾ ਹੈ। ਇਸ ਮੌਕੇ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ ਵਿਸ਼ੇਸ਼ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਇਥੇ ਪ੍ਰਕਾਸ਼ ਦਿਹਾੜਾ 15 ਤੋਂ 17 ਫਰਵਰੀ ਨੂੰ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਮੇਨ ਪ੍ਰੋਗਰਾਮ 17 ਫਰਵਰੀ ਦਿਨ ਐਤਵਾਰ ਨੂੰ ਹੋਵੇਗਾ, ਜਿਸ ਦੌਰਾਨ ਪੰਥਕ ਜਥੇਬੰਦੀਆਂ, ਯੂ ਕੇ ਦੀਆਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਅਤੇ ਸਮੂਹ ਸੰਗਤਾਂ ਨੂੰ ਸਮਾਗਮਾਂ ਵਿਚ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਉੱਘੇ ਰਾਗੀ, ਵਿਦਵਾਨ ਤੇ ਪ੍ਰਚਾਰਕ ਜਥੇ ਹਾਜ਼ਰੀਆਂ ਭਰਨਗੇ।

*ਨੋਟ:– ਇਹ ਦੋਨੋ ਪ੍ਰੋਗਰਾਮ ਸੰਗਤ ਟੀ ਵੀ ਸਕਾਈ ਡਿਜੀਟਿਲ ਚੈਨਲ ਨੰਬਰ 847 'ਤੇ ਲਾਈਵ ਦਿਖਾਏ ਜਾਣਗੇ।*

*** 23rd February - RAENSABHAYEE**
Shaheedi Saka Nankana Sahib
Bebe Nanaki Gurdwara, Rookery Road, Handsworth, Birmingham B21 9PK

*** 27th MARCH TO 1st APRIL - ANNUAL INTERNATIONAL AKHAND KIRTAN SMAGAM**
in memory of Amritsar 1978 Shaheeds and 100th Anniversary of Gadhar Movement, Raensabahee Kirtan on 31st March Singh Sabha Gurdwara, Princes St, Derby, DE23 8NT

*** 6th April - RAENSABHAYEE**
Birth of Khalsa Vaisakhi
Singh Sabha Gurdwara
Grant Street, Bradford, BD3 9HD

*** 11th May - RAENSABHAYEE**
Guru Amardas Ji Gurpurab
Guru Har Rai Gurdwara,
High Street, West Bromwich B70 6JW

*** 22nd June - RAENSABHAYEE**
Shaheedi Gurpurab Guru Arjan Dev Ji and June 1984 attack,
Guru Nanak Darbar,
Guru Nanak Marg, Gravesend, DA12 1AG

*** 20th July - RAENSABHAYEE**
Guru Harkrishan Sahib Ji Gurpurab
Guru Amardaas Gurdwara,
Clarendon Park Rd, Leicester, LE2 3AN

*** 17th August - RAENSABHAYEE**
In memory of all Panthic Shaheeds
Singh Sabha Gurdwara,
Park Avenue, Southall, UB1 3AG

*** 21st September - RAENSABHAYEE**
1st Parkaash Divas Sri Guru Granth Sahib Ji
Khalsa Primary School,
Wexham Road, Slough, SL2 5QR

*** 26th October-RAENSABHAYEE**
Gurgadhi Divas Sri Guru Granth Sahib Ji
Guru Nanak Gurdwara,
Wakefield Road, Bradford, BD4 7DP

*** 16th November - RAENSABHAYEE**
Guru Nanak Dev Ji Gurpurab
Singh Sabha Gurdwara
High Road, Seven Kings, IG3 8SX

*** 19th - 22nd December- YOUTH SMAGAM**
Shaheedi Chaar Sahibzade
Singh Sabha Gurdwara
Cross Road, Coventry, CV6 5GR

**ਬੇਨਤੀ ਕਰਤਾ : ਅਖੰਡ ਕੀਰਤਨੀ ਜਥਾ ਯੂ ਕੇ ਤੇ ਯੂਰਪ — AKHAND KIRTANEE JATHA U.K. & EUROPE**

| ਜਥੇਦਾਰ | ਜਨ: ਸਕੱਤਰ ਭਾਈ ਰਾਜਿੰਦਰ | ਮੀਤ ਜਥੇਦਾਰ ਭਾਈ ਮਲਕੀਤ ਸਿੰਘ | ਖਜ਼ਾਨਚੀ–ਭਾਈ ਜਸਪਾਲ ਸਿੰਘ | ਭਾਈ ਉਂਕਾਰ ਸਿੰਘ |
|---|---|---|---|---|
| ਭਾਈ ਰਘਵੀਰ ਸਿੰਘ, | ਸਿੰਘ: 01332 372 851, | 07795 545 907 | 07960 490 906, | 07956 528 735 |

**Spokesman (Religious) Bhai Joginder Singh (Political):** Bhai Avtar Singh Sanghera, Bhai Balbir Singh Walsall, Bhai Joga Singh W. Bromwich,

* Bhai Gurmej Singh Birmingham,
* Bhai Kulwant Singh Dhesi
* Bhai Sewa Singh Lally Gravesend
* Bhai Nirmal Singh Huddersfield
* Bhai Jaswant Singh Slough
* Bhai Hardip Singh Slough
* Bhai Parminder Singh Reading
* Bhai Upkar Singh East London
* Bhai Raghvir Singh Derby
* Bhai Dr. Daljit Singh Virk Derby
* Bhai Harjinder Singh Derby
* Bhai Kulwinder Singh Derby
* Bhai Joginder Singh Leamington
* Bhai Jagtar Singh Gill Leamington
* Bhai Jagjit Singh Bradford
* Bhai Makhan Singh Glasgow
* Bhai Gurdeep Singh Manchester
* Bhai Balbir Singh Southall
* Bhai Pirthvipal Singh Southall
* Bhai Satnam Singh Southall
* Bhai Mahinder Singh Atwal
* Bhai Madan Singh Birmingham
* Bhai Davinder Singh Birmingham
* Bhai Kuldeep Singh West Bromwich
* Bhai Manveer Singh
* France - Bhai Shawinder Singh
* Germany - Bhai Mandeep Singh
* Holland - Bhai Jaswinder Singh
* Italy - Bhai Harminder Singh
* Purtugal - Bhai Nirvair Singh
* Spain - Bhai Pachhora Singh
* Sweden - Bhai Sajjan Singh

**HEAD OFFICE: AKJ U.K. c/o SRI GURU SINGH SABHA GURDWARA**
**PRINCESS STREET, DERBY, DE23 8NT.**
**TEL: 01332 773010 WWW.AKJUK.ORG**

**SUB OFFICE: GURDWARA SRI GURU SINGH SABHA COVENTRY**
**47-49 CROSS RD. FOLESHILL, COVENTRY CV6 5GR UK**
**Tel: 02476 684802**

ਦੇਗ ਤੇਗ ਫਤਹਿ ॥ ੴ ਵਾਹਿਗੁਰੂ ਜੀ ਕੀ ਫਤਹਿ ॥ ਪੰਥ ਕੀ ਜੀਤ ॥

ਤਹੀ ਪ੍ਰਕਾਸ ਹਮਾਰਾ ਭਯੋ ।। ਪਟਨਾ ਸਹਰ ਬਿਖੇ ਭਵ ਲਯੋ ।।

# SRI GURU SINGH SABHA TRUST, SOUTHALL

# ਸ੍ਰੀ ਗੁਰੂ ਸਿੰਘ ਸਭਾ ਟਰੱਸਟ ਸਾਊਥਾਲ ਵਲੋਂ



## ਨਵੇਂ ਸਾਲ 2013 ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦਸਮ ਪਾਤਸ਼ਾਹ ਦੇ ਗੁਰਪੁਰਬ ਦੀਆਂ ਸਮੂਹ ਜਗਤ ਨੂੰ

## ਲੱਖ-ਲੱਖ ਵਧਾਈਆਂ

## ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦਾ 1963 ਤੋਂ ਲੈ ਕੇ 2013 ਤੱਕ 50 ਸਾਲ ਦਾ ਸਫਰ

*ਗੁਰੂ ਪਿਆਰੀ ਸਾਧ ਸੰਗਤ ਜੀ, ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।*

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ 2013 ਦਾ ਸਾਲ ਸ੍ਰੀ ਗੁਰੂ ਸਿੰਘ ਸਭਾ ਲਈ ਬਹੁਤ ਹੀ ਅਹਿਮ ਖੁਸ਼ੀਆਂ ਭਰਿਆ ਸਾਲ ਹੈ ਕਿਉਂਕਿ ਇੰਗਲੈਂਡ ਅੰਦਰ 1908 ਤੋਂ ਬਾਅਦ ਗੁਰਦੁਆਰਾ ਖਾਲਸਾ ਜਥਾ ਲੰਡਨ ਸ਼ਿਫਰਡ ਬੁਸ਼ ਦੀ ਹੋਂਦ ਉਪਰੰਤ ਜੋ ਮਹਾਰਾਜਾ ਪਟਿਆਲਾ ਅਤੇ ਸੰਤ ਤੇਜਾ ਸਿੰਘ ਜੀ ਮਸਤੂਆਣਾ ਐਮ. ਏ. ਦੀ ਉਪਜ ਸੀ ਉਸ ਤੋਂ ਉਪਰੰਤ ਸਾਊਥਾਲ ਜੋ ਸਿੱਖ ਕਲਚਰਲ ਸੁਸਾਇਟੀ ਦੀ ਹੋਂਦ ਨੰਬਰ 11 ਬੈਕਨਸਫੀਲਡ ਰੋਡ ਅਤੇ ਸਤਿਸੰਗ ਸਿੰਘ ਸਭਾ ਦੀ ਗਰੀਨ ਦੀ ਸੁਜੱਚਤਾ ਦੀ ਚੋਣ ਨੇ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਨੂੰ ਸਥਾਪਿਤ ਕਰਕੇ ਯੂਰਪ ਦੇ ਅੰਦਰ ਸਿੱਖੀ ਦੀ ਹੋਂਦ ਨੂੰ ਵਧਾਵਾ ਦਿੱਤਾ। ਉਸ ਨੂੰ ਅੱਜ 2013 ਅੰਦਰ 50 ਸਾਲ ਦਾ ਸਮਾਂ ਬਣ ਚੁੱਕਾ ਹੈ।

11 ਬੈਕਨਸਫੀਲਡ ਰੋਡ, ਦਿ ਗਰੀਨ, ਹੈਵਲਾਕ ਰੋਡ, ਪਾਰਕ ਐਵੇਨਿਊ ਅਤੇ ਨਾਰਵੁੱਡ ਰੋਡ ਦੇ ਪ੍ਰਾਇਮਰੀ ਸਕੂਲ ਅਤੇ ਹੈਮੰਡ ਰੋਡ ਦੇ 5 ਘਰਾਂ ਦੀ ਹੋਂਦ ਨੇ ਅੱਜ 2013 ਅੰਦਰ ਬੁਲੰਦੀਆਂ ਨੂੰ ਜਾ ਛੂਹਿਆ ਹੈ। ਸਿੰਘ ਸਭਾ ਦੀ ਕਾਇਮੀ ਅਤੇ ਉਪਜ ਲਈ ਗਿਆਰਾਂ ਮੁਖੀਆਂ ਦੀ ਨਿਰਭਰਤਾ ਵਾਲਾ ਇਕ ਟਰੱਸਟ ਸਥਾਪਿਤ ਕੀਤਾ ਗਿਆ ਸੀ ਜਿਸ ਦੇ ਮਹਾਨ ਸੰਚਾਲਕ ਦਾਨੀ ਸ. ਗੁਰਬਚਨ ਸਿੰਘ ਜੀ ਗਿੱਲ, ਸ. ਬਲਵੰਤ ਸਿੰਘ ਗਿੱਲ, ਸ. ਸੁਰਜੀਤ ਸਿੰਘ ਬਿਲਗਾ, ਭਾਈ ਸੋਹਣ ਸਿੰਘ ਅਕਾਲੀ, ਭਾਈ ਪ੍ਰੀਤਮ ਸਿੰਘ ਸੰਘਾ, ਸ. ਕਰਮ ਸਿੰਘ ਕੈਲਾ, ਸ. ਪ੍ਰੀਤਮ ਸਿੰਘ ਬੇਰਾ, ਸ. ਅਮਰੀਕ ਸਿੰਘ ਚੱਢਾ, ਸ. ਅਵਤਾਰ ਸਿੰਘ ਸੇਵਕ, ਸ. ਗੁਰਦਿਆਲ ਸਿੰਘ ਬੰਗਾ ਅਤੇ ਸ. ਮੰਗਲ ਸਿੰਘ ਪਤਰਾਂ ਨੂੰ ਸਿੰਘ ਸਭਾ ਨੂੰ ਪ੍ਰਫੁੱਲਤ ਕਰਨ ਲਈ ਥਾਪੇ ਸਨ। ਸ੍ਰੀ ਗੁਰੂ ਸਿੰਘ ਸਭਾ ਦੀ ਸੰਚਾਲਕੀ ਨੂੰ ਸਮੇਂ-ਸਮੇਂ ਮੁੱਖ ਸੇਵਾਦਾਰ ਵਜੋਂ ਗਿਆਨੀ ਅਮੋਲਕ ਸਿੰਘ, ਸ. ਬਚਿੱਤਰ ਸਿੰਘ, ਸ. ਮਹਿੰਦਰ ਸਿੰਘ ਐਡਵੋਕੇਟ, ਸ. ਤਾਰਾ ਸਿੰਘ ਬੈਂਸ, ਸ. ਮਲਕੀਤ ਸਿੰਘ ਗਰੇਵਾਲ ਅਤੇ ਸੁਰਜੀਤ ਸਿੰਘ ਜੌਹਲ ਸੰਗਤਾਂ ਅਤੇ ਗੁਰੂ ਦੀ ਕ੍ਰਿਪਾ ਨਾਲ ਲਗਾਤਾਰ ਅੱਗੇ ਤੋਂ ਅੱਗੇ ਯਤਨਸ਼ੀਲ ਬਣੇ ਰਹੇ। 1984 ਦੇ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਘੱਲੂਘਾਰੇ ਦੇ ਸੇਕ ਲੱਗਣ ਤੋਂ ਬਾਅਦ ਸ. ਹਿੰਮਤ ਸਿੰਘ ਸੋਹੀ, ਸ. ਪਰਵਿੰਦਰ ਸਿੰਘ ਗਰਚਾ ਤੋਂ ਉਪਰੰਤ ਸ. ਦੀਦਾਰ ਸਿੰਘ ਰੰਧਾਵਾ, ਸ. ਸੁਰਿੰਦਰ ਸਿੰਘ ਪੁਰੇਵਾਲ ਨੇ ਵੀ ਸੇਵਾ ਦਾ ਯੋਗਦਾਨ ਪਾ ਕੇ ਸਿੰਘ ਸਭਾ ਨੂੰ ਅਨਮੁੱਲੀਆਂ ਪ੍ਰਾਪਤੀਆਂ ਕਰਕੇ ਅੱਗੇ ਤੋਰਿਆ ਹੈ। ਅੱਜ ਵੀ ਸਮੇਂ ਦੇ ਮੁਤਾਬਿਕ ਸ. ਹਿੰਮਤ ਸਿੰਘ ਸੋਹੀ ਪ੍ਰਧਾਨ, ਡਾ. ਪਰਵਿੰਦਰ ਸਿੰਘ ਗਰਚਾ ਜਨਰਲ ਸਕੱਤਰ ਸੇਵਾ ਨਿਭਾ ਰਹੇ ਹਨ।

ਇਹ ਬਹੁਤ ਹੀ ਮਾਣ ਸਤਿਕਾਰ ਵਾਲੀ ਸਿੰਘ ਸਭਾ ਦੀ ਹੋਂਦ 50 ਸਾਲ ਪਹਿਲਾਂ ਹੋਂਦ ਵਿਚ ਆਈ ਜਿਵੇਂ ਕਿ ਗੋਬਿੰਦ ਸਾਗਰ (ਭਾਖੜਾ ਡੈਮ) ਦੀ ਹੋਂਦ ਨੇ ਪੰਜਾਬ ਦੀ ਬੰਜਰ ਧਰਤੀ ਨੂੰ ਸਰਸਬਜ਼ ਕਰਕੇ ਉਪਜਾਊ ਬਣਾਇਆ ਸੀ, ਇਸੇ ਹੀ ਤਰ੍ਹਾਂ ਅੱਜ ਤੋਂ 50 ਸਾਲ ਪਹਿਲਾਂ ਸ੍ਰੀ ਗੁਰੂ ਸਿੰਘ ਸਭਾ ਦੀ ਹੋਂਦ ਨੇ ਸਿੱਖੀ ਦੇ ਸੋਮੇ ਨੂੰ ਪ੍ਰਚੱਲਤ ਕਰਕੇ ਪ੍ਰਦੇਸਾਂ ਵਿਚ ਸਿੱਖੀ ਨੂੰ ਭਾਗ ਲਾਏ ਹਨ। ਆਪਾਂ ਸਾਰਿਆਂ ਦੀ ਗੁਰੂ ਮਹਾਰਾਜ ਅੱਗੇ ਅਰਦਾਸ ਹੈ ਕਿ ਸੱਚੇ ਪਾਤਸ਼ਾਹ ਗੁਰੂ ਦੀ ਕ੍ਰਿਪਾ ਦਾ ਸਦਕਾ ਅਤੇ ਸੰਗਤਾਂ ਤੋਂ ਮਿਲਦੇ ਪੂਰੇ ਸਹਿਯੋਗ ਨਾਲ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ 2013 ਦੇ ਆਪਣੇ ਪੰਜਾਹ ਸਾਲਾ ਹੋਂਦ ਦੀਆਂ ਖੁਸ਼ੀਆਂ ਨੂੰ ਪ੍ਰਾਪਤ ਕਰਦਾ ਹੋਇਆ ਦਿਨ ਦੁੱਗਣੀ ਅਤੇ ਰਾਤ ਚੌਗਣੀ ਦੀਆਂ ਪੁਲਾਂਘਾਂ ਭਰਦਾ ਹੋਇਆ ਅੱਗੇ ਤੋਂ ਅੱਗੇ ਗੁਰੂ ਘਰ ਦੀ ਸੇਵਾ ਅਤੇ ਸਿੱਖੀ ਦੀ ਪ੍ਰਫੁੱਲਤਾ ਵੱਧ ਚੜ੍ਹ ਕੇ ਯੋਗਦਾਨ ਪਾਉਂਦਾ ਰਹੇ।



ਸ. ਗੁਰਬਚਨ ਸਿੰਘ ਗਿੱਲ
ਸ੍ਰੀ ਗੁਰੂ ਸਿੰਘ ਸਭਾ ਦੇ ਸੰਚਾਲਕ
ਅਤੇ ਟਰੱਸਟ ਦੇ ਪਹਿਲੇ ਚੇਅਰਮੈਨ

## ਗੁਰੂ ਪੰਥ ਦੇ ਦਾਸ : ਟਰੱਸਟੀ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ

### ਸ. ਸੁਰਜੀਤ ਸਿੰਘ ਬਿਲਗਾ (ਚੇਅਰਮੈਨ), ਸ. ਬਲਵੰਤ ਸਿੰਘ ਗਿੱਲ (ਜਨਰਲ ਸੈਕਟਰੀ)

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਹੈਵਲਾਕ ਰੋਡ ਅਤੇ ਪਾਰਕ ਐਵੇਨਿਊ ਸਾਊਥਾਲ

2-8, ਪਾਰਕ ਐਵੇਨਿਊ, (ਯੂ. ਕੇ.) Tel : 0208-574-8901 & Fax : 0208-574-8902= ਗੁ. ਹੈਵਲਾਕ ਰੋਡ Tel : 0208-574-4311

ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ।।

ਤਹੀ ਪ੍ਰਕਾਸ ਹਮਾਰਾ ਭਯੋ ।। ਪਟਨਾ ਸਹਰ ਵਿਖੈ ਭਵ ਲਯੋ ।।

# ਗੁਰਦੁਆਰਾ ਮੀਰੀ ਪੀਰੀ, ਦੀ ਬ੍ਰਾਡਵੇਅ, ਸਾਊਥਾਲ

## ਦੇ ਪ੍ਰਬੰਧਕ ਸੇਵਾਦਾਰਾਂ ਅਤੇ ਸੰਗਤਾਂ ਵਲੋਂ

## ਕਲਗੀਧਰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਦੀ ਲੱਖ-ਲੱਖ ਵਧਾਈ

## ਗੁਰਪੁਰਬ ਦੀ ਖੁਸ਼ੀ ਵਿਚ ਗੁਰਦੁਆਰਾ ਮੀਰੀ ਪੀਰੀ ਸਾਊਥਾਲ ਵਿਖੇ

# ਭਾਰੀ ਕੀਰਤਨ ਦਰਬਾਰ

## ਐਤਵਾਰ 20 ਜਨਵਰੀ 2013 ਨੂੰ ਹੋਵੇਗਾ।



ਗੁਰੂ ਰੂਪ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਆਪ ਸਭ ਨੂੰ ਪਤਾ ਹੀ ਹੈ ਕਿ ਜਿਸ ਲੋਕ ਰਾਜ (ਖਾਲਸਾ ਰਾਜ) ਦਾ ਬੀਜ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਕਹਿ ਕੇ, 'ਰਾਜੇ ਸੀਂਹ ਮੁਕੱਦਮ ਕੁੱਤੇ, ਜਾਇ ਜਗਾਇਨ ਬੈਠੇ ਸੁੱਤੇ', 'ਜਉ ਤਉ ਪ੍ਰੇਮ ਖੇਲਣ ਕਾ ਚਾਉ, ਸਿਰ ਧਰ ਤਲੀ ਗਲੀ ਮੇਰੀ ਆਉ' ਕਹਿ ਕੇ ਬੀਜਿਆ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਵਿਚ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸਿੱਖ ਕੌਮ (ਖਾਲਸਾ) ਸਾਜ ਕੇ ਆਪਣਾ ਸਰਬੰਸ ਪੁੱਤ, ਪਿਤਾ ਅਤੇ ਪਰਿਵਾਰ ਵਾਰ ਕੇ ਉਸ ਕਿਆਰੀ ਨੂੰ ਸਿੰਜਿਆ।

ਉਨ੍ਹਾਂ ਦੇ ਦੱਸੇ ਹੋਏ ਰਾਹ ਉਪਰ ਚੱਲਦਿਆਂ ਸਿੱਖ ਕੌਮ ਅੱਜ ਵੀ ਆਪਣੀ ਆਜ਼ਾਦੀ ਲਈ ਸੰਘਰਸ਼ ਕਰ ਰਹੀ ਹੈ। ਪਿਛਲੀ ਅੱਧੀ ਸਦੀ ਤੋਂ ਚੱਲ ਰਹੀ ਇਸ ਜੱਦੋਜਹਿਦ ਵਿਚ ਹਜ਼ਾਰਾਂ ਸਿੱਖ ਸ਼ਹੀਦ ਹੋ ਚੁੱਕੇ ਹਨ।

ਆਓ ! ਉਸ ਸਾਹਿਬੇ-ਕਮਾਲ ਜੀ ਦੇ ਅਵਤਾਰ ਪੁਰਬ 'ਤੇ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਭੇਟ ਕਰਨ ਲਈ ਪ੍ਰਣ ਕਰੀਏ ਕਿ ਆਉਣ ਵਾਲਾ ਸਮਾਂ ਵਿਅਰਥ ਨਾ ਗੁਆਈਏ, ਸਗੋਂ ਉਸ ਲੋਕ ਰਾਜ (ਖਾਲਸ ਰਾਜ) ਦੀ ਪ੍ਰਾਪਤੀ ਲਈ ਜਾਗ੍ਰਿਤ ਹੋਈਏ ਅਤੇ ਸਮੂਹ ਸਾਧ ਸੰਗਤ ਵਿਚ ਲੋਕ ਲਹਿਰ ਪੈਦਾ ਕਰਕੇ ਸਾਧ ਸੰਗਤ ਨੂੰ ਵੀ ਜਾਗ੍ਰਿਤ ਕਰੀਏ। ਇਹੋ ਹੀ ਗੁਰੂ ਪਾਤਸ਼ਾਹ ਦੇ ਅਵਤਾਰ ਪੁਰਬ 'ਤੇ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਪਿਆਰੀ ਸਾਧ ਸੰਗਤ ਜੀ ਆਪ ਜੀ ਨੂੰ ਗੁਰੂਘਰ ਵਲੋਂ ਜਾਣਕਾਰੀ ਦੇਣਾ ਚਾਹੁੰਦੇ ਹਾਂ ਕਿ ਕੁਝ ਵਿਅਕਤੀ ਹਮੇਸ਼ਾ ਚਾਹੁੰਦੇ ਹਨ ਕਿ ਗੁਰੂਘਰਾਂ ਵਿਚ ਲੜਾਈਆਂ ਝਗੜੇ ਹੁੰਦੇ ਰਹਿਣ। ਇਹੋ ਜਿਹੇ ਵਿਅਕਤੀ ਗੁਰੂ ਸਾਹਿਬ ਦੀ ਓਟ ਵਿਚ ਲੜਾਈਆਂ ਝਗੜਿਆਂ ਦਾ ਪ੍ਰਬੰਧ ਕਰਦੇ ਹਨ। ਇਨ੍ਹਾਂ ਨੂੰ ਚਾਹੀਦਾ ਹੈ ਕਿ ਲੜਾਈ ਕਰਨ ਲਈ ਗੁਰੂ ਸਾਹਿਬਾਂ ਨੂੰ ਵਿਚ ਨਾ ਲਿਆਉਣ।

ਇਕ ਵਿਅਕਤੀ ਨੇ ਮੈਨੂੰ ਇਹ ਵੀ ਦੱਸਿਆ ਹੈ ਕਿ ਇਕ ਵਿਅਕਤੀ ਅਖੌਤੀ ਐਫ. ਐਸ. ਓ. ਦਾ ਪ੍ਰੋਗਰਾਮ ਕਰਨਾ ਚਾਹੁੰਦਾ ਹੈ। ਇਸ ਐਫ. ਐਸ. ਓ. ਵਿਚ ਇਸਦੇ ਨਾਲ ਉਹ ਵਿਅਕਤੀ ਸ਼ਾਮਲ ਹਨ ਜਿਹੜੇ ਇਸ ਗੁਰੂਘਰ ਨੂੰ ਪੱਥਰ ਮਾਰਨ ਆਏ ਸਨ ਤੇ ਮਾਵਾਂ ਭੈਣਾ ਦੀਆਂ ਗੰਦੀਆਂ ਗਾਲ੍ਹਾਂ ਕੱਢਦੇ ਰਹੇ, ਇਨ੍ਹਾਂ ਨੇ ਉਸ ਵੇਲੇ ਦਰਵਾਜ਼ੇ ਤੇ ਖਿੜਕੀਆਂ ਹੀ ਨਹੀਂ ਸਨ ਤੋੜੇ ਬਲਕਿ ਜਿਸ ਹਾਲ ਵਿਚ ਮਹਾਰਾਜ ਜੀ ਦਾ ਪ੍ਰਕਾਸ਼ ਸੀ, ਉਥੇ ਗੰਦੀਆਂ ਇੱਟਾਂ ਪੱਥਰ ਮਾਰਨ ਤੋਂ ਵੀ ਗੁਰੇਜ਼ ਨਹੀਂ ਕੀਤਾ। ਇਨ੍ਹਾਂ ਨੂੰ ਥੋੜੀ ਸ਼ੋਝੀ ਚਾਹੀਦੀ ਹੈ। ਜਿਸ ਗੁਰੂ ਘਰ ਨੂੰ ਤੁਸੀਂ ਪੱਥਰ ਮਾਰਦੇ ਰਹੇ, ਗੰਦੀਆਂ ਗਾਲ੍ਹਾਂ ਕੱਢਦੇ ਰਹੇ, ਉਥੇ ਕਿਹੜੇ ਮੂੰਹ ਨਾਲ ਆਉਣਾ ਚਾਹੁੰਦੇ ਹੋ।

ਇਕ ਵਿਅਕਤੀ ਇਸ ਗੁਰੂਘਰ ਵਿਚ 2004 ਵਿਚ ਅਦਾਲਤ ਵਲੋਂ ਬੈਨ ਹੋਇਆ ਸੀ। ਇਹ 8 ਸਾਲ ਕਦੇ ਇਸ ਗੁਰੂਘਰ ਵਿਚ ਨਹੀਂ ਆਇਆ। ਹੁਣ ਇਸਨੂੰ ਲੜਾਈ ਕਰਨ ਦਾ ਨਵਾਂ ਚਾਅ ਹੈ ਜਿਸਦੀ ਰਿਪੋਰਟ ਪੁਲੀਸ ਨੂੰ ਕਰ ਦਿੱਤੀ ਗਈ ਹੈ। ਅਸੀਂ ਨਹੀਂ ਚਾਹੁੰਦੇ ਕਿ ਪੁਲੀਸ ਗੁਰੂ ਵਿਚ ਦਖਲ ਦੇਵੇ। ਪਰ ਮਜਬੂਰੀ ਤਹਿਤ ਰਿਪੋਰਟ ਕਰਨਾ ਫਰਜ਼ ਬਣਦਾ ਹੈ ਤਾਂ ਕਿ ਲਾਅ ਆਰਡਰ ਬਹਾਲ ਰਹੇ। ਇਹ ਵਿਅਕਤੀ ਗੁਰਦੁਆਰਾ ਹੈਵਲਾਕ ਰੋਡ ਉੱਤੇ ਜੋ ਕਰਦਾ ਰਿਹਾ ਹੈ, ਤੁਹਾਨੂੰ ਪਤਾ ਹੀ ਹੈ। ਅਸੀਂ ਇਸ ਨੂੰ ਸਲਾਹ ਦਿੰਦੇ ਹਾਂ ਕਿ ਆਰਾਮ ਨਾਲ ਆਪਣੇ ਘਰ ਬੈਠੇ।

ਸਾਧ ਸੰਗਤ ਜੀ 20 ਜਨਵਰੀ 2013 ਨੂੰ ਗੁਰੂਘਰ ਵਿਚ ਪਹਿਲਾਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਦੀ ਖੁਸ਼ੀ ਵਿਚ ਕੀਰਤਨ ਦਰਬਾਰ ਦਾ ਪ੍ਰੋਗਰਾਮ ਰੱਖਿਆ ਹੋਇਆ ਹੈ। ਇਹ ਕੀਰਤਨ ਦਰਬਾਰ ਦੇ ਪ੍ਰੋਗਰਾਮ ਨੂੰ ਖਰਾਬ ਕਰਨਾ ਚਾਹੁੰਦੇ ਹਨ। ਇਸ ਵਿਅਕਤੀ ਦੇ ਖਿਲਾਫ ਪਹਿਲਾਂ ਤੋਂ ਹਾਈਕੋਰਟ ਵਲੋਂ ਇੰਜੰਕਸ਼ਨ ਲੱਗਾ ਹੋਇਆ ਹੈ। ਇਹ ਗੁਰੂ ਘਰ ਪ੍ਰਾਈਵੇਟ ਪ੍ਰਾਪਰਟੀ ਹੈ। ਬਗੈਰ ਕਮੇਟੀ ਦੀ ਮਨਜ਼ੂਰੀ ਤੋਂ ਕੋਈ ਵਿਅਕਤੀ ਪ੍ਰੋਗਰਾਮ ਨਹੀਂ ਕਰ ਸਕਦਾ ਨਾ ਹੀ ਦਖਲਅੰਦਾਜ਼ੀ ਕਰ ਸਕਦਾ ਹੈ।

**ਗੁਰੂ ਪੰਥ ਦੇ ਦਾਸ : ਜਸਵੰਤ ਸਿੰਘ ਠੇਕੇਦਾਰ, ਪ੍ਰਮਿੰਦਰ ਸਿੰਘ ਬੱਲ, ਕੇਸਰ ਸਿੰਘ ਧਾਲੀਵਾਲ, ਸਤਨਾਮ ਸਿੰਘ, ਕੁਲਵਿੰਦਰ ਸਿੰਘ, ਬੱਲਾ ਸਿੰਘ ਮਾਨ, ਮਹਿੰਦਰ ਸਿੰਘ, ਅਜੀਤਪਾਲ ਸਿੰਘ, ਮੇਵਾ ਸਿੰਘ ਸੱਭਰਵਾਲ, ਸਤਨਾਮ ਸਿੰਘ ਰੰਧਾਵਾ, ਭੁਪਿੰਦਰ ਪਾਲ ਸਿੰਘ ।**

**ਦਰਸ਼ਨ ਅਭਿਲਾਖੀ : ਪ੍ਰਬੰਧਕ ਸੇਵਾਦਾਰ ਤੇ ਸਮੂਹ ਸਾਧ ਸੰਗਤ।**

# GURDWARA MIRI PIRI SAHIB

253-263 The Broadway, Southall, Middx. UB1 1NF Tel/FAX: 020 8571 3926

# ਗੁਰਦੁਆਰਾ ਸਿੰਘ ਸਭਾ ਅਕਾਲ ਦਰਬਾਰ ਬ੍ਰਮਿੰਘਮ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਗੁਰਪੁਰਬ 18 ਤੋਂ 20 ਜਨਵਰੀ ਤੱਕ

**ਬ੍ਰਮਿੰਘਮ-ਗੁਰਦੁਆਰਾ ਸਿੰਘ ਸਭਾ ਅਕਾਲ ਦਰਬਾਰ, ਪਾਰਕ ਰੋਡ, ਹੌਕਲੀ, ਬ੍ਰਮਿੰਘਮ ਵਿਖੇ ਹੰਗਾਮੀ ਮੀਟਿੰਗ ਜਥੇਦਾਰ ਸੰਤੋਖ ਸਿੰਘ ਦੂਲੇ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਗੁ: ਪ੍ਰਬੰਧਕ ਕਮੇਟੀ ਤੋਂ ਇਲਾਵਾ ਬਹੁਤ ਸਾਰੀਆਂ ਸਿੱਖ ਸੰਗਤਾਂ ਵੀ ਸ਼ਾਮਿਲ ਹੋਈਆਂ। ਇਸ ਮੌਕੇ 'ਤੇ 'ਸਾਹਿਬ' ਮੈਗਜ਼ੀਨ ਦੇ ਸੰਪਾਦਕ ਸ੍ਰ: ਰਣਜੀਤ ਸਿੰਘ ਰਾਣਾ ਵੀ ਵਿਸ਼ੇਸ਼ ਤੌਰ ਤੇ ਹਾਜ਼ਿਰ ਸਨ। ਸ੍ਰ: ਸੰਤੋਖ ਸਿੰਘ ਦੂਲੇ ਨੇ ਸੰਗਤਾਂ ਕੋਲੋਂ ਗੁ: ਕਮੇਟੀ ਲਈ ਸੁਝਾਅ ਮੰਗੇ ਅਤੇ ਸੰਗਤਾਂ ਨੇ ਬਿਨਾਂ ਚੋਣ ਤੋਂ ਸਰਬਸੰਮਤੀ ਨਾਲ ਉਹੀ ਕਮੇਟੀ ਨੂੰ ਪ੍ਰਵਾਨਿਤ ਕੀਤਾ ਜਿਸ ਤੇ ਦੂਲੇ ਸਾਹਿਬ ਸਮੂਹ ਸੰਗਤਾਂ ਤੋਂ ਇਲਾਵਾ ਅਤੇ ਕਮੇਟੀ ਮੈਂਬਰਾਂ ਤੋਂ ਬਿਨਾਂ ਹੇਠ ਲਿਖੇ ਅਹੁਦੇਦਾਰ ਵਿਧਾਨ ਅਨੁਸਾਰ ਦੁਬਾਰਾ ਨਿਯੁਕਤ ਕੀਤੇ।**

ਸ੍ਰ: ਬਲਿਹਾਰ ਸਿੰਘ ਰਮੇਵਾਲ ਪ੍ਰਧਾਨ, ਸ੍ਰ: ਸੰਤੋਖ ਸਿੰਘ 'ਦੂਲੇ' ਜਨਰਲ ਸਕੱਤਰ, ਸ੍ਰ: ਸੰਤੋਖ ਸਿੰਘ ਨਾਹਲ, ਮੀਤ ਪ੍ਰਧਾਨ, ਸ੍ਰ: ਬਖਸ਼ੀਸ ਸਿੰਘ ਸਹਾਇਕ ਸਕੱਤਰ, ਸ੍ਰ: ਹਰਭਜਨ ਸਿੰਘ ਨੰਦੜਾ ਖਜ਼ਾਨਚੀ, ਸ੍ਰ: ਮੇਜਰ ਸਿੰਘ ਖੇਲ੍ਹਾ ਮੀਤ ਖਜ਼ਾਨਚੀ, ਸ੍ਰ: ਪਰਮਜੀਤ ਸਿੰਘ ਛੋਕਰ ਸਟੇਜ ਸਕੱਤਰ, ਸ੍ਰ: ਜਰਨੈਲ ਸਿੰਘ ਦੂਲੇ ਵੈਲਫੇਅਰ ਸਕੱਤਰ, ਸ੍ਰ: ਕਿਰਤਰਾਜ ਸਿੰਘ ਲਾਇਬਰੇਰੀ ਸਕੱਤਰ।

ਇਸ ਮੌਕੇ 'ਤੇ ਸ੍ਰ: ਬਲਿਹਾਰ ਸਿੰਘ ਰਮੇਵਾਲ ਨੇ ਸਿੱਖ ਸੰਗਤਾਂ ਅਤੇ ਕਮੇਟੀ ਮੈਂਬਰਾਂ ਦਾ ਧੰਨਵਾਦ ਕੀਤਾ ਕਿ ਤੁਸੀਂ ਮੈਨੂੰ ਵਿਧਾਨ ਅਨੁਸਾਰ ਦੁਬਾਰਾ ਜ਼ਿੰਮੇਵਾਰੀ ਦੇ ਕੇ ਵਿਸ਼ਵਾਸ਼ ਜਤਾਇਆ ਹੈ। ਸ੍ਰ: ਸੰਤੋਖ ਸਿੰਘ ਦੂਲੇ ਨੇ ਸੰਗਤਾਂ ਨੂੰ ਗੁਰਦੁਆਰਾ ਸਿੰਘ ਸਭਾ ਅਕਾਲ ਦਰਬਾਰ ਵਿਖੇ ਆਪਣੇ ਅਤੇ ਪੰਥਕ ਸਮਾਗਮ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੋਣ ਦੀ ਪ੍ਰੇਰਨਾ ਦਿੱਤੀ। ਇਸ ਸਮੇਂ ਗੁਰੂ ਘਰ ਦੇ ਹੈੱਡ ਗ੍ਰੰਥੀ ਗਿ: ਰਵਿੰਦਰਪਾਲ ਸਿੰਘ ਨੇ ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਿਤੀ 18-01-13 ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਨਿਸ਼ਾਨ ਸਾਹਿਬ ਦੇ ਚੋਲੇ ਸਾਹਿਬ ਦੀ ਸੇਵਾ ਅਤੇ 11 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਦਿਨ ਐਤਵਾਰ 20-01-13 ਦਿਨ ਐਤਵਾਰ ਸਵੇਰੇ 11 ਵਜੇ ਭੋਗ ਉਪਰੰਤ ਵਿਸ਼ੇਸ਼ ਦੀਵਾਨ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ, ਬਾਰੇ ਜਾਣਕਾਰੀ ਦਿੱਤੀ।


**Master Construction Product Ltd.**

# SKIP HIRE

**ਬ੍ਰਮਿੰਘਮ ਤੇ ਵਾਲਸਾਲ ਦੇ ਆਲੇ ਦੁਆਲੇ ਦੇ ਇਲਾਕੇ ਵਿਚ**



**ALL SIZES AVAILABLE**

DOMESTIC
COMMERCIAL
INDUSTRIAL

**ਤੁਸੀਂ ਸਾਡੇ ਨਾਲ ਆਪਣੀ ਭਾਸ਼ਾ ਵਿਚ ਵੀ ਗੱਲ ਕਰ ਸਕਦੇ ਹੋ**

**0121 777 5557**

**9 PENTOS DRIVE, TYSELEY, B'HAM B11 3TA**


# ਦਿੱਲੀ ਨਿਵਾਸੀ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਇੱਕ ਪ੍ਰਵਾਸੀ ਸਿੱਖ ਦੀ ਅਰਜੋਈ

[illegible]

ਵਾਹਿਗੁਰੂ ਜੀ ਕਾ ਖਾਲਸਾ ।।

ਵਾਹਿਗੁਰੂ ਜੀ ਕੀ ਫਤਹਿ ।।

[illegible]





ਚੋਣ ਨਿਸ਼ਾਨ ਕਾਰ

[illegible]

ਤਰਲੋਚਨ ਸਿੰਘ 'ਦੁਪਾਲਪੁਰ'

[illegible]

001-408-915-1268
tsdupalpuri@yahoo.com


# ਪੰਜਾਬ ਟਾਈਮਜ਼ ਇਹਨਾਂ ਸ਼ਹਿਰਾਂ ਵਿਚ ਡਲਿਵਰ ਕੀਤਾ ਜਾਂਦਾ ਹੈ

**PANJAB TIMES DISTRIBUTED AT**

**Leicester, Coventry, Derby, Birmingham, Sparkhill, Handsworthwood, Handsworth, Smethwick, Oldbury, West Bromwich, Bilston, Wolverhampton, Willenhall, Walsall, Leeds, Bradford, Huddersfield, Glasgow, Bedford, Luton, Hitchan, Slough, London, Southall, Ealing, Hayes, Hounslow, Cranford, Seven Kings, Ilford, East Ham, Barking, Gilligam, Forestgate, Gravesend and many more towns.**

**Italy, German, Holland, France, Belgium**

Panjab Times also available **FREE** on some air flights as well.
Please contact us on:



**21 COTTON BROOK ROAD, DERBY, DE23 8YJ, U.K.**
**TEL: 01332-372 851**
**FAX: 01332-372833**
**Email:panjabtimes@aol.com**
**www.punjabtimes.com**

# ਹੁਣ ਮੰਗਲ 'ਤੇ ਵੱਸੇਗੀ ਨਵੀਂ ਸੱਭਿਅਤਾ

**○ ਸਿਰਫ ਸ਼ਾਕਾਹਾਰੀ ਲੋਕਾਂ ਨੂੰ ਮਿਲੇਗਾ ਮੌਕਾ ○ ਪ੍ਰਤੀ ਵਿਅਕਤੀ 30,0000 ਪੌਂਡ ਹੋਵੇਗਾ ਖਰਚਾ**

ਲੰਡਨ-ਨਿੱਜੀ ਪੁਲਾੜ ਕੰਪਨੀ ਦੇ ਮਾਲਕ ਅਤੇ ਅਰਬਪਤੀ ਐਲਨ ਮਸਕ ਦੀ ਯੋਜਨਾ ਮੰਗਲ ਗ੍ਰਹਿ 'ਤੇ ਛੋਟਾ ਸ਼ਹਿਰ ਵਸਾਉਣ ਦੀ ਹੈ। ਰਿਪੋਰਟ ਅਨੁਸਾਰ, ਇਸ ਸ਼ਹਿਰ 'ਚ 80 ਹਜ਼ਾਰ ਲੋਕ ਹੋ ਸਕਦੇ ਹਨ। ਦਿਲਚਸਪ ਇਹ ਹੈ ਕਿ ਮਸਕ ਦੀ ਕੰਪਨੀ ਸਿਰਫ਼ ਸ਼ਾਕਾਹਾਰੀ ਲੋਕਾਂ ਨੂੰ ਹੀ ਮੰਗਲ ਗ੍ਰਹਿ 'ਤੇ ਵਸਾਏ ਜਾਣ ਵਾਲੇ ਸ਼ਹਿਰ 'ਚ ਵੱਸਣ ਦਾ ਮੌਕਾ ਦੇਵੇਗੀ।

ਮਸਕ ਦੀ ਕੰਪਨੀ ਸਪੇਸ ਐਕਸ ਦਾ ਫਾਲਕਨ-9 ਰਾਕੇਟ ਹਾਲ 'ਚ ਹੀ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਤੱਕ ਸਫਲਤਾਪੂਰਵਕ ਕਾਰਗੋ ਪਹੁੰਚਾ ਚੁੱਕਾ ਹੈ। ਮਸਕ ਧਰਤੀ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਲਾਲ ਗ੍ਰਹਿ 'ਤੇ ਪ੍ਰਿਥਵੀ ਵਾਸੀਆਂ ਨੂੰ ਵਸਾਉਣ ਦੀ ਯੋਜਨਾ ਬਣਾ ਰਹੇ ਹਨ। ਦਿ ਸਨ ਦੀ ਰਿਪੋਰਟ ਅਨੁਸਾਰ ਮੰਗਲ 'ਤੇ ਪ੍ਰਿਥਵੀ ਵਾਸੀਆਂ ਨੂੰ ਲੰਬੇ ਸਮੇਂ ਤੱਕ ਟਿਕਾਊ ਰਹਿਣ ਵਾਲੀ ਤਕਨੀਕ ਦਾ ਇਸਤੇਮਾਲ ਕਰਕੇ



ਵਸਾਇਆ ਜਾਵੇਗਾ। ਮਸਕ ਮੰਗਲ ਗ੍ਰਹਿ 'ਤੇ ਜਾਣ ਵਾਲੇ ਹਰ ਸਵੈ-ਸੇਵੀ ਤੋਂ ਤਕਰੀਬਨ 3,00,000 ਪੌਂਡ ਲੈਣਗੇ। ਮਸਕ ਨੇ ਸਵੀਕਾਰ ਕੀਤਾ ਕਿ ਇਹ ਯੋਜਨਾ ਉਨ੍ਹਾਂ ਲਈ ਕਾਫੀ ਚੁਣੌਤੀਪੂਰਨ ਹੈ। ਨਿੱਜੀ ਕੰਪਨੀ ਸਪੇਸ ਐਕਸ ਦੇ ਸੰਸਥਾਪਕ ਐਲਨ ਮਸਕ ਦੀ ਜਾਇਦਾਦ ਤਕਰੀਬਨ 1.25 ਅਰਬ ਪੌਂਡ ਹੈ। ਜ਼ਿਕਰਯੋਗ ਹੈ ਕਿ ਭਾਰਤ ਵੀ ਮੰਗਲ ਗ੍ਰਹਿ ਅਧਿਐਨ ਲਈ ਮਿਸ਼ਨ ਭੇਜਣ ਦੀ ਯੋਜਨਾ ਬਣਾ ਰਿਹਾ ਹੈ। ਅਮਰੀਕੀ ਪੁਲਾੜ ਏਜੰਸੀ ਨਾਸਾ ਪਹਿਲਾਂ ਹੀ ਆਪਣੇ ਕਈ ਯਾਨ ਮੰਗਲ ਗ੍ਰਹਿ 'ਤੇ ਭੇਜ ਚੁੱਕੀ ਹੈ।

## ਕਿਊਰੀਓਸਿਟੀ ਰੋਵਰ ਨੂੰ ਮਿਲੀ ਸਫਲਤਾ

- ਅਗਸਤ 2012 'ਚ ਨਾਸਾ ਨੇ ਆਪਣੇ ਯਾਨ ਕਿਊਰੀਓਸਿਟੀ ਰੋਵਰ ਨੂੰ ਮੰਗਲ ਗ੍ਰਹਿ 'ਤੇ ਜੀਵਨ ਦੀਆਂ ਸੰਭਾਵਨਾਵਾਂ ਭਾਲਣ ਲਈ ਭੇਜਿਆ।
- ਸਤੰਬਰ 2012 'ਚ ਵੱਡੀ ਕਾਮਯਾਬੀ ਹੱਥ ਲੱਗੀ, ਜਦੋਂ ਰੋਵਰ ਨੇ ਉੱਥੇ ਕਦੇ ਤੇਜ਼ ਵਹਾਅ ਵਾਲੇ ਪਾਣੀ ਦੀ ਧਾਰਾ ਦਾ ਸਬੂਤ ਖੋਜਿਆ।
- ਅਕਤੂਬਰ 2012 'ਚ ਮੰਗਲ ਗ੍ਰਹਿ ਦੀ ਸਤ੍ਹਾ ਦੇ ਨਮੂਨੇ ਜਮ੍ਹਾਂ ਕਰਨ ਦੌਰਾਨ ਰੋਵਰ ਨੂੰ ਕੁਝ ਅਜਿਹੀਆਂ ਚੀਜ਼ਾਂ ਮਿਲੀਆਂ, ਜੋ ਚਮਕਦਾਰ ਹਨ।
- ਕਿਊਰੀਓਸਿਟੀ ਨੇ ਦਸੰਬਰ 2012 'ਚ ਉੱਥੇ ਕੁਝ ਅਜਿਹੇ ਸਬੂਤ ਖੋਜੇ, ਜੋ ਮੰਗਲ ਗ੍ਰਹਿ 'ਤੇ ਕਦੇ ਰਹੇ ਜੀਵਨ ਵੱਲ ਇਸ਼ਾਰਾ ਕਰਦੇ ਹਨ।


# ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਨੌਟਿੰਘਮ ਵਿਖੇ ਗੁਰਸਿੱਖ ਗ੍ਰੰਥੀ ਅਤੇ ਧਾਰਮਿਕ ਸੇਵਾਦਾਰ ਦੀ ਲੋੜ

ਮੁੱਖ ਕੰਮ :- ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਨਾ, ਤਬਲਾ ਵਜਾਉਣਾ ਜਾਣਦਾ ਹੋਵੇ ।
ਸਥਾਨ :- ਨੌਟਿੰਘਮ ਵਿਖੇ
ਸਮਾਂ :- ਇਕ ਸਾਲ ਲਈ ਕੰਮ, ਵਧੀਆ ਤਨਖਾਹ, ਥੋੜ੍ਹੇ ਘੰਟੇ, ਯੂ ਕੇ ਦੇ ਇੰਪਲਾਈਮੈਂਟ ਕਾਨੂੰਨ ਮੁਤਾਬਕ ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ ਹੈ ।
ਸ਼ਰਤਾਂ :- ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ, ਰਸੋਈ ਦੀਆਂ ਸੇਵਾਵਾਂ ਵੀ ਨਿਭਾਅ ਸਕਦਾ ਹੋਵੇ । ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦਾ ਹੋਵੇ । ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ । ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਆਇਆ ਹੋਵੇ ਉਸ ਨੂੰ ਪਹਿਲੀ ਦਿੱਤੀ ਜਾਵੇਗੀ ।
ਬੰਦ ਹੋਣ ਦੀ ਤਾਰੀਕ :- ਖੁੱਲ੍ਹੀ ਹੈ, (ਅਸੀਂ ਲਗਾਤਾਰ ਵਧੀਆ ਗਿਆਨਵਾਨ ਅਤੇ ਤਜ਼ਰਬੇਕਾਰ ਸੇਵਾਦਾਰ ਦੀ ਭਾਲ ਵਿਚ ਹਾਂ । ਬਿਨੈਕਾਰ ਹੇਠਾਂ ਦਿੱਤੇ ਪਤੇ 'ਤੇ ਅਰਜ਼ੀਆਂ ਭੇਜਣ ।

## Job Title: Vacancies for Tier-2 and Tier -5 workers

**Main Duties:** Performing Kirtan (Hymn Singing), Nitnem, Sukhmani Sahib Paath, Kirtan in Morning and Evening.
**Location:** Nottingham.
**Duration & Remuneration:** 12 months. Attractive Salary and short hours and Salary will be according to UK employment Law. Job related accomodation shall be provided.
**Requirenments:** Should be able to perform Kirtan and carry out other religious activities as listed in main duties. Must able to carryout kitchen work as well. Must read and speak Punjabi. Must have sufficient experience. Clean character certificate required from previous employer.
***Closing Date:*** *Open (we are constantly looking for people with knowledge and experience and on rolling employment basis.)*
*Please apply with 'cv' to:*
***PRESIDENT***

**Sri Guru Singh Sabha Gurdwara, Nottingham**
**26 NOTTINGHAM ROAD, NOTTINGHAM, NG7 7AE, (U.K.)**
**Please Contact for more information Tel: 01159 622 132**






**ਅਮਰ ਤਿੱਲਾ ਦੇ ਖਾਸ ਗੁਣ**

ਅਮਰ ਤਿਲੇ ਦੀ ਮਾਲਸ਼ ਕਰਨ ਨਾਲ ਢਿੱਲਾਪਣ, ਟੇਢਾਪਣ ਠੀਕ ਹੋ ਜਾਂਦਾ ਹੈ ਤੇ ਮਰਦਾਨਾ ਕਮਜ਼ੋਰੀ ਹਮੇਸ਼ਾ ਲਈ ਠੀਕ ਹੋ ਜਾਂਦੀ ਹੈ। ਅਮਰ ਕੈਰਮ ਖਾਣ ਨਾਲ ਦੇਸ਼ਾਂ-ਵਿਦੇਸ਼ਾਂ ਵਿਚ ਹਜ਼ਾਰਾਂ ਰੋਗੀ ਖੁਸ਼ੀਆਂ ਮਾਣਦੇ ਹਨ।

**ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)**



**ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ**

**ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ,** ਛਾਈਆਂ ਔਰਤਾਂ ਦੀਆਂ ਗੁਪਤ ਬਿਮਾਰੀਆਂ, **ਠੰਡਾਪਨ,** ਢਿੱਲਾਪਨ, ਹਿੱਪ ਭਾਰੀ, ਮੋਟਾਪਾ, ਕਮਰ ਦਰਦ, ਸੰਭੋਗ ਵੇਲੇ ਜਲਨ ਹੋਣਾ, ਪੇਟ ਗੈਸ, ਮੋਟਾਪਾ, ਬੱਚੇਦਾਨੀ 'ਚ ਸੋਜਿਸ਼, ਇਕ ਬੱਚਾ ਹੋਣ ਤੋਂ ਬਾਅਦ ਦੁਬਾਰਾ ਨਾ ਹੋਣਾ ਆਦਿ ਦੇ ਤਿੰਨ ਪੁਸ਼ਤੀ ਨੁਸਖਿਆਂ ਦੇ ਨਾਲ ਇਲਾਜ ਲਈ ਮਿਲੋ, ਲਿਖੋ ਜਾਂ ਫੋਨ/ਫੈਕਸ ਕਰੋ।

**25 ਸਾਲਾਂ ਤੋਂ ਆਯੁਰਵੈਦਿਕ ਜੜੀਆਂ ਬੂਟੀਆਂ ਦਾ ਚਮਤਕਾਰ**

# ਅਮਰ ਕੈਰਮ®



ਵੈਦ ਅਮਰਜੀਤ ਅਮਰ

ਹਰ ਉਮਰ ਵਿਚ ਸੈਕਸ ਕਰੋ, ਪੂਰਾ ਜੋਸ਼ ਨਾ ਆਉਣਾ ਜਾਂ ਆ ਕੇ ਖਤਮ ਹੋ ਜਾਣਾ, ਛੋਟਾਪਨ, ਢਿੱਲਾਪਣ, ਕਾਮ ਇੱਛਾ ਨਾ ਰਹਿਣਾ ਤੇ ਵੀਰਜ ਖਲਾਸ ਹੋ ਜਾਣਾ, ਸ਼ੀਘਰ ਪਤਨ, ਨਸਾਂ ਦਾ ਢਿੱਲਾਪਣ, ਧਾਤ, ਸੁਪਨਦੋਸ਼, ਸੰਤਾਨ ਪੈਦਾ ਕਰਨ ਲਈ ਵੀਰਜ ਪਤਲਾ ਜਾਂ ਘੱਟ ਬਣਨਾ, ਸ਼ੁਕਰਾਣੂ ਘੱਟ ਜਾਂ ਬਿਲਕੁਲ ਨਾ ਹੋਣਾ, ਆਪਣੇ ਜੀਵਨ ਸਾਥੀ ਸਾਹਮਣੇ ਸ਼ਰਮਿੰਦਗੀ ਮਹਿਸੂਸ ਕਰਨਾ, ਬਚਪਨ ਦੀਆਂ ਗਲਤੀਆਂ ਕਾਰਨ ਨਸਾਂ 'ਚ ਢਿੱਲਾਪਣ, ਪਿਸ਼ਾਬ ਜ਼ਿਆਦਾ ਆਉਣਾ, ਬੁਢਾਪੇ ਵਿਚ ਜਵਾਨ ਬਣੋ, ਅਮਰ ਕੈਰਮ ਖਾਣ ਦੇ ਨਾਲ ਗ੍ਰਹਿਸਥ ਜੀਵਨ ਖੁਸ਼ਹਾਲ ਹੋ ਜਾਂਦਾ ਹੈ। **ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ ।**

**ਪਤਨੀ ਸਾਹਮਣੇ ਕਦੇ ਵੀ ਸ਼ਰਮਿੰਦਗੀ ਨਹੀਂ ਹੋਵੇਗੀ ਛੇਤੀ ਖਲਾਸੀ ਤੋਂ ਸਦਾ ਲਈ ਛੁਟਕਾਰਾ ਪਾਓ।**

*ਸਾਡੇ ਆਯੁਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਰੰਟੀ ਸ਼ੁਦਾ ਇਲਾਜ ਲਈ ਰੋਗੀ ਮਿਲਣ ਜਾਂ ਫੋਨ-ਫੈਕਸ ਕਰਨ।*

**ਸਾਡੀ ਦਵਾਈ ਨਾਲ ਕੋਈ ਬੁਰਾ ਅਸਰ (Side Effect) ਨਹੀਂ ਹੁੰਦਾ।**

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ

**ਅਮਰ ਦਵਾਖਾਨਾ (ਰਜਿ.)**

ਦੁਕਾਨ ਨੰ. 10, ਪ੍ਰੇਮ ਮਾਰਕੀਟ, ਗੋਲ ਮਾਰਕੀਟ ਤੋਂ ਪਹਿਲਾ ਚੌਕ 'ਚ ਡੇਰੀਆਂ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 0191-181-2275777 ਫੈਕਸ : 91-181-2461888 website : www.amardawakhana.com
ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ। ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ।

**ਤੁਰੰਤ ਪੁੱਛਣ ਲਈ**
**98140-29888**
**98763-39888**

## ਧਰਮ ਫਲਸਫਾ

ਡਾ: ਦਲਜੀਤ ਸਿੰਘ ਵਿਰਕ



ਕਿਸ਼ਤ– 5

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਇਸੁ ਮਨ ਕਉ ਕੋਈ ਖੋਜਹੁ ਭਾਈ

## ੧੪. ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ




ਕੋਈ ਭੈੜੀ ਵਾਦੀ ਬਾਰ ਬਾਰ ਦੁਹਰਾਉਣ ਨਾਲ਼ ਹੀ ਪੈਂਦੀ ਹੈ

ਅਸਲ ਵਿੱਚ ਅਸੀਂ ਭੈੜੀ ਵਾਦੀ ਦੇ ਆਦੀ ਨਹੀਂ ਹਾਂ ਆਦੀ ਤਾਂ ਹਾਂ ਉਸ ਨਾਲ਼ ਜੁੜੇ ਮਜ਼ੇ ਦੇ ਅਹਿਸਾਸ ਨਾਲ਼। ਕਿਸੇ ਭੈੜੀ ਵਾਦੀ ਦੇ ਨਾਲ਼ ਜੁੜੇ ਹੋਏ ਸਕਾਰਤਮਿਕ (ਪੌਜ਼ਿਟਿਵ) ਅਹਿਸਾਸ ਦੇ ਅਸੀਂ ਆਦੀ ਹਾਂ। ਭੈੜੀ ਆਦਤ ਨੂੰ ਪੂਰਾ ਕਰਨ ਵਿੱਚ ਸਾਨੂੰ ਮਜ਼ਾ ਆਉਂਦਾ ਹੈ। ਇਹ ਮਜ਼ੇ ਦਾ ਅਹਿਸਾਸ ਸਾਡੇ ਮਨ ਲਈ ਚੰਗਾ ਨਤੀਜਾ ਹੈ। ਇਸ ਕਰਕੇ ਅਸੀਂ ਇਸ ਆਦਤ ਨੂੰ ਚਾਲੂ ਰੱਖਦੇ ਹਾਂ, ਛੱਡਦੇ ਨਹੀਂ ਤੇ ਬਾਰ ਬਾਰ ਮਜ਼ਾ ਲੈਂਦੇ ਹਾਂ। ਅਸਲ ਵਿੱਚ ਸਾਨੂੰ ਆਪਣੀ ਭੈੜੀ ਵਾਦੀ ਤੋਂ ਕਦੀ ਵੀ ਭੈੜਾ ਅਹਿਸਾਸ ਨਹੀਂ ਹੁੰਦਾ ਜਿਸ ਕਰਕੇ ਇਹ ਸਿਲਸਿਲਾ ਚਲਦਾ ਰਹਿੰਦਾ ਹੈ। ਘੱਟੋ ਘੱਟੋ ਭੈੜੀ ਆਦਤ ਕਰਨ ਸਮੇਂ ਸਾਨੂੰ ਮੰਦਾ ਅਹਿਸਾਸ ਨਹੀਂ ਹੁੰਦਾ। ਇੱਕ ਉਦਾਹਰਣ ਦੇ ਤੌਰ ਤੇ ਸੋਚੋ ਕਿ ਤੁਸੀਂ ਹਰ ਵਾਰ ਕਿਵੇਂ ਵੱਧ ਖਾਣਾ ਖਾ ਜਾਂਦੇ ਹੋ ਤੇ ਬਾਅਦ ਵਿੱਚ ਔਖੇ ਹੁੰਦੇ ਹੋ। ਖਾਣਾ ਖਾਣ ਵੇਲੇ ਅਹਿਸਾਸ ਨਹੀਂ ਹੁੰਦਾ ਕਿ ਵੱਧ ਖਾਇਆ ਜਾ ਰਿਹਾ ਹੈ। ਜਦ ਖਾਣਾ ਸਵਾਦ ਹੁੰਦਾ ਹੈ ਤਾਂ ਉਸ ਵੇਲੇ ਚਟਕਾਰੇ ਲਾ ਕੇ ਖਾ ਲਿਆ ਜਾਂਦਾ ਹੈ। ਜਦ ਬਾਅਦ ਵਿੱਚ ਹਾਜ਼ਮਾ ਖਰਾਬ ਹੋ ਜਾਂਦਾ ਹੈ ਤਾਂ ਤੁਸੀਂ ਕਹਿੰਦੇ ਹੋ ਕਿ ਅੱਗੇ ਤੋਂ ਵੱਧ ਨਹੀਂ ਖਾਵਾਂਗਾ। ਪਰ ਜਿਸ ਵੇਲੇ ਖਾਣਾ ਖਾ ਰਹੇ ਹੁੰਦੇ ਹੋ ਇਸ ਗੱਲ ਨੂੰ ਭੁੱਲ ਕੇ ਖਾਣੇ ਦੇ ਸਵਾਦ ਵਿੱਚ ਮਸਤ ਹੋ ਕੇ ਫਿਰ ਜ਼ਿਆਦਾ ਖਾ ਜਾਂਦੇ ਹੋ। ਸੋ ਇਹ ਸਾਰੀ ਆਦਤ ਖਾਣੇ ਦੇ ਸਵਾਦ ਦੇ ਮਜ਼ੇ ਨ਼ਲ ਜੁੜੀ ਹੋਈ ਹੈ। ਮੇਰਾ ਇੱਕ ਦੋਸਤ ਜਦ ਵੀ ਸ਼ਰਾਬ ਪੀਂਦਾ ਉਹ ਪੀ ਕੇ ਬਹਿਕ ਜਾਂਦਾ। ਸ਼ਰਾਬੀ ਹੋ ਕੇ ਉਹ ਰੋਂਦਾ ਤੇ ਆਪਣੇ ਆਪ ਨੂੰ ਗਾਲ਼ਾਂ ਕੱਢਦਾ ਅਤੇ ਕਹਿੰਦਾ, "ਸ਼ਰਾਬ ਮੈਨੂੰ ਮਾਫਿਕ ਨਹੀਂ, ਮੈਂ ਅੱਜ ਤੋਂ ਸਹੁੰ ਖਾ ਲਈ ਕਿ ਫਿਰ ਨਹੀਂ ਪੀਵਾਂਗਾ"। ਪਰ ਉਹ ਫਿਰ ਵੀ ਪੀ ਲੈਂਦਾ ਤੇ ਹਰ ਵਾਰ ਵਾਅਦਾ ਕਰਦਾ ਰਹਿੰਦਾ ਕਿ ਨਹੀਂ ਪੀਵੇਗਾ। ਜਦ ਉਹ ਪੀਣੀ ਸ਼ੁਰੂ ਕਰਦਾ ਤਾਂ ਕਹਿੰਦਾ ਕਿ ਥੋੜੀ ਹੀ ਪੀਣੀ ਹੈ ਇਸ ਦਾ ਕੋਈ ਹਰਜ਼ ਨਹੀਂ, ਪਰ ਇੱਕ ਇੱਕ ਪੈੱਗ ਕਰ ਕੇ ਉਹ ਹਰ ਵਾਰ ਬਹੁਤੀ ਪੀ ਜਾਂਦਾ ਹੈ। ਉਹ ਆਪਣੀ ਆਦਤ ਤੋਂ ਉਨੀ ਦੇਰ ਨਾ ਹਟ ਸਕਿਆ ਜਦ ਤੱਕ ਉਸ ਨੂੰ ਡਾਕਟਰ ਨੇ ਚਿਤਾਵਨੀ ਨਾ ਦਿੱਤੀ ਕਿ ਤੇਰਾ ਜਿਗਰ ਖਰਾਬ ਹੋ ਗਿਆ ਹੈ ਤੇ ਸ਼ਰਾਬ ਇਸ ਲਈ ਜ਼ਹਿਰ ਹੈ, ਅਤੇ ਸ਼ਰਾਬ ਨਾਲ਼ ਤੇਰੀ ਮੌਤ ਹੋ ਸਕਦੀ ਹੈ।

### ਆਦਤ ਕਿਵੇਂ ਬਦਲੀਏ?

ਧੰਨ ਧੰਨ ਸਿਰੀ ਗੁਰੂ ਤੇਗ ਬਹਾਦਰ ਜੀ ਸਾਡੇ ਮਨ ਨੂੰ ਸਮਝਾਉਣ ਲਈ ਫ਼ੁਰਮਾਨ ਕਰਦੇ ਹਨ ਕਿ ਹੇ ਭਾਈ ! ਇਹ ਮਨ ਬਿਲਕੁਲ ਹੀ ਕਹਿਆ ਨਹੀਂ ਮੰਨਦਾ। ਮੈਂ ਇਸ ਨੂੰ ਸਭ ਸਿਖਿਆ ਦੇ ਦੇ ਕੇ ਥੱਕ ਗਿਆ ਹਾਂ, ਇਹ ਫਿਰ ਵੀ ਆਪਣੀ ਖੋਟੀ ਮਤਿ (ਦੁਰਮਤਿ) ਨਹੀਂ ਛੱਡਦਾ।

**"ਯਹ ਮਨੁ ਨੈਕ ਨ ਕਹਿਓ ਕਰੈ ॥**
**ਸੀਖ ਸਿਖਾਇ ਰਹਿਓ ਅਪਨੀ ਸੀ**
**ਦੁਰਮਤਿ ਤੇ ਨ ਟਰੈ ॥੧॥ ਰਹਾਉ ॥**
(ਰਾਗੁ ਦੇਵਗੰਧਾਰੀ ਮਹਲਾ ੯, ਅੰਗ ੫੩੬)"।

ਇਹ ਮਨ ਸਾਡੀ ਗੱਲ ਕਿਉਂ ਨਹੀਂ ਮੰਨਦਾ? ਇਸ ਦਾ ਕਾਰਨ ਹੈ ਇਸ ਦੀਆਂ ਪੱਕੀਆਂ ਹੋਈਆਂ ਆਦਤਾਂ, ਜਿਨ੍ਹਾਂ ਦੇ ਅਸਰਾਤ ਕਈ ਜਨਮਾਂ ਤੋਂ ਇਸ ਦੇ ਨਾਲ਼ ਆ ਰਹੇ ਹਨ। ਗੁਰਬਾਣੀ ਸਮਝਾਉਂਦੀ ਹੈ ਕਿ ਸਾਡੇ ਮਨ ਨੂੰ ਅਨੇਕ ਜਨਮਾਂ ਦੀ ਮੈ਼ਲ ਲੱਗੀ ਹੋਈ ਹੈ ਜਿਸ ਨਾਲ ਇਹ ਕਾ਼ਲਾ ਸਿਆਹ ਹੋਇਆ ਹੋਇਆ ਹੈ। ਇਸ ਮਨ ਦੀ ਹਾਲਤ ਤੇਲੀ ਦੀ ਲੀਰ ਵਰਗੀ ਹੈ ਜਿਹੜੀ ਬਾਰ ਬਾਰ ਤੇਲ ਸਾਫ਼ ਕਰਨ ਕਰਕੇ ਏਨੀ ਥਿੰਦੀ ਹੋ ਗਈ ਹੈ ਕਿ ਸੌ ਵਾਰ ਧੋਣ ਤੇ ਵੀ ਚਿੱਟੀ ਨਹੀਂ ਹੁੰਦੀ।

**"ਜਨਮ ਜਨਮ ਕੀ ਇਸੁ ਮਨ ਕਉ**
**ਮਲੁ ਲਾਗੀ ਕਾਲਾ ਹੋਆ ਸਿਆਹੁ ॥**
**ਖੰਨਲੀ ਧੋਤੀ ਉਜਲੀ ਨ ਹੋਵਈ**
**ਜੇ ਸਉ ਧੋਵਣਿ ਪਾਹੁ ॥**
(ਵਾਰ ਸੋਰਠਿ ਸਲੋਕੁ ਮਃ ੩ ਅੰਗ ੬੫੧)"।

ਇਸ ਦਾ ਭਾਵ ਹੈ ਕਿ ਸਾਡੇ ਮਨ ਦੀਆਂ ਆਦਤਾਂ ਬਹੁਤ ਪੱਕੀਆਂ ਹੋਈਆਂ ਹਨ ਜਿਨ੍ਹਾਂ ਨੂੰ ਬਦਲਣ ਲਈ ਬਹੁਤ ਯਤਨ ਕਰਨ ਦੀ ਲੋੜ ਹੈ।

ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਸੁਚੇਤ ਮਨ ਤੇ ਅਸਰ ਤੁਰੰਤ ਹੁੰਦਾ ਹੈ ਤੇ ਥੋੜ੍ਹਾ ਸਮਾਂ ਰਹਿੰਦਾ ਹੈ ਪਰ ਅਵਚੇਤ ਮਨ ਵਿਚ ਚੇਤੇ ਪੱਕੇ ਹੋਏ ਹੁੰਦੇ ਹਨ। ਉਨ੍ਹਾਂ ਚੇਤਿਆਂ ਨੂੰ ਬਦਲਣ ਲਈ ਬਹੁਤ ਮਿਹਨਤ ਦੀ ਲੋੜ ਹੁੰਦੀ ਹੈ। ਧੰਨ ਧੰਨ ਸਿਰੀ ਗੁਰੂ ਨਾਨਕ ਦੇਵ ਜੀ 'ਜਪੁ' ਜੀ ਦੀ ਆਖੀਰਲੀ ਪੌੜੀ ਵਿੱਚ ਸ਼ਬਦ ਦੀ ਟਕਸਾਲ ਘੜ੍ਹਨ ਦੀ ਵਿਧੀ ਵਿਚ ਸਮਝਾਉਂਦੇ ਹਨ ਕਿ ਆਪਣੀ ਮਤਿ (= ਅਹੰਕਾਰ) ਨੂੰ ਅਹਿਰਣ ਬਣਾਉ ਤੇ ਉਸ ਉੱਤੇ ਗਿਆਨ ਦੇ ਹਥੌੜੇ ਮਾਰ ਮਾਰ ਕੇ ਉਸ ਨੂੰ ਸਿੱਧਾ ਕਰੋ ਤਾਂ ਹੀ ਸੱਚੇ ਸ਼ਬਦ ਦੀ ਟਕਸਾਲ ਘੜ੍ਹੀ ਜਾ ਸਕਦੀ ਹੈ,

**"ਅਹਰਣਿ ਮਤਿ ਵੇਦੁ ਹਥੀਆਰੁ ॥**
(ਜਪੁ, ਅੰਗ ੮)"।

ਜੇ ਅਸੀਂ ਸੁਚੇਤ ਮਨ ਦੇ ਤਜਰਬਿਆਂ ਨੂੰ ਆਦਤ ਬਣਾਉਣਾ ਚਾਹੁੰਦੇ ਹਾਂ ਤਾਂ ਉਸ ਲਈ ਆਪਸ ਵਿਚ ਜੁੜੀਆਂ ਹੋਈਆਂ ਚਾਰ ਗੱਲਾਂ ਬਹੁਤ ਜਰੂਰੀ ਹਨ।

੧. ਵਿਸ਼ਾਲ ਗਿਆਨ ਇਕੱਠਾ ਕਰਨਾ, ਭਾਵ ਕਈ ਤਰੀਕਿਆਂ ਨਾਲ ਗਿਆਨ ਲੈਣਾ (Broad knowledge-large catching net)
੨. ਉਪਜਾਊ ਧਰਤੀ ਵਾਂਗ ਤਿਆਰ ਤੇ ਖੁਲ੍ਹਾ ਮਨ ਰੱਖਣਾ (Open mind- fertile soil)
੩. ਹਰ ਦਿਸ਼ਾ ਵਿਚ ਗਿਆਨ ਲਈ ਦੌੜ (Lateral thinking-searching light)
੪. ਸਿੱਖਣ ਦਾ ਸ਼ੁਦਾ (ਬਦਲਣ ਦੀ ਗਤੀ ਨੂੰ ਤੇਜ਼ ਕਰਦਾ ਹੈ) (Passion-accelerator)

ਇਹ ਗੱਲਾਂ ਅਧਿਆਤਮਿਕ ਅਤੇ ਸੰਸਾਰਕ ਜੀਵਨ ਵਿੱਚ ਇੱਕੋ ਜਿਹੀਆਂ ਹੀ ਲਾਗੂ ਹੁੰਦੀਆਂ ਹਨ। ਅਧਿਆਤਮਿਕ ਤੌਰ ਤੇ ਤਰੱਕੀ ਲਈ ਧਾਰਮਿਕ ਗਿਆਨ ਦਾ ਭੰਡਾਰਾ ਇਕੱਠਾ ਕਰਨਾ (ਗੁਰਬਾਣੀ ਦਾ ਅਧਿਅਨ ਕਰਨਾ, ਟੀਕੇ ਪੜ੍ਹਨੇ, ਕੀਰਤਨ ਸੁਣਨਾ), ਜਿਵੇਂ ਬੀਜ ਬੀਜਣ ਲਈ ਉਪਜਾਊ ਧਰਤੀ ਤਿਆਰ ਕਰੀਦੀ ਹੈ ਉਸੇ ਤਰ੍ਹਾਂ ਮਨ ਨੂੰ ਨਵੀਆਂ ਗੱਲਾਂ ਗ੍ਰਹਿਣ ਕਰਨ ਲਈ ਤਿਆਰ ਕਰਨਾ (ਮਨ ਵਿੱਚ ਗੁਰਬਾਣੀ, ਕੀਰਤਨ, ਸਤਿ ਸੰਗਤਿ, ਆਦਿ ਦਾ ਚਾਅ ਪੈਦਾ ਕਰਨਾ), ਗਿਆਨ ਨੂੰ ਲੈਣ ਲਈ ਹਰ ਹੀਲਾ ਤੇ ਹਰ ਖੋਜ ਕਰਨੀ (ਕਿਸੇ ਗੁਰਮੁਖ, ਪੁਸਤਕ ਜਾਂ ਹੋਰ ਸਰੋਤ ਤੋਂ ਗਿਆਨ ਲੈਣ ਲਈ ਨਾ ਝਿਜਕਣਾ), ਅਤੇ ਗੁਰਮਤਿ ਗਿਆਨ ਹਾਸਲ ਕਰਨ ਲਈ ਸ਼ੁਦਾਈ ਤੇ ਪ੍ਰੇਮ ਨਾਲ਼ ਗੜੁੱਚ ਹੋ ਜਾਣਾ ਐਸੀਆਂ ਹਕੀਕਤਾਂ ਹਨ ਜਿਨ੍ਹਾਂ ਨਾਲ਼ ਪਰਮਾਤਮਾ ਦੇ ਨੇੜੇ ਹੋ ਸਕੀਦਾ ਹੈ।

ਕੁਝ ਰੋਜ਼ਮਰਾ ਉਦਾਹਰਣਾ ਲੈ ਲਈਏ। ਸਾਡਾ ਮਨ ਅੰਮ੍ਰਿਤ ਵੇਲੇ ਉੱਠਣ ਤੇ ਆਲਸ ਕਰਦਾ ਹੈ। ਜੇ ਅਸੀਂ ਅੰਮ੍ਰਿਤ ਵੇਲਾ ਸਾਂਭਣਾ ਹੋਵੇ ਤਾਂ ਪਹਿਲਾਂ ਪਹਿਲ ਅਲਾਰਮ ਦੀ ਲੋੜ ਪਏਗੀ। ਕੁੱਝ ਦਿਨਾਂ ਬਾਅਦ ਅਸੀਂ ਦੇਖਾਂਗੇ ਕਿ ਅਲਾਰਮ ਦੇ ਟਾਈਮ ਤੇ ਆਪਣੇ ਆਪ ਜਾਗ ਖੁੱਲ੍ਹ ਜਾਂਦੀ ਹੈ। ਜੇ ਇਸ ਕਿਰਿਆ ਨੂੰ ਚਾਲੂ ਰੱਖੀਏ ਤਾਂ ਸਾਡਾ ਅੰਮ੍ਰਿਤ ਵੇਲਾ ਪੱਕਾ ਹੋ ਜਾਏਗਾ, ਕਿਉਂਕਿ ਉੱਠਣ ਦਾ ਸਮਾਂ ਸਾਡੇ ਅਵਚੇਤ ਮਨ ਦੀ ਯਾਦ ਸ਼ਕਤੀ ਦਾ ਹਿੱਸਾ ਬਣ ਚੁੱਕਾ ਹੋਵੇਗਾ।

ਇਹੋ ਵਿਧੀ ਨਾਮ ਜਪਣ ਲਈ ਉਪਯੋਗੀ ਹੈ। ਪਹਿਲਾਂ ਪਹਿਲ ਸੁਚੇਤ ਮਨ ਦੀ ਪਕੜ ਲਈ ਰਸਨਾ ਨਾਲ਼ ਉੱਚੀ ਉੱਚੀ ਜਾਂ ਬੋਲ ਬੋਲ ਕੇ ਨਾਮ ਜਪਣਾ ਚਾਹੀਦਾ ਹੈ। ਜਪਦੇ ਜਪਦੇ ਜਦ ਅਚੇਤ ਮਨ ਵਿਚ ਨਾਮ ਦਾ ਅਭਿਆਸ ਪੱਕ ਜਾਏ ਤਾਂ ਰਸਨਾ ਦਾ ਮੇਲ ਸਵਾਸਾਂ ਨਾਲ ਕਰੀਦਾ ਹੈ ਤੇ ਸਵਾਸ ਸਵਾਸ ਜਪੀਦਾ ਹੈ ਜਿਹੜਾ ਪਹਿਲਾਂ ਉੱਚੀ ਉੱਚੀ ਤੇ ਫ਼ਿਰ ਮੱਧਮ ਧੁੰਨ ਨਾਲ ਹੁੰਦਾ ਹੈ। ਜਦ ਸਵਾਸ ਸਵਾਸ ਨਾਮ ਪੱਕ ਜਾਏ ਤਾਂ ਇਹ ਨਿਰਕਿਰਿਆ ਹੋ ਕੇ ਅਜੱਪਾ ਜਾਪ ਬਣ ਜਾਂਦਾ ਹੈ ਜੋ ਸੁਰਤੀ ਵਿੱਚ ਟਿਕ ਜਾਂਦਾ ਹੈ ਤੇ ਕੰਮ ਕਰਦੇ, ਉੱਠਿਆਂ, ਬੈਠਿਆਂ ਤੇ ਸੁੱਤਿਆਂ ਚੱਲਣ ਲਗ ਪੈਂਦਾ ਹੈ, ਕਿਉਂਕਿ ਇਹ ਅਵਚੇਤ ਤੇ ਸੁਚੇਤ ਦੋਹਾਂ ਹਾਲਤਾਂ ਵਿਚ ਸਮਾਅ ਚੁੱਕਾ ਹੁੰਦਾ ਹੈ। ਇਸੇ ਲਈ ਧੰਨ ਧੰਨ ਸਿਰੀ ਗੁਰੂ ਅਰਜਨ ਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਬਾਰ ਬਾਰ ਨਾਮ ਨੂੰ ਜਪਣਾ ਚਾਹੀਦਾ ਹੈ ਤਾਂ ਕਿ ਇਹ ਮਨ ਰੱਜ ਜਾਏ ਤੇ ਨਾਮ ਦਾ ਖ਼ਿਆਲ ਪੱਕਾ ਹੋ ਜਾਏ,

**"ਬਾਰੰ ਬਾਰ ਬਾਰ ਪ੍ਰਭੁ ਜਪੀਐ ॥**
**ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥**
ਗਉੜੀ ਸੁਖਮਨੀ ਮ: ੫, ਅੰਗ ੨੯੬"।

ਇਸ ਦਾ ਭਾਵ ਹੈ ਕਿ ਜੇ ਮਨ ਦੀ ਆਦਤ ਤੋੜਨੀ ਹੋਵੇ ਤਾਂ ਬਾਰ ਬਾਰ ਕਾਰਜ ਕਰਨਾ ਜ਼ਰੂਰੀ ਹੈ, ਨਹੀਂ ਤਾਂ ਅਸਰ ਕੁਝ ਸਮੇਂ ਤੱਕ ਹੀ ਰਹੇਗਾ। ਉਦਾਹਰਣ ਦੇ ਤੌਰ ਤੇ ਇੰਡੀਆ ਦੀ ਪੜ੍ਹਾਈ ਦੀ ਵਿਧੀ ਲੈ ਲਉ। ਇਹ ਆਮ ਖ਼ਿਆਲ ਹੈ ਕਿ ਭਾਰਤੀਆਂ ਦੀ ਗਣਿਤ ਤੇ ਪਕੜ ਜ਼ਿਆਦਾ ਹੈ। ਉਹ ਇਸ ਕਰਕੇ ਹੈ ਕਿ ਪ੍ਰਾਇਮਰੀ ਸਕੂਲਾਂ ਵਿੱਚ ਪਹਾੜੇ ਅਤੇ ਮੁਹਾਰਨੀ ਦਾ ਘੋਟਾ ਲੁਆਇਆ ਜਾਂਦਾ ਰਿਹਾ ਹੈ ਜਿਸ ਕਰ ਕੇ ਅਸੀਂ ਝੱਟ ਗੁਣਾ ਜਾਂ ਤਕਸੀਮ ਕਰ ਲੈਂਦੇ ਹਾਂ ਜਿਸ ਨਾ਼ਲ ਪੱਛਮੀ ਦੇਸ਼ਾਂ ਦੇ ਵਸਨੀਕ ਹੈਰਾਨ ਹੋ ਜਾਂਦੇ ਹਨ। ਇਕ ਉਦਾਹਰਣ ਅਸੀਂ ਪੱਛਮ ਵਿੱਚ ਪਲੀ ਨੌਜਵਾਨ ਪੀੜ੍ਹੀ ਦੀ ਲੈਂਦੇ ਹਾਂ। ਨੌਜਵਾਨ ਪੀੜ੍ਹੀ ਕਦੇ ਕਦੇ ਗੁਰਦੁਆਰੇ ਜਾਂਦੀ ਹੈ। ਇੱਕ ਅੱਧੀ ਵਾਰ ਗੁਰਦੁਆਰੇ ਆਉਣਾਂ ਸੁਚੇਤ ਮਨ ਦੀ ਪਕੜ ਵਿੱਚ ਥੋੜ੍ਹੇ ਸਮੇਂ ਲਈ ਰਹਿੰਦਾ ਹੈ। ਇੱਕ ਵਾਰ ਆਉਣ ਨਾ਼ਲ ਮਨ ਵਕਤੀ ਤੌਰ ਤੇ ਕਬੂਲ ਕਰਦਾ ਹੈ ਕਿ ਗੁਰਦਵਾਰੇ ਆਉਣਾ ਚਾਹੀਦਾ ਹੈ, ਪਰ ਵਾਪਸ ਦੋਸਤਾਂ ਮਿੱਤਰਾਂ ਵਿਚ ਜਾ ਕੇ ਇਸ ਦਾ ਪ੍ਰਭਾਵ ਖ਼ਤਮ ਹੋ ਜਾਂਦਾ ਹੈ। ਫਿਰ ਗੁਰਦਵਾਰੇ ਆਉਣ ਤੇ ਬਹੁਤਾ ਜੀਅ ਨਹੀਂ ਕਰਦਾ, ਕਿਉਂਕਿ ਅਵਚੇਤ ਮਨ ਤੇ ਕੋਈ ਪ੍ਰਭਾਵ ਨਹੀਂ ਪਿਆ। ਨੌਜਵਾਨਾਂ ਦੇ ਸੁਭਾਅ ਨੂੰ ਬਦਲਣ ਲਈ ਉਨ੍ਹਾਂ ਦੇ ਅਵਚੇਤ ਮਨ ਨੂੰ ਸੰਬੋਧਨ ਕਰਨਾ ਜ਼ਰੂਰੀ ਹੈ, ਜਿਸ ਲਈ ਉਨ੍ਹਾਂ ਨੂੰ ਬਾਰ ਬਾਰ ਗੁਰਦਵਾਰੇ ਆਉਣ ਤੇ ਗੁਰਬਾਣੀ ਸੁਣਨ ਦੀ ਜ਼ਰੂਰਤ ਹੈ। ਇਸੇ ਤਰ੍ਹਾਂ ਯੂਥ ਕੈਂਪ ਹਨ। ਜੇ ਇੱਕ ਦਿਨ ਦਾ ਕੈਂਪ ਹੋਵੇ ਤਾਂ ਸੁਚੇਤ ਮਨ ਵਿੱਚ ਵਕਤੀ ਤੌਰ ਤੇ ਅਸਰ ਹੁੰਦਾ ਹੈ ਪਰ ਅਵਚੇਤ ਵਿੱਚ ਕੈਂਪ ਵਿਚੋਂ ਸਿੱਖੀਆਂ ਨਵੀਆਂ ਗੱਲਾਂ ਜਮਾਂ ਨਹੀਂ ਹੁੰਦੀਆਂ। ਇਸ ਲਈ ਜੇ ਅੱਜ ਕੱਲ ਦੇ ਨੌਜਵਾਨਾਂ ਦੇ ਸੁਭਾਅ ਨੂੰ ਬਦਲਣਾ ਹੈ ਤਾਂ ਸਾਨੂੰ ਕਈ ਰੋਜ਼ਾ ਕੈਂਪ ਲਾਉਣਾ ਚਾਹੀਦਾ ਹੈ ਤਾਂ ਕਿ ਕੈਂਪ ਖਤਮ ਹੋਣ ਤੱਕ ਅਵਚੇਤ ਦੇ ਭੰਡਾਰ ਵਿੱਚ ਨਵੀਆਂ ਗੱਲਾਂ ਸਟੋਰ ਹੋ ਜਾਣ।

ਚਲਦਾ ··· ਬਾਕੀ ਅਗਲੇ ਹਫ਼ਤੇ

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

SUBSCRIBE TODAY

| SUBSCRIPTION FOR (PLEASE TICK RELEVANT BOX) | | PANJAB TIMES 1 YEAR |
|---|---|---|
| UNITED KINGDOM | ☐ | £90 |
| EUROPE | ☐ | £120 |
| REST OF THE WORLD | ☐ | £150 |

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME..........................................................

ADDRESS......................................................

..................................POST CODE..........................

TEL..............................................................

*Post with payments to:* ***SUBSCRIPTION***
PANJAB TIMES *21 Cotton Brook Road, Derby. DE23 8JY (UK)*

TEL: 01332 372851 FAX: 01332 372833
or please ring on Mo: 07432 679 684
*www.punjabtimes.co.uk Email: Panjabtimes@aol.com*

ਵਾਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਅਕੇਲਾ ।। ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ।।

# ਗੁਰਦੁਆਰਾ ਸਿੰਘ ਸਭਾ ਅਕਾਲ ਦਰਬਾਰ ਬ੍ਰਮਿੰਘਮ ਦੀ ਸਮੁੱਚੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਵੱਲੋਂ

# ਸਰਬੰਸਦਾਨੀ ਕਲਗੀਧਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਜਗਤ ਨੂੰ ਲੱਖ ਲੱਖ ਵਧਾਈਆਂ

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਦੇ ਸਹਿਯੋਗ ਸਦਕਾ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ **ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਵਿਸ਼ਾਲ ਪੱਧਰ 'ਤੇ ਮਨਾਉਣ ਲਈ ਮਿਤੀ 18 ਜਨਵਰੀ ਦਿਨ ਸ਼ੁਕਰਵਾਰ ਨੂੰ ਸਵੇਰੇ 11 ਵਜੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕੀਤੇ ਜਾਣਗੇ । ਮਿਤੀ 20 ਜਨਵਰੀ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਦੀਵਾਨ ਸਜਣਗੇ । ਜਿਸ ਵਿੱਚ ਗੁਰੂ ਘਰ ਦੇ ਕੀਰਤਨੀਏ, ਗੁਰਬਾਣੀ ਦੇ ਰਸਭਿੰਨੇ ਕੀਰਤਨ ਰਾਹੀਂ ਹਾਜ਼ਰੀ ਭਰਨਗੇ ਅਤੇ ਗੁਰੂ ਘਰ ਦੇ ਹੈੱਡ ਗ੍ਰੰਥੀ, ਗਿਆਨੀ ਰਵਿੰਦਰਪਾਲ ਸਿੰਘ ਜੀ, ਹੁਕਮਨਾਮੇ ਦੀ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ।**

**ਵਿਸ਼ੇਸ਼ ਨੋਟ : ਮਿਤੀ 18 ਜਨਵਰੀ ਦਿਨ ਸ਼ੁਕਰਵਾਰ ਨੂੰ ਸਵੇਰੇ 10 ਵਜੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਕੀਤੀ ਜਾਵੇਗੀ ।**

**ਸਭ ਮਾਈ-ਭਾਈ ਨੂੰ ਬੇਨਤੀ ਹੈ ਕਿ ਸਮੇਂ ਸਿਰ ਪੁੱਜ ਕੇ ਕ੍ਰਿਤਾਰਥ ਕਰੋ ਜੀ ।**



**ਬੀਤੇ ਦਿਨੀਂ ਗੁਰਦੁਆਰਾ ਸਿੰਘ ਸਭਾ ਅਕਾਲ ਦਰਬਾਰ, ਪਾਰਕ ਰੋਡ, ਬਰਮਿੰਘਮ ਦੀ ਪ੍ਰਬੰਧਕ ਕਮੇਟੀ ਵਿਧਾਨ ਅਨੁਸਾਰ ਸਰਬਸੰਮਤੀ ਨਾਲ ਚੁਣੀ ਗਈ, ਜੋ ਕਿ ਇਸ ਪ੍ਰਕਾਰ ਹੈ :**

✶ ਪ੍ਰਧਾਨ : ਬਲਿਹਾਰ ਸਿੰਘ ਰਾਮੇਵਾਲ ✶ ਜਨਰਲ ਸੈਕਟਰੀ : ਸੰਤੋਖ ਸਿੰਘ ਦੂਲੇ ✶ ਮੀਤ ਪ੍ਰਧਾਨ : ਸੰਤੋਖ ਸਿੰਘ ਨਾਹਲ
✶ ਖਜ਼ਾਨਚੀ : ਹਰਭਜਨ ਸਿੰਘ ਨੰਦੜਾ ✶ ਮੀਤ ਖਜ਼ਾਨਚੀ : ਮੇਜਰ ਸਿੰਘ ਖੇਲਾ ✶ ਸਹਾਇਕ ਸੈਕਟਰੀ : ਬਖਸ਼ੀਸ਼ ਸਿੰਘ
✶ ਸਟੇਜ ਸਕੱਤਰ : ਪਰਮਜੀਤ ਸਿੰਘ ਛੋਕਰ ✶ ਵੈਲਫੇਅਰ ਸੈਕਟਰੀ : ਜਰਨੈਲ ਸਿੰਘ ਦੂਲੇ ✶ ਲਾਇਬਰੇਰੀ ਸਕੱਤਰ : ਕਿਰਤਰਾਜ ਸਿੰਘ
✶ ਕਮੇਟੀ ਮੈਂਬਰ : ਐਡਵੋਕੇਟ ਇੰਦਰਜੀਤ ਸਿੰਘ ਸੰਘਾ, ਬੀਬੀ ਪਿਆਰ ਕੌਰ, ਬੀਬੀ ਹਰਜਿੰਦਰ ਕੌਰ ਜੋਹਲ, ਸੁਖਵਿੰਦਰ ਸਿੰਘ ਬਿਆੜਾ, ਨਿਰਮਲ ਸਿੰਘ ਪਰਤਾਪੁਰਾ, ਮੱਖਣ ਸਿੰਘ, ਸਤਵਿੰਦਰ ਸਿੰਘ ।

ਇਸ ਸਮੇਂ ਜਥੇਦਾਰ ਸੰਤੋਖ ਸਿੰਘ ਦੂਲੇ ਨੇ ਨਵੀਂ ਕਮੇਟੀ ਬਣਾਉਣ ਲਈ ਸਮੁੱਚੀਆਂ ਸੰਗਤਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਸਮੂਹ ਮਾਈ-ਭਾਈ ਨੂੰ ਬੇਨਤੀ ਕੀਤੀ ਕਿ ਉਹ ਗੁਰਦੁਆਰਾ ਸਾਹਿਬ ਦੇ ਸਾਰੇ ਸਮਾਗਮਾਂ ਦੌਰਾਨ ਹੁਮ-ਹੁਮਾ ਕੇ ਪੁੱਜਿਆ ਕਰਨ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਨਿਹਾਲ ਹੋਣ ।

**ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਦੀ ਲਾਇਬਰੇਰੀ ਜੋ ਕਿ 533 ਪਾਰਕ ਰੋਡ (ਖਾਲਸਾ ਹਾਊਸ) ਵਿਖੇ ਚੱਲ ਰਹੀ ਹੈ, ਸੰਗਤਾਂ ਲਾਇਬਰੇਰੀ ਆ ਕੇ ਸਿੱਖ ਇਤਿਹਾਸ ਨਾਲ ਸਬੰਧਤ ਖੋਜ ਭਰਪੂਰ ਕਿਤਾਬਾਂ ਪੜ੍ਹ ਕੇ ਆਪਣੇ ਗੌਰਵਮਈ ਇਤਿਹਾਸ ਨਾਲ ਜੁੜਨ ਅਤੇ ਲਾਈਬਰੇਰੀ ਦੇ ਮੈਂਬਰ ਬਣਨ ।**

**ਗੁਰੂ ਪੰਥ ਦੇ ਦਾਸ : ਸਮੂਹ ਸੰਗਤਾਂ ਅਤੇ ਪ੍ਰਬੰਧਕ ਕਮੇਟੀ**

# ਗੁਰਦੁਆਰਾ ਸਿੰਘ ਸਭਾ ਅਕਾਲ ਦਰਬਾਰ

**521 / 527 Park Road, Hockley, Birmingham, B18 5TR**

**Tel: 0121-551 5635, Fax: 0121 551 0062**

ਪੀਵਹੁ ਪਾਹੁਲ ਖੰਡੇ ਧਾਰ ਹੋਇ ਜਨਮੁ ਸੁਹੇਲਾ ।। ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ।।

# ਗੁਰੂ ਨਾਨਕ ਗੁਰਦੁਆਰਾ ਲੈਸਟਰ ਦੀ ਪ੍ਰਬੰਧਕ ਕਮੇਟੀ ਤੇ ਸਾਧ ਸੰਗਤ ਵੱਲੋਂ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ

## ਗੁਰਪੁਰਬ ਦੇ ਸਬੰਧ ਵਿੱਚ ਗੁਰਦੁਆਰਾ ਸਾਹਿਬ ਵਿਖੇ 11 ਤੋਂ 20 ਜਨਵਰੀ ਤੱਕ ਵਿਸ਼ੇਸ਼ ਪ੍ਰੋਗਰਾਮਾਂ ਦਾ ਵੇਰਵਾ

### ਗੁਰਪੁਰਬ ਸਬੰਧੀ ਸੇਵਕ ਪਰਿਵਾਰਾਂ ਵੱਲੋਂ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋਣਗੇ :

**11 ਜਨਵਰੀ 2013 ਦਿਨ ਸ਼ੁੱਕਰਵਾਰ–** ਸ੍ਰ. ਪਲਵਿੰਦਰ ਸਿੰਘ ਬਾਹੀਆ ਦੇ ਪਰਿਵਾਰ ਵੱਲੋਂ ਆਪਣੇ ਪੋਤਰੇ ਦੀ ਪਹਿਲੀ ਲੋਹੜੀ ਦੇ ਸਬੰਧ ਵਿੱਚ ਸਤਿਗੁਰੂ ਜੀ ਦਾ ਸ਼ੁੱਕਰਾਨਾ ਕਰਨ ਵਾਸਤੇ ਅਖੰਡ ਪਾਠ ਸਾਹਿਬ ਦੀ ਸੇਵਾ ਆਰੰਭ ਹੋਵੇਗੀ ਅਤੇ ਲੰਗਰ–ਦੇਗ ਦੀ ਸੇਵਾ ਵੀ ਪਰਿਵਾਰ ਵੱਲੋਂ ਹੈ ।

**12 ਜਨਵਰੀ 2013 ਦਿਨ ਸ਼ਨੀਵਾਰ–** ਲੋਹੜੀ ਦਾ ਸ਼ੁੱਭ ਤਿਉਹਾਰ ਹੈ। ਸ੍ਰ. ਹਰਿੰਦਰਜੀਤ ਸਿੰਘ ਮਾਨ ਪਰਿਵਾਰ ਵੱਲੋਂ ਆਪਣੇ ਪੋਤਰੇ ਦੀ ਪਹਿਲੀ ਲੋਹੜੀ ਦੇ ਸਬੰਧ ਵਿੱਚ ਗੁਰੂ ਜੀ ਦਾ ਸ਼ੁੱਕਰਾਨਾ ਕਰਦੇ ਹੋਏ ਗੁਰੂ ਘਰ ਵਿਖੇ ਦੇਗ–ਲੰਗਰ ਦੀ ਸੇਵਾ ਹੋਵੇਗੀ।

ਸ੍ਰ. ਮਹਿੰਦਰ ਸਿੰਘ ਧਨੋਆ ਵੱਲੋਂ ਲੋਹੜੀ ਦੀ ਖੁਸ਼ੀ ਵਿੱਚ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ ਹੋਵੇਗੀ ।

ਸ੍ਰ. ਸ਼ਿੰਗਾਰਾ ਸਿੰਘ ਦੇ ਪਰਿਵਾਰ ਵੱਲੋਂ ਆਪਣੇ ਪੋਤਰੇ ਦੀ ਲੋਹੜੀ ਦੇ ਸਬੰਧ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ ।

**13 ਜਨਵਰੀ 2013 ਦਿਨ ਐਤਵਾਰ –** ਮਾਘੀ ਦਾ ਸ਼ੁੱਭ ਦਿਹਾੜਾ। ਸ੍ਰ. ਪਲਵਿੰਦਰ ਸਿੰਘ ਬਾਹੀਆ ਪਰਿਵਾਰ ਵੱਲੋਂ ਰਖਵਾਏ ਗਏ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ। ਭੋਗ ਤੋਂ ਉਪਰੰਤ ਗਿਆਨੀ ਪ੍ਰਿਤਪਾਲ ਸਿੰਘ ਜੀ ਦਾ ਕੀਰਤਨੀ ਜਥਾ ਅਤੇ ਗਿਆਨੀ ਦਲੀਪ ਸਿੰਘ ਜੀ ਕਥਾਵਾਚਕ ਸੰਗਤਾਂ ਨੂੰ ਗੁਰਬਾਣੀ ਜਸ ਨਾਲ ਨਿਹਾਲ ਕਰਨਗੇ ।

**14 ਜਨਵਰੀ 2013 ਦਿਨ ਸੋਮਵਾਰ–**ਸ੍ਰ. ਹਰਜਿੰਦਰ ਸਿੰਘ ਪਰਿਵਾਰ ਵੱਲੋਂ ਸਾਰਾ ਦਿਨ ਸੁਖਮਨੀ ਸਾਹਿਬ ਦੇ ਪਾਠ ਦੇਗ ਦੀ ਸੇਵਾ ਹੋਵੇਗੀ।

**15 ਜਨਵਰੀ 2013 ਦਿਨ ਮੰਗਲਵਾਰ–** ਰੋਜਾਨਾ ਦੇ ਦੀਵਾਨ ਅਤੇ ਗੁਰੂ ਘਰ ਵੱਲੋਂ ਲੰਗਰਾਂ ਦੀ ਸੇਵਾ ਹੋਵੇਗੀ ।

**16 ਜਨਵਰੀ 2013 ਦਿਨ ਬੁੱਧਵਾਰ–** ਸ੍ਰ. ਕੇਵਲ ਸਿੰਘ ਪਰਿਵਾਰ ਵੱਲੋਂ ਗੁਰੂ ਘਰ ਵਿਖੇ ਸਾਰਾ ਦਿਨ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

**17 ਜਨਵਰੀ 2013 ਦਿਨ ਵੀਰਵਾਰ–** ਬੀਬੀਆਂ ਦੇ ਜਥੇ ਵੱਲੋਂ ਸ੍ਰੀ ਚੌਪਈ ਸਾਹਿਬ ਦੇ ਪਾਠ ਹੋਣਗੇ ।

**18 ਜਨਵਰੀ 2013 ਦਿਨ ਸ਼ੁੱਕਰਵਾਰ ਨੂੰ ਸਾਹਿਬੇ ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ–**

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਦੀ ਖੁਸ਼ੀ ਵਿੱਚ ਡਾ. ਕਰਤਾਰ ਲਾਲ ਵੱਲੋਂ ਅਖੰਡ ਪਾਠ ਸਾਹਿਬ ਆਰੰਭ ਹੋਣਗੇ। ਦੇਗ ਲੰਗਰ ਦੀ ਸੇਵਾ ਵੀ ਪਰਿਵਾਰ ਵੱਲੋਂ ਹੋਵੇਗੀ।

**19 ਜਨਵਰੀ 2013 ਦਿਨ ਸ਼ਨੀਵਾਰ–** ਸ੍ਰ. ਗੁਰਦੀਪ ਸਿੰਘ ਮਠਾੜੂ ਦੇ ਗ੍ਰਹਿ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ ।

**20 ਜਨਵਰੀ 2013 ਦਿਨ ਐਤਵਾਰ –** 1) ਗੁਰ ਸੰਗਤ ਆਫ ਪਾਕਿਸਤਾਨ ਅਤੇ ਡਾ. ਕਰਤਾਰ ਲਾਲ ਪਰਿਵਾਰ ਵੱਲੋਂ ਰੱਖੇ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ।

2) ਸ੍ਰ. ਹਰਮਨਦੀਪ ਸਿੰਘ ਗਰੇਵਾਲ ਪਰਿਵਾਰ ਵੱਲੋਂ ਸੁਖਮਨੀ ਦੇ ਪਾਠ ਅਤੇ ਦੇਗ ਲੰਗਰ ਦੀ ਸੇਵਾ ਹੋਵੇਗੀ ।

3) ਰਕੇਸ਼ ਕਰੀਰ ਤੇ ਗੁਰਮੀਤ ਕੌਰ ਕਰੀਰ ਵੱਲੋਂ ਆਪਣੇ ਪੁੱਤਰ ਅਨਿਲ ਕਰੀਰ ਦੇ 18ਵੇਂ ਜਨਮ ਦਿਨ ਦੀ ਖੁਸ਼ੀ ਵਿੱਚ ਇੱਕ ਸੁਖਮਨੀ ਸਾਹਿਬ ਦੇ ਪਾਠ ਹੋਣਗੇ ।

**ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਉਪਰ ਦਿੱਤੇ ਹੋਏ ਪ੍ਰੋਗਰਾਮਾਂ ਵਿੱਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ ।**

ਬੇਨਤੀ ਕਰਤਾ–ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਗੁਰੂ ਨਾਨਕ ਗੁਰਦੁਆਰਾ ਲੈਸਟਰ

**9 HOLY BONES, LEICESTER, LE1 4LJ. TEL: 0116 251 7460**

**ਸੰਗਤਾਂ ਦੇ ਦਾਸ :** ਪ੍ਰਧਾਨ–ਸ੍ਰ. ਅਜਮੇਰ ਸਿੰਘ ਬਸਰਾ 07855 310 806, ਸੈਕਟਰੀ–ਸ੍ਰ. ਗੁਰਦੀਪ ਸਿੰਘ 07748 551 530, ਸਟੇਜ ਸੈਕਟਰੀ–ਸ੍ਰ. ਅਮਰੀਕ ਸਿੰਘ ਗਿੱਲ 07960 349 641, ਖਜ਼ਾਨਚੀ–ਸ੍ਰ. ਜੋਗਿੰਦਰ ਸਿੰਘ 07438 480 713

ਦੇਗ ਤੇਗ ਫਤਹਿ ॥ ੴ ਵਾਹਿਗੁਰੂ ਜੀ ਕੀ ਫਤਹਿ ॥ ਪੰਥ ਕੀ ਜੀਤ ॥

ਜਬ ਆਇਸ ਪ੍ਰਭ ਕੋ ਭਇਓ ਜਨਮ ਧਰਾ ਜਗ ਆਇ ॥

# ਪੁੱਤਰਾਂ ਦੇ ਦਾਨੀ ਪੰਥ ਦੇ ਦਾਤੇ ਬਾਜਾਂ ਤਾਜਾਂ ਦੇ ਮਾਲਕ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਦੀਆਂ ਸਮੂਹ ਜਗਤ ਨੂੰ ਲੱਖ ਲੱਖ ਵਧਾਈਆਂ

## ਗੁਰੂ ਹਰਿਗੋਬਿੰਦ ਸਾਹਿਬ ਗੁਰਦੁਆਰਾ ਟਿਵੀਡੇਲ ਵਿਖੇ ਧਰਮ ਯੁੱਧ ਜਥਾ (ਦਮਦਮੀ ਟਕਸਾਲ) ਵੱਲੋਂ

## 18 ਜਨਵਰੀ ਸ਼ੁੱਕਰਵਾਰ ਸ਼ਾਮ ਅਤੇ 19 ਜਨਵਰੀ ਸ਼ਨਿਚਰਵਾਰ ਸ਼ਾਮ ਨੂੰ

# ਮਹਾਨ ਸਮਾਗਮ



ਗੁਰੂ ਪਿਆਰੇ ਖਾਲਸਾ ਜੀ ਮਰਦ ਅਗੰਮੜੇ ਸਾਹਿਬੇ ਕਮਾਲ ਦੀਨ ਦੁਨੀ ਦੇ ਮਾਲਕ ਖਾਲਸਾ ਪੰਥ ਦੇ ਸਿਰਜਨਹਾਰ ਦਸਵੇਂ ਨਾਨਕ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਤਵਾਰ ਦਿਹਾੜੇ ਨੂੰ ਮੁੱਖ ਰੱਖ ਕੇ 16 ਜਨਵਰੀ ਸ਼ਾਮ ਨੂੰ 5-30 ਵਜੇ ਜੁੱਗੋ ਜੁੱਗ ਅਟੱਲ ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤ, ਪ੍ਰਗਟ ਗੁਰਾਂ ਦੀ ਦੇਹ, ਧੁਰ ਕੀ ਬਾਣੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ, ਸਮੇਤ ਜਪੁ ਜੀ ਸਾਹਿਬ ਦੇ ਪ੍ਰਾਰੰਭ ਕੀਤੇ ਜਾਣਗੇ ਜਿਨ੍ਹਾਂ ਦੇ ਭੋਗ 18 ਜਨਵਰੀ, ਸ਼ੁੱਕਰਵਾਰ ਵਾਲੇ ਦਿਨ ਸ਼ਾਮ ਨੂੰ 5:30 ਵਜੇ ਪਾਏ ਜਾਣਗੇ ਉਪਰੰਤ ਦੀਵਾਨ ਸਜਾਏ ਜਾਣਗੇ ਜਿਸ ਵਿਚ ਕਥਾ ਕੀਰਤਨ ਤੇ ਕਵੀਸ਼ਰ ਢਾਡੀ ਹਰਿ ਜੱਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਅਗਲੇ ਦਿਨ 19 ਜਨਵਰੀ ਸ਼ਨਿਚਰਵਾਰ ਸ਼ਾਮ ਨੂੰ 5:30 ਵਜੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਰਚਨਾ ਸ੍ਰੀ ਦਸਮ ਗ੍ਰੰਥ ਦੇ ਸਹਿਜ ਪਾਠ ਦੇ ਭੋਗ ਪਾਏ ਜਾਣਗੇ । ਉਪਰੰਤ ਭਾਰੀ ਦੀਦਵਾਨ ਸਜਾਏ ਜਾਣਗੇ ਜਿਸ ਵਿੱਚ ਚੋਟੀ ਦੇ ਕਥਾਕਾਰ, ਕੀਰਤਨੀ ਜਥੇ ਰਾਗੀ, ਢਾਡੀ, ਕਵੀਸ਼ਰੀ ਜਥੇ ਅਤੇ ਪੰਥਕ ਬੁਲਾਰੇ ਪਤਵੰਤੇ ਸੱਜਣਾਂ ਪੰਥਕ ਜਥੇਬੰਦੀਆਂ ਸਭਾ ਸੁਸਾਇਟੀਆਂ ਸੰਪਰਦਾਵਾਂ ਆਦਿ ਨੂੰ ਸੱਦਾ ਦਿੱਤਾ ਗਿਆ ਹੈ। ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਮੇਂ ਸਿਰ ਪਹੁੰਚ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਤਵਾਰ ਧਾਰਨ ਦਾ ਮਨੋਰਥ ਕੀ ਸੀ, ਕਿਸ ਤਰ੍ਹਾਂ ਅਕਾਲ ਪੁਰਖ ਦਾ ਹੁਕਮ ਮੰਨ ਕੇ ਖਾਲਸਾ ਪੰਥ ਚਲਾਉਣ ਵਾਸਤੇ ਅਤੇ ਜ਼ਾਲਮਾਂ ਦੀਆਂ ਜੜ੍ਹਾਂ ਪੁੱਟਣ ਵਾਸਤੇ ਸੰਤਾਂ ਦੀ ਰਾਖੀ ਕਰਨ ਵਾਸਤੇ ਹੇਮਕੁੰਟ ਸਾਹਿਬ ਦੀ ਧਰਤੀ ਤੇ ਭਗਤੀ ਕਰਦਿਆਂ ਅਕਾਲ ਪੁਰਖ ਦੀ ਆਗਿਆ ਮੰਨ ਕੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਘਰ ਸਤਿਕਾਰਯੋਗ ਮਾਤਾ ਜੀ ਮਾਤਾ ਗੁੱਜਰ ਕੌਰ ਸਾਹਿਬ ਜੀ ਦੀ ਕੁੱਖ ਨੂੰ ਭਾਗ ਲਾਉਂਦਿਆਂ ਪਟਨੇ ਦੀ ਧਰਤੀ ਤੇ ਜਨਮ ਲਿਆ । ਇਹ ਸਾਰੀ ਕਥਾ ਵਿਚਾਰ ਪ੍ਰਚਾਰਕਾਂ ਪਾਸੋਂ ਸਰਵਣ ਕੀਤੀ ਜਾਵੇਗੀ । ਉਸ ਦਿਨ ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਬਾਜਾਂ ਵਾਲੇ ਗੁਰੂ ਜੀ ਦੀ ਹੱਥੀਂ ਚਲਾਈ ਦਮਦਮੀ ਟਕਸਾਲ ਦੇ 14ਵੇਂ ਮੁੱਖੀ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਜ਼ੁਬਾਨੀਂ ਕਥਾ ਪ੍ਰਚਾਰ ਦੀ ਟੇਪ ਸੰਗਤਾਂ ਨੂੰ ਦਿੱਤੀ ਜਾਵੇਗੀ ਜਿਸ ਵਿੱਚ ਮਨਮੁੱਖਾਂ-ਗੁਰੂ ਕੇ ਨਿੰਦਕਾਂ ਦੁਆਰਾ ਪਾਏ ਗਏ ਸ਼ੰਕੇ ਦੂਰ ਕੀਤੇ ਜਾਣਗੇ ।

ਜਿਸ ਵਿੱਚ ਸੰਤ ਜੀ ਦੱਸਦੇ ਹਨ ਕਿ ਦਸਮ ਦੀ ਬਾਣੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਕਿਥੇ ਕਿਥੇ ਉਚਾਰੀ ਹੈ ਅਤੇ ਕਿਥੇ ਕਥਾ ਕੀਤੀ ਹੈ । ਸੰਤ ਜੀ ਦੱਸਦੇ ਹਨ ਕਿ ਜਿਹੜਾ ਹੇਮਕੁੰਟ ਸਾਹਿਬ ਤੇ ਸ਼ੰਕਾ ਕਰਦਾ ਹੈ, ਦਸਮ ਗ੍ਰੰਥ ਦੀ ਰਚਨਾ ਤੇ ਸ਼ੰਕਾ ਕਰਦਾ ਹੈ, ਉਸ ਨੂੰ ਮੂਰਖ ਤੇ ਬੇ-ਸਮਝ ਸਮਝ ਲਵੋ । ਸੰਤ ਜਰਨੈਲ ਸਿੰਘ ਜੀ ਆਪ ਵੀ ਦਸਮ ਦੀ ਕਥਾ ਕਰਦੇ ਹਨ ਅਤੇ ਵਿਦਿਆਰਥੀਆਂ ਨੂੰ ਸੰਥਿਆ ਦਿੱਤੀ ਜਾਂਦੀ ਸੀ । ਅੱਜ ਤੱਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੁੱਗੋ-ਜੁੱਗ ਅਟੱਲ ਸ਼ਬਦਾ ਅਵਤਾਰ ਪ੍ਰਗਟ ਗੁਰਾਂ ਕੀ ਦੇਹ ਦੇ ਬਰਾਬਰ ਪ੍ਰਕਾਸ਼ ਕੀਤਾ ਜਾਂਦਾ ਹੈ । ਠੀਕ ਹੈ ਕਿ ਸਰਕਾਰ ਨੇ ਤਿੰਨਾਂ ਤਖ਼ਤਾਂ ਤੋਂ ਪ੍ਰਕਾਸ਼ ਬੰਦ ਕਰਵਾਇਆ ਹੈ ਅਤੇ ਹੁਣ ਅਸ਼ਲੀਲ ਬਾਣੀ ਆਖ ਕੇ ਸਿੱਖ ਕੌਮ ਵਿੱਚ ਸਰਕਾਰੀ ਏਜੰਟ ਸ਼ੰਕੇ ਖੜ੍ਹੇ ਕਰਨ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਹਨ ਪਰ ਇਹ ਕਾਮਯਾਬ ਨਹੀਂ ਹੋ ਸਕਦੇ । ਗੁਰੂ ਕੇ ਪ੍ਰੇਮੀ ਸਿੱਖ ਦਸਮ ਦੀ ਬਾਣੀ ਦਾ ਪੂਰਨ ਸਤਿਕਾਰ ਕਰਦੇ ਹਨ। ਪ੍ਰਕਾਸ਼ ਵੀ ਕਰਦੇ ਹਨ ਸ੍ਰੀ ਅਖੰਡ ਪਾਠ ਵੀ ਕਰਦੇ ਹਨ, ਸਹਿਜ ਪਾਠ ਵੀ ਕਰਦੇ ਹਨ। ਪਰ ਮਨਮੁੱਖ ਉਸ ਨੂੰ ਪੁਸਤਕ ਆਖ ਕੇ ਸ਼ੰਕੇ ਖੜ੍ਹੇ ਕਰਦੇ ਹਨ। ਜਪੁਜੀ ਸਾਹਿਬ ਦੀ ਪੋਥੀ ਨੂੰ ਵੀ ਪੁਸਤਕ ਆਖਦੇ ਹਨ। ਜ਼ਫ਼ਰਨਾਮੇ ਨੂੰ ਚਿੱਠੀ ਕਹਿੰਦੇ ਹਨ, ਬਾਣੀ ਨਹੀਂ ਮੰਨਦੇ। ਪੰਜਵੇਂ ਪਾਤਸ਼ਾਹ ਦੀ ਬਾਣੀ ਨੂੰ ਚਿੱਠੀਆਂ ਸਮਝ ਕੇ ਸ਼ੰਕਾ ਕਰਦੇ ਹਨ ਕਿ ਪੰਜਵੇਂ ਪਾਤਸ਼ਾਹ ਉਸ ਸਮੇਂ ਗੁਰਤਾ ਗੱਦੀ ਤੇ ਬਿਰਾਜਮਾਨ ਨਹੀਂ ਸਨ, ਇਸ ਕਰਕੇ ਉਹ ਬਾਣੀ ਨਹੀਂ ਮੰਨਦੇ।

ਮਨਮੁੱਖ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਨਹੀਂ ਮਨਾਉਂਦੇ ਕਿਉਂਕਿ ਉਹ ਜਨਮ ਤੋਂ ਗੁਰੂ ਨਹੀਂ ਮੰਨਦੇ। ਸਿਰਫ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਮੰਨ ਕੇ ਉਨ੍ਹਾਂ ਦਾ ਜਨਮ ਦਿਨ ਮਨਾਉਂਦੇ ਹਨ, ਬਾਕੀ ਗੁਰੂਆਂ ਨੂੰ ਇਹ ਕਹਿੰਦੇ ਹਨ ਕਿ ਉਹ ਜਨਮ ਤੋਂ ਗੁਰੂ ਨਹੀਂ ਸਨ। ਗੁਰੂ ਦੀਆਂ ਪ੍ਰੇਮੀ ਸੰਗਤਾਂ ਦਾ ਪ੍ਰਚਾਰ ਨਾਲ ਸ਼ੰਕਾ ਦੂਰ ਕੀਤਾ ਜਾ ਸਕਦਾ ਹੈ । ਪਰ 'ਮਨਮੁੱਖ ਲੋਹਾ ਸਾਧੀਐ ਵਗਦੀ ਵਾਦਾਣੀਂ' ਲੋਹਾ ਅਤੇ ਮਨਮੁਖਿ ਗੱਲਾਂ ਨਾਲ ਨਹੀਂ ਸੁਧਾਰੇ ਜਾਂਦੇ । ਸੰਗਤਾਂ ਇਨ੍ਹਾਂ ਨੂੰ ਪੁੱਛਣ ਕਿ ਤੁਸੀਂ ਦਸਵੇਂ ਪਾਤਸ਼ਾਹ ਦੀ ਕਿੰਨੀ ਬਾਣੀ ਮੰਨਦੇ ਹੋ ਅਤੇ ਉਸ ਦਾ ਸਤਿਕਾਰ ਕਿਵੇਂ ਕਰਦੇ ਹੋ । ਅੰਮ੍ਰਿਤ ਕੀਰਤਨ ਦੀ ਪੋਥੀ ਵਿੱਚ ਦਸਮ ਦੀ ਬਾਣੀ ਦਾ ਸਤਿਕਾਰ ਕਿਵੇਂ ਕਰਦੇ ਹੋ ? ਇਨ੍ਹਾਂ ਕੋਲ ਕੋਈ ਜੁਆਬ ਨਹੀਂ ਹੈ। ਸੋ ਸੰਗਤਾਂ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿੱਚ ਪਹੁੰਚ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ । ਭਾਈ ਗੁਰਦਾਸ ਸਾਹਿਬ ਜੀ ਦਾ ਫ਼ੁਰਮਾਨ ਹੈ :

'ਕੁਰਬਾਣੀ ਤਿਨਾਂ ਗੁਰ ਸਿਖਾਂ ਭਾਉ ਭਗਤ ਗੁਰਪੁਰਬ ਕਰੰਦੇ ।
ਮਨਮੁਖ ਉਲੂ ਦੋਖੀਆਂ ਸਤਸੰਗ ਨਾ ਭਾਵੇ ।'

## ਬੇਨਤੀ ਕਰਤਾ - ਧਰਮਯੁੱਧ ਜਥਾ (ਦਮਦਮੀ ਟਕਸਾਲ)

# GURDWARA SRI GURU HARGOBIND SAHIB JI

**Brittania Street, Tividale, B69 2PG. Tel: 0121 439 3496**


***For more information:*** **Jathedaar Charan Singh - (Mobile) 07956 121 802**

**ਪੰਜਾਬ ਟਾਈਮਜ਼ ਵਿਚ ਚਾਰ (4) ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ, 65 ਪੌਂਡ ਮੋਟੇ ਅੱਖਰਾਂ ਵਿੱਚ ਛਪਵਾਉਣ ਲਈ**



# MATRIMONIAL

**ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851**



**Matrimonial advert is only £60 for 4 weeks (£65 for Boxed)**
***NOTE: All replies should be sent in a stamped envelope and marked with the ref. No. in the top left hand corner.***
***Panjab Times, 21 Cotton Brook Rd, Derby, DE23 8YJ***

**Respectable Saini family seeks suitable match for their British born son, 33 years old, 5'9" tall, Doctor Bsc, MBBS, MRCP & working in Cardiology Research, based in London. He is honest, sincere, caring & ambitious young man. The girl should be from Saini / Jat or Panjabi Sikh family, British born, educated to similar level, around 5'4" tall attractive personality, Good family background. Searching for special someone who can make house a home, a person with family values, caring and loving, who can make future together shine with harmony and bliss. No visitors or divorcees please. Serious inquiries only. Please call: 07791 359210 or reply to ref. No. 906 (6924)**

**Respectable Saini family looking for a suitable match for their British born daughter, 25 years old, 5'4" tall, BSc IT, MA management. The boy should be from Saini family. No divorcees, Please reply email: saini1231@yahoo.com or ref. No. 609 (6922)**

**Respectable vegetarian Ramgahria family based in midlands seeks matrimonial match for their UK born degree holder Son. He is vegetarian, non smoker, turbaned, 30 years old, 5'11" tall, smart, fair complexion, educated to the BSc level and is working as a research analyst. He is understanding, lively and humorous personality, respect both cultures. The girl should be Ramgahria or Punjabi Sikh, British national, between age of 23 to 28 years, degree holder, attractive, homely, co-operative, vegetarian with good background not divorced or visitor. Please reply to ref. No. 889 (6920) or tel 07973 851012**

Respectable family seek match for their beautiful daughter, she is 30 years old, 5'1'' tall, Amritdhari, does Classical kirtan, she is a degree holder, BSC medical, MSC IT, B.ed. innocently divorced, she is living in Chandigarh, Parents are well settled in UK, The boy should be Gursikh. No correspondent from Bureau and dowry seekers requested. Please contact on 07578 178821 & 01922 612975 or reply to ref. No. 902 (6942)

Respectable Saini Sikh family seeks suitable match for their 28 years old boy, 5'11'' tall, clean shaven and handsome. He has got bachelor degree in engineering from India and masters in engineering management from UK university, He lives with his elder brother and now works for a reputable company as engineer. His elder brother well settled in UK. Ideal Partner should be well educated and from respectable family. Please contact on 07811 073843 or email: singh1_online@yahoo.com or reply to ref. 907 (6933)

# CHANGE OF NAME

Please one tick box

- ☐ £20 Publication in U.K. only
- ☐ £25 Publication in India only
- ☐ £40 Publication in U.K. & India

NOTE: Please allow 28 days for publication in India

I MR / MRS / MISS ______

SON / DAUGHTER / WIFE OF MR ______

WHOSE PERMANENT ADDRESS IN INDIA IS ______

______

AND IS NOW LIVING AT ______

______ HEREBY GIVE NOTICE OF MY INTENTION

TO CHANGE MY NAME TO ______

SUBJECT TO THE APPROVAL OF THE HIGH COMMISSION OF INDIA, LONDON.

Please complete the details above and send to:
**Change of Name, Punjab Times**
**21 Cotton Brook Rd, Derby DE23 8YJ**
**TO PAY BY CREDIT CARD TEL: 01332-372851**









Respectable sikh family (Jat/Khatri) seek a suitable match for their professional (UK born, graduate) and very smart turbaned son, 27 years old, 5'11" tall, moderate, sociable, respects both cultures, working for a reputable Pharmaceuticals company in a management capacity. We are looking for a suitably educated girl, from a good family background and with an attractive personality. Cast no bar. Please reply to Tel: 07790 941399, evenings and weekends or email: jpbs83@gmail.com or reply to ref no. 908 (6937)

Respectable Parjapat Sikh family, seeks match for their son, 29 years old, 5'9'' tall, very handsome, wear's turban, working in UK, looking for girl from respectable family back ground, aged between 22-35 years, Divorcees with children and student, can be considered, Please contact on 07931 081449 or 07506 510013, email: gurmits24@gmail.com or reply to ref No. 909 (6937)

**Respectable Saini Sikh family seek a suitable match for their British born 25 year old daughter. She is 5'4", holds a postgraduate degree and is currently working in the pharmaceutical industry. Ideal partner should be from a respectable Sikh family, well educated and in a professional job. Caste no bar. Please contact: 07977 936849 or email: hpjp123@yahoo.co.uk or reply to ref no. 910 (6938)**

**Respectable Saini family seeks suitable match for their British born daughter, 34 years old, Solicitor working in the Midlands. She has an attractive personality and a well-balanced individual. She is searching for a partner who is educated to a similar level but more importantly he is a kind, generous and a considerate person. Please contact via email: gurvinderkaur@hotmail.com or reply to ref no. 911 (6938)**

Respectable Sikh family looking for match for their beautiful daughter, she is 30 years old, in UK on student visa, working full time, the match should, British citizen, Punjabi Sikh boy, caste no bar, 30 - 37 years old, divorcee can also apply. Please contact on Mobile 07574 450276 or reply to Pt ref. No. 912 (2444)

**ਜੱਟ ਸਿੱਖ ਹੋਠੀ 36 ਸਾਲ ਕਲੀਨ ਸ਼ੇਵ 6 ਫੁੱਟ, ਸਰਵੇਅਰ, ਸਨੱਖਾ ਲੜਕਾ, ਸਪੇਨ ਪੱਕਾ ਵੈਲ ਸੈਟਲ ਫੈਮਿਲੀ ਲਈ ਐਨ ਆਰ ਆਈ ਯੂ ਕੇ, ਅਮਰੀਕਾ,ਕੈਨੇਡਾ, ਅਸਟ੍ਰੇਲੀਆ ਅਤੇ ਨਿਊਜੀਲੈਂਡ ਤਲਾਕਸ਼ੁਦਾ-ਬੱਚਾ ਜਾਂ ਬਿਨਾ ਬੱਚਾ ਸੁਸ਼ੀਲ ਲੜਕੀ ਦੀ ਲੋੜ ਹੈ।**
**ਸਪੰਰਕ- +91-98152 94461, 98145 94461, hothi.khalsa@yahoo.com**
or reply to Pt ref. No. 914 (6953)

## ਵਿਸ਼ੇਸ਼ ਲੇਖ

**ਦਰਬਾਰਾ ਸਿੰਘ ਕਾਹਲੋਂ**

# ਪਰਵਾਸੀ ਪੰਜਾਬੀ ਸੰਮੇਲਨ 'ਚੋਂ ਸਿੱਖ ਮਸਲੇ ਗਾਇਬ



ਦੋ ਰੋਜ਼ਾ ਪਰਵਾਸੀ ਪੰਜਾਬੀ ਸੰਮੇਲਨ ਮਹਿਜ਼ ਸਰਕਾਰੀ ਸ਼ੋਅ ਹੋ ਗੁਜ਼ਰਿਆ, ਜਿਸ 'ਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਮਾਲ ਤੇ ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਲੀਡਰਸ਼ਿਪ ਉਭਾਰਨ ਵੱਲ ਸਾਰਾ ਸਮਾਰੋਹ ਕੇਂਦਰਿਤ ਰਿਹਾ।

ਇਸ ਸੰਮੇਲਨ ਪ੍ਰਤੀ ਪਰਵਾਸੀ ਸਿੱਖ ਧਰਮ ਨਾਲ ਸੰਬੰਧਿਤ ਭਾਈਚਾਰੇ ਨੂੰ ਇਸ ਗੱਲ ਦਾ ਸਭ ਤੋਂ ਵੱਡਾ ਰੰਜ ਰਿਹਾ ਹੈ ਕਿ ਜਿਸ ਸਿੱਖ ਭਾਈਚਾਰੇ ਦੀ ਅਗਵਾਈ ਕਰਨ ਵਾਲੀ ਰਾਜਨੀਤਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਸੁਖਬੀਰ ਸਿੰਘ ਬਾਦਲ ਪ੍ਰਧਾਨ ਅਤੇ ਜਿਸ ਸਿੱਖ ਨੌਜਵਾਨਾਂ ਦੀ ਅਗਵਾਈ ਕਰਨ ਵਾਲੇ ਯੂਥ ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ ਪ੍ਰਧਾਨ ਹਨ ਅਤੇ ਜੋ ਸ਼੍ਰੋਮਣੀ ਅਕਾਲੀ ਦਲ ਪੰਜਾਬ ਅੰਦਰ ਗੱਠਜੋੜ ਸਰਕਾਰ ਦੀ ਅਗਵਾਈ ਕਰ ਰਿਹਾ ਹੈ, ਦੇ ਆਗੂਆਂ ਨੇ ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਦੇ ਧਾਰਮਿਕ, ਸਾਮਾਜਿਕ, ਸੱਭਿਆਚਾਰਕ ਤੇ ਭਾਈਚਾਰਕ ਮਾਮਲਿਆਂ ਦਾ ਕੋਈ ਜ਼ਿਕਰ ਨਹੀਂ ਕੀਤਾ, ਨਾ ਹੀ ਸਰਕਾਰੀ ਵਿਦੇਸ਼ੀ ਪ੍ਰਾਹੁਣਿਆਂ ਨੇ ਇਨ੍ਹਾਂ ਨੂੰ ਉਠਾਉਣ ਦੀ ਜ਼ਹਿਮਤ ਕੀਤੀ।

ਦਰਅਸਲ ਵਿਦੇਸ਼ਾਂ 'ਚ ਵੱਸਦੇ ਕਰੀਬ 39 ਲੱਖ ਸਿੱਖ ਬੜੀ ਸ਼ਿੱਦਤ ਨਾਲ ਇਹ ਗੱਲ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਧਾਰਮਿਕ, ਘੱਟ-ਗਿਣਤੀ ਤੇ ਨਸਲੀ ਵਿਤਕਰੇ ਸਬੰਧੀ ਮਸਲਿਆਂ ਦੇ ਹੱਲ ਪ੍ਰਤੀ ਪੰਜਾਬ ਅੰਦਰ ਸਿੱਖ ਭਾਰੂ ਰਾਜਨੀਤਕ ਲੀਡਰਸ਼ਿਪ ਕਦੇ ਵੀ ਸੰਜੀਦਾ ਨਹੀਂ ਰਹੀ।

ਜਿੱਥੋਂ ਤੱਕ ਸਿੱਖ ਧਾਰਮਿਕ ਆਗੂਆਂ ਦਾ ਸੁਆਲ ਹੈ, ਉਹ ਅਜੋਕੇ ਭੌਤਿਕਵਾਦੀ ਯੁੱਗ ਵਿਚ ਧਨ, ਅਹੁਦਿਆਂ, ਸ਼ੋਹਰਤਾਂ ਦੀ ਲਾਲਸਾ ਕਰਕੇ ਰਾਜਨੀਤਕ ਆਗੂਆਂ ਦੇ ਚਾਪਲੂਸ ਪਿੱਠੂ ਬਣ ਚੁੱਕੇ ਹਨ, ਜਿਸ ਸਿੱਖਾਂ ਦੀ ਸਿਰਮੌਰ ਧਾਰਮਿਕ ਸੰਸਥਾ, ਸ਼੍ਰੋਮਣੀ ਕਮੇਟੀ ਨੂੰ ਰਾਜਨੀਤੀ 'ਤੇ ਧਰਮ ਦਾ ਕੁੰਡਾ ਕਾਇਮ ਰੱਖਣ, ਸਿੱਖ ਸਿਧਾਂਤਾਂ ਅਤੇ ਮਰਿਆਦਾਵਾਂ ਨੂੰ ਲਗਾਤਾਰ ਪਰਪੱਕ ਰੱਖਣ, ਸਿੱਖ ਮਾਨਵੀ ਅਧਿਆਤਮਕ ਅਸੂਲਾਂ ਦਾ ਪ੍ਰਚਾਰ ਕੁੱਲ ਜਹਾਨ ਵਿਚ ਕਰਨ, ਸਿੱਖਾਂ ਦੀ ਪਹਿਚਾਣ ਵਿਸ਼ਵ ਦੇ ਕੋਨੇ-ਕੋਨੇ ਵਿਚ ਸਥਾਪਿਤ ਕਰਨ ਦੇ ਮੰਤਵ ਨਾਲ ਗਠਨ ਕੀਤਾ ਸੀ, ਉਹ ਸਿੱਖ ਰਾਜਨੀਤਕ ਆਗੂਆਂ ਦੀ ਗੋਲੀ ਬਣ ਕੇ ਰਹਿ ਗਈ ਹੈ। ਉਹ ਰਾਜਨੀਤੀ ਵਾਂਗ ਖੁਦ ਭ੍ਰਿਸ਼ਟਾਚਾਰ, ਧਾਰਮਿਕ ਸੱਤਾਵਾਦ, ਪਰਿਵਾਰਵਾਦ ਵੱਲ ਰੁਚਿਤ ਹੋ ਚੁੱਕੀ ਹੈ। ਇਹੀ ਹਾਲ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸਿੱਖ ਸੰਸਥਾਵਾਂ ਦਾ ਹੈ। ਵਿਦੇਸ਼ਾਂ ਅੰਦਰ ਸਿੱਖ ਸੈਂਕੜੇ ਸਾਲਾਂ ਤੋਂ ਵਸਣੇ ਸ਼ੁਰੂ ਹੋਏ। ਅਰਬ ਅਤੇ ਏਸ਼ੀਆਈ ਮੁਲਕਾਂ ਵਿਚ ਪਹਿਲੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਵਿਚਰਨੇ ਸ਼ੁਰੂ ਹੋਏ। ਫਿਰ ਉਨੀਵੀਂ ਅਤੇ ਵੀਹਵੀਂ ਸਦੀ ਵਿਚ ਅਫਰੀਕੀ, ਯੂਰਪੀ, ਅਮਰੀਕੀ ਦੇਸ਼ਾਂ ਵਿਚ ਵਸਣੇ ਸ਼ੁਰੂ ਹੋਏ। ਇਨ੍ਹਾਂ ਦੇਸ਼ਾਂ ਅੰਦਰ ਸਿੱਖ ਅਕਸਰ ਸਥਾਨਕ, ਸਿਆਸੀ ਤੇ ਨਸਲੀ ਫਿਰਕੂ ਲੋਕਾਂ ਦੀ ਤਸ਼ੱਦਦ ਅਤੇ ਨਸਲਕੁਸ਼ੀ ਦਾ ਸ਼ਿਕਾਰ ਹੁੰਦੇ ਰਹੇ। ਉਨ੍ਹਾਂ ਦੇ ਧਾਰਮਿਕ ਚਿੰਨ੍ਹ, ਬਾਣਾ ਤੇ ਕਿਰਤੀ ਸੁਭਾਅ ਵਿਦੇਸ਼ੀ ਬਹੁਗਿਣਤੀ ਨੂੰ ਅੱਖਰਦਾ ਰਿਹਾ। ਕਦੇ ਵੀ ਕਿਸੇ ਸਿੱਖ ਧਾਰਮਿਕ ਅਤੇ ਰਾਜਨੀਤਕ ਆਗੂ ਨੇ ਉਨ੍ਹਾਂ ਲਈ ਹਾਅ ਦਾ ਨਾਅਰਾ ਨਹੀਂ ਮਾਰਿਆ।

ਵੱਖ-ਵੱਖ ਦੇਸਾਂ ਅੰਦਰ ਸਿੱਖਾਂ ਦੇ ਬਾਣੇ ਅਤੇ ਧਾਰਮਿਕ ਚਿੰਨ੍ਹਾਂ ਨੂੰ ਲੈ ਕੇ ਰਾਜਕੀ ਤੌਰ 'ਤੇ ਵਿਰੋਧ ਜਾਰੀ ਹੈ। ਯੂਰਪੀ ਅਤੇ ਅਮਰੀਕੀ ਦੇਸ਼ ਜਿਨ੍ਹਾਂ ਦੇ ਲੋਕਤੰਤਰ, ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਮਨੁੱਖੀ ਬਰਾਬਰੀ ਦਾ ਲਬਾਦਾ ਪਹਿਨਿਆ ਹੋਇਆ ਹੈ, ਦੇ ਪ੍ਰਸ਼ਾਸਨਿਕ, ਪੁਲੀਸ ਅਤੇ ਸਥਾਨਕ ਅਧਿਕਾਰੀ ਸਿੱਖਾਂ ਤੇ ਹੋਰ ਘੱਟ-ਗਿਣਤੀਆਂ ਨਾਲ ਵਿਤਕਰਾ ਕਰਦੇ ਵੇਖੇ ਜਾਂਦੇ ਹਨ। ਭਾਵੇਂ ਇਨ੍ਹਾਂ ਦੇਸ਼ਾਂ ਅੰਦਰ ਸਿੱਖ ਫੌਜ, ਪੁਲੀਸ, ਅਦਾਲਤਾਂ ਤੇ ਸਿਵਲ ਖੇਤਰਾਂ 'ਚ ਉੱਚ ਅਫ਼ਸਰ ਤੇ ਜੱਜ ਬਣੇ ਹੋਏ ਹਨ। ਕਈ ਸ਼ਹਿਰਾਂ ਦੇ ਮੇਅਰ ਬਣੇ ਵੇਖੇ ਜਾਂਦੇ ਹਨ, ਪ੍ਰਤੀਨਿੱਧੀ ਸੰਸਥਾਵਾਂ ਦੇ ਮੈਂਬਰ ਬਣੇ ਵੇਖੇ ਜਾਂਦੇ ਹਨ, ਲੇਕਿਨ ਪ੍ਰਸ਼ਾਸਨ, ਕਾਰਜਪਾਲਿਕਾ, ਨਿਆਂਪਾਲਿਕਾ ਤੇ ਵਿਧਾਨ ਪਾਲਿਕਾ ਅੰਦਰ ਘੱਟ-ਗਿਣਤੀਆਂ ਨਾਲ ਧਾਰਮਿਕ, ਆਰਥਿਕ ਤੇ ਸਾਮਾਜਿਕ ਜਾਂ ਸੱਭਿਆਚਾਰਕ ਤੌਰ 'ਤੇ ਵਿਸ਼ੇਸ਼ ਧਾਰਮਿਕ ਭਾਈਚਾਰਿਆਂ ਦੀ ਰਾਖੀ ਦਾ ਵਿਧਾਨਿਕ ਅਤੇ ਕਾਨੂੰਨੀ ਪ੍ਰਬੰਧ ਨਾ ਹੋਣ ਕਰਕੇ ਜ਼ਿਆਦਤੀਆਂ ਜਾਰੀ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਜਾਂ ਹੋਰ ਧਾਰਮਿਕ ਅਤੇ ਰਾਜਨੀਤਕ ਸੰਸਥਾਵਾਂ ਨੇ ਕਦੀ ਕੌਮਾਂਤਰੀ ਪੱਧਰ 'ਤੇ ਸਮਾਰੋਹ ਆਯੋਜਿਤ ਕਰਕੇ, ਜਿਨ੍ਹਾਂ 'ਚ ਸਬੰਧਿਤ ਦੇਸ਼ਾਂ ਦੇ ਧਾਰਮਿਕ, ਰਾਜਨੀਤਕ, ਸਾਮਾਜਿਕ ਆਗੂਆਂ ਨੂੰ ਉਚੇਚੇ ਤੌਰ 'ਤੇ ਸ਼ਾਮਲ ਕਰਕੇ ਸਿੱਖ ਪ੍ਰਸ਼ਾਸਨਿਕ, ਨਿਆਂਇਕ, ਰਾਜਸੀ ਸ਼ਖ਼ਸੀਅਤਾਂ ਨੂੰ ਸਨਮਾਨਤ ਕਰਨ ਲਈ ਜ਼ਹਿਮਤ ਨਹੀਂ ਕੀਤੀ। ਅਜਿਹੇ ਸਮਾਰੋਹ ਕੌਮਾਂਤਰੀ ਪੱਧਰ 'ਤੇ ਸਿੱਖਾਂ ਦੀ ਪਹਿਚਾਨ ਅਤੇ ਪ੍ਰਤਿਭਾ ਦੇ ਡੰਕੇ ਦੇ ਪ੍ਰਚਾਰ ਲਈ ਵਿਸ਼ੇਸ਼ ਯੋਗਦਾਨ ਪਾ ਸਕਦੇ ਹਨ।

ਅਪਰਾਧੀ ਕਿਸਮ ਦੇ ਸਿੱਖਾਂ ਵਲੋਂ ਆਪਣੀਆਂ ਪੱਗਾਂ 'ਚ ਨਸ਼ੀਲੇ ਪਦਾਰਥ ਲੁਕਾ ਕੇ ਲਿਜਾਣ, ਗੁਰੂ ਗ੍ਰੰਥ ਸਾਹਿਬ ਦੇ ਪਾਵਨ ਪੱਤਰੇ ਕੱਟ ਕੇ ਵਿੱਚ ਨਸ਼ੀਲੇ ਪਦਾਰਥ ਪਾ ਕੇ ਇੱਧਰ-ਉਧਰ ਲਿਜਾਣ, ਅਪਰਾਧੀ-ਅੱਤਵਾਦੀ ਗਿਰੋਹਾਂ ਨਾਲ ਮੇਲ-ਜੋਲ ਰੱਖਣ ਜਿਹੇ ਸ਼ਰਮਨਾਕ ਕੇਸਾਂ ਨੇ ਸਿੱਖ ਭਾਈਚਾਰੇ ਦੀਆਂ ਉੱਚ ਕਦਰਾਂ-ਕੀਮਤਾਂ ਨੂੰ ਵੱਟਾ ਲਗਾਇਆ। ਵਿਦੇਸ਼ਾਂ ਤੇ ਖ਼ਾਸ ਕਰਕੇ ਹਵਾਈ ਅੱਡਿਆਂ ਅਤੇ ਖ਼ਾਸ ਸਮਾਗਮਾਂ 'ਚ ਬਰੀਕ ਛਾਣਬੀਣ 'ਚ ਵਾਧਾ ਕੀਤਾ।

ਅਮਰੀਕਾ ਦੇ ਵਿਸ਼ਵ ਥਾਣੇਦਾਰੀ ਕਾਰਨਾਮਿਆਂ ਕਰਕੇ 9/11 ਦੇ ਅਣਮਨੁੱਖੀ, ਘਾਤਕ ਹਮਲਿਆਂ ਬਾਅਦ ਮੁਸਲਮਾਨਾਂ ਦੇ ਨਾਲ-ਨਾਲ ਸਿੱਖਾਂ ਨੂੰ ਅਮਰੀਕਾ, ਬ੍ਰਿਟੇਨ ਅਤੇ ਹੋਰ ਦੇਸ਼ਾਂ ਵਿੱਚ ਨਸਲਕੁਸ਼ੀ, ਤਸ਼ੱਦਦ, ਬੇਇੱਜ਼ਤੀ, ਸ਼ਰਮ ਭਰੀ ਛਾਣ-ਬੀਣ ਦਾ ਨਿਸ਼ਾਨਾ ਬਣਾਇਆ ਜਾਣ ਲੱਗਾ। ਅੱਜ ਵੀ ਅਮਰੀਕਾ ਅੰਦਰ ਸ਼ਰਾਰਤੀ ਅਨਸਰਾਂ ਵੱਲੋਂ ਪਗੜੀਧਾਰੀ ਸਿੱਖਾਂ ਅਤੇ ਉਨ੍ਹਾਂ ਦੇ ਗੁਰਦੁਆਰਿਆਂ ਨੂੰ ਸ਼ਿਕਾਰ ਬਣਾਇਆ ਜਾਂਦਾ ਹੈ। ਉਚ ਸਿੱਖਿਆ ਲਈ ਗਏ ਵਿਦਿਆਰਥੀਆਂ ਦਾ ਸ਼ੋਸ਼ਣ ਹੋ ਰਿਹਾ ਹੈ। ਫਰਾਂਸ ਵਿਚ ਪੱਗੜੀ-ਕੇਸਕੀ, ਡੈਨਮਾਰਕ ਅੰਦਰ ਕੜੇ, ਅਰਬ ਅਤੇ ਪਾਕਿਸਤਾਨ ਅੰਦਰ ਸਿੱਖ ਬਾਣੇ ਦਾ ਤੇ ਇਵੇਂ ਕੁਝ ਹੋਰ ਯੂਰਪੀ ਦੇਸ਼ਾਂ ਅੰਦਰ ਵਿਰੋਧ ਜਾਰੀ ਹੈ।

ਸਿੱਖ ਭਾਈਚਾਰੇ ਨੂੰ ਕੌਮਾਂਤਰੀ ਪੱਧਰ 'ਤੇ ਆਪਣੀ ਵੱਖਰੀ ਅਤੇ ਨਿਵੇਕਲੀ ਪਛਾਣ ਦਾ ਅਹਿਸਾਸ ਕਰਾਉਣ, ਆਪਣੀ ਸੁਰੱਖਿਆ ਸੁਨਿਸ਼ਚਿਤ ਬਣਾਉਣ ਅਤੇ ਧਾਰਮਿਕ ਚਿੰਨ੍ਹਾਂ ਦੀ ਮਰਿਆਦਾ ਕਾਇਮ ਰੱਖਣ ਲਈ ਫ਼ਖ਼ਰ-ਏ-ਕੌਮ ਅਖਵਾਉਣ ਵਾਲਾ ਵਿਅਕਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣਨਾ ਚਾਹੀਦਾ ਹੈ, ਜੋ ਵਿਚਾਰਧਾਰਕ, ਪ੍ਰਸ਼ਾਸਨਿਕ ਤੇ ਅਧਿਆਤਮਿਕ ਤੌਰ 'ਤੇ ਪ੍ਰਪੱਕ ਹੋਵੇ। ਸ਼੍ਰੋਮਣੀ ਕਮੇਟੀ ਅੰਦਰ ਬਾਹਰਲੇ ਸਿੱਖਾਂ ਨੂੰ ਪ੍ਰਤੀਨਿਧਤਾ ਹਾਸਲ ਹੋਣੀ ਚਾਹੀਦੀ ਹੈ। ਵੱਖ-ਵੱਖ ਦੇਸ਼ਾਂ ਅਤੇ ਯੂਐਨਓ 'ਚ ਸਿੱਖ ਪਛਾਣ, ਮਾਣ-ਮਰਿਆਦਾ ਤੇ ਸੁਰੱਖਿਆ ਦਾ ਮਸਲਾ ਚੁੱਕਣ ਲਈ ਸ਼੍ਰੋਮਣੀ ਕਮੇਟੀ ਨੂੰ ਇੱਕ 'ਸੁਰੱਖਿਆ ਕੌਮਾਂਤਰੀ ਕਮੇਟੀ' ਬਣਾਉਣੀ ਚਾਹੀਦੀ ਹੈ, ਜਿਸ 'ਚ ਦੋ ਜਾਂ ਤਿੰਨ ਵਿਦੇਸ਼ੀ ਸਿੱਖ ਪ੍ਰਤੀਨਿੱਧ ਹੋਣ। ਇਹ ਹਰ ਦੇਸ ਨੂੰ ਵਿਧਾਨਕ ਤੌਰ 'ਤੇ ਸਿੱਖਾਂ ਦੀ ਰਾਖੀ ਦੇ ਪ੍ਰਬੰਧ ਨੂੰ ਸੁਨਿਸ਼ਚਿਤ ਬਣਾਉਣ ਲਈ ਤਾਲਮੇਲ ਕਰਨ।

ਮੀਡੀਆ, ਇਲੈਕਟ੍ਰਾਨਿਕ, ਇੰਟਰਨੈੱਟ ਤੇ ਹੋਰ ਆਧੁਨਿਕ ਸਾਧਨਾਂ ਰਾਹੀਂ ਸਿੱਖਾਂ ਦੀ ਨਿਵੇਕਲੀ ਪਛਾਣ ਨੂੰ ਕੌਮਾਂਤਰੀ ਪੱਧਰ 'ਤੇ ਪ੍ਰਚਾਰਨ ਤੇ ਪ੍ਰਸਾਰਨ ਲਈ ਵਰਤਿਆ ਜਾਵੇ। ਸਾਰੇ ਦੇਸ਼ਾਂ ਅੰਦਰ ਘੱਟ-ਗਿਣਤੀਆਂ ਦੀ ਰਾਖੀ ਯੂਐਨਓ ਚਾਰਟਰ ਰਾਹੀਂ ਸੁਨਿਸ਼ਚਿਤ ਬਣਾਈ ਜਾਵੇ।

ਦਰਅਸਲ ਅਜਿਹੇ ਸੰਜੀਦਾ ਮਸਲੇ ਵਿਚਾਰਨ ਬਗੈਰ ਪਰਵਾਸੀ ਪੰਜਾਬੀ ਸੰਮੇਲਨ ਕੋਈ ਮਹੱਤਵ ਨਹੀਂ ਰੱਖਦੇ। ਹਕੀਕਤ 'ਚ ਉਂਝ ਵੀ ਇਹ ਸੰਮੇਲਨ ਵਿਦੇਸ਼ੀ ਉਚ ਵਰਗ ਨਾਲ ਵੱਖ-ਵੱਖ ਖੇਤਰਾਂ 'ਚ ਜੁੜੇ ਪੰਜਾਬੀਆਂ ਤੇ ਪੰਜਾਬ ਸਰਕਾਰ ਦੇ ਕੁਝ ਇੱਕ ਮੰਤਰੀਆਂ ਨਾਲ ਸਬੰਧਿਤ ਸੀ। ਆਮ ਪੰਜਾਬੀ ਦੇਸ਼-ਵਿਦੇਸ਼ ਅਤੇ ਅਰਬ ਖਾੜੀ ਦੇਸ਼ਾਂ ਵਿੱਚੋਂ ਮਨਫੀ ਸੀ। 38 ਲੱਖ ਵਿਦੇਸ਼ੀ ਸਿੱਖਾਂ ਦੇ ਪ੍ਰਤੀਨਿਧ ਅਤੇ ਉਨ੍ਹਾਂ ਦੇ ਮਸਲੇ ਬਿਲਕੁਲ ਗਾਇਬ ਸਨ। ਜਿੰਨ੍ਹਾਂ ਚਿਰ ਉਨ੍ਹਾਂ ਨੂੰ ਤੇ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਪ੍ਰਤੀਨਿੱਧਾਂ ਨੂੰ ਅਜਿਹੇ ਸੰਮੇਲਨਾਂ ਨਾਲ ਨਹੀਂ ਜੋੜਿਆ ਜਾਂਦਾ, ਇਹ ਮੌਜ-ਮੇਲੇ ਤੋਂ ਵੱਧ ਕੁਝ ਨਹੀਂ ਅਖਵਾ ਸਕਦੇ।

# ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਕਾਨਫਰੰਸ

## ਸਮੂਹ ਅਜ਼ਾਦੀ ਪਸੰਦ ਜਥੇਬੰਦੀਆਂ ਨੇ ਅਜ਼ਾਦੀ ਲਈ ਆਖਰੀ ਦਮ ਤੱਕ ਜੂਝਣ ਦਾ ਅਹਿਦ ਦੁਹਰਾਇਆ

→ 28 ਸਫ਼ੇ ਦੀ ਬਾਕੀ

ਸ੍ਰ: ਜੋਗਾ ਸਿੰਘ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਪਿਛਲੇ ਸਾਲ ਦਾਸ ਨੇ ਇਸ ਸਟੇਜ ਤੋਂ ਉਸ ਤੋਂ ਪਹਿਲਾਂ ਦੇ ਕਾਰਜਾਂ ਦਾ ਵੇਰਵਾ ਦਿੰਦੇ ਹੋਏ ਕਿਹਾ ਸੀ ਕਿ ਅਸੀਂ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਦੇਖ ਭਾਲ ਅਤੇ ਉਨ੍ਹਾਂ ਦੀ ਰਿਹਾਈ ਲਈ ਯਤਨ ਕਰਦੇ ਹਾਂ। (ਲਿਸਟ ਨਾਲ ਹੈ) ਪੰਜਾਬ ਵਿੱਚ ਨਸ਼ਿਆਂ ਦਾ ਹੜ੍ਹ ਹੈ ਕੌਮ ਨੂੰ ਇਸ ਤੋਂ ਬਚਾ ਕੇ ਕੌਮੀ ਲਹਿਰ ਅਰੰਭਣ ਦੀ ਜ਼ਰੂਰਤ ਹੈ, ਤਾਂ ਜੋ ਜਥੇਬੰਦ ਹੋ ਕੇ ਖਾਲਿਸਤਾਨ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਿਆ ਜਾ ਸਕੇ। ਆਪਸੀ ਏਕਤਾ ਅਤੇ ਤਾਲਮੇਲ ਦੀ ਜ਼ਰੂਰਤ ਹੈ। ਇਸੇ ਲੜੀ ਤਹਿਤ ਜਥੇਦਾਰ ਰਾਮ ਸਿੰਘ ਨਾਲ ਏਕਤਾ ਕੀਤੀ ਗਈ ਹੈ। ਸਹਿਨਸ਼ੀਲਤਾ ਅਪਨਾ ਕੇ ਵਿਵਾਦਿਤ ਮਸਲਿਆਂ ਤੋਂ ਦੂਰ ਰਹਿਣ ਦੀ ਜ਼ਰੂਰਤ ਹੈ।

ਜਥੇਦਾਰ ਗੁਰਮੇਜ ਸਿੰਘ ਗਿੱਲ ਨੇ ਸਿੱਖ ਕੌਮ ਦੇ ਕੁਰਬਾਨੀਆਂ ਭਰੇ ਇਤਿਹਾਸ ਦਾ ਵਰਨਣ ਕਰਦੇ ਹੋਏ ਸੰਘਰਸ਼ ਨੂੰ ਅੰਦਰੋਂ ਲੱਗ ਰਹੀ ਢਾਹ ਦਾ ਜ਼ਿਕਰ ਕੀਤਾ। ਸਿੱਖਾਂ ਨੂੰ ਕਹਿਣੀ ਅਤੇ ਕਰਨੀ ਦੇ ਪੂਰੇ ਹੋ ਕੇ ਖਾਲਿਸਤਾਨ ਲਈ ਸੰਘਰਸ਼ ਕਰਨ ਦੀ ਅਪੀਲ ਕੀਤੀ। ਸੰਘਰਸ਼ ਦੌਰਾਨ ਜੂਝ ਕੇ ਸ਼ਹੀਦ ਹੋਏ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਸ੍ਰ: ਮਾਨ ਸਾਹਿਬ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਨਾਲ ਸਾਂਝ ਦਾ ਵਚਨ ਦੁਹਰਾਇਆ।

ਸ੍ਰ: ਅਮਰੀਕ ਸਿੰਘ ਸਹੋਤਾ ਓ ਬੀ ਈ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਕੌਮੀ ਅਜ਼ਾਦੀ ਦੇ ਸੰਘਰਸ਼ ਬਹੁਤ ਲੰਬੇ ਹੁੰਦੇ ਹਨ। ਖਾਲਿਸਤਾਨ ਦੀ ਮੰਗ ਅਤੇ ਲਹਿਰ ਹਿੰਦ ਸਰਕਾਰ ਦੀ ਅਕ੍ਰਿਤਘਣਤਾ ਅਤੇ ਸਟੇਟ ਟੈਰੋਰਿਜ਼ਮ ਤੋਂ ਉਤਪੰਨ ਹੋਈ ਜੂਨ 1984 ਦੇ ਘੱਲੂਘਾਰੇ ਤੋਂ ਬਾਅਦ 26 ਜਨਵਰੀ 86 ਨੂੰ ਸਰਬੱਤ ਖਾਲਸਾ ਸਮਾਗਮ ਨੇ ਖਾਲਿਸਤਾਨ ਦਾ ਮਤਾ ਪਾਸ ਕੀਤਾ। ਕੌਂਸਲ ਆਫ਼ ਖਾਲਿਸਤਾਨ ਇਸ ਦੇ ਦ੍ਰਿੜਤਾ ਨਾਲ ਪਹਿਰਾ ਦੇ ਰਹੀ ਹੈ।

ਸ੍ਰ: ਕੁਲਵੰਤ ਸਿੰਘ ਮੁਠੱਡਾ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸਾਹਿਬਜ਼ਾਦਿਆਂ ਅਤੇ ਸਮੂਹ ਸ਼ਹੀਦਾਂ ਤੋਂ ਸਬਕ ਲੈਣ ਦੀ ਜ਼ਰੂਰਤ ਹੈ ਕਿਉਂਕਿ ਜ਼ਬਰ ਜ਼ੁਲਮ ਅੱਜ ਵੀ ਨਿਰੰਤਰ ਜਾਰੀ ਹੈ। ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਲੋਂ ਅਰੰਭੇ ਸੰਘਰਸ਼ ਵਿੱਚ ਯੋਗਦਾਨ ਪਾਉਂਦਿਆਂ ਅਨੇਕਾਂ ਸ਼ਹੀਦੀਆਂ ਹੋਈਆਂ ਅਤੇ ਅਨੇਕਾਂ ਸਿੰਘ ਸਿੰਘਣੀਆਂ ਜੇਲ੍ਹਾਂ ਵਿੱਚ ਬੰਦ ਹਨ ਜੋ ਸਿੰਘ ਇਨ੍ਹਾਂ ਦੀ ਮਦਦ ਕਰ ਰਹੇ ਹਨ ਉਹ ਵਧਾਈ ਦੇ ਪਾਤਰ ਹਨ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਖਾਲਿਸਤਾਨ ਦੀ ਪ੍ਰਾਪਤੀ ਲਈ ਡੈਮੋਕ੍ਰੇਟਿਕ ਢੰਗ ਨਾਲ ਸੰਘਰਸ਼ ਕਰ ਰਿਹਾ ਹੈ। ਅਸੀਂ ਸਿੱਖ ਕੌਮ ਨੂੰ ਸਹਿਯੋਗ ਦੇਣ ਦੀ ਅਪੀਲ ਕਰਦੇ ਹਾਂ।

ਕੌਂਸਲਰ ਗੁਰਦਿਆਲ ਸਿੰਘ ਅਟਵਾਲ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸੰਘਰਸ਼ ਦੌਰਾਨ ਪ੍ਰਾਪਤੀਆਂ ਦੇ ਮੁਕਾਬਲੇ ਨੁਕਸਾਨ ਜ਼ਿਆਦਾ ਹੋਇਆ ਹੈ। ਏਕਤਾ ਦੀ ਗੱਲ ਕਰਦੇ ਹਾਂ ਪਰ ਅਮਲੀ ਤੌਰ 'ਤੇ ਈਸ਼ੂ ਬੇਸਡ ਏਕਤਾ ਨਹੀਂ ਹੁੰਦੀ। ਦੇਸ਼ ਵਿਦੇਸ਼ ਦਾ ਬਹੁਗਿਣਤੀ ਮੀਡੀਆ ਖਾਲਿਸਤਾਨੀ ਅਤੇ ਪੰਥ ਪ੍ਰਸਤ ਜਥੇਬੰਦੀਆਂ ਦੀਆਂ ਖ਼ਬਰਾਂ ਨੂੰ ਨਜ਼ਰਅੰਦਾਜ਼ ਕਰਦਾ ਹੈ। ਸਮੇਂ ਦੀਆਂ ਸਰਕਾਰਾਂ ਤੇ ਪੁਲੀਸ ਖਾਲਿਸਤਾਨ ਨੂੰ ਹਊਏ ਵਜੋਂ ਪੇਸ਼ ਕਰਕੇ ਸਰਕਾਰੀ ਦਹਿਸ਼ਤਵਾਦ ਨੂੰ ਜਾਰੀ ਰੱਖ ਰਹੇ ਹਨ।

ਇਸ ਤੋਂ ਇਲਾਵਾ ਸ੍ਰ: ਗੁਰਦੇਵ ਸਿੰਘ ਚੌਹਾਨ, ਸ੍ਰ: ਬਲਵਿੰਦਰ ਸਿੰਘ ਚਹੇੜੂ, ਸ੍ਰ: ਲਵਸ਼ਿੰਦਰ ਸਿੰਘ ਡੱਲੇਵਾਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਅੰਤ ਵਿੱਚ ਸ੍ਰ: ਅਮਰੀਕ ਸਿੰਘ ਸਹੋਤਾ ਓ ਬੀ ਈ ਨੇ ਮੀਤ ਪ੍ਰਧਾਨ ਵਜੋਂ ਪ੍ਰਬੰਧਕ ਕਮੇਟੀ ਦੀ ਤਰਫ਼ੋਂ ਸਮੂਹ ਜਥੇਬੰਦੀਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ।

# ਪਾਠਕਾਂ ਦੇ ਪੱਤਰ

To, Editor, Panjab Times
21 Cotton Brook Road,
Derby DE23 8YJ, U.K.

ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ । ਪਾਠਕ ਆਪਣੇ ਪੱਤਰ ਦੇ ਨਾਲ ਆਪਣਾ ਸਹੀ ਪਤਾ ਅਤੇ ਟੈਲੀਫ਼ੋਨ ਨੰਬਰ ਜ਼ਰੂਰ ਲਿਖ ਕੇ ਭੇਜਣ, ਅਜਿਹਾ ਨਾ ਹੋਣ ਦੀ ਸੂਰਤ ਵਿਚ ਅਸੀਂ ਉਹ ਪੱਤਰ ਛਾਪਣ ਤੋਂ ਅਸਮਰੱਥ ਹੋਵਾਂਗੇ ।

## ਉਠ ਜਾਗ ਘੁਰਾੜੇ ਮਾਰ ਨਹੀਂ.....

## ਸ਼੍ਰੋ: ਗੁ: ਪ੍ਰ: ਕਮੇਟੀ ਸਿੱਖ ਸਿਧਾਂਤਾਂ ਨੂੰ ਮਲੀਆਮੇਟ ਕਰਨ ਲੱਗੀ

ਸਤਿਕਾਰਯੋਗ ਸੰਪਾਦਕ ਜੀ,
ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

ਜਿਸ ਵੀ ਜਾਗਰੂਕ ਸਿੱਖ ਨੇ ਪੜ੍ਹਿਆ ਸੁਣਿਆ ਹੈ ਕਿ ਸ਼੍ਰੋਮਣੀ ਕਮੇਟੀ ਆਰ ਐਸ ਐਸ ਦੇ ਸੱਦੇ 'ਤੇ ਕੁੰਭ ਮੇਲੇ ਵਿੱਚ ਸ਼ਾਮਲ ਹੋ ਰਹੀ ਹੈ ਉਹ ਹੈਰਾਨ ਪ੍ਰੇਸ਼ਾਨ ਹੋ ਗਿਆ ਹੈ। ਖਬਰ ਹੈ ਕਿ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਦੇ ਕੁਝ ਮੈਂਬਰਾਂ ਨੇ ਜਦੋਂ ਇਸ 'ਤੇ ਕਿੰਤੂ ਕੀਤਾ ਤਾਂ ਮੱਕੜ ਨੇ ਡਰਾਵਾ ਦਿੱਤਾ ਕਿ ਇਹ ਹਾਈ ਕਮਾਨ ਵਲੋਂ ਹੁਕਮ ਹੈ, ਤਾਂ ਸਭ ਚੁੱਪ ਕਰ ਗਏ ਤੇ ਇਸ ਹੁਕਮ ਨੂੰ ਭਾਣਾ ਮੰਨ ਲਿਆ । ਭਰਾਵੋ ਤੇ ਭੈਣੋ ! ਜਦੋਂ ਅਕਾਲੀ ਦਲ ਦੇ ਮੁੱਖੀ ਕਹਿੰਦੇ ਹਨ ਕਿ ਸ਼੍ਰੋਮਣੀ ਕਮੇਟੀ ਖੁਦ ਮੁਖਤਿਆਰ ਸੰਸਥਾ ਹੈ, ਅਕਾਲੀ ਦਲ ਉਸ ਦੇ ਕੰਮ-ਕਾਰ ਵਿੱਚ ਕੋਈ ਦਖ਼ਲ ਨਹੀਂ ਦਿੰਦਾ ਤਾਂ ਕੀ ਤੁਸੀਂ ਇਸ ਘਟਨਾ ਦੀ ਰੋਸ਼ਨੀ ਵਿੱਚ ਇਸ ਗੱਲ ਨੂੰ ਸੱਚ ਮੰਨ ਸਕਦੇ ਹੋ ? ਸੋਚੋ ।

ਜਾਗਰੂਕ ਸਿੱਖ ਬਹੁਤ ਦੇਰ ਤੋਂ ਕੌਮ ਨੂੰ ਖ਼ਬਰਦਾਰ ਕਰਦੇ ਆ ਰਹੇ ਹਨ ਕਿ ਬਿਪਰ ਨੇ ਸਿੱਖਾਂ ਨੂੰ ਗੋਲੀਆਂ, ਤੋਪਾਂ, ਟੈਂਕਾਂ ਨਾਲ ਮਾਰ ਕੇ ਦੇਖ ਲਿਆ ਹੈ ਪਰ ਉਹ ਕਾਮਯਾਬ ਨਹੀਂ ਹੋ ਸਕਿਆ ਸੋ ਉਸ ਨੇ ਹੁਣ ਪੈਂਤੜਾ ਬਦਲ ਕੇ ਸਿੱਖ ਸਿਧਾਂਤਾਂ ਨੂੰ ਮਲੀਆਮੇਟ ਕਰਨ ਦਾ ਇਰਾਦਾ ਕਰ ਲਿਆ ਹੈ। ਇਸ ਕੰਮ ਲਈ ਉਸ ਨੂੰ ਅਕਾਲੀ-ਭਾਜਪਾ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਤੋਂ ਵਧੀਆ ਹੱਥ-ਠੋਕੇ ਹੋਰ ਕਿਹੜੇ ਮਿਲ ਸਕਦੇ ਹਨ ?

ਪੰਜਾਬ ਦੀ ਸਰਕਾਰ ਦਾ ਸਰਬਰਾਹ ਜਦੋਂ ਕਹਿੰਦਾ ਹੈ ਕਿ ਉਹ ਅਜੇ ਦਸ ਸਾਲ ਹੋਰ ਪੰਜਾਬ ਦੀ ਸੇਵਾ ਕਰਨੀ ਚਾਹੁੰਦਾ ਹੈ ਤਾਂ ਅਸਲ ਵਿੱਚ ਉਹ ਕਹਿਣਾ ਚਾਹੁੰਦਾ ਹੈ ਕਿ ਦਸਾਂ ਸਾਲਾਂ ਵਿੱਚ ਉਹ ਸਿੱਖੀ ਨੂੰ ਚੰਗੀ ਤਰ੍ਹਾਂ ਕਰਮ-ਕਾਂਡੀ ਖਾਰੇ ਸਮੁੰਦਰ ਵਿਚ ਸੁੱਟ ਦੇਵੇ-ਗਾ । ਇਹ ਉਸ ਦੀ ਦਸ ਸਾਲਾ ਪਲੈਨ ਹੈ। ਅਫ਼ਸੋਸ ਤਾਂ ਇਸ ਗੱਲ ਦਾ ਹੈ ਕਿ ਸਿੱਖ ਘੂਕ ਸੁੱਤੇ ਪਏ ਘੁਰਾੜੇ ਮਾਰ ਰਹੇ ਹਨ। ਸ਼੍ਰੋਮਣੀ ਕਮੇਟੀ ਵਿੱਚ ਤਾਂ ਪਹਿਲਾਂ ਹੀ ਆਰ ਐਸ ਐਸ ਘੁੱਸ ਪੈਠ ਕਰ ਚੁੱਕੀ ਹੈ। ਸ਼੍ਰੋਮਣੀ ਕਮੇਟੀ ਦੇ ਨੌਕਰ ਜਿਨ੍ਹਾਂ ਦੀ ਡਿਊਟੀ ਸਿੱਖ ਸਿਧਾਂਤ ਦੇ ਪ੍ਰਚਾਰ ਦੀ ਹੈ ਉਹ ਕਹਿ ਰਹੇ ਹਨ ਜੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਕੁੰਭ ਦੇ ਮੇਲੇ 'ਤੇ ਜਾਂਦੇ ਹਨ ਇਸ ਦਾ ਕੀ ਨੁਕਸਾਨ ਹੈ ? ਉਹ ਇਹ ਵੀ ਕਹਿੰਦੇ ਹਨ ਕਿ ਬਾਬਾ ਗੁਰੂ ਨਾਨਕ ਤੇ ਹੋਰ ਗੁਰੂ ਸਾਹਿਬਾਨ ਵੀ ਤੀਰਥਾਂ 'ਤੇ ਗਏ ਹੀ ਸਨ। ਦਾਸ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹੈ ਕਿ ਕੀ ਕੁੰਭ 'ਤੇ ਜਾਣ ਵਾਲੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਉੱਥੇ ਜਾ ਕੇ ਫੋਕਟ ਕਰਮ-ਕਾਂਡਾਂ ਨੂੰ ਚੁਣੌਤੀ ਦੇਣਗੇ ਤੇ ਸਿੱਖੀ ਦਾ ਪ੍ਰਚਾਰ ਕਰਨਗੇ ਜਿਵੇਂ ਗੁਰੂ ਸਾਹਿਬਾਨ ਨੇ ਕੀਤਾ ਸੀ ? ਇਹ ਕਦਾਚਿਤ ਅਜਿਹਾ ਨਹੀਂ ਕਰ ਸਕਣਗੇ ਕਿਉਂਕਿ ਇਹ ਗੁਲਾਮਾਂ ਦੇ ਵੀ ਗੁਲਾਮ ਹਨ । ਗੁਲਾਮ ਬੰਦੇ ਵਿੱਚ ਅਣਖ ਨਹੀਂ ਹੁੰਦੀ। ਯਾਦ ਹੈ ਪੂਰਨ ਸਿੰਘ ਨੇ ਕਿਹਾ ਸੀ ਕਿ ਸਿੱਖ ਲਵ-ਕੁਸ਼ ਦੀ ਔਲਾਦ ਹਨ ਤੇ ਇਸ ਗੈਰਤ ਤੋਂ ਹੀਣੇ ਬੰਦੇ ਨੇ ਮੱਧ ਪ੍ਰਦੇਸ਼ 'ਚ ਆਰ ਐਸ ਐਸ ਦੇ ਹੈੱਡ ਕੁਆਰਟਰ ਤੋਂ ਇਕ ਕੁੜਨਾਮਾ ਜਾਰੀ ਕੀਤਾ ਸੀ । ਕਿਸੇ ਨੇ ਅੱਜ ਤੱਕ ਉਸ ਨੂੰ ਪੁੱਛਿਆ ਹੈ ਕਿ ਉਹ ਆਰ ਐਸ ਐਸ ਦੇ ਹੈੱਡਕੁਆਰਟਰ 'ਚ ਕੀ ਕਰ ਕਰ ਰਿਹਾ ਸੀ ? ਯਾਦ ਰਹੇ ਕਿ ਆਰ ਐਸ ਐਸ ਵਲੋਂ ਛਾਪੀ ਗਈ ਇਕ ਲਿਸਟ ਵਿੱਚ ਇਸ ਦਾ ਨਾਮ ਵੀ ਸ਼ਾਮਲ ਹੈ।

ਆਉ ਹੁਣ ਦੇਖੀਏ ਕਿ ਆਰ ਐਸ ਐਸ ਸ਼੍ਰੋਮਣੀ ਕਮੇਟੀ ਨੂੰ ਕੁੰਭ ਮੇਲੇ 'ਚ ਸ਼ਾਮਲ ਹੋਣ ਲਈ ਸੱਦਾ ਪੱਤਰ ਕਿਉਂ ਭੇਜ ਰਹੀ ਹੈ ? ਉਨ੍ਹਾਂ ਨੂੰ ਪਤਾ ਹੈ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਨੁਮਾਇੰਦਾ ਸੰਸਥਾ ਹੈ ਜੇ ਉਸ ਨੂੰ ਬਿਪਰ ਦੇ ਖਾਰੇ ਸਮੁੰਦਰ ਵਿੱਚ ਸੁੱਟ ਲਿਆ ਜਾਵੇ ਤਾਂ ਸਮੁੱਚੀ ਕੌਮ ਨੂੰ ਸੁੱਟਣਾ ਉਨ੍ਹਾਂ ਲਈ ਬਹੁਤ ਆਸਾਨ ਹੋ ਜਾਵੇਗਾ । ਯਾਦ ਰਹੇ ਕਿ ਬਹੁਤ ਸਾਰੀ ਕਮੇਟੀ ਤਾਂ ਉਨ੍ਹਾਂ ਨੇ ਆਪਣੇ ਹੱਥਾਂ 'ਚ ਪਹਿਲਾਂ ਹੀ ਕੀਤੀ ਹੋਈ ਹੈ ਇਹ ਕੰਮ ਕਰਕੇ ਤਾਂ ਉਹ ਇਨ੍ਹਾਂ ਦਾ ਮੂੰਹ ਸਾਰੀ ਦੁਨੀਆਂ 'ਚ ਕਾਲਾ ਕਰਨਾ ਚਾਹੁੰਦੇ ਹਨ ।

ਆਰ ਐਸ ਐਸ ਨੂੰ ਹੁਣ ਬਹੁਤਾ ਡਰ ਭਾਰਤ ਤੋਂ ਬਾਹਰ ਵੱਸਦੇ ਸਿੱਖਾਂ ਤੋਂ ਹੈ। ਜਦੋਂ ਕਿਸੇ ਬਾਹਰਲੇ ਦੇਸ਼ ਦੀ ਸਰਕਾਰ ਸਿੱਖਾਂ ਵਾਸਤੇ ਦੋ ਸ਼ਬਦ ਪ੍ਰਸ਼ੰਸਾ ਦੇ ਕਹਿ ਦਿੰਦੀ ਹੈ ਉਸੇ ਵੇਲੇ ਬਿਪਰ ਦੇ ਢਿੱਡ ਵਿੱਚ ਕੜਵੱਲ ਪੈਣੇ ਸ਼ੁਰੂ ਹੋ ਜਾਂਦੇ ਹਨ । ਇਸ ਦੀ ਤਾਜ਼ਾ ਮਿਸਾਲ ਯੂ ਐਨ ਓ ਦਾ ਉਹ ਬਿਆਨ ਹੈ ਜਿਸ ਵਿੱਚ ਉਸ ਨੇ ਸਿੱਖਾਂ ਨੂੰ ਇਕ ਕੌਮ ਦੇ ਤੌਰ 'ਤੇ ਮਾਨਤਾ ਦੇ ਕੇ ਫਰਾਂਸ ਸਰਕਾਰ ਨੂੰ ਦਸਤਾਰ ਅਤੇ ਕਕਾਰਾਂ ਦੇ ਸਬੰਧ ਵਿੱਚ ਆਪਣਾ ਫੈਸਲਾ ਬਦਲਣ ਲਈ ਕਿਹਾ ਹੈ। ਭੈਣੋਂ ਤੇ ਭਰਾਵੋ ! ਕੀ ਤੁਸੀਂ ਸੋਚਦੇ ਹੋ ਕਿ ਆਰ ਐਸ ਐਸ ਵਾਲੇ ਖ਼ੁਸ਼ ਹੋਏ ਹੋਣਗੇ? ਹਰਗਿਜ਼ ਨਹੀਂ ਕਿਉਂਕਿ ਭਾਰਤ ਦਾ ਵਿਧਾਨ ਸਿੱਖਾਂ ਦੀ ਅਲੱਗ ਹਸਤੀ ਨੂੰ ਮਾਨਤਾ ਹੀ ਨਹੀਂ ਦਿੰਦਾ । ਬ੍ਰਾਹਮਣ ਨੇ ਘੱਟ ਗਿਣਤੀਆਂ, ਵਿਸ਼ੇਸ਼ ਕਰਕੇ ਸਿੱਖਾਂ ਨੂੰ ਕਦੀ ਵੀ ਮਾਨਤਾ ਨਹੀਂ ਦਿੱਤੀ । ਉਹ ਤਾਂ ਡੱਟ ਕੇ ਕਹਿੰਦੇ ਹਨ ਕਿ ਸਿੱਖ ਕੇਸਾਧਾਰੀ ਹਿੰਦੂ ਹੀ ਹਨ ਅਤੇ ਉਹ ਇਹੋ ਜਿਹਾ ਪ੍ਰਚਾਰ ਕਰਨ ਵਾਲੀਆਂ ਲੱਖਾਂ ਕਿਤਾਬਾਂ ਪੰਜਾਬ ਦੇ ਸਕੂਲਾਂ ਵਿੱਚ ਮੁਫ਼ਤ ਵੰਡ ਰਹੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਜੇ ਬੱਚਿਆਂ ਦੇ ਬਰੇਨ ਵਾਸ਼ ਕਰਨ ਦਿੱਤੇ ਜਾਣ ਤਾਂ ਉਨ੍ਹਾਂ ਦਾ ਕੰਮ ਬਹੁਤ ਆਸਾਨ ਹੋ ਜਾਵੇਗਾ । ਉਨ੍ਹਾਂ ਦੇ ਹੌਸਲੇ ਇਤਨੇ ਵਧੇ ਹੋਏ ਹਨ ਕਿ ਉਹ ਤਾਂ ਅਕਾਲੀਆਂ ਦੇ ਸਮਾਗਮਾਂ 'ਚ ਆ ਕੇ ਇਨ੍ਹਾਂ ਦੇ ਮੂੰਹ 'ਤੇ ਚਪੇੜਾਂ ਮਾਰ ਜਾਂਦੇ ਹਨ ਅਤੇ ਇਹ ਦੰਦੀਆਂ ਕੱਢਦੇ ਰਹਿੰਦੇ ਹਨ । ਯਾਦ ਹੈ ਫ਼ਤਹਿਗੜ੍ਹ ਸਾਹਿਬ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਇਹ ਲੋਕ ਕਿਹੜੇ ਨਾਮ ਨਾਲ ਯਾਦ ਕਰਦੇ ਸਨ । ਕੋਈ ਅਕਾਲੀ ਕੁਸਕਿ-ਆ ਸੀ ? ਹੋਰ ਗੁਲਾਮੀ ਕੀ ਹੁੰਦੀ ਹੈ ?

ਸ਼੍ਰੋਮਣੀ ਕਮੇਟੀ ਕੁੰਭ ਮੇਲੇ 'ਤੇ ਜਾਵੇਗੀ ਤੇ ਬਿਪਰ ਦੇ ਕਰਮ ਕਾਂਡ ਵਿੱਚ ਵਧ ਚੜ੍ਹ ਕੇ ਹਿੱਸਾ ਲਵੇਗੀ । ਇਨ੍ਹਾਂ ਦਾ ਇਕ ਸਰਗਣਾ ਤਾਂ ਉਨ੍ਹਾਂ ਨਾਂਗੇ ਸਾਧਾਂ ਵਿਚੋਂ ਹੀ ਹੈ, ਸਿਰਫ਼ ਸਾਨਾਮੱਤੀ ਸੰਸਥਾ ਨੂੰ ਗੁਲਾਮ ਬਣਾਈ ਰੱਖਣ ਲਈ ਹੀ ਸਿੱਖੀ ਸਰੂਪ ਵਿੱਚ ਵਿਚਰਦਾ ਹੈ। ਵੈਸੇ ਹਿੰਦੂ ਤੀਰਥਾਂ 'ਤੇ ਜਾਂਦਾ ਹੈ ਤੇ ਆਪਣੇ ਡੇਰੇ 'ਚ ਹਵਨ ਕਰਦਾ ਹੈ। ਇਹ ਵੀ ਪਤਾ ਲੱਗਿ-ਆ ਹੈ ਕਿ ਇਹ ਸਰਗਣਾ ਹੀ ਸਭ ਇੰਤਜ਼ਾਮ ਕਰ ਰਿਹਾ ਹੈ। ਤੇ ਨਾਲੇ ਉਹ ਸਿਰ 'ਤੇ ਚੁੰਨੀ ਲੈ ਕੇ ਮਈਆ ਦੇ ਦਰਬਾਰ 'ਚ ਨੱਚਣ ਤੇ ਗਾਉਣ ਵਾਲਾ ਦੇਵੀ ਭਗਤ ਸ਼੍ਰੋਮਣੀ ਕਮੇਟੀ ਮੈਂਬਰ ਵੀ ਪੇਸ਼ ਪੇਸ਼ ਹੈ।

ਸਾਰੇ ਦੇਸ਼ ਦਾ ਤੇ ਅੰਤਰ-ਰਾਸ਼ਟਰੀ ਮੀਡੀ-ਆ ਸਿੱਖਾਂ ਨੂੰ ਹਾਈਲਾਈਟ ਕਰੇਗਾ ਤੇ ਆਰ ਐਸ ਐਸ ਦਾ ਏਜੰਡਾ ਹੋਵੇਗਾ ਸਭ ਦਸਤਾਵੇਜ਼ੀ ਸਬੂਤ ਬਣਾ ਕੇ ਆਪਣੇ ਕੋਲ ਰੱਖਣੇ । ਜਦੋਂ ਕੋਈ ਜਾਗਰੂਕ ਸਿੱਖ ਸੰਸਥਾ ਕਹੇਗੀ ਕਿ ਸਿੱਖ ਹਿੰਦੂਆਂ ਨਾਲੋਂ ਅਲੱਗ ਹਨ ਤਾਂ ਉਹ ਇਨ੍ਹਾਂ ਸਬੂਤਾਂ ਨੂੰ ਦੁਨੀਆਂ ਦੇ ਸਾਹਮਣੇ ਰੱਖਣਗੇ ਕਿ ਦੇਖੋ ਸਿੱਖ ਹਿੰਦੂਆਂ ਵਾਲੇ ਕਰਮ-ਕਾਂਡ ਕਰਦੇ ਹਨ, ਇਹ ਅਲੱਗ ਕਿਵੇਂ ਹੋਏ । ਕੀ ਸਿੱਖਾਂ ਕੋਲ ਕੋਈ ਜਵਾਬ ਹੋਵੇਗਾ ? ਦੂਸਰੇ ਦੇਸ਼ਾਂ ਦੀਆਂ ਸਰਕਾਰਾਂ ਤੇ ਕੌਮਾਂਤਰੀ ਸੰਸਥਾਵਾਂ ਵੀ ਦਸਤਾਵੇਜ਼ੀ ਸਬੂਤਾਂ ਨੂੰ ਝੁਠਲਾ ਨਹੀਂ ਸਕਣਗੀਆਂ। ਹਰੇਕ ਜਗ੍ਹਾ ਸਿੱਖਾਂ ਦਾ ਅਲੱਗ ਕੌਮ ਦਾ ਕੇਸ ਕਮਜ਼ੋਰ ਪੈ ਜਾਵੇਗਾ । ਚਲਾਕ ਬਿਪਰ ਆਉਣ ਵਾਲੇ ਕਈ ਸੌ ਸਾਲਾਂ ਦੀਆਂ ਯੋਜਨਾਵਾਂ ਬਣਾ ਰਿਹਾ ਹੈ ਤੇ ਏਧਰ ਸਾਡੇ ਆਗੂ ਉਨ੍ਹਾਂ ਦੇ ਹੱਥਾਂ ਵਿੱਚ ਕਠਪੁਤਲੀਆਂ ਬਣ ਕੇ ਆਪਣੀ ਕੌਮ ਦੀਆਂ ਜੜ੍ਹਾਂ ਵਿੱਚ ਤੇਲ ਦੇ ਰਹੇ ਹਨ । ਸਿਰਫ਼ ਚੰਦ ਸਿੱਕਿਆਂ ਅਤੇ ਚਾਰ ਦਿਨਾਂ ਦੀ ਕੁਰਸੀ ਲਈ । ਇਨ੍ਹਾਂ ਨੂੰ ਸ਼ਾਇਦ ਕਬੀਰ ਸਾਹਿਬ ਦੇ ਉਹ ਬੋਲ ਯਾਦ ਨਹੀਂ :-

ਚਾਰਿ ਦਿਨ ਆਪਨੀ ਨਉਬਤਿ ਚਲੇ ਬਜਾਇ ॥
ਇਤਨਕੁ ਖਟੀਆ ਗਠੀਆ ਮਟੀਆ ਸੰਗਿ ਨਾ ਕਛੂ ਲੈ ਜਾਇ ॥1॥ ਰਹਾਉ ॥

ਖਾਲਸਾ ਜੀ ਉੱਠੋ, ਇਨ੍ਹਾਂ ਅਕਲ ਦੇ ਅੰਨ੍ਹਿਆਂ ਨੂੰ ਇਹ ਕੁਕਰਮ ਕਰਨ ਤੋਂ ਰੋਕੋ । ਭੁੱਲ ਚੁੱਕ ਦੀ ਖਿਮਾਂ

ਗੁਰੂ ਪੰਥ ਦਾ ਕੂਕਰ
ਬਲਵਿੰਦਰ ਸਿੰਘ (ਕਾਵੈਂਟਰੀ

## ਨਾਨਕ ਨਾਮ ਲੇਵਾ ਸੰਗਤਾਂ ਨੂੰ ਇਕੋ ਝੰਡੇ ਥੱਲੇ ਲਿਆਉਣ ਲਈ ਬਾਦਲ ਸਾਹਿਬ ਦਾ ਉਪਰਲਾ

ਜੇ ਮੈਂ ਗਲਤ ਨਾ ਹੋਵਾਂ ਤਾਂ ਮੇਰੇ ਖਿਆਲ ਵਿੱਚ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ, ਜੇ ਸਿਆਸਤ ਨੂੰ ਜ਼ਰਾ ਪਾਸੇ ਰੱਖ ਕੇ ਵੇਖੀਏ ਤਾਂ ਉਨ੍ਹਾਂ ਨੇ ਨਾਨਕ ਨਾਮ ਲੇਵਾ ਵਾਲਿਆਂ ਨੂੰ ਇਕ ਨਿਸ਼ਾਨ ਸਾਹਿਬ ਹੇਠਾਂ ਲਿਆਉਣ ਲਈ ਸ਼ਾਇਦ ਹਮੇਸ਼ਾਂ ਹੀ ਕੋਸ਼ਿਸ਼ ਕੀਤੀ ਹੈ ਅਤੇ ਹਾਲੇ ਵੀ ਕਰ ਰਹੇ ਹਨ।

ਬਾਦਲ ਸਾਹਿਬ ਦੀ ਫੋਟੋ ਜਵਾਨੀ ਵਿੱਚ ਮਾਸਟਰ ਤਾਰਾ ਸਿੰਘ ਜੀ ਨਾਲ ਮੈਂ ਵੇਖੀ ਸੀ ਤੇ ਲੱਗਦਾ ਹੈ ਕਿ ਸ਼ੁਰੂ ਤੋਂ ਹੀ ਅਕਾਲੀ ਦਲ ਵਿੱਚ ਕਦਮ ਰੱਖਿਆ ਤੇ ਹੁਣ ਤੱਕ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਵਿੱਚ ਕੌਮ ਨੂੰ ਜੋੜ ਰਹੇ ਹਨ ਤੇ ਨਾਨਕ ਨਾਮ ਲੇਵਾ ਵਾਲਿਆਂ ਨੂੰ ਕਿਸੇ ਵੀ ਮਜ਼ਹਬ ਤੇ ਧਰਮ ਦਾ ਹੋਵੇ, ਸਾਰਿਆਂ ਨੂੰ ਹੀ ਤੇ ਭਾਵੇਂ ਕੋਈ ਸਿੱਖ ਧਰਮ ਵਿੱਚੋਂ ਵੀ ਵੱਖ ਫਿਰਕੇ ਬਣਾ ਚੁੱਕੇ ਹਨ ਜਾਂ ਅਕਾਲ ਤਖ਼ਤ ਸਾਹਿਬ ਤੋਂ ਦੂਰ ਹੋ ਚੁੱਕੇ ਹਨ । ਉਨ੍ਹਾਂ ਨੂੰ ਵੀ ਆਪਣੀ ਸਿਆਣਪ ਨਾਲ ਮੁੱਖ ਧਾਰਾ ਵਿੱਚ ਲਿਆ ਰਹੇ ਹਨ । ਇਹ ਇਨ੍ਹਾਂ ਦਾ ਉਪਰਾਲਾ ਕੋਸ਼ਿਸ਼ ਬਹੁਤ ਹੀ ਸ਼ਲਾਘਾਯੋਗ ਹੈ।

ਜਦੋਂ ਯੋਗੀ ਹਰਭਜਨ ਸਿੰਘ ਜੀ ਅਮਰੀਕਾ ਜਾ ਕੇ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ਥੱਲੇ ਗੋਰੇ ਸਿੰਘ ਤੇ ਸਿੰਘਣੀਆਂ ਬਨਾਉਣੇ ਸ਼ੁਰੂ ਕੀਤੇ ਤਾਂ ਸ਼ਾਇਦ ਸਿੱਖ ਪੰਥ ਨੂੰ ਚੰਗਾ ਨਾ ਲੱਗਾ ਤਾਂ ਉਨ੍ਹਾਂ ਨੂੰ ਦੂਰ ਕਰ ਦਿੱਤਾ ਗਿਆ। ਹਜ਼ਾਰਾਂ ਹੀ ਉਨ੍ਹਾਂ ਨੇ ਸਿੰਘ ਜਾਂ ਸਿੱਖ ਬਣਾ ਕੇ ਸਿੱਖੀ ਵਿੱਚ ਵਾਧਾ ਕੀਤਾ । ਜਥੇ ਲਿਜਾ ਕੇ ਭਾਰਤ ਦੇ ਗੁਰਧਾਮਾਂ ਤੇ ਇਤਿਹਾਸਕ ਗੁਰਦੁਆਰੇ ਸਾਹਿਬ ਦੇ ਉਨ੍ਹਾਂ ਨੂੰ ਦਰਸ਼ਨ ਕਰਵਾਏ । ਬਾਦਲ ਸਾਹਿਬ ਨੇ ਉਨ੍ਹਾਂ ਨੂੰ ਪੰਜਾਬ ਬੁਲਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਭਾਈ ਸਾਹਿਬ ਦੀ ਉਪਾਧੀ ਤੇ ਸਿਰੋਪਾਓ ਦਿਵਾ ਕੇ ਇਕ ਨਿਸ਼ਾਨ ਸਾਹਿਬ ਦੇ ਹੇਠਾਂ ਲਿਆ ਕੇ ਸਾਰੇ ਅਮਰੀਕਨ ਸਿੰਘਾਂ ਤੇ ਸਿੰਘਣੀਆਂ ਨੂੰ ਖ਼ੁਸ਼ ਕਰ ਦਿੱਤਾ।

ਸਿੱਖ ਧਰਮ ਵਿੱਚੋਂ ਇਕ ਫਿਰਕਾ ਨੀਲਧਾਰੀ ਬਣਿਆ ਹੋਇਆ ਸੀ । ਕਾਫੀ ਨੀਲਧਾਰੀਆਂ ਦੇ ਰਸਮੋ-ਰਿਵਾਜ਼ ਤੇ ਮਰਿਆਦਾਵਾਂ ਵੱਖ-ਵੱਖ ਸਨ ਤੇ ਵਿਆਹ ਸ਼ਾਦੀਆਂ ਵੀ ਆਪਣੇ ਹੀ ਇਸੇ ਫਿਰਕੇ ਵਿੱਚ ਹੀ ਕਰਵਾਉਂਦੇ ਸਨ । ਉਨ੍ਹਾਂ ਦੇ ਮੁੱਖੀ ਨੂੰ ਪ੍ਰੇਰ ਕੇ ਅਕਾਲ ਤਖ਼ਤ ਸਾਹਿਬ ਤੇ ਬੁਲਾ ਕੇ ਉਨ੍ਹਾਂ ਐਲਾਨ ਕੀਤਾ ਕਿ ਸਿੱਖੀ ਵਿੱਚ ਸ਼ਾਮਲ ਹੋ ਗਏ ਹਨ ।

ਜਦੋਂ ਪਿਛੇ ਜਹੇ ਹੀ ਰਾਧਾ ਸਵਾਮੀਆਂ ਨੇ ਵੜੈਚ ਵਿਚ ਗੁਰਦੁਆਰੇ ਨੂੰ ਢਾਹ ਦਿੱਤਾ ਸੀ ਤੇ ਸਿੱਖਾਂ ਵਿੱਚ ਤੇ ਰਾਧਾ ਸੁਆਮੀਆਂ ਵਿੱਚ ਝਗੜਾ ਹੋ ਗਿਆ ਸੀ, ਉਸ ਵਿੱਚ ਵੀ ਬਾਦਲ ਸਾਹਿਬ ਨੇ ਕੁਝ ਉਨ੍ਹਾਂ ਦੀਆਂ ਗੱਲਾਂ ਅੰਦਰ ਖਾਤੇ ਮਨ ਕੇ ਤੇ ਗੁਰਦੁਆਰਾ ਸਾਹਿਬ ਨੂੰ ਰਾਧਾ ਸਵਾਮੀਆਂ ਵੱਲੋਂ ਬਨਵਾਉਣਾ, ਪੰਥਕ ਜਥੇਬੰਦੀਆਂ ਰਾਹੀਂ ਗੱਲਬਾਤ ਕਰਵਾ ਕੇ ਅਤੇ ਡੇਰਾ ਮੁੱਖੀ ਬਾਬਾ ਗੁਰਿੰਦਰ ਸਿੰਘ ਜੀ ਢਿੱਲੋਂ ਹੁਰਾਂ ਵੀ ਇਮਾਨਦਾਰੀ ਤੇ ਪੰਥ ਨੇ ਵੱਡੀ ਭੂਮਿਕਾ ਨਿਭਾਈ ਹੈ। ਕਈ ਮੀਟਿੰਗਾਂ ਪਿੱਛੋਂ ਸ਼ਾਂਤੀ ਪੂਰਵਕ ਸਫਲਤਾ ਪ੍ਰਾਪਤ ਹੋਈ ਹੈ। ਹੋ ਸਕਦਾ ਹੈ ਅੱਗੋਂ ਜੇ ਸਿਰਸਾ ਵਾਲਾ ਮੁੱਖੀ ਰਾਮ ਰਹੀਮ ਬਾਬਾ ਵੀ ਚਾਹੇ ਤਾਂ ਸਾਰਾ ਮਸਲਾ ਸ਼ਾਂਤੀ ਮਈ ਇਸੇ ਤਰ੍ਹਾਂ ਹੱਲ ਹੋ ਸਕਦਾ ਹੈ। ਆਸ ਹੈ ਬਾਦਲ ਸਾਹਿਬ ਇਸ ਪਾਸੇ ਵੀ ਕੋਸ਼ਿਸ਼ ਕਰਨਗੇ ।

ਪਿਛੇ ਜਹੇ ਨਾਮਧਾਰੀ ਸਿੱਖ ਸੰਗਤ ਦੇ ਗੁਰੂ ਚਲਾਣਾ ਕਰ ਗਏ ਸਨ। ਬਾਦਲ ਸਾਹਿਬ ਨੇ ਭੋਗ ਆਦਿ ਪੈਣ ਵੇਲੇ ਕਾਫੀ ਪ੍ਰਭਾਵਸ਼ਾਲੀ ਰੋਲ ਅਦਾ ਕੀਤਾ ਹੈ। ਲੱਗਦਾ ਹੈ ਕਿ ਨਾਮਧਾਰੀ ਜੋ ਨਾਨਕ ਨਾਮ ਲੇਵਾ ਹਨ ਉਹ ਵੀ ਨੇੜੇ ਹੋ ਜਾਣਗੇ । ਪਹਿਲੇ ਵੀ ਕੂਕਾ ਸ਼ਹੀਦੀ ਸਮਾਰਕ ਲੁਧਿਆਣੇ ਤੇ ਲੁਧਿਆਣੇ ਤੋਂ ਚੰਡੀਗੜ੍ਹ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਤੇ ਰੱਖ ਚੁੱਕੇ ਹਨ। ਬਾਬਾ ਰਾਮ ਸਿੰਘ ਜੀ ਤਾਂ ਪੂਰੇ ਗੁਰਸਿੱਖ ਤੇ ਅੰਮ੍ਰਿਤਧਾਰੀ ਸਨ ਤੇ ਬੇਅੰਤ ਸਿੱਖ ਗੁਰੂ ਦੇ ਲੜ ਲਾਏ ਸਨ ।



-ਸ਼ਮਸ਼ੇਰ ਸਿੰਘ ਪਾਲ ਲੰਡਨ ।


## ਦੀਵਾਨ ਟੋਡਰ ਮੱਲ ਦੀ ਤਸਵੀਰ ਸਿੱਖ ਅਜਾਇਬਘਰ 'ਚ ਲੱਗੇਗੀ

ਚੰਡੀਗੜ੍ਹ-ਜਥੇ: ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਹੇਠ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਗੁਰਦੁਆਰਾ ਕਲਗੀਧਰ ਨਿਵਾਸ ਸੈਕਟਰ-27 ਚੰਡੀਗੜ੍ਹ ਵਿੱਚ ਹੋਈ। ਜਥੇ: ਅਵਤਾਰ ਸਿੰਘ ਨੇ ਮੀਟਿੰਗ ਦਾ ਵੇਰਵਾ ਦੱਸਦਿਆਂ ਕਿਹਾ ਕਿ ਗੁਰੂ ਘਰ ਦੇ ਪਰਮ ਸੇਵਕ ਦੀਵਾਨ ਟੋਡਰ ਮੱਲ ਦੀ ਤਸਵੀਰ ਹਰਿਮੰਦਰ ਸਾਹਿਬ ਦੇ ਕੇਂਦਰੀ ਸਿੱਖ ਅਜਾਇਬ-ਘਰ ਵਿੱਚ ਲਗਾਏ ਜਾਣ ਦਾ ਅਹਿਮ ਫੈਸਲਾ ਕੀਤਾ ਗਿਆ। ਇਸੇ ਤਰ੍ਹਾਂ ਦਮਦਮੀ ਟਕਸਾਲ ਦੇ 13ਵੇਂ ਮੁਖੀ ਸੰਤ ਕਰਤਾਰ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਧਰਮ ਸੁਪਤਨੀ ਬੀਬੀ ਨਿਰੰਜਣ ਕੌਰ, ਗੁਰਦਾਸਪੁਰ ਵਿਖੇ ਪੁਲਿਸ ਦੀ ਗੋਲੀ ਨਾਲ



ਸ਼ਹੀਦ ਹੋਣ ਵਾਲੇ ਭਾਈ ਜਸਪਾਲ ਸਿੰਘ ਤੇ ਸਿੱਖ ਕੌਮ ਪ੍ਰਤੀ ਢਾਡੀ ਵਾਰਾਂ ਰਾਹੀਂ ਪ੍ਰਚਾਰ ਕਰਨ ਵਾਲੇ ਭਾਈ ਬਲਵੰਤ ਸਿੰਘ ਪ੍ਰਚਾਰਕ ਦੀਆਂ ਤਸਵੀਰਾਂ ਵੀ ਕੇਂਦਰੀ ਸਿੱਖ ਅਜਾਇਬ-ਘਰ ਵਿੱਚ ਲਗਾਏ ਜਾਣ ਨੂੰ ਪ੍ਰਵਾਨਗੀ ਦਿੱਤੀ ਗਈ।

# ਹਾਸਿਆਂ ਅਤੇ ਮਨੋਰੰਜਨ ਭਰਪੂਰ ਨਵੀਂ ਪੰਜਾਬੀ ਫਿਲਮ 'ਤੂੰ ਮੇਰਾ ਬਾਈ ਮੈਂ ਤੇਰਾ ਬਾਈ' ਇੰਗਲੈਂਡ ਭਰ ਦੇ ਸਿਨੇਮਾ ਘਰਾਂ ਵਿੱਚ 25 ਜਨਵਰੀ 2013 ਨੂੰ ਰਿਲੀਜ਼ ਹੋਣ ਜਾ ਰਹੀ ਹੈ



# 'ਕੁੰਭ ਨਹਾਉਣ ਚੱਲੇ ਅਕਾਲੀ ਲੀਡਰ, ਜਨੇਊ ਵੀ ਪਵਾ ਆਉਣ'

ਪੰਥਕ ਹਲਕਿਆਂ ਵਿੱਚ ਇਸ ਗੱਲ ਨੂੰ ਲੈ ਕੇ ਬੜਾ ਰੋਸ ਹੈ ਕਿ ਭਾਰੀ ਕੁਰਬਾਨੀਆਂ ਨਾਲ 88 ਵਰੇ ਪਹਿਲਾਂ ਹੋਂਦ ਵਿੱਚ ਆਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਵਾਰ, ਆਪਣੇ ਇਤਿਹਾਸ ਵਿੱਚ ਪਹਿਲੀ ਵਾਰ, 14 ਜਨਵਰੀ ਨੂੰ ਪ੍ਰਯਾਗ (ਇਲਾਹਾਬਾਦ) ਵਿੱਚ ਸ਼ੁਰੂ ਹੋਏ, ਹਿੰਦੂ ਧਾਰਮਿਕ ਉਤਸਵ ਕੁੰਭ ਮੇਲੇ ਵਿੱਚ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਹੈ। ਸ਼੍ਰੋਮਣੀ ਕਮੇਟੀ ਵਲੋਂ ਇਸ ਸਬੰਧੀ ਲਏ ਗਏ ਫੈਸਲੇ ਨੂੰ ਸਭ ਤੋਂ ਪਹਿਲਾਂ, ਮੋਹਾਲੀ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ, ਭਾਈ ਹਰਦੀਪ ਸਿੰਘ ਨੇ ਮੀਡੀਏ ਵਿੱਚ ਲਿਆਂਦਾ। ਅੰਦਰੂਨੀ ਖਬਰਾਂ ਅਨੁਸਾਰ ਸ਼੍ਰੋਮਣੀ ਕਮੇਟੀ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਜਦੋਂ ਇਸ ਸਬੰਧੀ ਮਤਾ ਲਿਆਂਦਾ ਗਿਆ ਤਾਂ ਤਿੰਨ ਮੈਂਬਰਾਂ ਨੇ ਇਸ ਦਾ ਪੁਰਜ਼ੋਰ ਵਿਰੋਧ ਕੀਤਾ। ਪਰ ਇਸ ਦੇ ਬਾਵਜੂਦ, ਰਬੜ ਦੀ ਮੋਹਰ, ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਇਸ ਸਬੰਧੀ ਦਿੱਤੇ ਗਏ ਬਾਦਲ-ਆਦੇਸ਼ ਨੂੰ ਇਲਾਹੀ ਹੁਕਮ ਮੰਨ ਕੇ ਲਾਗੂ ਕਰਵਾਇਆ।

ਕੁਝ ਸਮਾਂ ਪਹਿਲਾਂ ਮੀਡੀਏ ਵਿੱਚ ਖਬਰਾਂ ਆਈਆਂ ਸਨ ਕਿ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਆਰ. ਐਸ. ਐਸ. ਦੇ ਪ੍ਰਮੁੱਖ ਆਗੂਆਂ (ਅਸ਼ੋਕ ਸਿੰਘਲ, ਪ੍ਰਵੀਨ ਤੋਗੜੀਆ, ਮੋਹਨ ਭਾਗਵਤ ਆਦਿ) ਨੇ, ਅਕਾਲੀ ਲੀਡਰਾਂ ਨੂੰ ਨਿੱਜੀ ਤੌਰ 'ਤੇ ਮਿਲ ਕੇ ਬੇਨਤੀ ਕੀਤੀ ਹੈ ਕਿ ਉਹ ਮਹਾਂ-ਕੁੰਭ ਮੇਲੇ ਵਿੱਚ ਜ਼ਰੂਰ ਸ਼ਮੂਲੀਅਤ ਕਰਨ। ਉਦੋਂ ਤੋਂ ਹੀ ਪੰਥਪ੍ਰਸਤ ਸਿੱਖਾਂ ਨੂੰ ਇਹ ਖਦਸ਼ਾ ਸੀ ਕਿ ਅਕਾਲੀ ਲੀਡਰ, ਗੰਗਾ-ਜਮਨਾ ਸੰਗਮ 'ਤੇ ਖਾਲਸਾ ਪੰਥ ਦੀ ਆਜ਼ਾਦ ਹਸਤੀ ਨੂੰ ਹਿੰਦੂਤਵ ਵਿੱਚ ਡੋਬਣ ਲਈ ਅਖੀਰਲੀ ਚੁੱਭੀ ਜ਼ਰੂਰ ਲਾਉਣਗੇ। ਇਹ ਖਦਸ਼ਾ ਹੁਣ ਸੱਚ ਸਾਬਤ ਹੋਇਆ ਹੈ। ਇਹ ਜਾਨਣ ਲਈ ਕਿ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਆਰ. ਐਸ. ਐਸ. ਦੇ ਲਈ ਅਕਾਲੀਆਂ ਨੂੰ ਕੁੰਭ ਦੀ ਡੁਬਕੀ ਲਵਾਉਣੀ ਕਿਉਂ ਅਤਿ-ਜ਼ਰੂਰੀ ਸੀ, ਕੁੰਭ ਦੇ ਇਤਿਹਾਸ 'ਤੇ ਇੱਕ ਪੰਛੀ ਝਾਤ ਲਾਹੇਵੰਦੀ ਹੋਵੇਗੀ।

ਕੁੰਭ ਦਾ ਮਤਲਬ ਘੜਾ ਹੁੰਦਾ ਹੈ ਅਤੇ ਇਸ ਅਖੌਤੀ 'ਅੰਮ੍ਰਿਤ ਦੇ ਕੁੰਭ' ਦੀ ਕਹਾਣੀ ਨੂੰ, ਦੇਵਤਿਆਂ ਤੇ ਰਾਖਸ਼ਸ਼ਾਂ (ਇਸ ਨੂੰ ਆਰੀਅਨ ਅਤੇ ਭਾਰਤ ਦੇ ਮੂਲ ਬਸ਼ਿੰਦੇ ਦ੍ਰਾਵਿੜ ਪੜਿਆ ਜਾਵੇ) ਵਲੋਂ ਕੀਤੇ ਗਏ ਫਰਜ਼ੀ ਸਾਗਰ-ਮੰਥਨ ਨਾਲ ਜੋੜਿਆ ਜਾਂਦਾ ਹੈ। ਇਹ ਸਮੁੰਦਰ ਵੀ ਪਾਣੀ ਦਾ ਨਾ ਹੋ ਕੇ ਦੁੱਧ (ਕਸ਼ੀਰ ਸਮੁੰਦਰ) ਦਾ ਸੀ। ਹਿੰਦੂ ਪੌਰਾਣਿਕ ਗਪੌੜ ਅਨੁਸਾਰ ਜਦੋਂ ਰਾਖਸ਼ਸ਼ਾਂ ਨਾਲ ਲੜਦਿਆਂ, ਦੇਵਤਿਆਂ ਦੀ ਤਾਕਤ ਘਟ ਗਈ (ਇਸ ਨੂੰ ਦੁਰਬਾਸ਼ਾ ਰਿਸ਼ੀ ਦੇ ਸਰਾਪ ਨਾਲ ਵੀ ਜੋੜਿਆ ਜਾਂਦਾ ਹੈ) ਤਾਂ ਉਹ ਵਿਸ਼ਨੂੰ ਕੋਲ ਜਾ ਫਰਿਆਦੀ ਹੋਏ। ਉਸ ਨੇ ਸਲਾਹ ਦਿੱਤੀ ਕਿ ਦੁੱਧ ਦੇ ਸਮੁੰਦਰ ਨੂੰ ਰਿੜਕ ਕੇ, ਸਮੁੰਦਰ ਵਿੱਚੋਂ ਅੰਮ੍ਰਿਤ ਕੱਢਿਆ ਜਾਵੇ। ਦੇਵਤਿਆਂ ਨੇ ਰਾਖਸ਼ਸ਼ਾਂ ਨਾਲ, ਬਰਾਬਰ-ਬਰਾਬਰ ਵੰਡਣ ਦੀ ਡੀਲ ਬਣਾ ਕੇ, ਸਮੁੰਦਰ-ਮੰਥਨ ਸ਼ੁਰੂ ਕੀਤਾ। ਸਮੁੰਦਰ ਵਿੱਚੋਂ 12 ਰਤਨ ਨਿਕਲੇ, ਜਿਨਾਂ ਵਿੱਚੋਂ ਇੱਕ 'ਅੰਮ੍ਰਿਤ ਦਾ ਕੁੰਭ' ਵੀ ਸੀ। ਦੇਵਤਿਆਂ ਨੇ ਆਪਣਾ ਇਕਰਾਰ ਭੁੱਲ ਕੇ, ਇਸ 'ਤੇ ਸਾਲਮ ਕਬਜ਼ਾ ਕਰਨਾ ਚਾਹਿਆ (ਇਕਰਾਰ ਤੋੜਨਾ ਬ੍ਰਾਹਮਣੀ ਮੱਤ ਦਾ ਅਧਾਰ ਹੈ, ਜਿਵੇਂ ਕਿ 1947 ਵਿੱਚ ਸਿੱਖਾਂ ਨਾਲ ਇਕਰਾਰ ਕਰਕੇ, ਮੁੜ ਉਸ ਤੋਂ ਫਿਰ ਗਏ), ਜਿਸ ਦਾ ਰਾਖਸ਼ਸ਼ਾਂ ਨੇ ਵਿਰੋਧ ਕੀਤਾ। ਦੋਹਾਂ ਵਿੱਚ ਲੜਾਈ ਸ਼ੁਰੂ ਹੋਈ, ਜਿਹੜੀ ਕਿ 12 ਦਿਨ ਅਤੇ 12 ਰਾਤਾਂ ਚੱਲੀ (ਹਿੰਦੂ ਪੌਰਾਣਿਕ ਗਪੌੜ ਦੇਵਤਿਆਂ ਦੇ ਇੱਕ ਦਿਨ ਤੇ ਇੱਕ ਰਾਤ ਨੂੰ ਮਨੁੱਖਾਂ ਦਾ ਇੱਕ ਸਾਲ ਦੱਸਦਾ ਹੈ, ਇਸ ਤਰਾਂ ਇਹ ਸਮਾਂ 12 ਸਾਲ ਦਾ ਬਣਦਾ ਹੈ)। ਦੇਵਤਿਆਂ ਦੀ ਹੁੰਦੀ ਹਾਰ ਦੇਖ ਕੇ, ਵਿਸ਼ਨੂੰ ਮੋਹਣੀ-ਮੂਰਤੀ (ਔਰਤ) ਦੀ ਸ਼ਕਲ ਬਣਾ ਕੇ ਆਇਆ ਅਤੇ ਅੰਮ੍ਰਿਤ ਕੁੰਭ ਨੂੰ ਰਾਖਸ਼ਸ਼ਾਂ ਤੋਂ ਖੋਹ ਕੇ, ਆਪਣੇ ਧਾਮ ਵੱਲ ਭੱਜਣ ਲੱਗਾ (ਹਵਾ ਵਿੱਚ)। ਰਾਖਸ਼ਸ਼ਾਂ ਨੇ ਉਸ ਦਾ ਪਿੱਛਾ ਕੀਤਾ ਅਤੇ 'ਕੁੰਭ' ਖੋਹਣ ਲਈ ਛੀਨਾ-ਝਪਟੀ ਹੋਈ। ਉਸ ਖੋਹਾ-ਖਾਹੀ ਵਿੱਚ, ਅੰਮ੍ਰਿਤ ਕੁੰਭ ਵਿੱਚੋਂ ਕੁਝ ਅੰਮ੍ਰਿਤ ਦੇ ਤੁਬਕੇ ਧਰਤੀ ਦੀਆਂ ਚਾਰ ਥਾਵਾਂ 'ਤੇ ਡਿਗੇ। ਪੌਰਾਣਿਕ ਕਥਾ ਅਨੁਸਾਰ, ਇਹ ਚਾਰ ਥਾਵਾਂ ਇਲਾਹਾਬਾਦ, ਹਰਦੁਆਰ, ਉਜੈਨ ਅਤੇ ਨਾਸਿਕ ਸਨ। ਇਸੇ ਯਾਦ ਵਿੱਚ 12 ਸਾਲ ਬਾਅਦ, ਇਹ ਕੁੰਭ ਦਾ ਮੇਲਾ ਲੱਗਦਾ ਹੈ। ਇਸ ਮੇਲੇ ਦਾ ਕੇਂਦਰੀ ਸਥਾਨ ਵਾਰੀ-ਵਾਰੀ ਹਰ ਤਿੰਨ ਸਾਲ ਬਾਅਦ, ਇਲਾਹਾਬਾਦ, ਹਰਦੁਆਰ, ਉਜੈਨ ਅਤੇ ਨਾਸਿਕ ਹੁੰਦਾ ਹੈ। ਵੈਸੇ ਕੁੰਭ ਦਾ ਮੇਲਾ ਹਰ ਸਾਲ ਲੱਗਦਾ ਹੈ ਪਰ ਬਾਰਾਂ ਸਾਲ ਬਾਅਦ ਲੱਗਣ ਵਾਲੇ ਮਹਾਂ-ਕੁੰਭ ਮੌਕੇ, ਗੰਗਾ, ਜਮਨਾ, ਸਰਸਵਤੀ (ਇਹ ਨਦੀ ਪੰਡਤਾਂ ਅਨੁਸਾਰ, ਗਾਇਬ ਹੋ ਕੇ ਸਵਰਗ ਵਿੱਚ ਪਹੁੰਚ ਗਈ ਹੈ), ਗੋਦਾਵਰੀ ਵਿੱਚ ਇਸ਼ਨਾਨ ਕਰਨ ਅਤੇ ਬ੍ਰਾਹਮਣਾਂ ਨੂੰ ਦਾਨ ਦੇਣ ਨਾਲ ਸਾਰੇ ਪਾਪ ਧੋਤੇ ਜਾਂਦੇ ਹਨ ਅਤੇ ਸਵਰਗ ਪ੍ਰਾਪਤੀ ਹੁੰਦੀ ਹੈ। ਕਰੋੜਾਂ ਹਿੰਦੂ ਅਤੇ ਦੁਨੀਆ ਭਰ ਦੇ ਤਮਾਸ਼ਬੀਨ (ਮੀਡੀਆ ਸਰਕਸ) ਹਰ ਵਰੇ ਇਸ ਮੌਕੇ 'ਤੇ ਇਕੱਠੇ ਹੁੰਦੇ ਹਨ ਅਤੇ ਇਸ ਨੂੰ 'ਭਾਰਤੀ ਸੰਸਕ੍ਰਿਤੀ ਦੀ ਪੁਰਤਨਤਾ' ਦੱਸ ਕੇ ਬੜਾ ਫਖਰ ਕੀਤਾ ਜਾਂਦਾ ਹੈ। ਇਹ ਵੱਖਰੀ ਗੱਲ ਹੈ ਕਿ ਗੰਗਾ ਮਈਆ, ਜਿਹੜੀ ਕਿ ਦੁਨੀਆ ਦੀ ਸਭ ਤੋਂ ਵੱਧ ਪ੍ਰਦੂਸ਼ਤ ਨਦੀ ਹੈ, ਨੂੰ ਸਾਫ਼ ਕਰਨ ਲਈ ਫਰਾਂਸ ਸਰਕਾਰ ਤੋਂ ਕਰੋੜਾਂ ਡਾਲਰਾਂ ਦੀ ਮੱਦਦ ਲਈ ਗਈ ਹੈ, ਪਰ ਇਸ ਦਾ ਪ੍ਰਦੂਸ਼ਣ ਵੱਧਦਾ ਜਾ ਰਿਹਾ ਹੈ। ਅਸੀਂ ਕਰੋੜਾਂ ਹਿੰਦੂਆਂ ਦੇ ਵਿਸ਼ਵਾਸ਼ਾਂ ਵਾਲੀ ਉਪਰੋਕਤ ਕਹਾਣੀ ਨੂੰ ਉਨਾਂ ਦੇ ਵਿਸ਼ਵਾਸ਼ਾਂ ਅਨੁਸਾਰ, ਇੰਨ-ਬਿੰਨ ਬਿਆਨ ਕੀਤਾ ਹੈ ਅਤੇ ਅਸੀਂ ਉਨਾਂ ਦੀ ਆਸਥਾ 'ਤੇ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦੇ। ਪਰ ਅਸੀਂ ਆਪਣੇ ਸਿੱਖ ਬਾਣੇ ਵਿੱਚ, ਸ਼੍ਰੋਮਣੀ ਕਮੇਟੀ, ਅਕਾਲੀ ਦਲ 'ਤੇ ਕਾਬਜ਼ ਅਖੌਤੀ ਅਕਾਲੀਆਂ ਨੂੰ ਜ਼ਰੂਰ ਇਹ ਪੁੱਛਣਾ ਚਾਹੁੰਦੇ ਹਾਂ ਕਿ ਉਪਰੋਕਤ ਕਹਾਣੀ ਨਾਲ ਉਨਾਂ ਦੇ ਅਕਾਲੀ ਵਿਸ਼ਵਾਸਾਂ ਦਾ ਕੀ ਮੇਲ ਹੈ?

ਹਾਂ, ਇਹ ਸੱਚ ਹੈ ਕਿ ਦੋ ਹਿੰਦੂਤਵੀ ਜੁਖਾ ਵਾਲੇ 'ਅਖਾੜੇ' ਹਨ, ਜਿਹੜੇ ਸਿੱਖਾਂ ਨੂੰ ਭਰਮਾ ਕੇ ਪੈਸੇ ਬਟੋਰਦੇ ਹਨ, ਪਰ ਉਨਾਂ ਨੇ ਆਪਣਾ ਹੈੱਡਕਵਾਰਟਰ ਹਰਦੁਆਰ ਬਣਾਇਆ ਹੋਇਆ ਹੈ ਅਤੇ ਉਹ ਕੁੰਭ ਮਹਾਂਕੁੰਭ ਵਿੱਚ, ਆਪਣੀ ਛੇਕੜਲੀ ਵਾਰੀ (ਪਹਿਲਾਂ ਨਾਂਗੇ ਸਾਧੂਆਂ ਦੀ ਸ਼ਾਹੀ ਸਵਾਰੀ ਹੁੰਦੀ ਹੈ) ਅਨੁਸਾਰ ਇਸ਼ਨਾਨ ਕਰਦੇ ਹਨ। ਇਹ ਅਖਾੜੇ ਹਨ ਉਦਾਸੀਨ ਅਖਾੜਾ ਅਤੇ ਨਿਰਮਲ ਅਖਾੜਾ। ਦਿਲਚਸਪ ਗੱਲ ਇਹ ਹੈ ਕਿ ਨਾਂਗੇ-ਸਾਧੂਆਂ ਦੇ ਇੱਕ ਫਿਰਕੇ (ਜਿਹੜਾ ਹਮੇਸ਼ਾ ਹਥਿਆਰਬੰਦ ਹੁੰਦਾ ਹੈ) ਨੇ, ਨਵੰਬਰ '84 ਵਿੱਚ ਇਨਾਂ ਉਪਰੋਕਤ ਅਖਾੜਿਆਂ ਦੇ ਡੇਰਿਆਂ 'ਤੇ ਹਮਲਾ ਕਰਕੇ, ਭਾਰੀ ਲੁੱਟਮਾਰ ਕੀਤੀ ਸੀ ਅਤੇ ਨੁਕਸਾਨ ਪਹੁੰਚਾਇਆ ਸੀ। 1920 ਤੱਕ (ਮਹੰਤ ਨਰੈਣੂ ਦਾ ਦੌਰ) ਸਿੱਖ ਗੁਰਦੁਆਰਿਆਂ ਦੇ ਉੱਪਰ ਵੀ ਇਨਾਂ ਹਿੰਦੂਤਵੀ ਉਦਾਸੀਆਂ ਅਤੇ ਨਿਰਮਲਿਆਂ ਦਾ ਹੀ ਕੰਟਰੋਲ ਸੀ ਅਤੇ ਉਨਾਂ ਨੇ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਗੀਰ ਬਣਾਇਆ ਹੋਇਆ ਸੀ। ਇਨਾਂ ਦੀ ਦੇਖੋ-ਦੇਖੀ, ਕੁਝ ਭੋਲੇਭਾਲੇ ਸਿੱਖ ਵੀ ਗੰਗਾ-ਜਮਨਾ ਵਿੱਚ ਨਹਾਉਣ ਜਾਂਦੇ ਸਨ ਪਰ ਅਕਾਲੀ ਲਹਿਰ ਨੇ ਇਨਾਂ ਅਖਾੜਾ ਮਹੰਤਾਂ ਤੋਂ ਗੁਰਦੁਆਰੇ ਅਜ਼ਾਦ ਕਰਵਾ ਕੇ 'ਖਾਲਸਾ ਰਹਿਤ ਮਰਿਯਾਦਾ' ਨੂੰ ਲਾਗੂ ਕੀਤਾ ਸੀ। ਹੁਣ ਜੇ ਅਕਾਲੀਆਂ ਨੇ ਵੀ ਇਹ ਹੀ ਰਸਤਾ ਅਖਤਿਆਰ ਕਰਨਾ ਹੈ ਤਾਂ ਚੰਗਾ ਹੋਵੇਗਾ ਕਿ ਗੁਰਦੁਆਰੇ, ਮੁੜ ਇਨਾਂ ਮਹੰਤਾਂ ਦੇ ਹੀ ਹਵਾਲੇ ਕਰ ਦਿੱਤੇ ਜਾਣ, ਜਿਹੜੇ 'ਹਰ ਹਰ ਮਹਾਂਦੇਵ' ਕਹਿ ਕੇ, ਗੰਗਾ ਵਿੱਚ ਡੁਬਕੀ ਲਾਉਂਦੇ ਹਨ।

ਸ਼੍ਰੋਮਣੀ ਕਮੇਟੀ ਪ੍ਰਧਾਨ ਮੱਕੜ ਨੇ, ਬੜੇ ਫੂਹੜ ਅੰਦਾਜ਼ ਵਿੱਚ ਅਕਾਲੀਆਂ ਦੇ ਕੁੰਭ-ਨਹਾਉਣ ਨੂੰ ਨਿਆਂਸੰਗਤ ਠਹਿਰਾਉਂਦਿਆਂ ਇਸ ਮੌਕੇ ਗੁਰੂ ਨਾਨਕ ਸਾਹਿਬ, ਗੁਰੂ ਅਮਰਦਾਸ ਸਾਹਿਬ ਦੀਆਂ ਯਾਤਰਾਵਾਂ ਦਾ ਹਵਾਲਾ ਦਿੱਤਾ ਹੈ। ਇਸ ਦਲੀਲ 'ਤੇ, ਗਾਲਿਬ ਦੀਆਂ ਇਹ ਲਾਈਨਾਂ ਯਾਦ ਆਉਂਦੀਆਂ ਨੇ—'ਸ਼ਰਮ ਤੁਮ ਕੋ ਮਗਰ ਆਤੀ ਨਹੀਂ।' ਜਿਸ ਥਾਂ 'ਤੇ ਗੁਰੂ ਨਾਨਕ ਸਾਹਿਬ ਨੇ ਖਲੋ ਕੇ, ਹਰਦੁਆਰ ਵਿੱਚ ਬ੍ਰਾਹਮਣਵਾਦ ਨੂੰ ਚੈਲਿੰਜ ਕੀਤਾ ਸੀ (ਗੁਰਦੁਆਰਾ ਗਿਆਨ ਗੋਦੜੀ), ਉਸ ਦਾ ਮਲੀਆਮੇਟ ਕਰਕੇ, ਉਸ ਨੂੰ ਸਕਾਊਟ ਦਫ਼ਤਰ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਸਿੱਖਾਂ ਵਲੋਂ ਜਦੋਂ ਇਸ ਸਥਾਨ 'ਤੇ ਮੁੜ ਗੁਰਦੁਆਰੇ ਦੀ ਉਸਾਰੀ ਲਈ ਜੱਥੇ ਨੇ ਗ੍ਰਿਫਤਾਰੀ ਦਿੱਤੀ ਤਾਂ ਮੱਕੜ ਨੇ ਇਸ ਨੂੰ ਸ਼ਰਾਰਤਬਾਜ਼ੀ ਦੱਸਿਆ ਸੀ। ਹੁਣ ਸਿੱਖ ਇਤਿਹਾਸ ਦੀ ਕਿਹੜੀ ਨੁਮਾਇਸ਼, **ਇਹ ਲਾਉਣਗੇ** ? ਜਿਸ ਦੀ ਬੁਨਿਆਦ 'ਤੇ ਕੁੰਭ ਵਿੱਚ ਸ਼ਮੂਲੀਅਤ ਨੂੰ ਨਿਆਂਸੰਗਤ ਦੱਸਿਆ ਜਾ ਰਿਹਾ ਹੈ? ਜੋ ਗੁਰਦੁਆਰਾ ਗਿਆਨ ਗੋਦੜੀ ਨੂੰ ਅਜ਼ਾਦ ਕਰਵਾਉਣ ਗਿਆ **ਕਮੇਟੀ ਪ੍ਰਧਾਨ**, ਗੰਗਾ ਵਿੱਚ ਵੀ ਡੁਬਕੀ ਲਾ ਲੈਂਦਾ ਹੈ ਤਾਂ ਸਾਨੂੰ ਕੋਈ ਇਤਰਾਜ਼ ਨਹੀਂ, ਕਿਉਂਕਿ ਕਿਸੇ ਨਦੀ 'ਚ ਨਹਾਉਣਾ ਤਾਂ ਕੋਈ ਮਾੜੀ ਗੱਲ ਨਹੀਂ ਪਰ ਖਾਲਸਾ ਪੰਥ ਨਾਲ ਇਹ ਫਰਾਡਬਾਜ਼ੀ ਬੰਦ ਕੀਤੀ ਜਾਵੇ। ਦਲ-ਖਾਲਸਾ ਜਥੇਬੰਦੀ ਨੇ ਮੱਕੜ ਨੂੰ 'ਬਿਲਕੁਲ ਠੀਕ ਚੈਲਿੰਜ' ਕਰਦਿਆਂ ਪੁੱਛਿਆ ਹੈ ਕਿ ਕਦੀ ਈਦ ਦੇ ਮੇਲੇ 'ਤੇ ਜਾਮਾ ਮਸਜਿਦ ਦਿੱਲੀ, ਅਜਮੇਰ ਸ਼ਰੀਫ ਵਿੱਚ ਜਾਂ ਕ੍ਰਿਸਮਿਸ ਦੇ ਮੌਕੇ 'ਤੇ ਗੋਆ ਦੇ ਵੱਡੇ ਇਤਿਹਾਸਕ ਚਰਚ ਵਿੱਚ ਵੀ ਸ਼੍ਰੋਮਣੀ ਕਮੇਟੀ ਨੇ, ਸਿੱਖ ਇਤਿਹਾਸ ਦੀ ਪ੍ਰਦਰਸ਼ਨੀ ਲਾਈ ਹੈ ਜਾਂ ਭਵਿੱਖ ਵਿੱਚ ਲਾਉਣਗੇ? ਫਿਰ ਹਿੰਦੂਆਂ ਦੇ ਕੁੰਭ-ਮੇਲੇ 'ਤੇ ਪਾਪ-ਧੋਣ ਦਾ ਇੰਨਾ ਚਾਅ ਕਿਉਂ ਚੜ੍ਹਿਆ ਹੋਇਆ ਹੈ?

ਪਾਠਕਜਨ! ਹਕੀਕਤ ਇਹ ਹੈ ਕਿ ਬਾਦਲ **ਅਕਾਲੀ ਦਲ** ਨੇ, ਸਿੱਖ ਕੌਮ ਨੂੰ ਹਿੰਦੂਤਵੀਆਂ ਦੇ ਖਾਰੇ-ਸਮੁੰਦਰ ਵਿੱਚ ਡੋਬਣ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਪੰਜਾਬ ਦੀਆਂ ਸਰਕਾਰੀ ਛੁੱਟੀਆਂ ਵਿੱਚ ਉਦਾਸੀ ਮੱਤ ਦੇ ਮੁਖੀ ਸ੍ਰੀ ਚੰਦ ਦੇ ਜਨਮ ਦਿਨ ਦੀ ਛੁੱਟੀ ਸ਼ਾਮਲ ਕਰਨਾ ਦੱਸਦਾ ਹੈ ਕਿ ਸਿੱਖ ਪੰਥ ਨੂੰ ਕਿਸ ਦਿਸ਼ਾ ਵੱਲ ਤੋਰ ਦਿੱਤਾ ਗਿਆ ਹੈ। ਯਾਦ ਰਹੇ, ਦਿੱਲੀ ਦੇ ਮਹਿਰੌਲੀ ਇਲਾਕੇ ਵਿਚਲਾ ਬਾਬਾ ਵਿਰਸਾ ਸਿੰਘ ਦਾ 'ਗੋਬਿੰਦ ਸਦਨ' ਵੀ ਉਦਾਸੀਆਂ ਦਾ ਡੇਰਾ ਹੈ। ਹਿੰਦੂਤਵੀ ਅਸ਼ੋਕ ਸਿੰਘਲ ਅਤੇ ਪ੍ਰਕਾਸ਼ ਸਿੰਘ ਬਾਦਲ ਦੋਵੇਂ ਹੀ ਇਸ ਦੇ ਟਰੱਸਟ ਦੇ ਮੈਂਬਰ ਹਨ। ਬਾਦਲ ਨੇ ਪੰਜਾਬ ਵਿੱਚ ਨਾ ਸਿਰਫ ਆਰ. ਐਸ. ਐਸ. ਦੀ ਪੁਸ਼ਤਪਨਾਹੀ ਹੀ ਕੀਤੀ ਹੈ ਬਲਕਿ ਹਿੰਦੂਤਵੀ ਆਸ਼ੂਤੋਸ਼ ਦੇ ਵੀ ਪੂਰੀ ਤਰਾਂ ਪੈਰ ਲਵਾਏ ਹਨ। ਬਹੁਤ ਸਾਰੇ ਆਸ਼ੂਤੋਸ਼ ਦੇ ਡੇਰਿਆਂ ਲਈ ਬੀਬੀ ਸੁਰਿੰਦਰ ਕੌਰ ਬਾਦਲ ਨੇ ਹੀ ਜ਼ਮੀਨ ਦਿੱਤੀ ਗਵਾਈ ਸੀ। ਪੰਜਾਬ ਭਰ ਵਿੱਚ ਗਊਸ਼ਾਲਾਵਾਂ ਲਈ ਕਰੋੜਾਂ ਰੁਪੱਈਏ ਦਿੱਤੇ ਗਏ ਹਨ। ਪੰਜਾਬ ਵਿੱਚ ਆਪਣੀ ਕਿਸਮ ਦੀ ਪਹਿਲੀ 'ਮੋਈਆਂ ਗਊਆਂ ਦੀ ਯਾਦਗਾਰ' ਬਣਾਉਣ ਲਈ ਵੀ ਸਰਕਾਰੀ ਖਜ਼ਾਨੇ ਦਾ ਮੂੰਹ ਖੋਲ ਦਿੱਤਾ ਗਿਆ।

ਅਸੀਂ ਸਮਝਦੇ ਹਾਂ ਕਿ ਪ੍ਰਦਰਸ਼ਨੀ ਅਤੇ ਲੰਗਰ ਲਾਉਣ ਦੇ ਬਹਾਨੇ, ਕੁੰਭ ਨਹਾਉਣ ਗਏ ਅਕਾਲੀ ਲੀਡਰਾਂ ਦੇ ਵੱਡੇ ਸੁਪਨੇ ਹਨ ਕਿ ਉਨਾਂ ਨੂੰ ਨਾਂਗੇ ਸਾਧੂਆਂ ਦੇ ਦਰਸ਼ਨ ਹੋਏ ਹਨ। ਹੁਣ ਹਿੰਦੂ ਬਣਨ ਦੀ ਇੱਕੋ ਹੀ ਰਸਮ ਬਾਕੀ ਹੈ ਤੇ ਉਹ ਹੈ ਜਨੇਊ ਪਾਉਣਾ। (ਯਗਯੋਪਵੀਤ) ਚੰਗਾ ਹੋਵੇ ਕਿ ਮਹਾਂਕੁੰਭ ਦੇ ਇਸ ਮਹਾਂਯੱਗ ਦੌਰਾਨ, ਸਮੇਤ ਇਨਾਂ ਦੀ ਧਿਰ ਦੇ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਅਕਾਲੀ ਅਹੁਦੇਦਾਰ ਵੀ ਮਹਾਂਕੁੰਭ ਵੀ ਨਹਾ ਲੈਣ ਅਤੇ ਕਿਸੇ ਸ਼ੰਕਰਾਚਾਰੀਆ (ਹੁਣ ਸਾਰੇ ਇੱਕੋ ਥਾਂ ਇਕੱਠੇ ਨੇ ਅਤੇ ਇਹ ਮਹਾਂਕੁੰਭ ਮੇਲਾ 55 ਦਿਨ ਚੱਲਣਾ ਹੈ) ਤੋਂ ਜਨੇਊ ਵੀ ਪਵਾ ਲੈਣ, ਬਹੁਤਿਆਂ ਦੇ ਮੁੰਡਿਆਂ ਨੇ ਮੁੰਡਨ ਤਾਂ ਕਰਵਾ ਹੀ ਲਏ ਹਨ, ਘੱਟੋ ਘੱਟ ਫਿਰ ਉੱਚੀ ਅਵਾਜ਼ ਵਿੱਚ ਕਹਿ ਸਕਣਗੇ, 'ਹਮ ਗਰਵ ਸੇ ਕਹਿਤੇ ਹੈਂ ਕਿ ਹਮ ਹਿੰਦੂ ਹੈਂ'।

**-ਡਾਕਟਰ ਅਮਰਜੀਤ ਸਿੰਘ**
**ਵਾਸ਼ਿੰਗਟਨ।**

*****

## ਕੇਂਦਰੀ ਲੰਡਨ ਵਿੱਚ ਹੈਲੀਕਾਪਟਰ ਹਾਦਸਾ ਗ੍ਰਸਤ-ਦੋ ਮਰੇ



ਲੰਡਨ (ਮਨਪ੍ਰੀਤ ਸਿੰਘ ਬੱਧਨੀਕਲਾਂ)– ਕੇਂਦਰੀ ਲੰਡਰ ਦੇ ਸੇਂਟ ਜਾਰਜ ਟਾਵਰ ਦੇ ਸਿਖਰ ਤੇ ਇਕ ਕਰੇਨ ਨਾਲ ਹੈਲੀਕਾਪਟਰ ਟਕਰਾਉਣ ਨਾਲ ਵੱਡਾ ਧਮਾਕਾ ਹੋਇਆ ਅਤੇ ਵੇਖਦੇ ਵੇਖਦੇ ਹੀ ਚਾਰੇ ਪਾਸੇ ਅੱਗ ਅਤੇ ਧੂੰਆਂ ਫੈਲ ਗਿਆ। ਇਹ ਹਾਦਸਾ ਅੱਜ ਸਵੇਰੇ ਬਰਤਾਨਵੀਂ ਸਮੇਂ ਅਨੁਸਾਰ 8 ਵਜੇ ਵਾਪਰਿਆ ਅਤੇ ਹਾਦਸੇ ਦਾ ਕਾਰਨ ਮੌਸਮ ਦੀ ਖਰਾਬੀ ਦੱਸਿਆ ਜਾ ਰਿਹਾ ਹੈ। ਇਸ ਹਾਦਸੇ ਦੌਰਾਨ ਦੋ ਵਿਅਕਤੀ ਮਾਰੇ ਗਏ ਜਦ ਕਿ 11 ਜ਼ਖਮੀ ਹੋਏ ਹਨ। ਪੁਲਿਸ ਅਨੁਸਾਰ ਇਕ ਵਿਅਕਤੀ ਦੀ ਹੈਲੀਕਾਪਟਰ ਵਿੱਚ ਅਤੇ ਦੂਜੇ ਦੀ ਹੇਠਾਂ ਮੌਤ ਹੋਈ ਹੈ। ਜ਼ਖਮੀਆਂ ਨੂੰ ਸੇਂਟ ਥੌਮਸ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਹਾਦਸੇ ਦੌਰਾਨ ਦੋ ਕਾਰਾਂ ਅਤੇ ਇਕ ਮੋਟਰ ਸਾਈਕਲ ਨੂੰ ਵੀ ਨੁਕਸਾਨ ਹੋਇਆ ਹੈ। ਪੁਲਿਸ ਅਨੁਸਾਰ 60 ਅੱਗ ਬੁਝਾਊ ਕਰਮਚਾਰੀਆਂ ਨੇ ਅੱਗ ਤੇ ਕਾਬੂ ਪਾਇਆ। ਪੁਲਿਸ ਨੇ ਕਿਹਾ ਹੈ ਕਿ ਭਾਵੇਂ ਇਸ ਘਟਨਾ ਦਾ ਕਿਸੇ ਅੱਤਵਾਦੀ ਵਿੱਧੀ ਨਾਲ ਸਬੰਧ ਨਹੀਂ ਲੇਕਨ ਫਿਰ ਵੀ ਇਸ ਘਟਨਾ ਸਬੰਧੀ ਜਾਂਚ ਕੀਤੀ ਜਾ ਰਹੀ ਹੈ। ਕਿਉਂਕਿ ਇਹ ਹਾਦਸਾ ਉਸ ਵੇਲੇ ਹੋਇਆ ਜਦੋਂ ਲੰਡਨ ਦੇ ਦਫਤਰੀ ਕੰਮਕਾਜ ਵਾਲੇ ਵੱਡੀ ਗਿਣਤੀ ਵਿੱਚ ਸੜਕਾਂ ਰਾਹੀਂ ਆ ਰਹੇ ਹੁੰਦੇ ਹਨ।

**ਲੜੀਵਾਰ ਨਾਵਲ**

**ਹਰਜੀਤ ਅਟਵਾਲ**



**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**
**ਕਿਸ਼ਤ-47**

# ਅਕਾਲ ਸਹਾਏ



**ਮੰਗਲਾ ਤੋਂ ਬਾਅਦ ਮੋਤੀਆ ਨੇ ਵੀ ਅੰਗਰੇਜ਼ਾਂ ਬਾਰੇ ਕੁਝ ਕਿਹਾ ਪਰ ਰਾਣੀ ਆਪਣੇ ਹੀ ਖਿਆਲਾਂ ਵਿਚ ਗਵਾਚੀ ਰਹੀ ਤੇ ਕੁਝ ਦੇਰ ਬਾਅਦ ਬੋਲੀ, "ਗਵਰਨਰ ਜਨਰਲ ਆਇਆ ਸੀ ਤੇ ਕਿੰਨੀਆਂ ਵਧੀਆ ਗੱਲਾਂ ਕਰਦਾ ਸੀ, ਕਹਿਣ ਲਗਿਆ ਕਿ ਰਾਣੀ ਸਾਹਿਬਾ, ਸਾਡਾ ਮਕਸਦ ਪੰਜਾਬ ਵਿਚ ਅਮਨ ਬਹਾਲ ਕਰਨਾ ਏ, ਕਹਿੰਦਾ ਕਿ ਸਾਡਾ ਮਤਲਬ ਮਹਾਂਰਾਜੇ ਦੀ ਦੇਖਭਾਲ ਕਰਨਾ ਏ ਅਸੀਂ ਕਦੇ ਵੀ ਪੰਜਾਬ ਨੂੰ ਆਪਣੇ ਅਧੀਨ ਨਹੀਂ ਲਿਆਉਣਾ ਚਾਹੁੰਦੇ, ਅਸੀਂ ਤਾਂ ਬੇਮੁਹਾਰੀ ਖਾਲਸਾ ਫੌਜ ਨੂੰ ਸੋਧਣਾ ਸੀ ਉਸ ਤੋਂ ਬਾਅਦ ਅਸੀਂ ਪੰਜਾਬ ਦੀ ਕਿਸੇ ਗੱਲ ਵਿਚ ਦਖਲ ਨਹੀਂ ਦੇਵਾਂਗੇ ਪਰ ਹੁਣ ਦੇਖੋ ਇਹ ਹੈਨਰੀ ਲਾਰੰਸ ਕਿਵੇਂ ਘੋਖਾਂ ਰਖਦਾ ਏ, ਪਤਾ ਨਹੀਂ ਮਹਿਲਾਂ ਵਿਚ ਉਸ ਨੇ ਕਿੰਨੇ ਕੁ ਸੂਹੀਏ ਛੱਡ ਰੱਖੇ ਨੇ ਜਿਵੇਂ ਅਸੀਂ ਕੋਈ ਗੁਨਾਹਗਾਰ ਹੋਈਏ।"**

## ਅੰਗਰੇਜ਼ ਲਹੌਰ ਵਿਚ

ਹੈਨਰੀ ਨੂੰ ਇਹ ਤਾਂ ਪਤਾ ਹੀ ਸੀ ਕਿ ਰਾਣੀ ਜਿੰਦਾਂ ਉਹਨਾਂ ਦੀ ਲਹੌਰ ਵਿਚ ਹਾਜ਼ਰੀ ਤੋਂ ਔਖੀ ਸੀ, ਹੁਣ ਉਹ ਲਾਲ ਸਿੰਘ ਨੂੰ ਵੀ ਜਿੰਦਾਂ ਨਾਲ ਜੋੜ ਕੇ ਦੇਖਣ ਲਗਦਾ। ਹੌਲੀ ਹੌਲੀ ਲਾਲ ਸਿੰਘ ਹੈਨਰੀ ਲਾਰੰਸ ਦੀਆਂ ਅੱਖਾਂ ਵਿਚ ਰੜਕਣ ਲਗਿਆ ਤੇ ਲਾਲ ਸਿੰਘ ਵੀ ਕੁਝ ਕੁ ਵਿਦਰੋਹੀ ਰੁਖ ਅਪਣਾਉਣ ਲਗ ਪਿਆ।

ਇਹਨਾਂ ਦਿਨਾਂ ਵਿਚ ਹੀ ਦੋ ਕੁ ਘਟਨਾਵਾਂ ਹੋਰ ਵਾਪਰੀਆਂ ਜਿਹੜੀਆਂ ਲਾਲ ਸਿੰਘ ਦੀ ਲਈ ਨਵੀਂ ਤਕਦੀਰ ਲਿਖਣ ਲਗੀਆਂ। ਪਹਿਲੀ ਘਟਨਾ ਸੀ ਕਾਂਗੜੇ ਦੇ ਕਿਲ੍ਹੇਦਾਰ ਦਾ ਵਿਦਰੋਹ। ਜਦੋਂ ਕਾਂਗੜੇ ਦੇ ਕਿਲ੍ਹੇਦਾਰ ਸੁੰਦਰ ਸਿੰਘ ਤੋਂ ਕਿਲ੍ਹੇ ਦਾ ਕਬਜ਼ਾ ਮੰਗਿਆ ਗਿਆ ਤਾਂ ਉਸ ਨੇ ਨਾਂਹ ਕਰ ਦਿਤੀ। ਮੇਜਰ ਹੈਨਰੀ ਲਾਰੰਸ ਨੂੰ ਆਪ ਫੌਜ ਲੈ ਕੇ ਕਾਂਗੜੇ ਜਾਣਾ ਪਿਆ ਤੇ ਕਿਲ੍ਹੇ ਦੇ ਕਬਜ਼ੇ ਲਈ ਭਾਰੀ ਲੜਾਈ ਕਰਨੀ ਪਈ। ਇਸੇ ਕਿਲ੍ਹੇਦਾਰ ਪਿੱਛੇ ਲਾਲ ਸਿੰਘ ਦਾ ਹੱਥ ਸਮਝਿਆ ਜਾਣ ਲਗਿਆ। ਦੂਜੀ ਘਟਨਾ ਕਸ਼ਮੀਰ ਦੇ ਕਬਜ਼ੇ ਵੇਲੇ ਵਾਪਰ ਗਈ। ਕਸ਼ਮੀਰ ਦਾ ਗਵਰਨਰ ਸ਼ੇਖ ਇਮਾਮੁਦੀਨ ਨੇ ਰਾਜਾ ਗੁਲਾਬ ਸਿੰਘ ਨੂੰ ਕਸ਼ਮੀਰ ਦਾ ਕਬਜ਼ਾ ਦੇਣ ਤੋਂ ਇਨਕਾਰ ਕਰ ਦਿਤਾ। ਇਥੇ ਵੀ ਹੈਨਰੀ ਲਾਰੰਸ ਨੂੰ ਫੌਜ ਲੈ ਕੇ ਜਾਣਾ ਪਿਆ। ਗਵਰਨਰ ਸ਼ੇਖ ਇਮਾਮੁਦੀਨ ਇੰਨੀ ਫੌਜ ਦੇਖ ਕੇ ਡਰ ਗਿਆ ਤੇ ਬਿਨਾਂ ਲੜਾਈ ਕੀਤੇ ਕਸ਼ਮੀਰ ਦਾ ਕਬਜ਼ਾ ਦੇ ਦਿਤਾ। ਜਦ ਉਸ ਨੂੰ ਸਜ਼ਾ ਦੇਣ ਦੀਆਂ ਗੱਲਾਂ ਹੋਣ ਲਗੀਆਂ ਤਾਂ ਉਸ ਨੇ ਇਕ ਚਿੱਠੀ ਦਿਖਾ ਦਿਤੀ ਕਿ ਉਸ ਨੂੰ ਲਾਲ ਸਿੰਘ ਨੇ ਕਬਜ਼ਾ ਦੇਣ ਤੋਂ ਰੋਕਿਆ ਸੀ। ਹੈਨਰੀ ਲਾਰੰਸ ਤਾਂ ਪਹਿਲਾਂ ਹੀ ਲਾਲ ਸਿੰਘ ਦੇ ਖਿਲਾਫ ਸਬੂਤ ਲੱਭ ਰਿਹਾ ਸੀ।

ਲਾਲ ਸਿੰਘ ਨੂੰ ਕੈਦ ਕਰ ਲਿਆ ਗਿਆ। ਸੰਖੇਪ ਜਿਹਾ ਮੁਕੱਦਮਾ ਚਲ ਕੇ ਉਸ ਨੂੰ ਮੌਤ ਦੀ ਸਜ਼ਾ ਸੁਣਾ ਦਿਤੀ ਗਈ। ਇਸ ਨਾਲ ਚਾਰੇ ਪਾਸੇ ਹੀ ਹੰਗਾਮਾ ਜਿਹਾ ਹੋ ਗਿਆ। ਜਿਹੜੇ ਲੋਕ ਪਹਿਲਾਂ ਲਾਲ ਸਿੰਘ ਨੂੰ ਗੱਦਾਰ ਕਹਿੰਦੇ ਸਨ ਉਹਨਾਂ ਦੇ ਵਿਚਾਰ ਬਦਲਣ ਲਗੇ। ਅੰਗਰੇਜ਼ਾਂ ਨੂੰ ਲਗਿਆ ਕਿ ਅਜਿਹੇ ਹਾਲਾਤ ਵਿਚ ਲਾਲ ਸਿੰਘ ਉਹਨਾਂ ਦਾ ਕੌਮੀ ਨਾਇਕ ਹੀ ਨਾ ਬਣ ਜਾਵੇ। ਉਹਨਾਂ ਨੇ ਥੋੜੀ ਜਿਹੀ ਪੈਨਸ਼ਨ ਦੇ ਕੇ ਲਾਲ ਸਿੰਘ ਨੂੰ ਦੇਸ਼ ਨਿਕ-ਾਲਾ ਦੇ ਦਿਤਾ। ਲਾਲ ਸਿੰਘ ਪੰਜਾਬ ਛੱਡ ਕੇ ਡੇਹਰਾਦੂਨ ਚਲੇ ਗਿਆ ਜਿਥੇ ਉਸ ਦੇ ਰਿਸ਼ਤੇਦਾਰ ਰਹਿੰਦੇ ਸਨ।

ਲਾਲ ਸਿੰਘ ਚਲੇ ਗਿਆ, ਰਾਣੀ ਜਿੰਦਾਂ ਇਕ ਵਾਰ ਫਿਰ ਇਕੱਲੀ ਰਹਿ ਗਈ। ਇਕ ਵਾਰ ਫਿਰ ਉਹ ਬੇਵਸ ਹੋਈ ਖੜੀ ਸੀ। ਨਾ ਉਹ ਲਾਲ ਸਿੰਘ ਨੂੰ ਰੋਕ ਸਕੀ ਤੇ ਨਾ ਹੀ ਕੁਝ ਹੋਰ ਕਰ ਸਕੀ। ਉਸ ਰਾਤ ਉਸ ਦੀ ਰਾਤ ਨੀਂਦ ਹਰਾਮ ਹੋਈ ਪਈ ਸੀ। ਮੋਤੀਆ ਉਸ ਕੋਲ ਆ ਕੇ ਬੈਠ ਜਾਂਦੀ। ਉਸ ਦੇ ਵਾਲਾਂ ਵਿਚ ਉਂਗਲਾਂ ਫੇਰਦੀ ਬੋਲਦੀ,

"ਰਾਣੀ ਜੀ, ਹੁਣ ਤਕ ਦਿਲ ਪੱਥਰ ਦਾ ਹੋ ਜਾਣਾ ਚਾਹੀਦਾ ਏ।"

"ਮੋਤੀਆ, ਇਹ ਦਿਲ ਤਾਂ ਪੱਥਰ ਹੋ ਚੁਕਿਆ ਏ ਪਰ ਫਿਰ ਵੀ ਦੁਖਦਾ ਏ। ਇਕ ਲਾਲ ਸਿੰਘ ਈ ਤਾਂ ਸੀ ਜਿਸ ਤੇ ਸਾਨੂੰ ਭਰੋਸਾ ਸੀ। ਪਤਾ ਨਹੀਂ ਆਉਣ ਵਾਲੇ ਕੱਲ ਨੂੰ ਸਾਡੇ ਨਾਲ ਕੀ ਹੋਵੇਗਾ ?...ਸਾਡੇ ਬੱਚੇ ਨਾਲ ਕੀ ਹੋਵੇਗਾ?...ਇਸ ਦਰਬਾਰ ਦਾ ਕੀ ਬਣੇਗਾ?...ਦੀਵਾਨ ਦੀਨਾ ਨਾਥ ਜੀ ਵੀ ਡਰੇ ਫਿਰਦੇ ਨੇ।...ਇਹ ਫਿਰੰਗੀ ਹੁਣ ਭਲੀ ਨਹੀਂ ਗੁਜ਼ਾਰਨ ਲਗੇ!"

"ਰਾਣੀ ਜੀ, ਰਾਣੀ ਦੁਖਨੋ ਜੀ ਦੀ ਭਰਜਾਈ ਠੀਕ ਕਹਿੰਦੀ ਸੀ।"

"ਮੋਤੀਆ, ਅਸੀਂ ਸੋਚ ਰਹੇ ਹਾਂ ਕਿ ਕੁਝ ਕਰਨਾ ਚਾਹੀਦਾ ਏ।"

"ਰਾਣੀ ਜੀ, ਪੰਜਾਬ ਦੇ ਸਾਰੇ ਮਰਦ ਤਾਂ ਮਰਦਾਨਗੀ ਗੰਵਾਈ ਬੈਠੇ ਨੇ, ਵੱਡੇ ਵੱਡੇ ਸਰਦਾਰ ਮੁੱਛਾਂ ਲੁਕੋਂਦੇ ਫਿਰਦੇ ਨੇ।"

ਮੋਤੀਆ ਨੇ ਕਿਹਾ। ਕਹਿਣ ਨੂੰ ਤਾਂ ਉਸ ਨੇ ਕਹਿ ਦਿਤਾ ਪਰ ਅੰਦਰੋਂ ਡਰਨ ਲਗ ਪਈ ਕਿ ਕਿਤੇ ਰਾਣੀ ਖਫਾ ਹੀ ਨਾ ਹੋ ਜਾਵੇ। ਅਜ ਕਲ ਰਾਣੀ ਦਾ ਮਨ ਘੜੀ ਵਿਚ ਤੋਲਾ ਤੇ ਘੜੀ ਵਿਚ ਮਾਸਾ ਵਾਂਗ ਹੋਇਆ ਪਿਆ ਸੀ, ਬੈਚੈਨ ਜਿਉਂ ਰਹਿੰਦੀ ਸੀ। ਰਾਣੀ ਜਿੰਦਾਂ ਚੁੱਪ ਰਹੀ। ਉਸ ਨੂੰ ਮੋਤੀਆ ਦੀ ਗੱਲ ਸਹੀ ਜਾਪ ਰਹੀ ਸੀ। ਕੁਝ ਦੇਰ ਬਾਅਦ ਮੰਗਲਾ ਵੀ ਉਸ ਕੋਲ ਆ ਬੈਠੀ। ਮੰਗਲਾ ਮਹਾਂਰਾਜੇ ਦੇ ਸੌਣ ਕਮਰੇ ਵਿਚੋਂ ਆ ਰਹੀ ਸੀ। ਅਜ ਮਹਾਂਰਾਜਾ ਵੀ ਸੌਂ ਨਹੀਂ ਸੀ ਰਿਹਾ। ਮੰਗਲਾ ਆ ਕੇ ਦਸਣ ਲਗੀ,

"ਰਾਣੀ ਜੀ, ਬੜੀ ਮੁਸ਼ਕਲ ਨਾਲ ਸੁੱਤੇ ਨੇ ਦੂੱਲਾ ਜੀ, ਕੱਲ ਵਾਂਗ ਈ ਦੇਖੀ ਜਾਂਦੇ ਸੀ, ਮੈਂ ਪੁੱਛਦੀ ਤਾਂ ਹੱਸ ਪੈਂਦੇ, ਕੁਝ ਦਸਦੇ ਨਹੀਂ ਸੀ।"

"ਮੰਗਲਾ, ਉਹ ਵੀ ਕੀ ਕਰੇ ਨਿਕੀ ਜਿਹੀ ਜਿੰਦੜੀ ਤੇ ਦੁਖੜੇ ਪਹਾੜ ਜਿੱਡੇ!"

ਕਹਿੰਦੀ ਹੋਈ ਰਾਣੀ ਦਾ ਰੋਣ ਨਿਕਲ ਗਿਆ। ਉਸ ਨੇ ਅੱਖਾਂ ਪੂੰਝੀਆਂ ਤੇ ਫਿਰ ਬੋਲੀ,

"ਹਾਲੇ ਹੋਰ ਪਤਾ ਨਹੀਂ ਕੀ ਕੀ ਦੇਖਣ ਵਾਲਾ ਏ, ਕੱਲ ਫਕੀਰ ਨੂਰੁਦੀਨ ਜੀ ਵੀ ਆਏ ਸਨ, ਕਹਿੰਦੇ ਸਨ ਕਿ ਹਾਲੇ ਪੰਜਾਬੀਆਂ ਦੀਆਂ ਆਫਤਾਂ ਘਟੀਆਂ ਨਹੀਂ, ਹਾਲੇ ਹੋਰ ਬੁਰੇ ਦਿਨ ਆਉਣਗੇ, ਅਸੀਂ ਕਿਹਾ ਕਿ ਫਕੀਰ ਜੀ ਇਸ ਤੋਂ ਬੁਰੇ ਕੀ ਹੋ ਸਕਦੇ ਨੇ ਤਾਂ ਕਹਿੰਦੇ ਰੱਬ ਦਾ ਅੰਤ ਕਿਹਨੇ ਦੇਖਿਆ ਏ, ਅਸੀਂ ਕਿਹਾ ਫਕੀਰ ਜੀ ਡਰਾਓ ਨਾ!"

ਕਹਿੰਦੀ ਹੋਈ ਰਾਣੀ ਫਿਰ ਰੋਣ ਲਗੀ। ਮੰਗਲਾ ਤੇ ਮੋਤੀਆ ਉਸ ਨੂੰ ਦਿਲਾਸਾ ਦਿੰਦੀਆਂ ਰਹੀਆਂ। ਮੰਗਲਾ ਨੇ ਕਿਹਾ,

"ਇਹ ਫਿਰੰਗੀ ਜਿੰਨੇ ਦੇਖਣ ਨੂੰ ਸੋਹਣੇ ਨੇ ਦਿਲ ਦੇ ਓਨੇ ਈ ਕਾਲ਼ੇ ਨੇ।"

ਮੰਗਲਾ ਤੋਂ ਬਾਅਦ ਮੋਤੀਆ ਨੇ ਵੀ ਅੰਗਰੇਜ਼ਾਂ ਬਾਰੇ ਕੁਝ ਕਿਹਾ ਪਰ ਰਾਣੀ ਆਪਣੇ ਹੀ ਖਿਆਲਾਂ ਵਿਚ ਗਵਾਚੀ ਰਹੀ ਤੇ ਕੁਝ ਦੇਰ ਬਾਅਦ ਬੋਲੀ,

"ਗਵਰਨਰ ਜਨਰਲ ਆਇਆ ਸੀ ਤੇ ਕਿੰਨੀਆਂ ਵਧੀਆ ਗੱਲਾਂ ਕਰਦਾ ਸੀ, ਕਹਿਣ ਲਗਿਆ ਕਿ ਰਾਣੀ ਸਾਹਿਬਾ, ਸਾਡਾ ਮਕਸਦ ਪੰਜਾਬ ਵਿਚ ਅਮਨ ਬਹਾਲ ਕਰਨਾ ਏ, ਕਹਿੰਦਾ ਕਿ ਸਾਡਾ ਮਤਲਬ ਮਹਾਂਰਾਜੇ ਦੀ ਦੇਖਭਾਲ ਕਰਨਾ ਏ ਅਸੀਂ ਕਦੇ ਵੀ ਪੰਜਾਬ ਨੂੰ ਆਪਣੇ ਅਧੀਨ ਨਹੀਂ ਲਿਆਉਣਾ ਚਾਹੁੰਦੇ, ਅਸੀਂ ਤਾਂ ਬੇਮੁਹਾਰੀ ਖਾਲਸਾ ਫੌਜ ਨੂੰ ਸੋਧਣਾ ਸੀ ਉਸ ਤੋਂ ਬਾਅਦ ਅਸੀਂ ਪੰਜਾਬ ਦੀ ਕਿਸੇ ਗੱਲ ਵਿਚ ਦਖਲ ਨਹੀਂ ਦੇਵਾਂਗੇ ਪਰ ਹੁਣ ਦੇਖੋ ਇਹ ਹੈਨਰੀ ਲਾਰੰਸ ਕਿਵੇਂ ਘੋਖਾਂ ਰਖਦਾ ਏ, ਪਤਾ ਨਹੀਂ ਮਹਿਲਾਂ ਵਿਚ ਉਸ ਨੇ ਕਿੰਨੇ ਕੁ ਸੂਹੀਏ ਛੱਡ ਰੱਖੇ ਨੇ ਜਿਵੇਂ ਅਸੀਂ ਕੋਈ ਗੁਨਾਹਗਾਰ ਹੋਈਏ।"

"ਰਾਣੀ ਜੀ, ਦੇਖ ਲਓ ਰਾਜਾ ਜੀ ਨਾਲ ਕੀ ਕੀਤੀ ਏ ਲਾਰੰਸ ਨੇ।"

"ਮੋਤੀਆ, ਇਹਦਾ ਕੱਖ ਨਾ ਰਹੇ, ਏਸ ਬੇਈਮਾਨ ਲਾਰੰਸ ਦਾ, ਉਹਨੇ ਇਹ ਜਾਣ ਬੁਝ ਕੇ ਕੀਤਾ ਏ, ਉਹਨੂੰ ਪਤਾ ਸੀ ਕਿ ਰਾਜਾ ਜੀ ਸਾਡੇ ਵਿਸ਼ਵਾਸ ਪਾਤਰ ਨੇ।"

ਫਿਰ ਰਾਣੀ ਦੋਨਾਂ ਗੋਲੀਆਂ ਨੂੰ ਲੈ ਕੇ ਡੇਰਾ ਸਾਹਿਬ ਗੁਰਦਵਾਰੇ ਮੱਥਾ ਟੇਕਣ ਤੁਰ ਪਈ।...

ਹੁਣ ਅੰਗਰੇਜ਼ ਸ਼ਹਿਰ ਦਾ ਹਿੱਸਾ ਬਣਦੇ ਜਾ ਰਹੇ ਸਨ। ਹਿੰਦੁਸਤਾਨੀ ਸਿਪਾਹੀ ਹਮਕੋ-ਤੁਮਕੋ ਕਰਦੇ ਆਮ ਦੇਖੇ ਜਾ ਸਕਦੇ ਸਨ। ਇਵੇਂ ਹੀ ਗੋਰਾ ਰੰਗ ਵੀ ਦੇਖਣ ਨੂੰ ਮਿਲ ਜਾਂਦਾ ਸੀ। ਕਈ ਅੰਗਰੇਜ਼ ਲਹੌਰ ਦੇ ਬਜ਼ਾਰਾਂ ਵਿਚ ਖਰੀਦੋ-ਫ੍ਰੋਕਤ ਕਰਨ ਵੀ ਚਲੇ ਜਾਇਆ ਕਰਦੇ। ਆਮ ਲੋਕਾਂ ਵਿਚ ਉਹਨਾਂ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ। ਕਿਤੇ ਵੀ ਮੌਕਾ ਮਿਲਦਾ ਤਾਂ ਨਵੀਂ ਸਥਿਤੀ ਬਾਰੇ ਗੱਲਾਂ ਕਰਨ ਲਈ ਲੋਕ ਇਕੱਠੇ ਹੋ ਜਾਂਦੇ। ਵੱਡੇ ਬਾਜ਼ਾਰ ਵਿਚੋਂ ਪਰਵੇਜ਼ ਸ਼ਾਹ ਦੀ ਦੁਕਾਨ ਦੇ ਨਾਲ ਹੀ ਇਕ ਗਲੀ ਨਿਕਲਦੀ ਸੀ ਜਿਹੜੀ ਦੂਜੇ ਪਾਸੇ ਇਕ ਚੌਂਕ ਨੂੰ ਜਾ ਮਿਲਦੀ। ਇਸ ਚੌਂਕ ਵਿਚ ਇਕ ਮਸਜਿਸ ਸੀ। ਵੱਡੇ ਬਜ਼ਾਰ ਦੇ ਸਾਰੇ ਲੋਕ ਜੁੰਮੇ ਦੀ ਨਮਾਜ਼ ਪੜ੍ਹਨ ਇਸ ਮਸਜਿਦ ਵਿਚ ਆਉਂਦੇ। ਇਸ ਚੌਂਕ ਦੇ ਚੜ੍ਹਦੇ ਪਾਸੇ ਦੀ ਗਲੀ ਵਿਚ ਯਾਕੂਬ ਅਲੀ ਦੀ ਹਵੇਲੀ ਸੀ। ਹਵੇਲੀ ਦੀ ਇਕ ਬੈਠਕ ਦਾ ਦਰਵਾਜ਼ਾ ਬਾਹਰ ਵਲ ਖੁਲ੍ਹਦਾ ਸੀ। ਇਹ ਬੂਹਾ ਆਮ ਤੌਰ ਤੇ ਖੁਲ੍ਹਾ ਹੀ ਹੁੰਦਾ, ਖਾਸ ਕਰਕੇ ਜੁੰਮੇ ਵਾਲੇ ਦਿਨ। ਯਾਕੂਬ ਅਲੀ ਦਾ ਲੱਕੜ ਦਾ ਵੱਡਾ ਅਟਾਲ ਸੀ ਜਿਸ ਨੂੰ ਉਸ ਦੇ ਦੋਵੇਂ ਪੁੱਤਰ ਸੰਭਾਲਦੇ ਸਨ। ਜੁੰਮੇ ਦੀ ਨਮਾਜ਼ ਅਦਾ ਕਰਨ ਤੋਂ ਬਾਅਦ ਕੁਝ ਲੋਕ ਯਾਕੂਬ ਅਲੀ ਦੀ ਬੈਠਕ ਵਿਚ ਚਲੇ ਜਾਂਦੇ ਤੇ ਦੇਰ ਤਕ ਬੈਠੇ ਗੱਲਾਂ ਕਰਦੇ ਰਹਿੰਦੇ।

ਉਸ ਦਿਨ ਕਪੜੇ-ਭੇਵੀਂ ਬਾਰਸ਼ ਹੋ ਰਹੀ ਸੀ। ਕਈ ਦਿਨਾਂ ਦੀ ਗਰਮੀ ਤੋਂ ਬਾਅਦ ਬਾਰਸ਼ ਬਹੁਤ ਚੰਗੀ ਲਗ ਰਹੀ ਸੀ ਫਿਰ ਵੀ ਕਪੜੇ ਭਿੱਜਣ ਤੋਂ ਹਰ ਕੋਈ ਡਰਦਾ ਸੀ। ਪਰਵੇਜ਼ ਸ਼ਾਹ, ਜ਼ੁਵੈਰ ਖਾਨ, ਇਨਾਇਤ ਅਲੀ, ਆਮਿਰ ਮਲਿਕ ਇਕੱਠੇ ਹੀ 'ਬਾਲ ਏਕਮ ਸਲਾਮ' ਆਖਦੇ ਬੈਠਕ ਵਿਚ ਆ ਵੜੇ। ਯਾਕੂਬ ਅਲੀ ਨੇ ਵੀ ਖੜੇ ਹੋ ਕੇ ਉਹਨਾਂ ਦਾ ਸਵਾਗਤ ਕੀਤਾ, ਜਿਵੇਂ ਉਹਨਾਂ ਨੂੰ ਉਡੀਕ ਹੀ ਰਿਹਾ ਹੋਵੇ। ਸਾਰੇ ਹੀ ਕੁਰਸੀਆਂ ਉਪਰ ਸਜ ਗਏ। ਨੌਕਰਾਂ ਨੇ ਉਹਨਾਂ ਦੇ ਵਿਚਕਾਰ ਲੰਮੀ ਨੜੀ ਵਾਲਾ ਹੁੱਕਾ ਲਿਆ ਕੇ ਰੱਖ ਦਿਤਾ। ਵਾਰੀ ਵਾਰੀ ਗੁੜ-ਗੁੜ ਕਰਦੇ ਨਵੇਂ ਪਏ ਮੀਂਹ ਦੀ ਤਰੀਫ ਕਰਨ ਲਗੇ। ਜ਼ੁਵੈਰ ਖਾਨ ਅਚਾਨਕ ਬੋਲਿਆ,

"ਲਓ ਜੀ, ਲਾਲ ਸਿੰਘ ਦਾ ਵੀ ਫਾਤਿਆ ਪੜ੍ਹਿਆ ਗਿਆ।"

"ਖਾਨ ਸਾਬ, ਬਚ ਗਿਆ ਉਹ ਤਾਂ, ਸਿੱਖਾ-ਸ਼ਾਹੀ ਹੁੰਦੀ ਤਾਂ ਸਿਰ ਕਲਮ ਕਰ ਦਿਤਾ ਜਾਂਦਾ!"

"ਸ਼ਾਹ ਜੀ, ਸਿੱਖਾ-ਸ਼ਾਹੀ ਨੇ ਬਥੇਰੇ ਸਿਰ ਕਲਮ ਕਰ ਲਏ, ਕਸਰ ਬਚੀ ਕੋਈ!"

"ਦੇਖੋ ਜੀ, ਹੁਣ ਸਿੱਖਾ-ਸ਼ਾਹੀ ਕਿੱਥੇ ਰਹਿ ਗਈ।"

"ਬਥੇਰੀ ਦੇਖੀ ਜੀ ਸਿੱਖਾ-ਸ਼ਾਹੀ ਵੀ, ਬਥੇਰੀ ਝੱਲ ਲਈ, ਅੰਤ ਕਰ ਦਿਤੀ ਇਹਨਾਂ ਨੇ! ...ਅਸਲ ਵਿਚ ਇਹ ਕੌਮ ਰਾਜ ਕਰਨ ਦੇ ਕਾਬਲ ਈ ਨਹੀਂ, ਇਹ ਤਾਂ ਇਕ ਦੂਜੇ ਦਾ ਗੱਲ ਕੱਟਣ ਵਾਲੀ ਕੌਮ ਏ।"

"ਮਲਿਕ ਸਾਬ, ਇਹ ਗੱਲ ਨਹੀਂ, ਅਸਲ ਵਿਚ ਰਾਜ ਕਰਨਾ ਇਹਨਾਂ ਦੇ ਖੂਨ ਵਿਚ ਹਾਲੇ ਜਜ਼ਬ ਨਹੀਂ ਸੀ ਹੋਇਆ, ਇਹ ਰੀਸਾਂ ਕਰਦੇ ਸੀ ਮੁਗਲਾਂ ਦੀਆਂ। ਠੀਕ ਏ ਰਣਜੀਤ ਸਿੰਘ ਰਾਜ ਕਰ ਗਿਆ ਜਿੰਨਾ ਕੁ ਕਰ ਗਿਆ ਪਰ ਆਪਣਾ ਜਾਨਸ਼ੀਨ ਪੈਦਾ ਨਹੀਂ ਕਰ ਸਕਿਆ, ...ਮੁਗਲਾਂ ਵਾਲੀ ਇਕ ਵੀ ਖੂਬੀ ਨਹੀਂ ਸੀ ਉਹਦੇ ਵਿਚ ਪਰ ਰੀਸਾਂ ਓਹਨਾਂ ਦੀਆਂ ਕਰਦਾ ਸੀ।"

"ਦੇਖੋ ਜੀ, ਇਹ ਮਹਜ਼ਬ ਈ ਭੈੜਾ ਏ, ਐਵੇਂ ਨਹੀਂ ਇਹਨਾਂ ਨੂੰ ਕਾਫਰ ਕਿਹਾ ਜਾਂਦਾ।"

"ਓ ਰਹਿਮਤ ਅਲੀ, ਮਜ਼ਬ ਦੀ ਗੱਲ ਨਹੀਂ

ਬਾਕੀ ਸਫ਼ਾ 56 'ਤੇ →

**ਹਰਜੀਤ ਅਟਵਾਲ ਦਾ ਨਾਵਲ 'ਅਕਾਲ ਸਹਾਏ' ਲੈਣ ਲਈ**

ਪੰਜਾਬ ਟਾਈਮਜ਼ ਵਿਚ ਲਗਾਤਾਰ ਛਪ ਰਿਹਾ ਇਤਿਹਾਸਕ ਨਾਵਲ 'ਅਕਾਲ ਸਹਾਏ' ਜੇ ਕਿਸੇ ਨੇ ਖਰੀਦਣਾ ਹੋਵੇ ਤਾਂ ਉਹ ਇਸ ਨਾਵਲ ਦੇ ਪਬਲਿਸ਼ਰ (ਸੰਗਮ ਪਬਲੀਕੇਸ਼ਨਜ਼) ਦੇ ਨਾਲ ਸੰਪਰਕ ਕਰ ਸਕਦੇ ਹਨ, ਜਾਂ ਹੋਰ ਜਾਣਕਾਰੀ ਲੈਣ ਲਈ ਨਾਵਲਕਾਰ ਹਰਜੀਤ ਅਟਵਾਲ ਦਾ ਨੰਬਰ 00 44 77 822 65726 ਹੈ।

SANGAM PUBLICATIONS
Sekhon Colony, Near bus stand.
SAMANA 147101, Dist: Patiala
Phone: 01764 223047 / 222 347
Mobile: 0091 98 152 43 917

## ਛੀਓੜੰਬਾ

# ਫੁਕਰੇ ਗਾਇਕਾਂ ਦਾ ਸੱਭਿਆਚਾਰ

ਨਵੇਂ ਸਾਲ ਮੌਕੇ ਇੱਕ ਪੰਜਾਬੀ ਗਾਇਕ ਲਈ ਦੇਸ ਦੀ ਰਾਜਧਾਨੀ ਦਿੱਲੀ ਦੀ ਫਿਰਨੀ ਉੱਤੇ ਪੈਂਦੇ ਹਰਿਆਣੇ ਦੇ ਸ਼ਹਿਰ ਗੁੜਗਾਓਂ 'ਚ ਇੱਕ ਪ੍ਰੋਗਰਾਮ ਰੱਖਿਆ ਗਿਆ ਸੀ। ਉਹ ਪ੍ਰੋਗਰਾਮ ਰੱਦ ਕਰ ਦਿੱਤਾ ਗਿਆ। ਪਿੱਛੋਂ ਇਹ ਪਤਾ ਲੱਗਾ ਕਿ ਪ੍ਰੋਗਰਾਮ ਰੱਦ ਕੀਤਾ ਨਹੀਂ ਗਿਆ, ਕਰਨਾ ਪੈ ਗਿਆ ਸੀ। ਕਾਰਨ ਇਸ ਦਾ ਇਹ ਸੀ ਕਿ ਜਿਸ ਗਾਇਕ ਵੱਲੋਂ ਇਹ ਪ੍ਰੋਗਰਾਮ ਪੇਸ਼ ਕੀਤਾ ਜਾਣਾ ਸੀ, ਉਸ ਦੀ ਗਾਇਕੀ ਨਾਲੋਂ ਵੱਧ ਨਾਲਾਇਕੀ ਦੀ ਧੁੰਮ ਪੈ ਗਈ ਸੀ।

ਇਹ ਧੁੰਮ ਉਸ ਨੂੰ ਅਦਾਲਤੀ ਕੇਸ ਤੱਕ ਵੀ ਲੈ ਗਈ ਸੀ। ਕਿਸੇ ਨੇ ਕੇਸ ਕਰ ਦਿੱਤਾ ਸੀ ਕਿ ਇਸ ਨੇ ਜੋ ਕੁਝ ਹੁਣ ਤੱਕ ਗਾਇਐ, ਉਸ ਨੇ ਸਮਾਜ ਦਾ ਭਲਾ ਕਰਨ ਦੀ ਥਾਂ ਗੰਦ ਹੀ ਵਰਤਾਇਐ। ਕੇਸ ਹੋਇਆ, ਤਾਂ ਜਿਸ ਹੋਟਲ ਵਿੱਚ ਪ੍ਰੋਗਰਾਮ ਕਰਨਾ ਸੀ, ਉਸ ਹੋਟਲ ਵਾਲੇ ਵੀ ਡਰ ਗਏ। ਉਨ੍ਹਾਂ ਨੂੰ ਲੋਕਾਂ ਦੇ ਰੋਹ ਦਾ ਵੀ ਸੰਸਾ ਸੀ। ਇਸ ਕਰ ਕੇ ਪ੍ਰੋਗਰਾਮ ਰੱਦ ਕਰਨ ਦਾ ਐਲਾਨ ਕਰਨ ਵਿੱਚ ਹੀ ਉਨ੍ਹਾਂ ਨੇ ਆਪਣੀ ਭਲਾਈ ਸਮਝੀ ਤੇ ਖਹਿੜਾ ਛੁਡਾ ਲਿਆ ਸੀ।

ਅਗਲੇ ਦਿਨਾਂ 'ਚ ਉਸ ਦੇ ਗਾਣਿਆਂ ਬਾਰੇ ਬਹਿਸ ਛਿੜ ਗਈ। ਕੁਝ ਲੋਕ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਹਰ ਵਕਤ ਝੰਡਾ-ਬਰਦਾਰ ਬਣੇ ਰਹਿਣਾ ਚਾਹੁੰਦੇ ਨੇ, ਉਹ ਉਸ ਦੇ ਪੱਖ ਵਿੱਚ ਆ ਗਏ। ਦੂਸਰੇ ਇਸ ਤੋਂ ਕੁਝ ਕੌੜ ਖਾ ਗਏ। ਬਹਿਸ ਭੱਖ ਗਈ, ਤਾਂ ਟੀਵੀ ਚੈਨਲਾਂ ਵੱਲ ਲੋਕਾਂ ਦੀਆਂ ਨਿਗਾਹਾਂ ਲੱਗ ਗਈਆਂ। ਇਸ



'ਚ ਇੱਕ ਰਾਏ ਇਹ ਆਈ ਕਿ ਗਾਇਕ ਜੋ ਕੁਝ ਗਾਉਂਦੈ, ਉਹ ਸਭਿਆਚਾਰ ਨੂੰ ਵੀ ਮਿੱਟੀ ਵਿੱਚ ਮਿਲਾਉਂਦੈ। ਜਿਹੜੇ ਇਸ ਰਾਏ ਵਾਲੇ ਸਨ, ਉਨ੍ਹਾਂ ਨੇ ਇਹ ਕਿਹਾ ਕਿ ਜੇ ਇਹ ਕੁਝ ਪਰੋਸਿਆ ਜਾਂਦਾ ਹੈ, ਤਾਂ ਸਮਾਜ ਲਈ ਚੰਗਾ ਨਹੀਂ। ਦੂਸਰਿਆਂ ਨੇ ਇਹ ਕਿਹਾ ਕਿ ਜੋ ਉਸ ਦੀ ਮਰਜ਼ੀ ਹੈ, ਉਹ ਗਾਵੇ, ਕਿਸੇ ਨੂੰ ਇਤਰਾਜ਼ ਕਰਨ ਦਾ ਹੱਕ ਨਹੀਂ ਤੇ ਜਿਸ ਨੂੰ ਚੰਗਾ ਨਹੀਂ ਲੱਗਦੈ, ਉਹ ਇਸ ਨੂੰ ਨਾ ਵੇਖੇ, ਗਾਇਕ ਨੂੰ ਰੋਕਣ ਦੀ ਲੋੜ ਨਹੀਂ। ਗਾਇਕ ਦੇ ਵਿਰੋਧੀਆਂ ਨੇ ਕਿਹਾ ਕਿ ਇਸ ਦਾ ਬੱਚਿਆਂ ਉੱਤੇ ਬੁਰਾ ਅਸਰ ਪੈ ਸਕਦੈ। ਮਾਂ-ਬਾਪ ਹਰ ਗੱਲ ਚੈੱਕ ਨਹੀਂ ਕਰ ਸਕਦੇ, ਬੱਚਾ ਲੁਕ ਕੇ ਵੀ ਵੇਖੇ ਤਾਂ ਕੁਰਾਹੇ ਪਵੇਗਾ। ਗਾਇਕ ਦੇ ਸਾਥੀ ਇਹ ਕਹਿੰਦੇ ਸਨ ਕਿ ਅੱਜ-ਕੱਲ੍ਹ ਦੇ ਬੱਚੇ ਜੋ ਕੁਝ ਵੇਖਦੇ ਨੇ, ਉਸ ਨੂੰ ਲੈ ਕੇ ਉਹ ਗ਼ਲਤ ਰਾਹੇ ਪੈ ਜਾਣ, ਇਸ ਤਰ੍ਹਾਂ ਦੀ ਕੋਈ ਮਿਸਾਲ ਪੇਸ਼ ਨਹੀਂ ਕੀਤੀ ਜਾ ਸਕਦੀ, ਇਹ ਐਵੇਂ ਹਊਆ ਬਣਾਇਆ ਜਾ ਰਿਹੈ।

ਛੀਓੜੰਬਾ ਉਨ੍ਹਾਂ ਦੀ ਦਲੀਲ ਦੀ ਕਾਟ ਲਈ ਠੋਸ ਮਿਸਾਲ ਨਹੀਂ ਪੇਸ਼ ਕਰ ਸਕਦਾ, ਪਰ ਇੱਕ ਸੁਣੀ ਹੋਈ ਗੱਲ ਦੱਸਣ ਦੀ ਉਹ ਆਗਿਆ ਚਾਹੇਗਾ, ਜਿਹੜੀ ਇਸ ਨੇ ਆਪਣੇ ਆਪ ਹੀ ਵਰਤ ਲੈਣੀ ਹੈ।

ਸੱਜਣ ਜੀਓ, ਇੱਕ ਵਾਰੀ ਇੱਕ ਮੀਆਂ-ਬੀਵੀ ਆਪਣੇ ਬੱਚੇ ਨਾਲ ਗੱਬਰ ਸਿੰਘ ਵਾਲੀ 'ਸ਼ੋਅਲੇ' ਫ਼ਿਲਮ ਵੇਖਣ ਚਲੇ ਗਏ ਤੇ ਰਾਹ ਵਿੱਚੋਂ ਛੋਲੇ ਵੀ ਖਾ ਕੇ ਕੁਵੇਲੇ ਘਰ ਪਰਤੇ। ਆ ਕੇ ਇੱਕ ਪੈੱਗ ਲਾ ਕੇ ਮੱਧ-ਵਰਗੀਏ ਮਰਦ ਨੇ ਬੜੇ ਰੁਮਾਂਟਿਕ ਜਿਹੇ ਮੂਡ ਵਿੱਚ ਆਪਣੀ ਪਤਨੀ ਵੱਲ ਵੇਖਿਆ ਤੇ ਫਿਰ 'ਸ਼ੋਅਲੇ' ਫ਼ਿਲਮ ਵਾਲਾ ਗੱਬਰ ਸਿੰਘ ਦਾ ਡਾਇਲਾਗ ਦੁਹਰਾ ਦਿੱਤਾ : 'ਚੱਲ ਮੇਰੀ ਛਮਕ ਛੱਲੋ, ਜ਼ਰਾ ਨਾਚ ਕੇ ਦਿਖਲਾ ਦੇ।'

ਉਨ੍ਹਾਂ ਦੇ ਨਾਲ ਫਿਲਮ ਵੇਖ ਕੇ ਆਏ ਜਵਾਕ ਨੇ ਕਚੀਚੀ ਵੱਟੀ ਤੇ ਝੱਟ ਅਗਲਾ ਡਾਇਲਾਗ ਬੋਲ ਦਿੱਤਾ-'ਇਸ ਕੁੱਤੇ ਕਮੀਨੇ ਕੇ ਸਾਮਨੇ ਤੂ ਮੱਤ ਨਾਚਨਾ ਬਸੰਤੀ!'

ਪੰਜਾਬ ਦੇ ਜੰਮੇ ਉਸ ਗਾਇਕ ਘੱਟ ਤੇ ਨਾਲਾਇਕ ਵੱਧ ਛੋਕਰੇ ਦੇ ਗਾਏ ਗੀਤ ਵੀ ਜੇ ਕੱਲ੍ਹ ਨੂੰ ਬੱਚਿਆਂ ਨੂੰ ਸੁਣ ਗਏ, ਤਾਂ ਉਸ ਮੱਧ ਵਰਗੀ ਜੋੜੇ ਦੇ ਬੱਚੇ ਵਾਂਗ ਲਾਈਨਾਂ ਘਰਾਂ ਤੋਂ ਲੈ ਕੇ ਸਕੂਲਾਂ ਤੱਕ ਦੁਹਰਾਉਂਦੇ ਨਜ਼ਰ ਆਉਣਗੇ।

# ਨਵੇਂ ਗ੍ਰਹਿਆਂ 'ਤੇ ਮਿਲ ਸਕਦੈ ਨੇ ਏਲੀਅਨਜ਼!



ਲੰਡਨ-ਪੁਲਾੜ ਵਿਗਿਆਨੀਆਂ ਦਾ ਮੰਨਣਾ ਹੈ ਕਿ ਸੁਪਰ ਹਿਟ ਹਾਲੀਵੁਡ ਫਿਲਮ 'ਅਵਤਾਰ' 'ਚ ਵਿਖਾਏ ਗਏ ਚੰਦਰਮਾ 'ਪੰਡੋਰਾ' ਵਰਗੇ ਚੰਦਰਮਿਆਂ 'ਤੇ ਏਲੀਅਨ (ਦੂਸਰੇ ਗ੍ਰਹਿਾਂ ਦੇ ਪ੍ਰਾਣੀ) ਨੂੰ ਲੱਭਿਆ ਜਾ ਸਕਦਾ ਹੈ। ਡੇਲੀ ਮੇਲ ਦੀ ਰਿਪੋਰਟ ਮੁਤਾਬਿਕ ਪੁਲਾੜ ਵਿਗਿਆਨੀਆਂ ਨੇ ਇਹ ਨਤੀਜਾ 15 ਨਵੇਂ ਗ੍ਰਹਿਆਂ ਦੀ ਪਛਾਣ ਕਰਨ ਤੋਂ ਬਾਅਦ ਕੱਢਿਆ ਹੈ। ਇਹ ਗ੍ਰਹਿ ਤਾਰਿਆਂ ਦੀ ਅਜਿਹੀ ਕਲਾਸ 'ਚ ਚੱਕਰ ਲਾ ਰਹੇ ਹਨ, ਜਿੱਥੇ ਜੀਵਨ ਵਰਗੀਆਂ ਸਥਿਤੀਆਂ ਹੋ ਸਕਦੀਆਂ ਹਨ। ਇਨ੍ਹਾਂ ਸਾਰਿਆਂ ਦਾ ਆਕਾਰ ਬ੍ਰਹਿਸਪਤੀ ਜਾਂ ਨੈਪਚੂਨ ਵਾਂਗ ਹੈ। ਹਾਲਾਂਕਿ ਇਨ੍ਹਾਂ ਗ੍ਰਹਿਾਂ 'ਤੇ ਧਰਤੀ ਦੀ ਤਰ੍ਹਾਂ ਜੀਵਨ ਦੀਆਂ ਸੰਭਾਵਨਾਵਾਂ ਨਹੀਂ ਹਨ, ਪਰ ਇਨ੍ਹਾਂ ਦੀ ਪ੍ਰਕਰਮਾ ਕਰ ਰਹੇ ਚੰਦਰਮਾਵਾਂ 'ਤੇ ਜੰਗਲ, ਸਮੁੰਦਰ ਅਤੇ ਜਿਊਂਦੇ ਪ੍ਰਾਣੀ ਦੇ ਸਕਦੇ ਹਨ। ਆਕਸਫੋਰਡ ਯੂਨੀਵਰਸਿਟੀ ਦੇ ਪੁਲਾੜ ਵਿਗਿਆਨੀ ਡਾ. ਕ੍ਰਿਸ ਲਿੰਟਾਟ ਨੇ ਕਿਹਾ ਕਿ ਧਰਤੀ ਵਰਗੇ ਗ੍ਰਹਿ ਨੂੰ ਲੱਭਣ ਨੂੰ ਲੈ ਕੇ ਵਿਗਿਆਨੀਆਂ 'ਚ ਜਨੂੰਨ ਹੈ। ਉਨ੍ਹਾਂ ਕਿਹਾ ਕਿ ਪੀਐਚ2ਬੀ ਵਰਗੇ ਗ੍ਰਹਿਆਂ ਦੀ ਖੋਜ ਕੀਤੀ ਜਾ ਰਹੀ ਹੈ, ਜੋ ਅਜੇ ਵੀ ਸਾਡੇ ਲਈ ਅਜਨਬੀ ਹਨ।

# ਲੜੀਵਾਰ ਨਾਵਲ

⟶ 55 ਸਫੇ ਦੀ ਬਾਕੀ

ਇਹਦੇ ਵਿਚ ਕੋਈ, ਇਹ ਤਾਂ ਬੰਦਿਆਂ ਦੀ ਗੱਲ ਏ, ਮੁਗਲਾਂ ਵਿਚ ਬਥੇਰਾ ਕੁਝ ਹੋਇਆ ਏ, ਅਸਲ ਵਿਚ ਸਾਨੂੰ ਇਹ ਲੋਕ ਬਹੁਤੇ ਬੁਰੇ ਤਾਂ ਲਗਦੇ ਨੇ ਕਿ ਪੰਜਾਬ ਦੇ ਇਤਿਹਾਸ ਵਿਚ ਮੁਸਲਮਾਨਾਂ ਨੇ ਹੀ ਰਾਜ ਕੀਤਾ ਏ ਤੇ ਅਸੀਂ ਕਿਸੇ ਹੋਰ ਮਜ਼ਬ ਦਾ ਰਾਜ ਕਿਵੇਂ ਦੇਖ ਸਕਦੇ ਹਾਂ।"

ਯਾਕੂਬ ਅਲੀ ਉਹਨਾਂ ਵਿਚੋਂ ਉਮਰ ਵਿਚ ਵੱਡਾ ਸੀ ਤੇ ਸਾਰੇ ਉਸ ਦੀ ਗੱਲ ਨੂੰ ਧਿਆਨ ਨਾਲ ਸੁਣਦੇ ਸਨ। ਉਸ ਦੀ ਗੱਲ 'ਤੇ ਰਹਿਮਤ ਅਲੀ ਕਹਿਣ ਲਗਿਆ,

"ਮੀਆਂ ਜੀ, ਤੁਸੀਂ ਠੀਕ ਕਹਿੰਦੇ ਓ ਪਰ ਇਹਨਾਂ ਨੇ ਮੁਸਲਮਾਨਾਂ ਨਾਲ ਬਹੁਤ ਜ਼ਿਆਦਤੀਆਂ ਕੀਤੀਆਂ ਨੇ। ਰਣਜੀਤ ਸਿੰਘ ਦਾ ਜਿਸ ਮੁਸਲਮਾਨਣੀ ਉਪਰ ਦਿਲ ਆ ਜਾਂਦਾ ਸੀ ਚੁੱਕ ਕੇ ਆਪਣੇ ਹਰਮ ਵਿਚ ਪਾ ਲੈਂਦਾ ਸੀ।"

"ਨਹੀਂ ਰਹਿਮਤ ਅਲੀ, ਇਹ ਜਿਹੜੀਆਂ ਹਰਮ ਵਿਚ ਪਾਈਆਂ ਇਸ ਕਿਸੇ ਇਜ਼ਤਦਾਰ ਕਬੀਲੇ ਵਿਚੋਂ ਨਹੀਂ ਸਨ, ਰੰਡੀਆਂ ਔਰਤਾਂ ਨਾਲ ਵਿਆਹ ਕਰਕੇ ਜਾਂ ਹਰਮ ਵਿਚ ਪਾ ਕੇ ਕੋਈ ਬੰਦਾ ਵੱਡਾ ਨਹੀਂ ਬਣ ਜਾਂਦਾ। ਰਣਜੀਤ ਸਿੰਘ ਵਿਚ ਬਾਕੀ ਦੇ ਰਜਿਆਂ ਵਾਲੇ ਈ ਗੁਣ-ਨੁਕਸ ਸਨ।"

"ਮੇਰੇ ਬਾਬਾ ਜਾਨ ਸਨ, ਔਲਾ ਜੱਨਤ ਨਸੀਬ ਕਰੇ ਉਹਨਾਂ ਨੂੰ, ਦਸਦੇ ਹੁੰਦੇ ਸਨ ਕਿ ਰਣਜੀਤ ਸਿੰਘ ਨੇ ਵੀ ਸਾਡੇ ਮੁਸਲਮਾਨਾਂ ਉਪਰ ਪਹਿਲੀਆਂ ਵਿਚ ਬਹੁਤ ਜ਼ੁਲਮ ਕੀਤਾ ਏ, ਬਹੁਤ ਸਾਰੇ ਨਹੱਕੇ ਲੋਕਾਂ ਨੂੰ ਮਾਰਿਆ ਸੀ।"

"ਇਹ ਸਾਰੇ ਰਾਜਿਆਂ ਦਾ ਕੰਮ ਹੁੰਦਾ ਏ, ਆਪਣੇ ਵਿਰੋਧੀਆਂ ਨਾਲ ਇਵੇਂ ਹੀ ਕਰਦੇ ਨੇ।"

"ਅਸੀਂ ਤਾਂ ਉਹਨਾਂ ਦੇ ਵਿਰੋਧੀ ਸੀਗੇ ਹੀ, ਰੋਟੀ-ਬੇਟੀ ਦੀ ਸਾਡੀ ਸਾਂਝ ਨਹੀਂ, ਮਜ਼ਬ ਵਿਚ ਸਾਡੀ ਕੋਈ ਨੇੜਤਾ ਨਹੀਂ, ਏਹਨਾਂ ਨਾਲੋਂ ਤਾਂ ਫਿਰੰਗੀ ਪੰਜਾਹ ਗੱਲਾਂ ਵਿਚ ਸਾਡੇ ਨੇੜੇ ਨੇ, ਗੋਕਾ ਉਹ ਖਾਂਦੇ ਨੇ, ਆਖਰੀ ਮੰਜ਼ਲ ਉਹਨਾਂ ਦੀ ਵੀ ਸਾਡੇ ਵਾਂਗ ਕਬਰ ਏ, ਸੁਣਿਆਂ ਏ ਰੋਜ਼ੇ ਵੀ ਰਖਦੇ ਨੇ।"

"ਮੈਂ ਤੁਹਾਨੂੰ ਸੱਚੀ ਗੱਲ ਦਸਾਂ, ਮੈਂ ਤਾਂ ਸਦਾ ਈ ਫਿਰੰਗੀਆਂ ਦੀ ਜਿੱਤ ਲਈ ਦੁਆਵਾਂ ਮੰਗੀਆਂ, ਹੁਣ ਤੁਸੀਂ ਆਪ ਦੇਖੋ ਜਿੰਦਨ ਦੇ ਫਿਰੰਗੀ ਆਏ ਨੇ ਲਹੌਰ ਵਿਚ ਕਿੰਨਾ ਅਮਨ ਏ, ਜਿਹੜੇ ਆਹ ਕੁਝ ਹਾਦਸੇ ਹੋਏ ਨੇ ਇਹ ਵੀ ਹਿੰਦੂਆਂ ਦੇ ਆਪ ਖੜੇ ਕੀਤੇ ਹੋਏ ਨੇ।"

"ਅਮਿਰ ਮਲਿਕ, ਮੈਂ ਤੁਹਾਡੇ ਸਾਰਿਆਂ ਤੋਂ ਵੱਡਾ ਵਾਂ ਤੇ ਮੈਂ ਬਹੁਤਾ ਕੁਝ ਦੇਖਿਆ ਏ, ਮੈਂ ਸਰਕਾਰ ਦਾ ਵਕਤ ਵੀ ਦੇਖਿਆ ਏ ਉਸ ਤੋਂ ਬਾਅਦ ਵਾਲਾ ਵੀ, ਆਹ ਫਿਰੰਗੀਆਂ ਦਾ ਤਾਂ ਹਾਲੇ ਕੱਲ ਸ਼ੁਰੂ ਹੋਇਆ ਏ, ਬਿਨਾਂ ਸ਼ੱਕ ਫਿਰੰਗੀ ਸਾਡੇ ਜ਼ਿਆਦਾ ਨੇੜੇ ਨੇ ਪਰ ਰਣਜੀਤ ਸਿੰਘ ਵੇਲੇ ਵੀ ਸਭ ਠੀਕ ਰਿਹਾ ਏ। ਸਾਡੀਆਂ ਅਲੱਗ ਸ਼ੀਆ ਅਦਾਲਤਾਂ ਲਗਦੀਆਂ ਰਹੀਆਂ ਨੇ, ਹਰ ਮਸੀਤ ਨਾਲ ਮਦਰ-ਸਾ ਖੋਹਲਣ ਦਾ ਇੰਤਜ਼ਾਮ ਓਹਨੇ ਕੀਤਾ ਸੀ।"

"ਇਹ ਤਾਂ ਜੀ ਓਹਨੇ ਹਿੰਦੂਆ ਦੀ ਨਾਗਰੀ ਤੇ ਸਿੱਖਾਂ ਦੀ ਗੁਰਮੁੱਖੀ ਲਈ ਮਦਰੱਸੇ ਵੀ ਖੋਹਲੇ ਨੇ, ਉਹ ਤਾਂ ਫਿਰੰਗੀਆਂ ਦੀ ਜ਼ੁਬਾਨ ਲਈ ਵੀ ਖੋਹਲਣਾ ਚਾਹੁੰਦਾ ਸੀ।"

"ਕੁਝ ਵੀ ਕਹੋ, ਜਾਪਦਾ ਏ ਫਿਰੰਗੀ ਮੁਸਲਮਾਨਾਂ ਲਈ ਚੰਗੇ ਰਹਿਣਗੇ, ਮੁਸਲਮਾਨਾਂ ਨਾਲ ਚੰਗਾ ਤੁਆਵਨ ਕਰਨਗੇ। ਆਓ, ਆਪਾਂ ਸਭ ਰਲ਼ ਕੇ ਫਿਰੰਗੀਆਂ ਦੇ ਰਾਜ ਲਈ ਦੁਆ ਕਰੀਏ।"

ਇਸ ਤੋਂ ਪਹਿਲਾਂ ਕਿ ਕੋਈ ਹੋਰ ਕੁਝ ਬੋਲਦਾ, ਪਰੇਵਜ਼ ਸ਼ਾਹ ਕਹਿਣ ਲਗਿਆ,

"ਦੇਖੋ, ਮੀਂਹ ਹਟ ਗਿਆ, ਮੈਨੂੰ ਤਾਂ ਹੱਟੀ ਤੇ ਪੁਜਣਾ ਏ।"

ਆਖਦਾ ਉਹ ਬਾਹਰ ਨਿਕਲ ਗਿਆ ਤੇ ਉਸ ਦੇ ਮਗਰ ਹੀ ਸਭ ਉਠ ਤੁਰੇ।...

ਹਾਲੇ ਕੁਝ ਦਿਨ ਪਹਿਲਾਂ ਦੀ ਤਾਂ ਗੱਲ ਸੀਅੰਗਰੇਜ਼ਾਂ ਦੇ ਲਹੌਰ ਪੁੱਜਣ ਤੋਂ ਬਾਅਦ ਜਦ ਪਹਿਲੀ ਵਾਰ ਦਰਬਾਰ ਲਗਿਆ ਤਾਂ ਲੌਰਡ ਹਾਰਡਿੰਗ ਵਿਸ਼ੇਸ਼ ਤੌਰ ਤੇ ਕਾਰਵਾਈ ਦੇਖਣ ਆਇਆ ਸੀ। ਮਹਾਂਰਾਜੇ ਨੂੰ ਤਾਂ ਪਹਿਲਾਂ ਉਹ ਮਿਲ ਹੀ ਚੁਕਿਆ ਸੀ ਪਰ ਰਾਣੀ ਜਿੰਦਾਂ ਨੂੰ ਪਹਿਲੀ ਵਾਰ ਮਿਲ ਰਿਹਾ ਸੀ। ਉਸ ਨੇ ਰਾਣੀ ਬਾਰੇ ਬਹੁਤ ਕੁਝ ਸੁਣ ਰਖਿਆ ਸੀ ਕਿ ਉਹ ਆਮ ਹਿੰਦੁਸਤਾਨੀ ਔਰਤਾਂ ਵਰਗੀ ਔਰਤ ਨਹੀਂ ਹੈ ਬਲਕਿ ਬਹੁਤ ਜਜ਼ਬੇ ਵਾਲੀ ਤੀਵੀਂ ਹੈ, ਮਰਦਾਂ ਵਾਂਗ ਹੀ ਦਰਬਾਰ ਵਿਚ ਆਉਂਦੀ ਜਾਂਦੀ ਹੈ ਸੋ ਹੁਣ ਉਹ ਰਾਣੀ ਨੂੰ ਮਿਲਣਾ ਵੀ ਚਾਹੁੰਦਾ ਸੀ। ਉਸ ਨੇ ਰਾਣੀ ਨੂੰ ਵਿਸ਼ੇਸ਼ ਸੁਨੇਹਾ ਭੇਜ ਕੇ ਦਰਬਾਰ ਵਿਚ ਬੁਲ-ਾਇਆ। ਰਾਣੀ ਆਪਣੀਆਂ ਗੋਲੀਆਂ ਸਮੇਤ ਪਰਦੇ ਪਿੱਛੇ ਬੈਠ ਗਈ ਸੀ। ਲਾਰਡ ਹਾਰਡਿੰਗ ਨੇ ਰਾਣੀ ਨਾਲ ਤੇ ਹੋਰ ਦਰਬਾਰੀਆਂ ਨਾਲ ਬਹੁਤ ਸਾਰੀਆਂ ਗੱਲਾਂ ਕੀਤੀਆਂ। ਉਸ ਨੇ ਮਹਾਂਰਾਜਾ ਦਲੀਪ ਸਿੰਘ ਦੀਆਂ ਸਿਫਤਾਂ ਦੇ ਪੁਲ ਬੰਨ ਦਿਤੇ। ਰਣਜੀਤ ਸਿੰਘ ਨਾਲ ਅੰਗਰੇਜ਼ਾਂ ਦੀ ਦੋਸਤੀ ਦੀ ਸ਼ਲਾਘਾ ਵੀ ਕਰਦਾ ਰਿਹਾ।

ਦਰਬਾਰ ਦਾ ਮੁਆਇਨਾ ਕਰਦਾ ਲਾਰਡ ਹਾਰਡਿੰਗ ਤਖਤ ਕੋਲ ਜਾ ਖੜਿਆ। ਉਹ ਤਖਤ ਉਪਰ ਹੱਥ ਫੇਰ ਕੇ ਦੇਖਣ ਲਗਿਆ ਤੇ ਸੋਚਣ ਲਗਿਆ ਕਿ ਇਹਦੀ ਖਾਤਰ ਕਿੰਨੀਆਂ ਜਾਨਾਂ ਗਈਆਂ। ਇਹਦੀ ਖਾਤਰ ਉਹਨਾਂ ਨੇ ਵੀ ਕਿੰਨੇ ਸੁਫਨੇ ਦੇਖੇ ਤੇ ਕਿੰਨੇ ਸਾਲ ਲਗ ਗਏ ਸੁਫਨਾ ਪੂਰਾ ਹੋਣ ਵਿਚ ਤੇ ਕਿੰਨਾ ਨੁਕਸਾਨ ਝੱਲਣਾ ਪਿਆ ਇਸ ਲਈ। ਉਸ ਨੇ ਦੀਵਾਨ ਦੀਨਾ ਨਾਥ ਨੂੰ ਪੁੱਛਿਆ,

"ਮਹਾਂਰਾਜਾ ਰਣਜੀਤ ਸਿੰਘ ਦੇ ਇਸ ਤਖਤ ਦੀ ਕੀ ਖਾਸੀਅਤ ਏ?"

"ਸਾਬ, ਇਹ ਤਖਤ ਹਾਫਿਜ਼ ਮੁਹੰਮਦ ਮੁਲਤਾਨੀ ਨੇ ਬਣਾਇਆ ਸੀ। ਮਜ਼ਬੂਤ ਲਕੜੀ ਦੇ ਉਪਰ ਸੋਨੇ ਦੇ ਪੱਤਰ ਲਗਾ ਕੇ। ਹਾਫਿਜ਼ ਮੁਹੰਮਦ ਮੁਲਤਾਨੀ ਨੇ ਇਹ ਵਾਅਦਾ ਕੀਤਾ ਸੀ ਕਿ ਇਹ ਤਖਤ ਇੰਨਾ ਮਜ਼ਬੂਤ ਏ ਕਿ ਸਦੀਆਂ ਤਕ ਸਲਾਮਤ ਰਹੇਗਾ।"

ਹਾਰਡਿੰਗ ਸੋਚਣ ਲਗਿਆ ਕਿ ਸ਼ਾਇਦ ਉਹ ਠੀਕ ਕਹਿ ਰਿਹਾ ਸੀ। ਹੁਣ ਇਹ ਤਖਤ ਸਹੀ ਹੱਥਾ ਵਿਚ ਪੁੱਜ ਚੁਕਿਆ ਸੀ ਤੇ ਇਸ ਨੇ ਸਲਾਮਤ ਰਹਿਣਾ ਹੀ ਸੀ। ਫਿਰ ਉਸ ਨੇ ਹੈਨਰੀ ਨੂੰ ਕੁਝ ਕਿਹਾ ਸੀ। ਹੈਨਰੀ ਨੇ ਵਜ਼ੀਰ ਲਾਲ ਸਿੰਘ ਦੇ ਕੰਨ ਵਿਚ ਕੁਝ ਕਿਹਾ ਸੀ ਤੇ ਲਾਲ ਸਿੰਘ ਨੇ ਅਗੇ ਤੋਸ਼ੇਖਾਨੇ ਦੇ ਮੁਖੀ ਨੂੰ ਸੱਦਿਆ ਤੇ ਉਹ ਇਕ ਤਸ਼ਤਰੀ ਵਿਚ ਸ਼ਨੀਲ ਦਾ ਛੋਟਾ ਜਿਹਾ ਥੈਲਾ ਰੱਖ ਲਿਆਇਆ। ਲਾਲ ਸਿੰਘ ਤਸ਼ਤਰੀ ਉਸ ਤੋਂ ਫੜੀ ਤੇ ਗਵਰਨਰ ਜਨਰਲ ਦੇ ਮੂਹਰੇ ਕਰ ਦਿਤੀ। ਹਾਰਡਿੰਗ ਨੇ ਥੈਲਾ ਚੁਕਿਆ ਤੇ ਉਤਸੁਕਤਾ ਨਾਲ ਉਠਾ ਕੇ ਇਸ ਨੂੰ ਖੋਹਲਣ ਲਗਿਆ। ਅਗਲੇ ਹੀ ਪਲ ਰੌਸ਼ਨੀ ਨਾਲ ਭਰਿਆ ਇਕ ਗੋਲ਼ਾ ਉਸ ਦੇ ਹੱਥ ਵਿਚ ਸੀ। ਉਹ ਲਲਚਾਈਆਂ ਅੱਖਾਂ ਨਾਲ ਇਸ ਰੌਸ਼ਨੀ ਦੇ ਇਸ ਗੋਲ਼ੇ ਵਲ ਦੇਖਣ ਲਗਿਆ ਤੇ ਉਸ ਦੇ ਫੜਕਦੇ ਬੁੱਲ ਬੋਲੇ, 'ਕੋਹੇਨੂਰ!' ਸਾਰੇ ਦਰਬਾਰੀ ਲੌਰਡ ਹਾਰਡਿੰਗ ਵਲ ਦੇਖ ਰਹੇ ਸਨ। ਫਿਰ ਹਾਰਡਿੰਗ ਨੇ ਥੈਲੇ ਵਿਚੋਂ ਹੀ ਇਕ ਬੱਧਰੀ ਕੱਢੀ ਉਸ ਵਿਚ ਕੋਹੇਨੂਰ ਪਾ ਕੇ ਦਲੀਪ ਸਿੰਘ ਦੀ ਬਾਂਹ ਤੇ ਬੰਨ ਦਿਤਾ। ਸਾਰੇ ਦਰਬਾਰੀਆਂ ਦੇ ਚਿਹਰੇ ਖਿੜ ਗਏ। ਰਾਣੀ ਜਿੰਦਾਂ ਵੀ ਇਹ ਸਭ ਦੇਖ ਰਹੀ ਸੀ। ਉਸ ਨੂੰ ਇਹ ਗੱਲ ਬਹੁਤ ਚੰਗੀ ਲਗੀ ਤੇ ਹਾਰਡਿੰਗ ਵੀ।

ਕੁਝ ਦੇਰ ਸਭ ਠੀਕ ਰਿਹਾ ਪਰ ਫਿਰ ਅੰਗਰੇਜ਼ਾਂ ਦੇ ਤੌਰ ਤਰੀਕੇ ਬਦਲਨ ਲਗੇ। ਲੌਰਡ ਹਾਰਡਿੰਗ ਕਲਕੱਤੇ ਚਲੇ ਗਿਆ ਕਿਉਂਕਿ ਉਸ ਨੇ ਬਾਕੀ ਬਚਦੇ ਹਿੰਦੁਸਤਾਨ ਨੂੰ ਵੀ ਦੇਖਣਾ ਸੀ। ਮੇਜਰ ਹੈਨਰੀ ਲਾਰੰਸ ਰੈਜ਼ੀਡੈਂਟ ਬਣਿਆਂ ਤਾਂ ਉਹ ਦਰਬਾਰ ਦੇ ਕਈ ਕੰਮਾਂ ਵਿਚ ਦਖ਼ਲ ਦੇਣ ਲਗ ਪਿਆ। ਹੁਣ ਉਸ ਦਾ ਦਖ਼ਲ ਦਿਨੋ ਦਿਨ ਵਧ ਰਿਹਾ ਸੀ ਤੇ ਰਾਣੀ ਲਈ ਤੇ ਹੋਰ ਦਰਬਾਰੀਆਂ ਲਈ ਵੀ ਤਕਲੀਫਦੇਹ ਹੋ ਰਿਹਾ ਸੀ।...

ਚਲਦਾ...

# ਰੰਗਲਾ ਪੰਜਾਬ ਕਿ ਕੰਗਲਾ ਪੰਜਾਬ !


ਲੇਖਕ :
ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
*(M.A, M.PHIL, BJMC, B.ED)*
ਲੈਸਟਰ
Mob: 07806945964
E- mail: dhillon@ntlworld.com




**ਕਿਸ਼ਤ – 30**

## ਬੀਮਾਰੀਆਂ ਦੇ ਲਪੇਟ ਵਿਚ ਪੰਜਾਬ

ਵੈਸੇ ਤਾਂ ਦੁੱਖ ਅਤੇ ਸੁੱਖ ਮਨੁੱਖੀ ਜੀਵਨ ਦਾ ਅਨਿੱਖੜ ਅੰਗ ਹਨ । ਹਰ ਮਨੁੱਖ ਨੂੰ ਆਪਣੇ ਜੀਵਨ ਵਿਚ ਸਮੇਂ ਸਮੇਂ 'ਤੇ ਇਹਨਾਂ ਦਾ ਸਾਹਮਣਾ ਕਰਨਾ ਹੀ ਪੈਂਦਾ ਹੈ । ਪਰ ਫੇਰ ਵੀ ਜੇਕਰ ਦੁੱਖਾਂ ਤੋਂ ਬਚਣ ਵਾਸਤੇ ਮਨੁੱਖ ਨਿਰੰਤਰ ਉਪਰਾਲੇ ਕਰਦਾ ਰਹੇ ਤਾਂ ਜਿਥੇ ਉਹ ਲੰਮਾ ਸਮਾਂ ਨਿਰੋਗ ਅਤੇ ਤੰਦਰੁਸਤ ਬਣਿਆ ਰਹੇਗਾ ਉੱਥੇ ਸੁਖੀ ਅਤੇ ਖੁਸ਼ਹਾਲ ਵੀ ਰਹੇਗਾ। ਸਿਆਣੇ ਕਹਿੰਦੇ ਹਨ ਕਿ ਦੁੱਖ ਆਉਂਦੇ ਨਹੀਂ ਉਹਨਾਂ ਨੂੰ ਅਵਾਜ਼ ਮਾਰੀ ਜਾਂਦੀ ਹੈ ਅਰਥਾਤ ਸਮੂਹ ਦੁੱਖ ਮਨੁੱਖੀ ਭੁੱਲ ਦਾ ਨਤੀਜਾ ਹੁੰਦੇ ਹਨ। ਜਦੋਂ ਵੀ ਅਸੀਂ ਆਪਣੇ ਪ੍ਰਤੀ ਥੋੜੀ ਜਿਹੀ ਲਾ ਪ੍ਰਵਾਹੀ ਵਰਤਦੇ ਹਾਂ ਤਾਂ ਬਹੁਤੀਆਂ ਹਾਲਤਾਂ ਵਿਚ ਸਾਨੂੰ ਦੁੱਖ ਜਾਂ ਮੁਸੀਬਤ ਦਾ ਹੀ ਸਾਹਮਣਾ ਕਰਨਾ ਪੈਂਦਾ ਹੈ ਤੇ ਫੇਰ ਉਸ ਤੋਂ ਛੁਟਕਾਰਾ ਪਾਉਣ ਵਾਸਤੇ ਜਿਹੜੇ ਜ਼ਫਰ ਜਾਲਣੇ ਪੈਂਦੇ ਹਨ, ਉਹਨਾਂ ਦਾ ਤਾਂ ਕਈ ਵਾਰ ਕੋਈ ਤਣ ਪੱਤਣ ਹੀ ਨਹੀਂ ਹੁੰਦਾ ਭਾਵ ਉਹ ਦੁੱਖ ਫਿਰ ਕਈ ਵਾਰ ਤਾਂ ਪੂਰੇ ਜੀਵਨ ਹੀ ਨਾਲ ਨਿਭਦੇ ਹਨ ਤੇ ਉਹਨਾਂ ਦਾ ਅੰਤ ਪੀੜਤ ਮਨੁੱਖ ਦੇ ਜੀਵਨ ਦੇ ਅੰਤ ਨਾਲ ਹੀ ਹੁੰਦਾ ਹੈ । ਮੈਂ ਇਹ ਗੱਲ ਫੇਰ ਦੁਹਰਾਉਂਦਾ ਹਾਂ ਕਿ ਦੁੱਖ ਆਉਂਦੇ ਨਹੀਂ ਸਗੋਂ ਸਹੇੜੇ ਜਾਂਦੇ ਹਾਂ। ਆਪਣੀ ਇਸ ਉਕਤ ਧਾਰਨਾ ਦੀ ਪੁਸ਼ਟੀ ਹਿਤ ਇਕ ਉਦਾਹਰਣ ਦੇ ਕੇ ਗੱਲ ਅੱਗੇ ਤੋਰਨੀ ਚਾਹਾਂਗਾ । ਅਜੋਕਾ 21ਵੀਂ ਸਦੀ ਦਾ ਮਨੁੱਖ ਕੁਦਰਤ ਨਾਲ ਬੇਵਜਹਾ ਛੇੜਖਾਨੀ ਕਰਨ ਦਾ ਆਦੀ ਹੋ ਚੁੱਕਾ ਹੈ, ਜਿਸ ਦੇ ਭਿਆਨਕ ਨਤੀਜੇ ਵੀ ਉਹ ਹੁਣ ਭੁਗਤ ਰਿਹਾ ਹੈ । ਇਹ ਕੁਦਰਤ ਨਾਲ ਛੇੜਛਾੜ ਦਾ ਹੀ ਨਤੀਜਾ ਹੈ ਕਿ ਦੁਖਾਂ ਅਤੇ ਬੀਮਾਰੀਆਂ ਵਿਚ ਅੰਤਾਂ ਦਾ ਵਾਧਾ ਹੋ ਰਿਹਾ ਹੈ । ਕੈਂਸਰ, ਸ਼ੂਗਰ, ਹਰਟ ਅਟੈਕ ਅਤੇ ਬਲੱਡ ਪਰੈਸ਼ਰ ਵਰਗੀਆਂ ਨਾਮੁਰਾਦ ਬੀਮਾਰੀਆਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਮਨੁੱਖ ਦੀ ਇਸੇ ਭੁੱਲ ਦਾ ਨਤੀਜਾ ਹੈ । ਇਸੇ ਤਰਾਂ ਗਲਤ ਅਤੇ ਆਪਹੁਦਰੇ ਢੰਗ ਨਾਲ ਕੀਤੇ ਗਏ ਸੁਆਰਥੀ ਫੈਸਲੇ ਵੀ ਦੁੱਖਾਂ ਦਾ ਕਾਰਨ ਬਣ ਜਾਂਦੇ ਹਨ। ਹਥਲੀ ਚਰਚਾ ਦੇ ਅਗਲੇ ਪਾਸਾਰ ਵਿਚ ਅਸੀਂ ਪੰਜਾਬ ਵਿਚ ਫੈਲੀਆਂ ਬੀਮਾਰੀਆਂ ਦੀ ਮਹਾਂਮਾਰੀ ਦੇ ਪ੍ਰਸੰਗ ਵਿਚ ਚਰਚਾ ਕਰਾਂਗੇ । ਇਹ ਬੀਮਾਰੀਆਂ ਕਿਉਂ ਫੈਲੀਆਂ । ਇਹਨਾਂ ਦਾ ਮੂਲ ਕਾਰਨ ਅਤੇ ਇਸ ਸਮੱਸਿਆ ਦਾ ਹੱਲ ਆਦਿ ਨੁਕਤੇ ਚਰਚਾ ਦਾ ਕੇਂਦਰ ਬਿੰਦੂ ਹੋਣਗੇ ।

## ਪੰਜਾਬ ਵਿਚ ਬੀਮਾਰੀਆਂ ਦੀ ਮਹਾਂਮਾਰੀ ਤੱਥਾਂ ਦੀ ਜ਼ੁਬਾਨੀ ?

ਪੰਜਾਬ ਇਸ ਸਮੇਂ ਕਿਸ ਚਿੰਤਾਜਨਕ ਹੱਦ ਤੱਕ ਭਿਆਨਕ ਬੀਮਾਰੀਆਂ ਦੀ ਲਪੇਟ ਵਿਚ ਆਇਆ ਹੋਇਆ ਹੈ, ਇਸ ਦਾ ਅੰਦਾਜ਼ਾ ਹੁਣ ਤੱਕ ਪਰਾਪਤ ਹੋਏ ਅੰਕੜਿਆਂ ਦੀ ਇਕ ਝਲਕ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ । ਪੰਜਾਬ ਸਰਕਾਰ ਦੇ ਸਿਹਤ ਮੰਤਰੀ ਸ੍ਰੀ ਮਦਨ ਮੋਹਨ ਮਿੱਤਲ ਵਲੋਂ ਪਿੱਛੇ ਜਿਹੇ ਪੰਜਾਬ ਵਿਧਾਨ ਸਭਾ ਵਿਚ ਪੇਸ਼ ਕੀਤੀ ਰਿਪੋਰਟ ਮੁਤਾਬਿਕ ਪੰਜਾਬ ਵਿਚ ਇਸ ਵੇਲੇ ਕੁੱਲ 5276 ਵਿਅਕਤੀ ਕੈਂਸਰ ਦੀ ਭਿਆਨਕ ਬੀਮਾਰੀ ਨਾਲ ਪੀੜਤ ਹਨ, ਜਿਹਨਾਂ ਵਿਚੋਂ 1301 ਪਟਿਆਲਾ, 35 ਰੂਪਨਗਰ, 35 ਅਜੀਤਗੜ੍ਹ, 457 ਅੰਮ੍ਰਿਤਸਰ, 153 ਬਰਨਾਲਾ, 309 ਬਠਿੰਡਾ, 47 ਫਤਿਹਗੜ੍ਹ ਸਾਹਿਬ, 323 ਫਿਰੋਜ਼ਪੁਰ, 137 ਫਰੀਦਕੋਟ, 238 ਹੁਸ਼ਿਆਰਪੁਰ, 213 ਗੁਰਦਾਸਪੁਰ, 309 ਜਲੰਧਰ, 352 ਲੁਧਿਆਣਾ, 148 ਮਾਨਸਾ, 174 ਮੁਕਤਸਰ ਸਾਹਿਬ, 181 ਮੋਗਾ, 69 ਸ਼ਹੀਦ ਭਗਤ ਸਿੰਘ ਨਗਰ, 506 ਸੰਗਰੂਰ, 74 ਕਪੂਰਥਲਾ ਅਤੇ 214 ਤਰਨਤਾਰਨ ਨਾਲ ਸਬੰਧਿਤ ਹਨ । ਇਹ ਸਰਕਾਰੀ ਰਿਪੋਰਟ ਬੇਸ਼ੱਕ ਸੱਚਾਈ ਤੋਂ ਕੋਹਾਂ ਦੂਰ ਹੈ ਤੇ ਸੂਚਨਾ ਅਧਿਕਾਰ ਤਹਿਤ ਪਰਾਪਤ ਕੀਤੀ ਗਈ ਰਿਪੋਰਟ ਨਾਲ ਉੱਕਾ ਹੀ ਮੇਲ ਨਹੀਂ ਖਾਂਦੀ, ਪਰ ਤਦ ਵੀ ਇਸ ਰਿਪੋਰਟ ਦੀ ਖਾਸੀਅਤ ਇਹ ਹੈ ਕਿ ਪੰਜਾਬ ਸਰਕਾਰ ਇਹ ਤਸਲੀਮ ਕਰਦੀ ਹੈ ਕਿ ਪੰਜਾਬ ਵਿਚ ਕੈਂਸਰ ਵਰਗੀ ਭਿਆਨਕ ਬੀਮਾਰੀ ਆਪਣਾ ਤਾਂਡਵ ਪੂਰੇ ਜੋਰ ਸ਼ੋਰ ਨਾਲ ਮਚਾ ਰਹੀ ਹੈ ।




**ਕੈਂਸਰ ਟਰੇਨ ਮਾਲਵੇ ਤੋਂ ਬੀਕਾਨੇਰ ਵੱਲ ਜਾਂਦੀ ਹੈ। ਕੈਂਸਰ ਰੋਗੀ ਬੀਕਾਨੇਰ ਹਸਪਤਾਲ ਵਿੱਚ ਇਲਾਜ ਕਰਵਾਉਣ ਲਈ ਜਾਂਦੇ ਹਨ।**

ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੋਸਾਇਟੀ ਜੋ ਕਿ ਮਾਲਵੇ ਦੀ ਇਹ ਬਹੁਤ ਹੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਹੈ, ਨੇ ਸੂਚਨਾ ਅਧਿਕਾਰ ਤਹਿਤ ਪੰਜਾਬ ਦੇ ਉਹਨਾਂ ਹਸਪਤਾਲਾਂ ਬਾਰੇ, ਜੋ ਕੈਂਸਰ ਦਾ ਇਲਾਜ ਮੁਹੱਈਆ ਕਰਦੇ ਹਨ, ਬਾਰੇ ਜਾਣਕਾਰੀ ਮੰਗੀ ਸੀ । ਸੋਸਾਇਟੀ ਨੂੰ ਪਰਾਪਤ ਹੋਈ ਜਾਣਕਾਰੀ ਮੁਤਾਬਿਕ ਪੰਜਾਬ ਦੇ ਇਹਨਾਂ ਤੇਰਾਂ ਹਸਪਤਾਲਾਂ ਵਿਚੋਂ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫਰੀਦਕੋਟ ਅਤੇ ਸਰਕਾਰੀ ਰਜਿੰਦਰਾ ਹਸਪਤਾਲ ਪਟਿਆਲਾ ਤੋਂ ਪਰਾਪਤ ਅੰਕੜਿਆਂ ਮੁਤਾਬਿਕ ਅੰਮ੍ਰਿਤਸਰ 44—26, ਬਰਨਾਲਾ 33—86, ਬਠਿੰਡਾ 434—196, ਫਰੀਦਕੋਟ 865—172, ਫਿਰੋਜ਼ਪੁਰ 531—112, ਫਾਜਿਲਕਾ 40, ਗੁਰਦਾਸਪੁਰ 05—76, ਹੁਸ਼ਿਆਰਪੁਰ 03—109, ਜਲੰਧਰ 13—51, ਰੋਪੜ 01, ਕਪੂਰਥਲਾ 05—26, ਲੁਧਿਆਣਾ 57—163, ਮਾਨਸਾ 112—77, ਮੋਗਾ 320—47, ਸ੍ਰੀ ਮੁਕਤਸਰ ਸਾਹਿਬ 297—102, ਪਟਿਆਲਾ 04—1335, ਸੰਗਰੂਰ 33—325, ਤਰਨ–ਤਾਰਨ 13—28, ਫਰੀਦਕੋਟ 2810 ਅਤੇ ਪਟਿਆਲਾ ਵਿਚ 3624 ਮਰੀਜ਼ ਜ਼ੇਰੇ ਇਲਾਜ ਹਨ, ਜਿਹਨਾਂ ਦੀ ਕੁੱਲ ਸੰਖਿਆ 6434 ਬਣਦੀ ਹੈ ਜਦ ਕਿ ਪੰਜਾਬ ਸਰਕਾਰ ਦੇ ਸਿਹਤ ਮਹਿਕਮੇ ਦੀ ਰਿਪੋਰਟ ਵਿਚ ਸਿਰਫ 5276 ਕੈਂਸਰ ਦੇ ਮਰੀਜਾਂ ਦਾ ਹੀ ਜਿਕਰ ਕੀਤਾ ਗਿਆ ਹੈ । ਜਾਣਕਾਰੀ ਇਹ ਵੀ ਮਿਲੀ ਹੈ ਕਿ ਸਾਲ 2011 ਤੋਂ ਜੁਲਾਈ 2012 ਤੱਕ ਰਾਜਿੰਦਰਾ ਹਸਪਤਾਲ ਪਟਿਆਲਾ ਵਿਚ 14357 ਕੈਂਸਰ ਦੇ ਮਰੀਜਾਂ ਨੇ ਆਪਣਾ ਇਲਾਜ ਕਰਵਾਇਆ । ਇਸ ਤੋਂ ਇਲਾਵਾ ਪੰਜਾਬ ਦੇ ਬਹੁਤ ਸਾਰੇ ਮਰੀਜ ਅਜਿਹੇ ਵੀ ਹਨ ਜੋ ਦਿੱਲੀ, ਬੀਕਾਨੇਰ ਅਤੇ ਹੋਰ ਹਸਪਤਾਲਾਂ ਵਿਚ ਕੈਂਸਰ ਦਾ ਇਲਾਜ ਕਰਵਾ ਰਹੇ ਹਨ ਤੇ ਇਸ ਦੇ ਨਾਲ ਇਸ ਬੀਮਾਰੀ ਦੇ ਪੀੜਤਾਂ ਵਿਚ ਵੱਡੀ ਗਿਣਤੀ ਅਜਿਹੇ ਪੇਂਡੂ ਲੋਕਾਂ ਦੀ ਵੀ ਹੈ ਜੋ ਮਾੜੀ ਆਰਥਿਕ ਹਾਲਤ ਕਾਰਨ ਆਪਣਾ ਇਲਾਜ ਕਰਾਵਾਉਣ ਤੋਂ ਅਸਮਰਥ ਹਨ ਤੇ ਨਾ ਹੀ ਉਹਨਾਂ ਨੇ ਕਿਧਰੇ ਆਪਣੀ ਰਜਿਸਟਰੇਸ਼ਨ ਕਰਾਈ ਹੈ । ਕਹਿਣ ਦਾ ਭਾਵ ਇਹੀ ਕਿ ਉਪਰੋਕਤ ਅੰਕੜੇ ਸਿਰਫ ਤੇ ਸਿਰਫ ਅੱਧੀ ਅਧੂਰੀ ਜਾਣਕਾਰੀ ਹੀ ਪੇਸ਼ ਕਰਦੇ ਹਨ, ਜਦ ਕਿ ਇਸ ਸਬੰਧ ਵਿਚ ਅਸਲੀਅਤ ਬਹੁਤ ਹੀ ਡਰਾਉਣੀ ਹੈ ।

ਕੈਂਸਰ ਸਬੰਧੀ ਇੰਟਰਨੈਸ਼ਨਲ ਡੈਮੋਕਰੇਟਿਕ ਪਾਰਟੀ ਵਲੋਂ ਆਪਣੀ ਪੱਧਰ ਉਤੇ ਜਿਲ੍ਹਾ ਮਾਨਸਾ, ਸੰਗਰੂਰ ਅਤੇ ਪਟਿਆਲਾ ਦੇ 23 ਪਿੰਡਾਂ ਵਿਚ ਜਾ ਕੇ 64715 ਵਿਅਕਤੀਆਂ 'ਤੇ ਘਰ ਘਰ ਜਾ ਕੇ ਕੀਤੇ ਗਏ ਇਕ ਸਰਵੇਖਣ ਮੁਤਾਬਿਕ 136 ਕੇਸ ਕੈਂਸਰ ਦੇ ਸਾਹਮਣੇ ਆਏ ਜਿਹਨਾਂ ਵਿਚੋਂ 92 ਵਿਅਕਤੀਆਂ ਦੇ ਮੌਤ ਹੋ ਚੁੱਕੀ ਸੀ ਤੇ ਪੂਰੇ ਇਲਾਕੇ ਵਿਚ 16522 ਲੋਕ ਇਸ ਬੀਮਾਰੀ ਨਾਲ ਬੁਰੀ ਤਰਾਂ ਪੀੜਤ ਹਨ । ਇੰਟਰਨੈਸ਼ਨਲ ਡੈਮੋਕਰੇਟਿਕ ਪਾਰਟੀ ਵਲੋਂ ਕੀਤੇ ਗਏ ਇਸ ਸਰਵੇ ਤੋਂ ਇਹ ਵੀ ਇੰਕਸਾਫ ਹੋਇਆ ਹੈ ਕਿ ਪੰਜਾਬ ਵਿਚ ਹਰ ਇਕ ਲੱਖ ਦੀ ਅਬਾਦੀ ਮਗਰ 28 ਵਿਅਕਤੀ ਕੈਂਸਰ ਦੀ ਬੀਮਾਰੀ ਨਾਲ ਪੀੜਤ ਹਨ । ਸੂਬੇ ਦੀ ਕੁੱਲ ਅਬਾਦੀ ਦੇ ਅਨੁਪਾਤ ਮੁਤਾਬਿਕ ਪਿਛਲੇ ਪੰਜਾਂ ਮਹੀਨਿਆਂ ਦੌਰਾਨ ਕੈਂਸਰ ਪੀੜਤਾਂ ਦੀ ਸੰਖਿਆ 16,522 ਸੀ, ਜਿਹਨਾਂ ਵਿਚੋਂ 3379 ਦੀ ਮੌਤ ਹੋ ਚੁੱਕੀ ਹੈ । ਤਿੰਨ ਜਿਲਿਆਂ ਸੰਗਰੂਰ, ਪਟਿਆਲਾ ਅਤੇ ਮਾਨਸਾ ਦੀਆਂ ਅੱਠ ਬਲਾਕਾਂ ਨੂੰ ਅਧਾਰ ਬਣਾਕੇ ਕੀਤੇ ਗਏ 64715 ਵਿਅਕਤੀਆਂ ਦੇ ਉਤੇ ਕੀਤੇ ਗਏ ਇਸ ਸਰਵੇਖਣ ਵਿਚ ਦੇਖਿਆ ਗਿਆ ਕਿ ਇਹਨਾ ਵਿਚੋਂ ਬਹੁਤੇ ਪੀੜਤ ਵਿਅਕਤੀਆਂ ਵਿਚ, ਦਿਮਾਗ, ਅੱਖਾਂ, ਮੂੰਹ, ਗਲਾ, ਥਾਇਰਾਡ, ਆਂਤੜੀਆਂ, ਭੋਜਨ ਨਾਲੀ, ਮਿਹਦਾ, ਖੂਨ, ਹੱਡੀਆਂ, ਛਾਤੀਆਂ, ਪਰੋਸਟੇਟ, ਲਾਰ ਗਰੰਥੀਆਂ, ਬੱਚੇਦਾਨੀ ਤੇ ਬੱਚੇਦਾਨੀ ਦੇ ਮੂੰਹ ਆਦਿ ਦੇ ਕੈਂਸਰ ਨਾਲ ਪੀੜਤ ਹਨ ।

ਬਾਬਾ ਫਰੀਦ ਮੈਡੀਕਲ ਸੰਸਥਾ ਫਰੀਦਕੋਟ ਅਤੇ ਪੀ ਜੀ ਆਈ ਚੰਡੀਗੜ੍ਹ ਮੁਤਾਬਿਕ ਪੰਜਾਬ ਵਿਚੋਂ ਰੋਜਾਨਾ 35 ਤੋਂ ਚਾਲੀ ਕੇਸ ਕੈਂਸਰ ਦੇ ਸਾਹਮਣੇ ਆ ਰਹੇ ਹਨ । ਪੰਜਾਬ ਵਿਚ ਸਸਤੀਆਂ ਅਤੇ ਟਿਕਾਊ ਸਿਹਤ ਸੇਵਾਵਾਂ ਦੀ ਅਣਹੋਂਦ ਕਾਰਨ ਬਠਿੰਡਿਾਂ ਰੇਲਵੇ ਸਟੇਸ਼ਨ ਤੋਂ ਬੀਕਾਨੇਰ ਵਿਖੇ ਅਚਾਰੀ–



**ਬਠਿੰਡੇ ਦੇ ਇਕ ਪਿੰਡ ਦੀਆਂ ਬੀਬੀਆਂ ਪਿੰਡ ਤੋਂ ਚਾਰ ਕਿਲੋਮੀਟਰ ਦੂਰ ਸਰਕਾਰ ਦੀ ਵਾਟਰ ਸਪਲਾਈ ਤੋਂ ਪੀਣ ਲਈ ਪਾਣੀ ਭਰਨ ਜਾਂਦੀਆਂ ਹੋਈਆਂ, ਪਰ ਸਰਕਾਰ ਪਿੰਡ 'ਚ ਸ਼ੁੱਧ ਵਾਟਰ ਸਪਲਾਈ ਨਹੀਂ ਦੇ ਸਕੀ, ਇਸੇ ਕਰਕੇ ਲੋਕ ਮਲੀਨ ਪਾਣੀ ਲਈ ਮਜ਼ਬੂਰ ਹਨ।**

ਆ ਤੁਲਸੀ ਰੀਜਨਲ ਕੈਂਸਰ ਟਰੱਸਟ ਵੱਲ ਜਾਣ ਵਾਲੇ ਮਰੀਜਾਂ ਦੀ ਗਿਣਤੀ ਜੋ ਇਸ ਵੇਲੇ 70 ਤੋਂ 100 ਦੇ ਕਰੀਬ ਹੈ, ਵਿਚ ਦਿਨ ਬ ਦਿਨ ਭਾਰੀ ਹੁੰਦਾ ਜਾ ਰਿਹਾ ਹੈ ।

ਇਸ ਵੇਲੇ ਮਾਲਵੇ ਦੇ ਬਹੁਤੇ ਪਿੰਡਾਂ ਵਿਚ ਕੈਂਸਰ ਦੀ ਮਹਾਂਮਾਰੀ ਫੈਲ ਚੁੱਕੀ । ਇਲਾਕੇ ਦੇ ਲੋਕਾਂ ਵਿਚ ਮੰਦਬੁੱਧੀ ਦੀ ਬੀਮਾਰੀ ਦਾ ਪ੍ਰਕੋਪ ਵੀ ਸਾਹਮਣੇ ਆਇਆ ਹੈ, ਜੋ ਕਿ ਇਸ ਇਲਾਕੇ ਦੇ ਇਕ ਸਾਲ ਤੋਂ ਪੰਜਾਹ ਸਾਲ ਦੇ ਲੋਕਾਂ ਵਿਚ ਭਾਰੀ ਮਾਤਰਾ ਵਿਚ ਪਾਈ ਜਾ ਰਹੀ ਹੈ । ਮੰਦਬੁੱਧੀ ਦਾ ਸ਼ਿਕਾਰ ਹੋਣ ਵਾਲਿ–ਆ ਵਿਚ ਔਰਤਾਂ, ਮਰਦ ਬੱਚੇ ਆਦਿ ਸਭ ਵਰਗਾਂ ਦੇ ਲੋਕ ਸ਼ਾਮਿਲ ਹਨ । ਦੱਸਿਆ ਜਾਂਦਾ ਹੈ ਕਿ ਇਹਨਾਂ ਮੰਦਬੁੱਧੀ ਲੋਕਾਂ ਦੀ ਸਾਂਭ ਸੰਭਾਲ ਵਾਸਤੇ ਸਬੰਧਿਤ ਪਰਿਵਾਰਾਂ ਦੇ ਮੈਂਬਰਾਂ ਨੂੰ ਪੀੜਤਾਂ ਨਾਲ ਪੱਕੇ ਤੌਰ ਤੇ ਰਹਿਣਾ ਪੈਂਦਾ ਹੈ । ਕਈ ਪੀੜਤਾਂ ਨੂੰ ਤਾਂ ਸੰਗਲ ਲਗਾ ਕੇ ਰੱਖਣਾ ਪੈਂਦਾ ਹੈ । ਇਹਨਾਂ ਮਾਨਸਿਕ ਬੀਮਾਰਾਂ ਵਾਸਤੇ ਕੋਈ ਵੀ ਕਿਸੇ ਪ੍ਰਕਾਰ ਦੀ ਸਰਕਾਰੀ ਸਹਾਇਤਾ ਉਪਲਭਦ ਨਹੀਂ ਜਿਸ ਕਾਰਨ ਪੀੜਤਾਂ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਬਹੁਤ ਸਾਰੀਆਂ ਮਾਲੀ ਅਤੇ ਮਾਨਸਿਕ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ।

ਮਾਲਵੇ ਦੇ ਬਠਿੰਡਾ ਅਤੇ ਮਾਨਸਾ ਖੇਤਰ ਵਿਚ ਇਹਨੀਂ ਦਿਨੀ ਚਮੜੀ ਦੇ ਕੈਂਸਰ ਨੇ ਤਾਂਡਵ ਮਚਾ ਰੱਖਿਆ ਹੈ । ਇਹ ਇਕ ਅਜਿਹਾ ਕੈਂਸਰ ਹੈ ਜੋ ਚਮੜੀ ਦੀ ਓਪਰੀ ਪਰਤ ਵਿਚ ਹੁੰਦਾ ਹੈ, ਜਿਸ ਨਾਲ ਪੀੜਤ ਦੀ ਚਮੜੀ ਹੌਲੀ ਹੌਲੀ ਗਲ ਸੜ ਜਾਂਦੀ ਹੈ ਤੇ ਬੀਮਾਰੀ ਦੀ ਅੰਤਲੀ ਸਟੇਜ ਤੱਕ ਮਰੀਜ ਇਕ ਚਲਦੀ ਫਿਰਦੀ ਗਲੀ ਸੜੀ ਲਾਸ਼ ਬਣ ਜਾਂਦਾ ਹੈ । ਇਸ ਬੀਮਾਰੀ ਦਾ ਅਜੇ ਤੱਕ ਪੱਕਾ ਕੋਈ ਵੀ ਇਲਾਜ ਨਹੀਂ ਜੇਕਰ ਹੈ ਵੀ ਤਾਂ ਉਹ ਵਿਦੇਸ਼ੀ ਮੁਲਖਾਂ ਵਿਚ ਹੈ ਤੇ ਬਹੁਤ ਮਹਿੰਗਾ ਹੈ। ਇਸ ਬੀਮਾਰੀ ਦਾ ਅਸਲ ਕਾਰਨ ਪਾਣੀ ਵਿਚ ਯੂਰੇਨੀਅਮ ਦੀ ਵਧੇਰੇ ਮਾਤਰਾ ਦਾ ਹੋਣਾ ਮੰਨਿਆ ਜਾ ਰਿਹਾ ਹੈ ਤੇ ਇਸ ਦੀ ਪੁਸ਼ਟੀ ਅਮਰੀਕਾ ਦੇ ਵਿਗਿਆਨੀਆਂ ਨੇ ਵੀ ਕੀਤੀ ਹੈ । ਹਿਸਾਰ ਦੇ ਇਕ ਡਾਕਟਰ ਜਗਦੀਸ਼ ਕੁਮਾਰ ਦੀ ਖੋਜ ਮੁਤਾਬਿਕ ਇਹ ਬੀਮਾਰੀ ਲੀਵਰ ਵਿਚ ਜਹਿਰੀਲਾ ਤਰਲ ਪਦਾਰਥ ਬਣਨ ਨਾਲ ਪੈਦਾ ਹੁੰਦੀ ਹੈ । ਇਕੱਲੇ ਮਾਨਸਾ ਜਿਲ੍ਹੇ ਵਿਚ ਹੀ ਅਜਿਹੇ ਮਰੀਜਾਂ ਦੀ ਗਿਣਤੀ ਦੋ ਸੌ ਦੇ ਲਗਭਗ ਹੈ, ਜੋ ਕਿ ਦਿਨੋ ਦਿਨ ਵਧਦੀ ਜਾ ਰਹੀ ਹੈ । ਬਠਿੰਡਾ ਅਤੇ ਮਾਨਸਾ ਵਿਚ ਇਸ ਬੀਮਾਰੀ ਦੇ ਕੋਈ ਪੰਜ ਕੁ ਸੌ ਦੇ ਲਗਭਗ ਮਰੀਜ ਹਨ । ਬੀਮਾਰੀ ਦੇ ਮੁਢਲੇ ਲੱਛਣਾਂ ਮੁਤਾਬਿਕ ਮਰੀਜ ਦੀ ਚਮੜੀ ਮੋਟੀ ਹੋ ਜਾਂਦੀ ਹੈ ਤੇ ਫਿਰ ਫਟਣੀ ਸ਼ੁਰੂ ਹੋ ਜਾਂਦੀ ਹੈ ਤੇ ਫਟੇ ਹੋਏ ਸਥਾਨਾਂ ਤੋਂ ਗੰਦੇ ਪਾਣੀ ਵਰਗਾ ਤਰਲ ਮਾਦਾ ਰਿਸਣ ਲੱਗ ਪੈਂਦਾ ਹੈ ਜੋ ਬਾਕੀ ਚਮੜੀ ਨੂੰ ਵੀ ਖਰਾਬ ਕਰ ਦਿੰਦਾ ਹੈ ।

ਚਲਦਾ……

## ਹਾਸ ਵਿਅੰਗ

**ਮੰਗਤ ਕੁਲਜਿੰਦ**

# ਰੂਹਾਂ ਦੇ ਦੋਖੀ



"ਹਾਂ... 'ਸਰ'... ਮੈਂ ਕੀ ਕਰਾਂ? ਇਹ ਰੂਹ ਤਾਂ ਕਲਬੂਤ 'ਚੋਂ ਨਿਕਲਣ ਦਾ ਨਾਂ ਨਹੀਂ ਲੈਂਦੀ ਜਦ ਵੀ ਪਕੜ ਕੇ ਖਿੱਚਣ ਲੱਗਦਾਂ, ਕੋਈ ਨਾ ਕੋਈ ਆ ਕੇ ਰੁਕਾਵਟ ਪਾ ਦਿੰਦੈ।" ਅਦਿੱਖ ਯਮਦੂਤ ਜੋ ਜ਼ਖ਼ਮੀ ਹੋਏ ਭੰਬਲੂ ਦੇ ਸਰੀਰ ਦੇ ਨੇੜੇ ਢੁੱਕ ਕੇ ਉਹਦੀ ਰੂਹ ਕੱਢਣ ਲੱਗਿਆ, ਪਰ ਕਾਮਯਾਬ ਨਹੀਂ ਸੀ ਹੋ ਰਿਹਾ, ਨੇ ਸੁਪਰ ਮੋਬਾਈਲ ਨਾਲ ਸੁਰਗਾਪੁਰੀ 'ਚ ਧਰਮਰਾਜ ਨਾਲ ਸੰਪਰਕ ਕੀਤਾ।

"ਲੱਗਦੈ ਧਰਤ-ਲੋਕ 'ਤੇ ਜਾ ਕੇ ਹੱਡ-ਹਰਾਮੀ ਬਣ ਗਿਐਂ, ਬਹਾਨੇ ਘੜਨ ਲੱਗ ਪਿਐਂ... ਤੇਰੇ ਹੋਰ ਸਾਥੀ ਕਿਵੇਂ ਰੂਹਾਂ ਲੈ ਕੇ ਆ ਰਹੇ ਨੇ?" ਧਰਮਰਾਜ ਨੇ ਰੋਅਬ ਝਾੜਦਿਆਂ ਕਿਹਾ।

"ਨਹੀਂ ਜੀ ਬਹਾਨਿਆਂ ਆਲੀ ਕੋਈ ਗੱਲ ਨਹੀਂ, ਮੈਂ ਤਾਂ ਆਪਣੀ ਪੂਰੀ ਵਾਹ ਲਾ ਰਿਹਾਂ...। 'ਸਰ'... ਇੱਕ ਮਿੰਟ ਹੁਣ ਮੌਕਾ ਲੱਗਜੂ। ਭੰਬਲੂ ਦੇ ਖ਼ੂਨ ਨੂੰ ਧਰਤੀ ਮਾਂ ਗਟਾਗਟ ਪੀ ਰਹੀ ਐ...।"

"ਮਰ ਗਏ... ਪੱਟੇ ਗਏ... ਬਚਾਓ ਕੋਈ" ਆਦਿ ਦਾ ਚੀਕ-ਚਿਹਾੜਾ ਪਿਆ ਹੋਇਆ ਸੀ... ਹੋਇਆ ਵੀ ਬਹੁਤ ਕਹਿਰ ਸੀ। ਇੱਕ ਰੇਲਵੇ ਲਾਈਨ 'ਤੇ ਆਹਮੋ-ਸਾਹਮਣੇ ਤੋਂ ਆ ਰਹੀਆਂ ਤੇਜ਼ ਰਫ਼ਤਾਰ ਗੱਡੀਆਂ ਭਿੜ ਪਈਆਂ। ਇੰਜਣ ਅਤੇ ਮੂਹਰਲੇ ਡੱਬੇ ਇੱਕ ਦੂਜੇ 'ਤੇ ਚੜ੍ਹ ਗਏ। ਕੁਝ ਡੱਬੇ ਖਤਾਨਾਂ 'ਚ ਜਾ ਡਿੱਗੇ। ਯਾਤਰੀਆਂ ਦਾ ਸਾਮਾਨ ਖਿੰਡ-ਪੁੰਡ ਗਿਆ। ਕਿਸੇ ਦੀ ਲੱਤ ਕਿਸੇ ਦੀ ਬਾਂਹ, ਕਿਸੇ ਦਾ ਸਿਰ ਕੋਈ ਪਤਾ ਨਹੀਂ ਸੀ ਚੱਲ ਰਿਹਾ... ਕੌਣ ਕਿੱਥੇ ਮਰਿਆ ਪਿਆ। ਜ਼ਖ਼ਮੀ-ਯਾਤਰੀ ਸਹਾਇਤਾ ਲਈ ਹਾਲ ਦੁਹਾਈ ਪਾ ਰਹੇ ਸਨ। ਬੜਾ ਹੀ ਕਰੁਣਾਮਈ ਦ੍ਰਿਸ਼ ਸੀ। ਨੇੜੇ ਦੇ ਪਿੰਡ ਵਾਲੇ ਲੋਕ ਵਹੀਰਾਂ ਘੱਤ ਕੇ ਆ ਗਏ। ਕੋਈ ਜ਼ਖ਼ਮੀਆਂ ਨੂੰ ਪਾਣੀ ਪਿਲਾ ਰਿਹਾ, ਕੋਈ ਆਪਣੀ ਪੱਗ-ਚਾਦਰ ਪਾੜ ਕੇ ਜ਼ਖ਼ਮੀਆਂ ਦੇ ਪੱਟੀ ਬੰਨ੍ਹ ਰਿਹਾ। ਕੁਝ ਲੋਕ ਟਰੈਕਟਰ-ਟਰਾਲੀਆਂ, ਕਾਰਾਂ-ਜੀਪਾਂ 'ਤੇ ਪਾ ਕੇ ਫੱਟੜਾਂ ਨੂੰ ਹਸਪਤਾਲ 'ਚ ਭੇਜ ਰਹੇ ਸਨ। ਨੇੜੇ ਦੇ ਸ਼ਹਿਰ 'ਚ ਜਿਉਂ ਹੀ ਪਤਾ ਲੱਗਿਆ ਸਵੈ-ਸੇਵੀ ਸੰਸਥਾਵਾਂ ਨੇ ਆ ਮੋਰਚੇ ਸੰਭਾਲ ਲਏ। ਉੱਧਰ ਸੁਰਗਾਪੁਰੀ 'ਚ ਧਰਮ ਰਾਜ ਜੀ ਆਪਣਾ ਬਹੀ-ਖਾਤਾ ਖੁਲ੍ਹਵਾ ਕੇ ਬੈਠ ਗਏ। ਅੱਸੀ ਕੁ ਪ੍ਰਾਣੀਆਂ (ਮਰਦ ਔਰਤ-ਬੱਚਿਆਂ) ਦੀ ਲਿਸਟ ਬਣਾ ਕੇ ਵੱਖ-ਵੱਖ ਯਮਦੂਤਾਂ ਨੂੰ ਫੜਾ ਦਿੱਤੀਆਂ।

ਭੰਬਲੂ ਦੀ ਰੂਹ ਲਿਆਉਣ ਲਈ ਜਿਸ ਯਮਦੂਤ ਦੀ ਡਿਊਟੀ ਲਗਾਈ ਗਈ ਸੀ, ਉਹ ਅਕਸਰ ਹੀ ਡਿਊਟੀ ਨਾਲ ਅੱਖ-ਮਿਚੌਲੀ ਖੇਡਦਾ ਰਹਿਣ ਕਰਕੇ ਧਰਮਰਾਜ ਦੀ 'ਗੁੱਡ-ਬੁੱਕ' 'ਚ ਨਹੀਂ ਸੀ। ਇਸੇ ਲਈ ਸ਼ੱਕ ਦੇ ਆਧਾਰ 'ਤੇ ਧਰਮਰਾਜ ਨੂੰ ਉਹਦੀਆਂ ਗੱਲਾਂ 'ਤੇ ਯਕੀਨ ਨਹੀਂ ਸੀ ਆ ਰਿਹਾ।

"ਸ਼੍ਰੀਮਾਨ ਜੀ ਮੈਂ ਕੀ ਕਰਾਂ? ਮਿੱਤਰ-ਭਲਾਈ ਕਲੱਬ ਦੇ ਮੈਂਬਰ ਉਹਨੂੰ ਘੇਰੀ ਖੜ੍ਹੇ ਨੇ, ਜਿਉਂ ਹੀ ਮੈਂ ਉਹਦੀ ਰੂਹ ਨੂੰ ਖਿੱਚਣ ਲੱਗਦਾਂ-ਕੋਈ ਤਲੀਆਂ ਝੱਸਣ ਲੱਗ ਜਾਂਦੇ ਤੇ ਕੋਈ ਪਾਣੀ ਪਿਆਉਣ ਲੱਗ ਜਾਂਦੈ। ਹਾਂ... ਸਰ ਔਹ ਕੋਈ ਗੱਡੀ ਆ ਰਹੀ ਐ... ਹੁਣ ਸ਼ਾਇਦ ਕੰਮ ਬਣ ਜੇ। ਪਰ ਇਹ ਕੀ? ਇਹ ਤਾਂ ਡਾਕਟਰਾਂ ਦੀ ਟੀਮ ਤੇ ਉਨ੍ਹਾਂ ਦਾ ਸਾਮਾਨ ਐ। ਕਲੱਬ ਦੇ ਬੰਦੇ ਤਾਂ ਪਿੱਛੇ ਹਟ ਗਏ, ਪਰ ਡਾਕਟਰਾਂ ਨੇ ਮੋਰਚੇ ਸੰਭਾਲ ਲਏ... ਕੋਈ ਟੀਕਾ ਲਾਉਣ ਲੱਗ ਪਿਐ। ਕੋਈ ਖ਼ੂਨ ਚੜ੍ਹਾਉਣ ਲੱਗ ਪਿਆ ਤੇ ਕੋਈ ਬਣਾਉਟੀ ਸਾਹ ਦੇਣ ਲੱਗ ਪਿਐ, ਜਨਾਬ ਤੁਸੀਂ ਹੀ ਦੱਸੋ ਹੁਣ ਮੈਂ ਕੀ ਕਰਾਂ?"

ਸਕਿੰਟ-ਸਕਿੰਟ 'ਤੇ ਮਿਲ ਰਹੀ ਰਿਪੋਰਟ ਤੋਂ ਧਰਮਰਾਜ ਨੂੰ ਤਸੱਲੀ ਹੋ ਗਈ ਕਿ ਉਨ੍ਹਾਂ ਦਾ ਇਹ ਕਰਮਚਾਰੀ ਹੁਣ ਸਹੀ ਢੰਗ ਨਾਲ ਤੇ ਬੜੀ ਹੀ ਮੁਸਤੈਦੀ ਨਾਲ ਡਿਊਟੀ ਨਿਭਾ ਰਿਹਾ ਹੈ।

"ਠੀਕ ਐ... ਠੀਕ ਐ... ਮੈਂ ਕਰਦਾਂ ਕੋਈ ਇੰਤਜ਼ਾਮ ਇਨ੍ਹਾਂ ਨੂੰ ਪਾਸੇ ਹਟਾਉਣ ਦਾ। ਤੂੰ ਸੁਚੇਤ ਰਹੀਂ। ਜਿਉਂ ਹੀ ਕਲੱਬ ਵਾਲੇ ਤੇ ਡਾਕਟਰ ਪਾਸੇ ਨੂੰ ਮੂੰਹ ਭੁੰਵਾਉਣ, ਤੂੰ ਆਪਣਾ ਕੰਮ ਕਰ ਲਈਂ।" ਧਰਮਰਾਜ ਨੇ ਰਾਇ ਦਿੱਤੀ।

ਦੂਰੋਂ ਆਉਂਦੀ ਪੁਲੀਸ ਦੇ ਵੱਡੇ ਅਫ਼ਸਰ ਦੀ ਗੱਡੀ ਨੂੰ ਵੇਖ ਸੁੱਖ ਦਾ ਸਾਹ ਆਇਆ। ਲੱਗਿਆ ਹੁਣ ਮੌਕਾ ਲੱਗ ਜਾਵੇਗਾ, ਪਰ ਇਹ ਕੀ? ਇਹ ਤਾਂ ਅਫਸਰ ਬੜਾ ਹੀ ਸ਼ਰੀਫ਼ ਨਿਕਲਿਆ। ਕਿੱਥੇ ਤਾਂ ਇਹਨੇ ਆਪਣੇ ਰੁਤਬੇ ਦੇ ਮੁਤਾਬਿਕ ਕੰਮ ਕਰਦਿਆਂ ਲੋਕਾਂ 'ਤੇ ਰੋਅਬ ਝਾੜਨਾ ਸੀ, ਉਨ੍ਹਾਂ ਤੋਂ ਸਲੂਟਾਂ ਦੀ ਉਮੀਦ ਰੱਖਣੀ ਸੀ, ਪਰ ਇਹ ਤਾਂ ਆਪ ਫੱਟੜ ਲੋਕਾਂ ਦੀ ਸਾਂਭ-ਸੰਭਾਲ ਵਿੱਚ ਰੁੱਝ ਗਿਆ। ਪੁਲੀਸ ਦੇ ਬਾਕੀ ਕਰਮਚਾਰੀ ਵੀ ਸ਼ਰਮੋ-ਸ਼ਰਮੀ ਸੇਵਾ 'ਚ ਰੁਝ ਗਏ। ਵਿਚਾਰੇ ਯਮਦੂਤ ਦਾ ਕੰਮ ਹੋਰ ਵੀ ਔਖਾ ਹੋ ਗਿਆ।

"ਮਹਾਰਾਜ! ਮੈਂ ਕੀ ਕਰਾਂ? ਇਹ ਤਾਂ ਪੰਜਾਬ ਪੁਲੀਸ ਦੇ ਆਉਣ 'ਤੇ ਵੀ ਮੇਰਾ ਕੰਮ ਨਹੀਂ ਬਣਿਆ। ਸ਼੍ਰੀਮਾਨ ਜੀ, ਫਿਰ ਵਹੀ ਖਾਤਾ ਖੋਲ੍ਹ ਕੇ ਵੇਖੋ, ਕਿਤੇ ਇਹ ਹੋਰ ਭੰਬਲੂ ਤਾਂ ਨਹੀਂ, ਜੀਹਨੂੰ ਮੈਂ ਲੈ ਕੇ ਆਉਣਾ ਤੇ ਉਹ ਕਿਤੇ ਹੋਰ ਖਰ-ਮਸਤੀਆਂ ਕਰਦਾ ਫਿਰਦਾ ਹੋਵੇ।"

"ਨਹੀਂ, ਨਹੀਂ, ਇਹ ਗ਼ਲਤੀ ਨਹੀਂ ਹੋ ਸਕਦੀ। ਇੱਥੋਂ ਦੇ ਲੇਖੇ-ਜੋਖੇ 'ਚ ਗ਼ਲਤੀ ਦੀ ਗੁੰਜਾਇਸ਼ ਬਿਲਕੁਲ ਨਹੀਂ। ਇਹ ਤਾਂ ਉਹੀ ਭੰਬਲੂ ਹੈ, ਜੀਹਦੀ ਮੌਤ ਇਸੇ ਸਥਾਨ 'ਤੇ ਨਿਸ਼ਚਿਤ ਹੈ।"

"ਹੁਣ ਲੱਗਦੈ ਕੰਮ ਬਣਜੂ... ਔਹ ਦੋਵਾਂ ਸਟੇਸ਼ਨਾਂ ਦੇ ਸਟੇਸ਼ਨ-ਮਾਸਟਰ ਇੱਕ ਦੂਜੇ 'ਤੇ ਦੂਸ਼ਣ ਲਾਉਂਦੇ ਆ ਰਹੇ ਨੇ, ਹੁਣ ਸਾਰਿਆਂ ਦਾ ਧਿਆਨ ਉੱਧਰ ਹੋ ਜਾਊ, ਪਰ ਇਹ ਕੀ? ਨੇੜੇ ਆ ਕੇ ਇਹ ਵੀ ਚੁੱਪ ਕਰ ਗਏ। ਲੱਗਦਾ ਅੱਜ ਧਰਮ-ਸੰਕਟ ਖੜ੍ਹਾ ਹੋ ਜਾਊ। ਬਣਦਾ-ਬਣਦਾ ਕੰਮ ਫਿਰ ਰਹਿ ਜਾਂਦੈ। ਸਰ... ਜੀ ਤੁਸੀਂ ਈ ਕਰੋ ਕੁਝ ਨਹੀਂ ਭੰਬਲੂ ਦੀ ਰੂਹ ਮੈਥੋਂ ਨਹੀਂ ਲਿਆਂਦੀ ਜਾਣੀ।" ਹੁਣ ਤੱਕ ਸਿਹਤ ਮਹਿਕਮਾ ਐਂਬੂਲੈਂਸਾਂ ਸਮੇਤ ਪਹੁੰਚ ਚੁੱਕਿਆ ਸੀ।

ਲੋੜੀਂਦੀਆਂ ਸਾਰੀਆਂ ਰੂਹਾਂ ਧਰਮਰਾਜ ਦੇ ਦਰਬਾਰ 'ਚ ਪਹੁੰਚ ਗਈਆਂ। ਇੱਕ ਭੰਬਲੂ ਦੀ ਰੂਹ ਨੇ ਹੀ ਸਾਰਿਆਂ ਨੂੰ ਭੰਬਲਭੂਸੇ 'ਚ ਪਾ ਛੱਡਿਆ ਸੀ, ਉੱਧਰ ਗੁਸੈਲ ਸਿੰਹੁ ਧਰਮਰਾਜ ਦੇ ਨੇੜੇ-ਨੇੜੇ ਹੋ ਰਿਹਾ ਸੀ, ਪਰ ਬੁਧੈਲ ਕੌਰ ਪਹਿਲਾਂ ਹੀ ਧਰਮਰਾਜ ਦੇ ਮੋਢਿਆਂ 'ਤੇ ਚੜ੍ਹੀ ਬੈਠੀ ਨੇ, ਧਰਮਰਾਜ ਨੂੰ ਮੰਤਰੀਆਂ ਦੀ ਹੰਗਾਮੀ ਮੀਟਿੰਗ ਬੁਲਾਉਣ ਲਈ ਮਜਬੂਰ ਕਰ ਦਿੱਤਾ। ਨੀਂਦਰ ਰਾਣੀ ਜੋ ਰੇਲਵੇ ਮੰਤਰੀ ਨੂੰ ਆਪਣੀ ਬੁੱਕਲ 'ਚ ਘੂਕ ਸੁਲਾਈ ਬੈਠੀ ਸੀ, ਨੂੰ ਫੌਰਨ ਵਾਪਿਸ ਬੁਲਾਇਆ ਗਿਆ। ਅੰਗੜਾਈਆਂ ਭੰਨਦੇ ਮਨਿਸਟਰ ਸਾਹਿਬ ਨੂੰ ਪੀ.ਏ. ਸਾਹਿਬ ਨੇ ਦੁਰਘਟਨਾ ਦੀ ਖ਼ਬਰ ਸੁਣਾ'ਤੀ। ਨਾਲ ਦੀ ਨਾਲ ਵਿਰੋਧੀ ਧਿਰ ਵੱਲੋਂ ਮਿਰਚ-ਮਸਾਲੇ ਲਾ ਕੇ ਲੋਕਾਂ 'ਚ ਵੰਡੀ ਚਾਟ ਦੀ ਰਿਪੋਰਟ ਪੇਸ਼ ਕਰ'ਤੀ। ਦੁਰਘਟਨਾ ਵਾਲੇ ਸਥਾਨ ਦਾ ਝੱਟਪੱਟ ਦੌਰਾ ਕਰਨ ਦਾ ਹੁਕਮ ਮਨਿਸਟਰ ਸਾਹਿਬ ਨੇ ਚਾੜ੍ਹ ਦਿੱਤਾ। ਟੈਲੀਫ਼ੋਨ ਦੀਆਂ ਹਾਟ-ਲਾਈਨਾਂ ਹਰਕਤ 'ਚ ਆ ਗਈਆਂ। ਸੂਬੇ ਦੇ ਮੁੱਖ ਮੰਤਰੀ, ਮੰਤਰੀ-ਮੰਡਲ ਤੇ ਪੁਲੀਸ-ਮੁਖੀ ਦੇ ਭਾਅ ਬਣ ਗਈ। ਆਪਣੇ ਮੋਢਿਆਂ 'ਤੇ ਪਏ ਬੋਝ ਨੂੰ ਮੋਬਾਈਲ ਰਾਹੀਂ ਜ਼ਿਲ੍ਹੇ ਦੇ ਐੱਸ.ਐੱਸ. ਪੀ. ਅਤੇ ਡੀ.ਸੀ. ਉੱਪਰ ਸੁੱਟ ਦਿੱਤਾ ਗਿਆ। ਫ਼ਟਾਫ਼ਟ ਹੈਲੀਪੈਡ ਤਿਆਰ ਕੀਤਾ ਗਿਆ।


ਸਾਰੇ ਮਹਿਕਮਿਆਂ ਦੇ ਹੈੱਡ ਆਪੋ-ਆਪਣਾ ਲਾਮ-ਲਸ਼ਕਰ ਲੈ, ਰੋਜ਼ਮੱਰਾ ਦੇ ਕੰਮ ਛੱਡ ਦੁਰਘਟਨਾ ਵਾਲੀ ਥਾਂ ਮਨਿਸਟਰ ਸਾਹਿਬ ਦਾ ਸਵਾਗਤ ਕਰਨ ਲਈ ਪਹੁੰਚ ਗਏ। ਇੰਨੇ ਵੱਡੇ ਇਕੱਠ ਵਿੱਚ ਜਨਾਬ ਦੀ ਜਾਨ ਨੂੰ ਸੌ ਖ਼ਤਰੇ ਹੋ ਸਕਦੇ ਨੇ... ਨਾਲੇ ਵਿਰੋਧੀਆਂ ਦਾ ਕੀ ਵਿਸ਼ਵਾਸ ਐ? ਬੁਲੇਟ-ਪਰੂਫ਼ ਸਕਿਊਰਟੀ ਦਾ ਇੰਤਜ਼ਾਮ ਕਰਨ ਲਈ ਪੁਲੀਸ ਦਾ ਸਾਰਾ ਅਮਲਾ ਪਹੁੰਚ ਗਿਆ। ਫੱਟੜਾਂ ਦੀਆਂ ਸੇਵਾਵਾਂ 'ਚ ਲੱਗੀਆਂ ਅੱਧੀਆਂ ਐਂਬੂਲੈਂਸਾਂ ਕਿਸੇ ਭਾਵੀ ਖ਼ਤਰੇ ਨੂੰ ਭਾਂਪਦਿਆਂ ਮਨਿਸਟਰ ਸਾਹਿਬ ਦੇ ਕਾਫ਼ਲੇ ਨਾਲ ਰੱਖਣ ਲਈ ਤਿਆਰ-ਬਰ-ਤਿਆਰ ਖੜ੍ਹਾ ਦਿੱਤੀਆਂ। ਜ਼ਖ਼ਮੀਆਂ ਨੂੰ 'ਮਿੱਤਰ ਭਲਾਈ ਕਲੱਬ' ਦੇ ਮੈਂਬਰਾਂ ਅਤੇ ਕੁਝ ਕੁ ਡਾਕਟਰਾਂ ਦੇ ਸਹਾਰੇ ਛੱਡ ਕੇ ਪੁਲੀਸ-ਮੁਖੀ ਤੇ ਦੂਸਰੇ ਡਾਕਟਰ ਮਨਿਸਟਰ ਸਾਹਿਬ ਦੀ ਸੇਵਾ ਸੰਭਾਲ ਲਈ ਚਲੇ ਗਏ।

"ਆ-ਗੇ, ਆ-ਗੇ" ਦਾ ਰੌਲਾ ਪੈ ਗਿਆ। ਹੁਣ ਕੰਮ ਬਣਿਆ ਕਿ ਬਣਿਆ ਯਮਦੂਤ ਖ਼ੁਸ਼ੀ 'ਚ ਪਾਗ਼ਲ ਹੋਈ ਜਾ ਰਿਹਾ ਸੀ।

ਇਸ ਘੜੀ ਦੁਨੀਆਂ ਦਾ ਸਭ ਤੋਂ ਦੁਖੀ ਵਿਅਕਤੀ ਹੋਣ ਦਾ ਢੌਂਗ ਰਚਦਿਆਂ ਮਨਿਸਟਰ ਸਾਹਿਬ ਪਾਗ਼ਲ ਕੁੱਤੇ ਵਾਂਗ ਕਦੇ ਇੱਧਰ, ਕਦੇ ਉੱਧਰ ਭੱਜੇ ਫਿਰਨ, "ਸੁਸਰਾ ਕਿਆ ਹੋ ਗਿਆ। ਕੈਸੇ ਹੋ ਗਿਆ? ਕੋਈ ਸਾਲਾ ਕਾਮ ਨਹੀਂ ਕਰਤਾ, ਸਭ ਕੋ ਸਸਪੈਂਡ ਕਰਦੂੰ। ਜੋ ਕੋਈ ਵੀ ਇਸ ਕੇ ਲੀਏ ਜ਼ਿੰਮੇਵਾਰ ਐ ਉਨਕੋ ਬਖ਼ਸ਼ਾ ਨਹੀਂ ਜਾਏਗਾ। ਮਰਨੇ ਵਾਲੋਂ ਕੇ ਪਰਿਵਾਰੋਂ ਕੋ ਅਭੀ ਹੀ ਏਕ-ਏਕ ਲਾਖ ਕੀ ਗਰਾਂਟ ਮਨਜ਼ੂਰ ਕਰਤਾ ਹੂੰ।" ਮਗਰਮੱਛ ਦੇ ਹੰਝੂ ਕੇਰਦਿਆਂ ਹਰ ਇੱਕ ਜ਼ਖ਼ਮੀ ਦੇ ਸਿਰ੍ਹਾਣੇ ਜਾ ਇਹੀ ਰਾਗ ਅਲਾਪਦੇ।

ਬੇਹੋਸ਼ ਪਏ ਭੰਬਲੂ ਦਾ ਹਾਲ ਪੁੱਛਣ ਲਈ ਜਿਉਂ ਹੀ ਮਨਿਸਟਰ ਸਾਹਿਬ ਉਸ ਦੇ ਨੇੜੇ ਹੋਏ, ਮਿੱਤਰ-ਭਲਾਈ ਕਲੱਬ ਦੇ ਮੈਂਬਰ ਤੇ ਡਾਕਟਰ ਆਪਣਾ ਕੰਮ ਛੱਡ ਕੇ ਥੋੜ੍ਹਾ ਪਿੱਛੇ ਹਟੇ। ਝੱਟ ਹੀ ਯਮਦੂਤ ਨੇ ਰੋਂਦੀ ਕੁਰਲਾਉਂਦੀ ਰੂਹ ਨੂੰ ਭੰਬਲੂ ਦੇ ਸਰੀਰ ਵਿੱਚੋਂ ਧੂਹ ਲਿਆ "ਰਿਸ਼ਵਤਾਂ ਖਾ-ਖਾ ਘਟੀਆ ਮਾਲ ਲਾ ਕੇ ਲੋਕਾਂ ਦੇ ਮਰਨ ਦਾ ਇੰਤਜ਼ਾਮ ਤਾਂ ਤੁਸੀਂ ਕਰ ਹੀ ਦਿੰਦੇ ਓ। ਓਏ ਪਾਪੀਓ ਕੁਝ ਤਾਂ ਤਰਸ ਕਰੋ, ਕਿਉਂ ਦੁਰਘਟਨਾ ਵਾਲੀ ਥਾਂ 'ਤੇ ਆ ਕੇ ਯਮਦੂਤਾਂ ਲਈ ਰਾਹ ਵੀ ਪੱਧਰਾ ਕਰ ਦਿੰਦੇ ਓ।" ਤੇ ਯਮਦੂਤ ਜੇਤੂ ਹਾਸੀ ਹੱਸਦਾ ਰੂਹ ਨੂੰ ਲੈ ਕੇ ਉਡਾਰੀ ਮਾਰ ਗਿਆ।

---




ਵਿਆਹ ਦੀ ਪਹਿਲੀ ਵਰ੍ਹੇਗੰਢ 'ਤੇ ਪਤੀ ਨੇ ਬੜੇ ਪਿਆਰ ਨਾਲ ਪਤਨੀ ਨੂੰ ਕਿਹਾ, "ਡਾਰਲਿੰਗ, ਵਰ੍ਹੇਗੰਢ ਦੇ ਤੋਹਫੇ ਦੇ ਰੂਪ ਵਿੱਚ ਤੂੰ ਕੀ ਲੈਣਾ ਪਸੰਦ ਕਰੇਂਗੀ ਸਿੰਗਾਪੁਰ ਦੀ ਟਿਕਟ ਜਾਂ ਇਕ ਸ਼ਾਨਦਾਰ ਟੇਪ ਰਿਕਾਰਡਰ?"

ਪਤਨੀ ਬੋਲੀ, "ਮੇਰੇ ਖਿਆਲ 'ਚ ਸਿੰਘਾਪੁਰ ਦੀ ਟਿਕਟ ਠੀਕ ਰਹੇਗੀ?"

ਪਤੀ, "ਉਹ ਕਿਉਂ?

ਪਤਨੀ, "ਇਸ ਲਈ ਕਿ ਸੁਣਿਆ ਹੈ ਉਥੇ ਟੇਪ ਰਿਕਾਰਡਰ ਬਹੁਤ ਸਸਤੇ ਤੇ ਸ਼ਾਨਦਾਰ ਮਿਲ ਜਾਂਦੇ ਹਨ।"

***

ਪਤੀ (ਪਤਨੀ ਨੂੰ), "ਤੁਸੀਂ ਔਰਤਾਂ ਕਿਸੇ ਵੀ ਚੀਜ਼ ਨੂੰ ਬੇਕਾਰ ਨਹੀਂ ਜਾਣ ਦਿੰਦੀਆਂ।"

ਪਤਨੀ, "ਉਹ ਕਿਵੇਂ?"

ਪਤਨੀ, "ਉਹ ਇਸ ਤਰ੍ਹਾਂ ਕਿ ਹਰ ਔਰਤ ਆਪਣੀ ਉਮਰ 'ਚੋਂ ਜਿੰਨੇ ਸਾਲ ਘਟਾ ਕੇ ਦੱਸਦੀ ਹੈ, ਉਨ੍ਹਾਂ ਨੂੰ ਕਦੇ ਵੀ ਬੇਕਾਰ ਨਹੀਂ ਜਾਣ ਦਿੰਦੀ, ਝੱਟ ਆਪਣੀ ਸਹੇਲੀ ਦੀ ਉਮਰ 'ਚ ਜੋੜ ਦਿੰਦੀ ਹੈ।"

***

ਇਕ ਛੋਟਾ ਬੱਚਾ ਆਪਣੇ ਦੋਸਤਾਂ ਨਾਲ ਕੈਬਰੇ ਡਾਂਸ ਦੇਖਣ ਚਲਾ ਗਿਆ। ਮਾਂ ਨੂੰ ਪਤਾ ਲੱਗਾ ਤਾਂ ਉਹ ਬਹੁਤ ਪ੍ਰੇਸ਼ਾਨ ਹੋਈ। ਉਸ ਨੇ ਬੇਟੇ ਨੂੰ ਪੁੱਛਿਆ, "ਬੇਟਾ, ਤੂੰ ਉਥੇ ਕੋਈ ਅਜਿਹੀ ਚੀਜ਼ ਤਾਂ ਨਹੀਂ ਦੇਖੀ, ਜੋ ਤੈਨੂੰ ਨਹੀਂ ਦੇਖਣੀ ਚਾਹੀਦਾ ਸੀ?"

ਬੱਚਾ, "ਹਾਂ, ਦੇਖੀ ਸੀ।"

"ਕੀ ਦੇਖਿਆ ਸੀ?" ਮਾਂ ਨੇ ਪ੍ਰੇਸ਼ਾਨ ਹੁੰਦਿਆਂ ਪੁੱਛਿਆ।

"ਪਿਤਾ ਜੀ।" ਬੱਚੇ ਮਾਸੂਮੀਅਤ ਨਾਲ

***

25 ਸਾਲਾਂ ਤੋਂ ਵਿਆਹਿਆ ਜੋੜਾ ਪਤੀ ਦਾ 60ਵਾਂ ਜਨਮ ਦਿਨ ਮਨਾ ਰਿਹਾ ਸੀ। ਪਾਰਟੀ ਦੌਰਾਨ ਇਕ ਪਰੀ ਆਈ ਤੇ ਦੋਹਾਂ ਨੂੰ ਇਕ-ਇਕ ਵਰਦਾਨ ਮੰਗਣ ਲਈ ਕਿਹਾ। ਪਤਨੀ ਨੇ ਕਿਹਾ, "ਮੈਂ ਸਾਰੀ ਦੁਨੀਆਂ ਦੀ ਸੈਰ ਕਰਨਾ ਚਾਹੁੰਦੀ ਹਾਂ।"

ਪਰੀ ਨੇ 'ਹਾਂ' ਵਿੱਚ ਹੱਥ ਹਿਲਾਇਆ ਤੇ ਉਸ ਦੇ ਹੱਥ ਵਿੱਚ ਦੁਨੀਆਂ ਦੀ ਸੈਰ ਦੀ ਟਿਕਟ ਆ ਗਈ। ਹੁਣ ਵਰਦਾਨ ਮੰਗਣ ਦੀ ਵਾਰੀ ਪਤੀ ਦੀ ਸੀ। ਉਸ ਨੇ ਇਕ ਪਲ ਸੋਚ ਕੇ ਕਿਹਾ, "ਮੈਂ ਚਾਹੁੰਦਾ ਹਾਂ ਕਿ ਮੇਰੀ ਪਤਨੀ ਮੇਰੇ ਤੋਂ 30 ਸਾਲ ਛੋਟੀ ਹੋਵੇ।"

"ਹੁਣੇ ਲਓ।"

ਇੰਨਾ ਕਹਿ ਕੇ ਪਰੀ ਨੇ ਆਪਣਾ ਹੱਥ ਲਹਿਰਾਇਆ ਤੇ ਫਿਰ ਕੀ ਸੀ ਪਤੀ ਦੇਵ 90 ਸਾਲ ਦੇ ਹੋ ਗਏ।

ਲੜੀ ਜੋੜਨ ਲਈ 2450 ਅੰਕ ਦੇਖੋ

### ਕਾਂਡ ਪਹਿਲਾ-ਸ਼ਿਅਰ

ਮੱਗਰ ਵੇਹੜਿਆਂ ਬੰਨ੍ਹ ਕੇ, ਸੁੱਚੀ ਸ਼ੈਰ ਕਰਾਉਣ
ਕੇਸਰੀ ਝੰਡੇ ਜਿੱਤ ਦੇ, ਸਭ ਥਾਂਈਂ ਲਹਿਰਾਉਣ

ਬਦਲਾ ਦੋਹਾਂ ਬਾਬਿਆਂ ਦਾ, ਬੰਦੇ ਲੈ ਲਿਆ ਝੱਟ
ਜੱਖਣਾ ਮੁਗਲ ਰਾਜ ਦੀ, ਸੀ ਬੰਦੇ ਦਿੱਤੀ ਪੱਟ

ਸਿੱਕਾ ਨਾਨਕ ਨਾਓ ਦਾ, ਸੀ ਬੰਦੇ ਲਿਆ ਚਲਾ
ਨਾਨਕ" ਗੁਰੂ ਗੋਬਿੰਦ ਸਿੰਘ, ਦੋ ਪਾਸੀ ਲਿਆ ਲਿਖਾ

ਸੰਨ ਸਤਾਰਾਂ ਸੋ ਸੋਲਾਂ ਨੂੰ, ਸੀ ਬੰਦਾ ਹੋਇਆ ਸ਼ਹੀਦ
ਸ਼ਹੀਦੀ ਦਿੱਤੀ ਏਸ ਨੇ, ਬਣ ਕੇ ਗੁਰੂ ਮਰੀਦ

ਪੁਤ ਸ਼ਹੀਦ ਕਰਾ ਲਿਆ, ਨਾਲੇ ਘਰ ਦੀ ਨਾਰ
ਸੱਤ ਸੋ ਚਾਲੀ ਸ਼ਹੀਦ ਹੋਏ, ਨਾਲ ਅਣਖ਼ੀ ਸਰਦਾਰ

ਅੱਲੜ ਪੁਤ ਦੀ ਮਾਂ ਸੀ, ਆਈ ਪੁਤ ਬਖ਼ਸ਼ਾਉਣ
ਪੁਤ ਕਿਹਾ ਮੇਰੀ ਮਾਂ ਨਹੀਂ, ਨਾ ਜਾਣਾ ਇਹ ਕੋਣ

ਛੇ ਸਾਲਾਂ ਚੋ ਕਰ ਗਿਆ, ਬੰਦਾ ਕੰਮ ਅਵੱਲ
ਮੁਗ਼ਲਾਂ ਸੀ ਨਿਵਾਉਣ ਦਾ, ਬਹੁਤ ਵਰਤਿਆ ਬੱਲ

ਮੋਹਰਾਂ ਗੁਰਾਂ ਦੇ ਨਾਂ ਤੇ, ਸੀ ਬੰਦਾ ਗਿਆ ਚਲਾ
ਮਾਲਕ ਉਹ ਜ਼ਮੀਨ ਦਾ, ਜੋ ਵੀ ਰਿਹਾ ਹੈ ਵਾਹ

ਮਾਲਕ ਬਣਕੇ ਭੋਏਂ ਦੇ, ਖ਼ੁਸ ਸੀ ਬਹੁਤ ਕਿਸਾਨ
ਬਹਾਦਰ ਬੰਦਾ ਸਿੰਘ ਨੇ, ਕੰਮ ਕੀਤੇ ਬਹੁਤ ਮਹਾਨ

ਪਹਿਲਾ ਦੁਨੀਆਂ ਵਿੱਚ ਸੀ, ਬਣਿਆ ਇਹੇ ਕਨੂਨ
ਜਿਮੀਂਦਾਰਾਂ ਦੀ ਸੁਧਰ ਗਈ, ਮਾਲਕ ਬਣ ਕੇ ਜੂਨ

ਸਿੱਖ ਕੋਮ ਦਾ ਬਾਦਸ਼ਾਹ, ਬੰਦਾ ਸਿੰਘ ਮਹਾਨ
ਏਸ "ਮਠਾੜੂ, ਪੰਥ ਦੀ, ਉਚੀ ਕੀਤੀ ਸ਼ਾਨ

ਖਾਲਸ ਬੰਦਾ ਖਾਲਸਾ, ਖਾਲਸ ਕਰ ਗਿਆ ਕੰਮ
ਮੁਗ਼ਲ ਰਾਜ ਦੇ ਡੰਗਤੇ, ਬੰਦੇ ਗੱਡੇ ਥੰਮ

ਉਹਦੇ ਪਾਏ ਪੂਰਨੇ , ਅਸੀਂ ਲਏ ਮਨੋ ਭੁਲਾ
ਵਿੱਚ ਗੁਲਾਮੀ ਅੱਜ ਅਸੀਂ, ਰਹੇ ਹਾਂ ਤਖਤ ਛੁਵਾ

# ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ



ਮਹਾਂਕਾਵਿ - (ਕ੍ਰਿਤ) ਗੁਰਦੇਵ ਸਿੰਘ ਮਠਾੜੂ

### ਕਾਂਡ ਦੂਜਾ

=============

### ਖ਼ਾਲਸਾ ਰਾਜ ਨੂੰ ਅਗਾਂਹ ਤੋਰਨਾ

ਨੋਧ ਸਿੰਘ ਸਰਦਾਰ ਜਦ, ਹੋਇਆ ਕਹਿਣ ਜਵਾਨ
ਕੱਦ ਵਾਂਗ ਸੀ ਸਰੂ ਦੇ, ਵਾਂਗ ਸ਼ੇਰ ਦੇ ਜਾਨ

ਭਾਈ ਚੰਦ ਸਿੰਘ ਛੋਟੜਾ, ਨੋਧ ਸਿੰਘ ਦਾ ਵੀਰ
ਸੋਚੀ ਰਲਕੇ ਦੋਹਾਂ ਨੇ, ਕਹਿੰਦੇ ਇਹ ਤਦਬੀਰ

ਘਰ ਬਣਾਈਏ ਵੱਢਵਾਂ, ਹੋਵੇ ਕਿੱਲੇ ਜੋ ਵਾਂਗ
ਨਾਲ ਅੱਣਖ ਦੇ ਜੀਣ ਦੀ, ਕਰੀਏ ਆਪਾ ਤਾਂਘ

ਗੁਜਰਾਂ ਵਾਲੇ ਕੋਲ ਸੀ, ਵੱਡੇ ਚੱਕ ਦੀ ਥੇਹ
ਉਜੜੀ ਥੇਹ ਸਰਦਾਰ ਨੇ, ਆਪ ਵਸਾਈ ਇਹ

ਘਰ ਬਣਾਇਆ ਦੋਹਾਂ ਨੇ, ਲੱਗਦਾ ਕਿਲ੍ਹੇ ਸਮਾਨ
ਰੱਖੇ ਰਾਖੀ ਵਾਸਤੇ, ਇੰਹਨਾ ਕੁਝ ਜਵਾਨ

ਛੋਟੇ ਮੋਟੇ ਦੁਸ਼ਮਣਾ, ਨੂੰ ਇਹ ਲਇੰਦੇ ਡੱਕ
ਹੱਕ ਨਾ ਦੇਦੋਂ ਖਾਣ ਹੀ, ਨਾ ਖਾਣ ਕਿਸੇ ਦਾ ਹੱਕ

ਲਾਗੇ ਬੰਨ੍ਹੇ ਦੋਵਾਂ ਦੀ, ਚੱਰਚਾ ਹੋਵੇ ਆਮ
ਪੁਤਰ ਜੋ ਬੁਧ ਸਿੰਘ ਦੇ, ਖ਼ੂਭ ਵਧਾਉਦੇਂ ਨਾਮ

ਮਜੀਠੇ ਪਿੰਡ ਦਾ ਜਿਮੀਦਾਰ, ਗੁਲਾਬ ਸਿੰਘ ਸਰਦਾਰ
ਕੰਨਿਆ ਸੁੰਦਰ ਓਸ ਦੀ, ਬਹੁਤੀ ਵਾਨ ਵਿਚਾਰ

ਰਿਸ਼ਤਾ ਕੀਤਾ ਓਸ ਨੇ, ਨੋਧ ਸਿੰਘ ਨੂੰ ਆ
ਸ਼ਗਨ ਉਹ ਝੋਲੀ ਪਾਂਵਦੇ, ਗੁਰੂ ਨੂੰ ਮਨੋ ਧਿਆ



ਪੱਕਾ ਦਿਨ ਵਿਆਹ ਦਾ, ਕੀਤਾ ਸੋਚ ਵਿਚਾਰ
ਹੱਥ ਜੋੜ ਦੋਏ ਆਖਦੇ, ਗੁਰ ਬੇੜੇ ਲਾਵੀਂ ਪਾਰ

ਪਿੰਡ ਮਜੀਠੇ ਨੋਧ ਸਿੰਘ, ਨਾਲ ਭਾਈਆਂ ਢੁੱਕਾ ਆ
ਬੜੀਆਂ ਸ਼ਾਨ੍ਹਾ ਨਾਲ ਸੀ, ਹੋਇਆ ਇਹੇ ਵਿਆਹ

ਚਾਈਂ ਚਾਈਂ ਆਵਦੇਂ, ਡੋਲਾ ਚੱਕ ਕੁਹਾਰ
ਮਾਨਣ ਜੀਵਨ ਗਸ੍ਰਿਤ ਦਾ, ਦੋਵੇਂ ਨਾਲ ਪਿਆਰ

ਪੁਤਰ ਘਰ ਸੀ ਨੋਧ ਸਿੰਘ, ਦਿੱਤੇ ਰੱਬ ਜੀ ਚਾਰ
ਨਾਂ ਚੋਹਾਂ ਦੇ ਰੱਖਦੇ, ਬਹੁਤੇ ਨਾਲ ਪਿਆਰ

ਵੱਢਾ ਪੁਤਰ ਚੜ੍ਹਤ ਸਿੰਘ, ਦੂਜਾ ਦੱਲ ਸਿੰਘ ਪੁਤ
ਚੇਤ ਸਿੰਘ ਥਾਂ ਤੀਸਰੇ, ਸੀ ਚੋਥਾ ਮਾਗੀ ਸੁਤ

ਛੋਟਾ ਮਾਗੀ ਸਿੰਘ ਜੋ, ਬਣਿਆ ਬਹੁ ਭਜਨੀਕ
ਬਾਣੀ ਦਾ ਪਰਚਾਰ ਉਸ, ਕੀਤਾ ਆਖ਼ਰ ਤੀਕ

ਦੂਜੇ ਭਾਈਆਂ ਤਿੰਨੜਾ, ਦੱਬੀ ਪਿਓ ਦੀ ਪੈੜ
ਪਾਉਦੇਂ ਝੱਟ ਲਗਾਮ ਉਹ, ਜੋ ਵੀ ਦਿੱਸਦਾ ਵੈੜ

ਚਲਦਾ ...



## ਸਿੱਖ ਰਹਿਤ ਮਰਿਆਦਾ ਦਰਸ਼ਨ

ਲੇਖਕ-ਪ੍ਰੋ: ਸੁਰਜੀਤ ਸਿੰਘ ਨੰਨੂਆ

## ਅਧਿਆਇ - 26

# ਸਿੱਖ ਸਭਿਆਚਾਰ ਬਨਾਮ ਪੱਛਮੀ ਸਭਿਆਚਾਰ

ਅੱਜ-ਕੱਲ੍ਹ ਸੰਸਾਰ ਵਿੱਚ ਸਮਾਜਿਕ, ਸਭਿਆਚਾਰਕ ਅਤੇ ਧਾਰਮਿਕ ਕਦਰਾਂ-ਕੀਮਤਾਂ ਗਿਰਾਵਟ ਵੱਲ ਜਾ ਰਹੀਆਂ ਹਨ, ਜਿਨ੍ਹਾਂ ਦਾ ਸਿੱਖ ਸਦਾਚਾਰ ਤੇ ਵੀ ਅਸਰ ਪੈ ਰਿਹਾ ਹੈ। ਸੈਕਸ ਉਤਪਤੀ ਅਤੇ ਸਮਾਜਿਕ ਬੰਧਨਾਂ ਚੋਂ ਨਿਕਲ ਕੇ ਮਨੋਰੰਜਨ ਅਤੇ ਵਪਾਰਕ ਕਾਰੋਬਾਰ ਵੱਲ ਜਾ ਰਿਹਾ ਹੈ। ਪੱਛਮੀ ਸਭਿਆਚਾਰ ਵਿਚੋਂ ਕਾਮਵਾਸ਼ਨਾ ਨੂੰ ਮਿਲੇ ਉਤਸ਼ਾਹ ਕਾਰਨ ਲੋਕੀਂ ਸ਼ਾਦੀ ਤੋਂ ਬਾਹਰਲੇ ਰਿਸ਼ਤਿਆਂ ਨੂੰ ਪਹਿਲ ਦੇਣ ਲੱਗ ਪਏ ਹਨ। ਆਤਮਿਕ ਅਨੰਦ ਦੀ ਭਾਲ ਵਿੱਚ ਔਰਤ-ਔਰਤ ਅਤੇ ਮਰਦ-ਮਰਦਾਂ ਨਾਲ ਸ਼ਾਦੀ ਕਰ ਰਹੇ ਹਨ । ਕੁਆਰੇ-ਕੁਆਰੀਆਂ ਤੇ ਵਿਆਹੇ-ਵਿਆਹੀਆਂ ਦੀ ਆਪਸੀ ਅਦਲਾ-ਬਦਲੀ ਕਰ ਰਹੇ ਹਨ। ਮਾਨਸਿਕ ਰੋਗਾਂ ਤੋਂ ਪੀੜਤ ਕੁਝ ਲੋਕ ਬਾਲਗ-ਸਟੋਰਾਂ ਵੱਲ ਭੱਜ ਰਹੇ ਹਨ ।

ਅੱਜ ਕੱਲ੍ਹ ਸੈਕਸ ਦੇ ਕਿੱਸੇ ਇੰਗਲੈਂਡ ਦੇ ਸ਼ਾਹੀ ਮਹਿਲ ਅਤੇ ਅਮਰੀਕਨ ਰਾਸ਼ਟਰਪਤੀ ਭਵਨ ਤੱਕ ਪੁੱਜ ਚੁੱਕੇ ਹਨ। ਡਿਆਨਾ ਦੇ ਡੌਡੀ ਤੇ ਘੋੜ ਸਵਾਰੀ ਸਿਖਾਉਣ ਵਾਲੇ ਟਾਈਗਰ ਵੁੱਡ ਗੌਲਫਰ ਦੇ 121 ਜਨਾਨੀਆਂ ਨਾਲ ਨਾਜਾਇਜ਼ ਸਬੰਧਾਂ ਦੇ ਚਰਚੇ ਸੁਣਨ ਨੂੰ ਮਿਲਦੇ ਹਨ । ਵਿਦਿਅਕ ਖੇਤਰ ਵਿੱਚ ਮਾਸਟਰ ਤੇ ਮਾਸਟਰੀਆਂ ਦੇ ਵਿਦਿਆਰਥੀਆਂ ਨਾਲ ਅਤੇ ਫੌਜੀ ਅਫਸਰਾਂ ਦੇ ਕੰਫਰਟ ਵੀਮੈਨ ਤੋਂ ਲੈ ਕੇ ਵਰਤਮਾਨ ਜੂਨੀਅਰ ਸੈਨਿਕਾਂ ਨਾਲ ਬਦਫੈਲੀਆਂ ਕਰਨ ਵਿਰੁੱਧ ਵੀ ਅਦਾਲਤਾਂ ਵੱਲੋਂ ਕਾਨੂੰਨੀ ਕਾਰਵਾਈਆਂ ਕਰਨ ਦੀਆਂ ਖ਼ਬਰਾਂ ਪ੍ਰਾਪਤ ਹੋਈਆਂ ਹਨ ।

ਵਿਸ਼ਵੀਕਰਨ ਦੇ ਇਸ ਯੁੱਗ ਵਿੱਚ ਸੂਚਨਾ ਤਕਨੀਕ ਨੇ ਸਾਰੇ ਸੰਸਾਰ ਨੂੰ ਇਕ ਨਿੱਕਾ ਜਿਹਾ ਪਿੰਡ ਬਣਾ ਕੇ ਰੱਖ ਦਿੱਤਾ ਹੈ। ਲੋਕਾਂ ਦੇ ਖਾਣ-ਪੀਣ, ਰਹਿਣ-ਸਹਿਣ ਤੇ ਪਹਿਰਾਵੇ ਵਿੱਚ ਬਹੁਤ ਵੱਡੀ ਤਬਦੀਲੀ ਆ ਰਹੀ ਹੈ। ਵਿਕਾਸਸ਼ੀਲ ਪੱਛਮੀ ਦੇਸ਼ਾਂ ਦੀ ਭਾਸ਼ਾ, ਪਹਿਰਾਵੇ ਅਤੇ ਸਭਿਆਚਾਰ ਨੂੰ ਲੋਕੀਂ ਅੰਨ੍ਹੇ-ਵਾਹ ਨਕਲ ਕਰੀ ਜਾ ਰਹੇ ਹਨ । ਭਾਰਤੀ ਸਿਨਮੇ ਅਤੇ ਟੀ. ਵੀ. ਵੱਲੋਂ ਭਾਰਤੀ ਸਭਿਆਚਾਰਕ ਕਦਰਾਂ-ਕੀਮਤਾਂ ਦੀ ਥਾਂ ਪੱਛਮੀ ਸਭਿਆਚਾਰ ਦਾ ਬੇਲੋੜਾ ਪ੍ਰਦਰਸ਼ਨ ਕਰਨ ਨਾਲ ਭਾਰਤੀਆਂ ਤੇ ਇਸਦਾ ਮਾੜਾ ਪ੍ਰਭਾਵ ਪਿਆ ਹੈ। ਭਾਰਤੀ ਰਾਜਨੀਤਿਕ ਖੇਤਰ ਵਿੱਚ ਚਾਂਦ-ਫਿਜਾ ਦੇ ਕਿੱਸੇ ਅਤੇ ਮੰਤਰੀ ਵੱਲੋਂ ਆਈ. ਏ. ਐਸ. ਅਧਿਕਾਰੀ ਦੀ ਪਤਨੀ, ਆਈ. ਪੀ. ਐਸ. ਅਫਸਰ ਵੱਲੋਂ ਆਈ. ਏ. ਐਸ. ਅਧਿਕਾਰੀ ਅਤੇ ਜੱਜ ਵੱਲੋਂ ਆਪਣੀ ਕਰਮਚਾਰਨ ਨੂੰ ਪ੍ਰੇਸ਼ਾਨ ਕਰਨ ਦੀਆਂ ਸ਼ਿਕਾਇਤਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਨਦੀਆਂ ਰਹੀਆਂ ਹਨ। ਹਿੰਦੂ ਧਾਰਮਿਕ ਇਤਿਹਾਸ ਅਤੇ ਮਿਥਿਹਾਸ ਵਿੱਚ ਕਈ ਦੇਵਤਿਆਂ ਤੇ ਨਜ਼ਾਇਜ਼ ਸਬੰਧ ਸਥਾਪਿਤ ਕਰਨ ਦੀਆਂ ਕਥਾਵਾਂ ਵੀ ਪ੍ਰਾਪਤ ਹਨ। ਅੱਜ ਕੱਲ੍ਹ ਧਾਰਮਿਕ ਖੇਤਰ ਵਿੱਚ ਸਾਧਵੀਆਂ ਦੇ ਸੋਸ਼ਣ ਅਤੇ ਕਈ ਡੇਰਿਆਂ ਚੋਂ ਔਰਤਾਂ ਅਤੇ ਸਾਧਾਂ ਦੇ ਸਰੀਰਕ ਸਬੰਧਾਂ ਦੀਆਂ ਵੀ ਖ਼ਬਰਾਂ ਪ੍ਰਾਪਤ ਹੁੰਦੀਆਂ ਰਹਿੰਦੀਆਂ ਹਨ ।

ਉਪਰੋਕਤ ਖੁਲ੍ਹਾਂ ਦੇ ਮੁਕਾਬਲੇ ਇਸਲਾਮ ਅਤੇ ਸਿੱਖ ਧਰਮ ਸ਼ਾਦੀ ਤੋਂ ਬਾਹਰਲੇ ਸਬੰਧਾਂ ਦੀ ਮਨਜ਼ੂਰੀ ਨਹੀਂ ਦਿੰਦਾ। ਇਸਲਾਮ ਧਰਮ ਵਿੱਚ ਇਸਲਾਮਿਕ ਸਭਿਆਚਾਰ ਅਤੇ ਇਸਲਾਮਿਕ ਕਾਨੂੰਨ ਲਾਗੂ ਹੋਣ ਕਾਰਨ ਸ਼ਾਦੀ ਤੋਂ ਬਾਹਰਲੇ ਸਬੰਧਾਂ ਤੇ ਪੂਰਨ ਰੋਕ ਲਾਗੂ ਕੀਤੀ ਜਾ ਸਕਦੀ ਹੈ। ਭਾਰਤ ਅਤੇ ਪੱਛਮੀ ਦੇਸ਼ਾਂ ਵਿੱਚ ਵਸਦੇ ਸਿੱਖਾਂ ਉਤੇ ਸਥਾਨਕ ਸਭਿਆਚਾਰ ਅਤੇ ਸਥਾਨਕ ਖੁੱਲ੍ਹਾਂ ਦਾ ਕਾਫੀ ਪ੍ਰਭਾਵ ਪੈ ਰਿਹਾ ਹੈ। ਵਰਤਮਾਨ ਸਮੇਂ ਦੇ ਕਈ ਸੰਤਾਂ ਉਤੇ ਸ਼ਾਦੀ ਤੋਂ ਬਾਹਰਲੇ ਸਬੰਧਾਂ ਦੇ ਦੂਸ਼ਣ ਲਗਾਏ ਗਏ ਹਨ । ਜਥੇਦਾਰ ਅਕਾਲ ਤਖ਼ਤ ਸਾਹਿਬ ਕੋਲ ਕੀਤੀਆਂ ਸ਼ਿਕਾਇਤਾਂ ਤੋਂ ਮਗਰੋਂ ਵੀ ਉਹ ਜਾਂ ਤਾਂ ਸਾਫ ਬਚ ਗਏ ਜਾਂ ਉਨ੍ਹਾਂ ਵਿਰੁੱਧ ਕੋਈ ਕਠੋਰ ਕਾਰਵਾਈ ਹੀ ਨਹੀਂ ਕੀਤੀ ਗਈ। ਕਦੇ ਕਦੇ ਤਾਂ ਉਹ ਅਕਾਲ ਤਖ਼ਤ ਵੱਲੋਂ ਬਾਇਜਤ ਬਰੀ ਵੀ ਕਰ ਦਿੱਤੇ ਗਏ ਹਨ । ਅਦਾਲਤ ਵੱਲੋਂ ਉਨ੍ਹਾਂ ਨੂੰ ਦੋਸ਼ੀ ਸਾਬਤ ਕਰਕੇ ਸਜਾ ਵੀ ਦਿੱਤੀ ਗਈ ਹੈ। ਇਸ ਤਰ੍ਹਾਂ ਕਈ ਕਠੋਰ ਸ਼ਬਦਾਵਲੀ ਦੇ ਧਾਰਕ ਸਿੱਖ ਤਾਂ ਜਥੇਦਾਰਾਂ ਦੀ ਆਲੋਚਨਾ ਅਤੇ ਬੇਇਜ਼ਤੀ ਕਰਕੇ ਅਸਿੱਧੇ ਤੌਰ ਤੇ ਅਕਾਲ ਤਖ਼ਤ ਦਾ ਵੀ ਅਪਮਾਨ ਕਰੀ ਜਾ ਰਹੇ ਹਨ।

ਭਾਰਤ ਦੇ ਸੰਵਿਧਾਨ ਦੁਆਰਾ ਅਕਾਲ ਤਖ਼ਤ ਨੂੰ ਕੋਈ ਵਿਸ਼ੇਸ਼ ਨਿਆਇਕ ਅਧਿਕਾਰ ਨਾ ਦੇਣ ਕਾਰਨ ਜਥੇਦਾਰ ਕਿਸੇ ਕੁਤਾਹੀਕਾਰ ਵਿਰੁੱਧ ਕੋਈ ਕਠੋਰ ਕਾਰਵਾਈ ਨਹੀਂ ਕਰ ਸਕਦਾ । ਫਿਰ ਵੀ ਦੋਸ਼ੀ ਜਥੇਦਾਰ ਮੂਹਰੇ ਪੇਸ਼ ਹੋਣ ਤੋਂ ਹੀ ਟਾਲ-ਮਟੋਲ ਕਰ ਜਾਂਦੇ ਹਨ। ਕਦੇ ਕਦੇ ਉਹ ਸਜ਼ਾ ਵੱਜੋਂ ਲਗਾਈ ਸੇਵਾ ਨੂੰ ਵੀ ਵਿਚਕਾਰ ਹੀ ਛੱਡ ਕੇ ਭੱਜ ਜਾਂਦੇ ਹਨ । ਕਦੇ ਕਦੇ ਉਹ ਜਥੇਦਾਰ ਉਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਜ਼ਾ ਨਾ ਲਗਾਉਣ ਜਾਂ ਕਿਸੇ ਹੋਰ ਵਿਰੁੱਧ ਨਰਮੀ ਵਰਤਣ ਦਾ ਦੂਸ਼ਣ ਲਗਾ ਕੇ ਜਥੇਦਾਰ ਦਾ ਵਿਰੋਧ ਕਰਦਿਆਂ ਅਕਾਲ ਤਖ਼ਤ ਤੋਂ ਹੀ ਬਾਗੀ ਹੋ ਜਾਂਦੇ ਹਨ। ਮਹਾਰਾਜਾ ਰਣਜੀਤ ਸਿੰਘ, ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ, ਕੇਂਦਰੀ ਮੰਤਰੀ ਬੂਟਾ ਸਿੰਘ ਅਤੇ ਸੰਤ ਸ਼ਿਕਾਗੋ ਵਾਲਿਆਂ ਦੇ ਅਕਾਲ ਤਖ਼ਤ ਤੇ ਹਾਜ਼ਰ ਹੋਣ ਨਾਲ ਕੁਤਾਹੀਕਾਰਾਂ ਵਿੱਚ ਨਿਮਰਤਾ ਅਤੇ ਜਥੇਦਾਰਾਂ ਵਿੱਚ ਗਰੀਬ ਨਿਵਾਜ਼ਣ ਦੀ ਮਹਾਨਤਾ ਦਾ ਪ੍ਰਗਟਾਵਾ ਹੋਇਆ ਹੈ। ਬਦਲਦੇ ਰਾਜਨੀਤਿਕ, ਸਭਿਆਚਾਰਕ ਅਤੇ ਧਾਰਮਿਕ ਮਾਹੌਲ ਦੌਰਾਨ ਸਾਨੂੰ ਜਥੇਦਾਰ ਅਕਾਲ ਤਖ਼ਤ ਦੀ ਬੇਲੋੜੀ ਆਲੋਚਨਾ ਕਰਨ ਦੀ ਥਾਂ ਉਨ੍ਹਾਂ ਦੇ ਹੱਥ ਮਜ਼ਬੂਤ ਕਰਨ ਦੀ ਲੋੜ ਹੈ ।

## ਮਿੰਨੀ ਕਹਾਣੀ

### ਸੇਵਾ

ਸੁਰਜੀਤ ਕੌਰ ਦੇ ਦੂਜੇ ਮੁੰਡੇ ਦਾ ਹਾਲੇ ਹੁਣੇ ਹੀ ਵਿਆਹ ਹੋਇਆ ਸੀ। ਉਸ ਦੇ ਘਰ ਵਿਚ ਹੁਣ ਦੋ ਬਹੂਆਂ ਸਨ।

ਕੁਝ ਦਿਨ ਪਹਿਲਾਂ ਜਦ ਮੈਂ ਉਨ੍ਹਾਂ ਦੇ ਘਰ ਗਿਆ ਤਾਂ ਉਹ ਭਾਂਡੇ ਮਾਂਜ ਰਹੀ ਸੀ। ਮੈਂ ਉਸ ਨੂੰ ਮਜ਼ਾਕ ਨਾਲ ਕਿਹਾ, "ਚਾਚੀ ਹੁਣ ਤਾਂ ਤੇਰੇ ਘਰ ਦੋ-ਦੋ ਬਹੂਆਂ ਨੇ ਤੇ ਤੂੰ ਹੁਣ ਵੀ ਭਾਂਡੇ ਮਾਂਜ ਰਹੀ ਏਂ, ਹੁਣ ਤਾਂ ਤੂੰ ਬੈਠ ਕੇ, ਰਾਮ ਕਰਿਆ ਕਰ।"

ਤਾਂ ਉਹ ਅੱਗੋਂ ਬੋਲੀ, "ਵੇ ਪੁੱਤ ਮੇਰੇ ਤੋਂ ਬੁੱਢੀਆਂ, ਠੇਰੀਆਂ ਮੰਦਰਾਂ-ਗੁਰਦੁਆਰਿਆਂ 'ਚ ਜਾ ਕੇ ਲੋਕਾਂ ਦੇ ਜੂਠੇ ਭਾਂਡਿਆਂ ਦੀ ਸੇਵਾ ਕਰਦੀਆਂ ਨੇ, ਤੇ ਫਿਰ ਮੈਂ ਤਾਂ ਆਪਣੇ ਪੁੱਤ-ਧੀਆਂ ਦੇ ਹੀ ਭਾਂਡੇ ਮਾਂਜਦੀ ਆਂ, ਇਹ ਵੀ ਸੇਵਾ ਈ ਆ ਪੁੱਤ।"

ਐਨੀ ਗੱਲ ਸੁਣਦਿਆਂ ਸੁਰਜੀਤ ਕੌਰ ਦੀ ਨਵੀਂ ਵਿਆਹੀ ਬਹੂ ਭੱਜੀ, ਭੱਜੀ ਆਈ ਅਤੇ ਉਸ ਦੇ ਹੱਥੋਂ ਭਾਂਡੇ ਖੋਹ ਕੇ ਖ਼ੁਦ ਮਾਂਜਣ ਲੱਗ ਪਈ।

-ਚਰਨਜੀਤ ਸਿੰਘ ਮੁਕਤਸਰ

# ਜੰਗ ਮੁਕਤਸਰ ਦੀ

**ਇਤਿਹਾਸਕ ਦਿਹਾੜੇ 'ਤੇ ਵਿਸ਼ੇਸ਼**

**ਪਰਮਜੀਤ ਸਿੰਘ ਢੀਂਗਰਾ**



ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ

ਮੁਕਤਸਰ ਦੀ ਜੰਗ ਵੈਸਾਖ ਦੇ ਮਹੀਨੇ 1705 ਈਸਵੀ ਵਿੱਚ ਹੋਈ। ਗੁਰੂ ਗੋਬਿੰਦ ਸਾਹਿਬ ਜੀ ਨੇ 9ਵੇਂ ਗੁਰੂ ਸਾਹਿਬਾਨ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਨੂੰ ਸ਼ਸਤਰ ਵਿੱਦਿਆ ਨਾਲ ਜੋੜਿਆ। ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜਨਾ ਦੇ ਨਾਲ-ਨਾਲ ਸਿੱਖਾਂ ਨੂੰ ਅਜਿਹੀ ਸੈਨਿਕ ਸਿਖਲਾਈ ਦਿੱਤੀ, ਜਿਸ ਨਾਲ ਉਹ ਧਾਰਮਿਕ ਯੁੱਧਾਂ ਵਿੱਚ ਪ੍ਰਵਾਨ ਚੜ੍ਹੇ। ਗੁਰੂ ਜੀ ਨੇ ਸਿੱਖ ਪੰਥ ਨੂੰ ਚਾਰ ਹਿੱਸਿਆਂ ਵਿੱਚ ਵੰਡ ਦਿੱਤਾ ਸੀ। ਇਨ੍ਹਾਂ ਵਿੱਚੋਂ ਦੀਦਾਰੀ ਅਥਵਾ ਹਜ਼ੂਰੀ ਸਿੱਖਾਂ ਨੂੰ ਨਵੇਂ-ਨਵੇਂ ਹਥਿਆਰਾਂ ਨਾਲ ਨਿਪੁੰਨ ਕਰਕੇ ਪੂਰੀ ਤਰ੍ਹਾਂ ਸੈਨਿਕ ਸ਼ਕਤੀ ਦੇ ਰੂਪ ਵਿੱਚ ਸਥਾਪਿਤ ਕੀਤਾ। ਇਹ ਫ਼ੌਜੀ ਸਮੇਂ ਦੀ ਲੋੜ ਮੁਤਾਬਿਕ ਗਤਕੇ ਖੇਡਣੇ, ਤਲਵਾਰ ਚਲਾਉਣੀ, ਨੇਜ਼ਾਬਾਜ਼ੀ ਕਰਨੀ, ਤੀਰਾਂ ਤੇ ਬੰਦੂਕਾਂ ਦੇ ਨਿਸ਼ਾਨੇ ਲਾਉਣ ਤੇ ਘੋੜਸਵਾਰੀ ਵਿੱਚ ਨਿਪੁੰਨਤਾ ਪ੍ਰਾਪਤ ਕਰਦੇ। ਉਸ ਸਮੇਂ ਮੁਗਲਈ ਜਾਂ ਹੋਰ ਰਿਆਸਤਾਂ ਵਿੱਚ ਵੀ ਇਸੇ ਤਰ੍ਹਾਂ ਦੀ ਫ਼ੌਜੀ ਸਿਖਲਾਈ ਤੇ ਅਸਤਰਾਂ-ਸ਼ਸਤਰਾਂ ਦੀ ਪਰੰਪਰਾ ਪ੍ਰਚੱਲਿਤ ਸੀ। ਉਦੋਂ ਸਿੱਖ ਫ਼ੌਜਾਂ ਦੀ ਵਰਦੀ ਨੀਲਾ ਬਾਣਾ ਸੀ ਤੇ ਮੁਗਲਈ ਫ਼ੌਜਾਂ ਦੀ ਵਰਦੀ ਸ਼ਹਿਦ ਦੀਆਂ ਮੱਖੀਆਂ ਦੇ ਰੰਗ ਵਰਗੀ ਸਿਆਹ-ਭੂਰੀ ਸੀ। ਇਸ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮੇ ਵਿੱਚ ਕਰਦਿਆਂ ਲਿਖਿਆ ਹੈ :-

ਬਰੰਗ ਮਗਸ ਸਿਆਹ ਪੋਸ਼ ਆਮਦੰਦ ॥
ਬ-ਯਕ ਬਾਰਗੀ ਦਰ ਖਰੋਸ਼ ਆਮਦੰਦ ॥

ਭਾਵ ਸ਼ਹਿਦ ਦੀਆਂ ਮੱਖੀਆਂ ਦੇ ਰੰਗ ਵਰਗੇ ਸਿਆਹਪੋਸ਼ ਫ਼ੌਜੀ ਆਏ, ਜੋ ਗੁੱਸੇ ਨਾਲ ਇੱਕੋ ਵਾਰ ਸਾਡੇ 'ਤੇ ਟੁੱਟ ਪਏ। ਵੱਖਰੇ-ਵੱਖਰੇ ਇਤਿਹਾਸਕਾਰਾਂ ਨੇ ਮੁਕਤਸਰ ਦੀ ਜੰਗ ਦੇ ਪਿਛੋਕੜ ਦਾ ਵਰਣਨ ਕਰਦਿਆਂ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਪਹਿਲਾਂ ਰਾਮੇਆਣੇ ਪਿੰਡ ਪਹੁੰਚੇ। ਉਸ ਪਿੰਡ ਦੇ ਟਾਂਗੂ ਨੇ ਦੱਸਿਆ ਕਿ ਭਾਈ ਸਿੱਖੋ ਧੂੜ ਉਡਦੀ ਨਜ਼ਰ ਆਉਂਦੀ ਹੈ, ਸੁੱਖ ਹੋਵੇ ਸਹੀ। ਏਨੀ ਦੇਰ ਨੂੰ ਬਿਰਖ 'ਤੇ ਚੜ੍ਹੇ ਸਿੱਖ ਨੇ ਅਗਾਹ ਕੀਤੀ ਕਿ ਸੱਚੇ ਪਾਤਸ਼ਾਹ, ਤੁਰਕ ਨੇੜੇ ਆਣ ਪਹੁੰਚੇ ਹਨ ਤੇ ਇੱਥੋਂ ਅਜੇ ਖਿਦਰਾਣਾ ਦੋ ਕੋਹ 'ਤੇ ਹੈ। ਗੁਰੂ ਜੀ ਕਹਿਣ ਲੱਗੇ ਸਿੰਘੋ ਡਰੋ ਨਾ, ਉਨ੍ਹਾਂ ਨੂੰ ਰੋਕਣ ਵਾਲੇ ਆਪੇ ਰੋਕ ਲੈਣਗੇ। ਸਿੱਖਾਂ ਨੂੰ ਪਤਾ ਨਹੀਂ ਸੀ ਕਿ ਤੁਰਕਾਂ ਦੇ ਅੱਗੇ-ਅੱਗੇ ਮਝੈਲ ਸਿੰਘਾਂ ਦਾ ਜਥਾ ਆ ਰਿਹਾ ਹੈ। ਏਨੇ ਨੂੰ ਬੈਰਾੜ ਗੁਰੂ ਜੀ ਨੂੰ ਖਿਦਰਾਣੇ ਦੇ ਕੰਢੇ ਲੈ ਗਏ। ਭਰਿਆ ਜਲ ਤੇ ਜੰਗਲ ਦੇਖ ਕੇ ਗੁਰੂ ਜੀ ਬੜੇ ਖ਼ੁਸ਼ ਹੋਏ। ਸਿੰਘ ਕਹਿਣ ਲੱਗੇ ਗੁਰੂ ਜੀ ਇੱਥੇ ਸਭ ਸੁਖ ਹੈ। ਅਸੀਂ ਜਲ ਨੂੰ ਰੋਕ ਕੇ ਰੱਖਾਂਗੇ ਤੇ ਤੁਰਕ ਤਿਹਾਏ ਆਪੇ ਮੁੜ ਜਾਣਗੇ, ਜੇ ਉਨ੍ਹਾਂ ਦਾ ਜ਼ੋਰ ਪੈ ਗਿਆ ਤਾਂ ਹੋਰ ਅੱਗੇ ਚਲੇ ਜਾਵਾਂਗੇ। ਕੇਰ (ਟੋਬੇ ਵਿੱਚੋਂ ਪੁੱਟ ਕੇ ਸੁੱਟੀ ਮਿੱਟੀ ਦੇ ਲਾਏ ਢੇਰ) ਦੀ ਆੜ ਵਿੱਚ ਚੰਗੀ ਲੜਾਈ ਹੋ ਸਕਦੀ ਹੈ।

ਇਹ ਗੱਲ ਸੁਣ ਕੇ ਗੁਰੂ ਜੀ ਨੇ ਆਲੇ-ਦੁਆਲੇ ਦੀ ਭੂਗੋਲਿਕ ਸਥਿਤੀ ਦਾ ਜਾਇਜ਼ਾ ਲਿਆ ਤੇ ਤੁਰਦੇ-ਤੁਰਦੇ ਤਲਾਅ ਦੇ ਪੱਛਮ ਵੱਲ ਟਿੱਬੀ 'ਤੇ ਜਾ ਖਲੋਤੇ ਤੇ ਜੰਗ ਦੀ ਵਿਉਂਤਬੰਦੀ ਕਰਨ ਲੱਗੇ।

ਸ਼ਾਹੀ ਲਸ਼ਕਰ ਹੋਰ ਨੇੜੇ ਪਹੁੰਚਦਾ ਜਾ ਰਿਹਾ ਸੀ। ਜਿਹੜੇ ਮਝੈਲ ਸਿੰਘ ਗੁਰੂ ਜੀ ਦੇ ਮਗਰ-ਮਗਰ ਤੇ ਮੁਗ਼ਲਾਂ ਦੇ ਅੱਗੇ-ਅੱਗੇ ਆ ਰਹੇ ਸਨ, ਉਨ੍ਹਾਂ ਨੇ ਵੈਰੀਆਂ ਦੇ ਦੰਦ ਖੱਟੇ ਕਰਨ ਲਈ, ਰਣ ਤੱਤੇ ਵਿੱਚ ਜੂਝਣ ਲਈ ਖਿਦਰਾਣੇ ਦੀ ਢਾਬ ਦੇ ਪੂਰਬ ਵੱਲ ਨੀਵੀਂ ਥਾਂ 'ਤੇ ਮੋਰਚੇ ਗੱਡ ਲਏ। ਆਪਣੇ-ਆਪ ਨੂੰ ਥੋੜ੍ਹਿਆਂ ਤੋਂ ਬਹੁਤੇ ਦਿਖਾਉਣ ਲਈ ਤੇ ਇਸ ਖ਼ਿਆਲ ਨਾਲ ਕਿ ਤੁਰਕ ਅੱਗੇ ਗੁਰੂ ਜੀ ਦੇ ਵੱਲ ਨਾ ਚਲੇ ਜਾਣ, ਉਨ੍ਹਾਂ ਨੇ ਬਿਰਖਾਂ 'ਤੇ ਚਾਦਰੇ ਤੇ ਹੋਰ ਕੱਪੜੇ ਖਿਲਾਰ ਦਿੱਤੇ। ਰੁੱਖਾਂ 'ਤੇ ਵਿਛੇ ਕੱਪੜੇ ਦੂਰੋਂ ਤੰਬੂਆਂ ਦਾ ਪ੍ਰਭਾਵ ਦੇ ਰਹੇ ਸਨ। ਇਹ ਭੁਲੇਖੇ ਦੀ ਕੂਟਨੀਤੀ ਬੜੀ ਕਾਰਗਰ ਸਿੱਧ ਹੋਈ। ਤੁਰਕਾਂ ਦੀ ਸਾਰੀ ਫ਼ੌਜ ਉਸ ਪਾਸੇ ਵੱਲ ਹੋ ਗਈ। ਜਦੋਂ ਇਕਦਮ ਲਸ਼ਕਰ ਸਿੰਘਾਂ ਦੀ ਮਾਰ ਹੇਠ ਆ ਗਿਆ, ਤਾਂ ਉਨ੍ਹਾਂ ਗੁਰਿੱਲਾ ਯੁੱਧ ਨੀਤੀ ਦਾ ਦਾਅ ਵਰਤ ਕੇ ਹਮਲਾ ਕਰ ਦਿੱਤਾ ਤੇ ਵੀਹ-ਪੰਝੀ ਤੁਰਕ ਢੇਰ ਕਰ ਦਿੱਤੇ। ਜਦੋਂ ਲਗਾਤਾਰ ਬੰਦੂਕਾਂ ਚੱਲਣ ਲੱਗੀਆਂ ਤਾਂ ਵਜੀਦ ਖ਼ਾਂ ਨੇ ਸਮਝਿਆ ਕਿ ਇੱਥੇ ਹੀ ਸਿੱਖਾਂ ਨਾਲ ਗੁਰੂ ਗੋਬਿੰਦ ਸਿੰਘ ਵੀ ਹਨ। ਉਸ ਨੇ ਫ਼ੌਜਾਂ ਨੂੰ ਪਿੱਛੇ ਹਟਣ ਦਾ ਹੁਕਮ ਦਿੱਤਾ, ਤਾਂ ਜੋ ਵਧੇਰੇ ਜਾਨੀ ਨੁਕਸਾਨ ਤੋਂ ਬਚਿਆ ਜਾ ਸਕੇ। ਓਧਰ ਮੁਗਲ ਫ਼ੌਜ ਪਿੱਛੇ ਹਟਦੀ ਦੇਖ ਕੇ ਸਿੰਘਾਂ ਨੇ ਫੇਰ ਇੱਕ ਹੋਰ ਗੁਰਿੱਲਾ ਹਮਲਾ ਕਰ ਦਿੱਤਾ ਤੇ ਤੀਹ ਕੁ ਹੋਰ ਤੁਰਕ ਢੇਰੀ ਕਰ ਦਿੱਤੇ। ਸੰਘਣੇ ਬਿਰਖਾਂ ਵਿੱਚ ਨੀਵੇਂ ਥਾਂ ਬੈਠੇ ਸਿੱਖ ਤੁਰਕਾਂ ਨੂੰ ਨਜ਼ਰ ਨਾ ਆਏ, ਪਰ ਉਹ ਤੀਰਾਂ ਤੇ ਗੋਲੀਆਂ ਦੀ ਵਰਖਾ ਕਰਨ ਲੱਗੇ। ਦੋਹਾਂ ਪਾਸਿਆਂ ਤੋਂ ਬੰਦੂਕਾਂ ਵਿੱਚੋਂ ਕੜਕੜ ਗੋਲੀਆਂ ਚੱਲਣ ਲੱਗੀਆਂ। ਦਸਮ ਪਿਤਾ ਨੇ ਟਿੱਬੀ 'ਤੇ ਬੈਠਿਆਂ ਜਦੋਂ ਬੰਦੂਕਾਂ ਦੀ ਆਵਾਜ਼ ਸੁਣੀ ਤਾਂ ਇੱਕ ਸ਼ਾਹ ਸਵਾਰ ਨੂੰ ਉਸ ਪਾਸੇ ਪਤਾ ਕਰਨ ਲਈ ਭੇਜਿਆ। ਉਸ ਨੇ ਵਾਪਸ ਆ ਕੇ ਦੱਸਿਆ ਕਿ ਮਝੈਲਾਂ ਦਾ ਜਥਾ ਤੁਰਕਾਂ ਨੂੰ ਲੋਹੇ ਦੇ ਚਨੇ ਚਬਾ ਰਿਹਾ ਹੈ। ਫਿਰ ਗੁਰੂ ਜੀ ਨੇ ਟਿੱਬੀ ਤੋਂ ਹੀ ਤੀਰ ਚਲਾਉਣੇ ਸ਼ੁਰੂ ਕਰ ਦਿੱਤੇ ਤੇ ਇੱਕ-ਇੱਕ ਤੀਰ ਪੰਜ-ਪੰਜ ਤੁਰਕਾਂ ਦੇ ਆਹੂ ਲਾਹੁਣ ਲੱਗਾ। ਗੁਰੂ ਜੀ ਨੇ ਵਜੀਦ ਖਾਂ ਦੇ ਕਈ ਸੈਨਿਕ ਢੇਰ ਕਰ ਦਿੱਤੇ। ਸ਼ਾਹੀ ਫ਼ੌਜਾਂ ਨੂੰ ਝਾੜਾਂ ਪਿੱਛੇ ਲੁਕੇ ਹੋਏ ਸਿੱਖ ਜਿੰਨੀ ਦੇਰ ਤੱਕ ਨਾ ਦਿੱਸੇ, ਉਨ੍ਹਾਂ ਦਾ ਅੱਗੇ ਵਧਣ ਦਾ ਹੀਆ ਨਾ ਪਿਆ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਇੱਥੇ ਤਾਂ ਥੋੜ੍ਹੇ ਜਿਹੇ ਸਿੱਖ ਹਨ ਤੇ ਗੁਰੂ ਜੀ ਵੀ ਉਨ੍ਹਾਂ ਦੇ ਨਾਲ ਨਹੀਂ ਹਨ ਤਾਂ ਉਨ੍ਹਾਂ ਨੇ ਤਕੜਾ ਜੁਆਬੀ ਹਮਲਾ ਬੋਲ ਦਿੱਤਾ, ਜਿਸ ਨਾਲ ਬੜੀ ਮਾਰ-ਕਾਟ ਹੋਣ ਲੱਗੀ ਤੇ ਹਥਿਆਰਾਂ ਦੀ ਗੂੰਜ ਨਾਲ ਆਕਾਸ਼ ਕੰਬ ਉਠਿਆ।

ਸਿੰਘ ਸ਼ਮਸ਼ੀਰਾਂ ਖਿੱਚ-ਖਿੱਚ ਕੇ ਸ਼ੀਹਾਂ ਵਾਂਗ ਤੁਰਕਾਂ 'ਤੇ ਟੁੱਟ ਪਏ। ਖਟਾਖਟ ਤਲਵਾਰਾਂ ਖੜਕਣ ਲੱਗੀਆਂ। ਇੱਕ-ਇੱਕ ਸਿੰਘ ਨੇ ਗਿਆਰਾਂ-ਗਿਆਰਾਂ ਤੁਰਕਾਂ ਨੂੰ ਭਾਜੀ ਮੋੜੀ। ਭਾਵੇਂ ਸਿੰਘ ਸੂਰਮੇ ਵੀ ਤੀਰਾਂ ਤੇ ਗੋਲੀਆਂ ਨਾਲ ਵਿੰਨ੍ਹੇ ਪਏ ਸਨ ਪਰ ਉਨ੍ਹਾਂ ਮੈਦਾਨੇ ਜੰਗ 'ਚ ਪਿੱਛੇ ਭੌਂ ਕੇ ਨਹੀਂ ਵੇਖਿਆ, ਸਗੋਂ ਅੱਗੇ ਵੱਧ ਕੇ ਵੈਰੀ ਨਾਲ ਲੋਹਾ ਲੈਣ ਲੱਗੇ। ਇਸ ਨਾਲ ਦੁਸ਼ਮਣ ਦੇ ਖੇਮੇ ਵਿੱਚ ਅਜਿਹੀ ਹਾਹਾਕਾਰ ਮੱਚੀ ਕਿ ਉਹ ਡਰਦੇ ਮਾਰੇ ਅੱਗੇ ਵਧਣ ਦਾ ਹੌਸਲਾ ਨਾ ਕਰ ਸਕੇ।

ਗੁਰੂ ਜੀ ਦੇ ਤੀਰਾਂ ਨੇ ਤੁਰਕਾਂ ਨੂੰ ਭੁਲੇਖਾ ਪਾ ਦਿੱਤਾ ਕਿ ਪਤਾ ਨਹੀਂ ਏਥੇ ਕਿੰਨੀ ਕੁ ਫ਼ੌਜ ਹੈ, ਜੋ ਕਈ ਪਾਸਿਆਂ ਤੋਂ ਹਮਲੇ ਹੋ ਰਹੇ ਹਨ। ਇੱਕ ਤਾਂ ਇਸ ਫ਼ਿਕਰ ਨੇ ਦੂਜਾ ਵੈਸਾਖ ਰੁੱਤ ਦੀ ਗਰਮੀ ਨੇ ਤੁਰਕਾਂ ਨੂੰ ਬੇਹਾਲ ਕਰਨਾ ਸ਼ੁਰੂ ਕਰ ਦਿੱਤਾ, ਤੀਜੇ ਪਾਣੀ ਦੇ ਤਿਹਾਏ ਸਿਪਾਹੀਆਂ ਦੀਆਂ ਜੀਭਾਂ ਬਾਹਰ ਆਉਣ ਲੱਗੀਆਂ। ਭਾਵੇਂ ਚੌਧਰੀ ਕਪੂਰੇ ਦੇ ਦੱਸੇ ਹੋਏ ਤੁਰਕਾਂ ਨੇ ਖਿਦਰਾਣੇ ਦੀ ਢਾਬ ਵਿੱਚੋਂ ਪਾਣੀ ਲੈਣ ਲਈ ਬੜੇ ਯਤਨ ਕੀਤੇ ਪਰ ਸਿੰਘਾਂ ਦੀ ਮਜ਼ਬੂਤ ਕੰਧ ਨੇ ਉਨ੍ਹਾਂ ਨੂੰ ਪਾਣੀ ਦੇ ਨੇੜੇ ਫੜਕਣ ਨਹੀਂ ਦਿੱਤਾ। ਜਦੋਂ ਉਹ ਤਿਹਾਏ ਹਾਲੋਂ-ਬੇਹਾਲ ਹੋ ਗਏ, ਤਾਂ ਵਜੀਦ ਖ਼ਾਂ ਨੇ ਕਪੂਰੇ ਅੱਗੇ ਪਾਣੀ ਦੀ ਗੱਲ ਕੀਤੀ ਤਾਂ ਉਹ ਕਹਿਣ ਲੱਗਾ-ਇਸ ਜੰਗਲ ਵਿੱਚ ਤਾਂ ਤੀਹ-ਤੀਹ ਕੋਹ 'ਤੇ ਕਿਤੇ ਵੀ ਪਾਣੀ ਨਹੀਂ। ਜੇ ਪਿੱਛੇ ਵੀ ਹਟੀਏ ਤਾਂ ਘੱਟੋ-ਘੱਟ ਦਸ ਕੋਹ ਤੋਂ ਉਰਾਂ ਕਿਤੇ ਵੀ ਪਾਣੀ ਮਿਲਣ ਦੀ ਕੋਈ ਸੰਭਾਵਨਾ ਨਹੀਂ।

ਵਜੀਦ ਖਾਂ ਨੇ ਪਿੱਛੇ ਮੁੜਨ ਦਾ ਮਨ ਬਣਾ ਲਿਆ, ਪਰ ਮੁੜਨ ਤੋਂ ਪਹਿਲਾਂ ਕਹਿਣ ਲੱਗਾ ਕਿ ਇਨ੍ਹਾਂ ਸ਼ਹੀਦ ਹੋਏ ਮੋਮਨਾਂ ਨੂੰ ਕਿਤੇ ਦਫ਼ਨਾ ਚੱਲੀਏ ਤੇ ਨਾਲ ਹੀ ਮਰੇ ਹੋਏ ਸਿੱਖਾਂ ਵਿੱਚੋਂ ਸ਼ਾਇਦ ਗੁਰੂ ਜੀ ਦੀ ਲੋਥ ਲੱਭ ਜਾਏ ਤੇ ਉਨ੍ਹਾਂ ਦਾ ਸਿਰ ਲਾਹ ਕੇ ਲੈ ਚੱਲੀਏ, ਤਾਂ ਜੋ ਬਾਦਸ਼ਾਹ ਸਲਾਮਤ ਤੋਂ ਇਨਾਮ, ਨੇਕਨਾਮੀ, ਬਹਾਦਰੀ ਦਾ ਮਰਤਬਾ ਲੈ ਲਈਏ। ਉਸ ਦੀ ਇਹ ਗੱਲ ਸੁਣ ਕੇ ਕਪੂਰੇ ਨੇ ਕਿਹਾ ਤੁਸੀਂ ਕਿਹੜੇ ਭਰਮ-ਭੁਲੇਖੇ 'ਚ ਫਿਰਦੇ ਹੋ।

ਗੁਰੂ ਤੁਹਾਡੇ ਮਾਰਨ ਲਈ ਨਹੀਂ, ਓਥੇ ਬੈਠੇ। ਉਹ ਤਾਂ ਖ਼ਬਰੇ ਕਿੱਧਰ ਨੂੰ ਨਿਕਲ ਗਏ ਹੋਣਗੇ। ਖ਼ਾਨ ਸਾਹਿਬ ! ਮੋਇਆਂ ਨੂੰ ਸੰਭਾਲਣ ਦੀ ਬਜਾਏ, ਜਿਉਂਦਿਆਂ ਨੂੰ ਬਚਾਉਣ ਦਾ ਰਾਹ ਲੱਭੋ, ਨਹੀਂ ਤਾਂ ਇਹ ਧਰਤੀ ਕਰਬਲਾ ਬਣ ਜਾਏਗੀ ਤੇ ਦੱਬਣ-ਫੂਕਣ ਵਾਲਾ ਵੀ ਕੋਈ ਨਹੀਂ ਬਚੇਗਾ। ਵਜੀਦ ਖ਼ਾਨ ਨੂੰ ਕਪੂਰੇ ਦੀ ਗੱਲ ਜਚ ਗਈ ਕਿ ਜੇ ਪਿੱਛੇ ਨਾ ਮੁੜੇ ਤਾਂ ਤਿਹਾਈ ਫ਼ੌਜ ਪਾਣੀ ਖੁਣੋਂ ਤਿੱਤਰ-ਬਿਤਰ ਹੋ ਜਾਏਗੀ। ਉਸ ਨੇ ਫ਼ੌਜਾਂ ਨੂੰ ਪਿੱਛੇ ਵੱਲ ਮੋੜ ਲਿਆ। ਫੇਰ ਮੁਰਦੇ ਤਾਂ ਕੀ ਸਾਂਭਣੇ ਸਨ, ਜ਼ਖ਼ਮੀਆਂ ਨੂੰ ਵੀ ਤੜਫਦਿਆਂ ਛੱਡ ਕੇ ਤੁਰਕਾਂ ਦੀ ਫ਼ੌਜ ਹਰਨ ਹੋ ਗਈ।

ਤੁਰਕਾਂ ਦੇ ਨੱਸ ਜਾਣ ਦੀ ਖ਼ਬਰ ਸੁਣ ਕੇ ਜਦੋਂ ਗੁਰੂ ਜੀ ਰਣਭੂਮੀ 'ਚ ਆਏ, ਤਾਂ ਕੀ ਦੇਖਦੇ ਹਨ ਕਿ ਇੱਕ-ਇੱਕ ਸਿੱਖ ਕੋਲ ਦੋ-ਦੋ ਤੁਰਕ ਮੋਏ ਪਏ ਹਨ। ਮਾਈ ਭਾਗੋ, ਜੋ ਮਝੈਲ ਸਿੰਘਾਂ ਨਾਲ ਆਈ ਸੀ, ਤੁਰਕਾਂ ਨਾਲ ਦੋ-ਦੋ ਹੱਥ ਕਰਕੇ ਟੋਬੇ ਦੇ ਕੰਢੇ ਬੈਠੀ ਆਪਣੇ ਜ਼ਖ਼ਮ ਧੋ ਰਹੀ ਸੀ। ਉਸ ਨੇ ਜਦੋਂ ਮਝੈਲ ਸਿੱਖਾਂ ਦੇ ਸ਼ਹੀਦ ਹੋਣ ਦੀ ਗਾਥਾ ਗੁਰੂ ਜੀ ਨੂੰ ਸੁਣਾਈ ਤਾਂ ਗੁਰੂ ਜੀ ਦੇ ਨੇਤਰ ਭਰ ਆਏ। ਜਿਹੜੇ ਸਿੰਘ ਅੱਗੇ ਹੋ-ਹੋ ਕੇ ਰਣ ਤੱਤੇ 'ਚ ਜੂਝੇ ਸਨ, ਉਨ੍ਹਾਂ ਦੇ ਮੂੰਹ ਰੁਮਾਲ ਨਾਲ ਪੂੰਝੇ ਤੇ ਕਿਸੇ ਨੂੰ ਪੰਜ ਹਜ਼ਾਰੀ, ਕਿਸੇ ਨੂੰ ਦਸ ਹਜ਼ਾਰੀ ਦਾ ਵਰ ਦਿੰਦੇ ਚਿਖਾ 'ਤੇ ਧਰਦੇ ਗਏ। ਜਿਵੇਂ ਪਿਤਾ-ਪੁੱਤਰ ਨਾਲ ਤੇ ਮਿੱਤਰ-ਮਿੱਤਰ ਨਾਲ ਸਨੇਹ ਕਰਦਾ ਹੈ, ਤਿਓਂ ਹੀ ਪਿਆਰ ਨਾਲ ਗੁਰੂ ਜੀ ਉਨ੍ਹਾਂ ਦੀ ਸਲਾਹੁਤਾ ਕਰਦੇ ਰਹੇ।

ਤਦੋਂ ਹੀ ਇੱਕ ਸਹਿਕਦਾ ਸਿੱਖ ਮਹਾਂ ਸਿੰਘ ਹੱਥ ਲੱਗਾ। ਗੁਰੂ ਜੀ ਨੇ ਜਲ ਪਿਲਾ ਕੇ ਉਸ ਦੇ ਜ਼ਖ਼ਮ ਧੁਆ ਕੇ, ਮੂੰਹ ਪੂੰਝਿਆ ਤਾਂ ਉਸ ਅੱਖਾਂ ਖੋਲ੍ਹੀਆਂ। ਗੁਰੂ ਜੀ ਦਾ ਦੀਦਾਰ ਕਰਕੇ ਧੰਨ ਹੋ ਗਿਆ। ਗੁਰੂ ਜੀ ਨੇ ਮਿਹਰ ਦਾ ਨੂਰ ਵਰਸਾਉਂਦਿਆਂ ਕਿਹਾ ਮਹਾਂ ਸਿੰਘ ਜੋ ਮੰਗਣਾ ਹੈ, ਮੰਗ ਲੈ। ਮਹਾਂ ਸਿੰਘ ਦਾ ਉਤਰ ਸੀ ਕਿ ਮੇਰੀਆਂ ਤਾਂ ਸਭ ਇੱਛਾਵਾਂ ਪੂਰੀਆਂ ਹੋ ਚੁੱਕੀਆਂ ਨੇ, ਜੇ ਤੁਠੇ ਹੋ ਤਾਂ ਇੱਕ ਕਿਰਪਾ ਕਰੋ, ''ਗ਼ਲਤੀ 'ਚ ਜਿਹੜਾ ਬੇਦਾਵਾ ਮਾਝੇ ਦੇ ਸਿੰਘਾਂ ਨੇ ਲਿਖਿਆ ਸੀ, ਉਹ ਫਾੜ ਦਿਓ।'' ਗੁਰੂ ਜੀ ਨੇ ਬੇਦਾਵਾ ਪਾੜ੍ਹਦੇ ਹੋਏ ਮਹਾਂ ਸਿੰਘ ਨੂੰ ਗਲ਼ ਨਾਲ ਲਾ ਲਿਆ ਤੇ ਉਸ ਦੇ ਪ੍ਰਾਣ ਪੰਖੇਰੂ ਉਡ ਗਏ।

ਗੁਰੂ ਜੀ ਨੇ ਆਪਣੇ ਹੱਥੀਂ ਚਿਖਾ ਤਿਆਰ ਕਰਵਾ ਕੇ ਭਾਈ ਮਹਾਂ ਸਿੰਘ ਦਾ ਅੰਤਿਮ ਸਸਕਾਰ ਕੀਤਾ ਤੇ ਫੁਰਮਾਇਆ- ਜਿੱਥੇ ਇੱਕ-ਦੋ ਰਿਖੀ-ਮੁਨੀ ਤਪ ਕਰਦੇ ਹਨ, ਉਹ ਥਾਂ ਪੂਜਣਯੋਗ ਹੋ ਜਾਂਦੀ ਹੈ। ਇੱਥੇ ਤਾਂ ਬਹੁਤ ਸਾਰੇ ਸੂਰਮੇ ਧਰਮ ਯੁੱਧ ਕਰਦੇ ਹੋਏ ਮੈਦਾਨੇ ਜੰਗ ਵਿੱਚ ਜੂਝੇ ਹਨ। ਇਸ ਲਈ ਜੇ ਕੋਈ ਇਸਤਰੀ-ਪੁਰਖ ਸ਼ਰਧਾ ਨਾਲ ਏਸ ਥਾਂ ਆ ਕੇ ਇਸ਼ਨਾਨ ਕਰੇਗਾ, ਉਹ ਯਮਰਾਜਪੁਰੀ ਨਹੀਂ ਦੇਖੇਗਾ ਤੇ ਸਿੱਧਾ ਸੱਚਖੰਡ ਜਾਏਗਾ। ਸਹਿਜੇ ਹੀ ਉਚਾਰੀ ਇਹ ਉਕਤੀ ਮੁਕਤੀ ਦੇਣ ਵਾਲੀ ਹੋਣ ਕਰਕੇ ਇਸ ਸਥਾਨ ਦਾ ਨਾਂ ਮੁਕਤਸਰ ਪੈ ਗਿਆ। ਇਸ ਦਾ ਹਵਾਲਾ ਗੁਰਬਿਲਾਸ ਪਾਤਸ਼ਾਹੀ 10 'ਚ ਵੀ ਮਿਲਦਾ ਹੈ :-

ਸਿਰ ਦੈ ਸਭ ਮੁਕਤੇਸਰ ਲੜੈ।
ਨਾਮ ਮੁਕਤਸਰ ਤਾਤੇ ਧਰੈ ॥
ਮਾਘ ਮਾਸ ਪਹਿਲੀ ਹੈ ਜਾਨੋ।
ਬਡੋ ਨੀਰ ਤੇ ਯੁਧ ਪਛਾਨੋ ॥

ਇਸ ਇਤਿਹਾਸਕ ਜੰਗ ਨੂੰ ਤਿੰਨ ਸਦੀਆਂ ਤੋਂ ਵੀ ਵਧੇਰੇ ਸਮਾਂ ਹੋ ਗਿਆ ਹੈ, ਪਰ ਅੱਜ ਵੀ ਇਸ ਜੰਗ ਦੀ ਧਰਮ ਯੁੱਧ ਵਜੋਂ ਬੜੀ ਅਹਿਮੀਅਤ ਹੈ। ਅੱਜ ਦੇ ਕਵੀ ਵੀ ਇਸ ਦੀ ਮਹਾਨਤਾ ਪ੍ਰਗਟ ਕਰਦੇ ਹੋਏ ਲਿਖਦੇ ਹਨ:-

ਆਖਿਆ ਸਤਿਗੁਰ :
ਸਦਕੇ, ਸਦਕੇ ਮੈਂ ਵਾਰੀ,
ਕਰਣੀ ਕਰਕੇ ਜੋਧਿਓ,
ਤੁਸੀਂ ਹਿਕੜੀ ਠਾਰੀ।
ਸਿਦਕ ਤੁਹਾਡੇ ਬੱਚਿਓ,
ਸਿੱਖੀ ਚਮਕਾਈ।
ਸਦਾ ਰਹੇਗੀ ਜੱਗ ਵਿੱਚ,
ਇਸ ਦੀ ਰੁਸ਼ਨਾਈ,
ਢਾਬ ਖਿਦਰਾਣਾ ਹੋ ਗਈ,
ਇਸ ਤਰ੍ਹਾਂ ਸੁਹਾਣੀ
ਜਾਨਾਂ ਹੂਲ ਕੇ ਚਾਲੀਆਂ
ਦਿੱਤੀ ਜ਼ਿੰਦਗਾਨੀ
ਦੁਨੀਆਂ ਮੱਥੇ ਟੇਕਦੀ ਨਿੱਤ ਏਸ ਥਾਂ 'ਤੇ
'ਨੀਰ' ਮੁਕਤਸਰ ਸੋਭਦਾ
ਮੁਕਤਿਆਂ ਦੇ ਨਾਂ 'ਤੇ।

*(ਅਤਰ ਸਿੰਘ ਨੀਰ)*

# ਅਕਾਲੀ ਦਲ ਜਮਹੂਰੀ ਵਿਵਸਥਾ, ਸਿਹਤ, ਵਾਤਾਵਰਨ ਦੇ ਮੁੱਦਿਆਂ ਨਾਲ ਜੁੜੇ

## ✪ ਯੂਥ ਦਾ ਮਾਫੀਆ ਕਲਚਰ ਵਿਗਾੜ ਰਿਹੈ ਸ਼੍ਰੋਮਣੀ ਅਕਾਲੀ ਦੇ ਅਕਸ ਨੂੰ ✪ ਮੌਕਾਪ੍ਰਸਤੀ ਦੀ ਰਾਜਨੀਤੀ ਪਾਰਟੀ ਵਰਕਰਾਂ 'ਚ ਪੈਦਾ ਕਰ ਰਹੀ ਏ ਬੇਚੈਨੀ ✪ ਟਕਸਾਲੀ ਜਥੇਦਾਰਾਂ ਨੂੰ ਸਰਗਰਮ ਕਰਨ ਦੀ ਲੋੜ

### ਝੂਠ ਨਾ ਬੋਲ ਪਾਂਡੇ



ਪ੍ਰੋ. ਬਲਵਿੰਦਰਪਾਲ ਸਿੰਘ

ਜਦੋਂ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਵਾਗਡੋਰ ਪ੍ਰਕਾਸ਼ ਸਿੰਘ ਬਾਦਲ ਦੀ ਥਾਂ ਸੁਖਬੀਰ ਸਿੰਘ ਬਾਦਲ ਹੁਰਾਂ ਦੇ ਹੱਥ ਆਈ ਹੈ, ਉਦੋਂ ਤੋਂ ਅਕਾਲੀ ਦਲ ਆਪਣੀ ਟਕਸਾਲੀ ਹੋਂਦ ਗੁਆ ਬੈਠਾ ਹੈ ਤੇ ਉਸ ਦੇ ਪੰਜਾਬ ਪੱਖੀ ਸੱਭਿਆਚਾਰ ਮਾਫੀਆ ਸੱਭਿਆਚਾਰ ਤੇ ਮੌਕਾਪ੍ਰਸਤ ਰਾਜਨੀਤੀ ਭਾਰੂ ਹੁੰਦੀ ਜਾ ਰਹੀ ਹੈ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਾਫੀ ਸਮੇਂ ਤੋਂ ਆਪਣੀਆਂ ਵਿਰੋਧੀ ਪਾਰਟੀਆਂ ਕਾਂਗਰਸ ਤੇ ਪੀਪੀਪੀ ਦਾ ਨੈੱਟਵਰਕ ਖਤਮ ਕਰਨ ਲਈ ਉਨ੍ਹਾਂ ਦੇ ਮਹਾਂਰਥੀ ਨੇਤਾਵਾਂ ਨੂੰ ਆਪਣੇ ਦਲ 'ਚ ਲਿਆ ਰਹੇ ਹਨ। ਬੀਤੇ ਦਿਨੀਂ ਮੋਗੇ ਤੋਂ ਕਾਂਗਰਸੀ ਵਿਧਾਇਕ ਜੋਗਿੰਦਰ ਜੈਨ ਨੂੰ ਵਿਧਾਨ ਸਭਾ ਤੋਂ ਅਸਤੀਫ਼ਾ ਦਿਵਾ ਕੇ ਅਕਾਲੀ ਦਲ 'ਚ ਸ਼ਾਮਿਲ ਕਰਨਾ ਇਸੇ ਮੁਹਿੰਮ ਦਾ ਹਿੱਸਾ ਹੈ। ਉਨ੍ਹਾਂ ਦਾ ਇਸ ਪਿੱਛੇ ਮਨੋਰਥ ਇਹ ਹੀ ਹੈ ਕਿ ਅਜਿਹਾ ਕਰਕੇ ਸੂਬੇ ਅੰਦਰ ਆਪਣੀਆਂ ਵਿਰੋਧੀ ਪਾਰਟੀਆਂ ਦੇ ਆਧਾਰ ਨੂੰ ਖਤਮ ਕਰਕੇ ਅਕਾਲੀ ਦਲ ਦਾ ਸੱਤਾ 'ਤੇ ਘੱਟੋ-ਘੱਟ 25 ਸਾਲ ਦਾ ਕਬਜ਼ਾ ਰੱਖਿਆ ਜਾ ਸਕਦਾ ਹੈ, ਪਰ ਸਿਆਸੀ ਮਾਹਿਰ ਇਸ ਨੂੰ ਲੋਕ ਵਿਰੋਧੀ ਨੀਤੀ ਦੱਸਦੇ ਹਨ, ਜਿਸ ਵਿਚੋਂ ਸਿਆਸਤ ਦਾ ਅਪਰਾਧੀਕਰਨ ਹੀ ਜਨਮ ਲੈ ਸਕਦਾ ਹੈ ਤੇ ਪੰਜਾਬ ਦੇ ਅਸਲ ਮੁੱਦੇ ਗੁਆਚ ਸਕਦੇ ਹਨ।

ਸੁਖਬੀਰ ਬਾਦਲ ਦੀ ਸੋਚ ਹੈ ਕਿ ਪੰਜਾਬ 'ਚ ਵੱਡੀਆਂ ਸਰਮਾਏਦਾਰਾਂ ਤੇ ਪ੍ਰਭਾਵੀ ਕਾਂਗਰਸੀਆਂ ਨੂੰ ਆਪਣੀ ਮੁੱਠੀ 'ਚ ਕਰਕੇ, ਪੰਜਾਬ 'ਚ ਸਦੀਵੀ ਅਕਾਲੀ ਰਾਜ ਸਥਾਪਤ ਕੀਤਾ ਜਾ ਸਕਦਾ ਹੈ। ਭਾਵੇਂ ਇਹ ਸੋਚ ਅੱਜ ਸਫ਼ਲ ਹੁੰਦੀ ਵਿਖਾਈ ਦੇ ਰਹੀ ਹੈ, ਪ੍ਰੰਤੂ ਮੌਕਾ-ਪ੍ਰਸਤੀ ਦੀ ਇਸ ਨੀਤੀ ਨਾਲ ਅਕਾਲੀ ਦਲ ਦੇ ਕੇਡਰ ਵਿੱਚ ਬੇਚੈਨੀ ਵੱਧ ਰਹੀ ਹੈ, ਜਿਸ ਦਾ ਨੁਕਸਾਨ ਪਾਰਟੀ ਨੂੰ ਹੋ ਸਕਦਾ ਹੈ। ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਪਾਰਟੀ ਦੀ ਆਧਾਰਸ਼ਿਲਾ ਉਸ ਦੇ ਵਫ਼ਾਦਾਰ ਵਰਕਰ ਹੁੰਦੇ ਹਨ ਤੇ ਪਾਰਟੀ ਦੀ ਸ਼ਕਤੀ ਵਫ਼ਾਦਾਰ ਵਰਕਰਾਂ ਦੀ ਪਾਰਟੀ ਪ੍ਰਤੀ ਸਮਰਪਿਤ ਭਾਵਨਾ ਹੁੰਦੀ ਹੈ, ਜਿਸ ਪਾਰਟੀ 'ਚੋਂ ਇਹ ਗੁਣ ਖ਼ਤਮ ਹੋ ਗਏ, ਉਹ ਪਾਰਟੀ ਲੰਬਾ ਸਮਾਂ ਜੀਵਤ ਹੀ ਨਹੀਂ ਰਹਿ ਸਕਦੀ, ਰਾਜ ਕਰਨਾ ਤਾਂ ਦੂਰ ਦੀ ਗੱਲ ਹੈ।

ਯਾਦ ਰਹੇ ਕਿ ਸ਼੍ਰੋਮਣੀ ਅਕਾਲੀ ਦਲ 14 ਦਸੰਬਰ 1920 ਨੂੰ ਹੋਂਦ 'ਚ ਆਈ ਸੀ। ਸਿੱਖ ਸਿਧਾਂਤਾਂ ਨਾਲ ਜੁੜੀ ਇਹ ਪਾਰਟੀ ਪੰਜਾਬੀਆਂ ਤੇ ਸਿੱਖ ਕੌਮ ਦੀ ਵਾਰਿਸ ਹੋਣ ਦਾ ਇਹ ਦਾਅਵਾ ਕਰਦੀ ਰਹੀ ਹੈ। ਇਸ ਦਾ ਇਤਿਹਾਸ ਕੁਰਬਾਨੀਆਂ ਭਰਪੂਰ ਰਿਹਾ ਹੈ ਤੇ ਪੰਜਾਬ ਦੇ ਹਿੱਤਾਂ ਲਈ ਇਸ ਨੇ ਆਨੰਦਪੁਰ ਦੇ ਮਤੇ ਨੂੰ ਲੈ ਕੇ ਪੰਜਾਬ ਦੇ ਵੱਧ ਅਧਿਕਾਰਾਂ ਦੇ ਲਈ ਸੰਘਰਸ਼ ਕੀਤਾ ਸੀ। ਇਸੇ ਸੰਘਰਸ਼ 'ਚੋਂ ਉਸ ਦਾ ਉਭਾਰ ਹੋਇਆ ਸੀ ਤੇ ਵਾਰ-ਵਾਰ ਪੰਜਾਬੀਆਂ ਨੇ ਉਨ੍ਹਾਂ ਨੂੰ ਸੱਤਾ ਸੌਂਪੀ ਸੀ। ਇਸ ਗੱਲ ਦਾ ਪ੍ਰਗਟਾਵਾ ਪ੍ਰਵਾਸੀ ਪੰਜਾਬੀਆਂ ਦੇ ਸੰਮੇਲਨ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਕੈਬਨਿਟ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ ਨੂੰ ਮਿੱਠੀਆਂ-ਮਿੱਠੀਆਂ ਝਿੜਕਾਂ ਮਾਰ ਕੇ ਕੀਤਾ ਸੀ ਕਿ ਅਕਾਲੀ ਦਲ ਸੰਘਰਸ਼ 'ਚੋਂ ਤੇ ਪੰਜਾਬ ਹਿੱਤਾਂ ਲਈ ਕੁਰਬਾਨੀਆਂ ਕਰਕੇ ਵਿਕਸਤ ਹੋਇਆ ਹੈ।

ਇਸੇ ਸੰਘਰਸ਼ ਕਾਰਨ ਹੀ ਪ੍ਰਕਾਸ਼ ਸਿੰਘ ਬਾਦਲ ਦੀ ਉੱਘੇ ਲੀਡਰ ਵਜੋਂ ਪਛਾਣ ਬਣੀ ਸੀ ਤੇ ਉਹ ਉਸ ਸਮੇਂ ਆਪਣੇ ਉਦਮ, ਮਿਹਨਤ



ਸਦਕਾ ਸਭ ਮਹਾਂਰਥੀ ਅਕਾਲੀ ਲੀਡਰਾਂ ਨੂੰ ਪਛਾੜ ਕੇ ਕਾਮਯਾਬ ਹੋਏ ਸਨ ਤੇ ਕਿਸੇ ਵੀ ਹੋਰ ਅਕਾਲੀ ਦਲ ਦੀਆਂ ਜੜ੍ਹਾਂ ਉਨ੍ਹਾਂ ਨੇ ਪੰਜਾਬ ਵਿੱਚ ਨਹੀਂ ਲੱਗਣ ਦਿੱਤੀਆਂ ਸਨ। ਪੰਜਾਬੀਆਂ ਨੇ ਉਨ੍ਹਾਂ ਨੂੰ ਇਸੇ ਗੁਣਾਂ ਕਾਰਨ ਹੀ 5ਵੀਂ ਵਾਰ ਪੰਜਾਬ ਦੇ ਮੁੱਖ ਮੰਤਰੀ ਬਣਾਇਆ ਸੀ, ਪਰ ਪਿਛਲੇ ਕੁਝ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਮੌਕਾਪ੍ਰਸਤੀ ਵਾਲੀ ਸਿਆਸਤ ਕਰਕੇ ਆਪਣੀ ਟਕਸਾਲੀ ਹੋਂਦ ਗੁਆ ਰਿਹਾ ਹੈ। ਇਹੋ ਵਰਤਾਰਾ ਭਾਰਤ ਦੀਆਂ ਵੱਖ-ਵੱਖ ਪਾਰਟੀਆਂ 'ਚ ਦੇਖਣ ਮਿਲ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਉੱਪਰ ਇਹ ਵੀ ਦੋਸ਼ ਲੱਗ ਰਹੇ ਹਨ ਕਿ ਇਸ ਉੱਪਰ ਹੁਣ ਪੂਰੀ ਤਰ੍ਹਾਂ ਪਰਿਵਾਰਵਾਦ ਦਾ ਕਬਜ਼ਾ ਹੋ ਗਿਆ ਹੈ, ਜਮਹੂਰੀਅਤ ਕਿਤੇ ਵੀ ਦਿਖਾਈ ਨਹੀਂ ਦਿੰਦੀ। ਵਿਰੋਧੀ ਖੇਮਾ ਤਾਂ ਇਹ ਵੀ ਪ੍ਰਗਟਾਵਾ ਕਰਦਾ ਹੈ ਕਿ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਤੇ ਬਿਕਰਮਜੀਤ ਸਿੰਘ ਮਜੀਠੀਆ ਹੀ ਇਸ ਪਾਰਟੀ ਦਾ ਆਧਾਰ ਹਨ। ਬਾਕੀ ਟਕਸਾਲੀ ਆਗੂਆਂ ਦੀ ਹੋਂਦ ਮਿਟ ਚੁੱਕੀ ਹੈ। ਯਾਦ ਰਹੇ ਕਿ ਕਦੇ ਅਕਾਲੀ ਦਲ ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਗਦੇਵ ਸਿੰਘ ਤਲਵੰਡੀ, ਉਜਾਗਰ ਸਿੰਘ ਸੇਖਵਾਂ, ਕੈਪਟਨ ਕੰਵਲਜੀਤ ਸਿੰਘ, ਸੁਖਦੇਵ ਸਿੰਘ ਢੀਂਡਸਾ, ਜਥੇਦਾਰ ਤੋਤਾ ਸਿੰਘ ਆਦਿ ਦੇ ਸਲਾਹ-ਮਸ਼ਵਰੇ ਨਾਲ ਚੱਲਦਾ ਸੀ, ਪੰਚ ਪ੍ਰਧਾਨੀ ਸਿਸਟਮ ਲਾਗੂ ਸੀ। ਟਕਸਾਲੀ ਅਤੇ ਕੁਰਬਾਨੀ ਦੇਣ ਵਾਲੇ ਜਥੇਦਾਰਾਂ ਦੀ ਪੁੱਛ-ਪ੍ਰਤੀਤ ਹੁੰਦੀ ਸੀ, ਪਰ ਹੁਣ ਸਰਮਾਏਦਾਰ ਅਕਾਲੀ ਦਲ ਉੱਪਰ ਕਾਬਜ਼ ਹੋ ਚੁੱਕੇ ਹਨ। ਚੇਅਰਮੈਨੀਆਂ ਤੇ ਲੋਕ ਸਭਾ ਤੇ ਵਿਧਾਨ ਸਭਾ ਦੀਆਂ ਟਿਕਟਾਂ ਇਨ੍ਹਾਂ ਨੂੰ ਹੀ ਮਿਲਦੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦਾ ਨੈੱਟਵਰਕ ਅਵਾਮ ਵਿੱਚ ਕਿਤੇ ਵੀ ਦਿਖਾਈ ਨਹੀਂ ਦੇ ਰਿਹਾ। ਪਾਰਟੀ ਦੀ ਵਿਚਾਰਧਾਰਾ, ਕਾਡਰ ਸਿਖਲਾਈ, ਸਕੂਲਿੰਗ ਕਿਤੇ ਵੀ ਨਹੀਂ ਹੈ, ਵਿਰੋਧੀ ਵਿਚਾਰਾਂ, ਰਾਵਾਂ ਦੀ ਕਿੱਧਰੇ ਥਾਂ ਨਹੀਂ ਹੈ।

ਅਕਾਲੀ ਦਲ ਦਾ ਸੱਚ ਇਹ ਹੈ ਦੂਜੀ ਕਤਾਰ ਦੀ ਅਕਾਲੀ ਲੀਡਰਸ਼ਿਪ ਪੂਰੀ ਤਰ੍ਹਾਂ ਨੁੱਕਰੇ ਲੱਗ ਗਈ ਹੈ। ਪਾਰਟੀ ਦੀਆਂ ਮੀਟਿੰਗਾਂ ਜਾਂ ਮੰਤਰੀ ਮੰਡਲ ਦੀਆਂ ਮੀਟਿੰਗਾਂ ਵਿੱਚ ਕਿਸੇ ਮੁੱਦੇ 'ਤੇ ਆਪਣਾ ਮੱਤ ਰੱਖਣ ਵਾਲੇ ਅਕਾਲੀ ਹੁਣ ਹਾਸ਼ੀਏ 'ਤੇ ਚਲੇ ਗਏ ਹਨ। ਇਸ ਸਾਲ ਦੇ ਸ਼ੁਰੂ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਦੌਰਾਨ ਮਾਝੇ ਦੇ ਜਰਨੈਲ ਵਜੋਂ ਜਾਣੇ ਜਾਂਦੇ ਰਣਜੀਤ ਸਿੰਘ ਬ੍ਰਹਮਪੁਰਾ ਤੇ ਕੁਝ ਵੱਡੇ ਆਗੂ ਹਾਰ ਖਾ ਜਾਣ ਕਾਰਨ ਰਾਜਨੀਤੀ ਵਿੱਚ ਬਹੁਤੇ ਸਰਗਰਮ ਨਹੀਂ ਰਹੇ। ਪਾਰਟੀ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਵੀ ਰਾਜ ਸਭਾ ਦੇ ਮੈਂਬਰ ਬਣਨ ਕਾਰਨ ਸੂਬਾਈ ਰਾਜਨੀਤੀ ਵਿੱਚ ਬਹੁਤੀ ਦਿਲਚਸਪੀ ਨਹੀਂ ਲੈਂਦੇ। ਇਸ ਲਈ ਅਕਾਲੀ ਦਲ ਤੇ ਬਾਦਲ ਪਰਿਵਾਰ ਬੋਲਬਾਲਾ ਹੈ ਤੇ ਸਾਰੇ ਅਕਾਲੀ ਲੀਡਰ ਇਸ ਪਰਿਵਾਰਵਾਦ ਨਾਲ ਸਮਝੌਤਾ ਕਰ ਚੁੱਕੇ ਹਨ। ਵਿਧਾਨ ਸਭਾ ਤੋਂ ਲੈ ਕੇ ਪਾਰਲੀਮੈਂਟ ਤੱਕ ਰਾਜਨੀਤਕ, ਸਮਾਜਿਕ ਜਾਂ ਧਾਰਮਿਕ ਮੁੱਦੇ 'ਤੇ ਜੇਕਰ ਬੋਲਣ ਦਾ ਕਿਸੇ ਨੂੰ ਅਧਿਕਾਰ ਹੈ ਤਾਂ ਉਹ ਬਾਦਲ ਪਰਿਵਾਰ ਦੇ ਮੈਂਬਰਾਂ ਜਾਂ ਰਿਸ਼ਤੇਦਾਰਾਂ ਨੂੰ ਹੀ ਹੈ। ਪਾਰਲੀਮੈਂਟ ਵਿੱਚ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਕੌਰ ਬਾਦਲ ਨੇ ਮੋਰਚਾ ਸੰਭਾਲਿਆ ਹੋਇਆ ਹੈ। ਪਾਰਲੀਮਾਨੀ ਗਰੁੱਪ ਦੇ ਨੇਤਾ ਬੇਸ਼ੱਕ ਡਾ. ਰਤਨ ਸਿੰਘ ਅਜਨਾਲਾ ਹਨ, ਪਰ ਕਿਸੇ ਵੀ ਮੁੱਦੇ 'ਤੇ ਬੋਲਣ ਦਾ ਅਧਿਕਾਰ ਸ੍ਰੀਮਤੀ ਬਾਦਲ ਹੀ ਰੱਖਦੀ ਹੈ। ਇਸੇ ਤਰ੍ਹਾਂ ਵਿਧਾਨ ਸਭਾ ਵਿੱਚ ਕਾਂਗਰਸ ਨੂੰ ਚੁੱਪ ਕਰਾਉਣ ਲਈ ਬਿਕਰਮ ਸਿੰਘ ਮਜੀਠੀਆ ਹੀ ਜੁਆਬ ਦਿੰਦੇ ਹਨ।


ਹੁਣੇ ਜਿਹੇ ਪ੍ਰਕਾਸ਼ ਸਿੰਘ ਬਾਦਲ ਨੇ ਇਨ੍ਹਾਂ ਖ਼ਤਰਿਆਂ ਨੂੰ ਭਾਂਪਦਿਆਂ ਹੋਇਆਂ ਅਕਾਲੀ ਦਲ ਦੇ ਮਹਾਂਰਥੀ ਟਕਸਾਲੀ ਲੀਡਰਾਂ ਸੁਖਦੇਵ ਸਿੰਘ ਢੀਂਡਸਾ, ਗੁਰਦੇਵ ਸਿੰਘ ਬਾਦਲ, ਰਣਜੀਤ ਸਿੰਘ ਬ੍ਰਹਮਪੁਰਾ ਨੂੰ ਸਰਗਰਮ ਕਰਨ ਦਾ ਯਤਨ ਕੀਤਾ ਹੈ ਤਾਂ ਜੋ ਯੂਥ ਅਤੇ ਟਕਸਾਲੀ ਲੀਡਰਸ਼ਿਪ ਵਿੱਚ ਤਾਲਮੇਲ ਪੈਦਾ ਕਰਕੇ ਅਕਾਲੀ ਦਲ ਦੀ ਸ਼ਕਤੀ ਹੋਰ ਮਜ਼ਬੂਤ ਕੀਤਾ ਜਾ ਸਕੇ।


ਯੂਥ ਅਕਾਲੀ ਦਲ ਕਾਰਨ ਸ਼੍ਰੋਮਣੀ ਅਕਾਲੀ ਦਲ ਦਾ ਅਕਸ ਬੁਰੀ ਤਰ੍ਹਾਂ ਵਿਗੜ ਚੁੱਕਾ ਹੈ, ਕਿਉਂਕਿ ਯੂਥ ਅਕਾਲੀ ਦਲ 'ਚ ਮਾਫੀਆ ਸੱਭਿਆਚਾਰ ਹਾਵੀ ਹੋ ਚੁੱਕਾ ਹੈ, ਜਿਸ ਕਾਰਨ ਪੰਜਾਬ ਵਿੱਚ ਹਿੰਸਕ ਘਟਨਾਵਾਂ ਵੱਧ ਰਹੀਆਂ ਹਨ, ਕਈ ਥਾਂਵਾਂ 'ਤੇ ਪੁਲੀਸ ਅਫ਼ਸਰਾਂ ਨੂੰ ਵੀ ਯੂਥ ਲੀਡਰਾਂ ਦੀ ਕੁੱਟਮਾਰ ਦਾ ਸ਼ਿਕਾਰ ਹੋਣਾ ਪਿਆ ਹੈ। ਜਦੋਂ ਪੰਜਾਬ ਵਿਧਾਨ ਸਭਾ 'ਚ ਵੱਡੇ ਆਗੂ ਇੱਕ ਦੂਜੇ ਨੂੰ ਮਾਵਾਂ-ਭੈਣਾਂ ਦੀਆਂ ਗਾਲਾਂ ਕੱਢਦੇ ਹਨ ਅਤੇ ਫਿਰ ਕੋਈ ਇਸ ਸ਼ਰਮਨਾਕ ਘਟਨਾ 'ਤੇ ਅਫਸੋਸ ਪ੍ਰਗਟਾਉਣ ਦੀ ਥਾਂ ਝੂਠੀਆਂ-ਸੱਚੀਆਂ ਸਫਾਈਆਂ ਨਾਲ ਆਪਣੇ ਕਾਲੇ ਕਾਰਨਾਮੇ ਨੂੰ ਸਹੀ ਦਰਸਾਉਂਦੇ ਹਨ ਤਾਂ ਉਸ ਦਾ ਪ੍ਰਭਾਵ ਇਨ੍ਹਾਂ ਵਿਗੜੇ ਯੂਥ ਲੀਡਰਾਂ 'ਤੇ ਪੈਣਾ ਸੁਭਾਵਿਕ ਹੈ। ਅੰਮ੍ਰਿਤਸਰ ਵਿੱਚ ਏ.ਐਸ.ਆਈ. ਦਾ ਕਥਿਤ ਕਾਤਲ ਰਣਜੀਤ ਸਿੰਘ ਰਾਣਾ ਅਤੇ ਲੁਧਿਆਣਾ ਵਿੱਚ ਪੰਜਾਬ ਪੁਲੀਸ ਦੇ ਏ. ਆਈ.ਜੀ. ਸੁਰਿੰਦਰਜੀਤ ਸਿੰਘ ਮੰਡ ਦੀ ਕੁੱਟਮਾਰ ਦੇ ਮਾਮਲੇ ਦਾ ਮੁਖ ਮੁਲਜ਼ਮ ਸੰਨੀ ਜੌਹਰ ਨੇ ਅਕਾਲੀ ਦਲ ਦਾ ਅਕਸ ਵਿਗਾੜਿਆ ਹੈ।

ਇਹ ਪੰਜਾਬ ਦਾ ਸੱਚ ਹੈ ਕਿ ਪੰਜਾਬ ਵਿੱਚ ਨਸ਼ਿਆਂ ਦੇ ਕਾਰਨ ਮਾਫੀਆ ਸੱਭਿਆਚਾਰ ਵਾਲੀ ਰਾਜਨੀਤੀ ਹੈ, ਜੋ ਕਾਨੂੰਨ ਦੀ ਵੀ ਪ੍ਰਵਾਹ ਨਹੀਂ ਕਰਦੀ। ਇਸ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਮਾਫੀਆ ਸੱਭਿਆਚਾਰ ਤੋਂ ਮੁਕਤੀ ਪਾਉਣ ਦੀ ਜ਼ਰੂਰਤ ਹੈ ਤਾਂ ਜੋ ਪੰਜਾਬ, ਪੰਜਾਬੀਆਂ ਦੇ ਦਿਲਾਂ ਨੂੰ ਜਿੱਤ ਕੇ ਅਮਨ ਕਾਨੂੰਨ ਦੀ ਸਥਿਤੀ ਬਹਾਲ ਕੀਤੀ ਜਾ ਸਕੇ ਤੇ ਸਭ ਦੇ ਮਨੁੱਖੀ ਅਧਿਕਾਰ ਸੁਰੱਖਿਅਤ ਰਹਿ ਸਕਣ। ਇਸ ਲਈ ਸਭ ਤੋਂ ਪਹਿਲੀ ਜ਼ਿੰਮੇਵਾਰੀ ਸੁਖਬੀਰ ਬਾਦਲ ਦੀ ਹੈ, ਇਨ੍ਹਾਂ ਹਾਲਤਾਂ 'ਚ ਉਸ ਨੂੰ ਸਿਆਸੀ ਪ੍ਰਪੱਕਤਾ ਵਿਖਾਉਣ ਦੇ ਨਾਲ-ਨਾਲ ਆਪਣੇ ਅਕਸ ਨੂੰ ਸੁਧਾਰਨ ਲਈ ਗੁੰਡਾਗਰਦੀ ਵਿਰੁੱਧ ਯੋਜਨਾਬੱਧ ਢੰਗ ਨਾਲ ਸਖ਼ਤ ਮੁਹਿੰਮ ਦੀ ਖੁਦ ਅਗਵਾਈ ਕਰਨੀ ਚਾਹੀਦੀ ਹੈ, ਨਹੀਂ ਤਾਂ ਉਨ੍ਹਾਂ ਦਾ 25 ਸਾਲ ਦਾ ਸੁਫਨਾ ਰਾਜਨੀਤਕ ਮਾਫੀਆ ਸੱਭਿਆਚਾਰ ਦਾ ਸ਼ਿਕਾਰ ਹੋ ਜਾਵੇਗਾ।

ਸ਼੍ਰੋਮਣੀ ਅਕਾਲੀ ਦਲ ਨੂੰ ਟਕਸਾਲੀ ਲੀਹਾਂ 'ਤੇ ਪਾਉਣ ਦੀ ਲੋੜ ਹੈ। ਪਾਰਟੀ 'ਚ ਅੰਦਰੂਨੀ ਲੋਕਤੰਤਰ, ਸੰਸਥਾਵਾਂ, ਵਿਵਸਥਾ, ਵਿਚਾਰਧਾਰਾ, ਸਕੂਲਿੰਗ, ਜੁਆਬਦੇਹੀ ਪ੍ਰਪੱਕ ਬਣਾਉਣ ਵੱਲ ਧਿਆਨ ਕੇਂਦ੍ਰਿਤ ਕਰਨ ਦੀ ਜ਼ਰੂਰਤ ਹੈ ਤਾਂ ਜੋ ਪਾਰਟੀ ਦਾ ਆਧਾਰ ਵਧਾਇਆ ਜਾ ਸਕੇ।

ਸ਼੍ਰੋਮਣੀ ਅਕਾਲੀ ਦਲ ਪੰਜਾਬੀਅਤ ਦੇ ਸੁੱਚੇ ਜਜ਼ਬਿਆਂ ਦਾ ਇਤਿਹਾਸਕ ਪ੍ਰਗਟਾਵਾ ਕਰਦਾ ਰਿਹਾ ਹੈ ਅਤੇ ਇਸੇ ਪ੍ਰਗਟਾਵੇ ਕਾਰਨ ਉਹ ਪੰਜਾਬ ਦੀ ਸੱਤਾ 'ਤੇ ਕਾਬਜ਼ ਹੁੰਦੇ ਰਹੇ ਹਨ। ਹੁਣ ਵੀ ਸ਼੍ਰੋਮਣੀ ਅਕਾਲੀ ਦਲ ਨੂੰ ਵਿਕਾਸ ਦੇ ਨਾਲ-ਨਾਲ ਪੰਜਾਬ ਦੀ ਸਿਹਤ, ਵਾਤਾਵਰਨ, ਵਿੱਦਿਆ ਤੇ ਰੁਜ਼ਗਾਰ ਵੱਲ ਵੀ ਧਿਆਨ ਦੇਣਾ ਪਵੇਗਾ। ਇਸ ਤੋਂ ਬਿਨਾਂ ਪੰਜਾਬ ਤੇ ਅਕਾਲੀ ਦਲ ਦਾ ਵਿਕਾਸ ਨਹੀਂ ਕੀਤਾ ਜਾ ਸਕਦਾ। ਜੇਕਰ ਉਹ ਇਨ੍ਹਾਂ ਮੁੱਦਿਆਂ ਨੂੰ ਅਮਲੀ ਰੂਪ ਦੇ ਸਕਣ ਤਾਂ ਪੰਜਾਬ ਦੇ ਭਵਿੱਖ ਦੇ ਵਾਰਿਸ ਉਹ ਬਣੇ ਰਹਿਣਗੇ। ਫਿਰ ਉਨ੍ਹਾਂ ਦਾ 25 ਸਾਲ ਰਾਜ ਕਰਨ ਦਾ ਸੁਪਨਾ ਵੀ ਪੂਰਾ ਹੋ ਸਕੇਗਾ।





## ਰੋਬੋਟ ਬਣੇ ਵੇਟਰ

ਹਾਰਬਿਨ (ਚੀਨ) ਦੇ ਇਕ ਰੈਸਟੋਰੈਂਟ 'ਚ ਗਾਹਕਾਂ ਲਈ ਭੋਜਨ ਲਿਆਉਂਦੇ (ਖੱਬੇ) ਤੇ (ਸੱਜੇ) ਭੋਜਨ ਤਿਆਰ ਕਰਦਾ ਰੋਬੋਟ। ਇਸ ਰੈਸਟੋਰੈਂਟ ਵਿੱਚ ਕੁੱਲ 20 ਰੋਬੋਟ ਹਨ, ਜੋ ਭੋਜਨ ਤਿਆਰ ਕਰਨ ਤੋਂ ਲੈ ਕੇ ਗਾਹਕਾਂ ਨੂੰ ਪਰੋਸਣ ਤੱਕ ਦਾ ਸਾਰਾ ਕੰਮ ਕਰਦੇ ਹਨ। 2 ਘੰਟੇ ਦੇ ਚਾਰਜ ਨਾਲ ਇਹ ਰੋਬੋਟ ਲਗਾਤਾਰ 5 ਘੰਟੇ ਕੰਮ ਕਰਦੇ ਹਨ, ਜੋ ਗਾਹਕਾਂ ਦਾ ਸਵਾਗਤ ਕਰਦੇ ਹਨ।

## ਕਹਾਣੀ

# ਭੁੱਖ-ਮਰੀ



ਡਾ. ਸ਼ਰਨਜੀਤ ਕੌਰ

ਮੈਂ ਪਿੰਡ ਦਾ ਊਧੋ ਜਾਣੀ ਊਧਮ ਸਿੰਘ ਹਾਂ। ਮੇਰੇ ਆਸੇ-ਪਾਸੇ ਸਭ ਆਪਣੀਆਂ ਜ਼ਮੀਨਾਂ ਵਾਲੇ ਲੋਕ ਸਨ, ਕਿਸਾਨ, ਹੱਥੀਂ ਮਿਹਨਤ ਕਰਨ ਵਾਲੇ। ਇਨ੍ਹਾਂ ਦੀ ਜ਼ਮੀਨ ਚੰਗੀ ਰੋਟੀ ਦਿੰਦੀ ਸੀ, ਰੱਜ ਕੇ ਖਾਂਦੇ ਸੀ, ਪਰ ਹੁਣ ਨਿਰੀ ਭੁੱਖਮਰੀ ਹੈ।

ਬਹੁਤੀ ਜ਼ਮੀਨ ਤਾਂ ਸਰਕਾਰ ਨੇ ਲੈ ਲਈ। ਸਰਕਾਰ ਨੇ ਲੈ ਕੇ ਉਚੀਆਂ-ਉਚੀਆਂ ਕਈ ਮੰਜ਼ਲਾ ਦੁਕਾਨਾਂ, ਸ਼ੋ ਰੂਮਜ਼, ਤੇ ਏ ਸੀ ਦੁਕਾਨਾਂ ਬਣਾ ਦਿੱਤੀਆਂ। ਪਤਾ ਹੀ ਨਹੀਂ ਲੱਗਦਾ ਕਿ ਕਦੇ ਇਥੇ ਜ਼ਮੀਨ ਵੀ ਹੁੰਦੀ ਸੀ ਜਾਂ ਕਦੇ ਇਸੇ ਧਰਤੀ ’ਤੇ ਮਿਹਨਤ ਦਾ ਮੁੜ੍ਹਕਾ ਚੋਂਦਾ ਰਿਹਾ ਸੀ। ਉਦੋਂ ਇਹ ਧਰਤੀ ਉਪਜਾਊ ਸੀ ਤੇ ਕਈਆਂ ਦਾ ਪੇਟ ਪਾਲਦੀ ਸੀ। ਹੁਣ ਇਹ ਧਰਤੀ ਨਹੀਂ ਰਹੀ। ਹਾਂ, ਇਕ ਗੱਲ ਤਾਂ ਹੈ- ਸਰਕਾਰ ਨੇ ਕਿਤੇ ਮੁਫਤ ਥੋੜ੍ਹਾ ਲਈ ਸੀ ਇਹ ਜ਼ਮੀਨ, ਇਸ ਦੇ ਪੈਸੇ ਦਿੱਤੇ ਸਨ।

ਪੈਸੇ-ਪਰ ਅਸਾਂ ਲੋਕਾਂ ਸਾਰੇ ਪੈਸੇ ਖਾ ਹੀ ਉਡਾ ਧਰੇ ਤੇ ਰਹਿ ਗਈ ਭੁੱਖਮਰੀ। ਬਾਕੀ ਜ਼ਮੀਨ ਜੋ ਸਰਕਾਰ ਦੇ ਕੰਮ ਨਹੀਂ ਸੀ ਰਹਿ ਗਈ, ਬੱਸ। ਇਕ-ਦੋ ਟੋਟੇ ਅਤੇ ਖਾਣ ਵਾਲੇ ਕਈ। ਉਂਝ ਉਹ ਸੜਕੋਂ ਕਾਫੀ ਪਰ੍ਹੇ ਜਹੇ ਸੀ। ਭੁੱਖਮਰੀ ਤੋਂ ਤੰਗ ਪੈ ਕਈ ਬਾਹਰ ਵੱਲ ਨੂੰ ਭੱਜ ਨਿਕਲੇ ਸਨ, ਪੈਸੇ ਕਮਾਉਣ। ਪਰ ਤਾਂ ਵੀ ਜੋ ਬਾਕੀ ਸਨ, ਉਨ੍ਹਾਂ ਨੇ ਬਚੇ ਖੁਚੇ ਜ਼ਮੀਨ ਦੇ ਦੋ ਟੋਟਿਆਂ ਦੀ ਕਿਲ ਕਿਲ, ਬਿਜਾਈ-ਸਿੰਜਾਈ ਕਰ, ਕੁਝ ਕਣਕ-ਸਣਕ ਬੀਜ ਗੁਜ਼ਾਰਾ ਕਰਨਾ ਚਾਹਿਆ। ਸਿਆਲ, ਅੰਤਾਂ ਦੀ ਸਰਦੀ। ਕੱਕਰ ਅਤੇ ਮਗਰੋਂ ਝੱਖੜ ਵਾਲੀਆਂ ਅੰਨ੍ਹੀਆਂ ਬਾਰਸ਼ਾਂ, ਫਿਰ ਹੜ੍ਹ, ਅਤੇ ਜੋ ਭੋਰਾ-ਮਾਸਾ ਕਣਕ ਬੀਜੀ ਸੀ, ਤਿਆਰ ਵੀ ਹੋ ਗਈ ਸੀ, ਉਹ ਵੀ ਇਸ ਕੁਦਰਤੀ ਕਹਿਰ ਨੇ ਹੜ੍ਹਾ ਦਿੱਤੀ ਸੀ।

ਬੱਚੇ ਭੁੱਖ ਨਾਲ ਵਿਲ੍ਹਕੂੰ-ਵਿਲ੍ਹਕੂੰ ਕਰਦੇ ਤਾਂ ਮਾਵਾਂ ਦੇ ਕਲੇਜੇ ਫਟਦੇ ਸਨ। ਛਾਤੀ ’ਤੇ ਹੱਥ ਧਰ-ਧਰ, ਖੇਤਾਂ ਦੇ ਉਨ੍ਹਾਂ ਟੋਟਿਆਂ ਵੱਲ ਉਹ ਭੱਜਦੀਆਂ, ਇੱਟਾਂ ਰੋੜੇ ਫਰੋਲਦੀਆਂ। ਹੇਠੋਂ ਕਣਕ ਦੇ ਦਾਨਿਆਂ ਨੂੰ ਚੁਣ-ਚੁਣ ਲਿਆਉਂਦੀਆਂ। ਪੂਰੀ ਹਾਂਡੀ ਪਾਣੀ ਦੀ ਭਰ, ਵਿਚ ਮੁੱਠ ਕੁ ਦਾਣੇ ਪਾ ਕੇ ਧਰਦੀਆਂ, ਉਬਾਲਦੀਆਂ, ਲੂਣ ਮਿਰਚ ਪਾ ਵਿਲ੍ਹਕਦੇ ਬਾਲਾਂ ਦੇ ਮੂੰਹੀਂ ਛੂਹੀ-ਛੂਹੀ ਪਾਉਂਦੀਆਂ ਤਾਂ ਕਿਤੇ ਕੁਝ ਰਾਹਤ ਮਿਲਦੀ।

ਅਸੀਂ ਸੋਚਦੇ ਇਹ ਸਿਆਲ ਭਲਾ ਕਦੇ ਮੁਕੇਗਾ ਵੀ? ਬੇਵੱਸ ਸਾਂ। ਢੇਰ ਚਿਰ ਪਿਛੋਂ ਤਕ ਵੀ ਜ਼ਮੀਨਾਂ ਨਾ ਸੁੱਕੀਆਂ। ਕਣਕ ਦੇ ਦਾਣੇ ਹੁਣ ਨਹੀਂ ਸਨ ਮਿਲਦੇ। ਖਬਰੇ ਸਾਰੇ ਹੀ ਹੜ੍ਹ ਚੁਕੇ ਸਨ। ਪਰ ਮਾਵਾਂ ਬੱਚਿਆਂ ਲਈ ਕੁਝ ਵੀ ਕਰਨ ਲਈ ਤਿਆਰ ਸਨ। ਹੈਵਾਨੀਅਤ ਵੀ। ਖੇਤਾਂ ਵਿਚ ਕਾਂ ਕਾਂ ਕਰਦੇ ਕਾਂ, ਚੀਂ-ਚੀਂ ਕਰਦੀਆਂ ਚਿੜੀਆਂ- ਉਨ੍ਹਾਂ ਨੂੰ ਕਦ ਚੰਗੀਆਂ ਲਗਦੀਆਂ ਸਨ। ਪੱਥਰ ਬਣ, ਹੁਣ ਤਾਂ ਉਨ੍ਹਾਂ ਇਕ ਅੱਧ ਚਿੜੀ ਮਾਰਨੀ ਵੀ ਸ਼ੁਰੂ ਕਰ ਦਿੱਤੀ ਸੀ। ਕਿਤਨਾ ਪਾਪ! ਤੇ ਉਸ ਨੂੰ ਪਤੀਲਾ ਪਾਣੀ ਦਾ ਭਰ ਪਾ ਕੇ ਰਿੰਨ੍ਹਦੀਆਂ ਤੇ ਬੱਚਿਆਂ ਦੇ ਮੂੰਹੀਂ ਪਾਉਂਦੀਆਂ। ਹੋਰ ਕਰਨ ਵੀ ਕੀ? ਪੇਟ ਕਿਥੇ ਪਾਪ ਪੁੰਨ ਦਾ ਨਿਬੇੜਾ ਕਰਨ ਦਿੰਦਾ ਏ!

ਫੇਰ ਸਾਰੇ ਇਕ ਦਿਨ ਬੋਰੂ ਦੇ ਘਰੇ ਇਕੱਠੇ ਹੋਏ। ਇਕੱਠੇ ਤਾਂ ਹੋਣਾ ਹੀ ਸੀ। ਬੋਰੂ ਦੀ ਪਤਨੀ ਕੁੰਤੀ ਘਰੇ ਹੀ ਸੀ। ਘਰੇ ਤਾਂ ਹੋਣਾ ਹੀ ਸੀ। ਉਸ ਦਾ ਛੋਟਾ ਬਾਲ ਜੋ ਮਰ ਗਿਆ ਸੀ, ਭੁੱਖਮਰੀ ਨਾਲ, ਪਰ ਕੁੰਤੀ ਬਾਲ ਨੂੰ ਛਾਤੀ ਨਾਲ ਲਾਈ ਬੈਠੀ ਸੀ-ਚੁੱਪ ਚਾਪ। ਰੋ ਨਹੀਂ ਸੀ ਰਹੀ। ਗੁੰਮ ਸੁੰਮ। ਉਸ ਦੀ ਗਵਾਂਢਣ ਲਾਜੋ, ਜੋ ਭੁਸ-ਭੁਸ ਕਰ ਰਹੀ ਸੀ, ਚੁੰਨੀ ਨਾਲ ਮੁੜ-ਮੁੜ ਨੱਕ ਪੂੰਝਦੀ, ਅੱਖਾਂ ਪੂੰਝਦੀ ਕਹਿ ਰਹੀ ਸੀ, “ਸਾਂਭਿਆ ਗਿਆ, ਇਥੇ ਹੈ ਵੀ ਕੀ ਸੀ? ਸੁੱਕੀ ਰੋਟੀ ਵੀ ਨਹੀਂ ਸੀ, ਨਿਰੀ ਭੁੱਖਮਰੀ, ਜਾਨ ਛੁੱਟੀ ਸੂ!”

ਗਵਾਂਢਣ ਆਪਣੇ ਘਰੋਂ ਇਕ ਪੁਰਾਣਾ ਚਿੱਟਾ ਕੱਪੜਾ ਲੈ ਆਈ ਸੀ। ਕੁੰਤੀ ਅਜੇ ਵੀ ਬਾਲ ਨੂੰ ਛਾਤੀ ਨਾਲ ਲਾਈ ਬੈਠੀ ਸੀ। ਸਾਰਿਆਂ ਉਸ ਤੋਂ ਬਾਲ ਫੜਿਆ ਪਰ ਉਸ ਬਾਲ ਨੂੰ ਹੋਰ ਵੀ ਘੁੱਟ ਕੇ ਆਪਣੇ ਨਾਲ ਲਾ ਲਿਆ। ਛੱਡ ਨਹੀਂ ਸੀ ਰਹੀ। ਆਖਰ ਲਾਜੋ ਨੇ ਬਾਲ ਉਸ ਤੋਂ ਖਿੱਚ ਲਿਆ, ਪੁਰਾਣਾ ਚਿੱਟਾ ਕੱਪੜਾ ਉਸ ’ਤੇ ਪਾਇਆ ਤੇ ਅਸੀਂ ਆਦਮੀ-ਆਦਮੀ ਬਾਹਰ ਖੇਤਾਂ ਵਲ ਨੂੰ ਹੋ ਤੁਰੇ।

ਕੁੰਤੀ ਦਾ ਘਰ ਵਾਲਾ ਬੋਰੂ ਕਈ ਮਹੀਨਿਆਂ ਤੋਂ ਬਾਹਰ ਪੈਸਾ ਕਮਾਉਣ ਗਿਆ ਹੋਇਆ ਸੀ। ਉਸ ਦੀ ਅਜੇ ਕੋਈ ਉੱਘ-ਸੁੱਘ ਨਹੀਂ ਸੀ ਮਿਲੀ ਕਿ ਜੀਂਦਾ ਕਿ ਮੋਇਆ। ਕੁੰਤੀ ਇਕੱਲੀ ਦੋ ਬੱਚਿਆਂ ਨਾਲ ਛੇ ਮਹੀਨੇ ਤੋਂ ਭੁੱਖਮਰੀ ਝੱਲ ਰਹੀ ਸੀ, ਤੇ ਹੁਣ ਤਾਂ ਛੋਟਾ ਬਾਲ ਮਰ ਹੀ ਗਿਆ ਸੀ। ਵੱਡੀ ਕੁੜੀ ਵੀ। ਖੇਤਾਂ ਤੋਂ ਆ, ਅਸੀਂ ਸਲਾਹ ਬਣਾਈ ਕਿ ਆਹ ਪਿੰਡ ਤੋਂ ਪਰ੍ਹੇ ਵੱਡੀ ਸੜਕ ਕਿਨਾਰੇ ਉਚੀ ਹਵੇਲੀ ਵਾਲੇ ਸਰਦਾਰ ਕੋਲ ਚਲੀਏ। ਉਸ ਅਗੇ ਬੇਨਤੀ ਕਰੀਏ। ਸ਼ਾਇਦ ਖਾਣ ਨੂੰ ਕੁਝ ਮਿਲ ਸਕੇ। ਬੜਾ ਕੰਮ ਸੀ ਉਸ ਦਾ ਤੇ ਬੜਾ ਪੈਸਾ ਸੀ ਉਸ ਕੋਲ। ਪਿਉ ਦੇ ਮਰਨ ਪਿਛੋਂ ਕੋਠੀਆਂ, ਫੈਕਟਰੀਆਂ ਸਭ ਦੀ ਮਲਕੀਅਤ ਉਸ ਦੀ ਹੀ ਬਣ ਗਈ ਸੀ, ਇਕੱਲਾ ਪੁੱਤ ਜੋ ਸੀ। ਸਾਡੇ ਪਿੰਡੋਂ ਬਾਹਰ ਉਸ ਨੇ ਆਪਣੀ ਨਵੀਂ ਹਵੇਲੀ ਪਾਈ ਸੀ। ਉਂਝ ਸ਼ਹਿਰ ਵਿਚ ਫੈਕਟਰੀ ਵੀ ਸੀ ਤੇ ਕਹਿੰਦੇ ਐ ਕਿ ਵੱਡੇ ਪਿੰਡ ਵੀ ਇਸ ਤਰ੍ਹਾਂ ਦੀ ਹੀ ਉਸ ਦੀ ਹਵੇਲੀ ਹੈ। ਪਿੰਡੋਂ ਬਾਹਰ ਉਸ ਦੀ ਨਵੀਂ ਹਵੇਲੀ ਕਾਫੀ ਦੂਰ ਸੀ ਪਰ ਬੋਰੂ ਦੇ ਬਾਲ ਮਰ ਜਾਣ ’ਤੇ ਤਾਂ ਅਸੀਂ ਭੀਖ ਮੰਗਣ ਲਈ ਵੀ ਤਿਆਰ ਹੋ ਗਏ ਸਾਂ।

ਭੁੱਖਮਰੀ ਨੇ ਸਾਨੂੰ ਖੁਦ-ਗ਼ਰਜ਼ ਬਣਾ ਦਿੱਤਾ ਸੀ, ਜਿਸ ਨੂੰ ਜੋ ਮਿਲਦਾ, ਖਾ ਲੈਂਦਾ। ਦੂਜੇ ਦਾ ਧਿਆਨ? ਬੱਸ ਛੱਡੋ ਜੀ। ਹੁਣ ਕੁੰਤੀ ਦੇ ਬਾਲ ਦੀ ਮੌਤ ਨੇ ਸਾਡੀ ਹੈਵਾਨੀਅਤ ਨੂੰ ਕੁਝ ਘਟਾ ਦਿੱਤਾ ਸੀ। ਅਸੀਂ ਸਾਰੇ ਇਕ ਹੋ ਗਏ ਸਾਂ। ਹਿੰਦੂ, ਮੁਸਲਿਮ ਅਤੇ ਸਿੱਖ ਵਾਲੀ ਗੱਲ ਤਾਂ ਪਹਿਲਾਂ ਵੀ ਨਹੀਂ ਸੀ। ਅਸੀਂ ਕੁਝ ਜਣਿਆਂ ਉਚੀ ਹਵੇਲੀ ਵਾਲੇ ਸਰਦਾਰ ਕੋਲ ਜਾਣ ਦਾ ਫੈਸਲਾ ਕੀਤਾ। ਕੁੰਤੀ ਤੇ ਉਸ ਦੀ ਬੱਚੀ ਨੂੰ ਨਾਲ ਲਿਜਾਣ ਲਈ ਸੋਚਿਆ ਗਿਆ ਕਿ ਸ਼ਾਇਦ ਸਰਦਾਰ ਇਸ ’ਤੇ ਤਰਸ ਕਰਕੇ ਜਲਦੀ ਪਸੀਜ ਜਾਏ। ਉਂਝ ਸਾਡੇ ਵਿਚ ਤੁਰਨ ਦੀ ਵੀ ਸਤਿਆ ਨਹੀਂ ਸੀ। ਪੈਰ ਨੰਗੇ ਸਨ, ਕਿਤੇ ਰੋੜ ਚੁਭਦੇ ਤੇ ਕਿਤੇ ਚਿੱਕੜ ’ਚ ਪੈਰ ਫਸਦੇ। ਅਸੀਂ ਚੁੱਪ ਚਾਪ ਤੁਰੇ ਜਾ ਰਹੇ ਸਾਂ। ਕੁਝ ਵੀ ਨਹੀਂ ਸਾ ਕਹਿ ਰਹੇ, ਸੁਣ ਰਹੇ। ਇਥੋਂ ਤੱਕ ਕਿ ਆਪਣਾ ਦੁੱਖ ਵੀ ਨਹੀਂ ਸੀ ਦੱਸ ਰਹੇ। ਕੁੰਤੀ ਹੁਣ ਵੀ ਚੁੱਪ ਸੀ। ਉਸ ਦੀ ਕੁੜੀ ਚੁੱਪ-ਚਾਪ ਮਾਂ ਨਾਲ ਤੁਰੀ ਜਾ ਰਹੀ ਸੀ। ਸੋਹਣੀ, ਗੋਲ ਮਟੋਲ, ਗੋਰੀ ਚਿੱਟੀ ਤੇ ਬਲੌਰੀ ਅੱਖਾਂ। ਰੱਬ ਨੇ ਰੂਪ ਦੇ ਢੇਰ ਦਿਤੇ ਸਨ, ਪਰ ਨਾਲ ਹੀ ਭੁੱਖਮਰੀ।

ਜਦੋਂ ਅਸੀਂ ਸਰਦਾਰ ਦੀ ਹਵੇਲੀ ਨੇੜੇ ਪਹੁੰਚੇ ਤਾਂ ਸ਼ਾਮ ਦਾ ਘੁਸਮੁਸਾ ਪੈ ਚੁਕਾ ਸੀ। ਅਗਲਾ ਕਦਮ ਪੁਟਦਿਆਂ ਹੀ ਦੋ ਸ਼ੇਰ ਕੁੱਤਿਆਂ ਭੌਂਕਣਾ ਸ਼ੁਰੂ ਕਰ ਦਿੱਤਾ ਸੀ। ਅਸੀਂ ਠਠੰਬਰ ਥਾਏਂ ਰੁਕ ਗਏ। ਕੁੱਤਿਆਂ ਦੀ ਆਵਾਜ਼ ਸੁਣ ਸਰਦਾਰ ਬਾਹਰ ਨਿਕਲਿਆ। ਸਾਡੇ ਵੱਲ ਘੂਰੀ ਵੱਟ ਵੇਖਣ ਲਗ ਪਿਆ। ਅਸੀਂ ਸਾਰੇ ਚੁੱਪ ਸਾਂ। ਸਭ ਤੋਂ ਅੱਗੇ ਵਿਚਕਾਰ ਜਿਹੇ ਫਟੇ ਹਾਲ ਕੁੰਤੀ ਮੂੰਹ ਨੀਵਾਂ ਪਾਈ ਖੜ੍ਹੀ ਸੀ। ਉਸ ਦਾ ਹੁਸਨ, ਮੈਲ ਕੁਚੈਲ ’ਚੋਂ ਵੀ ਡੁਲ੍ਹ-ਡੁਲ੍ਹ ਪੈ ਰਿਹਾ ਸੀ। ਸਰਦਾਰ ਨੇ ਰੋਹਬ ਭਰੀ ਜੋਸ਼ੀਲੀ ਆਵਾਜ਼ ਵਿਚ ਪੁੱਛਿਆ:

“ਕੀ ਗੱਲ ਐ ਬਈ?“

ਮੈਂ ਅੱਗੇ ਹੋਇਆ, “ਮਾਈ ਬਾਪ, ਤੁਹਾਨੂੰ ਪਤੈ, ਸਾਡੀ ਜ਼ਮੀਨ ਸਰਕਾਰ ਨੇ ਲੈ ਲਈ ਸੀ ਤੇ ਹੁਣ ਜੋ ਇਕ ਦੋ ਟੋਟੇ ਬਾਕੀ ਬਚੇ ਸਨ, ਉਹ ਹੜ੍ਹਾਂ ਨੇ ਹੜ੍ਹ ਲਈ । ਕੁਝ ਨਹੀਂ ਬਚਿਆ। ਭੁੱਖਮਰੀ ਐ। ਛੋਟੇ ਬਾਲ ਇਕ-ਇਕ ਦੋ-ਦੋ ਕਰਕੇ ਮਰੀ ਜਾ ਰਹੇ ਹਨ, ਸਾਡੇ ’ਤੇ ਤਰਸ ਕਰੋ।”

ਅਜੇ ਮੈਂ ਗੱਲ ਪੂਰੀ ਵੀ ਨਹੀਂ ਸੀ ਕੀਤੀ ਕਿ ਸਰਾਦਰ ਕੜਕਿਆ, ‘’ਤੇ ਮੈਂ ਕੀ ਕਰਾਂ? ਰਾਤ ਵੇਲੇ ਤੰਗ ਕਰਨ ਆ ਗਏ ਨੇ!” ਤੇ ਉਹ ਮੂੰਹ ਵਿਚ ਬੁੜਬੁੜਾਇਆ। ਹੌਂਸਲਾ ਕਰ ਰਲੂ ਰਾਮ ਅੱਗੇ ਵਧਿਆ ਤੇ ਝੁਕਦਿਆਂ ਹੱਥ ਜੋੜ ਬੋਲਿਆ, “ਸਰਦਾਰ ਸਾਹਿਬ, ਇਹ ਸਾਡਾ ਪਿੰਡ ਤੁਹਾਡੇ ਇਲਾਕੇ ਵਿਚ ਆਉਂਦਾ ਏ”।

“ਔਂਦਾ ਏ ਤਾਂ ਫਿਰ ਮੈਂ ਕੀ ਕਰਾਂ?“ ਰਲੂ ਰਾਮ ਦੀ ਅੱਧੀ ਗੱਲ ਦਾ ਹੀ ਉਸ ਗੁੱਸੇ ਨਾਲ ਜਵਾਬ ਮੋੜਿਆ। ਸਭ ਨੇ ਡਰਦਿਆਂ ਚੁੱਪਚਾਪ ਮੂੰਹ ਨੀਵੇਂ ਕਰ ਲਏ। ਭਾਵੇਂ ਮੈਂ ਵੀ ਡਰਦਾ ਸਾਂ। ਵੱਡਾ ਹੋਣ ਕਰਕੇ, ਫਿਰ ਵੀ ਹੌਂਸਲਾ ਕਰਕੇ, ਪਤਾ ਨਹੀਂ ਕਿਵੇਂ ਉਹਦੇ ਰਾਹ ਵਿਚ ਸਾਹਮਣੇ ਆ ਖਲੋਤਾ। ਕੁੰਤੀ ਤੇ ਉਸ ਦੀ ਬੱਚੀ ਵੱਲ ਇਸ਼ਾਰਾ ਕਰਦਿਆਂ ਮੈਂ ਕਿਹਾ, “ਇਨ੍ਹਾਂ ਦੀ ਹਾਲਤ ’ਤੇ ਤਰਸ ਖਾਓ। ਜ਼ਰਾ ਦੇਖੋ”। ਅਤੇ ਕੁੰਤੀ ’ਤੇ ਨਜ਼ਰ ਪੈਂਦਿਆਂ ਕੁਝ ਇਸ ਤਰ੍ਹਾਂ ਅੱਖਾਂ ਚੌੜੀਆਂ ਕਰ ਉਸ ਤੱਕਿਆ ਤੇ ਜਿਵੇਂ ਉਸ ਦੀ ਨਜ਼ਰ ਥਾਏਂ ਹੀ ਜੰਮ ਗਈ ਹੋਵੇ ਤੇ ਜਿਵੇਂ ਉਸ ਦਾ ਸਾਹ ਰੁਕ ਗਿਆ ਹੋਵੇ ਤੇ ਜਿਵੇਂ ਦੋ ਮਿੰਟ ਤਾਂ ਸਰਦਾਰ ਸਿੱਲ੍ਹ ਪੱਥਰ ਹੀ ਬਣ ਗਿਆ ਹੋਵੇ।

ਆਪਣੇ-ਆਪ ਨੂੰ ਸਾਂਭਦਿਆਂ ਉਸ ਮੇਰੇ ਵੱਲ ਪਿੱਛੇ ਆਉਣ ਦਾ ਇਸ਼ਾਰਾ ਕੀਤਾ। ਸਾਨੂੰ ਸਾਰਿਆਂ ਨੂੰ ਕੁਝ ਅਜੀਬ ਜਿਹਾ ਲਗਾ ਪਰ ਕੁਝ ਸਮਝ ਜਹੀ ਨਹੀਂ ਆਈ। ਖੱਬੇ ਪਾਸੇ ਪੌੜੀਆਂ ਹੇਠਾਂ ਉਤਰ ਕੇ ਸਟੋਰ ਵਿਚੋਂ ਇਕ ਬੋਰੀ ਆਟਾ ਤੇ ਇਕ ਬੋਰੀ ਚਾਵਲ ਚੁੱਕਣ ਲਈ ਉਸ ਕਿਹਾ। ਮੇਰੇ ਪਿੱਛੇ ਰਲੂ ਰਾਮ ਵੀ ਆ ਰਿਹਾ ਸੀ। ਅਸਾਂ ਦੋਹਾਂ ਇਕ-ਇਕ ਬੋਰੀ ਚੁਕ ਲਈ ਅਤੇ ਤੁਰੇ ਆਏ। ਕੁੰਤੀ ਵੀ ਕੁੜੀ ਨਾਲ ਪੱਥਰ ਜਹੀ ਬਣੀ ਅਜੇ ਉਥੇ ਹੀ ਖੜ੍ਹੀ ਸੀ । ਕੁੜੀ ਝੰਜੋੜ-ਝੰਜੋੜ ਕੇ ਉਸ ਨੂੰ ਤੁਰਨ ਲਈ ਕਹਿ ਰਹੀ ਸੀ। ਮੇਰੀ ਹੈਰਾਨੀ ਦੀ ਕੋਈ ਹੱਦ ਨਹੀਂ ਰਹੀ, ਜਦੋਂ ਮੈਂ ਕੁੰਤੀ ਦੀ ਕੁੜੀ ਵੱਲ ਗਹੁ ਨਾਲ ਝਾਕਿਆ। ਕੁੜੀ ਦੀ ਸ਼ਕਲ ਹੂ-ਬ-ਹੂ ਸਰਦਾਰ ਨਾਲ ਮਿਲਦੀ ਸੀ। ਉਹੀ ਗੋਰਾ ਰੰਗ, ਗੋਲ ਮੋਲ ਅਤੇ ਬਲੌਰੀ ਅੱਖਾਂ। ‘ਹੇ ਰਾਮ-ਵਾਹਿਗੁਰੂ ਮੈਂ ਤਾਂ ਸਭ ਕੁਝ ਭੁੱਲ ਚੁਕਾ ਸਾਂ- ਇਹ ਕੀ ਕੌਤਕ!”

ਅੱਜ ਤੋਂ ਕੋਈ ਤੇਰਾਂ ਚੌਦਾਂ ਸਾਲ ਪਹਿਲਾਂ ਅਸਾਂ ਸੁਣਿਆ ਸੀ ਕਿ ਨਾਲ ਦੇ ਵੱਡੇ ਪਿੰਡ ਵੀ ਭੁੱਖਮਰੀ ਪਈ ਸੀ। ਮੇਰੀ ਧੁੰਦਲੀ-ਧੁੰਦਲੀ ਯਾਦ ਹੁਣ ਬਿਲਕੁਲ ਸ਼ੀਸ਼ੇ ਵਾਂਗ ਸਾਫ ਹੋ ਗਈ ਸੀ ਤੇ ਮੈਨੂੰ ਉਹ ਸਾਰਾ ਕੁਝ ਵਾਪਰਿਆ ਯਾਦ ਆ ਗਿਆ ਸੀ। ਉਦੋਂ ਮੈਂ ਆਪਣੀ ਪੁਰਾਣੀ ਜ਼ਮੀਨ ਦਾ ਸੌਦਾ ਕਰਨ ਵੱਡੇ ਪਿੰਡ ਹੀ ਗਿਆ ਸਾਂ। ਮੈਂ ਦਸਿਆਂ ਏ ਪਈ ਉਦੋਂ ਵੱਡੇ ਪਿੰਡ ਵੀ ਇਵੇਂ ਹੀ ਭੁੱਖਮਰੀ ਪਈ ਸੀ ਤੇ ਕੁਝ ਬੰਦੇ, ਜਿਹਦੇ ਵਿਚ ਇਕ ਕੁੰਤੀ ਦਾ ਪਿਉ ਰਸ਼ੀਦਾ ਵੀ ਸੀ, ਇਸੇ ਤਰ੍ਹਾਂ ਕੁੰਤੀ ਨੂੰ ਉਂਗਲੀ ਲਾਈ ਭੁੱਖਮਰੀ ਦਾ ਵਾਸਤਾ ਪਾਉਣ ਗਿਆ ਸੀ, ਹਵੇਲੀ ਵਾਲੇ ਇਸੇ ਸਰਦਾਰ ਦੇ ਬਾਪ ਕੋਲ। ਰਸ਼ੀਦਾ ਉਸ ਦੇ ਖੇਤਾਂ ਵਿਚ ਹੀ ਕੰਮ ਕਰਦਾ ਸੀ। ਖੇਤਾਂ ਵਿਚ ਕੱਖ ਵੀ ਨਹੀਂ ਸੀ ਉਗਿਆ।

ਸਰਦਾਰ ਨੇ ਰਸ਼ੀਦੇ ਨੂੰ ਲਾਲਚ ਦਿੱਤਾ ਸੀ, “ਖਾਣ ਲਈ ਮਿਲੇਗਾ। ਇਸ ਬਾਲੜੀ ਨੂੰ ਘਰੇ ਕੰਮ ਕਰਨ ਲਈ ਭੇਜ”, ਤੇ ਉਸ ਨੇ ਕੁੰਤੀ ਨੂੰ ਆਪਣੇ ਕੋਲ ਬੁਲਾ ਕੇ ਪਿਆਰ ਕੀਤਾ ਤੇ ਘਰ ਆਉਣ ਲਈ ਕਿਹਾ ਸੀ। ਇਕ ਦਿਨ, ਦੋ ਦਿਨ ਅਤੇ ਇਸ ਤਰ੍ਹਾਂ ਕੁੰਤੀ ਕਈ ਦਿਨ ਸਰਦਾਰ ਦੇ ਘਰੇ ਜਾਂਦੀ ਰਹੀ ਸੀ। ਤੇ ਮੁੜ ਕੁਝ ਮਹੀਨਿਆਂ ਮਗਰੋਂ ਰਸ਼ੀਦਾ, ਰੱਜ ਕੇ ਰੋਟੀ ਖਾਂਦਾ ਵੀ, ਫਾਹਾ ਲੈ ਕੇ ਮਰ ਗਿਆ ਸੀ। ਕੁੰਤੀ ਦੀ ਮਾਂ ਤਾਂ ਪਹਿਲੋਂ ਹੀ ਭੁੱਖਮਰੀ ਨਾਲ ਮਰ ਚੁੱਕੀ ਸੀ। ਕੁੰਤੀ ਇਕੱਲੀ, ਬੇਸਮਝ ਰੋਣ ਲਈ ਰਹਿ ਗਈ ਸੀ।

ਉਦੋਂ ਸਾਨੂੰ ਬੜਾ ਤਰਸ ਆਇਆ ਸੀ ਇਸ ’ਤੇ ਪਰ-ਮੁੜ ਅਸਾਂ ’ਤੇ ਸੁਣਿਆ ਸੀ ਕਈ ਕੁਝ। ਬਸ ਸੁਣਿਆ ਸੀ ਅਤੇ ਆਪਣੇ ਰੱਫੜਿਆਂ ਵਿਚ ਭੁੱਲ ਭੁਲਾ ਗਏ ਸਾਂ। ਉੱਕਾ ਹੀ ਵਿੱਸਰ ਗਏ ਸਾਂ। ਪਰ ਅੱਜ, ਗੋਰਾ ਚਿੱਟਾ, ਗੋਲ ਮਟੋਲ ਬਲੌਰੀ ਅੱਖਾਂ ਵਾਲੇ ਸਰਦਾਰ ਨੂੰ ਸਾਹਮਣੇ ਖੜ੍ਹਾ ਦੇਖ, ਬਲੌਰੀ ਅੱਖਾਂ ਵਾਲੀ ਕੁੰਤੀ ਦੀ ਬਾਲੜੀ ਨੂੰ ਦੇਖ ਜਿਵੇਂ। ਮੇਰੀ ਸੋਚਾਂ ਦੀ ਲੜੀ ਥਾਏਂ ਟੁੱਟੀ, ਜਦੋਂ ਸਰਾਦਰ ਨੇ ਮੇਰੇ ਵੱਲ ਝਾਕਦਿਆਂ ਰੋਹਬ ਨਾਲ ਪੁੱਛਿਆ, “ਇਹ ਕੁੜੀ ਕੌਣ ਏ?” ਜਵਾਬ ਵਿਚ ਮੈਂ ਕੁੰਤੀ ਵੱਲ ਝਾਕਿਆ। ਕਈ ਦਿਨਾਂ ਤੋਂ ਪੱਥਰ ਬਣੀ ਕੁੰਤੀ ਹਿੱਲੀ। ਉਸ ਦੀਆਂ ਅੱਖਾਂ ਵਿਚੋਂ ਅੱਗ ਨਿਕਲੀ। ਉਸ ਮੂੰਹ ਉੱਚਾ ਕੀਤਾ। ਸਰਦਾਰ ਵੱਲ ਪ੍ਰਸ਼ਨ ਚਿੰਨ ਬਣ ਉਸ ਕਹਿਰ ਦੀ ਨਜ਼ਰ ਤੱਕਿਆ-ਇਕ ਟੱਕ। ਬਿਲਕੁਲ ਉਹੀ ਸੀ। ਗੋਰਾ ਚਿੱਟਾ, ਗੋਲ ਮਟੋਲ, ਬਲੌਰੀ ਅੱਖਾਂ ਵਾਲਾ। ਕਈ ਦਿਨਾਂ ਤੋਂ ਚੁੱਪ ਕੁੰਤੀ ਚੀਕੀ, ਹੋਰ ਚੀਕੀ, ਤੇ ਫਿਰ ਬੋਲੀ, “ਨਹੀਂ! ਨਹੀਂ! ਸਾਨੂੰ ਕੁਝ ਨਹੀਂ ਚਾਹੀਦਾ। ਭੁੱਖਮਰੀ ਹੀ ਠੀਕ ਹੈ,” ਅਤੇ ਉਹ ਮੂੰਹ ਉਤੇ ਹੱਥ ਧਰੀ ਫੁੱਟ-ਫੁੱਟ ਰੋਣ ਲੱਗ ਪਈ।

ਸਰਦਾਰ ਹੈਰਾਨ ਪ੍ਰੇਸ਼ਾਨ। ਇਹ ਅਨਪੜ੍ਹ ਗੰਵਾਰ ਭੋਲੀ ਭਾਲੀ, ਭੁੱਖਣ ਭਾਣੀ ਕੁੰਤੀ- ਹੁਣ ਕਿੰਨੀ ਸਿਆਣੀ, ਸੂਝ ਵਾਲੀ। ਉਸ ਦੀ ਸੋਚ ਅੱਧਵਾਟਿਓਂ ਹੀ ਟੁੱਟ ਗਈ, ਜਦੋਂ ਉਸ ਕੁੰਤੀ ਦੀਆਂ ਆਸਮਾਨ ਫਾੜ ਰਹੀਆਂ ਚੀਕਾਂ ਸੁਣੀਆਂ। ਉਹ ਤਾਂ ਸ਼ੇਰਨੀ ਸੀ। ਸ਼ੇਰਨੀ ਵਾਂਗ ਦਹਾੜ ਰਹੀ ਸੀ। ਉਸ ਦਾ ਸਾਰ ਸਰੀਰ ਕੰਬ ਰਿਹਾ ਸੀ। ਸਰਦਾਰ ਡਰ ਗਿਆ ਸੀ ਪਰ ਆਪਣੇ ਮੋਢੇ ਖਿੱਚਦਾ, ਸੰਭਲ ਕੁੰਤੀ ਦੇ ਨੇੜੇ ਆ, ਉਸ ਦੀ ਗੋਰ ਚਿੱਟੀ ਪਿਆਰੀ ਕੁੜੀ ਨੂੰ ਤੱਕਣ ਲਗਾ। ਸਰਦਾਰ ਦੀਆਂ ਅੱਖਾਂ ਨੂੰ ਭਾਂਪਦੀ ਕੁੰਤੀ ਬਿਫਰੀ ਤੇ ਜ਼ੋਰ ਲਗਾ, ਜਿੰਨ੍ਹਾ ਉਚਾ ਉਹ ਬੋਲ ਸਕਦੀ ਸੀ, ਬੋਲੀ, “ਜਾਨਵਰ, ਇਹ ਤੇਰੀ ਹੀ ਭੈ!” ਤੇ ਬਾਕੀ ਦੇ ਸ਼ਬਦ ਉਸ ਦੇ ਮੂੰਹ ਵਿਚ ਹੀ ਅੜ ਗਏ ਜਦੋਂ ਭੁੱਖ ਨਾਲ ਧੜੰਮ ਕਰਦੀ ਫਰਸ਼ ਉਤੇ ਡਿਗ ਕੇ ਉਹ ਬੇਹੋਸ਼ ਹੋ ਗਈ।

# ਆਜ਼ਾਦੀ ਤੋਂ ਬਾਅਦ ਹਜ਼ਾਰਾਂ ਔਰਤਾਂ ਨਾਲ ਬਲਾਤਕਾਰ

## ✪ ਵੱਧ ਬਰਾਤ ਲੈ ਕੇ ਜਾਣ ਵਾਲੇ ਵਿਰੁੱਧ ਮੁੱਕਦਮਾ ਦਰਜ ਹੋਵੇ

ਵਿਸ਼ੇਸ਼ ਰਿਪੋਰਟ
ਜਸਵੀਰ ਸਿੰਘ ਜੌਹਲ
(ਜੰਡਿਆਲਾ ਮੰਝਕੀ)



ਬੀਤੇਂ ਦਿਨੀਂ ਦਿੱਲੀ ਵਰਗੇ ਮਹਾਂਨਗਰ ਵਿੱਚ ਇੱਕ ਵਿਦਿਆਰਥਣ ਨਾਲ ਬਲਾਤਕਾਰ ਤੇ ਉਸ ਦੇ ਬਾਦ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰੇ ਜਾਣ ਬਾਅਦ ਸਮੁੱਚੇ ਦੇਸ਼ ਵਿੱਚ ਸੱਤਾ ਦਾ ਸੁੱਖ ਭੋਗਣ ਵਾਲੇ ਆਗੂਆਂ ਅਤੇ ਪੁਲਸ ਅਫਸਰਸ਼ਾਹੀ ਵਿਰੁੱਧ ਲੋਕਾਂ ਦਾ ਗੁੱਸਾ ਭੜਕ ਉਠਣਾ ਸੁਭਾਵਿਕ ਹੀ ਸੀ। ਉਕਤ ਵਿਦਿਆਰਥਣ ਨਾਲ ਵਾਪਰੀ ਇਹ ਘਟਨਾ ਕੋਈ ਪਹਿਲੀ ਘਟਨਾ ਨਹੀਂ ਸੀ ਤੇ ਨਾਂ ਹੀ ਇਸਨੂੰ ਆਖਰੀ ਘਟਨਾ ਕਿਹਾ ਜਾ ਸਕਦਾ ਹੈ ।2011 ਵੱਲ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ 450 ਤੋਂ ਜ਼ਿਆਦਾ ਬਲਾਤਕਾਰ ਦੇ ਉਹ ਮਾਮਲੇ ਉਹ ਸਿਰਫ ਦਿੱਲੀ ਵਿੱਚ ਸਾਹਮਣੇ ਆਏ ਜੋ ਥਾਣਿਆਂ ਦੇ ਰਿਕਾਰਡ ਵਿੱਚ ਦਰਜ ਹਨ ਪਰ ਉਹ ਮਾਮਲੇ ਕਿੰਨੇ ਹੋਣਗੇ ਜੋ ਪੁਲਸ ਅਤੇ ਕਾਲੇ ਕੋਟ ਵਾਲੇ ਕਾਨੂੰਨ ਦੇਰ ਰਖਵਾਲਿਆਂ ਦੇ ਅਸ਼ਲੀਲ ਸਵਾਲਾਂ ਤੋਂ ਡਰਦੇ ਚੁਪਚਾਪ ਆਪਣਾ ਮੂੰਹ ਲੁਕੋ ਕੇ ਘਰਾਂ ਅੰਦਰ ਬੈਠ ਗਏ ਵਰਤਮਾਨ ਸਮੇਂ ਰਾਜਨੇਤਾਵਾਂ ਤੋਂ ਲੈ ਕੇ ਪੁਲਸ ਅਫਸਰਸ਼ਾਹੀ ਤੱਕ ਹਰ ਮਰਦ ਦੂਸਰੀ ਔਰਤ ਨੂੰ ਆਪਣੀ ਹਵਸ ਦਾ ਸਾਮਾਨ ਬਣਾਉਣ ਦੀ ਤਾਕ ਵਿੱਚ ਫਿਰਦਾ ਹੈ। ਇੱਕੀਵੀਂ ਸਦੀ ਦੇ ਇਸ ਯੁੱਗ ਵਿੱਚ ਭਾਰਤ ਦੀ ਤਰੱਕੀ ਵਿੱਚ ਔਰਤਾਂ ਦੀ ਹਿੱਸੇਦਾਰੀ ਮਰਦਾਂ ਨਾਲੋਂ ਘੱਟ ਨਹੀਂ ਚਾਹੇ ਉਹ ਘਰ ਦੀ ਚਾਰ ਦੀਵਾਰੀ 'ਚ ਕੰਮ ਕਰਦੀ ਹੈ ਚਾਹੇ ਘਰੋਂ ਨਿਕਲ ਕੇ ਦਫਤਰਾਂ ਅਤੇ ਹੋਰ ਕਾਰੋਬਾਰਕ ਅਦਾਰਿਆਂ ਵਿੱਚ ਹੱਥ ਵਟਾਉਂਦੀ ਹੈ, ਵਿਗਿਆਨਕ, ਰਾਜਨੀਤਕ, ਤੇ ਸਮਾਜਿਕ ਕੰਮਾਂ ਵਿੱਚ ਮੈਰੀ ਕਿਊਰੀ, ਮਾਰਗੈਟ ਥੈਚਰ, ਅਤੇ ਮਦਰ ਟੈਰੇਸਾ ਵਾਂਗ ਬੁਲੰਦੀਆਂ ਹਾਸਲ ਕਰਦੀ ਹੈ ਪਰ ਇੰਨਾ ਕੁਝ ਕਰਨ ਦੇ ਬਾਵਜੂਦ ਵੀ ਅੱਜ ਦਾ ਮਰਦ ਆਪਣੀ ਮਰਦਾਨਗੀ ਦੀ ਧੌਂਸ ਛੱਡਣ ਨੂੰ ਤਿਆਰ ਨਹੀਂ ਉਹ ਔਰਤ ਨੂੰ ਆਪਣੇ ਤੋਂ ਨੀਵੀਂ ਹੀ ਦੇਖਣਾ ਚਾਹੁੰਦਾ ਹੈ।

ਉਕਤ ਦਿੱਲੀ 'ਚ ਵਾਪਰੀ ਘਟਨਾ ਨੇ ਹਰ ਉਸ ਇਨਸਾਨ ਨੂੰ ਸੋਚਣ ਵਾਸਤੇ ਮਜਬੂਰ ਕਰ ਦਿੱਤਾ ਹੈ ਕਿ ਕਾਨੂੰਨ ਦੇ ਕਰੜੇ ਕੀਤੇ ਜਾਣ ਲਈ ਸਮੁੱਚੇ ਦੇਸ਼ ਵਿੱਚ ਗੂੰਜਦੀ ਲਹਿਰ ਪੁਲਸ ਅਫਸਰਸ਼ਾਹੀ ਅਤੇ ਸੱਤਾਧਾਰੀ ਹਾਕਮਾਂ ਵਿਰੁੱਧ ਸਿਰਫ ਇਸ ਕਰਕੇ ਭੜਕੀ, ਕਿਉਂਕਿ ਜ਼ਿਆਦਾ ਸੱਤਾ ਸੁੱਖ ਭੋਗਣ ਵਾਲੇ ਖੁਦ ਬਲਾਤਕਾਰੀ ਅਤੇ ਹੱਤਿਆਵਾਂ ਕਰਨ ਵਾਲਿਆਂ ਅੱਗੇ ਆ ਖਲੋਤੇ ਹਨ ਅੱਜ ਦੇਸ਼ ਵਿੱਚ ਔਰਤ ਜ਼ਾਤ ਉੱਪਰ ਜਿੰਨਾ ਜ਼ੁਲਮ ਹੋ ਰਿਹਾ ਹੈ ਉਸਨੂੰ ਬਿਆਨ ਕਰਨਾ ਵੀ ਮੁਸ਼ਕਲ ਹੈ। ਕੁਝ ਦਿਨ ਪਹਿਲਾਂ ਸਥਾਨਕ ਇਲਾਕੇ ਵਿੱਚ ਸੱਤਵੀਂ ਜ਼ਮਾਤ ਵਿੱਚ ਪੜਦੀ 12 ਸਾਲ ਦੀ ਬੱਚੀ ਨੂੰ ਰਾਹ ਜਾਂਦੇ ਛੋਕਰੇ ਜਬਰੀ ਮੋਟਰ ਸਾਇਕਲ ਉੱਪਰ ਚੁੱਕ ਕੇ ਲੈ ਗਏ ਅਤੇ ਬਾਦ ਵਿੱਚ ਪੰਜ ਤੋਂ ਵਧੇਰੇ ਛੋਕਰਿਆਂ ਨੇ ਟਿਊਬਵੈੱਲ ਤੇ ਲਿਜਾ ਕੇ ਉਸ ਨਾਲ ਬਲਾਤਕਾਰ ਕੀਤਾ ਅਤੇ ਬਾਦ ਵਿੱਚ ਉਨਾਂ ਦਰਿੰਦਿਆਂ ਨੂੰ ਹਵਾਲਾਤ ਦਾ ਰਸਤਾ ਦਿਖਾਉਣ ਦੀ ਬਜਾਏ ਪਿੰਡਾਂ ਵਿੱਚ ਬੈਠੇ ਘੜੱਮ ਚੌਧਰੀਆਂ ਨੇ ਮਾਮਲੇ ਨੂੰ ਇਸ ਕਰਕੇ ਦਬਾ ਦਿੱਤਾ ਕਿਉਂਕਿ ਉਹ ਕਾਕੇ ਖਾਂਦੇ ਪੀਂਦੇ ਘਰਾਂ ਦੇ ਸਨ। ਵਰਤਮਾਨ ਸਮੇਂ ਬੱਸ ਸਟੈਂਡਾਂ ਸਕੂਲ ਜਾਣ ਵਾਲੇ ਤਮਾਮ ਰਸਤਿਆਂ ਉੱਪਰ ਖੁੱਲੇਆਮ ਮੋਟਰਾਂ ਸਾਈਕਲਾਂ ਉੱਪਰ ਲੜਕੀਆਂ ਨਾਲ ਛੇੜਛਾੜ ਕਰਨ ਇੱਥੋਂ ਤੱਕ ਬੱਸਾਂ ਵਿੱਚ ਚੜਕੇ ਚਪੇੜਾਂ ਮਾਰਨ ਤੱਕ ਦੀਆਂ ਘਟਨਾਵਾਂ ਖੁੱਲੇਆਮ ਰੋਜ਼ਾਨਾ



ਹੋ ਰਹੀਆਂ ਹਨ। ਪੁਲਸ ਪ੍ਰਸ਼ਾਸਨ ਨੂੰ ਵਾਰ-ਵਾਰ ਬੇਨਤੀਆਂ ਕਰਨ ਦੇ ਬਾਵਜੂਦ ਵੀ ਪੁਲਸ ਦਾ ਧਿਆਨ ਇਸ ਪਾਸੇ ਵੱਲ ਨਹੀਂ ਜਾਂਦਾ। ਪੰਜਾਬ ਵਰਗੇ ਖੁਸ਼ਹਾਲ ਸੂਬੇ ਵਿੱਚ ਇਹੋ ਜਿਹੀਆਂ ਜ਼ਲੀਲ ਅਤੇ ਲੱਚਰ ਘਟਨਾਵਾਂ ਵੱਧ ਰਹੀਆਂ ਹਨ ਤੇ ਰੋਕਣ ਵਾਲਾ ਕੋਈ ਨਹੀਂ ਫਿਰ ਬਿਹਾਰ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਗੁਜਰਾਤ, ਤ੍ਰਿਪੁਰਾ, ਕੇਰਲਾ, ਉੜੀਸਾ ਵਰਗੇ ਪੱਛੜੇ ਸੂਬਿਆਂ ਵਿੱਚ ਸਮੂਹਿਕ ਬਲਾਤਕਾਰ ਅਤੇ ਔਰਤਾਂ ਨੂੰ ਡਾਇਨ ਕਹਿ ਕੇ ਜਿਊਂਦੇ ਸਾੜ ਦੇਣਾ ਆਮ ਗੱਲ ਹੈ। ਬੇਸ਼ਕ ਕੇਂਦਰੀ ਅਤੇ ਸੂਬਾ ਸਰਕਾਰਾਂ ਔਰਤਾਂ ਦੇ ਸ਼ੋਸ਼ਣ ਨੂੰ ਰੋਕਣ, ਭਰੂਣ ਹੱਤਿਆਵਾਂ ਨੂੰ ਰੋਕਣ ਅਤੇ ਕੁੜੀਆਂ ਨੂੰ ਸਿੱਖਿਅਤ ਕਰਨ ਦੇ ਢਿੰਡੋਰੇ ਪਿਟਦੀਆਂ ਨਹੀਂ ਥੱਕਦੀਆਂ ਪਰ ਹੇਠਲੇ ਪੱਧਰ ਤੇ ਕੀ ਹੋ ਰਿਹਾ ਹੈ ਕਦੇ ਕਿਸੇ ਹਾਕਮ ਨੇ ਜਾਂ ਅਫਸਰਸ਼ਾਹੀ ਨੇ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਉਹ ਫੈਸਲੇ ਜੋ ਵਿਧਾਨ ਸਭਾਵਾਂ ਤੇ ਪਾਰਲੀਮੈਂਟ ਵਿੱਚ ਬੈਠਕੇ ਸਾਡੇ ਨੇਤਾਵਾਂ ਨੇ ਲਏ ਹਨ ਉਹ ਲਾਗੂ ਹੋਏ ਜਾਂ ਨਹੀਂ ਅਤੇ ਨਾਂ ਸੱਤਾ ਤੇ ਬਿਰਾਜਮਾਨ ਆਗੂਆਂ ਦੁਆਰਾ ਔਰਤ ਜਾਤ ਉੱਪਰ ਇਹ ਜ਼ੁਲਮ ਸਦੀਆਂ ਤੋਂ ਚਲਿਆ ਆ ਰਿਹਾ ਹੈ। ਦਿੱਲੀ ਵਿੱਚ ਹੋਈ ਇਸ ਘਟਨਾ ਤੋਂ ਪਹਿਲਾਂ ਪੰਦਰਾਂ ਲੱਖ ਔਰਤਾਂ ਅਤੇ ਲੜਕੀਆਂ ਨੂੰ ਬਲਾਤਕਾਰ ਤੋਂ ਬਾਦ ਸਿਰਫ ਇਸ ਕਰਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਕਿ ਉਹ ਬਾਹਰ ਜਾ ਕੇ ਮੂੰਹ ਨਾ ਖੋਲ ਸਕਣ, ਰਾਜਾ ਰਾਮ ਮੋਹਨ ਰਾਏ ਤੋਂ ਲੈਕੇ ਬ੍ਰਿਟਿਸ਼ ਹਕੂਮਤ ਨੇ ਸਖਤੀ ਨਾਲ ਸਤੀ ਪ੍ਰਥਾ ਤੇ ਰੋਕ ਲਗਵਾਈ ਸੀ ਪਰ ਫਿਰ ਵੀ ਇਨਾਂ ਦੇ ਕਾਰਜਕਾਲ ਸਮੇਂ ਖਾਸਕਰ ਦੁਆਬੇ ਵਿੱਚ ਲੜਕੀ ਦੇ ਜਨਮ ਸਮੇਂ ਹੀ ਉਸ ਨੂੰ ਅੱਕ ਦਾ ਦੁੱਧ ਪਿਲਾ ਕੇ ਜਾਂ ਅਫੀਮ ਦੇ ਕੇ ਮਾਰ ਦਿੱਤਾ ਜਾਂਦਾ ਸੀ। ਵਰਤਮਾਨ ਸਮੇਂ ਵਿੱਚ ਉਸੇ ਧੀ ਨੂੰ ਜਨਮ ਲੈਣ ਤੋਂ ਪਹਿਲਾਂ ਹੀ ਮੌਤ ਦੇ ਘਾਟ ਉਤਾਰਨ ਵਾਸਤੇ ਬਿਨਾਂ ਡਿਗਰੀ ਵਾਲੇ ਹਸਪਤਾਲ ਰਾਖਸ਼ਸ ਬਣ ਬੈਠੇ ਹਨ। ਜੇਕਰ ਕੇਂਦਰੀ ਅਤੇ ਸੂਬਾ ਸਰਕਾਰਾਂ ਚਲਾਉਣ ਵਲੋਂ ਬਲਾਤਕਾਰ ਦੇ ਨਾਲ ਨਾਲ ਦਾਜ ਅਤੇ ਵਿਆਹਾਂ ਸਮੇਂ ਵੱਡੀ ਬਰਾਤ ਲੈਕੇ ਬੇਤਹਾਸ਼ਾ ਮਹਿੰਗੇ ਪੈਲੇਸਾਂ ਅਤੇ ਰਿਜ਼ੋਰਟਾਂ ਵਾਲਿਆਂ ਵਿਰੁੱਧ ਵੀ ਸਖਤ ਕਾਨੂੰਨ ਬਣਾਇਆ ਜਾਵੇ। ਲੜਕੇ ਵਾਲਾ ਪੱਖ ਆਪਣੇ ਘਰ ਵਿੱਚ ਜੋ ਮਰਜ਼ੀ ਪ੍ਰੋਗਰਾਮ ਕਰਵਾਏ ਪਰ ਬਾਰਾਤ ਵਿੱਚ ਵੱਧ ਤੋਂ ਵੱਧ ਗਿਆਰਾਂ ਬੰਦਿਆਂ ਦੀ ਹੀ ਸ਼ਮੂਲੀਅਤ ਹੋਣੀ ਚਾਹੀਦੀ ਹੈ, ਹਰ ਥਾਣੇ ਨੂੰ ਇਹ ਅਧਿਕਾਰ ਹੋਣਾ ਚਾਹੀਦਾ ਹੈ ਕਿ ਗਿਆਰਾਂ ਤੋਂ ਵੱਧ ਬੰਦਿਆਂ ਵਾਲੀ ਬਾਰਾਤ ਦੇ ਲਾੜੇ ਅਤੇ ਉਸਦੇ ਪਿਤਾ ਵਿਰੁਧ ਪਰਚਾ ਦਰਜ ਕੀਤਾ ਜਾਵੇ ਉਕਤ ਸਿਧਾਂਤ ਨਾਲ ਔਰਤ ਜ਼ਾਤ ਦੀ ਰੱਖਿਆ ਹੋ ਸਕੇਗੀ।

# ਬਲਾਤਕਾਰ ਦੀ ਪੀੜਾ ਨਹੀਂ ਸਮਝ ਸਕੀ ਸੋਨੀਆ ਗਾਂਧੀ

ਵਿਸ਼ੇਸ਼ ਲੇਖ
ਤਵਲੀਨ ਸਿੰਘ

ਨਿਰਭਯਾ, ਅਮਾਨਤ, ਦਾਮਿਨੀ। ਕਿੰਨੇ ਨਾਂ ਦਿੱਤੇ ਸਨ, ਅਸੀਂ ਭਾਰਤ ਦੀ ਉਸ ਧੀ ਨੂੰ, ਜਿਸ ਨੂੰ ਜਿਊਂਦਿਆਂ ਰੱਖਣ ਲਈ ਸਾਰੇ ਭਾਰਤ ਵਾਸੀਆਂ ਨੇ ਇੰਨੀਆਂ ਦੁਆਵਾਂ ਮੰਗੀਆਂ ਸਨ। ਨਹੀਂ ਬਚਾ ਸਕੀਆਂ ਉਸ ਨੂੰ ਸਾਡੀਆਂ ਦੁਆਵਾਂ, ਪਰ ਉਸ ਦੀ ਮੌਤ ਇੱਕ ਸ਼ੀਸ਼ਾ ਬਣ ਗਈ ਹੈ, ਜਿਸ ਵਿੱਚ ਅਸੀਂ ਵੇਖ ਸਕਦੇ ਹਾਂ, ਆਪਣੇ ਰਾਜਨੇਤਾਵਾਂ ਦੇ ਅਸਲੀ ਚਿਹਰੇ। 'ਜੋ ਲੋਕ ਉਸ ਦੇ ਜ਼ਿੰਦਾ ਰਹਿੰਦੇ ਹੋਏ, ਆਪਣੇ ਘਰਾਂ 'ਚ ਲੁਕੇ ਬੈਠੇ ਰਹੇ, ਚੋਰਾਂ ਵਾਂਗ। ਸਿੰਗਾਪੁਰ ਦੇ ਹਸਪਤਾਲ 'ਚ ਉਸ ਦੀ ਮੌਤ ਦੀ ਖ਼ਬਰ ਮਿਲਦੇ ਹੀ, ਉਸ ਨੂੰ ਇਸ ਦੁਨੀਆਂ ਤੋਂ ਵਿਦਾ ਕਰਨ ਦੀ ਤਿਆਰੀ 'ਚ ਇੰਝ ਲੱਗ ਗਏ, ਜਿਵੇਂ ਕਿ ਇਸ ਤੋਂ ਮਹੱਤਵਪੂਰਨ ਕੋਈ ਕੰਮ ਨਾ ਹੋਵੇ।

ਭਾਰਤ ਦੇ ਦੋਵੇਂ ਸਭ ਤੋਂ ਵੱਡੇ ਰਾਜਨੇਤਾ ਪ੍ਰਧਾਨ ਮੰਤਰੀ ਤੇ ਸੋਨੀਆ ਗਾਂਧੀ ਠੰਡ ਅਤੇ ਧੁੰਦ ਦੀ ਪਰਵਾਹ ਨਾ ਕਰਕੇ ਸਵੇਰੇ-ਸਵੇਰੇ ਨਿਕਲੇ ਆਪਣੇ ਘਰਾਂ ਤੋਂ ਅਤੇ ਹਨੇਰੇ 'ਚ ਏਅਰਪੋਰਟ ਪੁੱਜੇ, ਉਸ ਦੀ ਵਾਪਸੀ ਦੀ ਉਡੀਕ 'ਚ। ਜਦੋਂ ਉਸ ਦੇ ਪਰਿਵਾਰ ਵਾਲਿਆਂ ਨਾਲ ਮਿਲੇ, ਤਾਂ ਅਫ਼ਸੋਸ ਕਰਨ ਤੋਂ ਬਾਅਦ ਉਨ੍ਹਾਂ ਨੇ ਸਰਕਾਰੀ ਮਦਦ ਦਿੱਤੀ, ਉਨ੍ਹਾਂ ਦੀ ਧੀ ਦੇ ਅੰਤਿਮ ਸਸਕਾਰ ਲਈ, ਤਾਂ ਜੋ ਛੇਤੀ-ਛੇਤੀ ਸਭ ਕੁਝ ਖ਼ਤਮ ਕੀਤਾ ਜਾਵੇ, ਤਾਂਕਿ ਨਾ ਪੱਤਰਕਾਰਾਂ ਤੱਕ ਖ਼ਬਰ ਪੁੱਜੇ ਅਤੇ ਨਾ ਹੀ ਉਨ੍ਹਾਂ ਮੁਜ਼ਾਹਰਾਕਾਰੀਆਂ ਤੱਕ, ਜੋ 15 ਦਿਨਾਂ ਤੋਂ ਨਿਆਂ ਦੀਆਂ ਦੁਹਾਈਆਂ ਮੰਗਦੇ ਫਿਰ ਰਹੇ ਸਨ ਦਿੱਲੀ ਦੀਆਂ ਸੜਕਾਂ 'ਤੇ। ਸ਼ਾਇਦ ਅਜਿਹਾ ਕਰਨ ਦਾ ਫ਼ੈਸਲਾ, ਇਨ੍ਹਾਂ ਦੋਵਾਂ ਰਾਜਨੇਤਾਵਾਂ ਨੇ ਇਸ ਲਈ ਕੀਤਾ, ਕਿਉਂਕਿ ਉਨ੍ਹਾਂ ਨੂੰ ਚਿੰਤਾ ਸੀ ਲੋਕਾਂ ਦੇ ਭੜਕ ਜਾਣ ਦੀ, ਰੋਸ ਦੇ ਹਿੰਸਾ 'ਚ ਬਦਲ ਜਾਣ ਦੀ। ਜੇ ਪ੍ਰਧਾਨ ਮੰਤਰੀ ਤੇ ਸੋਨੀਆ ਗਾਂਧੀ ਦੇ ਸਲਾਹਕਾਰ ਸਮਝਦਾਰ ਹੁੰਦੇ, ਤਾਂ ਉਨ੍ਹਾਂ ਨੂੰ ਜ਼ਰੂਰ ਸਮਝਾਉਂਦੇ ਕਿ ਅਜਿਹਾ ਕਰਨ ਨਾਲ ਜੋ ਦੂਰੀਆਂ ਜਨਤਾ ਅਤੇ ਉਨ੍ਹਾਂ ਵਿਚਾਲੇ ਬਣ ਗਈਆਂ ਸਨ ਇਸ ਘਿਨੌਣੇ ਬਲਾਤਕਾਰ ਤੋਂ ਬਾਅਦ, ਉਹ ਦੂਰੀਆਂ ਹੋਰ ਵੀ ਵੱਧ ਜਾਣਗੀਆਂ। ਸਮਝਾਉਣ ਨੂੰ ਢੇਰ ਸਾਰੀਆਂ ਗੱਲਾਂ ਹੋਰ ਵੀ ਸਨ। ਘਟਨਾ ਇੰਨੀ ਡਰਾਉਣੀ ਹੈ, ਇੰਨੀ ਸ਼ਰਮਨਾਕ ਅਤੇ ਦਿਲ ਦਹਿਲਾਉਣ ਵਾਲੀ ਕਿ ਅਸੀਂ ਅਤੇ ਆਪ ਚਾਹੁੰਦੇ ਸਾਂ ਕਿ ਇਸ ਦੇਸ ਦੇ ਵੱਡੇ ਰਾਜਨੇਤਾ ਸਾਡੇ ਦਰਦ ਅਤੇ ਸ਼ਰਮਿੰਦਗੀ ਨੂੰ ਮਹਿਸੂਸ ਕਰਨ। ਸਾਡੇ ਨਾਲ, ਮੋਢੇ ਨਾਲ ਮੋਢਾ ਮਿਲਾ ਕੇ ਖੜ੍ਹੇ ਹੋ ਕੇ ਦੁਹਾਈ ਮੰਗੇ, ਸਾਡੇ ਗੁੱਸੇ ਨੂੰ ਸਮਝਣ ਦੀ ਕੋਸ਼ਿਸ਼ ਕਰਨ। ਅਜਿਹਾ ਕਿਉਂ ਨਹੀਂ ਕੀਤਾ ਕਿਸੇ ਵੀ ਰਾਜਨੀਤਕ ਦਲ ਦੇ ਇੱਕ ਵੀ ਨੇਤਾ ਨੇ ?

ਪਿਛਲੇ ਦਿਨੀਂ ਇਨ੍ਹਾਂ ਸਵਾਲਾਂ ਦੇ ਜਵਾਬ ਮੈਂ ਆਪਣੇ ਕਈ ਰਾਜਨੀਤਕ ਦੋਸਤਾਂ ਤੋਂ ਮੰਗੇ ਅਤੇ ਸੱਚ ਤਾਂ ਇਹ ਹੈ ਕਿ ਕਿਸੇ ਨੇ ਮੈਨੂੰ ਅਜਿਹਾ ਜਵਾਬ ਨਹੀਂ ਦਿੱਤਾ ਹੈ। ਅੱਜ ਤੱਕ, ਜਿਸ ਤੋਂ ਮੈਂ ਸੰਤੁਸ਼ਟ ਹੋਈ, ਇਸ ਦਾ ਇੱਕ ਜਵਾਬ ਮਿਲਿਆ ਉਦੋਂ, ਜਦੋਂ ਮੈਂ ਰਾਜ ਸਭਾ ਦੇ ਇੱਕ ਮੈਂਬਰ ਨਾਲ ਗੁਜਰਾਤ ਦੀਆਂ ਚੋਣਾਂ ਬਾਰੇ ਗੱਲ ਕਰ ਰਹੀ ਸੀ। ਜਨਾਬ ਸੈਕੂਲਰ ਰਾਜਨੀਤਕ ਦਲ ਨਾਲ ਜੁੜੇ ਹੋਏ ਹਨ, ਸੋ ਮੈਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਹੇ ਸਨ, ਕਿ ਕਿਉਂ ਨਰਿੰਦਰ ਮੋਦੀ ਕਦੇ ਇਸ ਦੇਸ ਦੇ ਪ੍ਰਧਾਨ ਮੰਤਰੀ ਨਹੀਂ ਬਣ ਸਕਦੇ। ਮੈਂ ਜਦੋਂ ਉਨ੍ਹਾਂ ਨੂੰ ਕਿਹਾ ਕਿ ਮੈਂ ਜਿੱਥੇ ਜਾਂਦੀ ਹਾਂ, ਉੱਥੇ ਮੈਨੂੰ ਮਿਲਦੇ ਹਨ ਅਜਿਹੇ ਸ਼ਹਿਰੀ ਨੌਜਵਾਨ, ਮੱਧਵਰਗੀ ਭਾਰਤੀ, ਜੋ ਮੋਦੀ ਨੂੰ ਬਹੁਤ ਪਸੰਦ ਕਰਦੇ ਹਨ, ਤਾਂ ਉਨ੍ਹਾਂ ਨੇ ਜਵਾਬ




ਦਿੱਤਾ, 'ਉਹ ਇਸ ਲਈ ਕਿ ਅਜਿਹੇ ਕਈ ਲੋਕ ਹਨ, ਜੋ ਹੁਣ ਭਾਰਤ ਦੀ ਵਾਗਡੋਰ ਦੇਣਾ ਚਾਹੁੰਦੇ ਹਨ, ਇੱਕ ਮਜਬੂਤ ਰਾਜਨੇਤਾ ਦੇ ਹੱਥਾਂ 'ਚ। ਤੰਗ ਆ ਗਈ ਹੈ ਜਨਤਾ ਕਮਜ਼ੋਰ ਰਾਜਨੇਤਾਵਾਂ ਤੋਂ।

ਇਹ ਗੱਲ ਅੱਜਕੱਲ ਉਹ ਲੋਕ ਵੀ ਮੰਨਦੇ ਹਨ, ਜੋ ਸੋਨੀਆ ਗਾਂਧੀ ਦਾ ਦਿਲ ਤੋਂ ਆਦਰ ਕਰਦੇ ਹਨ ਅਤੇ ਜੋ ਚਾਹੁੰਦੇ ਹਨ ਕਿ 2014 'ਚ ਰਾਹੁਲ ਗਾਂਧੀ ਪ੍ਰਧਾਨ ਮੰਤਰੀ ਬਣ ਜਾਣ। ਉਨ੍ਹਾਂ ਨੂੰ ਵੀ ਸਮਝ 'ਚ ਨਹੀਂ ਆਉਂਦਾ ਹੈ ਕਿ ਕਿਉਂ ਰਾਹੁਲ ਜੀ ਨੇ ਇੱਕ ਵਾਰ ਵੀ ਇੰਡੀਆ ਗੇਟ ਤੱਕ ਜਾਣ ਦੀ ਕੋਸ਼ਿਸ਼ ਨਹੀਂ ਕੀਤੀ ਮੁਜ਼ਾਹਰਾਕਾਰੀਆਂ ਨਾਲ ਦੋ ਗੱਲਾਂ ਕਰਨ ਜਾਂ ਜ਼ਰਾ ਜਿੰਨੀ ਹਮਦਰਦੀ ਜਤਾਉਣ ਲਈ। ਸੋਨੀਆ ਜੀ ਦਾ ਘਰ ਇੰਡੀਆ ਗੇਟ ਦੇ ਇੰਨੇ ਨੇੜੇ ਹੈ ਕਿ ਜੇ ਪੈਦਲ ਵੀ ਜਾਂਦੀ, ਤਾਂ 10 ਮਿੰਟ ਲੱਗਦੇ। ਤਾਂ ਕਿਉਂ ਨਹੀਂ ਗਈ, ਉਨ੍ਹਾਂ ਪਹਿਲੇ ਦਿਨਾਂ 'ਚ, ਜਦੋਂ ਨਾਅਰੇਬਾਜ਼ੀ ਵੀ ਸ਼ਾਂਤੀ ਨਾਲ ਹੋ ਰਹੀ ਸੀ ਅਤੇ ਜਦੋਂ ਹਿੰਸਾ ਦਾ ਸਵਾਲ ਹੀ ਨਹੀਂ ਸੀ ? ਕੀ ਇਸ ਲਈ ਕਿ ਅਸਲੀ ਰਾਜਨੀਤਕ ਅਗਵਾਈ ਨੂੰ ਨਾ ਭਾਰਤ ਦੀ ਸਭ ਤੋਂ ਵੱਡੀ ਰਾਜਨੇਤਾ ਖ਼ੁਦ ਸਮਝ ਸਕੀ ਹੈ ਤੇ ਨਾ ਹੀ ਆਪਣੇ ਪੁੱਤਰ ਨੂੰ ਸਮਝਾ ਸਕੀ ਹੈ ?

ਮੁਸ਼ਕਲ ਦੀਆਂ ਅਜਿਹੀਆਂ ਘੜੀਆਂ ਇਸ ਸਰਕਾਰ ਦੇ ਲੰਬੇ ਸ਼ਾਸਨਕਾਲ 'ਚ ਬਹੁਤ ਘੱਟ ਆਈਆਂ ਹਨ। ਇੱਕ ਤਾਂ ਉਦੋਂ ਆਈ ਸੀ, ਜਦੋਂ 26/11 ਵਾਲਾ ਹਮਲਾ ਮੁੰਬਈ 'ਤੇ ਹੋਇਆ ਸੀ ਅਤੇ ਦੂਜੀ ਵਾਰ ਉਦੋਂ ਜਦੋਂ ਅੰਨਾ ਹਜਾਰੇ ਨੂੰ ਜੇਲ੍ਹ 'ਚ ਪਾਉਣ ਦੇ ਕਾਰਨ ਦੇਸ ਦੇ ਸ਼ਹਿਰਾਂ 'ਚ ਲੋਕ ਸੜਕਾਂ 'ਤੇ ਉੱਤਰ ਆਏ ਸਨ ਅਤੇ ਹੁਣ ਜਦੋਂ ਰਾਜਧਾਨੀ ਦੀ ਇੱਕ ਬੱਸ 'ਚ ਇੱਕ ਬੱਚੀ ਨਾਲ ਅਜਿਹਾ ਬਲਾਤਕਾਰ ਛੇ ਦਰਿੰਦਿਆਂ ਨੇ ਕੀਤਾ ਕਿ ਉਸ ਦੀ ਜਾਨ ਹੀ ਚਲੀ ਗਈ। ਇਨ੍ਹਾਂ ਮੁਸ਼ਕਲ ਘੜੀਆਂ 'ਚ ਇੱਕ ਵਾਰ ਵੀ ਅਸੀਂ ਦੇਸ ਦੇ ਸਭ ਤੋਂ ਵੱਡੇ ਰਾਜਨੇਤਾਵਾਂ ਦੀ ਉਹ ਅਗਵਾਈ ਨਹੀਂ ਵੇਖੀ, ਜਿਸ ਦੀ ਆਸ ਸੀ, ਪਰ ਇਸ ਵਾਰ ਜਿੰਨੇ ਡਰਪੋਕ, ਕਮਜ਼ੋਰ ਅਤੇ ਬੇਦਰਦ ਸਾਬਿਤ ਹੋਏ ਹਨ ਦੇਸ ਦੇ ਨੇਤਾ, ਸ਼ਾਇਦ ਪਹਿਲਾਂ ਨਹੀਂ ਹੋਏ ਸਨ ਕਦੇ। ਕੀ ਇਸ ਕਮਜ਼ੋਰੀ ਨੂੰ, ਰਾਜਨੀਤਕ ਅਗਵਾਈ ਦੀ ਇਸ ਗੰਭੀਰ ਘਾਟ ਨੂੰ, ਭੁੱਲ ਸਕਣਗੇ ਭਾਰਤਵਾਸੀ 2014 ਦੀਆਂ ਆਮ ਚੋਣਾਂ ਤੱਕ ? ਮੁਸ਼ਕਲ ਲੱਗਦਾ ਹੈ ਦੋਸਤੋ ! ਬਹੁਤ ਮੁਸ਼ਕਲ ਅਤੇ ਨਾ ਹੀ ਭੁੱਲ ਸਕਾਂਗੇ ਅਸੀਂ ਉਸ ਧੀ ਨੂੰ, ਜਿਸ ਦੀ ਸਿੱਖਿਆ ਲਈ ਉਸ ਦੇ ਪਿਤਾ ਨੇ ਆਪਣੇ ਖੇਤ ਵੇਚੇ ਸਨ।

******


# 23 ਪੋਹ ਬਨਾਮ ਪੋਹ ਸੁਦੀ 7

ਸਰਵਜੀਤ ਸਿੰਘ ਸੈਕਰਾਮੈਂਟੋ

ਸਿੱਖ ਮਾਨਸਿਕਤਾ 'ਚ ਘਰ ਕਰ ਚੁੱਕੀਆਂ ਇਹ ਦੋਵੇਂ ਤਾਰੀਖਾਂ ਭਾਵੇਂ ਅੱਜ ਤੋਂ 347 ਸਾਲ ਪਹਿਲਾ ਇਕੋ ਦਿਨ ਹੀ ਆਈਆਂ ਸਨ ਪਰ ਹਰ ਸਾਲ ਅਜੇਹਾ ਨਹੀ ਹੁੰਦਾ। ਇਨ੍ਹਾਂ ਵਿਚੋਂ ਇਕ ਤਾਰੀਖ 23 ਪੋਹ, ਸੂਰਜੀ ਬਿਕ੍ਰਮੀ (Solar) ਕੈਲੰਡਰ ਦੀ ਹੈ ਅਤੇ ਦੂਜੀ ਪੋਹ ਸੁਦੀ 7, ਚੰਦਰ ਸੂਰਜੀ ਬਿਕ੍ਰਮੀ (Lunisolar) ਕੈਲੰਡਰ ਦੀ ਹੈ। ਅੱਜ ਇਨ੍ਹਾਂ ਦੋ ਤਾਰੀਖਾਂ 'ਚ ਇਕ ਤਾਰੀਖ ਦੀ ਚੋਣ ਕਰਨੀ ਸਾਡੇ ਲਈ ਸਭ ਤੋਂ ਵੱਡੀ ਚੁਣੌਤੀ ਬਣਦੀ ਜਾਂ ਰਹੀ। ਇਹ ਚੁਣੌਤੀ, ਕਿਸੇ ਹੋਰ ਨੇ ਨਹੀ ਦਿੱਤੀ ਸਗੋਂ ਸਾਡੇ ਧਾਰਮਿਕ ਮੁਖੀਆਂ ਵੱਲੋਂ ਹੀ ਦਿੱਤੀ ਗਈ ਹੈ। ਆਓ, ਦਿਨੋ-ਦਿਨ ਗੰਭੀਰ ਹੁੰਦੀ ਜਾਂ ਰਹੀ ਇਸ ਸਮੱਸਿਆ ਬਾਰੇ ਮੁਢਲੀ ਜਾਣਕਾਰੀ ਸਾਂਝੀ ਕਰੀਏ।

ਕੈਲੰਡਰ ਵਿਗਿਆਨ ਦਾ ਅਰੰਭ ਵੀ, ਇਸ ਧਰਤੀ ਤੇ ਇਨਸਾਨ ਦੇ ਹੋਸ਼ ਸੰਭਾਲਣ ਨਾਲ ਹੀ ਹੋ ਗਿਆ ਸੀ। ਸਭ ਤੋਂ ਪਹਿਲਾ ਦਿਨ ਦੇ ਚਾਨਣ ਅਤੇ ਰਾਤ ਦੇ ਅੰਧੇਰੇ ਦਾ ਹੀ ਪਤਾ ਸੀ। ਖਿਆਲ ਕਰੋ ਕਿ ਜਦੋਂ ਕਿਸੇ ਸਿਆਣੇ ਨੇ ਚੰਦ ਦੇ ਮੱਸਿਆ ਤੋਂ ਪੁੰਨਿਆ ਤੱਕ ਚਾਨਣੇ ਪੱਖ (ਸੁਦੀ ਪੱਖ) ਅਤੇ ਪੁੰਨਿਆ ਤੋਂ ਮੱਸਿਆ ਦੇ ਹਨੇਰੇ ਪੱਖ (ਵਦੀ ਪੱਖ) ਦੀ ਗਿਣਤੀ ਕਰਕੇ ਕੈਲੰਡਰ ਦਾ ਮੁੱਢ ਬੰਨਿਆਂ ਹੋਵੇਗਾ ਤਾਂ ਇਨਸਾਨ ਦੇ ਜੀਵਨ ਵਿਚ ਕਿੰਨੀ ਇਨਕਲਾਬੀ ਤਬਦੀਲੀ ਆਈ ਹੋਏਗੀ। ਇਸ ਵਿਚ ਕੋਈ ਸ਼ੱਕ ਨਹੀ ਕਿ ਸਭ ਤੋਂ ਪਹਿਲਾ ਚੰਦ ਅਧਾਰਤ ਕੈਲੰਡਰ ਹੀ ਹੋਂਦ ਵਿਚ ਆਇਆ ਸੀ। ਜਿਓ-ਜਿਓ ਮਨੁੱਖ ਨੇ ਤਰੱਕੀ ਕੀਤੀ ਅਤੇ ਮੌਸਮ ਸਬੰਧੀ ਜਾਣਕਾਰੀ ਵਿਚ ਵਾਧਾ ਹੋਇਆ ਤਾਂ ਸੂਰਜੀ ਕੈਲੰਡਰ ਹੋਂਦ ਵਿਚ ਆ ਗਏ। ਅੱਜ ਵੀ ਚੰਦ ਅਧਾਰਿਤ ਕੈਲੰਡਰ ਦਾ ਸੁਧ ਰੂਪ ਹਿਜਰੀ ਕੈਲੰਡਰ, ਇਸਲਾਮ ਧਰਮ ਵਿਚ ਪ੍ਰਚੱਲਤ ਹੈ। ਹਿੰਦੂ ਧਰਮ ਵਿਚ ਚੰਦਰ ਸੂਰਜੀ ਬ੍ਰਿਕਮੀ ਕੈਲੰਡਰ ਪ੍ਰਚੱਲਤ ਹੈ ਅਤੇ ਸਿਖ ਧਰਮ ਚੰਦਰ ਸੂਰਜੀ ਬ੍ਰਿਕਮੀ, ਸੂਰਜੀ ਬ੍ਰਿਕਮੀ ਅਤੇ ਸੀ ਈ ਕੈਲੰਡਰ ਪ੍ਰਚੱਲਤ ਹੈ। ਕੈਲੰਡਰ ਦਾ ਮੁੱਖ ਮੰਤਵ ਤਾਂ ਸਮੇਂ ਦੀ ਗਿਣਤੀ-ਮਿਣਤੀ ਦੇ ਨਾਲ-ਨਾਲ ਕੌਮ ਲਈ ਮਹੱਤਵਪੂਰਨ ਦਿਹਾੜਿਆਂ ਦੀ ਸਹੀ ਨਿਸ਼ਾਨ ਦੇਹੀ ਕਰਨਾ ਹੁੰਦਾ ਹੈ। ਭਾਵੇਂ ਇਹ ਕੋਈ ਧਾਰਮਿਕ ਵਿਸ਼ਾ ਨਹੀ ਹੈ ਫਿਰ ਵੀ ਇਸ ਦਾ ਧਰਮ ਨਾਲ ਗੂੜਾ ਸਬੰਧ ਹੈ।

ਧਰਤੀ ਆਪਣੇ ਧੁਰੇ ਦੁਵਾਲੇ ਘੁੰਮਦੀ ਹੈ ਇਸ ਦਾ ਇਕ ਚੱਕਰ, ਜਿਸ ਨੂੰ ਦਿਨ ਅਤੇ ਰਾਤ ਕਿਹਾ ਜਾਂਦਾ ਹੈ, 24 ਘੰਟੇ ਵਿਚ ਪੂਰਾ ਹੁੰਦਾ ਹੈ। ਧਰਤੀ ਸੂਰਜ ਦੇ ਦੁਵਾਲੇ ਵੀ ਘੁੰਮਦੀ ਹੈ, ਇਹ ਚੱਕਰ 365.242196 ਦਿਨ (365 ਦਿਨ 5 ਘੰਟੇ 48 ਮਿੰਟ 45 ਸੈਕਿੰਡ) ਵਿਚ ਪੂਰਾ ਹੁੰਦਾ ਹੈ। ਇਸ ਨੂੰ ਮੌਸਮੀ ਸਾਲ ਕਿਹਾ ਜਾਂਦਾ ਹੈ। ਚੰਦ ਧਰਤੀ ਦੇ ਦੁਵਾਲੇ ਘੁੰਮਦਾ ਹੈ। ਇਹ ਚੱਕਰ 29.53059 ਦਿਨ (29 ਦਿਨ 12 ਘੰਟੇ 44 ਮਿੰਟ 3 ਸੈਕਿੰਡ) ਵਿਚ ਪੂਰਾ ਕਰਦਾ ਹੈ। ਇਸ ਨੂੰ ਚੰਦ ਦਾ ਇਕ ਮਹੀਨਾ ਕਿਹਾ ਜਾਂਦਾ ਹੈ ਇਸ ਦੀ ਗਿਣਤੀ ਪੁੰਨਿਆ ਤੋਂ ਪੁੰਨਿਆ ਜਾਂ ਮੱਸਿਆ ਤੋਂ ਮੱਸਿਆ ਤਾਂਈ ਕੀਤੀ ਜਾਂਦੀ ਹੈ। ਚੰਦ ਦਾ ਇਕ ਸਾਲ 354.37 ਦਿਨ (354 ਦਿਨ 8 ਘੰਟੇ 52 ਮਿੰਟ 48 ਸੈਕਿੰਡ) ਦਾ ਹੁੰਦਾ ਹੈ। ਭਾਵ ਚੰਦ ਦਾ ਇਕ ਸਾਲ ਮੌਸਮੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ। ਹੁਣ ਜੇ ਹਿਜਰੀ ਕੈਲੰਡਰ ਵਾਂਗੂ ਹੀ ਸਾਰੇ ਦਿਹਾੜੇ ਮਨਾਏ ਜਾਣ ਤਾਂ ਹਰ ਸਾਲ ਉਹ ਦਿਹਾੜਾ ਪਹਿਲੇ ਸਾਲ ਨਾਲੋਂ 11 ਦਿਨ ਪਹਿਲਾ ਆ ਜਾਵੇਗਾ ਅਤੇ 33 ਸਾਲ ਪਿਛੋਂ ਮੁੜ ਉਸੇ ਤਾਰੀਖ ਦੇ ਨੇੜੇ-ਤੇੜੇ ਆ ਜਾਵੇਗਾ। (ਸੂਰਜ ਦੇ 33 ਸਾਲ = ਚੰਦ ਦੇ 34 ਸਾਲ) ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ? ਦਿਹਾੜਾ ਪੋਹ ਸੁਦੀ 7, 2011 ਸੀ ਈ ਵਿਚ 11 ਜਨਵਰੀ ਆਇਆ ਸੀ ਉਸ ਤੋਂ ਅੱਗਲਾ ਪੁਰਬ ਇਸ ਤੋਂ 11 ਦਿਨ ਪਹਿਲਾ ਭਾਵ 31 ਦਸੰਬਰ 2011 ਨੂੰ ਆਇਆ ਸੀ। ਇਸ ਹਿਸਾਬ




ਨਾਲ ਤਾਂ 2012 ਵਿਚ ਇਹ 20 ਦਸੰਬਰ ਨੂੰ ਆਉਣਾ ਚਾਹੀਦਾ ਸੀ। ਪਰ ਅਜੇਹਾ ਨਹੀ ਹੋਇਆ!

ਜਦੋਂ ਚੰਦ ਦਾ ਸਾਲ ਸੂਰਜੀ ਬਿਕ੍ਰਮੀ ਸਾਲ ਨਾਲੋਂ ਇਕ ਸਾਲ ਵਿਚ 11 ਦਿਨ , ਦੂਜੇ ਸਾਲ 22 ਦਿਨ ਅਤੇ ਤੀਜੇ ਸਾਲ 33 ਦਿਨ ਪਿਛੇ ਰਹਿ ਗਿਆ ਤਾਂ ਇਸ ਨੂੰ ਸੂਰਜੀ ਬਿਕ੍ਰਮੀ ਸਾਲ ਦੇ ਨੇੜੇ-ਤੇੜੇ ਰੱਖਣ ਲਈ ਇਸ ਵਿਚ ਇਕ ਮਹੀਨਾ ਹੋਰ ਜੋੜ ਦਿੱਤਾ ਗਿਆ। 2012 ਵਿਚ ਚੰਦ ਦੇ ਸਾਲ ਦੇ 13 ਮਹੀਨੇ ਸਨ। ਭਾਦੋਂ ਦੇ ਦੋ ਮਹੀਨੇ ਸਨ। ਯਾਦ ਰਹੇ 19 ਸਾਲਾਂ ਵਿਚ ਚੰਦ ਦੇ 7 ਸਾਲ, 13 ਮਹੀਨਿਆਂ ਦੇ ਹੁੰਦੇ ਹਨ ਇਹ ਤੇਰਵਾਂ ਮਹੀਨਾ ਜਿਸ ਨੂੰ ਲੌਂਦ ਦਾ ਮਹੀਨਾ ਜਾਂ ਮੱਲ ਮਾਸ ਕਿਹਾ ਜਾਂਦਾ ਹੈ। ਹਿੰਦੂ ਮਤ ਅਨੁਸਾਰ ਇਹ ਮਹੀਨਾ ਮਾੜਾ ਹੁੰਦਾ ਹੈ। ਇਸ ਵਿੱਚ ਕੋਈ ਸ਼ੁਭ ਕੰਮ ਨਹੀਂ ਕੀਤਾ ਜਾਂਦਾ। ਜਦੋਂ ਚੰਦ ਦੇ ਸਾਲ ਵਿੱਚ ਇਕ ਹੋਰ ਮਹੀਨਾ ਜੋੜ ਦਿੱਤਾ ਜਾਂਦਾ ਹੈ ਤਾਂ ਇਸ ਦੇ ਸਾਲ ਦੇ ਦਿਨ ਜੋ ਸਧਾਰਨ ਸਾਲ ਵਿਚ 354 ਹੁੰਦੇ ਹਨ ਇਸ ਸਾਲ 384?385 ਹੋ ਜਾਂਦੇ ਹਨ। ਭਾਵ ਇਹ ਸਾਲ ਸੂਰਜੀ ਸਾਲ ਤੋਂ 18?19 ਦਿਨ ਵੱਡਾ ਹੋਵੇਗਾ। ਜਿਹੜਾ ਦਿਹਾੜਾ 20 ਦਸੰਬਰ ਨੂੰ ਆਉਣਾ ਚਾਹੀਦਾ ਸੀ ਹੁਣ ਉਹ 2013 ਵਿਚ 18 ਜਨਵਰੀ ਨੂੰ ਆਵੇਗਾ। ਹੁਣ ਫੇਰ ਚੰਦ ਦੇ ਸਾਲ ਲੰਬਾਈ ਮੁਤਾਬਕ ਗੁਰਪੁਰਬ 11 ਦਿਨ ਪਹਿਲਾ ਭਾਵ 7 ਜਨਵਰੀ 2014 ਨੂੰ ਆਵੇਗਾ ਅਤੇ ਉਸ ਤੋਂ ਅੱਗਲਾ 28 ਦਸੰਬਰ 2014 ਨੂੰ । 2015 ਸੀ. ਈ. ਵਿਚ ਚੰਦ ਦੇ ਫੇਰ 13 ਮਹੀਨੇ ਹੋਣਗੇ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਨਹੀ ਆਵੇਗਾ। 2016 ਵਿਚ ਇਹ ਦਿਹਾੜਾ 16 ਜਨਵਰੀ 2017 ਵਿਚ 5 ਜਨਵਰੀ ਅਤੇ 25 ਦਸੰਬਰ ਨੂੰ ਆਵੇਗਾ। ਇਹ ਹੈ ਚੰਦਰ ਸੂਰਜੀ ਬਿਕ੍ਰਮੀ ਕੈਲੰਡਰ ਦਾ ਕਮਾਲ।

ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ ਸੀ ਉਸ ਦਿਨ ਚੰਦਰ ਸੂਰਜੀ ਬਿਕ੍ਰਮੀ ਕੈਲੰਡਰ ਦੀ ਪੋਹ ਸੁਦੀ 7 ਦੇ ਨਾਲ-ਨਾਲ ਸੂਰਜੀ ਬਿਕ੍ਰਮੀ ਕੈਲੰਡਰ ਦੀ 23 ਪੋਹ ਅਤੇ 22 ਦਸੰਬਰ 1666 ਯੂਲੀਅਨ ਵੀ ਸੀ। 1666 ਤੋਂ ਪਿਛੋਂ 1685 ਵਿਚ ਇਹ ਤਿੰਨੇ ਤਾਰੀਖਾਂ ਇਕੱਠੀਆਂ ਆਈਆਂ ਸਨ ਪਰ ਹੁਣ ਮੁੜ ਇਹ ਤਿੰਨੇ ਤਾਰੀਖਾਂ ਹਜ਼ਾਰਾਂ ਸਾਲ ਇਕੱਠੀਆਂ ਨਹੀ ਆਉਣਗੀਆਂ ਕਿਉਂਕਿ 1752 'ਚ 3 ਸਤੰਬਰ ਨੂੰ 14 ਸਤੰਬਰ ਮੰਨ ਕੇ ਯੂਲੀਅਨ ਕੈਲੰਡਰ ਨੂੰ ਗਰੈਗੋਰੀਅਨ ਕੈਲੰਡਰ ਬਣਾ ਦਿੱਤਾ ਗਿਆ ਸੀ। ਪੋਹ ਸੁਦੀ 7 ਅਤੇ 23 ਪੋਹ ਪਿਛਲੀ ਸਦੀ ਵਿਚ ਸਿਰਫ 4 ਵਾਰੀ (1903, 49, 68, 87) ਇਕੱਠੀਆਂ ਆਈਆਂ ਸਨ। ਹੁਣ 2014 ਵਿਚ 7 ਜਨਵਰੀ ਦਿਨ ਮੰਗਲਵਾਰ ਨੂੰ ਪੋਹ ਸੁਦੀ 7 ਅਤੇ 23 ਪੋਹ ਇਕੱਠੀਆਂ ਆਉਣਗੀਆਂ। ਅਸੀਂ ਗੁਰੂ ਜੀ ਦਾ ਪ੍ਰਕਾਸ਼? ਦਿਹਾੜਾ ਮਨਾਉਣ ਲਈ ਇਨ੍ਹਾਂ ਦੋਵਾਂ ਤਾਰੀਖਾਂ ਦੇ ਇਕੱਠੀਆਂ ਆਉਣ ਦਾ ਇੰਤਜ਼ਾਰ ਨਹੀ ਕਰ ਸਕਦੇ। ਸੋ ਸਪੱਸ਼ਟ ਹੈ ਕਿ ਸਾਨੂੰ ਦੋਵਾਂ 'ਚ ਇਕ ਤਾਰੀਖ ਦੀ ਚੋਣ ਹੀ ਕਰਨੀ ਪਵੇਗੀ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਅਸੀਂ ਇਹ ਦਿਹਾੜਾ ਪੋਹ ਸੁਦੀ 7 ਦੀ ਬਜਾਏ 23 ਪੋਹ ਨੂੰ ਮਨਾਉਂਦੇ ਹਾਂ ਤਾਂ ਸਾਡਾ ਕੀ ਨੁਕਸਾਨ ਹੁੰਦਾ ਹੈ? ਨਹੀ! ਇਸ ਨਾਲ ਸਾਡਾ ਕੋਈ ਨੁਕਸਾਨ ਨਹੀ ਹੁੰਦਾ। ਇਸ ਨਾਲ ਤਾਂ ਸਾਨੂੰ ਲਾਭ ਹੀ ਲਾਭ ਹੈ। ਅਸੀਂ ਵਦੀ-ਸੁਦੀ ਦੇ ਮੱਕੜ ਜਾਲ 'ਚ ਨਿਕਲ ਜਾਂਦੇ ਹਾਂ। ਸਾਡਾ ਇਹ ਲਾਭ ਸ਼ਾਇਦ ਕਿਸੇ (?) ਹੋਰ ਲਈ ਨੁਕਸਾਨ ਦਾਇਕ ਹੋ ਸਕਦਾ ਹੋਵੇ। ਹੈਰਾਨੀ ਦੀ ਗੱਲ ਹੈ ਕਿ ਸਾਡੇ ਧਾਰਮਿਕ ਮੁਖੀਆਂ ਨੂੰ ਸਾਡੇ ਲਾਭ ਨਾਲੋਂ ਕਿਸੇ (?) ਹੋਰ ਦੇ ਹੋਣ ਵਾਲੇ ਸੰਭਾਵੀ ਨੁਕਸਾਨ ਦਾ ਜਿਆਦਾ ਫਿਕਰ ਹੈ। ਹੁਣ ਜਦੋਂ ਅਸੀ ਇਹ ਦਿਹਾੜਾ ਪੋਹ ਸੁਦੀ 7 ਦੀ ਬਜਾਏ 23 ਪੋਹ ਨੂੰ ਮਨਾਉਂਦੇ ਹਾਂ ਤਾਂ ਇਹ ਦਿਨ ਹਰ ਸਾਲ ਤਕਰੀਬਨ ਇਕ ਹੀ ਤਾਰੀਖ ਨੂੰ ਆਉਂਦਾ ਹੈ। 1666 ਤੋਂ 1751 ਤਾਂਈ 23 ਪੋਹ, ਬਿਕ੍ਰਮੀ ਸਾਲ ਦੀ ਲੰਬਾਈ ਦੇ ਫਰਕ ਕਾਰਨ 21, 22, 23 ਦਸੰਬਰ ਨੂੰ ਹੀ ਆਇਆ ਸੀ। 1752 ਵਿਚ 23 ਪੋਹ 2 ਜਨਵਰੀ ਦਿਨ ਮੰਗਲਵਾਰ ਨੂੰ ਸੀ। ਹੁਣ ਇਥੇ ਇਕ ਹੋਰ ਸਮੱਸਿਆ ਆ ਜਾਂਦੀ ਹੈ। ਉਹ ਹੈ ਸੂਰਜੀ ਬਿਕ੍ਰਮੀ ਕੈਲੰਡਰ ਅਤੇ ਮੌਸਮੀ ਕੈਲੰਡਰ ਦੀ ਲੰਬਾਈ ਵਿਚ ਅੰਤਰ। 1960 ਤੋਂ ਪਹਿਲਾ ਸਾਰੇ ਭਾਰਤ ਵਿਚ ਸੂਰਜੀ ਸਿਧਾਂਤ ਤੇ ਅਧਾਰਤ ਬਿਕ੍ਰਮੀ ਕੈਲੰਡਰ ਲਾਗੂ ਸੀ। ਜਿਸ ਦੀ ਲੰਬਾਈ 365·2587 ਦਿਨ ਹੈ। ਮੌਸਮੀ ਸਾਲ ਤੋਂ ਇਸ ਦੀ ਲੰਬਾਈ ਵੱਧ ਹੋਣ ਕਾਰਨ ਇਹ ਮੌਸਮੀ ਸਾਲ ਨਾਲ 60 ਸਾਲ ਵਿਚ ਇਕ ਦਿਨ ਦਾ ਫਰਕ ਪੈ ਜਾਂਦਾ ਸੀ। ਇਸ ਵਿਚ ਸੋਧ ਕਰਨ ਉਪ੍ਰੰਤ ਦ੍ਰਿਕਗਣਿਤ ਸਿਧਾਂਤ ਮੁਤਾਬਕ ਬਿਕ੍ਰਮੀ ਕੈਲੰਡਰ ਹੋਂਦ ਵਿਚ ਆਇਆ ਜਿਸ ਦੀ ਲੰਬਾਈ 365·2563 ਦਿਨ ਹੈ। ਦ੍ਰਿਕਗਣਿਤ ਸਿਧਾਂਤ ਮੁਤਾਬਕ ਬਣਾਏ ਕੈਲੰਡਰ ਦੇ ਸਾਲ ਦੀ ਲੰਬਾਈ ਵੀ ਮੌਸਮੀ ਸਾਲ ਨਾਲੋਂ ਵੱਧ ਹੋਣ ਕਾਰਨ, ਇਹ ਸਾਲ ਵੀ ਮੌਸਮੀ ਸਾਲ ਤੋਂ 71 ਸਾਲਾਂ ਪਿਛੋਂ ਇਕ ਦਿਨ ਅੱਗੇ ਲੰਗ ਜਾਂਦਾ ਹੈ।

ਅੱਜ ਜੋ ਗਰੈਗੋਰੀਅਨ ਕੈਲੰਡਰ ਦੁਨੀਆਂ ਵਿਚ ਲਾਗੂ ਹੈ ਇਸ ਨੂੰ ਸੀ ਈ ਕੈਲੰਡਰ ਵੀ ਕਿਹਾ ਜਾਂਦਾ ਹੈ, ਇਹ ਜੂਲੀਅਨ ਕੈਲੰਡਰ ਦਾ ਸੋਧਿਆ ਹੋਇਆ ਰੂਪ ਹੈ। ਜੂਲੀਅਨ ਕੈਲੰਡਰ ਵੀ ਸੂਰਜ ਅਧਾਰਤ ਸੀ ਪਰ ਉਸ ਦੀ ਲੰਬਾਈ 365.25 ਦਿਨ ਸੀ। ਇਸ ਵਿਚ ਵੀ ਮੌਸਮੀ ਸਾਲ ਨਾਲ 128 ਸਾਲ ਵਿਚ 1 ਦਿਨ ਦਾ ਫਰਕ ਆ ਜਾਂਦਾ ਸੀ। 1582 ਈ: ਵਿੱਚ ਇਸ ਵਿਚ ਸੋਧ ਕੀਤੀ ਅਤੇ ਗਰੈਗੋਰੀਅਨ ਕੈਲੰਡਰ ਹੋਂਦ ਵਿਚ ਆਇਆ। ਉਸ ਸਾਲ 4 ਅਕਤੂਬਰ ਤੋਂ ਅਗਲੇ ਦਿਨ 15 ਅਕਤੂਬਰ ਮੰਨ ਲਈ ਗਈ ਸੀ। ਗਰੈਗੋਰੀਅਨ ਦੀ ਲੰਬਾਈ 365·2425 ਦਿਨ ਹੈ। ਜੋ ਮੌਸਮੀ ਸਾਲ ਦੀ ਲੰਬਾਈ 365.242196 ਦਿਨ ਦੇ ਬਹੁਤ ਨੇੜੇ ਹੈ। ਹੁਣ 3200 ਸਾਲ ਪਿਛੋਂ 1 ਦਿਨ ਦਾ ਫਰਕ ਪਵੇਗਾ। ਯਾਦ ਰਹੇ ਇੰਗਲੈਂਡ ਨੇ ਇਹ ਸੋਧ 1752 ਵਿਚ ਲਾਗੂ ਕੀਤੀ ਸੀ। 1752 ਵਿਚ 2 ਸਤੰਬਰ ਤੋਂ ਪਿਛੋਂ 14 ਸਤੰਬਰ ਕਰ ਦਿੱਤੀ ਗਈ ਸੀ।

ਹੁਣ ਸ਼ੁਰੂ ਹੁੰਦੀ ਹੈ ਨਾਨਕਸ਼ਾਹੀ ਕੈਲੰਡਰ ਦੀ ਕਹਾਣੀ। ਜਦੋਂ ਵਿਦਵਾਨਾਂ ਸੋਚਿਆ ਕਿ ਸੂਰਜੀ ਬਿਕ੍ਰਮੀ (ਦ੍ਰਿਕਗਣਿਤ) ਸਾਲ ਦੀ ਲੰਬਾਈ ਮੌਸਮੀ ਸਾਲ ਤੋਂ ਵੱਧ ਹੋਣ ਕਾਰਨ, ਇਹ ਸਾਲ 72 ਸਾਲਾਂ ਵਿਚ ਪਿਛੋਂ ਇਕ ਦਿਨ ਅੱਗੇ ਹੋ ਜਾਂਦਾ ਹੈ ਤਾਂ ਕਿਉਂ ਨਾ ਆਪਣੇ ਕੈਲੰਡਰ ਨੂੰ ਮੌਸਮੀ ਕੈਲੰਡਰ ਦੇ ਮੁਤਾਬਿਕ ਕੀਤਾ ਜਾਵੇ? ਕਨੇਡਾ ਵਾਸੀ ਸ. ਪਾਲ ਸਿੰਘ ਪੁਰੇਵਾਲ ਵੱਲੋਂ ਬਣਾਏ ਗਏ ਕੈਲੰਡਰ ਤੇ ਕਈ ਸਾਲ ਵਿਚਾਰਾਂ ਕਰਨ ਉਪ੍ਰੰਤ ਸ਼੍ਰੋਮਣੀ ਕਮੇਟੀ ਵੱਲੋਂ ਇਸ ਨੂੰ ਪ੍ਰਵਾਨਗੀ ਦਿੱਤੀ ਗਈ ਅਤੇ 2003 ਵਿਚ ਅਕਾਲ ਤਖਤ ਸਾਹਿਬ ਤੋਂ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ ਗਿਆ ਸੀ। ਸਿੱਖ ਧਰਮ ਦੀ ਨਿਰਾਲੀ ਸ਼ਾਨ ਦੇ ਪ੍ਰਤੀਕ ਨਾਨਕਸ਼ਾਹੀ ਕੈਲੰਡਰ ਦੇ ਸਾਲ ਦੀ ਲੰਬਾਈ ਵੀ 365.2425 ਦਿਨ ਹੈ। ਨਾਨਕਸ਼ਾਹੀ ਕੈਲੰਡਰ ਮੁਤਾਬਕ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼? ਦਿਹਾੜਾ 23 ਪੋਹ, ਹਰ ਸਾਲ 5 ਜਨਵਰੀ ਨੂੰ ਹੀ ਆਉਂਦਾ ਹੈ। ਅਚਾਨਕ ਹੀ 2010 ਵਿਚ ਇਸ ਕੈਲੰਡਰ ਨੂੰ ਸੋਧ ਦੇ ਨਾਮ ਤੇ ਸੋਧਾ ਲਾ ਦਿੱਤਾ ਗਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼ ਦਿਹਾੜੇ ਸਮੇਤ ਕਈ ਹੋਰ ਦਿਹਾੜੇ ਮੁੜ ਚੰਦਰ ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ ਕਰ ਦਿੱਤੇ ਗਏ। ਹੁਣ ਇਹ ਫੈਸਲਾ ਪੂਰੇ ਵਿਸ਼ਵ 'ਚ ਫੈਲ ਚੁਕੀ ਸਿੱਖ ਕੌਮ ਨੇ ਕਰਨਾ ਹੈ ਕਿ ਕੀ ਸਾਨੂੰ ਮੌਸਮੀ ਕੈਲੰਡਰ ਤੇ ਅਧਾਰਤ ਵਿਗਿਆਨਕ ਕੈਲੰਡਰ, ਨਾਨਕਸ਼ਾਹੀ ਕੈਲੰਡਰ ਦੀ ਲੋੜ ਹੈ, ਜਿਸ ਦੀ ਤਾਰੀਖ 23 ਪੋਹ ਸਦਾ ਵਾਸਤੇ ਹੀ 5 ਜਨਵਰੀ ਨੂੰ ਆਵੇਗੀ ਦੀ ਲੋੜ ਹੈ ਜਾਂ ਚੰਦਰ ਸੂਰਜੀ ਬਿਕ੍ਰਮੀ ਕੈਲੰਡਰ ਦੀ, ਜਿਸ ਦੀਆਂ ਤਾਰੀਖ 7 ਪੋਹ, ਹਰ ਸਾਲ ਬਦਲ ਜਾਂਦੀਆਂ ਹਨ ਅਤੇ ਤਾਰੀਖਾਂ ਦਾ ਪਤਾ ਕਰਨ ਲਈ ਵੀ ਕਿਸੇ ਨੂੰ ਪੁੱਛਣਾ ਹੀ ਪਵੇਗਾ।

* * * * * * * *

## ਮੂੰਹੋਂ ਨਿਕਲੀ ਗੱਲ....

*** ਦਿੱਲੀ 'ਚ ਬਲਾਤਕਾਰ ਦੇ ਮਾਮਲੇ 'ਤੇ ਭਾਰਤੀ ਅਵਾਮ ਸੜਕਾਂ 'ਤੇ ਉਤਰਿਆ**

-ਦੋਸ਼ੀਆਂ ਨੂੰ ਜਿੰਨੀ ਸਖਤ ਤੋਂ ਸਖਤ ਸਜ਼ਾ ਮਿਲੇ, ਘੱਟ ਹੋਵੇਗੀ ਪਰ 84 'ਚ ਇਸੇ ਸ਼ਹਿਰ 'ਚ ਹਜ਼ਾਰਾਂ ਸਿੱਖ ਔਰਤਾਂ ਨਾਲ ਇਹੀ ਕੁਝ ਹੋਇਆ ਪਰ ਉਦੋਂ ਇਹੀ ਭਾਰਤੀ ਅਵਾਮ ਕੁਸਕਿਆ ਤੱਕ ਨਹੀਂ ? ਆ ਜਾਊ ਕੋਈ ਹੋਰ ਅੰਨਾ ਹਜ਼ਾਰੇ, ਇਸ ਮਘਦੇ ਅੰਦੋਲਨ ਨੂੰ ਅੱਗੇ ਲੱਗ ਕੇ ਠੰਡਾ ਕਰਨ ਲਈ ।

***ਪੰਜਾਬ 'ਚ ਸਾਰੇ ਸਕੂਲ ਇਕਸਾਰ ਨਕਸ਼ੇ ਵਾਲੇ ਹੋਣਗੇ-ਸਿੱਖਿਆ ਮੰਤਰੀ**

-ਢਾਹ ਕੇ ਬਣਾਓ ਸਾਰੇ, ਤਾਂ ਹੀ ਪੈਸੇ ਬਣਨਗੇ ।

*** ਬਲਾਤਕਾਰ ਦੇ ਦੋਸ਼ੀਆਂ ਵਿਰੁਧ ਕਾਰਵਾਈ ਜਲਦ ਕੀਤੀ ਜਾਵੇ-ਬੀਬੀ ਭੱਠਲ**

-ਜਿਵੇਂ ਕੇਤੀਆ ਕਾਂਡ ਵੇਲੇ ਗੁਰਕੀਰਤ ਕੋਟਲੀ ਵਿਰੁੱਧ ਹੋਈ ਸੀ ?

*** ਸੂਬਾ ਸਰਕਾਰ ਲੋਕਤੰਤਰੀ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਪਹਿਰੇਦਾਰ-ਸੁਖਬੀਰ**

-ਸਭ ਜਾਣਦੇ ਆ ਕਿ ਇਹ 21 ਦਸੰਬਰ, 2012 ਨੂੰ ਦੁਨੀਆਂ ਖਤਮ ਹੋ ਜਾਣ ਵਾਲੇ ਝੂਠ ਤੋਂ ਵੀ ਵੱਡਾ ਝੂਠ ਹੀ ਆ । ਪੰਜਾਬ 'ਚ ਜਿਹੜੀ ਭੰਗ ਭੁੱਜਦੀ ਐ, ਉਹ ਕਿਸੇ ਤੋਂ ਲੁਕੀ ਹੋਈ ਨਹੀਂ

*** ਬਾਦਲ ਵਲੋਂ ਸਰਕਾਰੀ ਹਸਪਤਾਲਾਂ ਦੀ ਚੈਕਿੰਗ**

-ਇਹੀ ਇਕ ਥਾਂ ਸੀ ਜਿੱਥੇ 'ਕੱਲੇ ਡਾਕਟਰ ਖਾਂਦੇ ਸਨ । ਆ ਗਿਆ ਇਹ ਮਹਿਕਮਾ ਵੀ ਨਿਗ੍ਹਾ ਹੇਠ ।

*** ਬਲਾਤਕਾਰ ਦੇ ਮਾਮਲੇ 'ਤੇ ਚਿੰਤਤ ਹਾਂ-ਮਨਮੋਹਨ ਸਿੰਘ**

-ਪਰ ਸੋਨੀਆ ਜੀ ਕਹਿੰਦੇ ਬਹੁਤੀ ਚਿੰਤਾ ਨਾ ਕਰੀਂ, ਸਿਹਤ ਤਾਂ ਤੇਰੀ ਅੱਗੇ ਈ ਨਹੀਂ ਬਣਦੀ। ਇਸ ਲਈ ਜਿੰਨਾ ਕੁ ਉਹ ਕਹਿਣਗੇ, ਉਨਾ ਕੁ ਈ ਚਿੰਤਤ ਹੋ ਸਕਾਂਗਾ ।

*** ਯੂਥ ਅਕਾਲੀ ਆਗੂ ਨੇ ਲੁਧਿਆਣਾ 'ਚ ਪੁਲਿਸ ਅਫ਼ਸਰ ਦੀ ਲੱਤ ਭੰਨੀ ਤੇ ਉਸ ਦੇ ਪ੍ਰਵਾਸੀ ਦੋਸਤ ਦੀ ਕੁੱਟਮਾਰ ਕੀਤੀ**

-'ਰਾਜ ਨਹੀਂ ਸੇਵਾ'! ਪਹਿਲਾਂ ਆਮ ਜਨਤਾ ਦੀ ਈ ਹੁੰਦੀ ਸੀ, ਹੁਣ ਮਹਾਰਾਜਾ ਰਣਜੀਤ ਸਿੰਘ ਦੇ ਰਾਜ 'ਚ ਸਭ ਦੀ ਬਰਾਬਰ ਹੋਊ !

**-ਮੌਜੀ ਠਾਕੁਰ**

# ਪੰਜਾਬ ’ਚੋਂ ਨਿਕਲ ਕੇ 6 ਮਹਾਦੀਪਾਂ ਤੱਕ ਪਹੁੰਚੀ ਕਬੱਡੀ



ਕਦੇ ਮਹਿਜ਼ ਸਰੀਰਕ ਕਸਰਤ ਤੇ ਮਨ ਪਰਚਾਵੇ ਦਾ ਸਾਧਨ ਰਹੀ ਕਬੱਡੀ ਅੱਜ ਕਰੋੜਾਂ ਰੁਪਏ ਦੀ ਹੋ ਗਈ ਹੈ। ਕਦੇ ਉਹ ਵੀ ਜ਼ਮਾਨਾ ਸੀ, ਜਦੋਂ ਕਬੱਡੀ ਟਿੱਬਿਆਂ ਜਾਂ ਰੜੇ ਮੈਦਾਨਾਂ ’ਚ ਰੇਤਿਆਂ ਦੀਆਂ ਦੋ ਢੇਰੀਆਂ ’ਤੇ ਪੈਰ ਨਾਲ ਪਾਲਾ ਵਗਲ ਕੇ ਖੇਡੀ ਜਾਂਦੀ ਸੀ ਤੇ ਅੱਜ ਇਹੋ ਕਬੱਡੀ ਅਰਬਾਂ ਰੁਪਏ ਨਾਲ ਉਸਾਰੇ ਸ਼ਾਨਦਾਰ ਖੇਡ ਸਟੇਡੀਅਮਾਂ ਅੰਦਰ ਚਮਚਮਾਉਂਦੀਆਂ ਫਲੱਡ ਲਾਈਟਾਂ ਦੀ ਰੌਸ਼ਨੀ ’ਚ ਖੇਡੀ ਜਾ ਰਹੀ ਹੈ। ਕਬੱਡੀ ਦੇ ਜੇਤੂਆਂ ਨੂੰ ਕੱਛੇ-ਬੁਨੈਣਾਂ ਦੇਣ ਦੀ ਥਾਂ ਹੁਣ ਕਰੋੜਾਂ ਰੁਪਿਆਂ ਦੇ ਨਕਦ, ਮਹਿੰਗੀਆਂ ਕਾਰਾਂ ਤੇ ਸਰਕਾਰੀ ਨੌਕਰੀਆਂ ਨਾਲ ਨਵਾਜ਼ਿਆ ਜਾਣ ਲੱਗ ਪਿਆ ਹੈ।

ਪਹਿਲਾ ਦੌਰ-ਰੜੇ ਮੈਦਾਨਾਂ ਤੋਂ ਲੈ ਕੇ ਸਟੇਡੀਅਮਾਂ ਤੱਕ ਕਬੱਡੀ ਦਾ ਸਫ਼ਰ ਤੈਅ ਕਰਨ ’ਚ ਕਈ ਦੌਰ ਆਏ। ਪਹਿਲੇ ਦੌਰ ’ਚ ਜਦੋਂ ਪਿੰਡਾਂ ’ਚ ਲੋਕਾਂ ਵੱਲੋਂ ਕਬੱਡੀ ਸ਼ੌਕ ਵਜੋਂ ਖੇਡੀ ਜਾਂਦੀ ਸੀ। ਉਦੋਂ ਕੋਈ ਟੂਰਨਾਮੈਂਟ, ਕੋਈ ਮੁਕਾਬਲਾ ਆਦਿ ਨਹੀਂ ਸੀ ਹੁੰਦਾ। ਪਿੰਡਾਂ ਦੇ ਲੋਕ ਆਪੋ-ਆਪਣੇ ਪਿੰਡ ’ਚ ਇਕੱਠੇ ਹੋ ਕੇ ਵਿਹਲੇ ਟਾਈਮ ਵਿੱਚ ਕਬੱਡੀ ਖੇਡਦੇ ਹੁੰਦੇ ਸਨ।

ਦੂਜਾ ਦੌਰ-ਇਸ ਤੋਂ ਬਾਅਦ ਕਬੱਡੀ ਦੇ ਦੂਜੇ ਦੌਰ ’ਚ ਪਿੰਡਾਂ ’ਚ ਕਬੱਡੀ ਦੇ ਮੁਕਾਬਲੇ ਹੋਣੇ ਸ਼ੁਰੂ ਹੋਏ। ਆਪਣੇ ਆਸੇ-ਪਾਸੇ ਦੇ ਕਈ-ਕਈ ਪਿੰਡ ਇਕੱਠੇ ਹੋ ਕੇ ਗੱਭਰੂਆਂ ਦੇ ਸ਼ੌਕ ਵਜੋਂ ਕਬੱਡੀ ਦੇ ਮੁਕਾਬਲੇ ਕਰਾਉਣ ਲੱਗੇ। ਇਨ੍ਹਾਂ ਟੂਰਨਾਮੈਂਟ ਦੇ ਸ਼ੁਰੂਆਤੀ ਪੜਾਅ ’ਚ ਚੱਕਰ ਦਾ ਟੂਰਨਾਮੈਂਟ ਤੇ ਢੁੱਡੀਕੇ ਪਿੰਡ ਦਾ ਟੂਰਨਾਮੈਂਟ ਪੰਜਾਬ ਭਰ ’ਚ ਮਸ਼ਹੂਰ ਹੋਇਆ। ਇਸੇ ਦੌਰਾਨ ਹੀ ਪੰਜਾਬ ’ਚ ਖੇਡ ਮੇਲਿਆਂ ਦੀ ਸ਼ੁਰੂਆਤ ਹੋਈ, ਜਿਸ ਦੇ ਸਿੱਟੇ ਵਜੋਂ ਮਾਲਵੇ, ਮਾਝੇ ਤੇ ਦੋਆਬੇ ’ਚੋਂ ਕਬੱਡੀ ਦੀਆਂ ਟੀਮਾਂ ਮੇਲਿਆਂ ’ਚ ਹਿੱਸਾ ਲੈਣ ਲੱਗੀਆਂ।

ਤੀਜਾ ਦੌਰ-ਕਬੱਡੀ ਦਾ ਤੀਜਾ ਦੌਰ ਉਦੋਂ ਸ਼ੁਰੂ ਹੋਇਆ, ਜਦੋਂ ਪੰਜਾਬ ਦੀ ਕਬੱਡੀ ਵਿਦੇਸ਼ੀ ਧਰਤੀ ’ਤੇ ਪਹੁੰਚੀ। ਸਭ ਤੋਂ ਪਹਿਲਾਂ ਕਬੱਡੀ ਇਸ ਦੌਰ ’ਚ ਇੰਗਲੈਂਡ, ਕੈਨੇਡਾ, ਅਮਰੀਕਾ ’ਚ ਖੇਡੀ ਜਾਣ ਲੱਗੀ ਤੇ ਇਨ੍ਹਾਂ ਦੇਸਾਂ ’ਚ ਵੀ ਕਬੱਡੀ ਦੇ ਕਲੱਬ ਬਣਾਏ ਗਏ। ਇਨ੍ਹਾਂ ਕਲੱਬਾਂ ਦੇ ਪ੍ਰਬੰਧਕਾਂ ਵੱਲੋਂ ਵੀ ਆਪੋ-ਆਪਣੇ ਦੇਸਾਂ ’ਚ ਕਬੱਡੀ ਮੇਲੇ ਕਰਵਾਏ ਜਾਣ ਲੱਗੇ ਤੇ ਇਹ ਪਹਿਲੀ ਵਾਰ ਹੀ ਹੋਇਆ ਜਦੋਂ ਕਬੱਡੀ ਦੇ ਖਿਡਾਰੀਆਂ ਦਾ ਮੁੱਲ ਪੈਣਾ ਸ਼ੁਰੂ ਹੋਇਆ ਸੀ।

ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਵਿੱਚ ਕਰਵਾਏ ਜਾਂਦੇ ਕਬੱਡੀ ਕੈਂਪਾਂ ’ਚ ਪੰਜਾਬ ਤੋਂ ਕਬੱਡੀ ਖਿਡਾਰੀਆਂ ਨੂੰ ਵਿਸ਼ੇਸ਼ ਤੌਰ ’ਤੇ ਬੁਲਾਇਆ ਜਾਣ ਲੱਗਾ ਤੇ ਉਨ੍ਹਾਂ ਦਾ ਡਾਲਰਾਂ ’ਚ ਸਨਮਾਨ ਹੋਣ ਲੱਗਾ। ਹੁਣ ਵੀ ਵਿਦੇਸ਼ਾਂ ’ਚ ਕਬੱਡੀ ਦੇ ਟੂਰਨਾਮੈਂਟ ਸਮੇਂ-ਸਮੇਂ ਉੱਤੇ ਹੁੰਦੇ ਰਹਿੰਦੇ ਹਨ। ਕਬੱਡੀ ਦੇ ਵਿਦੇਸ਼ ਦੌਰ ’ਚੋਂ ਹੀ ਕਬੱਡੀ ਦੇ ਵੱਡੇ ਖਿਡਾਰੀ ਹਰਪ੍ਰੀਤ ਬਾਬਾ ਕੋਚ, ਬਲਵਿੰਦਰ ਫਿੱਡੂ, ਹਰਜੀਤ ਬਾਜਾਖਾਨਾ, ਛੱਬਾ ਗੁਰਦਾਸਪੁਰੀਆ, ਦੇਵੀ ਦਿਆਲ ਉੱਭਰ ਕੇ ਸਾਹਮਣੇ ਆਏ।

### ਵਿਸ਼ਵ ਕਬੱਡੀ ਕੱਪ

ਕਬੱਡੀ ਦਾ ਮਾਡਰਨ ਦੌਰ ਪੰਜਾਬ ਵੱਲੋਂ 3 ਸਾਲ ਪਹਿਲਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ’ਚ ਕਰਵਾਏ ਗਏ ਵਰਲਡ ਕੱਪ ਕਬੱਡੀ ਤੋਂ ਸ਼ੁਰੂ ਹੋਇਆ। ਪਹਿਲਾ ਕਬੱਡੀ ਵਰਲਡ ਕੱਪ ਅਪ੍ਰੈਲ 2010 ’ਚ ਛੇ ਕਰੋੜ ਰੁਪਏ ਤੋਂ ਵੱਧ ਦੇ ਬਜਟ ਨਾਲ ਕਰਵਾਇਆ ਗਿਆ। ਇਸ ਦਾ ਪਹਿਲਾ ਇਨਾਮ ਇੱਕ ਕਰੋੜ ਰੁਪਏ ਸੀ। ਇਸ ਨਾਲ ਕਬੱਡੀ ਕੱਖਾਂ ਤੋਂ ਕਰੋੜਾਂ ਦੀ ਹੋ ਗਈ ਸੀ। ਫਿਰ ਨਵੰਬਰ 2011 ’ਚ ਕਰਵਾਏ ਦੂਜੇ ਕਬੱਡੀ ਵਰਲਡ ਕੱਪ ਦਾ ਬਜਟ 17 ਕਰੋੜ ਤੋਂ ਵੀ ਵੱਧ ਗਿਆ। ਇਸ ਦਾ ਪਹਿਲਾ ਇਨਾਮ ਦੋ ਕਰੋੜ ਰੁਪਏ ਸੀ। ਸਰਵੋਤਮ ਜਾਫੀਆਂ ਤੇ ਧਾਵੀਆਂ ਨੂੰ ਟਰੈਕਟਰ ਦਿੱਤੇ ਗਏ। ਪਹਿਲੀ ਦਸੰਬਰ ਤੋਂ ਸ਼ੁਰੂ ਹੋਏ ਤੀਜੇ ਵਰਲਡ ਕੱਪ ’ਚ ਸਰਕਾਰ ਨੇ ਔਰਤਾਂ ਦੇ ਵਰਗ ’ਚ ਟੂਰਨਾਮੈਂਟ ਦੀ ਇਨਾਮੀ ਰਾਸ਼ੀ ਨੂੰ ਦੁੱਗਣਾ ਕਰ ਦਿੱਤਾ ਹੈ, ਹੁਣ ਜਦੋਂ ਕਿ ਪੁਰਸ਼ਾਂ ਦੇ ਵਰਗ ’ਚ ਚੈਂਪੀਅਨ ਬਣਨ ਵਾਲੀ ਟੀਮ ਨੂੰ 2 ਕਰੋੜ ਰੁਪਏ ਮਿਲਣਗੇ।


ਇਸ ਤੋਂ ਇਲਾਵਾ ਦੂਸਰੇ ਤੇ ਤੀਸਰੇ ਸਥਾਨ ’ਤੇ ਆਉਣ ਵਾਲੀਆਂ ਟੀਮਾਂ ਨੂੰ ਕ੍ਰਮਵਾਰ 1ਕਰੋੜ ਰੁਪਏ ਅਤੇ 51 ਲੱਖ ਰੁਪਏ ਇਨਾਮ ਵਜੋਂ ਮਿਲਣਗੇ। ਇਸੇ ਤਰ੍ਹਾਂ ਮਹਿਲਾ ਵਰਗ ਦੀ ਚੈਂਪੀਅਨ ਟੀਮ ਨੂੰ ਪਿਛਲੇ ਸਾਲ ਮਿਲੇ 25 ਲੱਖ ਰੁਪਏ ਦੀ ਥਾਂ ਇਸ ਵਾਰ 51 ਲੱਖ ਰੁਪਏ ਮਿਲਣਗੇ ਜਦੋਂ ਕਿ ਦੂਸਰੇ ਤੇ ਤੀਸਰੇ ਸਥਾਨ ’ਤੇ ਰਹਿਣ ਵਾਲੀਆਂ ਟੀਮਾਂ ਦੀ ਇਨਾਮੀ ਰਕਮ ਨੂੰ ਕ੍ਰਮਵਾਰ 15 ਲੱਖ ਰੁਪਏ ਤੇ 10 ਲੱਖ ਰੁਪਏ ਤੋਂ ਵਧਾ ਕੇ 31 ਲੱਖ ਰੁਪਏ ਅਤੇ 21 ਲੱਖ ਰੁਪਏ ਕਰ ਦਿੱਤਾ ਗਿਆ ਹੈ। ਪੁਰਸ਼ਾਂ ਦੇ ਫਾਈਨਲ ਮੈਚ ਦੇ ਸਰਵੋਤਮ ਧਾਵੀ ਤੇ ਸਰਵੋਤਮ ਜਾਫੀ ਨੂੰ ਇੱਕ-ਇੱਕ ਟਰੈਕਟਰ ਇਨਾਮ ਵਜੋਂ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਪਹਿਲੇ ਵਿਸ਼ਵ ਕਬੱਡੀ ਕੱਪ ’ਚ 9 ਮੁਲਕਾਂ ਦੀ ਸ਼ਮੂਲੀਅਤ ਤੋਂ ਬਾਅਦ ਕਬੱਡੀ ਨੇ ਪੂਰੀ ਦੁਨੀਆਂ ’ਚ ਅਜਿਹੇ ਪੈਰ ਪਸਾਰੇ ਕਿ ਤੀਸਰੇ ਵਿਸ਼ਵ ਕਬੱਡੀ ਕੱਪ ’ਚ ਸਮੂਹ ਛੇ ਮਹਾਂਦੀਪਾਂ ਦੇ 18 ਮੁਲਕਾਂ ਦੀਆਂ 23 ਟੀਮਾਂ ਨੇ ਹਿੱਸਾ ਲਿਆ।

### ਕਬੱਡੀ ਬਣੀ ਅੰਤਰਰਾਸ਼ਟਰੀ ਖੇਡ

ਸਭ ਤੋਂ ਖ਼ਾਸ ਗੱਲ ਇਹ ਹੈ ਕਿ 10 ਮੁਲਕਾਂ ਦੀਆਂ ਟੀਮਾਂ ’ਚ ਉਸੇ ਮੁਲਕ ਦੇ ਨਿਰੋਲ ਵਸਨੀਕ ਖਿਡਾਰੀ ਹਿੱਸਾ ਲੈ ਰਹੇ ਹਨ। ਪਹਿਲੀ ਵਾਰ ਪੁਰਸ਼ ਵਰਗ ’ਚ ਕੀਨੀਆ, ਡੈਨਮਾਰਕ, ਸੀਅਰਾ ਲਿਓਨ, ਨਿਊਜ਼ੀਲੈਂਡ ਤੇ ਸਕਾਟਲੈਂਡ ਅਤੇ ਔਰਤਾਂ ਦੇ ਵਰਗ ’ਚ ਕੈਨੇਡਾ, ਡੈਨਮਾਰਕ ਤੇ ਮਲੇਸ਼ੀਆ ਦੀਆਂ ਟੀਮਾਂ ਹਿੱਸਾ ਲੈ ਰਹੀਆਂ ਹਨ। ਪੁਰਸ਼ਾਂ ਦੇ ਵਰਗ ’ਚ ਟੀਮਾਂ ਨੂੰ ਚਾਰ ਪੂਲਾਂ ’ਚ ਵੰਡਿਆ ਗਿਆ। ਪੂਲ ‘ਏ’ ਵਿੱਚ ਭਾਰਤ, ਇੰਗਲੈਂਡ, ਅਫਗਾਨਿਸਤਾਨ ਤੇ ਡੈਨਮਾਰਕ, ਪੂਲ ‘ਬੀ’ ਵਿੱਚ ਕੈਨੇਡਾ, ਨਿਊਜ਼ੀਲੈਂਡ, ਸ੍ਰੀਲੰਕਾ ਤੇ ਨਾਰਵੇ, ਪੂਲ ‘ਸੀ’ ਵਿੱਚ ਪਾਕਿਸਤਾਨ, ਸੀਅਰਾ ਲਿਓਨ, ਸਕਾਟਲੈਂਡ ਤੇ ਇਟਲੀ ਜਦੋਂ ਕਿ ਪੂਲ ‘ਡੀ’ ’ਚ ਅਰਜਨਟੀਨਾ, ਅਮਰੀਕਾ, ਇਰਾਨ ਤੇ ਕੀਨੀਆ ਦੀਆਂ ਟੀਮਾਂ ਹੋਣਗੀਆਂ।

ਇਸੇ ਤਰ੍ਹਾਂ ਔਰਤਾਂ ਦੇ ਵਰਗ ’ਚ ਭਾਰਤ, ਕੈਨੇਡਾ ਤੇ ਡੈਨਮਾਰਕ ਨੂੰ ਪੂਲ ‘ਏ’ ’ਚ ਜਦੋਂ ਕਿ ਇੰਗਲੈਂਡ, ਤੁਰਕਮੇਨਿਸਤਾਨ, ਅਮਰੀਕਾ ਤੇ ਮਲੇਸ਼ੀਆ ਦੀਆਂ ਟੀਮਾਂ ਨੂੰ ਪੂਲ ‘ਬੀ’ ’ਚ ਰੱਖਿਆ ਗਿਆ।

## ਕਬੱਡੀ ਨੂੰ ਓਲੰਪਿਕ ’ਚ ਪਹੁੰਚਾਉਣਾ ਮੇਰਾ ਨਿਸ਼ਾਨਾ



ਕਬੱਡੀ ਨੂੰ ਕੱਖਾਂ ਤੋਂ ਕਰੋੜਾਂ ਦੀ ਬਣਾਉਣ ਵਾਲੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਮੁੱਖ ਨਿਸ਼ਾਨਾ ਤੇ ਉਦੇਸ਼ ਨੌਜਵਾਨਾਂ ਨੂੰ ਖੇਡਾਂ ਨਾਲ ਜੋੜ ਕੇ ਨਸ਼ਿਆਂ ਦੇ ਰੁਝਾਨ ਨੂੰ ਖ਼ਤਮ ਕਰਨਾ ਹੈ। ਉਹ ਕੇਵਲ ਵਿਸ਼ਵ ਕਬੱਡੀ ਕੱਪ ਹੀ ਨਹੀਂ ਕਰਾ ਰਹੇ, ਸਗੋਂ ਸੂਬੇ ’ਚ ਖੇਡ ਸੱਭਿਆਚਾਰ ਵੀ ਪੈਦਾ ਕਰ ਰਹੇ ਹਨ। ਜਿਸ ਤਹਿਤ ਸ਼ਹਿਰਾਂ ਤੇ ਮੰਡੀਆਂ ’ਚ ਸਟੇਡੀਅਮ ਬਣਾਏ ਜਾ ਰਹੇ ਹਨ, ਪਿੰਡਾਂ ’ਚ ਖੇਡ ਕਲੱਬ ਬਣਾ ਕੇ ਖੇਡ ਕਿੱਟਾਂ ਵੰਡੀਆਂ ਜਾ ਰਹੀਆਂ ਹਨ, ਸਕੂਲਾਂ ’ਚ ਖੇਡਾਂ ਦਾ ਵਿਸ਼ਾ ਲਾਜ਼ਮੀ ਕਰਕੇ ਸਿਲੇਬਸ ਵਿੱਚ ਵੀ ਸ਼ਾਮਲ ਕਰਾ ਦਿੱਤਾ ਗਿਆ ਹੈ। ਇਸ ਸਬੰਧੀ ਸੁਖਬੀਰ ਬਾਦਲ ਨੇ ਕਿਹਾ ਕਿ ਮੇਰਾ ਨਿਸ਼ਾਨਾ ਕਬੱਡੀ ਨੂੰ ਸਿਰਫ਼ ਇੱਥੋਂ ਤੱਕ ਪਹੁੰਚਾਉਣਾ ਹੀ ਅੰਤਿਮ ਨਹੀਂ ਹੈ, ਸਗੋਂ ਜਦੋਂ ਤੱਕ ਕਬੱਡੀ ਓਲੰਪਿਕ ’ਚ ਸ਼ਾਮਲ ਹੋ ਕੇ ਪਹਿਲਾ ਓਲੰਪਿਕ ਗੋਲਡ ਮੈਡਲ ਨਹੀਂ ਜਿੱਤਦੀ, ਉਦੋਂ ਤੱਕ ਮੈਂ ਸੰਤੁਸ਼ਟ ਨਹੀਂ ਹੋ ਸਕਦਾ।

# ਭਰੂਣ ਵਿਗਿਆਨੀ ਵਿਰਕ ਨੇ ਡਾਕਟਰੀ ਦੁਨੀਆਂ ’ਚ ਮਚਾਇਆ ਤਹਿਲਕਾ

**✪ 60 ਵਰ੍ਹਿਆਂ ਦੀ ਕੈਨੇਡੀਅਨ ਔਰਤ ਨੇ ਆਈ ਵੀ ਐੱਫ ਤਕਨੀਕ ਨਾਲ ਦਿੱਤਾ ਜੌੜੇ ਬੱਚਿਆਂ ਨੂੰ ਜਨਮ ✪ ਵਿਆਹ ਦੇ 40 ਵਰ੍ਹਿਆਂ ਬਾਅਦ ਜੋੜੇ ਨੇ ਦਿੱਤਾ ਜੁੜਵਾਂ ਬੱਚਿਆਂ ਨੂੰ ਜਨਮ**



ਮਿ. ਐਂਡ ਮਿਸਿਜ਼ ਰਣਜੀਤ ਕੌਰ ਹੇਅਰ

ਜਲੰਧਰ-ਬੇ-ਔਲਾਦ ਜੋੜਿਆਂ ਲਈ ਵਿਰਕ ਹਸਪਤਾਲ। ਇਹ ਇੱਕ ਸੱਚ ਹੈ ਕਿ ਅਣਗਿਣਤ ਬੇ-ਔਲਾਦ ਜੋੜਿਆਂ ਨੇ ਵਿਰਕ ਹਸਪਤਾਲ ਤੋਂ ਸੰਤਾਨ-ਸੁੱਖ ਦੀ ਪ੍ਰਾਪਤੀ ਕੀਤੀ ਹੈ। ਇਹਨਾਂ ਵਿੱਚੋਂ ਵਧੇਰੇ ਬੇ-ਔਲਾਦ ਜੋੜੇ ਕੈਨੇਡਾ, ਯੂ ਐੱਸ ਏ, ਨੌਰਵੇ, ਇੰਗਲੈਂਡ ਅਤੇ ਅਸਟਰੇਲੀਆ ਆਦਿ ਦੇਸ਼ਾਂ ਤੋਂ ਹਨ। ਵਿਰਕ ਹਸਪਤਾਲ ’ਚ ਉਪਲੱਬਧ ਨਵੀਨ ਅਤੇ ਅੰਤਰ-ਰਾਸ਼ਟਰੀ ਪੱਧਰ ਦੀਆਂ ਇਲਾਜ ਤਕਨੀਕਾਂ ਨਾਲ ਔਲਾਦ-ਸੁੱਖ ਦੀ ਪ੍ਰਾਪਤੀ ਇਕਦਮ ਬੇਹਤਰ ਅਤੇ ਸੁਰੱਖਿਅਤ ਹੈ। ਇਸ ਦਾ ਉਮਰ ਦੇ ਨਾਲ ਕੋਈ ਸੰਬੰਧ ਨਹੀਂ ਹੈ, ਪਰ ਇਹ ਵੀ ਇੱਕ ਸੱਚ ਹੈ ਕਿ 60 ਸਾਲਾਂ ਦੀ ਉਮਰ ਵਿੱਚ ਆਈ ਵੀ ਐੱਫ ਤਕਨੀਕ ਨਾਲ ਮਾਂ ਬਣਨਾ ਕਿਸੇ ਚਮਤਕਾਰ ਤੋਂ ਘੱਟ ਨਹੀਂ। ਕੈਨੇਡਾ ਨਿਵਾਸੀ ਸ਼੍ਰੀਮਤੀ ਰੰਜੀਤ ਕੌਰ ਹੇਅਰ ਜਿਨ੍ਹਾਂ ਦਾ ਵਿਆਹ 40 ਵਰ੍ਹੇ ਪਹਿਲਾਂ ਹੋਇਆ ਸੀ, ਨੇ ਫਰਵਰੀ 2009 ਵਿੱਚ ਜੁੜਵਾਂ ਬੱਚਿਆਂ ਨੂੰ ਜਨਮ ਦਿੱਤਾ। ਪਿਛਲੇ 40 ਸਾਲਾਂ ਤੋਂ ਔਲਾਦ-ਸੁੱਖ ਤੋਂ ਵਾਂਝੇ ਜੋੜੇ ਨੇ ਅਕਤੂਬਰ 2007 ਨੂੰ ਵਿਰਕ ਹਸਪਤਾਲ ਤੋਂ ਇਲਾਜ ਸੇਵਾਵਾਂ ਲੈਣੀਆਂ ਸ਼ੁਰੂ ਕੀਤੀਆਂ। ਹਸਪਤਾਲ ਵਿੱਚ ਇਨ੍ਹਾਂ ਦੀ ਆਪਰੇਟਿਵ ਹਿਸਟਰੋਸਕੋਪੀ ਕੀਤੀ ਗਈ। ਫਰਵਰੀ 2008 ਵਿੱਚ ਆਈ ਵੀ ਐੱਫ ਤਕਨੀਕ ਨਾਲ ਇਲਾਜ ਦੀ ਪਹਿਲੀ ਕੋਸ਼ਿਸ਼ ਅਸਫਲ ਰਹੀ। ਦੂਜੀ ਵਾਰ ਫਿਰ ਜੂਨ 2008 ਵਿੱਚ ਆਈ ਵੀ ਐੱਫ ਤਕਨੀਕ ਨਾਲ ਰੰਜੀਤ ਕੌਰ ਦਾ ਇਲਾਜ ਕੀਤਾ ਗਿਆ ਸਫਲਤਾਪੂਰਵਕ ਗਰਭ ਧਾਰਨ ਕਰਵਾਇਆ ਗਿਆ। ਭਰੂਣ ਵਿਗਿਆਨੀ ਐੱਸ ਪੀ ਐੱਸ ਵਿਰਕ ਨੇ ਦੱਸਿਆ ਕਿ ਆਈ ਵੀ ਐੱਫ ਤਕਨੀਕ ਦੁਆਰਾ ਸ਼੍ਰੀਮਤੀ ਰੰਜੀਤ ਕੌਰ ਦੇ ਸ਼ਰੀਰ ਵਿੱਚ ਚਾਰ ਐਮਬ੍ਰਾਓਜ਼ ਦਾ ਪ੍ਰਵੇਸ਼ ਕਰਵਾਇਆ ਗਿਆ, ਜਿਨ੍ਹਾਂ ’ਚੋਂ ਤਿੰਨ ਐਮਬ੍ਰਾਓਜ਼ ਦਾ ਵਿਕਾਸ ਸਫ਼ਲਤਾ ਨਾਲ ਹੋਇਆ ਅਤੇ ਬਾਅਦ ਵਿੱਚ ਪੂਰੀ ਤਰ੍ਹਾਂ ਵਿਕਸਤ ਹੋ ਕੇ ਜੌੜੇ ਬੱਚਿਆਂ ਦੇ ਰੂਪ ਵਿੱਚ ਇਸ ਦੁਨੀਆਂ ਵਿੱਚ ਆਏ। ਡਾ. ਵਿਰਕ ਨੇ ਕਿਹਾ ਕਿ ਹਸਪਤਾਲ ਵਿੱਚ ਇਲਾਜ ਦੀਆਂ ਸਾਰੀਆਂ ਅੰਤਰ-ਰਾਸ਼ਟਰੀ ਸਹੂਲਤਾਂ ਇੱਕ ਹੀ ਛੱਤ ਹੇਠ ਉਪਲੱਬਧ ਹਨ। ਵਿਰਕ ਹਸਪਤਾਲ ਉੱਚ ਪੱਧਰੀ ਤਕਨੀਕਾਂ ਨਾਲ ਬਹੁਤ ਮੁਸ਼ਕਲ ਸਮੱਸਿਆਵਾਂ ਦਾ ਇਲਾਜ ਕਰਨ ਲਈ ਜਾਣਿਆ ਜਾਂਦਾ ਹੈ ਅਤੇ ਵੱਡੀ ਤੋਂ ਵੱਡੀ ਸਮੱਸਿਆ ਦਾ ਇਲਾਜ ਵੀ ਕੀਤਾ ਜਾਂਦਾ ਹੈ। ਵਿਰਕ ਹਸਪਤਾਲ ਦੀ ਮਾਨਵ ਸੇਵਾ ਨੂੰ ਸਮਰਪਿਤ ਟੀਮ ਵਿੱਚ ਸ਼ਾਮਲ ਹਨ ਭਰੂਣ ਵਿਗਿਆਨੀ ਐੱਸ ਪੀ ਐੱਸ ਵਿਰਕ (ਲੈਬ ਡਾਇਰੈਕਟਰ), ਡਾ. ਅਨੁਪਮ ਚੋਪੜਾ (ਆਈ ਵੀ ਐੱਫ ਸਪੈਸ਼ਲਿਸਟ), ਡਾ. ਪੀ ਐੱਸ ਬਖਸ਼ੀ, ਡਾ. ਆਰਤੀ ਗੁਪਤਾ, ਡਾ. ਵਿਭਾ ਚਿਤਕਾਰਾ, ਡਾ. ਗੀਤਾ ਡਿਗਰਾ (ਆਈ ਵੀ ਐੱਫ ਕੋਆਰਡੀਨੇਟਰ) ਅਤੇ ਡਾ. ਗੌਤਮ ਅਲਾਬਾਦੀਆ (ਭਾਰਤ ਦੇ ਅਗ੍ਰਣੀ ਆਈ ਵੀ ਐੱਫ ਅਤੇ ਇਕਸੀ ਸਪੈਸ਼ਲਿਸਟ ਮੁੰਬਈ) ਸ਼ਾਮਲ ਹਨ, ਜਿਨ੍ਹਾਂ ਨੇ ਸ਼੍ਰੀਮਤੀ ਰੰਜੀਤ ਕੌਰ ਨੂੰ ਇਲਾਜ ਦੇ ਨਾਲ ਗਰਭਧਾਰਨ ਕਰਵਾਉਣ ਵਿੱਚ ਕੋਈ ਵੀ ਕਸਰ ਨਹੀਂ ਛੱਡੀ ਅਤੇ 60 ਸਾਲਾਂ ਦੀ ਉਮਰ ਵਿੱਚ ਵੀ ਉਹਨਾਂ ਦਾ ਮਾਂ ਬਣਨ ਦਾ ਸੁਪਨਾ ਪੂਰਾ ਕੀਤਾ।ਆਈ ਵੀ ਐੱਫ ਤਕਨੀਕ ਨੇ ਬਹੁਤ ਸਾਰੇ ਬੇ-ਔਲਾਦ ਜੌੜਿਆਂ ਨੂੰ ਸੰਤਾਨ-ਸੁੱਖ ਪ੍ਰਦਾਨ ਕਰਵਾਇਆ ਹੈ। ਭਰੂਨ ਵਿਗਿਆਨੀ ਵਿਰਕ ਨੇ ਕਿਹਾ ਕਿ ਮਾਨਵ ਸੇਵਾ ਨੂੰ ਸਮਰਪਿਤ ਵਿਰਕ ਹਸਪਤਾਲ ਦੇ 15 ਵਰ੍ਹੇ ਪੂਰੇ ਹੋ ਚੁੱਕੇ ਹਨ ਅਤੇ ਅਸੀਂ ਜ਼ਰੂਰਤਮੰਦ ਮਰੀਜ਼ਾਂ ਦੇ ਇਲਾਜ ਲਈ ਕੋਈ ਵੀ ਕਸਰ ਨਹੀਂ ਛੱਡੀ ਅਤੇ ਵਿਰਕ ਹਸਪਤਾਲ ਦੀਆਂ ਕੋਸ਼ਿਸ਼ਾਂ ਨਾਲ ਉਹਨਾਂ ਨੂੰ ਔਲਾਦ ਦਾ ਸੁੱਖ ਪ੍ਰਾਪਤ ਹੁੰਦਾ ਹੈ।



ਐਸ.ਪੀ.ਐਸ. ਵਿਰਕ
ਭਰੂਣ ਵਿਗਿਆਨੀ

Helpline No. +91-98140-37738 0091-181-2274296, 2270424, 5089604
dr.spsvirk@gmail.com, drvirk@virkinfertilitycentre.com Website : www.virkinfertilitycentre.com www.iwannababy.com

**ਫ਼ਿਲਮਨਾਮਾ**

**ਪਰਮਜੀਤ ਸਿੰਘ ਫਰੀਦਕੋਟ**

# ਬਾਲੀਵੁੱਡ ਦਾ ਪੰਜਾਬ ਨਾਲ ਮੋਹ ਵਧਿਆ




ਭਾਰਤ ਦਾ ਪੰਜਾਬ ਸੂਬਾ ਜੋ ਪਹਿਲਾਂ ਕੇਵਲ ਖੁਸ਼ਹਾਲ ਰਾਜ ਵਜੋਂ ਹੀ ਜਾਣਿਆ ਜਾਂਦਾ ਹੈ, ਹੁਣ ਇਹ 'ਮਿੰਨੀ ਬਾਲੀਵੁੱਡ' ਦੇ ਤੌਰ 'ਤੇ ਵੀ ਵਿਕਸਿਤ ਹੋਣ ਦੀਆਂ ਰਾਹਾਂ ਤੇਜ਼ੀ ਨਾਲ ਸਰ ਕਰ ਰਿਹਾ ਹੈ। ਹਿੰਦੀ ਫ਼ਿਲਮ ਸਨਅਤ ਦੇ ਨਾਮਵਰ ਫ਼ਿਲਮਸਾਜ਼ਾਂ ਵਜੋਂ ਪਿਛਲੇ ਤਿੰਨ ਸਾਲਾਂ ਦੌਰਾਨ ਬਣਾਈਆਂ ਗਈਆਂ ਅਹਿਮ ਤੇ ਵੱਡੇ-ਬਜਟ ਦੀਆਂ ਫ਼ਿਲਮਾਂ ਵੱਲ ਸਰਸਰੀ ਝਾਤ ਮਾਰੀ ਜਾਵੇ ਤਾਂ ਇਸ ਗੱਲ ਦਾ ਅੰਦਾਜ਼ਾ ਭਲੀਭਾਂਤ ਹੋ ਜਾਵੇਗਾ ਕਿ ਇਨ੍ਹਾਂ ਵਿਚੋਂ ਜ਼ਿਆਦਾਤਰ ਫ਼ਿਲਮਾਂ ਦੇ ਖਾਸ ਹਿੱਸਿਆਂ ਦੀ ਸ਼ੂਟਿੰਗ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚ ਹੀ ਕੀਤੀ ਗਈ ਹੈ। ਇਸ ਨਾਲ ਜਿੱਥੇ ਇਸ ਪ੍ਰਾਂਤ ਦੀਆਂ ਸੱਭਿਆਚਾਰਕ, ਵੰਨਗੀਆਂ ਦਾ ਦੇਸ਼-ਵਿਦੇਸ਼ 'ਚ ਹੋਰ ਪਸਾਰ ਹੋਇਆ ਹੈ, ਉੱਥੇ ਇੱਥੋਂ ਦੇ ਅਨੇਕਾਂ ਕਲਾਕਾਰਾਂ, ਤਕਨੀਸ਼ੀਅਨਾਂ ਨੂੰ ਵੀ ਹਿੰਦੀ ਫ਼ਿਲਮ ਸਨਅਤ ਦੇ ਇੱਥੇ ਸ਼ੂਟਿੰਗਾਂ ਕਰਨ ਦੇ ਇਸ ਰੁਝਾਨ ਦਾ ਮਨਆਂਮੂਹੀ ਫ਼ਾਇਦਾ ਹੋਇਆ ਹੈ। ਇਸ ਕਰਕੇ ਹੀ ਪੰਜਾਬੀ ਫ਼ਿਲਮਾਂ, ਦੂਰਦਰਸ਼ਨ ਤੇ ਪੰਜਾਬੀ ਚੈਨਲਾਂ 'ਤੇ ਆਪਣੀ ਕਾਬਲੀਅਤ ਨੂੰ ਸੀਮਤ ਕਰ ਲੈਣ ਵਾਲੇ ਕਈ ਕਲਾਕਾਰ ਅੱਜ ਕੌਮਾਂਤਰੀ ਪੱਧਰ 'ਤੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਉਣ ਵਿਚ ਮੋਹਰੀ ਸਾਬਿਤ ਹੋ ਰਹੇ ਹਨ।

ਮਾਇਆ ਨਗਰੀ ਮੁੰਬਈ ਦੀ ਨਾਮਵਰ ਫ਼ਿਲਮੀ ਸ਼ਖਸ਼ੀਅਤ ਯਸ਼ ਚੋਪੜਾ ਤੇ ਵਿਪੁਲ ਸ਼ਾਹ ਵੱਲੋਂ ਬਣਾਈਆਂ ਹਾਲੀਆਂ ਫ਼ਿਲਮਾਂ ਵੱਲ ਧਿਆਨ ਕੇਂਦਰਿਤ ਕੀਤਾ ਜਾਵੇ ਤਾਂ 'ਵੀਰ ਜ਼ਾਰਾ' ਤੋਂ ਬਾਅਦ 'ਯਸ਼ਰਾਜ ਬੈਨਰਜ਼' ਦੀ ਹਰ ਫ਼ਿਲਮ ਚਾਹੇ ਉਹ 'ਦਿਲ ਬੋਲੇ ਹੜ੍ਹਿੱਪਾ' ਹੋਵੇ, 'ਰੱਬ ਨੇ ਬਣਾ ਦੀ ਜੋੜੀ' ਜਾਂ ਵਿਪੁਲ ਸ਼ਾਹ ਦੀ 'ਨਮਸਤੇ ਲੰਡਨ', 'ਸਿੰਘ ਇਜ਼ ਕਿੰਗ', 'ਲੰਡਨ ਡਰੀਮਜ਼' ਹਰ ਇਕ ਦੇ ਕੁਝ ਨਾ ਕੁਝ ਹਿੱਸੇ ਦੀ ਸ਼ੂਟਿੰਗ ਪੰਜਾਬ ਦੇ ਹਰੇ ਭਰੇ ਖੇਤਾਂ, ਬੰਨ੍ਹਿਆਂ ਆਦਿ ਵਿਚ ਕੀਤੀ ਗਈ ਹੈ। ਇਸ ਕਾਰਨ ਬਾਲੀਵੁੱਡ ਦੇ ਹੋਰ ਨਿਰਮਾਤਾ ਤੇ ਡਾਇਰੈਕਟਰ ਵੀ ਇਸ ਸੂਬੇ ਦੇ ਹਰਿਆਲੀ ਭਰਪੂਰ ਖੇਤਰਾਂ ਵਿਚ ਸ਼ੂਟਿੰਗਾਂ ਕਰਨ ਨੂੰ ਤਰਜੀਹ ਦੇਣ ਲੱਗ ਪਏ ਹਨ।


ਪੰਜਾਬੀ ਖਿੱਤੇ ਵਿਚ ਹਿੰਦੀ ਫ਼ਿਲਮਾਂ ਦੀ ਵੱਧ ਰਹੀ ਸ਼ੂਟਿੰਗ ਸਰਗਰਮੀਆਂ ਦਾ ਮੁੱਖ ਕਾਰਨ ਪੰਜਾਬ ਦੇ ਸੱਭਿਆਚਾਰ ਤੇ ਰੀਤੀ ਰਿਵਾਜ਼ਾਂ ਨੂੰ ਸੁਨਹਿਰੇ ਕੈਨਵਸ ਦਾ ਆਧਾਰ ਬਣਾ ਕੇ ਵਿਦੇਸ਼ਾਂ ਵਿਚ ਬਿਜ਼ਨਸ ਵਧਾਉਣਾ ਵੀ ਮੁੱਖ ਮੰਨਿਆ ਜਾ ਸਕਦਾ ਹੈ, ਕਿਉਂਕਿ ਇਸ ਗੱਲ ਦਾ ਅਹਿਸਾਸ ਅੱਜ ਮੁੰਬਈ ਦੀਆਂ ਫ਼ਿਲਮ ਨਿਰਮਾਣ ਨਾਲ ਜੁੜੀਆਂ ਵੱਡੀਆਂ ਕੰਪਨੀਆਂ ਤੇ ਫ਼ਿਲਮਸਾਜ਼ਾਂ ਨੂੰ ਭਲੀ-ਭਾਂਤ ਹੋ ਚੁੱਕਾ ਹੈ ਕਿ ਕੈਨੇਡਾ, ਲੰਡਨ, ਅਮਰੀਕਾ, ਜਰਮਨੀ ਤੇ ਦੁਬਈ ਆਦਿ ਜਿਹੇ ਵਿਦੇਸ਼ੀ ਮੁਲਕਾਂ ਵਿਚ ਵਸਦੇ ਪਰਵਾਸੀਆਂ ਵਿਚ ਸਭ ਤੋਂ ਜ਼ਿਆਦਾ ਗਿਣਤੀ ਪੰਜਾਬੀਆਂ ਦੀ ਹੈ। ਇਨ੍ਹਾਂ ਨੂੰ ਆਪਣੇ ਵਤਨ ਦੀਆਂ ਵੰਨਗੀਆਂ ਅਤੇ ਮਿੱਟੀ ਦੀ ਝਲਕ ਵਿਖਾ ਕੇ ਹਿੰਦੀ ਫ਼ਿਲਮਾਂ ਨਾਲ ਵੱਡੀ ਗਿਣਤੀ 'ਚ ਜੋੜਿਆ ਜਾ ਸਕਦਾ ਹੈ।

ਹਿੰਦੀ ਫ਼ਿਲਮ ਸਨਅਤ ਦੀ ਦਿਨ-ਬ-ਦਿਨ ਪੁਖਤਾ ਹੋ ਰਹੀ, ਇਹ ਸੋਚ ਪੂਰੀ ਤਰ੍ਹਾਂ ਰੰਗ ਵਿਖਾ ਚੁੱਕੀ ਹੈ। ਇਸ ਦਾ ਪ੍ਰਤੱਖ ਅਹਿਸਾਸ ਪਿਛਲੇ ਸਮੇਂ ਦੌਰਾਨ ਰਿਲੀਜ਼ ਹੋਈਆਂ 'ਅਬ ਤੁਮਹਾਰੇ ਹਵਾਲੇ ਵਤਨ ਸਾਥੀਓ', 'ਸਰਹੱਦ ਪਾਰ', 'ਵੀਰ ਜ਼ਾਰਾ', 'ਰੱਬ ਨੇ ਬਣਾ ਦੀ ਜੋੜੀ', 'ਬਚਨਾ ਐ ਹਸੀਨੋ', 'ਨਮਸਤੇ ਲੰਡਨ', 'ਸਿੰਘ ਇਜ਼ ਕਿੰਗ', 'ਲੰਡਨ ਡਰੀਮਜ਼', 'ਅਪਨੇ', 'ਦਿ ਹੀਰੋਜ਼', 'ਰੰਗ ਦੇ ਬਸੰਤੀ', 'ਕਿਸਾਨ', 'ਜਬ ਵੀ ਮੈੱਟ', 'ਏਕ ਦਿ ਪਾਵਰ' ਤੇ 'ਯਮਲਾ ਪਗਲਾ ਦੀਵਾਨਾ', ਜਿਹੀਆਂ ਕਈ ਫ਼ਿਲਮਾਂ ਨੇ ਕਰਵਾਇਆ ਹੈ। ਇਨ੍ਹਾਂ ਫ਼ਿਲਮਾਂ ਨੇ ਦੇਸ਼ ਨਾਲੋਂ ਵੀ ਵੱਧ ਵਪਾਰ ਵਿਦੇਸ਼ਾਂ 'ਚ ਕੀਤਾ ਹੈ। ਹਿੰਦੀ ਫ਼ਿਲਮਾਂ ਦੀਆਂ ਸ਼ੂਟਿੰਗਾਂ ਦਾ ਗੜ੍ਹ ਬਣਦੇ ਜਾ ਰਹੇ ਪੰਜਾਬੀ ਸੂਬੇ ਵਿਚ ਪਿਛਲੇ ਦੋ ਸਾਲਾਂ ਦੌਰਾਨ ਬਣੀਆਂ ਬਹੁ-ਗਿਣਤੀ ਹਿੰਦੀ ਫ਼ਿਲਮਾਂ ਵੱਲ ਧਿਆਨ ਕੇਂਦਰਿਤ ਕੀਤਾ ਜਾਵੇ, ਤਾਂ ਇਹ ਵੀ ਪਤਾ ਲੱਗਦਾ ਹੈ ਕਿ ਇਹ ਗਿਣਤੀ ਸਾਲ ਦਰ ਸਾਲ ਵਧਦੀ ਹੀ ਜਾ ਰਹੀ ਹੈ। ਇਸ ਦੇ ਮੱਦੇਨਜ਼ਰ ਇਸ ਖੇਤਰ ਨਾਲ ਜੁੜੇ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਤਾਂ ਮਿਲ ਹੀ ਰਿਹਾ ਹੈ, ਨਾਲ ਹੀ ਪ੍ਰਤਿਭਾਸ਼ਾਲੀ ਕਲਾਕਾਰਾਂ ਨੂੰ ਵੀ ਰੱਜ ਕੇ ਕੰਮ ਮਿਲ ਰਿਹਾ ਹੈ।

ਪੰਜਾਬ 'ਚ ਹੋਣ ਵਾਲੀਆਂ ਜ਼ਿਆਦਾਤਰ ਸ਼ੂਟਿੰਗਾਂ ਲਈ ਕਰੈਕਟਰ ਬਾਲ ਕਲਾਕਾਰ ਅਤੇ ਸਹਿਯੋਗੀ ਕਲਾਕਾਰ ਮੁਹੱਈਆ ਕਰਵਾਉਣ ਵਾਲੇ 'ਢਿੱਲੋਂ ਕ੍ਰਿਏਸ਼ਨ ਫ਼ਿਲਮ ਕੰਪਨੀ ਚੰਡੀਗੜ੍ਹ' ਦੇ ਜਸਬੀਰ ਢਿੱਲੋਂ ਦੱਸਦੇ ਹਨ ਕਿ ਸਾਲ 2009-10 ਦੌਰਾਨ ਉਨ੍ਹਾਂ ਦੀ ਫ਼ਿਲਮ ਕੰਪਨੀ ਵੱਲੋਂ ਜਿੱਥੇ ਬੇਸ਼ੁਮਾਰ ਕਰੈਕਟਰ ਅਤੇ ਬਾਲ ਕਲਾਕਾਰ ਇਨ੍ਹਾਂ ਫ਼ਿਲਮਾਂ ਲਈ ਮੁਹੱਈਆ ਕਰਵਾਏ ਗਏ, ਉੱਥੇ ਨਾਲ ਹੀ ਸੈਂਕੜਿਆਂ ਦੀ ਗਿਣਤੀ 'ਚ ਜੂਨੀਅਰ ਕਲਾਕਾਰ ਵੀ ਇਨ੍ਹਾਂ ਫ਼ਿਲਮਾਂ ਦਾ ਹਿੱਸਾ ਬਣੇ।




ਹਿੰਦੀ ਫ਼ਿਲਮਾਂ ਦੀ ਪੰਜਾਬ ਵਿਚ ਸ਼ੂਟਿੰਗ ਕਰਵਾਉਣ 'ਚ ਸਭ ਤੋਂ ਮੋਹਰੀ ਦਰਸ਼ਨ ਔਲਖ ਦੱਸਦਾ ਹੈ ਕਿ ਹਿੰਦੀ ਫ਼ਿਲਮ ਸਨਅਤ ਦੀਆਂ ਵੱਡੀਆਂ ਸ਼ਖ਼ਸੀਅਤਾਂ ਦੇ ਇੱਥੇ ਸ਼ੂਟਿੰਗ ਕਰਨ ਦੇ ਵੱਧ ਰਹੇ ਰੁਝਾਨ ਦਾ ਇਸ ਸੂਬੇ ਨੂੰ ਕਈ ਪੱਖਾਂ ਤੋਂ ਫਾਇਦਾ ਹੋ ਰਿਹਾ ਹੈ, ਪਰ ਇਸ ਦੇ ਬਾਵਜੂਦ ਰਾਜ ਸਰਕਾਰ ਅਜੇ ਇਸ ਰੁਝਾਨ ਨੂੰ ਹੋਰ ਪ੍ਰਫੁੱਲਿਤ ਕਰਨ 'ਚ ਜ਼ਿਆਦਾ ਦਿਲਚਸਪੀ ਨਹੀਂ ਲੈ ਰਹੀ ਜਿਸ ਕਾਰਨ ਫ਼ਿਲਮਸਾਜ਼ਾਂ ਨੂੰ ਸ਼ੂਟਿੰਗ ਲਈ ਆਸ ਮੁਤਾਬਿਕ ਸਹੂਲਤ ਨਹੀਂ ਮਿਲ ਰਹੀ। ਔਲਖ ਅਨੁਸਾਰ ਜੇਕਰ ਸਰਕਾਰ ਇਸ ਦਿਸ਼ਾ ਵੱਲ ਗੰਭੀਰ ਹੋ ਕੇ ਫ਼ਿਲਮਸਾਜ਼ਾਂ ਨੂੰ ਸਹੂਲਤਾਂ ਮੁਹੱਈਆ ਕਰਵਾ ਦੇਵੇ, ਤਾਂ ਪੰਜਾਬ ਖਿੱਤਾ ਅਜਿਹੇ ਰਾਜ ਵਜੋਂ ਸਾਹਮਣੇ ਆਵੇਗਾ, ਜਿੱਥੇ ਹੋਰਨਾਂ ਰਾਜਾਂ ਨਾਲੋਂ ਸਭ ਤੋਂ ਜ਼ਿਆਦਾ ਹਿੰਦੀ ਫ਼ਿਲਮਾਂ ਦੀ ਸ਼ੂਟਿੰਗ ਹੋਵੇਗੀ। ਇਸ ਨਾਲ ਸੂਬੇ 'ਚ ਸ਼ੂਟਿੰਗ ਦੇ ਵੱਧ ਰਹੇ ਇਸ ਗਰਮਾਹਟ ਭਰੇ ਮਾਹੌਲ 'ਚ ਹੋਰ ਤੇਜ਼ੀ ਆਉਣ ਦੀ ਪੂਰੀ ਸੰਭਾਵਨਾ ਹੈ।









# ਭਾਰਤੀ ਰਾਜਤੰਤਰ ਤਾਕਤ ਨਾਲ ਲੋਕਾਂ ਨੂੰ ਦਬਾਅ ਕੇ ਰਾਜ ਕਰਨ ਲਈ ਪੁਲਿਸ ਫੋਰਸਾਂ ਦੀ ਦੁਰਵਰਤੋਂ ਕਰਦੈ

## ਅਰੀਦਮਨਜੀਤ ਸਿੰਘ ਦੀ ਇੰਟਰਵਿਊ

ਪੰਨਾ 36 ਦਾ ਬਾਕੀ ਹਿੱਸਾ

ਜਵਾਬ – ਡਾਇਰੈਕਟਰ ਜਨਰਲ ਤੋਂ ਲੈ ਕੇ ਪੁਲਿਸ ਦੀ ਚੇਨ ਆਫ਼ ਕਮਾਂਡ ਹੈ। ਇਹਦੇ ਵਿਚ ਕਿਸੇ ਦੀ ਕੋਈ ਦਖਲ ਅੰਦਾਜ਼ੀ ਨਹੀਂ ਹੈ। ਡੀ ਜੀ ਪਾਲਿਸੀ ਬਣਾ ਦਿੰਦਾ ਹੈ ਕਿ ਬੰਦੇ ਚੁੱਕ ਕੇ ਮਾਰੋ। ਬਸ ਉਥੇ ਫਿਰ ਹੁਕਮ ਚੱਲਦਾ ਹੈ। ਥੱਲੇ ਵਾਲੇ ਬੰਦੇ ਚੁੱਕ ਚੁੱਕ ਕੇ ਮਾਰੀ ਜਾਂਦੇ ਹਨ। ਉਹਨਾਂ ਨੂੰ ਪਤਾ ਹੋਵੇ ਕਿ ਬਈ ਗਲਤ ਕੰਮ ਕਰਕੇ ਤੁਹਾਨੂੰ ਜੇਹਲ ਜਾਣਾ ਪੈਣਾ ਹੈ ਤਾਂ ਫਿਰ ਕੰਟਰੋਲ ਹੋ ਸਕਦਾ। ਅੰਗਰੇਜ਼ਾਂ ਨੇ ਪੁਲਿਸ ਦੇ ਸਿਸਟਮ ਵਿਚ ਸਪੈਸ਼ਲ ਪੁਲਿਸ ਵਾਸਤੇ ਸਪੈਸ਼ਲ ਸੁਰੱਖਿਆ ਪਾਈ ਸੀ ਕਿ ਜੇ ਪੁਲਿਸ ਵਾਲਾ ਕੁਝ ਕਰਦਾ ਹੈ ਤਾਂ ਉਹਦੇ ਖਿਲਾਫ਼ ਅਦਾਲਤ ਵਿਚ ਪ੍ਰੋਸੀਕਿਊਸ਼ਨ ਨਹੀਂ ਕੀਤਾ ਜਾ ਸਕਦਾ। ਸਾਡਾ ਉਹੀ ਕਾਨੂੰਨ ਚੱਲਿਆ ਆ ਰਿਹਾ ਹੈ। ਡੀ ਜੀ ਸਿੱਧਾ ਹੀ ਇਹਨਾਂ ਨੂੰ ਕੰਟਰੋਲ ਕਰਦਾ ਹੈ, ਜੇ ਕਿਸੇ ਪੁਲਿਸ ਕਾਂਸਟੇਬਲ ਖਿਲਾਫ਼ ਸ਼ਿਕਾਇਤ ਆਈ ਵੀ, ਰੌਲਾ ਪਿਆ ਤਾਂ ਉਹਨਾਂ ਨੇ ਕਾਂਸਟੇਬਲ ਨੂੰ ਸਸਪੈਂਡ ਕਰ ਦੇਣਾ ਤੇ ਪੰਦਰਾਂ ਵੀਹ ਸਾਲ ਕੇਸ ਚਲਾ ਕੇ ਉਸ ਨੂੰ ਇਹਨਾਂ ਬਰੀ ਕਰ ਦੇਣਾ ਹੈ। ਪੰਜਾਬ ਪੁਲਿਸ ਦੇ ਕਈ ਅਜਿਹੇ ਅਫ਼ਸਰ ਨੇ ਜਿਹਨਾਂ ਦੀਆਂ ਸਜ਼ਾਵਾਂ ਮੁਆਫ਼ ਕਰਕੇ ਮੁੜ ਐਸ ਪੀ ਦੇ ਰੈਂਕ ਤੇ ਬਹਾਲ ਕੀਤਾ ਹੋਇਆ। ਇਹ ਇਕੱਲਾ ਪੰਜਾਬ ਦਾ ਨਹੀਂ ਦਿੱਲੀ ਪੁਲਿਸ ਦਾ ਵੀ ਇਹੀ ਹਾਲ ਹੈ। ਉਥੇ ਵੀ ਇਕ ਰਾਜਦੀਪ ਸਿੰਘ ਏ ਸੀ ਪੀ ਪੁਲਿਸ ਵਿਚ ਇੰਸਪੈਕਟਰ ਭਰਤੀ ਹੋਇਆ ਵੇ, ਉਹਨੇ ਕਰੋੜਾਂ ਰੁਪਈਆ ਬਣਾਇਆ, ਚੁੱਕ ਚੁੱਕ ਕੇ ਸੌ ਬੰਦੇ ਮਾਰੇ ਨੇ।

***ਸਵਾਲ – ਤੁਸੀਂ ਸੱਚੇ ਤੇ ਝੂਠੇ ਮੁਕਾਬਲੇ ਬਾਰੇ ਕਿਵੇਂ ਸਾਬਤ ਕਰ ਸਕਦੇ ਹੋ ਕਿ ਫਲਾਣਾ ਪੁਲਿਸ ਮੁਕਾਬਲਾ ਝੂਠਾ ਹੈ ਤੇ ਫਲਾਣਾ ਸੱਚਾ?***

ਜਵਾਬ – ਅਸੀਂ ਇਹ ਆਖ ਸਕਦੇ ਹਾਂ ਕਿ ਪੁਲਿਸ ਦੇ 100 ਫੀਸਦੀ ਮੁਕਾਬਲੇ ਝੂਠੇ ਹੀ ਹੁੰਦੇ ਹਨ, ਅਸਲੀ ਮੁਕਾਬਲੇ ਵਿਚ ਤਾਂ ਬੰਦਾ ਕੋਈ ਨਹੀਂ ਬਚਿਆ ਕਰਦਾ। ਮੈਂ ਖੁਦ ਬੀ ਐਸ ਐਫ ਵਿਚ ਰਿਹਾਂ, ਮੈਨੂੰ ਪਤਾ ਬਈ ਜੇ ਅਸੀਂ ਇਹਦੇ ਵਿਚ ਬਚ ਜਾਈਏ ਤਾਂ ਬਹੁਤ ਖੁਸ਼ਕਿਸਮਤ ਹੋਵਾਂਗੇ। ਛੇਤੀ ਕੀਤੇ ਤੁਸੀਂ ਇਨਕਾਊਂਟਰ ਵਿਚੋਂ ਬਚੋਗੇ ਨਹੀਂ। ਕਿਉਂਕਿ ਸਥਿਤੀ ਦਾ ਲਾਭ ਤਾਂ ਦੂਜੀ ਧਿਰ ਨੂੰ ਹੈ। ਜਿਹੜਾ ਮਿਲੀਟੈਂਟ ਹੁੰਦਾ ਏ, ਜਿਹੜਾ ਟੈਰੋਰਿਸਟ ਏ, ਤੁਹਾਡਾ ਵਿਰੋਧੀ ਹੈ, ਉਹ ਤਾਂ ਪਬਲਿਕ ਦੇ ਵਿਚ ਛੁਪਿਆ ਹੋਇਆ ਹੁੰਦਾ ਹੈ, ਉਹਦੇ ਬਾਰੇ ਤੁਹਾਨੂੰ ਪਤਾ ਨਹੀਂ, ਉਹ ਕਿੱਥੇ ਹੈ, ਉਹਦੇ ਕੋਲ ਕਿੰਨੇ ਤੇ ਕਿਹੜੇ ਹਥਿਆਰ ਹਨ, ਪਰ ਉਹ ਤੁਹਾਨੂੰ ਤੁਹਾਡੀ ਵਰਦੀ ਦੇ ਕਾਰਨ ਅਤੇ ਸਭ ਕੁਝ ਸਾਹਮਣੇ ਹੋਣ ਕਾਰਨ ਜਾਣਦਾ ਹੈ। ਇਸ ਲਈ ਉਹਨੇ ਤੁਹਾਨੂੰ ਉਦੋਂ ਹਿੱਟ ਕਰਨਾ ਏ, ਜਦੋਂ ਉਹਨੂੰ ਪੱਕਾ ਯਕੀਨ ਹੋਵੇ ਕਿ ਮੈਂ ਤੁਹਾਡੀ ਜਾਨ ਲੈ ਲਵਾਂਗਾ ਤੇ ਇਸ ਹਾਲਤ ਵਿਚ ਜਦੋਂ ਮੁਕਾਬਾਲਾ ਸ਼ੁਰੂ ਹੋ ਗਿਆ ਤਾਂ ਤੁਸੀਂ ਬਚੋਗੇ ਨਹੀਂ ਕਿਸੇ ਨੂੰ ਕਹਾਣੀ ਸੁਨਾਉਣ ਵਾਸਤੇ। ਸੱਚੇ ਪੁਲਿਸ ਮੁਕਾਬਲੇ ਦੀ ਇਹੀ ਦਾਸਤਾਨ ਹੋਵੇਗੀ। ਲੇਕਿਨ ਇਹਨਾਂ ਨੇ ਕੀ ਕੀਤਾ, ਬੰਦੇ ਚੁੱਕ ਚੁੱਕ ਕੇ ਮਾਰੇ ਨੇ। ਜਦੋਂ ਅਸੀਂ ਇਸ ਬਾਰੇ ਕੰਮ ਕੀਤਾ ਤਾਂ ਸਾਨੂੰ ਪਤਾ ਲੱਗਾ ਕਿ ਇਸ ਲਈ ਸਾਨੂੰ ਕਾਨੂੰਨ ਬਦਲਣਾ ਪੈਣਾ ਹੈ।

***ਸਵਾਲ – ਕਾਨੂੰਨ ਕਿਵੇਂ ਬਦਲਿਆ ਜਾ ਸਕਦਾ ਹੈ? ਕਾਨੂੰਨ ਬਦਲ ਕੇ ਕੀ ਹੋਵੇਗਾ, ਜੇ ਇਸ ਨੂੰ ਲਾਗੂ ਕਰਨ ਵਾਲਾ ਵੀ ਉਹੀ ਕੁਰਪਟ ਤੰਤਰ ਹੋਵੇਗਾ।***

ਜਵਾਬ – ਕਾਨੂੰਨ ਨੂੰ ਸਿਆਸਤਦਾਨ ਠੀਕ ਕਰਨਗੇ। ਇਸ ਵਾਸਤੇ ਸਾਨੂੰ ਲਾਬੀ ਕਰਨੀ ਪੈਣੀ ਹੈ, ਜੋ ਅਸੀਂ ਕਰ ਰਹੇ ਹਾਂ। ਪਰ ਬਿਊਰੋਕਰੇਟ (ਅਫ਼ਸਰਸ਼ਾਹੀ) ਠੀਕ ਨਹੀਂ ਹੋਣ ਦੇਵੇਗੀ। ਕਿਉਂਕਿ ਇਹ ਉਹਨਾਂ ਦੇ ਹਿੱਤ ਵਿਚ ਨਹੀਂ ਜਾਏਗਾ। ਇਸ ਲਈ ਅਸੀਂ ਮਨੁੱਖੀ ਅਧਿਕਾਰਾਂ ਲਈ ਕੰਮ ਸ਼ੁਰੂ ਕੀਤਾ। ਪੁਲਿਸ ਅਫ਼ਸਰ ਹੋਣ ਦੇ ਨਾਤੇ ਅਸੀਂ ਪੁਲਿਸ ਦੇ ਕੰਮ ਵੀ ਜਾਣਦੇ ਹਾਂ, ਤੇ ਆਮ ਸਿਆਸਤਦਾਨਾਂ ਦਾ ਕੰਮ ਵੀ ਜਾਣਦੇ ਹਾਂ ਤੇ ਅਸੀਂ ਉਥੋਂ ਰਿਸਰ–ਚਰ ਬਣ ਗਏ। ਜਦੋਂ ਅਸੀਂ ਇਹਨਾਂ ਘਟਨਾਵਾਂ ਦੀ ਜਾਂਚ ਕਰ ਰਹੇ ਸੀ ਤਾਂ ਕਈ ਕੁਝ ਸਾਹਮਣੇ ਆਇਆ। ਮੈਂ ਪੰਜਾਬ ਵਿਚ ਅਪ੍ਰੈਲ 84 ਤੋਂ ਸਤੰਬਰ 1989 ਤੱਕ ਤਾਇਨਾਤ ਰਿਹਾ ਹੈ, ਇਸ ਦੌਰਾਨ ਮੇਰਾ ਜਾਣਾ ਆਉਣਾ ਲੱਗਿਆ ਰਿਹਾ। ਉਸ ਪਿੱਛੋਂ ਕੁਝ ਸਮੇਂ ਬਾਅਦ ਫਿਰ ਮੈਂ ਇਥੇ ਇਨਵੈਸਟੀਗੇਸ਼ਨ ਕਰਨ ਆਇਆ। ਉਦੋਂ ਐਡੀਸ਼ਨਲ ਡੀ ਜੀ ਪੀ ਸੀਗਾ ਸ਼ੈਲੇ ਮਦਾਨ ਮਿਸ਼ਰਾ। ਉਸ ਨੇ ਦੋ ਮੁੰਡੇ ਜਲੰਧਰ ਤੋਂ ਚੁੱਕ ਕੇ ਫਿਰੋਜ਼ਪੁਰ ਬਾਰਡਰ ਉਤੇ ਮੰਗਵਾਏ, 106 ਬਟਾਲੀਅਨ ਵਿਚ। ਬੀ ਐਸ ਐਫ ਵਾਲਿਆਂ ਨੇ ਵੀ ਕਈਆਂ ਨੇ ਪੁੱਠੇ ਸਿੱਧੇ ਕੰਮ ਕੀਤੇ ਹਨ। ਉਹ ਮੁਕਾਬਲਾ ਡੀ ਜੀ ਪੀ ਬੀ ਐਸ ਐਫ ਨੇ ਕਰਵਾਇਆ ਸੀ, ਉਥੇ ਜਲੰਧਰ ਵਿਚ ਇਕ ਬਾਬਾ ਸੀ, ਉਹਦੇ ਆਸ਼ਰਮ ਵਿਚ ਕੁਝ ਕਿਸੇ ਨਾਲ ਲੈਣਾ ਦੇਣਾ ਸੀ। ਤੇ ਉਹ ਡੀ ਜੀ ਪੀ ਬਾਬੇ ਦਾ ਭਗਤ ਸੀ। ਜਾਂਚ ਦੌਰਾਨ ਸਾਰਾ ਪਤਾ ਲੱਗਿਆ ਕਿ ਇਹ ਕੰਮ ਗਲਤ ਹੋਇਆ ਸੀ। ਪਰ ਵੱਡੇ ਅਫ਼ਸਰਾਂ ਨੇ ਉਹਦੇ ਖਿਲਾਫ਼ ਐਕਸ਼ਨ ਲੈਣ ਦੀ ਬਜਾਏ ਉਸ ਅਫ਼ਸਰ ਨੂੰ ਉਥੋਂ ਬਦਲ ਕੇ ਹੋਰ ਥਾਂ ਭੇਜ ਦਿੱਤਾ ਤੇ ਸੋਚਿਆ ਬਈ ਇਸ ਤਰ੍ਹਾਂ ਬੀ ਐਸ ਐਫ ਵੀ ਬਦਨਾਮ ਹੋ ਜਾਏਗੀ। ਇਹ ਘਟਨਾ 92–93 ਦੀ ਆ। ਪੁਲਿਸ ਨੇ ਕਿਹਾ ਸੀ ਉਥੋਂ ਮੁਕਾਬਲੇ ਵਾਲੀ ਥਾਂ ਤੋਂ ਮਸ਼ੀਨ ਗੰਨਾਂ ਬਰਾਮਦ ਹੋਈਆਂ, ਏ ਕੀ 47 ਗੰਨਾਂ ਮਿਲੀਆਂ। ਵਿਸਫੋਟਕ ਤੇ ਹੋਰ ਹਥਿਆਰ ਵੀ ਦਿਖਾਏ ਗਏ ਸਨ।



ਜੂਨ 1984 ਦੇ ਫੌਜੀ ਹਮਲੇ ਸਮੇਂ ਢਾਹੇ ਗਏ ਸ੍ਰੀ ਅਕਾਲ ਤਖ਼ਤ ਦਾ ਮਾਡਲ ਸਿੱਖ ਅਜਾਇਬ ਘਰ ਡਰਬੀ ਵਿਖੇ ਸਥਾਪਿਤ ਕੀਤਾ ਜਾ ਰਿਹਾ ਹੈ ਖੜ੍ਹੇ ਹਨ ਖੱਬੇ ਤੋਂ ਗਿਆਨੀ ਪਿਆਰਾ ਸਿੰਘ, ਗਿ: ਗੁਰਮੀਤ ਸਿੰਘ ਗੌਰਵ, ਅਰੀਦਮਨਜੀਤ ਸਿੰਘ, ਤੇ ਆਰਟਿਸਟ ਸਾਹਿਬ ਸਿੰਘ, ਸ: ਰਾਜਿੰਦਰ ਸਿੰਘ ਪੁਰੇਵਾਲ, ਸ: ਸੰਤੋਖ ਸਿੰਘ ਸਰਨ ਅਤੇ ਸ: ਅਮਰਪਾਲ ਸਿੰਘ

## ਜੇ ਸਹੀ ਮੁਕਾਬਲਾ ਹੋ ਜਾਵੇ ਤਾਂ ਫਿਰ ਕਹਾਣੀ ਸੁਣਾਉਣ ਵਾਲਾ ਕੋਈ ਨਹੀਂ ਬਚਦਾ ਹੁੰਦਾ .........

ਕਹਿਣ ਦਾ ਭਾਵ ਹੈ ਕਿ ਅਸੀਂ ਇਹਨਾਂ ਕੇਸਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਤੇ ਕਾਨੂੰਨ ਪੜ੍ਹਨਾ ਸ਼ੁਰੂ ਕਰ ਦਿੱਤਾ। ਜੋ ਕੋਈ ਚਲਦੀ ਫਿਰਦੀ ਸਰਕਾਰ ਨਜ਼ਰ ਆਉਂਦੀ ਹੈ ਤਾਂ ਉਹ ਪੁਲਿਸ ਹੈ। ਹੁਣ ਸਮਝ ਵਿਚ ਆਇਆ ਕਿ ਜਿੰਨਾ ਚਿਰ ਪੁਲਿਸ ਨੂੰ ਠੀਕ ਨਹੀਂ ਕੀਤਾ ਜਾਂਦਾ ਓਨਾ ਚਿਰ ਕੁਝ ਨਹੀਂ ਹੋਣਾ। ਇਸ ਲਈ ਅਸੀਂ ਇਹਦੇ ਵਿਰੁੱਧ ਐਜੀਟੇਸ਼ਨ ਕਰ ਰਹੇ ਹਾਂ। ਭਾਵੇਂ ਬਾਬਾ ਰਾਮਦੇਵ ਹੋਵੇ ਚਾਹੇ ਅੰਨਾ ਹਜ਼ਾਰੇ ਹੋਵੇ, ਪੁਲਿਸ ਸਾਰਿਆਂ ਖਿਲਾਫ਼ ਸਖ਼ਤ ਐਕਸ਼ਨ ਲੈਂਦੀ ਹੈ। ਪੰਜਾਬ ਵਿਚ ਵੀ ਲੋਕਾਂ ਨੇ ਆਵਾਜ਼ ਚੁੱਕੀ ਅਧਿਕਾਰਾਂ ਵਾਸਤੇ ਤਾਂ ਇਸ ਨੂੰ ਪੁਲਿਸ ਨੇ ਖ਼ਤਮ ਕੀਤਾ, ਜੇ ਕਸ਼ਮੀਰ ਵਿਚ ਲੋਕਾਂ ਆਵਾਜ਼ ਚੁੱਕੀ ਤਦ ਪੁਲਿਸ ਨੇ ਖਤਮ ਕੀਤਾ, ਮਨੀ ਪੁਰ ਸਾਰੇ ਇਨਕਾਊਂਟਰ ਪੁਲਿਸ ਕਰ ਰਹੀ ਹੈ, ਫੌਜ ਤਾਂ ਕਿਤੇ ਵੀ ਜਵਾਬ ਦੇਹੀ ਹੀ ਨਹੀਂ ਹੈ। ਪੁਲਿਸ ਸਾਡੀ ਬਹੁਤ ਨਿਰਦਈ ਹੈ। ਸਪੈਸ਼ਲ ਪ੍ਰੋਟੈਕਸ਼ਨ



ਡਰਬੀ ਸਿੱਖ ਮਿਊਜ਼ੀਅਮ ਦੇਖਦੇ ਹੋਏ ਅਰੀਦਮਨ ਜੀਤ ਸਿੰਘ, ਸੰਤੋਖ ਸਿੰਘ ਸਰਨ, ਗਿ: ਗੁਰਮੀਤ ਸਿੰਘ ਗੌਰਵ ਅਤੇ ਸ: ਰਾਜਿੰਦਰ ਸਿੰਘ ਪੁਰੇਵਾਲ

ਫੌਜ ਦੀ ਹੁੰਦੀ ਆ, ਪਰ ਇਥੇ ਤਾਂ ਪੁਲਿਸ ਨੂੰ ਫੌਜ ਨਾਲੋਂ ਵੀ ਜਿਆਦਾ ਪ੍ਰੋਟੈਕਸ਼ਨ ਮਿਲੀ ਹੋਈ ਹੈ। ਅਸੀਂ ਇਹ ਕਰ ਰਹੇ ਹਾਂ ਕਿ ਇਹਦੀ ਸਪੈਸ਼ਲ ਪ੍ਰੋਟੈਕਸ਼ਨ ਖ਼ਤਮ ਕੀਤੀ ਜਾਵੇ।

ਕਾਨੂੰਨ ਪੜ੍ਹ ਕੇ ਪਤਾ ਲੱਗਾ ਕਿ ਸਾਰੀ ਜੜ੍ਹ ਹੀ ਜੁਡੀਸ਼ੀਅਰੀ ਹੈ। ਪੁਲਿਸ ਨੂੰ ਸੁਧਾਰਨ ਲਈ ਨਿਆਂ ਪਾਲਿਕਾ ਨੂੰ ਠੀਕ ਕਰਨਾ ਜ਼ਰੂਰੀ ਹੈ। ਇਹ ਸਾਰਾ ਸਿਸਟਮ ਅੰਗਰੇਜ਼ਾਂ ਨੇ ਲੋਕਾਂ ਦੀ ਉੱਠਦੀ ਆਵਾਜ਼ ਨੂੰ ਬੰਦ ਕਰਨ ਲਈ ਸਥਾਪਤ ਕੀਤਾ ਸੀ। ਇਹ ਕਾਨੂੰਨ ਮੈਕਾਲੇ ਨਾਂ ਦੇ ਅੰਗਰੇਜ਼ ਨੇ 1834 ਵਿਚ ਬਣਾਏ ਸਨ।

1984 ਵਿਚ ਸਿੱਖਾਂ ਦੇ ਕਤਲੇਆਮ ਦੇ ਕੇਸ ਦੇਖ ਲਓ, ਕਿਸੇ ਨੂੰ 28 ਸਾਲਾਂ ਵਿਚ ਇਨਸਾਫ਼ ਨਹੀਂ ਮਿਲਿਆ, ਅੱਗੇ ਮਿਲਣਾ ਵੀ ਨਹੀਂ। ਜਿਹੜੀ ਕਮਿਊਨਿਟੀ ਹੱਕਾਂ ਲਈ ਆਵਾਜ਼ ਉਠਾਉਂਦੀ ਹੈ, ਉਹਨੂੰ ਜ਼ਬਰ ਨਾਲ ਬੰਦ ਕਰਵਾਉਂਦੇ ਨੇ, ਸਿਆਸਤਦਾਨਾਂ ਦਾ ਕੋਈ ਧਰਮ ਨਹੀਂ ਹੁੰਦਾ। ਕਾਂਗਰਸ ਕਮਿਊਨਲ ਪਾਰਟੀ ਹੈ, ਇਹਨੇ ਕਮਿਊਨਿਜ਼ਮ ਤੇ ਸਾਰਾ ਕੰਮ ਕਾਜ ਚਲਾਇਆ ਹੋਇਆ ਹੈ। ਬੀ ਜੇ ਪੀ ਅੱਗੇ ਆ ਗਈ, ਉਹ ਕਮਿਊਨਲ ਪਾਰਟੀ ਆ, ਉਹਨੇ ਮੁਸਲਮਾਨਾਂ ਦੀ ਮਸਜਿਦ ਢਾਹ ਦਿੱਤੀ, ਤੇ ਵੋਟਾਂ ਹਾਸਲ ਕਰ ਲਈਆਂ। ਫੇਰ ਖੇਤਰੀ ਪਾਰਟੀਆਂ ਦੇਖ ਲਓ, ਉਥੇ ਸਾਰੇ ਇਕੋ ਫਾਰਮੂਲਾ ਚੱਲਦਾ ਡਿਵਾਈਡ ਐਂਡ ਰੂਲ।

ਮੈਂ ਕਾਨੂੰਨ ਬਦਲਣ ਲਈ ਚੀਫ਼ ਜਸਟਿਸ ਨੂੰ ਚਿੱਠੀ ਲਿਖੀ ਹੈ ਕਿ ਇਹਨਾਂ ਕਾਨੂੰਨਾਂ ਤੇ ਨਜ਼ਰਸਾਨੀ ਕੀਤੀ ਜਾਵੇ। ਐਗਰੀਮੈਂਟ ਕਦੇ ਵੀ ਇਕ ਪਾਸੜ ਨਹੀਂ ਹੁੰਦਾ, ਦੋਵਾਂ ਧਿਰਾਂ ਵਿਚ ਹੁੰਦਾ ਹੈ। ਅੰਗਰੇਜ਼ਾਂ ਦਾ ਐਗਰੀਮੈਂਟ ਇਕ ਪਾਸੜ ਸੀ, ਇਕ ਪਾਸੇ ਸਰਕਾਰ ਤੇ ਦੂਜੇ ਪਾਸੇ ਜਨਤਾ। ਉਹਨਾਂ ਨੇ ਜਨਤਾ ਨੂੰ ਦਬਾਅ ਕੇ ਕੇਵਲ ਮਜ਼ਦੂਰੀ ਕਰਵਾਉਣੀ ਸੀ, ਇਸ ਲਈ ਸਾਰੇ ਕਾਨੂੰਨ ਲੋਕਾਂ ਨੂੰ ਦਬਾਉਣ ਲਈ ਬਣਾਏ, ਤੇ ਉਹੀ ਅੱਜ ਵੀ ਚੱਲੀ ਜਾਂਦੇ ਹਨ। ਇਹਨਾਂ ਨੇ ਵੀ ਟਾਡਾ, ਪੋਟਾ ਵਰਗੇ ਲੋਕਾਂ ਨੂੰ ਦਬਾਉਣ ਵਾਲੇ ਹੀ ਕਾਨੂੰਨ ਬਣਾਏ।

***ਸਵਾਲ– ਇਹਨਾਂ ਵਿਚ ਤਬਦੀਲੀ ਲਿਆਉਣ ਲਈ ਤੁਸੀਂ ਕੀ ਕਰ ਰਹੇ ਹੋ?***

ਜਵਾਬ – ਅਸੀਂ ਲੋਕਾਂ ਨੂੰ ਜਾਗਰਿਤ ਕਰਕੇ ਇਕੱਠੇ ਕਰ ਰਹੇ ਹਾਂ, ਦੱਸ ਰਹੇ ਹਾਂ ਕਿ ਆਪਣੇ ਲੋਕਾਂ ਪ੍ਰਤੀ ਲੋਕਤੰਤਰੀ ਰਾਜ ਦੀਆਂ ਤੇ ਪੁਲਿਸ ਦੀਆਂ ਕੀ ਡਿਊਟੀਆਂ ਹਨ। ਪੁਲਿਸ ਆਪਣੀ ਕਾਰਗੁਜ਼ਾਰੀ ਲਈ ਕਿਸੇ ਅੱਗੇ ਤਾਂ ਜਵਾਬ ਦੇਹ ਹੋਣੀ ਚਾਹੀਦੀ ਹੈ। ਅਸੀਂ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿਚ ਲੋਕਾਂ ਨੂੰ ਇਕੱਠੇ ਕਰਕੇ ਮੀਟਿੰਗਾਂ ਕਰਦੇ ਹਾਂ, ਵਿਚ ਸਿਆਸਤਦਾਨਾਂ ਤੇ ਪੁਲਿਸ ਅਫ਼ਸਰਾਂ ਨੂੰ ਵੀ ਬਿਠਾਉਂਦੇ ਹਾਂ। ਸਾਡੀ ਸੰਸਥਾ ਵਿਚ ਜਿੰਨੇ ਵੀ ਵਲੰਟੀਅਰ ਸੇਵਾਦਾਰ ਹਨ, ਉਹ ਗੈਰ ਸਿਆਸੀ ਬੰਦੇ ਹਨ। ਕੋਈ ਵੀ ਪੁਲਿਟੀਕਲ ਬੰਦਾ ਵਿਚ ਨਹੀਂ ਰੱਖਾਂਗੇ। ਇਸ ਵੇਲੇ ਜਨਤਾ ਵੋਟ ਪਾਉਣ ਤੋਂ ਵੱਧ ਸਿਆਸਤ ਵਿਚ ਕੋਈ ਭਾਗ ਨਹੀਂ ਲੈਂਦੀ। ਭਾਰਤ ਦੀਆਂ ਸਿਆਸੀ ਤਾਕਤਾਂ ਹੋਰ ਤਾਕਤ ਹਾਸਲ ਕਰਨ ਲਈ ਕਾਨੂੰਨ ਬਣਾਈ ਜਾਂਦੀਆਂ ਹਨ। ਉਥੇ 166 ਸਿਆਸਤਦਾਨ ਅਪਰਾਧੀ ਕਿਸਮ ਦੇ ਹਨ, ਜਿਹਨਾਂ ਤੇ ਰੇਪ ਤੇ ਕਤਲ ਵਰਗੇ ਕੇਸ ਚੱਲ ਰਹੇ ਹਨ। ਉਹਨਾਂ ਦਾ ਵਿਦਿਅਕ ਪੱਧਰ ਬਹੁਤ ਹੀ ਨੀਵਾਂ ਹੈ।

***ਸਵਾਲ – ਉਥੋਂ ਦੇ ਅਦਾਲਤੀ ਨਿਆਂਇਕ ਪ੍ਰਬੰਧ ਬਾਰੇ ਵੀ ਕੁਝ ਦੱਸੋ ਕੀ ਇਥੇ ਵੀ ਸੁਧਾਰਾਂ ਦੀ ਲੋੜ ਹੈ?***

ਜਵਾਬ – ਉਥੇ ਪਹਿਲਾਂ ਜਿਊਰੀ ਸਿਸਟਮ ਹੁੰਦਾ ਸੀ, ਉਹਨਾਂ ਉਹ ਵੀ ਬੰਦ ਕਰ ਦਿੱਤਾ। ਪਿੱਛੇ ਜਿਹੇ ਇਕ ਨੇਵੀ ਅਫ਼ਸਰ ਦਾ ਬਹੁਤ ਪੁਰਾਣਾ ਕੇਸ ਸੀ, ਇਹ 1960ਵਿਆਂ ਦੀ ਗੱਲ ਹੈ। ਉਸ ਅਫ਼ਸਰ ਨੇ ਆਪਣੀ ਪਤਨੀ ਦੇ ਮਿੱਤਰ ਨੂੰ ਮਾਰਿਆ ਸੀ। ਉਹਦੇ ਕੇਸ ਵਿਚ ਜਿਊਰੀ ਟਰਾਇਲ ਬੰਦ ਕਰ ਦਿੱਤਾ। ਉਹਤੋਂ ਬਾਅਦ ਜਿਊਰੀ ਬੰਦ ਕਰ ਦਿੱਤੀ। ਕੈਨੇਡਾ, ਅਮਰੀ–ਕਾ, ਇੰਗਲੈਂਡ ਤੇ ਯੂਰਪੀਨ ਦੇਸ਼ਾਂ ਜਿਹਨਾਂ ਵਿਚ ਡੈਮੋਕਰੇਸੀ ਸਿਸਟਮ ਹੈਨ ਉਥੇ ਜਿਊਰੀ ਸਿਸਟਮ ਕਾਇਮ ਹੈ। ਸਾਡੇ ਜਿਡਿਊਸ਼ਰੀ ਕਿਸੇ ਅੱਗੇ ਜਵਾਬ ਦੇਹ ਨਹੀਂ ਹੈ।

ਜਿਹੜਾ ਵਕੀਲ ਜੱਜਾਂ ਨੂੰ ਰਿਸ਼ਵਤ ਖੁਆ ਪਿਆ ਦਿੰਦਾ ਹੈ, ਕੁੜੀਆਂ ਸਪਲਾਈ ਕਰ ਦਿੰਦਾ ਹੈ, ਉਹਦੇ ਬੰਦੇ ਦੇ ਹੱਕ ਵਿਚ ਫ਼ੈਸਲਾ ਕਰਵਾ ਲਿਆ ਜਾਂਦਾ। ਹਾਈਕੋਰਟ ਤੱਕ ਦੇ ਜੱਜ ਇਸ ਤਰ੍ਹਾਂ ਫ਼ੈਸਲੇ ਕਰਦੇ ਹਨ।

ਦਿੱਲੀ ਹਾਈਕੋਰਟ ਦਾ ਇਕ ਜੱਜ ਅਜਿਹੇ ਕੇਸ ਵਿਚ ਫੜਿਆ ਗਿਆ ਸੀ। ਮਤਲਬ ਕਿ ਪਟਨਾ ਹਾਈਕੋਰਟ ਦਾ ਵਕੀਲ ਦਿੱਲੀ ਆਉਂਦਾ ਹੈ, ਸਾਡੇ ਨਾਲ ਭਾਗ ਲੈਂਦਾ ਹੈ, ਅਸੀਂ ਝੂਠੇ ਪੁਲਿਸ ਮੁਕਾਬਲਿਆਂ ਬਾਰੇ ਗੱਲਾਂ ਕਰ ਰਹੇ ਹਾਂ। ਉਹ ਕਹਿੰਦਾ ਮੇਰਾ ਭਰੋਸਾ ਆਹ ਵੇ ਕਿ ਜਿਹੜਾ ਬੰਦਾ ਆਹ ਚੀਜ਼ਾਂ ਕਰ ਸਕਦਾ ਵੇ, ***ਬਾਕੀ ਹਿੱਸਾ ਸਫ਼ਾ 68 ਤੇ ਦੇਖੋ***

**ਇੰਟਰਵਿਊ ਸਫ਼ਾ 67 ਦੀ ਬਾਕੀ**

ਉਹ ਸਫਲ ਹੈ ਤੇ ਮੈਂ ਜਿੰਨਾ ਮਰਜ਼ੀ ਕਨਫੀਡੈਂਟ ਹੋਵਾਂ, ਅਗਰ ਮੈਂ ਖੁਆ ਪਿਆ ਨਹੀਂ ਸਕਦਾ, ਆਹ ਸਾਰਾ ਕੁਝ ਸਪਲਾਈ ਨਹੀਂ ਕਰ ਸਕਦਾ ਤਾਂ ਮੈਂ ਨਿਆਂ ਨਹੀਂ ਲੈ ਸਕਦਾ । ਅਲਾਹਾਬਾਦ ਦਾ ਇਕ ਜੱਜ ਪਿੱਛੇ ਜਿਹੇ ਫੜਿਆ ਗਿਆ ਸੀ ਪਲਾਟਾਂ ਆਦਿ ਦੇ ਕੇਸ ਵਿਚ । ਅਸੀਂ ਇਕ ਸੀ ਬੀ ਆਈ ਦੇ ਅਫ਼ਸਰ ਦਾ ਕੇਸ ਕੀਤਾ । ਸੀ ਬੀ ਆਈ ਏਜੰਸੀ ਸਭ ਨਾਲੋਂ ਜਿਆਦਾ ਭ੍ਰਿਸ਼ਟ ਹੈ । ਇਹਦੇ ਵਿਚ ਪ੍ਰੋਫ਼ੈਸ਼ਨਲਿਜ਼ਮ ਕੁਝ ਨਹੀਂ ਹੈਗਾ, ਉਹੀ ਆਈ ਪੀ ਅਫ਼ਸਰ ਹੁੰਦੇ ਨੇ ਇਹਦੇ ਵਿਚ ਜਿਹੜੇ ਆਮ ਹਨ ।

***ਸਵਾਲ – ਤੁਹਾਡੇ ਕੰਮ ਵਿਚ ਪੁਲਿਸ ਤੇ ਪ੍ਰਸ਼ਾਸਨ ਕੋਈ ਰੁਕਾਵਟ ਨਹੀਂ ਪਾਉਂਦੇ ?***

ਜਵਾਬ – ਅਸੀਂ ਪਿੱਛੇ ਜਿਹੇ ਕੁਰੁਕਸ਼ੇਤਰ ਵਿਚ ਇਕ ਲਾਬੀ ਪ੍ਰੋਗਰਾਮ ਰੱਖਿਆ ਸੀ, ਜਿਸ ਵਿਚ ਪੁਲਿਸ ਵਾਲਿਆਂ ਨੂੰ ਵੀ ਸ਼ਾਮਿਲ ਕੀਤਾ ਸੀ । ਅਸੀਂ ਪੁਲਿਸ ਮੁਲਾਜ਼ਮਾਂ ਨੂੰ ਵੀ ਦੱਸਦੇ ਹਾਂ ਕਿ ਤੁਹਾਨੂੰ ਵਰਤਿਆ ਜਾ ਰਿਹਾ ਹੈ, ਤੁਹਾਡਾ ਸ਼ੋਸ਼ਣ ਕੀਤਾ ਜਾ ਰਿਹਾ ਹੈ । ਇਸ ਤਰ੍ਹਾਂ ਉਹ ਸਾਡੇ ਨਾਲ ਰਲ ਵੀ ਰਹੇ ਹਨ । ਆਈ ਪੀ ਐਸ ਅਫ਼ਸਰ ਹੀ ਸਾਰੀ 99% ਫੋਰਸ ਨੂੰ ਚਲਾ ਰਹੇ ਹਨ ।

ਇੰਡੀਅਨ ਪੁਲਿਸ ਦਾ ਭਰਤੀ ਸਿਸਟਮ ਗਲਤ ਹੈ, ਇਹਨਾਂ ਦੀ ਕੋਈ ਜਾਂਚ ਨਹੀਂ ਹੁੰਦੀ, ਬਥੇਰਾ ਕਿਹਾ ਪਰ ਉਥੇ ਕੌਣ ਸੁਣਦਾ ਹੈ! ਕਿੰਨੀ ਅਪਰਾਧੀ ਕਿਸਮ ਦੇ ਲੋਕ ਇਸ ਵਿਚ ਆ ਗਏ ਨੇ, ਕੇ ਪੀ ਐਸ ਗਿੱਲ ਕ੍ਰਿਮੀਨਲ ਮਾਈਂਡਿਡ ਬੰਦਾ, ਕਿੰਨੇ ਚੁੱਕ ਕੇ ਕੇ ਬੰਦੇ ਇਹਨੇ ਮਰਵਾਏ ਨੇ । ਲੇਡੀ ਅਫ਼ਸਰ ਰੂਪਨ ਦਿਓਲ ਦੇ ਚਿੱਤੜਾਂ ਤੇ ਇਹਨੇ ਚੂੰਢੀ ਵੱਢੀ । ਉਹਦਾ ਮੁੰਡਾ ਖੁਦ ਆਈ ਜੀ ਕੇਡਰ ਦਾ ਅਫ਼ਸਰ ਹੈ, ਜਿਸ ਜਨਾਨੀ ਦਾ ਮੁੰਡਾ ਏਨਾ ਵੱਡਾ ਅਫ਼ਸਰ ਹੈ ਤੇ ਉਸ ਨੂੰ ਭਾਰਤੀ ਅਦਾਲਤਾਂ ਕੋਲੋਂ ਨਿਆਂ ਲੈਣ ਲਈ 18 ਸਾਲ ਲੱਗਦੇ ਹਨ । ਤੇ ਉਸ ਅਪਰਾਧੀ ਨੂੰ ਸਜ਼ਾ ਵੀ ਕੀ ਮਿਲਦੀ ਹੈ ਕੇਵਲ 3 ਮਹੀਨੇ ਲਈ ਘਰ ਵਿਚ ਨਜ਼ਰਬੰਦ, ਕਿ ਬਈ ਇਹ ਪਬਲਿਕ ਵਿਚ ਤਿੰਨ ਮਹੀਨੇ ਲਈ ਜਾ ਨਹੀਂ ਸਕੇਗਾ ।

ਇਸੇ ਤਰ੍ਹਾਂ ਐਸ ਪੀ ਰਾਠੌਰ ਏ, ਉਹ ਬੰਦਾ 14 ਸਾਲ ਦੀ ਲੜਕੀ ਨੂੰ ਮੋਲਿਸਟ ਕਰਦਾ ਹੈ । ਕੁੜੀ ਆਤਮ ਹੱਤਿਆ ਕਰ ਲੈਂਦੀ ਹੈ । ਪੁਲਿਸ ਆਫ਼ਸਰ ਨੂੰ ਡਾਇਰੈਕਟਰ ਜਨਰਲ ਬਣਾ ਦਿੱਤਾ ਜਾਂਦਾ ਹੈ । ਲੜਕੀ ਦਾ ਕੇਸ ਜਦੋਂ ਉਹਦੇ ਨਜ਼ਦੀਕੀ ਰਿਸ਼ਤੇਦਾਰ ਵੱਲੋਂ ਚੁੱਕਿਆ ਜਾਂਦਾ ਹੈ ਤੇ ਇਹਨੂੰ ਵੀ 18 ਸਾਲ ਬਾਅਦ ਕੇਵਲ 6 ਮਹੀਨੇ ਦੀ ਸਜ਼ਾ ਮਿਲਦੀ ਹੈ । ਆਈ ਪੀ ਨਟਰਾਜਨ 1975 ਬੈਚ ਦਾ ਬੰਦਾ ਡੀ ਆਈ ਜੀ ਸੀ । ਇਕ ਜਨਾਨੀ ਉਹਦੇ ਕੋਲ ਜਾਂਦੀ ਹੈ ਕਿ ਤੁਹਾਡੇ ਪੁਲਿਸ ਅਫ਼ਸਰ ਮੇਰਾ ਜਿਨਸੀ ਸ਼ੋਸ਼ਣ ਕਰ ਰਹੇ ਹਨ, ਤਾਂ ਉਹ ਅਫ਼ਸਰ ਖੁਦ ਵੀ ਉਹਦੇ ਨਾਲ ਉਹੀ ਕੰਮ ਸ਼ੁਰੂ ਕਰ ਦਿੰਦਾ ਹੈ । ਆਰ ਕੇ ਸ਼ਰਮਾ, ਇੰਡੀਅਨ ਐਕਸਪ੍ਰੈਸ ਦੀ ਜਰਨਲਿਸਟ ਸ਼ਿਵਾਨੀ ਭਟਨਾਗਰ ਦੇ ਕੇਸ ਵਿਚ ਸ਼ਾਮਿਲ ਸੀ ਉਸ ਨੂੰ ਗਰਭਵਤੀ ਕਰ ਦਿੱਤਾ, ਸ਼ਿਵਾਨੀ ਜੋਰ ਪਾ ਰਹੀ ਸੀ ਕਿ ਵਿਆਹ ਕਰ, ਪਰ ਸ਼ਰਮੇ ਨੇ ਸ਼ਿਵਾਨੀ ਨੂੰ ਕਤਲ ਕਰਵਾ ਦਿੱਤਾ । ਉਹ ਜੇਹਲ ਵਿਚ ਰਿਹਾ ਹੈ।

ਮੈਂ ਹੋਮ ਮਨਿਸਟਰੀ ਨੂੰ ਲਿਖਿਆ ਕਿ ਘੱਟੋ ਘੱਟ ਆਈ ਪੀ ਐਸ ਅਫ਼ਸਰਾਂ ਦਾ ਤਾਂ ਸੀ ਆਰ ਬੀ ਚੈੱਕ ਹੋਵੇ, ਉਹਨਾਂ ਦੀ ਸਪੈਸ਼ਲਾਈਜ਼ੇਸ਼ਨ ਚੈੱਕ ਹੋਵੇ ।

ਹਰਿਆਣੇ ਦੇ ਪੁਲਿਸ ਮੁਖੀ ਵੱਲੋਂ ਸਾਡੇ ਕੰਮ ਵਿਚ ਰੁਕਾਵਟ ਪਾਈ ਗਈ ਸੀ । ਕਹਿੰਦਾ ਤੁਹਾਨੂੰ ਇਹ ਇਕੱਠ ਕਰਨ ਲਈ ਮਨਜ਼ੂਰੀ ਲੈਣੀ ਪੈਣੀ ਹੈ । ਤੁਸੀਂ ਤਾਂ ਲੋਕਾਂ ਵਿਚ ਇੰਝ ਕਰਕੇ ਵਿਦਰੋਹ ਪੈਦਾ ਕਰ ਦਿਓਗੇ । ਤੁਸੀਂ ਸਿਆਸਤਦਾਨਾਂ ਨੂੰ ਨਾ ਦੱਸੋ ਕਿ ਸਾਫ਼ ਸੁੱਥਰਾ ਰਾਜ ਕਿਵੇਂ ਦੇਣਾ ਹੈ । ਇਹ ਕੰਮ ਤੁਸੀਂ ਆਗਿਆ ਤੋਂ ਬਿਨਾ ਨਹੀਂ ਕਰ ਸਕਦੇ । ਅਸੀਂ ਕਿਹਾ ਅਸੀਂ ਤਾਂ ਲੋਕਾਂ ਨੂੰ ਜਾਣਕਾਰੀ ਦੇ ਕੇ ਜਾਗਰਿਤ ਕਰਨਾ ਹੈ । ਪੁਲਿਸ ਅਫ਼ਸਰ ਨਹੀਂ ਚਾਹੁੰਦੇ ਕਿ ਸਿਆਸਤਦਾਨਾਂ ਨੂੰ ਕੋਈ ਜਾਣਕਾਰੀ ਹੋਵੇ । ਅਸੀਂ ਇਹ ਕਾਰਵਾਈ ਪੁਲਿਸ ਤੇ ਪ੍ਰਸ਼ਾਸਨ ਨੂੰ ਦੱਸ ਕੇ ਹੀ ਕਰਦੇ ਹਾਂ । ਸਰਕਾਰ ਦੇ ਐਮ ਪੀ ਤੇ ਐਮ ਐਲ ਏ ਵੀ ਸੱਦਦੇ ਹਾਂ । ਸਰਕਾਰ ਤੇ ਪ੍ਰਸ਼ਾਸਨ ਦੇ ਨੁਮਾਇੰਦੇ ਬਿਠਾ ਕੇ ਇਹ ਕੰਮ ਕਰਦੇ ਹਾਂ ।

ਸਾਡੀ ਸੰਸਥਾ ਵਿਚ ਬਾਹਰਲੇ ਦੇਸ਼ਾਂ ਦੇ ਨੁਮਾਇੰਦੇ ਵੀ ਕੰਮ ਕਰਦੇ ਹਨ । ਉਹਨੇ ਮਨਿਸਟਰੀ ਨਾਲ ਗੱਲਬਾਤ ਕਰਕੇ ਸਾਨੂੰ ਹਰਿਆਣੇ ਵਿਚ ਦਾਖਲ ਹੋਣ ਤੋਂ ਰੋਕ ਦਿੱਤਾ । 7 ਫਰਵਰੀ ਨੂੰ ਸਾਡੀ ਮੀਟਿੰਗ ਸੀ, ਪਰ ਉਹਨੇ ਕਹਿ ਦਿੱਤਾ ਕਿ 18 ਫਰਵਰੀ ਤੱਕ ਅਫ਼ਸਰ ਵਿਹਲਾ ਹੀ ਨਹੀਂ ਹੈ । ਨਾਲ ਹੀ ਉਹਨੇ ਮੇਰੇ ਸਾਥੀਆਂ ਨੂੰ ਡਰਾ ਦਿੱਤਾ ਕਿ ਇਹ ਵਿਸ਼ਾ ਬਹੁਤ ਹੀ ਨਾਜ਼ੁਕ ਹੈ । ਉਹਨਾਂ ਸਿੱਧਾ ਮੈਨੂੰ ਵੀ ਆਪਣੇ ਸਟੈਨੋ ਰਾਹੀਂ ਆਖਿਆ ਕਿ ਜੇ ਮੈਂ ਹਰਿਆਣਾ ਵਿਚ ਬਿਨਾ ਆਗਿਆ ਦਾਖਲ ਹੋਇਆ ਤਾਂ ਗ੍ਰਿਫ਼ਤਾਰ ਵੀ ਕੀਤਾ ਜਾ ਸਕਦਾ ਹੈਂ ।

ਸੋ ਇਸ ਤਰ੍ਹਾਂ ਇਹ ਸਰਕਾਰ ਨਾਲ ਪੰਗਾ ਲੈਣ ਵਾਲੀ ਗੱਲ ਹੈ । ਇਹ ਕੰਮ ਔਖਾ ਬਹੁਤ ਹੈ । ਇਹ ਪ੍ਰੋਗਰਾਮ ਫਿਰ ਲੇਟ ਹੋ ਗਿਆ । ਅਖ਼ਬਾਰਾਂ ਤੇ ਮੀਡੀਆ ਵੀ ਕਈ ਵਾਰ ਅਜਿਹੀ ਹਾਲਤ ਵਿਚ ਡਰ ਜਾਂਦਾ ਹੈ । ਤੇ ਉਹ ਸਾਡੀ ਅਜਿਹੀ ਖ਼ਬਰ ਛਾਪਣ ਨੂੰ ਤਿਆਰ ਨਹੀਂ । ਇਕ ਜਰਨਲਿਸਟ ਸੰਜੇ ਸ਼ਰਮਾ ਹੈ ਉਹਨੇ ਵੀ ਸਾਡੀ ਧਮਕੀ ਵਾਲੀ ਖ਼ਬਰ ਨਹੀਂ ਛਾਪੀ ਬਲਕਿ ਬਦਲ ਕੇ ਥੋੜ੍ਹੀ ਬਹੁਤੀ ਵੱਖਰੇ ਢੰਗ ਨਾਲ ਖ਼ਬਰ ਛਾਪ ਦਿੱਤੀ ।

ਭਾਰਤੀ ਪੁਲਿਸ ਤਾਂ ਆਮ ਬੰਦਿਆਂ ਨੂੰ ਮਾਰ ਸਕਦੀ ਹੈ, ਇਹ ਮੁਕਾਬਲੇ 'ਚ ਕਾਮਯਾਬ ਨਹੀਂ ਹੈ । ਮੁੰਬਈ ਅੱਤਵਾਦੀ ਆਏ । ਇਹਨਾਂ ਦੇ ਬੰਦਿਆਂ ਤੋਂ ਕੋਈ ਗੋਲੀ ਨਹੀਂ ਚੱਲੀ । ਇਹ ਤਾਂ ਅੰਦਰ ਬੈਠ ਕੇ ਬੋਰਡ ਦੇ ਲੀਕਾਂ ਵਾਹ ਕੇ ਟਰੇਨਿੰਗ ਲੈਂਦੇ ਹਨ । ਇਹ ਕਮਿਸ਼ਨਰ ਆਦਿ ਜਿੰਨੇ ਆਈ ਪੀ ਐਸ ਅਫ਼ਸਰ ਨੇ ਇਹ ਕਾਗਜ਼ਾਂ ਵਿਚ ਤੈਰਨਾ ਸਿੱਖਦੇ ਹਨ । ਪਰ ਜਦੋਂ ਅਸਲ ਵਿਚ ਤਰਨਾ ਪੈਂਦਾ ਹੈ ਤਾਂ ਇਹ ਡੁੱਬ ਕੇ ਮਰ ਜਾਂਦੇ ਹਨ ।

ਡੀ ਜੀ ਪੀ ਸੈਣੀ ਨਹੀਂ ਜਾਣਦਾ ਕਿ ਕੀ ਕਰਨਾ ਹੈ । ਆਹ ਤਾਂ ਪੋਸਟਾਂ ਵਧਾ ਕੇ ਲੋਕਾਂ ਉੱਤੇ ਭਾਰ ਵਧਾਇਆ ਹੋਇਆ ਹੈ । ਬ੍ਰਿਗੇਡੀਅਰ ਦੇ ਕੋਲ 3 ਹਜ਼ਾਰ ਬੰਦਾ ਹੁੰਦਾ ਹੈ । ਸਾਰਾ ਅਪ੍ਰੇਸ਼ਨ ਪਲੈਨ ਹੁੰਦਾ ਹੈ । ਦੂਜੇ ਪਾਸੇ ਡੀ ਆਈ ਜੀ ਉਹਦੇ ਬਰਾਬਰ ਸਥਾਪਤ ਕੀਤਾ ਹੈ, ਪਰ ਇਹਦੇ ਕੋਲ ਅਪ੍ਰੇਸ਼ਨ ਪਲੈਨ ਕੋਈ ਨਹੀਂ, ਨਾ ਹੀ ਕੋਈ ਅਕਾਊਂਟਅਬਿਲਟੀ ਹੈ । ਇਹ ਅਫ਼ਸਰ ਕੀ ਕਰਦੇ ਆ ਬਈ ਸਿਆਸਤਦਾਨਾਂ ਨੂੰ ਗੰਨ ਮੈਨ ਦੇ ਛੱਡਦੇ ਆ, ਸਕਿਊਰਿਟੀ ਵਾਸਤੇ । ਉਂਝ ਉਹਨਾਂ ਨੇ ਆਪ ਕੋਲੋਂ ਖਰਚ ਕਰਕੇ ਰੱਖਣੇ ਸਨ, ਹੁਣ ਮੁਫ਼ਤ ਸਰ ਗਿਆ ।

ਸਾਡੀ ਕੋਸ਼ਿਸ਼ ਹੈ ਕਿ ਸਾਰੇ ਭਾਰਤੀ ਭਾਈਚਾਰੇ ਨੂੰ ਏਨਾ ਜਾਗਰਿਤ ਕਰ ਦਿੱਤਾ ਜਾਵੇ ਕਿ ਉਹਨਾਂ ਨੂੰ ਕਾਨੂੰਨਾਂ ਬਾਰੇ ਪਤਾ ਹੋਵੇ, ਤੇ ਪੁਲਿਸ ਵਾਲਿਆਂ ਦੀ ਸਹੀ ਟਰੇਨਿੰਗ ਹੋਵੇ, ਸਿਆਸਤਦਾਨ ਲੋਕਾਂ ਦੀ ਦੇਖ ਭਾਲ ਅਤੇ ਭਲਾਈ ਵਾਲੇ ਕਾਨੂੰਨ ਬਨਾਉਣ ਨਾ ਕਿ ਉਹਨਾਂ ਨੂੰ ਗੁਲਾਮ ਬਨਾਉਣ ਵਾਲੇ ।

***ਸਵਾਲ – ਅਰੀਦਮਨ ਜੀਤ ਸਿੰਘ ਜੀ ਯੂ ਕੇ ਵਾਸੀਆਂ ਨੂੰ ਕੀ ਸੁਨੇਹਾ ਦੇਣਾ ਚਾਹੁੰਦੇ ਹੋ ?***

ਜਵਾਬ – ਤੁਸੀਂ ਏਥੇ ਕਿੰਨਾ ਵਧੀਆ ਕੰਮ ਕਰ ਰਹੇ ਹੋ । ਸਿੱਖ ਅਜਾਇਬ ਘਰ ਬਣਾਇਆ ਹੈ, ਇਤਿਹਾਸਕ ਖਜ਼ਾਨਾ ਇਕੱਠਾ ਕਰ ਰਹੇ ਹੋ, ਹੁਣ ਸ਼ਹੀਦੀ ਯਾਦਗਾਰ ਬਣਾ ਰਹੇ ਹੋ । ਇਹੋ ਜਿਹੇ ਕੰਮ ਉਥੇ ਕੌਣ ਕਰਦਾ ਹੈ । ਕਮਿਊਨਿਟੀ ਦੇ ਸਾਂਝੇ ਕੰਮਾਂ ਵੱਲ ਵਿਰਾਸਤ ਸੰਭਾਲਣ ਵੱਲ ਕਿਸੇ ਦਾ ਧਿਆਨ ਹੀ ਨਹੀਂ ਹੈ । ਮੇਰਾ ਤੁਹਾਨੂੰ ਸਭ ਨੂੰ ਇਹੀ ਸੁਝਾਅ ਹੈ ਕਿ ਤੁਹਾਡੇ ਕੋਲ ਇਥੇ ਇੰਡੀਆ ਦੇ ਸਿਆਸਤਦਾਨ ਆਉਂਦੇ ਰਹਿੰਦੇ ਹਨ, ਤੁਸੀਂ ਜਿਸ ਵੀ ਸਿਆਸੀ ਪਾਰਟੀ ਨੂੰ ਮਦਦ ਦਿਓ ਉਸ ਨੂੰ ਪੁਰਾਣੇ ਕਾਨੂੰਨ ਬਦਲਣ ਲਈ ਜ਼ਰੂਰ ਜ਼ੋਰ ਪਾਓ । ■

# ਅਪਾਹਜ ਆਸ਼ਰਮ ਸਰਾਭਾ ਨੂੰ ਸਮਰਪਿਤ ਸਖਸ਼ੀਅਤ : ਡਾ: ਨੌਰੰਗ ਸਿੰਘ ਮਾਂਗਟ



**ਡਾ: ਨੌਰੰਗ ਸਿੰਘ ਮਾਂਗਟ ਅਪਾਹਜ ਸੁਭਾਸ਼ ਨੂੰ ਆਸ਼ਰਮ ਲਿਜਾਉਣ ਲਈ ਚੁੱਕਦੇ ਹੋਏ ਤੇ ਸਰਾਭਾ ਆਸ਼ਰਮ ਵਿੱਚ ਬੈਠੇ ਲੋੜਵੰਦ ਬਜ਼ੁਰਗ**

ਅਜੋਕੇ ਤੇਜ਼ ਰਫ਼ਤਾਰੀ ਤੇ ਮਤਲਬਪ੍ਰਸਤੀ ਦੇ ਦੌਰ ਵਿੱਚ ਮਨੁੱਖੀ ਕਦਰਾਂ-ਕੀਮਤਾਂ ਤੇ ਇਨਸਾਨੀਅਤ ਸਭ ਮਨਫ਼ੀ ਹੋ ਰਹੇ ਹਨ । ਹਰ ਕੋਈ ਇਕ ਦੂਜੇ ਨੂੰ ਠਿੱਬੀ ਲਗਾ ਕੇ ਵੱਧ ਤੋਂ ਵੱਧ ਧੰਨ ਦੌਲਤ ਇਕੱਠੀ ਕਰਨ ਦੇ ਜੁਗਾੜ ਵਿੱਚ ਲੱਗਿਆ ਹੋਇਆ ਹੈ । ਪੈਸੇ ਦੀ ਇਸ ਅੰਧਾਧੁੰਦ ਲੱਗੀ ਦੌੜ ਵਿੱਚ ਆਪਣਾ ਸੁੱਖ-ਆਰਾਮ, ਲੋਭ-ਲਾਲਚ ਤਿਆਗ ਕੇ ਮਹਾਨ ਗੁਰੂਆਂ ਦੇ ਦਰਸਾਏ ਮਾਰਗ ਤੇ ਚਲਦਿਆਂ ਲੋੜਵੰਦ, ਬੇਸਹਾਰਾ ਅਤੇ ਅਪਾਹਜ ਲੋਕਾਂ ਦੀ ਸੇਵਾ ਸੰਭਾਲ ਤੇ ਮੱਦਦ ਕਰਕੇ ਆਪਣੇ ਆਪ ਨੂੰ ਸੁਖੀ ਤੇ ਸੰਤੁਸ਼ਟ ਮਹਿਸੂਸ ਕਰਨ ਵਾਲੇ ਇਨਸਾਨ ਦਾ ਨਾਂਅ ਹੈ ਡਾ: ਨੌਰੰਗ ਸਿੰਘ ਮਾਂਗਟ ਜਿਸਦਾ ਸਾਰਾ ਸਮਾਂ ਗੁਰੂ ਅਮਰਦਾਸ ਅਪਾਹਜ ਆਸ਼ਰਮ ਸਰਾਭਾ ਵਿੱਚ ਰਹਿੰਦੇ ਲੋੜਵੰਦ ਬਜ਼ੁਰਗਾਂ, ਬੇਸਹਾਰਾ ਅਤੇ ਅਪੰਗ ਲੋਕਾਂ ਦੀ ਮਲੱਮ-ਪੱਟੀ ਤੇ ਉਹਨਾਂ ਦੀ ਸਾਂਭ-ਸੰਭਾਲ ਕਰਦਿਆਂ ਲੰਘਦਾ ਹੈ । ਲੁਧਿਆਣੇ ਜ਼ਿਲ੍ਹੇ ਦੇ ਪਿੰਡ ਜਟਾਣਾ (ਨੇੜੇ ਦੋਰਾਹਾ) ਵਿਖੇ 10 ਫਰਵਰੀ 1951 ਨੂੰ ਮੱਧਵਰਗੀ ਕਿਸਾਨ ਪਿਤਾ ਹਰਨਾਮ ਸਿੰਘ ਤੇ ਮਾਤਾ ਗੁਰਦਿਆਲ ਕੌਰ ਦੇ ਘਰ ਜਨਮੇਂ ਨੌਰੰਗ ਸਿੰਘ ਮਾਂਗਟ ਦੇ ਪਰਿਵਾਰ ਵਿੱਚ ਕੋਈ ਮੈਂਬਰ ਪੜ੍ਹਿਆ-ਲਿਖਿਆ ਨਾ ਹੋਣ ਦੇ ਬਾਵਜੂਦ ਵੀ ਆਪ ਨੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਅੰਕੜਾ ਵਿਗਿਆਨ ਦੀ ਪੀ.ਐਚ.ਡੀ. ਕਰਕੇ ਪੀ.ਏ.ਯੂ. ਲੁਧਿਆਣਾ ਵਿਖੇ ਹੀ ਪ੍ਰੋਫ਼ੈਸਰ ਵਜੋਂ ਲੰਮਾ ਸਮਾਂ ਸੇਵਾ ਨਿਭਾਈ । ਆਪ ਜੀ ਵੱਲੋਂ ਲਿਖੇ ਅਨੇਕਾਂ ਖੋਜ ਭਰਪੂਰ ਪੱਤਰ ਇੰਗਲੈਂਡ, ਕੈਨੇਡਾ, ਅਮਰੀਕਾ, ਜਰਮਨੀ, ਇਟਲੀ ਅਤੇ ਮੈਕਸੀਕੋ ਵਿੱਚ ਪ੍ਰਕਾਸ਼ਿਤ ਹੋਏ । ਡਾ: ਮਾਂਗਟ ਦੀ ਯੋਗਤਾ ਤੇ ਕਾਬਲੀਅਤ ਤੋਂ ਪ੍ਰਭਾਵਿਤ ਹੋ ਕੇ ਇਹਨਾਂ ਨੂੰ ਵਿੰਡਸਰ ਯੂਨੀਵਰਸਿਟੀ ਕੈਨੇਡਾ ਦੇ ਪ੍ਰੋਫ਼ੈਸਰ ਡਾ: ਡੈਰਿਕ ਟਰੇਸੀ ਵੱਲੋਂ ਸੰਨ 1994 ਵਿੱਚ ਵਿਸ਼ੇਸ਼ ਤੌਰ ਤੇ ਕੈਨੇਡਾ ਬੁਲਾਇਆ ਗਿਆ, ਜਿੱਥੇ ਇਹਨਾਂ ਵੱਲੋਂ ਲਿਖੇ ਕਈ ਖੋਜ ਭਰਪੂਰ ਪੇਪਰ ਪ੍ਰਕਾਸ਼ਿਤ ਹੋਏ ।


ਡਾ: ਮਾਂਗਟ ਅਤੇ ਡਾ: ਰਵਿੰਦਰਾ ਸਿੰਘ ਵੱਲੋਂ ਸਾਂਝੇ ਤੌਰ ਤੇ ਲਿਖੀ 'ਐਲੀਮੈਂਟਸ ਆਫ਼ ਸਰਵੇ ਸੈਂਪਲਿੰਗ' ਖੋਜ ਭਰਪੂਰ ਪੁਸਤਕ ਨੂੰ ਕਲੂਵਰ ਐਕਡੈਮਿਕ ਪਬਲਿਸ਼ਰ ਨੀਦਰਲੈਂਡ, ਲੰਡਨ ਅਤੇ ਬੋਸਟਨ (ਅਮਰੀਕਾ) ਵੱਲੋਂ ਧੰਨਵਾਦ ਸਾਹਿਤ ਛਾਪਿਆ ਗਿਆ । ਆਪ 1996 ਵਿੱਚ ਪੀ.ਏ.ਯੂ. ਤੋਂ ਅਸਤੀਫ਼ਾ ਦੇ ਕੇ ਸਕਿਲ ਕੈਟਾਗਰੀ ਅਧੀਨ ਪਰਿਵਾਰ ਸਮੇਤ ਕੈਨੇਡਾ ਚਲੇ ਗਏ । ਉਥੇ ਇਹਨਾਂ ਨੇ ਯੋਗਤਾ ਦੇ ਆਧਾਰ ਤੇ ਸੀਨੀਅਰ ਸਾਇੰਸਦਾਨ ਵਜੋਂ ਮੋਰੀਸਨ ਸਾਇੰਟਿਫਿਕ ਰੀਸਰਚ ਕੰਪਨੀ ਕੈਲਗਰੀ ਵਿੱਚ ਲੰਮਾ ਸਮਾਂ ਆਪਣੀਆਂ ਸੇਵਾਵਾਂ ਦਿੱਤੀਆਂ । ਵੱਖ-ਵੱਖ ਦੇਸ਼ਾਂ ਵਿੱਚ ਇਕ ਸਫਲ ਸਾਇੰਸਦਾਨ ਵਜੋਂ ਲਗਾਤਾਰ 30 ਸਾਲ ਸੇਵਾ ਨਿਭਾਉਣ ਅਤੇ ਪਰਿਵਾਰ ਦੇ ਆਤਮ ਨਿਰਭਰ ਹੋਣ ਉਪਰੰਤ ਆਪ ਜੀ ਦੇ ਮਨ ਵਿੱਚ ਬਾਕੀ ਦੀ ਰਹਿੰਦੀ ਜ਼ਿੰਦਗੀ ਬੇਸਹਾਰਾ, ਅਪੰਗ ਤੇ ਲੋੜਵੰਦ ਲੋਕਾਂ ਦੇ ਲੇਖੇ ਲਾਉਣ ਦੀ ਇੱਛਾ ਪੈਦਾ ਹੋਈ । ਇਸ ਮਿਸ਼ਨ ਦੀ ਪੂਰਤੀ ਲਈ ਡਾ: ਨੌਰੰਗ ਸਿੰਘ ਮਾਂਗਟ ਨੇ ਅੰਮ੍ਰਿਤਸਰ ਪਿੰਗਲਵਾੜੇ ਦੇ ਬਾਨੀ ਭਗਤ ਪੂਰਨ ਸਿੰਘ, ਮਦਰ ਟਰੇਸਾ ਅਤੇ ਹੋਰ ਮਹਾਨ ਪੁਰਸ਼ਾਂ ਦੀਆਂ ਜੀਵਨੀਆ ਪੜ੍ਹੀਆਂ । ਇਹਨਾਂ ਲੋਕਾਂ ਦੇ ਜੀਵਨ ਸੰਘਰਸ਼ ਅਤੇ ਮਿਸ਼ਨ ਤੋਂ ਪ੍ਰੇਰਣਾ ਲੈ ਕੇ ਡਾ: ਮਾਂਗਟ ਨੇ 'ਗੁਰੂ ਅਮਰਦਾਸ ਅਪਾਹਜ ਆਸ਼ਰਮ' ਚੈਰੀਟੇਬਲ ਸੰਸਥਾ ਦੀ ਸਥਾਪਨਾ ਕੀਤੀ । ਇਸ ਸੰਸਥਾ ਦੇ ਵਰਤਮਾਨ ਮੈਂਬਰ ਸੂਬੇਦਾਰ ਗੁਰਦਿਆਲ ਸਿੰਘ ਅੱਬੂਵਾਲ, ਮੇਜਰ ਸਿੰਘ ਦਾਦ, ਹਰਦਮ ਸਿੰਘ ਸਾਬਕਾ ਮੈਨੇਜਰ ਸਟੇਟ ਬੈਂਕ ਆਫ਼ ਇੰਡੀਆ ਤੇ ਗੁਰਜੀਤ ਸਿੰਘ ਮਾਛੀਵਾੜਾ ਗੁਰੂ ਅਮਰਦਾਸ ਅਪਾਹਜ ਆਸ਼ਰਮ ਚਲਾਉਣ ਲਈ ਡਾ: ਮਾਂਗਟ ਨੂੰ ਪੂਰਨ ਸਹਿਯੋਗ ਦੇ ਰਹੇ ਹਨ । ਇਸ ਸੰਸਥਾ ਦਾ ਮੁੱਖ ਉਦੇਸ਼ ਬੇਸਹਾਰਾ, ਲੋੜਵੰਦ ਤੇ ਅਪਾਹਜ਼ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਰੋਟੀ, ਕੱਪੜਾ, ਮਕਾਨ ਦੇ ਨਾਲ ਨਾਲ ਦਵਾਈਆਂ ਦੀ ਸੇਵਾ ਕੀਤੀ ਜਾਂਦੀ ਹੈ । ਇਸ ਟਰੱਸਟ ਦੀ ਸਥਾਪਨਾ ਦੇ ਆਰੰਭ ਵਿੱਚ ਕਈ ਸਾਲ ਡਾ: ਮਾਂਗਟ ਸਾਈਕਲ ਤੇ ਘੁੰਮ-ਫਿਰ ਕੇ ਝੁੱਗੀ-ਝੌਂਪੜੀ ਅਤੇ ਸੜਕਾਂ ਦੇ ਕੰਢੇ ਪਏ ਗਰੀਬ, ਬੇਸਹਾਰਾ ਤੇ ਲੋੜਵੰਦ ਲੋਕਾਂ ਦੀ ਆਪਣੀ ਸਮੱਰਥਾ ਮੁਤਾਬਿਕ ਸਹਾਇਤਾ ਕਰਦੇ ਰਹੇ ਅਤੇ ਫਿਰ ਅਪਾਹਜ ਲੋਕਾਂ ਦੀ ਸਹੂਲਤ ਲਈ ਆਸ਼ਰਮ ਦੀ ਬਿਲਡਿੰਗ ਬਣਾਉਣ ਲਈ ਬਾਲਾ ਜਰਨੈਲ ਸ਼ਹੀਦ ਕਰਤਾਰ ਸਿੰਘ ਦੇ ਜੱਦੀ ਪਿੰਡ ਸਰਾਭਾ ਤੋਂ ਸਹੌਲੀ ਜਾਣ ਵਾਲੀ ਸੜਕ ਤੇ ਜਮੀਨ ਖਰੀਦੀ ਤੇ ਉਸ ਉਪਰ ਆਸ਼ਰਮ ਦੀ ਬਿਲਡਿੰਗ ਬਣਾਉਣ ਦਾ ਕਾਰਜ ਆਰੰਭਿਆ । ਇਹਨਾਂ ਦੀ ਅਣਥੱਕ ਮਿਹਨਤ ਵਜੋਂ ਅੱਜ ਗੁਰੂ ਅਮਰਦਾਸ ਅਪਾਹਜ਼ ਆਸ਼ਰਮ ਸਰਾਭਾ ਦੀ ਬਿਲਡਿੰਗ ਦਾ ਇਕ ਪਾਰਟ ਤਿਆਰ ਹੋ ਚੁੱਕਾ ਹੈ ਜਿੱਥੇ ਅੱਜ ਕਈ ਲੋੜਵੰਦ ਅਪਾਹਜ ਤੇ ਬੇਸਹਾਰਾ ਲੋਕ ਆਪਣਾ ਜੀਵਨ ਨਿਰਵਾਹ ਕਰ ਰਹੇ ਹਨ । ਆਸ਼ਰਮ ਵਿੱਚ ਸਾਫ-ਸਫਾਈ, ਖਾਣ-ਪੀਣ ਤੇ ਡਾਕਟਰੀ ਸਹੂਲਤਾਂ ਦਾ ਖਾਸ ਧਿਆਨ ਰੱਖਿਆ ਜਾਂਦਾ ਹੈ । ਜਦਕਿ ਇਸ ਆਸ਼ਰਮ ਦੀ ਪੂਰੀ ਬਿਲਡਿੰਗ ਮੁਕੰਮਲ ਹੋਣ ਤੇ ਕੋਈ 300 ਦੇ ਕਰੀਬ ਲੋੜਵੰਦ ਇਸ ਵਿੱਚ ਰਹਿ ਸਕਣਗੇ । ਡਾ: ਮਾਂਗਟ ਦੇ ਦੱਸਣ ਅਨੁਸਾਰ 'ਗੁਰੂ ਅਮਰਦਾਸ ਅਪਾਹਜ ਆਸ਼ਰਮ' ਚੈਰੀਟੇਬਲ ਟਰੱਸਟ ਅਧੀਨ ਲਈ ਗਈ ਜਮੀਨ, ਗੱਡੀਆਂ ਅਤੇ ਹੋਰ ਕੀਮਤੀ ਸਮਾਨ ਵਗੈਰਾ ਸਭ ਸੰਸਥਾ ਦੇ ਨਾਂਅ ਤੇ ਹੈ । ਕੁੱਝ ਵੀ ਕਿਸੇ ਵਿਅਕਤੀ ਵਿਸ਼ੇਸ਼ ਦੇ ਨਾਂਅ ਤੇ ਨਹੀਂ ਹੈ । ਰਾਇਲ ਸਟੈਟਿਸਟੀਕਲ ਸੁਸਾਇਟੀ ਲੰਡਨ ਦੇ ਸਾਬਕਾ ਫੈਲੋ ਡਾ: ਨੌਰੰਗ ਸਿੰਘ ਮਾਂਗਟ ਦੇ ਦੱਸਣ ਅਨੁਸਾਰ ਉਸ ਵੱਲੋਂ ਈਜ਼ਾਦ ਕੀਤੀਆਂ ਕਈ ਤਕਨੀਕਾਂ ਵਿਦੇਸ਼ੀ ਮੁਲਕਾਂ ਦੇ ਸਾਇੰਸਦਾਨਾਂ ਵੱਲੋਂ ਆਪਣੀਆਂ ਕਿਤਾਬਾਂ ਵਿੱਚ ਛਾਪੀਆਂ ਜਾ ਚੁੱਕੀਆਂ ਹਨ ।

ਡਾ: ਮਾਂਗਟ ਦੇ ਕਹਿਣ ਅਨੁਸਾਰ ਉਹ ਇਹ ਸਾਰੇ ਲੋਕ ਸੇਵਾ ਤੇ ਸਮਾਜ ਭਲਾਈ ਦੇ ਕੰਮ ਆਪਣੀ ਪਤਨੀ ਪਰਮਜੀਤ ਕੌਰ ਸਾਬਕਾ ਅਧਿਆਪਕਾ ਬਾਬਾ ਈਸ਼ਰ ਸਿੰਘ ਪਬਲਿਕ ਸਕੂਲ ਲੁਧਿਆਣਾ ਦੇ ਸਹਿਯੋਗ ਨਾਲ ਕਰ ਸਕਿਆ ਹੈ । ਡਾ: ਨੌਰੰਗ ਸਿੰਘ ਮਾਂਗਟ ਨੇ ਦੱਸਿਆ ਕਿ ਸਾਨੂੰ ਜਿੱਥੇ ਕਿਤੇ ਵੀ ਕੋਈ ਅਪਾਹਜ, ਬੇਸਹਾਰਾ ਤੇ ਲੋੜਵੰਦ ਬਜ਼ੁਰਗ ਮਿਲਦਾ ਹੈ ਜਾਂ ਦੱਸ ਪੈਂਦੀ ਹੈ ਤਾਂ ਅਸੀਂ ਉਸ ਲੋੜਵੰਦ ਨੂੰ ਆਸ਼ਰਮ ਵਿੱਚ ਲਿਆ ਕੇ ਘਰ ਪਰਿਵਾਰ ਵਾਲਾ ਮਾਹੌਲ, ਖਾਣਾ, ਰਹਿਣਾ ਦੇਣ ਦੀ ਕੋਸ਼ਿਸ਼ ਕਰਦੇ ਹਾਂ । ਡਾ: ਮਾਂਗਟ ਅੱਜ ਕੱਲ ਕੈਲਗਰੀ (ਕੈਨੇਡਾ) ਰਹਿੰਦੇ ਆਪਣੇ ਪਰਿਵਾਰ ਨੂੰ ਦੋ ਮਹੀਨੇ ਲਈ ਮਿਲਣ ਗਏ ਹੋਏ ਹਨ। ਉਹਨਾਂ ਨਾਲ ਫੋਨ ਨੰ: ੪੦੩-੫੯੦-੧੪੬੩ ਤੇ ਸੰਪਰਕ ਕੀਤਾ ਜਾ ਸਕਦਾ ਹੈ।

***ਪੇਸ਼ਕਸ਼; ਜਗਦੇਵ ਸਿੰਘ ਗੁੱਜਰਵਾਲ***

# ਘੂਕ ਸੁੱਤੀਆਂ ਯਾਦਾਂ ਦੀ ਜਾਗ


ਤਰਲੋਚਨ ਸਿੰਘ
ਦੁਪਾਲਪੁਰ, ਯੂ ਐਸ ਏ
ਸਾਬਕਾ ਸ਼੍ਰੋ: ਗੁ: ਪ੍ਰ:
ਕਮੇਟੀ ਮੈਂਬਰ



ਸੰਪਰਕ : 001-408-915-1268
Email : tsdupalpuri@yahoo.com


ਪੂਰੀ ਇਮਾਨਦਾਰੀ ਨਾਲ ਪਹਿਲੋਂ ਇਹ ਸੱਚ-ਸੱਚ ਦੱਸ ਦਿਆਂ ਕਿ ਇਸ ਲਿਖਤ ਵਿੱਚ ਆਪਣੇ ਸਾਹਿਤਕ ਸਨੇਹ ਦੇ ਦੋ ਵਾਕਿਆ ਜੋ ਪਾਠਕਾਂ ਅੱਗੇ ਰੱਖ ਰਿਹਾ ਹਾਂ, ਉਸ ਦਾ ਇਹ ਮਤਲਬ ਹਰਗਿਜ਼ ਨਹੀਂ ਕਿ ਮੈਂ ਆਪਣੀ ਕਿਸੇ ਚਤੁਰਤਾ ਜਾਂ ਆਪਣੇ 'ਅਕਲ-ਮੰਦ' ਹੋਣ ਦਾ ਪ੍ਰਗਟਾਵਾ ਕਰਨਾ ਚਾਹੁੰਦਾ ਹਾਂ। ਅਜਿਹਾ ਕਰਨਾ ਮੂਰਖਤਾ ਦੀ ਨਿਸ਼ਾਨੀ ਹੁੰਦੀ ਹੈ। ਬੱਸ, ਇਹਨਾਂ ਨੂੰ ਮਹਿਜ਼ ਇਤਫਾਕ ਨਾਲ ਹੋਏ ਅਸਚਰਜ ਮੌਕਾ-ਮੇਲ ਹੀ ਕਿਹਾ ਜਾ ਸਕਦਾ ਹੈ। ਇਹਦੇ 'ਚ ਕੋਈ ਹਉਮੈ ਜਾਂ ਵਡਿਆਈ ਦੀ ਗੱਲ ਨਹੀਂ। ਹਾਂ, ਆਪਣੀ ਯਾਦ-ਦਾਸ਼ਤ ਉੱਤੇ ਭੋਰਾ ਕੁ ਜਿੰਨਾ ਫ਼ਖਰ ਕਰਨ ਦੀ ਗੁਸਤਾਖੀ ਜ਼ਰੂਰ ਕਰਨੀ ਚਾਹਾਂਗਾ। ਉਮੀਦ ਹੈ ਕਿ ਪਾਠਕ-ਜਨ ਸਾਰਾ ਲੇਖ ਪੜਨ ਉਪਰੰਤ ਮੈਨੂੰ ਏਨੀ ਕੁ ਖੁੱਲ ਜ਼ਰੂਰ ਦੇ ਦੇਣਗੇ।

ਕਿਤੇ ਵੀ ਛਪੀ ਹੋਈ ਕੋਈ ਵਧੀਆ ਲੇਖਣੀ ਪੜ ਕੇ ਉਸ ਦੇ ਲੇਖਕ ਨਾਲ ਸੰਪਰਕ ਕਰਨ ਦੀ 'ਖੋਟੀ ਆਦਤ' ਮੈਨੂੰ ਮੁੱਢੋਂ ਹੀ ਪਈ ਹੋਈ ਹੈ; ਉਦੋਂ ਦੀ, ਜਦੋਂ ਹਾਲੇ ਟੈਲੀਫੋਨ ਦੀ ਵਰਤੋਂ ਆਮ ਨਹੀਂ ਸੀ ਹੋਈ। ਉਨਾਂ ਦਿਨਾਂ ਵਿੱਚ ਮੈਂ ਕਵੀਆਂ-ਲੇਖਕਾਂ ਨੂੰ ਹੱਥੀਂ ਚਿੱਠੀਆਂ ਲਿਖਿਆ ਕਰਦਾ ਸਾਂ। ਇਹ 'ਰੋਗ' ਫਿਰ ਵੱਖ-ਵੱਖ ਅਖ਼ਬਾਰਾਂ-ਮੈਗਜ਼ੀਨਾਂ ਦੇ 'ਸੰਪਾਦਕ ਦੀ ਡਾਕ' ਕਾਲਮ ਨੂੰ ਖ਼ਤ ਲਿਖਣ ਤੱਕ ਵਧ ਗਿਆ। ਅਮਰੀਕਾ ਆ ਕੇ 'ਨੈੱਟ' ਅਤੇ ਫੋਨ ਦੀ ਖੁੱਲੀ ਸਹੂਲਤ ਮਿਲਣ ਸਦਕਾ ਮੇਰੇ ਸ਼ੌਕ ਦਾ ਦਾਇਰਾ ਕੌਮਾਂਤਰੀ ਹੋ ਗਿਆ। ਕਿਸੇ ਲੇਖਕ ਦੀ ਰਚਨਾ ਬਾਰੇ ਉਸ ਦੀ ਨੁਕਤਾਚੀਨੀ ਕਰਨੀ ਜਾਂ ਲਿਖਾਰੀ ਦੀ ਹੌਸਲਾ-ਅਫ਼ਜ਼ਾਈ ਕਰਨੀ ਮੇਰੇ ਲਈ ਸੁਖਾਲੀ ਹੋ ਗਈ। ਕਿਸੇ ਮਜਬੂਰੀ ਅਧੀਨ ਨਹੀਂ, ਸਗੋਂ ਸਵੈ-ਸਿਰਜੇ ਫਰਜ਼ ਮੁਤਾਬਕ ਅਜਿਹਾ ਕਰਦਿਆਂ ਮੈਨੂੰ ਮਾਨਸਿਕ ਤਸੱਲੀ ਮਿਲਦੀ ਹੈ।

ਅਮਰੀਕਾ 'ਚ ਛਪਦੀ ਇੱਕ ਪੰਜਾਬੀ ਅਖ਼ਬਾਰ ਵਿੱਚ ਡਾ: ਕ੍ਰਿਸ਼ਨ ਕੁਮਾਰ ਰੱਤੂ ਦਾ ਇੱਕ ਲੇਖ ਪੜਿਆ। 'ਖ਼ਾਬ ਹੋਏ ਬੰਜਰ ਇਸ ਪਹਿਰ' ਦੇ ਸਿਰਲੇਖ ਵਾਲੀ ਇਸ ਲਿਖਤ ਵਿੱਚ ਡਾ: ਰੱਤੂ ਨੇ ਖਲੀਲ ਜਿਬਰਾਨ ਦੀ ਯਾਦ ਤਾਜ਼ਾ ਕਰਵਾ ਦਿੱਤੀ। ਏਨੇ ਮਾਰਮਿਕ ਭਾਵਾਂ ਨੂੰ ਸ਼ਬਦੀ ਜਾਮਾ ਪਹਿਨਾਉਂਦਿਆਂ ਡਾਕਟਰ ਸਾਹਿਬ ਨੇ ਕਮਾਲ ਹੀ ਕੀਤੀ ਹੋਈ ਸੀ ਇਸ ਲੇਖ ਵਿੱਚ। ਵੰਨਗੀ-ਮਾਤਰ ਕੁਝ ਸਤਰਾਂ ਲਿਖ ਰਿਹਾ ਹਾਂ :

"...ਦੋਸਤੋ, ਉਮਰ ਦੇ ਇਸ ਪਹਿਰ 'ਚ ਜਦੋਂ ਸ਼ਹਿਰ ਉਦਾਸ ਤੇ ਮੌਸਮ ਬੇ-ਰੌਣਕੇ ਹੋਣ ਲੱਗਦੇ ਨੇ, ਬਨੇਰੇ 'ਤੇ ਕੋਈ ਕਾਂ ਸੁਨੇਹੇ ਲੈ ਕੇ ਨਹੀਂ ਆਉਂਦਾ...ਬੁੱਢੀਆਂ ਤੇ ਥੱਕੀਆਂ ਅੱਖਾਂ ਦੀਆਂ ਆਸ਼ਾਵਾਂ ਨੂੰ ਬੂਰ ਪੈਣ ਦੀ ਆਖਰੀ ਰੁੱਤ ਵੀ ਚੰਦਰੀ ਹੋ ਜਾਂਦੀ ਹੈ, ਪਰ ਫਿਰ ਆਸ਼ਾ ਦੀਆਂ ਕਿਰਨਾਂ ਆਪਣੇ ਸੁਨਹਿਰੀ ਅੱਖਰਾਂ 'ਚ ਤੁਹਾਡਾ ਨਾਂਅ ਤਾਂ ਉਸ ਇੰਦਰਧਨੁਸ਼ 'ਚ ਲਿਖਦੀਆਂ ਨੇ, ਪਰ ਇਹ ਤੁਹਾਡੇ 'ਤੇ ਹੈ ਕਿ ਹਿੰਮਤ ਕਰ ਕੇ ਉਸ ਵਿੱਚ ਲਿਖਿਆ ਆਪਣਾ ਨਾਂਅ ਪੜ ਲਵੋ...ਇਹ ਹੀ ਹੈ, ਇਸ ਪਹਿਰ ਖ਼ਾਬਾਂ ਨੂੰ ਬੰਜਰ ਹੋਇਆ ਵੇਖਣ ਦੀ ਤ੍ਰਾਸਦੀ।...

ਸੁੰਨੇ ਘਰ, ਉਦਾਸ ਵਿਹੜੇ
ਬੰਜਰ ਮਨ, ਵੀਰਾਨ ਹੋਏ ਗਿਰਾਂ,
ਸਮੁੰਦਰ ਘੋਰ ਨਿਰਾਸ਼
ਸੁਨਾਮੀ ਪੁੱਛੇ ਗਿਰਾਂ।
ਆਉ, ਹੁਣ ਆਪਣਾ-ਆਪਣਾ ਪੁਰਖਾ ਘਰ ਵੇਖ ਆਈਏ !"

ਡਾ: ਰੱਤੂ ਦੀ ਸਾਹਿਤਕ ਪ੍ਰਤਿਭਾ ਬਾਰੇ ਮੈਨੂੰ ਕਾਫ਼ੀ ਜਾਣਕਾਰੀ ਹੈ, ਪਰ ਉਹਨਾ ਨਾਲ ਫੋਨ 'ਤੇ ਗੱਲਬਾਤ ਇੱਕ-ਅੱਧ ਵਾਰ ਹੀ ਕੀਤੀ ਹੋਵੇਗੀ। ਉਹਨਾ ਦੇ ਉਕਤ ਲੇਖ ਤੋਂ ਵਿਸਮਾਦਿਤ ਹੁੰਦਿਆਂ ਉਹਨਾ ਨੂੰ ਫੋਨ ਮਿਲਾਇਆ, ਪਰ ਕੰਪਿਊਟਰੀ ਸੁਨੇਹਾ ਮਿਲਿਆ ਕਿ ਉਹ 'ਕਵਰੇਜ ਕਸ਼ੇਤਰ ਸੇ ਬਾਹਰ' ਹਨ। ਉਸ ਦਿਨ ਗੁਫ਼ਤਗੂ ਤਾਂ ਹੋ ਨਾ ਸਕੀ, ਪਰ ਉਹਨਾ ਸੰਬੰਧੀ ਇੱਕ ਸਵਾਲ ਚਾਣਚੱਕ ਮੇਰੇ ਚੇਤਿਆਂ 'ਚ ਅੰਗੜਾਈਆਂ ਭਰਨ ਲੱਗ ਪਿਆ। 'ਕ੍ਰਿਸ਼ਨ ਕੁਮਾਰ ਰੱਤੂ'...ਇਹ ਨਾਮ ਤੈਰਦਾ-ਤੈਰਦਾ ਮੇਰੇ ਦਿਲ-ਦਿਮਾਗ 'ਚ ਵਸੀਆਂ ਪ੍ਰਾਇਮਰੀ ਸਕੂਲ ਦੇ ਦਿਨਾਂ ਦੀਆਂ ਘੂਕ ਸੁੱਤੀਆਂ ਯਾਦਾਂ ਨਾਲ ਜਾ ਟਕਰਾਇਆ।

ਗੂਗਲ 'ਤੇ ਸਰਚ ਮਾਰਨ ਵਾਂਗ ਮੇਰੇ ਸਾਹਮਣੇ 'ਮਸਤਾਨਾ' ਆ ਗਿਆ। ਇਹ ਕੋਈ ਵੈਰਾਗੀ, ਫੱਕਰ ਜਾਂ ਰਮਤਾ ਨਹੀਂ, ਸਗੋਂ ਅੰਮ੍ਰਿਤਸਰ ਦੇ ਬਾਜ਼ਾਰ ਮਾਈ ਸੇਵਾਂ ਤੋਂ ਛਪਦੇ ਇੱਕ ਨਿੱਕੇ ਜਿੰਨੇ ਮਹੀਨਾਵਾਰ ਮੈਗਜ਼ੀਨ ਦਾ ਨਾਂਅ ਹੁੰਦਾ ਸੀ। ਦੋ ਰੁਪਏ ਸਾਲ ਦੇ ਚੰਦੇ ਵਾਲਾ ਇਹ ਮੈਗਜ਼ੀਨ ਮੇਰੇ ਬਾਪ ਨੇ ਬੜੇ ਚਾਅ ਤੇ ਰੀਝ ਨਾਲ ਮੇਰੇ ਨਾਂਅ 'ਤੇ ਲਗਵਾਇਆ ਹੁੰਦਾ ਸੀ। ਡਾ: ਵਾਸਦੇਵ ਸਿੰਘ ਗਰੇਵਰ ਹੁਣਾਂ ਦੀ ਦੁਆਈਆਂ ਦੀ ਫ਼ਰਮ ਵੱਲੋਂ ਛਾਪੇ ਜਾਂਦੇ 'ਮਸਤਾਨੇ' ਵਿੱਚ ਚੋਣਵੀਆਂ ਖ਼ਬਰਾਂ, ਕੁਝ ਗੀਤ-ਗ਼ਜ਼ਲਾਂ ਅਤੇ ਇੱਕ-ਅੱਧ ਲੇਖ ਜਾਂ ਕਹਾਣੀ ਤੋਂ ਇਲਾਵਾ 'ਗਰੇਵਰ ਐਂਡ ਸੰਨਜ਼' ਦੀਆਂ ਦੁਆਈਆਂ ਦੀ ਮਸ਼ਹੂਰੀ ਹੁੰਦੀ ਸੀ। ਅਸੀਂ ਤਿੰਨੇ ਭਰਾ ਇਸ ਦੀ ਹਰ ਮਹੀਨੇ ਬੜੀ ਬੇ-ਸਬਰੀ ਨਾਲ ਉਡੀਕ ਕਰਦੇ ਹੁੰਦੇ ਸਾਂ। ਮੱਝਾਂ ਚਰਾਉਣ ਗਏ ਹੋਏ ਇਸ ਨੂੰ ਨਿੱਠ ਕੇ ਪੜਦੇ ਹੁੰਦੇ ਸਾਂ ਅਸੀਂ। ਅਸਲ ਵਿੱਚ ਮੇਰੇ ਸਾਹਿਤਕ ਸ਼ੌਕ ਦਾ ਨੀਂਹ-ਪੱਥਰ ਸੀ ਇਹ 'ਮਸਤਾਨਾ' ਮੈਗਜ਼ੀਨ।

ਲੱਗਭੱਗ ਪੰਜਤਾਲੀ-ਛਿਆਲੀ ਸਾਲਾਂ ਦੇ ਲੰਮੇ ਵਕਫ਼ੇ ਬਾਅਦ ਧੁੰਦਲੇ ਜਿਹੇ ਪਰਛਾਵਿਆਂ ਵਾਂਗ ਮੈਨੂੰ 'ਮਸਤਾਨੇ' ਵਿੱਚ ਛਪਦਾ ਰਿਹਾ 'ਕ੍ਰਿਸ਼ਨ ਕੁਮਾਰ ਰੱਤੂ' ਦਾ ਨਾਂਅ ਯਾਦ ਆਇਆ। ਜਦੋਂ ਜ਼ਿਹਨੀ ਸਮੁੰਦਰ ਵਿੱਚ ਡੁਬਕੀਆਂ ਵੱਜਣ ਲੱਗੀਆਂ, ਤਦ ਮੈਨੂੰ 'ਮਸਤਾਨੇ' ਦੇ ਕਿਸੇ ਅੰਕ ਵਿੱਚ ਕ੍ਰਿਸ਼ਨ ਕੁਮਾਰ ਰੱਤੂ ਵੱਲੋਂ ਲਿਖੇ ਗਏ ਇੱਕ ਗੀਤ ਦਾ ਮੁਖੜਾ ਵੀ ਚੇਤੇ ਆਉਣ ਲੱਗਾ, 'ਨੀਂ ਨਿੰਦੀਏ ਨਾ ਮਾਲਕਾਂ ਨੂੰ, ਭਾਵੇਂ ਹੋਵੇ ਕੰਬਲੀ ਤੋਂ ਕਾਲਾ...।' ਨਾਲ ਹੀ ਸੋਚ ਆਈ ਕਿ ਮਸਤਾਨੇ 'ਚ ਛਪਦਾ ਕ੍ਰਿਸ਼ਨ ਕੁਮਾਰ ਰੱਤੂ ਜ਼ਰੂਰੀ ਨਹੀਂ ਕਿ ਅੱਜ ਵਾਲਾ ਡਾਕਟਰ ਰੱਤੂ ਹੀ ਹੋਵੇ। ਇੱਕੋ ਨਾਂਅ ਵਾਲੇ ਬਥੇਰੇ ਬੰਦੇ ਹੁੰਦੇ ਨੇ, ਪਰ ਮਸਤਾਨੇ ਵਾਲਾ ਰੱਤੂ ਮੇਰੇ ਮਨ-ਚਿੱਤ ਵਿੱਚ ਅਟਕਿਆ ਰਿਹਾ।

ਖ਼ੈਰ, ਕੁਝ ਦਿਨਾਂ ਬਾਅਦ ਅਮਰੀਕਨ ਪੰਜਾਬੀ ਅਖ਼ਬਾਰ ਵਿੱਚੋਂ ਪੜੇ ਹੋਏ ਲੇਖ ਬਾਰੇ ਗੱਲਬਾਤ ਕਰਨ ਲਈ ਮੈਂ ਡਾ:ਰੱਤੂ ਨੂੰ ਕਾਲ ਕਰ ਲਈ। ਮੇਰਾ ਨੰਬਰ ਦੇਖ ਕੇ ਉਹ ਇੱਕਦਮ ਚਹਿਕਦਿਆਂ ਬੋਲੇ, "...ਤੁਹਾਡੀ ਉਮਰ ਬਹੁਤ ਹੈ ਵੀਰ...!" ਮੈਂ ਉਤਸੁਕਤਾ ਨਾਲ ਉਨਾ ਮੂੰਹੋਂ ਅਗਲੀ ਗੱਲ ਸੁਣਨ ਲਈ ਕੰਨ ਨਾਲ ਫੋਨ ਹੋਰ ਘੁੱਟ ਕੇ ਲਾ ਲਿਆ। "ਆਹ, ਅੱਜ ਦੇ 'ਨਵਾਂ ਜ਼ਮਾਨਾ' ਵਿੱਚ ਛਪਿਆ ਤੁਹਾਡਾ ਈ ਲੇਖ ਪੜ ਰਿਹਾ ਹਾਂ।"

ਉਨਾ ਨਾਲ ਗੱਲਾਂ-ਬਾਤਾਂ ਕਰਦਿਆਂ ਮੇਰੇ ਦਿਲ 'ਚ ਰਹਿ-ਰਹਿ ਕੇ ਆਵੇ ਕਿ ਮੈਂ ਉਹਨਾ ਨੂੰ ਪੁੱਛ ਲਵਾਂ ਕਿ ਉਹ ਕਦੇ 'ਮਸਤਾਨਾ' ਨਾਂਅ ਦੇ ਪੱਤਰ ਵਿੱਚ ਵੀ ਲਿਖਦੇ ਰਹੇ ਹਨ ? ਮੈਂ ਜਕ ਗਿਆ ਕਿ ਸਾਹਿਤਕ ਖੇਤਰ ਵਿੱਚ ਪਾਏ ਬਹੁ-ਮੁੱਲੇ ਯੋਗਦਾਨ ਸਦਕਾ ਭਾਰਤ ਦੇ ਰਾਸ਼ਟਰਪਤੀ ਪਾਸੋਂ ਵਿਸ਼ੇਸ਼ ਸਨਮਾਨ ਪ੍ਰਾਪਤ ਅਤੇ ਦੂਰਦਰਸ਼ਨ ਕੇਂਦਰ ਜੈਪੁਰ ਦੇ ਡਾਇਰੈਕਟਰ ਦੇ ਅਹੁਦੇ 'ਤੇ ਸ਼ਸ਼ੋਭਿਤ ਡਾਕਟਰ ਰੱਤੂ ਨੂੰ ਕਿਹੜੇ ਮੂੰਹ ਨਾਲ ਦੋ ਰੁਪਏ ਸਾਲਾਨਾ ਚੰਦੇ ਵਾਲੇ ਮਸਤਾਨੇ ਵਿੱਚ ਛਪਣ ਦਾ ਸਵਾਲ ਪੁੱਛਾਂ ? 'ਮੂੰਹ ਆਈ ਬਾਤ ਨਾ ਰਹਿੰਦੀ ਏ' ਅਨੁਸਾਰ ਵਲ਼-ਫੇਰ ਜਿਹਾ ਪਾ ਕੇ ਮੈਂ ਉਹਨਾ ਨੂੰ ਪੁੱਛ ਹੀ ਲਿਆ, "ਡਾਕਟਰ ਸਾਹਬ ਬੜੇ ਪੁਰਾਣੇ ਵੇਲਿਆਂ 'ਚ ਤੁਹਾਡਾ ਕੋਈ ਸਰ-ਨਾਮੀਆਂ 'ਮਸਤਾਨਾ' ਨਾਂਅ ਵਾਲੇ ਮੈਗਜ਼ੀਨ ਵਿੱਚ ਵੀ ਛਪਦਾ ਹੁੰਦਾ ਸੀ ?"

ਮੇਰੇ ਮੂੰਹੋਂ ਗੱਲ ਬੋਚਦਿਆਂ ਉਹ ਹੈਰਾਨੀ ਤੇ ਗੰਭੀਰਤਾ ਦੇ ਰਲੇ-ਮਿਲੇ ਸੁਰ 'ਚ ਕਹਿੰਦੇ, "ਤੁਸੀਂ ਇਸ ਵੇਲੇ ਉਸੇ ਕ੍ਰਿਸ਼ਨ ਕੁਮਾਰ ਰੱਤੂ ਨਾਲ ਗੱਲਾਂ ਕਰ ਰਹੇ ਹੋ, ਜੋ ਮਸਤਾਨੇ 'ਚ ਗੀਤ-ਗ਼ਜ਼ਲਾਂ ਲਿਖਦਾ ਹੁੰਦਾ ਸੀ।" ਨਾਲ ਹੀ ਉਨਾ ਮੈਨੂੰ ਚੌਂਕ ਕੇ ਪੁੱਛਿਆ, "ਮਸਤਾਨੇ ਦਾ ਕੋਈ ਅੰਕ ਸਾਂਭਿਆ ਹੋਇਐ ਤੁਸੀਂ ?"

ਆਪਣੀ ਯਾਦ-ਦਾਸ਼ਤ ਨੂੰ ਆਪੇ ਥਾਪੜਾ ਦਿੰਦਿਆਂ ਮੈਂ ਦਿਲ 'ਚ ਕਿਹਾ ਕਿ ਮਸਤਾਨੇ ਕਿਹਨੇ ਸਾਂਭਣੇ ਸਨ ? ਅਮਰੀਕਾ 'ਚ ਆ ਕੇ ਤਾਂ ਮੈਂ ਖ਼ੁਦ 'ਮਸਤਾਨਾ' ਬਣਿਆ ਹੋਇਐਂ।

ਅਗਲਾ ਕਿੱਸਾ ਵੀ ਸਾਹਿਤਕ ਪਿੜ ਨਾਲ ਹੀ ਸੰਬੰਧਤ ਹੈ। ਅਮਰੀਕਾ ਪਹੁੰਚਦਿਆਂ ਮੈਨੂੰ ਹਾਲੇ ਦੋ ਕੁ ਸਾਲ ਹੀ ਹੋਏ ਸਨ। ਇੱਥੋਂ ਦੀਆਂ ਪੰਜਾਬੀ ਅਖ਼ਬਾਰਾਂ ਨਾਲ ਮੇਰੀ ਜਾਣ-ਪਹਿਚਾਣ ਹਾਲੇ ਖੁੱਲ ਕੇ ਨਹੀਂ ਸੀ ਹੋਈ। ਇੱਕ ਦਿਨ ਆਪਣੇ ਮੇਲ-ਬਾਕਸ ਵਿੱਚੋਂ ਨਿਕਲੀ ਡਾਕ ਵਿੱਚ ਇੱਕ ਪਾਕਿਸਤਾਨੀ ਮੈਗਜ਼ੀਨ ਦੇਖ ਕੇ ਮੈਂ ਹੈਰਾਨ ਰਹਿ ਗਿਆ। 'ਲਹਿਰਾਂ' ਨਾਂਅ ਦੇ ਇਸ ਪੰਜਾਬੀ ਰਸਾਲੇ ਦੇ ਬਾਹਰ ਮੇਰਾ ਇੱਥੋਂ ਦਾ ਐਡਰੈਸ ਪੈਂਨ ਨਾਲ ਲਿਖਿਆ ਸੀ। ਮੈਨੂੰ ਪਾਕਿਸਤਾਨ 'ਚ ਛਪਦੇ ਕਿਸੇ ਪੰਜਾਬੀ ਪਰਚੇ ਬਾਰੇ ਕੋਈ ਜਾਣਕਾਰੀ ਨਹੀਂ ਸੀ, ਪਰ ਪਤਾ ਨਹੀਂ 'ਲਹਿਰਾਂ' ਵਾਲਿਆਂ ਨੇ ਮੇਰਾ ਐਡਰੈਸ ਕਿੱਥੋਂ ਤੇ ਕਿਵੇਂ ਲਿਆ ਹੋਵੇਗਾ ? ਉਹ ਮੈਗਜ਼ੀਨ ਮੈਨੂੰ ਰੈਗੂਲਰ ਡਾਕ ਰਾਹੀਂ ਮਿਲਣਾ ਸ਼ੁਰੂ ਹੋ ਗਿਆ। ਇਹ ਮੈਗਜ਼ੀਨ ਸਾਰਾ ਉਰਦੂ ਅੱਖਰਾਂ ਵਿੱਚ ਹੁੰਦਾ ਤੇ ਵਿੱਚ ਇੱਕ-ਦੋ ਗ਼ਜ਼ਲਾਂ ਜਾਂ ਗੀਤ ਗੁਰਮੁਖੀ ਵਿੱਚ ਵੀ ਛਾਪੇ ਹੁੰਦੇ। ਉਰਦੂ ਤੋਂ ਮੈਂ ਬਿਲਕੁੱਲ ਨਾ-ਵਾਕਿਫ਼ ਸਾਂ। ਇਸ ਲਈ ਮੈਗਜ਼ੀਨ 'ਤੇ ਪੰਛੀ-ਝਾਤ ਮਾਰਦਿਆਂ ਗੁਰਮੁਖੀ ਵਾਲਾ ਹਿੱਸਾ ਪੜ ਕੇ ਇਹਨਾਂ ਨੂੰ ਗੁਰਦੁਆਰੇ ਕਮਿਊਨਿਟੀ ਸੈਂਟਰ ਵਿੱਚ ਬੈਠਣ ਵਾਲੇ ਉਹਨਾਂ ਵਿਹਲੇ ਬਜ਼ੁਰਗਾਂ ਨੂੰ ਦੇ ਆਉਂਦਾ, ਜਿਨਾਂ 'ਚੋਂ ਕਈ ਉਰਦੂ ਪੜਨਾ ਜਾਣਦੇ ਸਨ। ਇਹ ਸਿਲਸਿਲਾ ਕਈ ਮਹੀਨੇ ਚੱਲਦਾ ਰਿਹਾ।


ਇੱਕ ਦਿਨ ਤਾਜ਼ੇ ਮਿਲੇ ਨਵੇਂ ਮੈਗਜ਼ੀਨ ਦੀ ਸਰਸਰੀ ਉਥੱਲ-ਪੁਥੱਲ ਕਰਦਿਆਂ ਸੁੱਤੇ ਹੀ ਮੈਨੂੰ ਪੰਜਾਬੀ ਹਾਸਰਸ ਦੇ ਪੁਰਾਤਨ ਕਵੀ ਐੱਸ ਐੱਸ ਚਰਨ ਸਿੰਘ 'ਸ਼ਹੀਦ' ਦਾ ਚੇਤਾ ਆ ਗਿਆ। ਉਨਾ ਬਾਰੇ ਏਨੀ ਕੁ ਗੱਲ ਮੈਂ ਕਿਤੇ ਪੜੀ ਹੋਈ ਹੈ ਕਿ ਸੰਨ ਸੰਤਾਲੀ ਦੀ ਵੰਡ ਵੇਲੇ ਉਹ ਖ਼ੁਦ ਤਾਂ ਜਾਨ ਬਚਾ ਕੇ ਅੰਮ੍ਰਿਤਸਰ ਪਹੁੰਚ ਗਏ ਸਨ, ਪਰ ਮਚੀ ਹੋਈ ਆਪਾ-ਧਾਪੀ ਵਿੱਚ ਉਹਨਾਂ ਦੀਆਂ ਧੀਆਂ ਉਧਰ ਹੀ ਰਹਿ ਗਈਆਂ ਸਨ। ਕਵੀ ਸ਼ਹੀਦ ਜੀ ਦੇ ਇਸ ਪਰਵਾਰਕ ਵੇਰਵੇ ਦੀ ਮੈਨੂੰ ਏਨੀ ਕੁ ਜਾਣਕਾਰੀ ਹੈ, ਹੋਰ ਕੁਝ ਨਹੀਂ ਸੀ ਪਤਾ। ਨਾ ਹੀ ਕਦੇ ਮੈਨੂੰ ਇਸ ਗੱਲ ਨੇ ਕੁਰੇਦਿਆ ਸੀ ਕਿ ਮੈਂ ਉਹਨਾ ਦੀਆਂ ਧੀਆਂ ਦਾ ਅਤਾ-ਪਤਾ ਲਵਾਂ, ਪਰ ਪਾਕਿਸਤਾਨੋਂ ਆਇਆ ਪੰਜਾਬੀ ਮੈਗਜ਼ੀਨ ਸਾਹਮਣੇ ਪਿਆ ਵੇਖ ਕੇ ਮੈਨੂੰ ਇੱਕ ਫੁਰਨਾ ਫੁਰਿਆ। ਸੋਚਿਆ ਕਿ ਕਿਉਂ ਨਾ ਇਸ ਮੈਗਜ਼ੀਨ ਦੇ ਛਾਪਕਾਂ ਨਾਲ ਰਾਬਤਾ ਬਣਾ ਕੇ ਕਵੀ ਦੀਆਂ ਧੀਆਂ ਬਾਰੇ ਪੁੱਛਿਆ ਜਾਵੇ ? ਮੈਗਜ਼ੀਨ ਦੇ ਸਰ-ਵਰਕ 'ਤੇ ਛਪੀ ਹੋਈ ਸੰਪਾਦਕੀ-ਮੰਡਲ ਦੀ 'ਈ-ਮੇਲ' ਆਈ ਡੀ ਦੇਖ ਕੇ ਮੇਰੀ ਜਗਿਆਸਾ ਹੋਰ ਚਮਕ ਪਈ।

ਸਵਰਗੀ ਸ਼ਹੀਦ ਜੀ ਦੀ ਪਾਕਿਸਤਾਨ ਵਿਚਲੀ ਕਿਸੇ ਪੁਰਾਣੀ ਰਿਹਾਇਸ਼ ਬਾਰੇ ਮੈਨੂੰ ਕੋਈ ਇਲਮ ਨਹੀਂ ਸੀ। ਇਸ ਲਈ ਰੋਮਨ ਅੱਖਰਾਂ ਵਿੱਚ ਅਟੇ-ਸਟੇ ਹੀ ਉਹਨਾ ਦਾ ਸੰਖੇਚਵਾਂ ਜਿਹਾ ਵੇਰਵਾ ਲਿਖ ਕੇ ਮੈਂ ਸੰਪਾਦਕ ਜੀ ਨੂੰ ਪੁੱਛਿਆ ਕਿ ਆਪਣੇ ਬਾਪ ਨਾਲੋਂ ਵਿੱਛੜ ਜਾਣ ਬਾਅਦ ਉਹਨਾਂ ਕੁੜੀਆਂ ਦੀ ਕਿਤਿਉਂ ਕੋਈ ਉੱਘ-ਸੁੱਘ ਨਿਕਲੀ ਜਾਂ ਉਹ ਵਿਚਾਰੀਆਂ ਵੀ ਰੌਲੇ-ਗੌਲੇ 'ਚ ਤਹਿ-ਤੇਗ ਹੋ ਗਈਆਂ ? ਕੁਝ ਸਤਰਾਂ ਲਿਖ ਕੇ 'ਈ-ਮੇਲ' ਭੇਜ ਦਿੱਤੀ।

ਅੱਠਾਂ-ਦਸਾਂ ਦਿਨਾਂ ਬਾਅਦ ਮੈਨੂੰ 'ਈ-ਮੇਲ' ਦਾ ਜਵਾਬ ਆ ਗਿਆ। ਮੋੜਵੀਂ 'ਈ-ਮੇਲ' ਵਿੱਚ ਉਸ ਮੈਗਜ਼ੀਨ ਦੇ ਸੰਪਾਦਕ ਨੇ ਕੁਝ ਅਜਿਹਾ ਵੇਰਵਾ ਲਿਖਿਆ ਹੋਇਆ ਸੀ :

"ਜਨਾਬ...ਸਿੰਘ, ਆਪ ਕੇ ਖ਼ਤ ਕਾ ਜਵਾਬ ਲਿਖਨੇ ਮੇਂ ਦੇਰੀ ਕਾ ਸਬੱਬ ਯਿਹ ਹੂਆ ਕਿ ਮੇਰੀ ਬੀਵੀ...ਬੇਗ਼ਮ ਕਾ ਇੰਤਕਾਲ (ਮੌਤ) ਹੋ ਗਯਾ ਥਾ। ਜਿਸ ਦਿਨ ਆਪ ਕਾ ਖ਼ਤ ਮਾਸੂਲ ਹੂਆ, ਉਸੀ ਦਿਨ ਉਸੇ ਸਪੁਰਦੇ-ਖ਼ਾਕ ਕੀਆ ਗਯਾ ਥਾ। ਆਪ ਕੋ ਵਾਜ਼ਿਆ ਕਰਦੂੰ ਕਿ ਸਰਦਾਰ ਚਰਨ ਸਿੰਘ 'ਸ਼ਹੀਦ' ਕੀ ਜਿਨ ਬੇਟੀਉਂ ਕੇ ਬਾਰੇ ਮੇਂ ਆਪ ਨੇ ਇਤਲਾਹ ਮਾਂਗੀ ਹੈ, ਉਨ ਮੇਂ ਸੇ ਏਕ ਮੇਰੀ ਬੀਵੀ ਥੀ, ਜਿਸ ਕਾ ਪਹਿਲਾ ਨਾਮ...ਕੌਰ ਥਾ...ਵੋਹ ਭੀ ਕਭੀ-ਕਭਾਰ ਗ਼ਜ਼ਲ ਵਗੈਰਾ ਲਿਖ ਲੇਤੀ ਥੀ...।"

## ਸਾਊਥ ਕੈਲੀਫੋਰਨੀਆ ਦੀਆਂ ਸੰਗਤਾਂ ਵਲੋਂ ਭਾਈ ਸਰਬਜੀਤ ਸਿੰਘ ਧੂੰਦਾ ਦਾ ਭਾਰੀ ਸਨਮਾਨ



ਕੈਲੀਫੋਰਨੀਆ-6 ਜਨਵਰੀ ਐਤਵਾਰ ਨੂੰ ਸਾਊਥ ਕੈਲੀਫੋਰਨੀਆ ਦੀਆਂ ਸੰਗਤਾਂ ਵਲੋਂ ਭਾਈ ਸਰਬਜੀਤ ਸਿੰਘ ਧੂੰਦਾ ਦਾ ਭਾਰੀ ਸਨਮਾਨ ਕੀਤਾ ਗਿਆ । ਇਸ ਮੌਕੇ ਤੇ ਗੁਰਦਵਾਰਾ ਸਰਬ ਸਾਂਝਾ ਦਰਬਾਰ (ਖਾਲਸਾ ਕੇਅਰ ਫੌਂਡੇਸ਼ਨ) ਵਿਖੇ ਠਾਠਾਂ ਮਾਰਦੇ ਸੰਗਤਾਂ ਦੇ ਸਮੁੰਦਰ ਨੇ ਭਾਈ ਸਰਬਜੀਤ ਸਿੰਘ ਨੂੰ ਜੈਕਾਰਿਆਂ ਦੀ ਗੂੰਜ ਵਿੱਚ ਭਾਈ ਸਰਬਜੀਤ ਸਿੰਘ ਧੂੰਦਾ ਨੂੰ ਸਨਮਾਨਿਤ ਕੀਤਾ ਗਿਆ। ਗੁਰ-ਦਵਾਰਾ ਬੁਏਨਾ ਪਾਰਕ ਵਲੋਂ ਭਾਈ ਸਾਹਿਬ ਨੂੰ ਸਰੋਪਾ ਦਿੱਤਾ ਗਿਆ ਅਤੇ ਓਰੇਂਜ ਕਾਊਂਟੀ ਦੀਆਂ ਸੰਗਤਾਂ ਵਲੋਂ ਭਾਈ ਸਾਹਿਬ ਜੀ ਨੂੰ ਗੋਲਡ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਗੁਰਦਵਾਰਾ ਸਰਬਸਾਂਝਾ ਦਰਬਾਰ ਵਲੋਂ ਭਾਈ ਸਾਹਿਬ ਜੀ ਨੂੰ ਓਹਨਾਂ ਦੀ ਕੌਮ ਪ੍ਰਤੀ ਸੇਵਾ ਵਾਸਤੇ ਪਲੈਕ ਦਿੱਤਾ ਗਿਆ। ਇਸੇ ਤਰਾਂ ਸਾਊਥ ਕੈਲੀਫੋਰਨੀਆ ਦੀਆਂ ਸਮੂਹ ਸੰਗਤਾਂ ਵਲੋਂ ਵੀ ਭਾਈ ਸਾਹਿਬ ਜੀ ਨੂੰ ਪਲੈਕ ਦਿੱਤਾ ਗਿਆ। ਇਹ ਪਹਿਲਾ ਮੌਕਾ ਹੈ ਕੇ ਕਿਸੇ ਪ੍ਰਚਾਰਕ ਦਾ ਸੰਗਤਾਂ ਵਲੋਂ ਐਨਾ ਸਨਮਾਨ ਕੀਤਾ ਗਿਆ। ਬਹੁਤ ਸਾਰੀ ਸੰਗਤ ਵਲੋਂ ਭਾਈ ਸਾਹਿਬ ਜੀ ਨੂੰ ਜਲਦੀ ਤੋਂ ਜਲਦੀ ਦੋਬਾਰਾ ਲੋਸ ਏਂਜਲਸ ਵਿੱਚ ਆਉਣ ਵਾਸਤੇ ਬੇਨਤੀ ਕੀਤੀ ਗਈ। ਭਾਈ ਸਰਬਜੀਤ ਸਿੰਘ ਧੂੰਦਾ ਜਿਸ ਤਰਾਂ ਸਿਧੇ ਅਤੇ ਸਰਲ ਤਰੀਕੇ ਨਾਲ ਸਿੱਖ ਕੌਮ ਵਿੱਚ ਫੈਲ ਚੁੱਕੇ ਕਰਮਕਾਂਡ ਅਤੇ ਡੇਰਾਵਾਦ ਬਾਰੇ ਸੰਗਤਾਂ ਨੂੰ ਜਾਗਰੂਕ ਕਰਦੇ ਹਨ ਉਸ ਨੂੰ ਨੋਜਵਾਨ ਪੀੜੀ ਬਹੁਤ ਪਸੰਦ ਕਰਦੀ ਹੈ। ਇਸ ਮੌਕੇ ਤੇ ਨੋਜਵਾਨਾਂ ਦਾ ਉਤਸ਼ਾਹ ਦੇਖਣ ਯੋਗ ਸੀ। ਜਿਹੜੇ ਲੋਕ ਇਹ ਕਹਿੰਦੇ ਹਨ ਕੇ ਨੋਜਵਾਨ ਗੁਰਦਵਾਰਿਆਂ ਵਿੱਚ ਆਉਣਾ ਪਸੰਦ ਨਹੀ ਕਰਦੇ ਓਹ ਭਾਈ ਸਾਹਿਬ ਦੇ ਸਮਾਗਮਾਂ ਵਿੱਚ ਆ ਕੇ ਵੇਖਣ। ਭਾਈ ਸਰਬਜੀਤ ਸਿੰਘ ਧੂੰਦਾ ਇਕ ਮਹੀਨੇ ਦੀ ਅਮਰੀਕਾ ਫੇਰੀ ਉਤੇ ਹਨ ਅਤੇ ਲੋਸ ਏਂਜਲਸ ਵਿੱਚ ਓਹਨਾਂ ਦਾ ਇਕ ਹਫਤੇ ਦਾ ਪ੍ਰੋਗਰਾਮ ਸੀ ਜੋ ਐਤਵਾਰ ਨੂੰ ਖਤਮ ਹੋਇਆ ਇਸ ਤੋਂ ਬਾਅਦ ਫਰਿਜਨੋ, ਟਰਲਕ, ਲੋਡਾਈ, ਟ੍ਰੇਸੀ, ਸੈਕ੍ਰਾਮੈਂਟੋ, ਸਟੋਕਟਨ, ਬੇ ਏਰੀਆ, ਸਿਆਟਲ ਅਤੇ ਨਿਊਯਾਰਕ ਪ੍ਰੋਗਰਾਮ ਹੋਣਗੇ। ਉਸ ਤੋਂ ਬਾਅਦ ਦੋ ਹਫਤੇ ਵਾਸਤੇ ਭਾਈ ਸਾਹਿਬ ਜੀ ਕਨੇਡਾ ਦੀ ਫੇਰੀ ਤੇ ਜਾਣਗੇ।

## ਆਖ਼ਰੀ ਮੰਜ਼ਿਲ

ਕਰਨਵੀਰ ਬੈਣੀਵਾਲ

ਕੋਈ ਅੱਗ ਲਾ ਕੇ ਤੁਰ ਗਿਆ ਸੀ
ਮੇਰੇ ਅਰਮਾਨਾਂ ਦੇ ਘਰ ਨੂੰ
ਮੈਂ ਚੀਕਦਾ ਰਿਹਾ ਸੀ
ਪਰ ਚੀਕਣ ਨਾਲ ਅੱਗ ਕਿੱਥੇ ਬੁਝਣੀ ਸੀ?
ਹੰਝੂਆਂ ਨੇ ਵੀ ਬਹੁਤ ਜ਼ੋਰ ਲਾਇਆ
ਪਰ ਹੁਣ ਅੱਖਾਂ ਦੋ ਹੀ ਸਨ
ਬਲਦੀ ਅੱਗ ਨੂੰ ਬੁਝਾਉਣ ਲਈ।

ਪਲਾਂ 'ਚ ਕਿਣਕਾ-ਕਿਣਕਾ ਹੋ ਗਿਆ
ਸਧਰਾਂ ਦੀਆਂ ਇੱਟਾਂ ਨਾਲ ਬਣਿਆ ਘਰ ਮੇਰਾ
ਤਰ ਕੀਤਾ ਸੀ ਜਿਸ ਨੂੰ
ਆਪਣੇ ਖੂਨ ਨਾਲ ਮੈਂ
ਆਪਣੇ ਸੁਪਨਿਆਂ ਦੀਆਂ ਨੀਹਾਂ
'ਤੇ ਚਿਣਿਆਂ ਸੀ
ਪਰ ਭੁੱਲ ਗਿਆ ਸੀ
ਨਵੇਂ ਘਰ ਦੇ ਚੋਹ 'ਚ
ਕਿ ਸੁਪਨਿਆਂ ਤੇ ਅਰਮਾਨਾਂ ਦੀਆਂ
ਨੀਹਾਂ 'ਤੇ ਬਣੇ ਘਰ
ਕਿੱਥੇ ਟਿਕਦੇ ਨੇ?

ਹੁਣ ਉੱਠ ਗਿਆ ਸੀ ਯਕੀਨ
ਕਿ ਯਕੀਨ ਕਿਸ 'ਤੇ ਕਰਾਂ?
ਇਰਾਦਾ ਬਣ ਜਿਹਾ ਗਿਆ ਸੀ
'ਕੱਲਿਆਂ ਹੀ ਆਖ਼ਰੀ ਮੰਜ਼ਿਲ ਪਾਉਣ ਦਾ
ਦਿਲ ਨੇ ਸਮਝਾਇਆ ਫਿਰ
ਐਨਾਂ ਵੀ ਕੋਰਾਂ ਨਾ ਹੋ
ਬਣਾ ਕੇ ਰੱਖ ਚਾਰ-ਪੰਜ ਨਾਲ
ਕਿਉਂਕਿ ਚਾਰ ਮੋਢਿਆਂ ਦੀ ਲੋੜ ਹੈ
ਬਿਨਾਂ ਸ਼ੱਕ 'ਬੈਣੀਵਾਲ'
"ਆਖ਼ਰੀ ਮੰਜ਼ਿਲ ਪਾਉਣ ਦੇ ਲਈ..!"

## ਮੇਰੀਆਂ ਧੀਆਂ

ਸਿਮਰਤਾ ਵਿਰਕ



ਮਾਂ ਪਿਉ ਦੀਆਂ
ਪਿਆਰੀਆਂ
ਦੁਲਾਰੀਆਂ
ਉਡਾਰੀਆਂ
ਨੇ ਮੇਰੀਆਂ ਧੀਆਂ
ਦਾਦਾ ਦਾਦੀ ਦੇ
ਅਹਿਸਾਸ
ਜਜ਼ਬਾਤ
ਖ਼ਿਆਲਾਤ
ਨੇ ਮੇਰੀਆਂ ਧੀਆਂ
ਨਾਨਾ ਨਾਨੀ ਦੀਆਂ
ਬਹਾਰਾਂ
ਗੁਲਜ਼ਾਰਾਂ
ਛਣਕਾਰਾਂ
ਨੇ ਮੇਰੀਆਂ ਧੀਆਂ
ਚਾਚਾ ਚਾਚੀ ਦੀਆਂ
ਪੀਂਘਾਂ
ਰੀਝਾਂ
ਉਡੀਕਾਂ
ਨੇ ਮੇਰੀਆਂ ਧੀਆਂ
ਮਾਮੇ ਮਾਮੀ ਦੀਆਂ
ਹਸਰਤਾਂ
ਸ਼ਰਾਰਤਾਂ
ਮੁਹੱਬਤਾਂ
ਨੇ ਮੇਰੀਆਂ ਧੀਆਂ
ਦੂਰ ਕਰਦੀਆਂ
ਜੁਦਾਈਆਂ
ਰੁਸਵਾਈਆਂ
ਤਨਹਾਈਆਂ
ਨੇ ਮੇਰੀਆਂ ਧੀਆਂ।

# ਕਾਵਿ-ਕਿਆਰੀ

## ਜਥੇਦਾਰ ਮਹਾਂ ਸਿੰਘ ਜੀ



ਮੁਗਲਾਂ ਅਤੇ ਪਹਾੜੀ ਰਾਜਿਆਂ
ਅਨੰਦਗੜ੍ਹ ਕਿਲੇ ਨੂੰ ਘੇਰਾ ਪਾਇਆ।
ਲੜਾਈ ਲੰਬੀ ਹੋਣ ਦੇ ਕਾਰਨ
ਰਾਸ਼ਣ ਮੁਕਿਆ, ਸੰਕਟ ਆਇਆ।
ਭੁਖ ਦੁਖੋਂ, ਬਹਾਦਾਰ ਯੋਧੇ
ਪਿੰਜਰ ਸੁਕੇ, ਹੋਏ ਅੱਧ ਮੋਏ,
ਹਾਥੀ ਘੋੜੇ ਮੁਕਣ ਲੱਗੇ,
ਭੁਖ ਚੰਦਰੀ ਨੂੰ ਭੇਟਾ ਹੋਏ !!

ਫੁੱਟ ਪਈ, ਤਕਰਾਰਾਂ ਹੋਈਆਂ,
ਦੋ ਧੜਿਆਂ ਵਿਚ ਵੰਡ ਕੇ ਰਹਿ ਗਏ।
ਮੌਤੋਂ ਭੁਖ ਬੁਰੀ ਹੈ ਲੋਕੋ,
ਬਾਬੇ ਫਰੀਦ ਜਿਹੇ ਮੁਰਸ਼ਦ ਕਹਿ ਗਏ।
ਡਰਪੋਕ ਧੜੇ ਨੇ ਮੰਨ ਬਣਾ ਲਏ
ਆਪਾਂ ਕਿਲੇ ਨੂੰ ਛਡ ਜਾਵਾਂਗੇ।
ਸਿਰੜੀ ਆਖਣ ਪੀ ਜਾਮ-ਏ-ਸ਼ਹਾਦਤ
ਮੌਤ 'ਚੋਂ ਜੀਵਨ ਪਾ ਜਾਵਾਂਗੇ !!

ਗੋਬਿੰਦ ਸਿੰਘ ਜੀ ਰੋਹ ਵਿੱਚ ਕਹਿੰਦੇ
ਕੋਈ ਨਿਸ਼ਾਨੀ ਦੇ ਕੇ ਜਾਇਉ।
ਸਿੱਖ ਦਾ ਗੁਰੂ 'ਨਾ ਕੋਈ ਨਹੀਂ ਨਾਤਾ
ਕਾਗਜ਼ ਉੱਤੇ ਲਿਖ ਕੇ ਜਾਇਉ।
ਮਨਹੂਸ ਘੜੀ ਮਨਹੂਸ ਕਲਮ ਨੇ,
ਕਾਗਜ਼ ਦੀ ਹਿਕ 'ਤੇ ਲਿਖਿਆ ਬੇਦਾਵਾ।
ਤੂੰ ਨਹੀਂ ਸਾਡਾ ਗੁਰੂ ਅਸੀਂ ਨਹੀਂ ਸਿੰਘ ਤੁਹਾਡੇ
ਕਾਇਰਤਾ ਦੀ ਮੂਰਤ ਬੇ ਦਾਵਾ !!

ਗੁਰੂ ਕਹਿੰਦੇ, ਜ਼ਰਾ ਪੜ ਕੇ ਦੱਸ ਜਾ,
ਕੀ ਲਿਖਿਆ ਏ ਮੇਰੇ ਜਥੇਦਾਰਾ।
ਤੁਹਾਡੀ ਇਸ ਘਟੀਆ ਹਰਕਤ ਨੇ
ਇਤਿਹਾਸ ਕਲੰਕਤ ਕਰਤਾ ਸਾਰਾ।
ਮਹਾਂ ਸਿੰਘ ਕਹਿੰਦਾ ਮੇਰੇ ਮਾਲਕ
ਮੈਥੋਂ ਇਹ ਪੜਿਆ ਨਹੀਂ ਜਾਂਦਾ।
ਜ਼ੁਬਾਨ ਥਰਕਦੀ, ਅੱਖੀਆਂ ਝੁਕੀਆਂ
ਪੈਰਾਂ 'ਤੇ ਖੜਿਆ ਨਹੀਂ ਜਾਂਦਾ !!

ਫੁਲ ਦੀ ਕਦਰ ਨਹੀਂ ਭੋਰਾ ਪੈਂਦੀ
ਜਦ ਉਹ ਟਾਹਣੀ ਨਾਲੋਂ ਟੁਟਿਆ।
ਸਿੱਖ ਦੀ ਕਦਰ ਨਹੀਂ ਰਹਿੰਦੀ ਕੌਡੀ
ਜਦ ਗੁਰੂ ਚਰਨਾਂ ਤੋਂ ਪਾਸਾ ਵੱਟਿਆ।
ਬਹਾਦਰੀ ਦਾ ਵੀ ਅੰਤ ਨਹੀਂ ਜਗ 'ਤੇ,
ਅੱਜ ਬੁਜ਼ਦਿਲੀ ਦੀ ਤਸਵੀਰ ਵਿਖਾਈ।
ਭੁਖ ਅਤੇ ਮੌਤ ਤੋਂ ਡਰ ਕੇ ਸੂਰਿਆਂ
ਡਰਪੋਕਾਂ ਵਾਂਗਰ ਕੰਡ ਵਿਖਾਈ !!

ਘਰਾਂ ਨੂੰ ਆਏ, ਦਿਲ ਵਿੱਚ ਚਾਅ ਸਨ,
ਵਾਹਵਾ ਇਜ਼ਤ, ਸੇਵਾ ਹੋਊਗੀ।
ਪਰ ਕੀ ਜਾਨਣ ਅਣਜਾਣ ਨਿਮਾਣੇ,
ਕਿ ਘਰੋਂ ਵੀ "ਖਾਤਰ" ਹੀ ਹਊਗੀ।
ਕੋਈ ਮਰਦਾਂ ਵਾਲੀ ਬਾਤ ਰਹੀ ਨਾ,
ਘਰ ਵਾਲੀਆਂ ਨੇ ਮਾਰੇ ਤਾਹਨੇ।
ਵੰਙਾਂ ਪਾ ਕੇ, ਪੀਹੜੇ ਡਾਹ ਲਉ,
ਕੱਤੋ ਚਰਖੇ ਮਰਦ ਜਨਾਨੇ !!

ਬੇਸ਼ਰਮਾਂ ਦੀ ਜ਼ਿੰਦਗੀ ਜਿਉਣ ਤੋਂ ਚੰਗਾ,
ਆਉ ਸ਼ਹੀਦੀ ਜਾਮੇ ਪਾਈਏ।
ਮਾਤਾ ਭਾਗੋ ਦੇ ਨਾਲ ਰਲ ਕੇ
ਗੁਰੂ ਤੋਂ ਜਾ ਕੇ ਭੁੱਲ ਬਖਸ਼ਾਈਏ।

ਲੰਬੇ ਸਫ਼ਰ 'ਤੇ ਬਿਖਰੇ ਪੈਂਡੇ,
ਖਿਦਰਾਣੇ ਦੀ ਢਾਬ ਨੂੰ ਆਏ।
ਮੁਗਲ ਫ਼ੌਜ ਦੇ ਹਲਕਾਰੇ ਵੀ
ਗੁਰੂ ਦਾ ਪਿਛਾ ਕਰਦੇ ਆਏ !!



ਮਰਦਾਂ ਦਾ ਯੁੱਧ ਹੋਵਣ ਲੱਗਾ,
ਲੋਹਿਆਂ ਉਪਰ ਲੋਹੇ ਖੜ੍ਹਕੇ।
ਹਜ਼ਾਰਾਂ ਹੋਏ ਜ਼ਖ਼ਮੀ, ਫੱਟੜ,
ਸੈਂਕੜੇ ਸੀਸ ਧੜਾਂ ਤੋਂ ਲੱਥ ਗਏ।
ਲਹੂ ਮਿਝ ਦੇ ਖੇਤਰ ਚੋਂ,
ਇਕ ਸਹਿਕਦੀ ਲਾਸ਼ ਮਿਲੀ ਹੈ।
ਮਹਾਂ ਸਿੰਘ ਸੀ ਨਾਮ ਉਸ ਦਾ,
ਗੁਰੂ ਦੀ ਗਲਵਕੜੀ "ਖਾਸ" ਮਿਲੀ ਹੈ!!

ਮਹਾਰਾਜ ਠਰੰਮੇ ਨਾਲ ਕਹਿੰਦੇ,
ਜਥੇਦਾਰੀ ਦਾ ਤਾਜ ਤੈਨੂੰ ਬਖਸ਼ ਦਿਆਂ।
ਜੇ ਚਾਹੁੰਦਾ ਤੂੰ ਮੰਗ ਕੇ ਵੇਖ ਲੈ,
ਇੰਦਰਪੁਰੀ ਦਾ ਰਾਜ ਬਖਸ਼ਦਿਆਂ।
ਮੈਨੂੰ ਪਤਾ ਸੀ ਭੁਲਣਹਾਰ ਇਹ ਬੱਚੇ,
ਇਕ ਵਾਰ ਮੁੜ ਕੇ ਜੰਗ 'ਚ ਆਉਣਗੇ।
ਖਾਲਸਾ ਪੰਥ ਦੀ ਸ਼ਾਨ ਵਧਾਉਣ ਲਈ,
ਆਪਣੀ ਜਾਨ ਦੀ ਬਾਜ਼ੀ ਲਾਉਣਗੇ !!

ਮਹਾਂ ਸਿੰਘ ਦੀ ਅੱਖ ਵਿੱਚ ਹੰਝੂ,
ਬਖਸ਼ ਦਿਉ ਗੁਨਾਹਗਾਰ ਹਾਂ ਮੈਂ।
ਜੋ ਬੇਦਾਵਾ ਤੈਨੂੰ ਸੀ ਦੇ ਆਏ,
ਉਹਨਾਂ ਸਾਰਿਆਂ ਦਾ ਜਥੇਦਾਰ ਹਾਂ ਮੈਂ।
ਰਾਜ-ਭਾਗ ਨਾਂ, ਜ਼ਿੰਦਗੀ ਬਖਸ਼ੋ,
ਇਕ ਹੋਰ ਅਹਿਸਾਨ ਮੈਤੇ ਚਾਹੜ ਦਿਉ।
ਕਰੋ ਕ੍ਰਿਪਾ 'ਤੇ ਮੇਰੀ ਭੁਲ ਬਖਸ਼ੋ,
ਕਾਗਜ਼ ਬੇਦਾਵੇ ਦਾ ਪਾੜ ਦਿਉ !!


ਟੱਬਰ ਸ਼ਹੀਦ, ਹੋਈ ਸ਼ਹੀਦ ਮੇਰੀ ਮਾਤਾ,
ਅਨੰਦਪੁਰ ਖੁਸਿਆ, ਸ਼ਾਹੀ ਠਾਠ ਖੁਸੇ।
ਜਾਨੋਂ ਪਿਆਰੇ, ਮੇਰੇ ਸਿੰਘ ਵਿਛੜੇ,
ਅਜੀਤ, ਜੁਝਾਰ, ਜ਼ੋਰਾਵਰ, ਫ਼ਤਹਿ ਖੁਸੇ।
ਅਨੰਦਪੁਰੋਂ ਉਜੜਦਾ ਵਸਦਾ ਆਇਆ,
ਮੇਰੇ ਸਿਰ ਸੀ ਮਹਾਂ ਸਿੰਘ ਭਾਰ ਤੇਰਾ।
ਕਾਗਜ਼ ਬੇਦਾਵੇ ਨਹੀਂ, ਮੈਂ ਖੋਣ ਦਿੱਤਾ,
ਕਿਉਂਕਿ ਮੰਗੇਗਾ, ਕਦੇ ਜਥੇਦਾਰ ਮੇਰਾ !!

ਮਹਾਂ ਸਿੰਘ ਬੇਦਾਵਾ ਪਾੜਨੇ ਤੋਂ,
ਦੱਸ ਕਰਦਿਆਂ ਕਿਵੇਂ ਇਨਕਾਰ ਤੈਨੂੰ।
ਤੁਸੀਂ ਮੇਰੇ ਲਈ ਹੋਣ ਕੁਰਬਾਨ ਆ ਗਏ,
ਜਾਨਾਂ ਵਾਰ ਕੇ, ਬਖਸ਼ਿਆ ਪਿਆਰ ਮੈਨੂੰ।
ਗੁਰੂ ਸਾਹਿਬ ਨੇ ਖੀਸੇ ਚੋਂ ਕੱਢ ਕਾਗਜ਼,
ਮਹਾਂ ਸਿੰਘ ਸਾਹਵੇਂ, ਲੀਰਾਂ ਕਰ ਦਿੱਤਾ।
ਮੁਖ ਆਈ ਮੁਸਕਾਨ ਤੇ ਹਿਚਕੜੀ ਜਿਹੀ,
ਛੱਡੇ ਸਵਾਸ ਤੇ, ਮੰਜ਼ਲ ਨੂੰ ਸਰ ਕੀਤਾ !!

ਭੁਲੇਖੇ ਪਏ, ਗੁਰੂ ਨਾਲੋਂ ਸਿੰਘ ਟੁਟੇ,
ਟੁਟੀ-ਗੰਢਣੀ ਗੁਰੂ ਆਪੇ ਜਾਣਦਾ ਏ।
ਪੱਥਰ, ਹੀਰੇ ਦੀ, ਪਰਖ ਉਸ ਪਾਰਖੂ ਨੂੰ,
ਬੇਦਾਵਾ ਲਿਖਿਆ ਗਿਆ ਕੁਝ ਸਿੰਘ ਵਲੋਂ।
ਬੇਦਾਵਾ ਪਾੜਨਾ ਵੀ ਆਪੇ ਉਹ ਜਾਣਦਾ ਏ,
"ਨਛੱਤਰ ਭੋਗਲ" ਜੀਅ ਸਦਕੇ ਕੁਰਬਾਨੀਆਂ ਦੇ।
ਬੂਟਾ ਸਿੱਖੀ ਦਾ ਛਾਵਾਂ ਪਿਆ ਮਾਣਦਾ ਏ !!

ਨਛੱਤਰ ਸਿੰਘ ਭੋਗਲ

## ਫੌਜਾਂ ਦਾ ਦਿੱਲੀ ਨੂੰ ਕੂਚ!



-ਤਰਲੋਚਨ ਸਿੰਘ 'ਦੁਪਾਲ ਪੁਰ'

ਝੰਡਾ ਜਿੱਤ ਦਾ ਗੱਡਣੇ ਵਾਸਤੇ ਜੀ
ਦਲ ਬਾਦਲੀ ਫੌਜ ਦਾ ਚੱਲਿਆ ਈ।

ਦਿਲਾਂ ਵਿੱਚ ਗਰੂਰ ਇਹ ਬੋਲਦਾ ਏ
ਸਾਡਾ ਹੁਕਮ ਨਾ ਕਿਸੇ ਨੇ 'ਥੱਲਿਆ ਈ।

ਸੁੱਕਾ ਨਹੀਂ ਵਿਰੋਧੀ ਕੋਈ ਜਾਣ ਦਿੱਤਾ
ਗੋਡਾ ਧੌਣ 'ਤੇ ਰੱਖ ਦਬੱਲਿਆ ਈ।

ਗੜ੍ਹ ਢਾਹੁਣ ਨੂੰ 'ਸਰਨਿਆਂ' ਆਕੀਆਂ ਦਾ
ਜਾਂਦਾ ਜੋਸ਼ ਨਾ ਉਨ੍ਹਾਂ ਦਾ ਠੱਲ੍ਹਿਆ ਈ।

ਰਾਮੂੰਵਾਲੀਆ ਥਾਪ ਜਰਨੈਲ ਦਿੱਤਾ
'ਰਾਸ਼ਣ-ਪਾਣੀ' ਵੀ ਨਾਲ ਹੀ ਘੱਲਿਆ ਈ।

ਕਰਕੇ ਕਿਲੇ ਪੰਜਾਬ ਦੇ ਫਤਹਿ ਸਾਰੇ
ਜਾ ਕੇ ਮੋਰਚਾ ਦਿੱਲੀ ਦਾ ਮੱਲਿਆ ਈ!


## ਗ਼ਜ਼ਲ



ਰਾਏ ਮਹਿੰਦਰ ਸਿੰਘ

ਭਾਵਨਾਵਾਂ ਦਾ ਵਹਾ, ਭਰ ਚਲੇ ਦਰਿਆ।
ਟੁੱਟਣੋ ਨੇ ਬੰਨ੍ਹ, ਹੜ੍ਹ ਹੰਝੂਆਂ ਦਾ ਆ।
ਜ਼ੋਰ ਨਾਲ ਭਾਵੇਂ, ਸਾਰਾ ਜੱਗ ਜਿੱਤ ਲਾ।
ਜਿਹਨੇ ਜਿੱਤਿਆ ਨਾ ਦਿਲ ਉਹ ਹਰਿਆ।
ਨਫ਼ਰਤਾਂ ਦੇ ਕੋਲੇ, ਦਗ-ਦਗ ਮੱਘਦੇ।
ਬੁਝ ਜਾਣੇ ਪਿਆਰ ਦਾ ਜਦ ਮੀਂਹ ਵਰ੍ਹਿਆ।
ਨਿਸ਼ਚੇ ਦੇ ਨਾਲ ਸਰ ਕੀਤੇ ਜਾਂਦੇ ਸਰ।
ਖੁਰਿਆ ਸੀ ਘੜਾ, ਨਾ ਇਰਾਦਾ ਖੁਰਿਆ।
ਆਸ਼ਾ ਤੇ ਨਿਰਾਸ਼ਾਵਾਦੀ ਦੋਵੇਂ ਜਗ 'ਤੇ।
ਗਲਾਸ ਅੱਧਾ ਖਾਲੀ ਜਾਂ ਅੱਧਾ ਭਰਿਆ।
ਇਹ ਇੱਛੁਕ ਹੈ, ਦੁਮੂੰਹੀਂ ਕੱਲਰ ਦੀ।
ਨਾਗਣੀ ਦਾ ਡੰਗ ਸੀਨੇ ਉੱਤੇ ਜ਼ਰਿਆ।
ਅਰਥੀ ਨੂੰ ਮੋਢਾ ਵੀ ਦੇਣ ਪਹੁੰਚੇ।
ਖ਼ਾਤਰ ਜਿਨ੍ਹਾਂ ਦੀ, ਦਿਨੇਂ ਰਾਤੀਂ ਮਰਿਆ।
ਰੁੱਖੀ ਮਿੱਸੀ ਖਾ ਕੇ ਡੰਗ ਨਹੀਂ ਸਾਰਦੀ।
ਤੇਰੇ ਕੋਲੋਂ ਇੱਕ ਵੀ ਨਾ ਹੰਝੂ ਸਰਿਆ।
ਇਕਨਾਂ ਪਿਆਰ ਕੀਤਾ ਡਰ ਡਰ ਕੇ।
ਇਕਨਾਂ ਨੇ ਸੀਸ ਤਲੀ ਉੱਤੇ ਧਰਿਆ।
ਉੱਡਦਿਆਂ ਦੇ ਪਿੱਛੇ ਲੱਗ ਉੱਡਦੀ ਰਹੀ।
'ਰਾਏ' ਉੱਤੇ ਕਦੀ ਨਾ ਭਰੋਸਾ ਕਰਿਆ।

## ਕਾਦਰ ਦੀ ਕੁਦਰਤ



ਸਵ: ਡਾ: ਨੂਰ ਭਾਰਤੀ

ਹਰ ਸ਼ੈਅ ਨੂੰ ਤੂੰ ਕਿਉਂ ਕਹਿੰਦਾ ਹੈਂ
ਇਹ ਤੇਰੀ ਸਿਰਫ਼ ਤੇਰੀ ਹੈ
ਇਹ ਨਿਰਾ ਭੁਲੇਖਾ ਹੈ ਦੋਸਤਾ
ਨਾਂ ਤੇਰੀ ਹੈ ਨਾ ਇਹ ਮੇਰੀ ਹੈ
ਇਹ ਕਾਇਨਾਤ ਸੁਪਨੇ ਦੀ ਨਿਆਂਈ ਹੈ
ਜੱਗ ਰਚਨਾ ਜੋ ਦਿਸਦੀ ਹੈ ਫਾਨੀ ਹੈ
ਕਿਸੇ ਲੇਖੇ-ਜੋਖੇ ਦਾ ਚੱਕਰ ਹੈ
ਮੋਹ ਮਾਇਆ ਦੀ ਜ਼ਿੰਦਗਾਨੀ ਹੈ
ਕੋਈ ਹੱਸਦਾ ਹੈ ਕੋਈ ਰੋਂਦਾ ਹੈ
ਕੋਈ ਮੇਲ ਲਈ ਤਰਲੇ ਕੱਢਦਾ ਹੈ
ਕੋਈ ਛਿੱਦਾਂ ਕਿਸੇ ਦੀਆਂ ਧੋਂਦੀ ਹੈ
ਕੋਈ ਪਿਆਰ ਦੇ ਫਸਤੇ ਵੱਢਦਾ ਹੈ
ਇਸ ਦੁਨੀਆਂ ਦੇ ਮੰਚ ਦੇ ਉੱਤੇ
ਸਾਰੇ ਹੀ ਕਲਾਕਾਰ ਹਾਂ ਆਪਾਂ
ਤੰਗ ਨੁਸ਼ਿਅੰਗ ਮਲੰਗ ਹਾਂ ਭਾਵੇਂ
ਫਿਰਦੇ ਤੁਰਦੇ ਕਿਰਦਾਰ ਹਾਂ ਆਪਾਂ
ਕੋਈ ਮਿਲ ਜਾਂਦਾ ਕੋਈ ਛੱਡ ਜਾਂਦਾ
"ਨੂਰ" ਚਾਰ ਦਿਨਾਂ ਦਾ ਮੇਲਾ ਹੈ
ਕਾਦਰ ਦੀ ਕੁਦਰਤ ਬਹੁਰੰਗੀ ਹੈ
ਇਹ ਬੜਾ ਅਜੀਬ ਝਮੇਲਾ ਹੈ।

# ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਿੱਖਣ ਤੇ ਸੁਣਨ ਵਾਲਿਆਂ ਲਈ ਅਨਮੋਲ ਤੋਹਫ਼ਾ

→ 39 ਸਫੇ ਦੀ ਬਾਕੀ

ਮੇਰੀ ਈਮੇਲ ਪਹੁੰਚਦਿਆਂ ਸਾਰ ਸ: ਪੁਰੇਵਾਲ ਜੀ ਨੇ ਮੇਰੇ ਨਾਲ ਸੰਪਰਕ ਕਰ ਕੇ ਦੱਸਿਆ ਕਿ ਉਸ ਵੱਲੋਂ ਇੱਕ ਵੀਡੀਓ ਟਿਊਟਰ ਬਣਾਇਆ ਜਾ ਰਿਹਾ ਹੈ ਜਿਸ ਵਿਚ ਸਿਰਫ਼ ਡਾਊਨਲੋਡ ਕਰਨ ਦੀ ਸੁਵਿਧਾ ਹੀ ਨਹੀਂ ਹੋਵੇਗੀ ਬਲਕਿ ਉਨ੍ਹਾਂ ਦਾ ਟੀਚਾ ਹੈ ਕਿ ਕੰਪਿਊਟਰ ਵਿੰਡੋ ਤਿਆਰ ਕਰਨ ਵਾਲੀਆਂ ਕੰਪਨੀਆਂ ਨਾਲ ਸੰਪਰਕ ਕਰ ਕੇ ਹਰ ਵਿੰਡੋ ਵਿਚ ਪਾ ਦਿੱਤਾ ਜਾਵੇਗਾ ਤਾਂ ਕਿ ਦੁਨੀਆਂ ਭਰ ਦੇ ਹਰ ਕੰਪਿਊਟਰ ਤੇ ਮੋਬਾਈਲ ਫੋਨਾਂ ਵਿਚ ਇਹ ਪਹੁੰਚ ਜਾਵੇ। ਉਨ੍ਹਾਂ ਇਹ ਵੀ ਦੱਸਿਆ ਕਿ ਉਸ ਟਿਊਟਰ ਵਿਚ ਇਹ ਆਪਸ਼ਨ ਵੀ ਪਾਈ ਜਾਵੇਗੀ ਕਿ ਜੇ ਕਿਸੇ ਸਿੱਖਿਆਰਥੀ? ਸਰੋਤੇ ਨੂੰ ਪਾਠ ਸੁਣਦੇ ਸਮੇਂ ਕਿਸੇ ਸ਼ਬਦ ਦੇ ਉਚਾਰਨ ਦੀ ਪੂਰੀ ਸਮਝ ਨਾ ਆਵੇ ਤਾਂ ਉਸ ਸ਼ਬਦ 'ਤੇ ਦੁਬਾਰਾ ਕਲਿੱਕ ਕਰਨ 'ਤੇ ਉਸੇ ਸ਼ਬਦ ਤੋਂ ਫ਼ਿਰ ਉਚਾਰਨ ਸ਼ੁਰੂ ਹੋ ਜਾਵੇਗਾ ਤਾਂ ਕਿ ਸਿੱਖਿਆਰਥੀ ਚੰਗੀ ਤਰ੍ਹਾਂ ਸਹੀ ਉਚਾਰਨ ਸਮਝ ਤੇ ਕਰ ਸਕਨ ਦੇ ਸਮਰੱਥ ਹੋ ਸਕੇ। ਜੇ ਕਿਸੇ ਸਮੇਂ ਪਾਠ ਕਰਦੇ ਸਮੇਂ ਕਿਸੇ ਸ਼ਬਦ ਦੇ ਅਰਥ ਵੇਖਣ ਦੀ ਲੋੜ ਪੈ ਜਾਵੇ ਤਾਂ ਉਸ ਸ਼ਬਦ ਨੂੰ ਸਿਲੈਕਟ ਕਰ ਕੇ ਰਾਈਟ ਕਲਿੱਕ ਕਰਨ ਨਾਲ ਉਸ ਦੇ ਅਰਥ ਸਾਹਮਣੇ ਆ ਜਾਣਗੇ। ਜੇ ਕਿਸੇ ਸ਼ਬਦ ਨੂੰ ਸਰਚ ਕਰਨਾ ਹੋਵੇ ਤਾਂ ਉਸ ਦੀ ਵਿਵਸਥਾ ਵੀ ਇਸ ਵਿਚ ਪਾਈ ਜਾਵੇਗੀ। ਕੋਈ ਵੀ ਸ਼ਬਦ ਟਾਈਪ ਕਰ ਕੇ ਸਰਚ ਕਰਨ ਨਾਲ ਸਿੱਧਾ ਉਹ ਪੰਨਾ ਖੁੱਲ੍ਹਣ ਉਪਰੰਤ ਲੋੜੀਂਦਾ ਸ਼ਬਦ ਹਾਈਲਾਈਟ ਹੋ ਜਾਵੇਗਾ। ਇਸ ਤੋਂ ਇਲਾਵਾ ਫੌਂਟ ਦਾ ਸਾਈਜ਼ ਤੇ ਰੰਗ ਬਦਲਣ ਦੀ ਵਿਵਸਥਾ ਵੀ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਵਿਚ ਵਰਤੇ ਗਏ ਫੌਂਟ ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਆਏ ਹੁਕਮ-ਨਾਮੇ ਨੂੰ ਬੋਰਡ 'ਤੇ ਲਿਖਣ ਵਾਲੇ ਸਿੰਘ ਸ.ਮਨਵਿੰਦਰ ਸਿੰਘ ਜੀ ਤੋਂ ਇਕੱਲਾ ਇਕੱਲਾ ਅੱਖਰ ਲਿਖਵਾ ਕੇ ਉਸ ਦੀਆਂ ਫ਼ੋਟੋ ਲਈਆਂ ਤੇ ਉਸ ਫ਼ੋਟੋ ਤੋਂ ਵਿਸ਼ੇਸ਼ ਫੌਂਟ ਤਿਆਰ ਕੀਤਾ ਗਿਆ ਹੈ। ਇਸ ਦਾ ਲਾਭ ਇਹ ਹੈ ਕਿ ਗੁਰਬਾਣੀ ਵਿਚ ਵਰਤੇ ਗਏ ਕਈ ਚਿੰਨ੍ਹ ਜਿਵੇਂ ਕਿ ਪੈਰ ਵਿਚ ਵਰਤੇ ਜਾਣ ਵਾਲਾ ਅੱਧਾ ਯ, ਅੱਧਾ ਵ, ਅੱਧਾ ਤ, ਅੱਧਾ ਟ, ਅੱਧਾ ਚ, ਅੱਧਾ ਨ ਅਤੇ ਹਲੰਤ ਚਿੰਨ੍ਹ ਅਤੇ ਗੁਰਬਾਣੀ ਵਿਚ ਬਿਹਾਰੀ ਤੋਂ ਪਹਿਲਾਂ ਪੈਣ ਵਾਲੀ ਬਿੰਦੀ ਆਦਿ ਜਿਨ੍ਹਾਂ ਦੀ ਵਰਤੋਂ ਅੱਜ ਕੱਲ੍ਹ ਨਾ ਹੋਣ ਕਾਰਨ ਉਹ ਮੌਜੂਦਾ ਫੌਂਟਾਂ ਵਿਚ ਉਪਲਬਧ ਨਹੀਂ ਹਨ, ਉਨ੍ਹਾਂ ਦੇ ਸ਼ੁੱਧ ਰੂਪ ਵਿਚ ਫੌਂਟ ਤਿਆਰ ਕੀਤੇ ਗਏ ਹਨ।

ਸ: ਪੁਰੇਵਾਲ ਦੇ ਮਨ ਵਿਚ ਸੰਕਲਪ ਆਉਣ ਪਿੱਛੋਂ ਇਸ ਪ੍ਰੋਜੈਕਟ ਨੂੰ ਸਿਰੇ ਚਾੜ੍ਹਨ ਦੇ ਸਫ਼ਰ ਵਿਚ ਉਨ੍ਹਾਂ ਵੱਲੋਂ ਕੀਤੇ ਗਏ ਉੱਦਮ ਅਤੇ ਆਈਆਂ ਕਠਨਾਈਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੇ ਸੱਭ ਤੋਂ ਪਹਿਲਾਂ ਇਸ ਪ੍ਰੋਜੈਕਟ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਅਗੇ ਰੱਖਿਆ। ਫ਼ੋਨ ਤੇ ਹੋਈ ਗੱਲਬਾਤ ਰਾਹੀਂ ਉਨ੍ਹਾਂ ਨੂੰ ਪ੍ਰਧਾਨ ਬਣਨ ਦੀ ਮੁਬਾਰਕ ਵੀ ਦਿੱਤੀ। ਪਰ ਉਨ੍ਹਾਂ ਇਸ ਕੰਮ ਲਈ ਬਹੁਤੀ ਤਵੱਜੋ ਨਾ ਦਿੱਤੀ ਤੇ ਕਿਹਾ ਕਿ ਉਹ ਇਸ ਲਈ ਇੱਕ ਕਮੇਟੀ ਬਣਾਉਣਗੇ ਤੇ ਉਨ੍ਹਾਂ ਵੱਲੋਂ ਦਿੱਤੀ ਰਿਪੋਰਟ ਦੇ ਆਧਾਰ 'ਤੇ ਅਗਲੀ ਕਾਰਵਾਈ ਕਰ ਲਈ ਜਾਵੇਗੀ। ਸ: ਪੁਰੇਵਾਲ ਨੇ ਦੱਸਿਆ ਕਿ ਪ੍ਰਧਾਨ ਜੀ ਦੇ ਮੂੰਹੋਂ ਕਮੇਟੀ ਦਾ ਨਾਮ ਸੁਣਦਿਆਂ ਹੀ ਉਨ੍ਹਾਂ ਨੂੰ ਫ਼ਤਿਹ ਬੁਲਾਉਣੀ ਪਈ। ਕਿਉਂਕਿ ਕਿਸੇ ਕੰਮ ਨੂੰ ਖੂਹ ਖਾਤੇ ਪਾਉਣ ਲਈ ਇਹ ਕਮੇਟੀਆਂ ਬਣਾਈਆਂ ਜਾਂਦੀਆਂ ਹਨ ਤੇ ਉਹ ਹਾਲ ਹੀ ਇਸ ਕਾਰਜ ਨੂੰ ਸਿਰੇ ਲਾਉਣ ਲਈ ਹੋਵੇਗਾ। ਸ: ਪੁਰੇਵਾਲ ਨੇ ਦੱਸਿਆ ਕਿ ਉਸ ਤੋਂ ਬਾਦ ਵੀ ਉਨ੍ਹਾਂ ਹਿੰਮਤ ਨਹੀਂ ਹਾਰੀ ਤੇ ਕੋਸ਼ਿਸ਼ ਜਾਰੀ ਰੱਖੀ। ਫ਼ਿਰ ਇਸ ਪ੍ਰੋਜੈਕਟ ਦਾ ਕੌਂਟਰੈਕਟ ਗੁਰਦੀਪ ਸਿੰਘ ਪੰਧੇਰ ਨਾਲ ਹੋਇਆ ਪਰ ਕੈਨੇਡਾ ਆ ਗਏ ਅਤੇ ਹੋਰ ਬਹੁਤ ਸਾਰੀਆ ਮੁਸ਼ਕਲਾਂ ਕਾਰਨ ਲਗਭਗ ਪੂਰਾ ਹੋਇਆ ਕੰਮ ਰੱਦ ਕਰਨਾ ਪਿਆ। ਖ਼ਾਸ ਦਿੱਕਤ ਰਿਕਾਡਿੰਗ (ਉਚਾਰਨ) ਦੀ ਸੀ। ਇਸ ਲਈ ਸਾਰੀਆ ਸਿਰਮੌਰ ਸੰਸਥਾਵਾਂ ਨਾਲ ਸੰਪਰਕ ਕੀਤਾ ਪਰ ਕਿਸੇ ਨੇ ਸਾਥ ਨਹੀਂ ਦਿੱਤਾ। ਮੈਂ ਸਿਰਫ਼ ਇੱਕ ਪਾਠੀ ਦੇਣ ਲਈ ਹੀ ਬੇਨਤੀ ਕਰ ਰਿਹਾ ਸੀ। ਫ਼ਿਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਉਨ੍ਹਾਂ ਨੇ ਬੇਨਤੀ ਕੀਤੀ ਕਿ ਉਹ ਸੁਰੀਲੀ ਆਵਾਜ਼ ਤੇ ਸ਼ੁੱਧ ਪਾਠ ਕਰਨ ਵਾਲਾ ਸਭ ਤੋਂ ਵਧੀਆ ਪਾਠੀ ਪਾਠ ਰਿਕਾਰਡ ਕਰਨ ਲਈ ਉਨ੍ਹਾਂ ਨੂੰ ਦੇਣ ਤੇ ਬਾਕੀ ਦਾ ਸਾਰਾ ਕੰਮ ਤੇ ਖਰਚਾ ਉਹ (ਸ: ਪੁਰੇਵਾਲ) ਖ਼ੁਦ ਕਰਨਗੇ। ਬੀਬੀ ਜਗੀਰ ਕੌਰ ਨੇ ਹਾਂ ਕਰ ਦਿੱਤੀ ਪਰ ਕੁੱਝ ਹੀ ਸਮੇਂ ਪਿੱਛੋਂ ਉਨ੍ਹਾਂ ਦੇ ਪਰਵਾਰ ਵਿਚ ਮੰਦਭਾਗੀ ਘਟਨਾ ਵਾਪਰਨ ਕਰ ਕੇ ਉਨ੍ਹਾਂ ਨੂੰ ਪ੍ਰਧਾਨਗੀ ਛੱਡਣੀ ਪਈ। ਇਸ ਲਈ ਉਨ੍ਹਾਂ ਆਪਣੇ ਤੌਰ 'ਤੇ ਚੰਗੇ ਪਾਠੀ ਦੀ ਭਾਲ ਕੀਤੀ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਇੱਕ ਨਿਹੰਗ ਸਿੰਘ ਜਥੇਬੰਦੀ ਵਿਚੋਂ ਕੁਝ ਸਿੰਘ ਮਿਲੇ ਜਿਨ੍ਹਾਂ ਦੀ ਆਵਾਜ਼ ਬਹੁਤ ਹੀ ਪਿਆਰੀ ਤੇ ਸੁਰੀਲੀ ਸੀ ਇਸ ਲਈ ਉਨ੍ਹਾਂ ਦੀ ਆਵਾਜ਼ ਵਿਚ ਰਿਕਾਰਡਿੰਗ ਕਰਵਾ ਕੇ ਉਹ ਉਸ ਸਮੇਂ ਦੇ ਜਥੇਦਾਰ ਅਕਾਲ ਤਖ਼ਤ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੂੰ ਮਿਲੇ ਤੇ ਆਪਣੇ ਪੂਰੇ ਪ੍ਰੋਜੈਕਟ ਦੀ ਜਾਣਕਾਰੀ ਉਨ੍ਹਾਂ ਨੂੰ ਦਿੱਤੀ। ਪਰ ਉਨ੍ਹਾਂ ਨੇ ਪਾਠ ਸੁਣ ਕੇ ਕਿਹਾ ਕਿ ਇਸ ਵਿਚ ਕੁੱਝ ਐਸੇ ਪਾਠ ਭੇਦ ਹਨ ਜਿਹੜੇ ਸ਼੍ਰੋਮਣੀ ਕਮੇਟੀ ਵੱਲੋਂ ਛਪਾਏ ਜਾ ਰਹੇ ਗੁਰੂ ਗ੍ਰੰਥ ਸਾਹਿਬ ਜੀ ਦੇ ਮੌਜੂਦਾ ਸਰੂਪ ਨਾਲ ਮੇਲ ਨਹੀਂ ਖਾਂਦੇ। ਸ: ਪੁਰੇਵਾਲ ਨੇ ਕਿਹਾ ਕਿ ਇਹ ਜਾਣ ਕੇ ਉਸ ਦੀ ਰਿਕਾਰਡਿੰਗ ਤੇ ਕੀਤੀ ਗਈ ਮੇਹਨਤ ਅਜਾਂਈ ਜਾਂਦੀ ਦਿਸੀ। ਕਿਉਂਕਿ ਉਹ ਨਹੀਂ ਸਨ ਚਾਹੁੰਦੇ ਕਿ ਉਸ ਵੱਲੋਂ ਕੀਤੇ ਕਿਸੇ ਕੰਮ ਨਾਲ ਕੌਮ ਵਿਚ ਨਵੀਂ ਦੁਬਿਧਾ ਖੜ੍ਹੀ ਹੋਵੇ ਕਿਉਂਕਿ ਪਾਠ ਭੇਦ ਵਾਲੇ ਪਾਠ ਨੂੰ ਉਹ ਨਿਹੰਗ ਸਿੰਘ ਸ਼੍ਰੋਮਣੀ ਕਮੇਟੀ ਵਾਲੀ ਮੌਜੂਦਾ ਬੀੜ ਅਨੁਸਾਰ ਪਾਠ ਕਰਨ ਨਾਲ ਸਹਿਮਤ ਨਹੀਂ ਸਨ। ਉਨ੍ਹਾਂ ਨਿਹੰਗ ਸਿੰਘਾ ਨੇ ਟਕਸਾਲ ਮੁਤਾਬਿਕ ਪਾਠ ਕਰਨ ਨੂੰ ਤਰਜੀਹ ਦਿੱਤੀ। ਇਸ ਉਪਰੰਤ ਉਨ੍ਹਾਂ ਦਾ ਤਾਲਮੇਲ ਗਿਆਨੀ ਜਗਤਾਰ ਸਿੰਘ ਜਾਚਕ ਜੀ ਨਾਲ ਹੋਇਆ। ਇਨ੍ਹਾਂ ਨਾਲ ਤਹਿ ਕੀਤਾ ਗਿਆ ਕਿ ਉਹ ਪਾਠ ਬਿਲਕੁਲ ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਜਾ ਰਹੀ ਬੀੜ ਅਨੁਸਾਰ ਕਰਨਗੇ, ਜਿੱਥੇ ਵੀ ਪਾਠ ਵਿਚ ਸਪਸ਼ਟਤਾ ਨਾ ਹੋਈ, ਜਾਂ ਪਾਠ ਕਰਦੇ ਸਮੇਂ ਕੋਈ ਛਿੱਕ, ਉਬਾਸੀ ਆ ਜਾਵੇ ਉਸ ਨੂੰ ਦੁਬਾਰਾ ਰਿਕਾਰਡ ਕਰ ਕੇ ਆਡਿਟਿੰਗ ਕਰ ਕੇ ਮੂਲ ਰਿਕਾਰਡਿੰਗ ਵਿਚ ਫਿੱਟ ਕੀਤਾ ਜਾਵੇਗਾ। ਜਿਸ ਦੀ ਉਨ੍ਹਾਂ ਨੂੰ ਇੱਕ ਵੱਡੀ ਰਕਮ ਅਦਾ ਕਰਨੀ ਪਈ। ਉਨ੍ਹਾਂ ਦੱਸਿਆ ਕਿ ਇਕੱਲੇ ਇਕੱਲੇ ਸ਼ਬਦ ਦੇ ਉਚਾਰਨ ਤੇ ਸ਼ਬਦ ਹਾਈਲਾਈਟ ਕਰਨ ਦੇ ਸਹੀ ਤਾਲਮੇਲ ਬਿਠਾਉਣ ਲਈ ਉਨ੍ਹਾਂ ਨੂੰ ਅਤਿਅੰਤ ਮਿਹਨਤ ਕਰਨੀ ਪਈ ਹੈ। ਇਸ ਟਿਊਟਰ ਨੂੰ ਉਹ ਉਸ ਸਮੇਂ ਹੀ ਨੈਂਟ 'ਤੇ ਪਾਉਣਗੇ ਜਦ ਉਸ ਵਿਚ ਕੋਈ ਵੀ ਗ਼ਲਤੀ ਨਹੀਂ ਰਹੇਗੀ।


ਸ: ਸਤਪਾਲ ਸਿੰਘ ਜੀ ਪੁਰੇਵਾਲ ਵੱਲੋਂ ਕੀਤੀ ਜਾ ਰਹੀ ਮਿਹਨਤ ਅੱਗੇ ਸਿਰ ਸਤਿਕਾਰ ਨਾਲ ਝੁਕ ਗਿਆ ਤੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਤੁਹਾਡਾ ਹੁਣ ਤੱਕ ਆਇਆ ਖ਼ਰਚ ਤੇ ਕਠਨਾਈਆਂ ਦੇ ਵੇਰਵੇ ਸੰਖੇਪ ਰੂਪ ਵਿਚ ਲਿਖਤੀ ਰੂਪ ਵਿਚ ਦਿੱਤੇ ਜਾਣ ਤਾਂ ਕਿ ਮੈਂ ਇਸ ਨੂੰ ਲੇਖ ਦੇ ਰੂਪ ਵਿਚ ਮੀਡੀਏ ਰਾਹੀਂ ਪੰਥ ਦੇ ਰੂਬਰੂ ਕਰ ਸਕਾਂ ਤਾਂ ਕਿ ਕੁੱਝ ਹਿੰਮਤੀ ਸਿੰਘ ਤੁਹਾਡੀ ਕਿਸੇ ਨਾ ਕਿਸੇ ਰੂਪ ਵਿਚ ਸਹਾਇਤਾ ਕਰ ਸਕਣ। ਉਨ੍ਹਾਂ ਕਿਹਾ ਇਸ ਪ੍ਰੋਜੈਕਟ 'ਤੇ ਵੈਸੇ ਤਾਂ ਮੇਰਾ ਹੁਣ ਤੱਕ 50 ਲੱਖ ਰੁਪਈਆ ਖ਼ਰਚ ਹੋ ਚੁੱਕਾ ਹੈ ਪਰ ਜਦ ਤੱਕ ਇਹ ਪ੍ਰੋਜੈਕਟ ਸਿਰੇ ਨਹੀਂ ਚੜ੍ਹਦਾ ਉਹ ਇਸ ਸਬੰਧੀ ਕੁੱਝ ਵੀ ਲਿਖਣਾ ਨਹੀਂ ਚਾਹੁੰਦੇ, ਕਿਉਂਕਿ ਇਸ ਨਾਲ ਕਈ ਬੰਦੇ ਇਹ ਸਮਝਣਗੇ ਸ਼ਾਇਦ ਮੈਂ ਕੋਈ ਸ਼ੋਭਾ ਖੱਟਣ ਲਈ ਜਾਂ ਪੈਸੇ ਇਕੱਠੇ ਕਰਨ ਲਈ ਕਰ ਰਿਹਾ ਹਾਂ। ਜਦ ਇਹ ਪ੍ਰੋਜੈਕਟ ਗੁਰੂ ਦੀ ਕਿਰਪਾ ਨਾਲ ਸਿਰੇ ਚੜ੍ਹ ਗਿਆ ਤੇ ਸੰਗਤਾਂ ਨੂੰ ਪਸੰਦ ਆ ਗਿਆ ਤਾਂ ਉਸ ਉਪਰੰਤ ਕੁੱਝ ਕਰਨ ਵਾਲੇ ਜ਼ਰੂਰੀ ਕੰਮਾਂ ਦੇ ਪ੍ਰੋਜੈਕਟ ਪਲੈਨ ਸਬੰਧੀ ਜਾਣਕਾਰੀ ਦੇ ਕੇ ਬੇਨਤੀ ਕਰਾਂਗਾ ਕਿ ਜੇ ਇਹ ਪੰਥ ਦੇ ਫ਼ਾਇਦੇ ਵਿਚ ਹਨ ਤਾਂ ਸਾਰੇ ਮਿਲ ਕੇ ਹੰਭਲਾ ਮਾਰਨ। ਉਨ੍ਹਾਂ ਗਿਲਾ ਕੀਤਾ ਕਿ ਪੰਥ ਵਿਚ ਬਹੁਤ ਸਾਰੇ ਪੰਥ ਦਰਦੀ ਆਪਣੀ ਆਪਣੀ ਸੇਵਾ ਕਰ ਰਹੇ ਹਨ ਪਰ ਉਨ੍ਹਾਂ ਵਿਚ ਆਪਸੀ ਕੋਈ ਤਾਲਮੇਲ ਨਹੀਂ ਹੈ ਤੇ ਬਹੁਤ ਸਾਰੇ ਇਹ ਪੂਰੀ ਤਰ੍ਹਾਂ ਜਾਣਦੇ ਹੋਏ ਵੀ ਕਿ ਉਸ ਪ੍ਰੋਜੈਕਟ 'ਤੇ ਪਹਿਲਾਂ ਹੀ ਕਿਸੇ ਨੇ ਕੰਮ ਕੀਤਾ ਹੋਇਆ ਹੈ ਜਾਂ ਕਰ ਰਹੇ ਹਨ। ਇਸ ਤਰ੍ਹਾਂ ਇੱਕੋ ਪ੍ਰੋਜੈਕਟ ਨੂੰ ਹੱਥ ਵਿਚ ਲੈ ਕੇ ਆਪਣਾ ਤੇ ਕੌਮ ਦਾ ਸਰਮਾਇਆ ਤੇ ਸਮਾਂ ਨਸ਼ਟ ਕਰ ਰਹੇ ਹਨ। ਉਹ ਚਾਹੁੰਦੇ ਹਨ ਕਿ ਜਿਹੜਾ ਕੰਮ ਕੋਈ ਕਰ ਰਿਹਾ ਹੈ ਉਸ ਵਿਚ ਜੇ ਕੋਈ ਕਮੀ ਪੇਸ਼ੀ ਹੈ ਤਾਂ ਉਸ ਨੂੰ ਪੂਰੀ ਕਰਨ ਵਿਚ ਸਹਿਯੋਗ ਕੀਤਾ ਜਾਵੇ ਤੇ ਆਪ ਕੋਈ ਹੋਰ ਬਹੁਤ ਸਾਰੇ ਅਤਿ ਜ਼ਰੂਰੀ ਕੰਮ ਜੋ ਅਣਛੋਹੇ ਪਏ ਹਨ ਉਨ੍ਹਾਂ ਨੂੰ ਆਪਣੇ ਹੱਥ ਵਿਚ ਲੈਣ। ਇਸ ਉਪਰੰਤ ਸ: ਸਤਪਾਲ ਸਿੰਘ ਪੁਰੇਵਾਲ ਜੀ ਨਾਲ ਤਕਰੀਬਨ ਰਾਬਤਾ ਬਣਿਆ ਰਿਹਾ ਤੇ ਉਹ ਚਾਹੁੰਦੇ ਸਨ ਕਿ ਉਨ੍ਹਾਂ ਵੱਲੋਂ ਟਿਊਟਰ ਨੂੰ ਉਸ ਵੇਲੇ ਹੀ ਨੈਂਟ 'ਤੇ ਪਾਇਆ ਜਾਵੇਗਾ ਜਿਸ ਸਮੇਂ ਉਸ ਵਿਚ 0% ਗ਼ਲਤੀ ਦੀ ਸੰਭਾਵਨਾ ਵੀ ਨਹੀਂ ਰਹੇਗੀ ਕਿਉਂਕਿ ਉਹ ਨਹੀਂ ਚਾਹੁੰਣਗੇ ਕਿ ਉਨ੍ਹਾਂ ਦੀ ਗ਼ਲਤੀ ਨਾਲ ਪੰਥ ਵਿਚ ਕੋਈ ਨਵੀਂ ਦੁਬਿਧਾ ਪੈਦਾ ਹੋਵੇ।

ਉਨ੍ਹਾਂ ਨੂੰ ਸਲਾਹ ਦਿੱਤੀ ਕਿ '**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥**' ਅਨੁਸਾਰ ਹਰ ਵਿਅਕਤੀ ਦੇ ਕੰਮ ਵਿਚ ਕਿਸੇ ਨਾ ਕਿਸੇ ਗ਼ਲਤੀ ਰਹਿਣ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਇਸ ਲਈ ਤੁਸੀਂ ਉਸ ਨੂੰ ਨੈਂਟ 'ਤੇ ਪਾ ਦੇਵੋ। ਇਸ ਉਪਰੰਤ ਉਹ ਕਈ ਵਿਦਵਾਨਾਂ ਦੀ ਨਜ਼ਰ ਵਿਚ ਆਏਗਾ ਤੇ ਕਈ ਤਰੁੱਟੀਆਂ ਤੇ ਨਵੇਂ ਸੁਝਾਉ ਆਉਣਗੇ ਇਸ ਤਰ੍ਹਾਂ ਨਾਲੋਂ ਨਾਲ ਅੱਪਡੇਟ ਹੁੰਦਾ ਰਹੇਗਾ। ਮੇਰੇ ਇਸ ਸੁਝਾਉ 'ਤੇ ਉਨ੍ਹਾਂ ਨਵੇਂ ਸਾਲ ਦੇ ਤੋਹਫ਼ੇ ਵਜੋਂ ਪਹਿਲੀ ਜਨਵਰੀ ਨੂੰ ਕੌਮ ਨੂੰ ਭੇਟ ਕਰਨ ਦਾ ਵਿਚਾਰ ਬਣਾਇਆ ਸੀ ਪਰ ਕੁੱਝ ਕਾਰਨਾਂ ਕਰ ਕੇ ਉਹ ਇੱਕ ਹਫ਼ਤਾ ਪਛੜ ਗਏ। ਪਾਠ ਕਰਦੇ ਸਮੇਂ ਕਿਸੇ ਸ਼ਬਦ 'ਤੇ ਰਾਈਟ ਕਲਿੱਕ ਕਰ ਕੇ ਉਸ ਦੇ ਅਰਥ ਵੇਖਣ ਨੂੰ ਛੱਡ ਕੇ ਬਾਕੀ ਸਾਰਾ ਕੰਮ ਤਕਰੀਬਨ ਮੁਕੰਮਲ ਹੈ। ਹੁਣ ਆਪ ਜੀ www.ektuhi.com 'ਤੇ ਜਾ ਕੇ ਟਿਊਟਰ ਡਾਊਨ ਲੋਡ ਕਰ ਕੇ ਆਪਣੇ ਆਪਣੇ ਦੋਸਤਾਂ ਮਿੱਤਰਾਂ ਦੇ ਕੰਪਿਊਟਰਾਂ ਵਿਚ ਇੰਸਟਾਲ ਕਰ ਕੇ ਲਾਹਾ ਖੱਟਿਆ 'ਤੇ ਪੰਥਕ ਸੇਵਾ ਵਿਚ ਆਪਣਾ ਯੋਗਦਾਨ ਪਾਇਆ ਜਾਣਾ ਚਾਹੀਦਾ ਹੈ। ਇੰਸਟਾਲ ਕਰਨ ਲੱਗਿਆਂ ਕੋਈ 90% ਤੋਂ ਬਾਅਦ ਇੱਕ ਵਿੰਡੋ ਖੁੱਲ੍ਹੇਗੀ, ਜਿਸ ਵਿਚ ਆਪ ਜੀ ਨੇ ਇਗਨੋਰ 'ਤੇ ਕਲਿੱਕ ਕਰ ਦੇਣਾ ਹੈ।

ਕਿਸੇ ਉੱਚ ਅਹੁਦੇ/ਰੁਤਬੇ 'ਤੇ ਬਿਰਾਜਮਾਨ ਸ਼ਖ਼ਸੀਅਤ ਤੋਂ ਰੀਲੀਜ਼ ਕਰਵਾਉਣ ਤੋਂ ਬਿਨਾਂ ਹੀ ਚੁੱਪ ਚੁਪੀਤੇ ਆਪਣੀ ਸਾਈਟ 'ਤੇ ਪਾ ਕੇ ਇਸ ਦਾ ਸੰਦੇਸ਼ ਫੇਸ ਬੁੱਕ ਰਾਹੀਂ ਸੰਗਤਾਂ ਤੱਕ ਪਹੁੰਚਾਉਣ ਦੇ ਉਨ੍ਹਾਂ ਦੇ ਫ਼ੈਸਲੇ ਨੇ ਉਨ੍ਹਾਂ ਦੀ ਸ਼ਖ਼ਸੀਅਤ ਦਾ ਇੱਕ ਹੋਰ ਅਹਿਮ ਪੱਖ ਉਜਾਗਰ ਕੀਤਾ ਹੈ, ਕਿ ਜਿੱਥੇ ਆਮ ਲੋਕੀ ਕੋਈ ਕੰਮ ਨੂੰ ਪੂਰਾ ਹੋਣ ਤੋਂ ਪਹਿਲਾਂ ਹੀ ਉਸ ਦੇ ਟਰੇਲਰ ਨੂੰ ਹੀ ਰੀਲੀਜ਼ ਕਰ ਕੇ ਮੀਡੀਏ ਰਾਹੀਂ ਇਸ਼ਤਿਹਾਰਬਾਜ਼ੀ ਕਰਦੇ ਹਨ ਉਥੇ ਸ: ਪੁਰੇਵਾਲ ਆਪਣਾ ਕੰਮ ਪੂਰਾ ਕਰਨ ਪਿੱਛੋਂ ਵੀ ਕਿਸੇ ਅਹਿਮ ਸ਼ਖ਼ਸੀਅਤ ਤੋਂ ਰੀਲੀਜ਼ ਕਰਵਾਉਣ ਦੇ ਝੰਜਟ ਤੋਂ ਦੂਰ ਰਹਿਣ ਦਾ ਯਤਨ ਕਰ ਰਹੇ ਹਨ। ਮੈਂ ਆਪਣਾ ਇਹ ਲੇਖ ਪੂਰਾ ਕਰਨ ਲਈ ਉਨ੍ਹਾਂ ਤੋਂ ਹੋਰ ਵੇਰਵੇ ਮੰਗਦਾ ਰਿਹਾ ਪਰ ਸ਼ਾਇਦ ਉਹ ਆਪਣੇ ਕੰਮ ਵਿਚ ਜ਼ਿਆਦਾ ਰੁੱਝੇ ਹੋਏ ਹੋਣ ਕਾਰਨ ਜਾਂ ਇਸ ਨੂੰ ਇਸ਼ਤਿਹਾਰਬਾਜ਼ੀ ਸਮਝ ਕੇ ਇਸ ਤੋਂ ਦੂਰ ਰਹਿਣ ਦੇ ਖ਼ਿਆਲ ਨਾਲ ਉਹ ਮੈਨੂੰ ਵੇਰਵੇ ਨਹੀਂ ਭੇਜ ਰਹੇ ਇਸ ਲਈ ਪਹਿਲਾਂ ਹੋਈਆਂ ਗੱਲਾਂ ਦੀ ਯਾਦਦਾਸ਼ਤ ਦੇ ਆਧਾਰ 'ਤੇ ਹੀ ਇਸ ਲੇਖ ਰਾਹੀਂ ਇਸ ਅਨਮੋਲ ਤੋਹਫ਼ੇ ਦੀ ਜਾਣਕਾਰੀ ਸੰਗਤਾਂ ਤੱਕ ਪਹੁੰਚਾਉਣ ਦਾ ਆਪਣਾ ਫ਼ਰਜ਼ ਪੂਰਾ ਕਰ ਰਿਹਾ ਹਾਂ।

# ਬੀ. ਸੀ. ਕਬੱਡੀ ਫੈਡਰੇਸ਼ਨ ਦੇ ਨੀਟੂ ਕੰਗ ਬਣੇ ਸਰਵ ਸੰਮਤੀ ਨਾਲ ਪ੍ਰਧਾਨ

## ਚੋਟੀ ਦੀਆ 14 ਕਲੱਬਾਂ ਦੇ ਪ੍ਰਮੋਟਰਾਂ ਨੇ ਲਿਆ ਹਿੱਸਾ



**ਕੈਨੇਡਾ ਕਬੱਡੀ ਸੀਜ਼ਨ 2013 ਦੇ ਆਗਾਜ਼ ਦੀਆਂ ਸਰਗਰਮੀਆਂ ਦੀ ਸ਼ੁਰੂਆਤ ਬੀਤੇ ਦਿਨੀਂ ਸਰੀ ਦੇ ਹੋਟਲ ਮੁਗਲ ਗਾਰਡਨ ਵਿੱਚ ਹੋਈ ਬੀ. ਸੀ ਕਬੱਡੀ ਫੈਡਰੇਸ਼ਨ ਦੇ ਪ੍ਰਮੁੱਖ ਪ੍ਰੋਮਟਰਾਂ ਦੀ ਮੀਟਿੰਗ ਨਾਲ ਹੋ ਗਿਆ। ਬੀ. ਸੀ. ਕਬੱਡੀ ਫੈਡਰੇਸ਼ਨ ਨਾਲ ਸਬੰਧਿਤ ਚੋਟੀ ਦੀਆ 14 ਕਲੱਬਾਂ ਦੇ ਅਹੁਦੇਦਾਰਾਂ ਦੀ ਅਗਵਾਈ ਵਿੱਚ ਸਰਵ ਸੰਮਤੀ ਨਾਲ ਯੰਗ ਕਬੱਡੀ ਕਲੱਬ ਸਰੀ ਦੇ ਯੰਗ ਵਿਚਾਰਾ ਵਾਲੇ ਤੇ ਯੰਗ ਕਬੱਡੀ ਕਲੱਬ ਦੇ ਪ੍ਰਮੁੱਖ ਥੰਮਾਂ ਚ' ਇੱਕ ਕਮਲਜੀਤ ਸਿੰਘ ਉੱਗੀ ਉਰਫ ਨੀਟੂ ਕੰਗ ਨੂੰ ਸਰਵ ਸੰਮਤੀ ਨਾਲ ਬੀ.ਸੀ. ਕਬੱਡੀ ਫੈਡਰੇਸ਼ਨ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੀਟਿੰਗ ਵਿੱਚ ਖੇਡ ਕਬੱਡੀ ਤੋਂ ਲੱਖਾਂ ਡਾਲਰ ਨਿਛਾਵਰ ਕਰਨ ਵਾਲੇ ਪ੍ਰੋਮਟਰਾਂ 'ਚ ਸ਼ੁਮਾਰ ਬਲਜੀਤ ਗਿੱਲ ਪੁਆਦੜਾ, ਗਿਆਨ ਬਨਿੰਗ ਭਾਣੋਕੀ, ਸਨੀ ਸਹੋਤਾ ਬੜਾ ਪਿੰਡ, ਚਰਨਜੀਤ ਚੰਨੀ, ਮਨਜੀਤ ਬਾਸੀ, ਲਾਲੀ ਦੇਸੀ ਬੇਗਮਪੁਰ, ਦੀਪਾ ਮੁਠੱਡਾ, ਲੱਖਾਂ ਗਾਜੀਪੁਰ, ਜੁਵਾਰਾ ਕਾਲਾ ਸੰਘਿਆਂ, ਬਲਰਾਜ ਸੰਘਾਂ, ਗੁਲੂ ਪੱਡਾ, ਮੱਖਣ ਭੰਡਾਲ, ਬਿੱਟਾ ਸੋਹੀ, ਸੋਚੀ ਕੰਦੋਲਾ, ਬਾਬੂ ਵਿਰਕ, ਬੇਅੰਤ ਲਿੱਟ, ਲਾਲੀ ਸਿੱਧੂ, ਹਰਪ੍ਰੀਤ ਸੀਰੀਆ, ਰਾਣਾ ਪੁਆਰ, ਸਿਕੰਦਰ ਗਰੇਵਾਲ, ਸੁਰਜੀਤ ਸੰਧੂ ਦੁਆਬੀਆ, ਸਾਬੀ ਤੱਖਰ, ਸੇਬੀ ਗਾਖਲ, ਮੰਗਾ ਪੁਆਰ ਤੇ ਸਾਬੀ ਥਾਂਦੀ ਨੇ ਮੀਟਿੰਗ ਵਿੱਚ ਹਾਜ਼ਰੀ ਲਗਵਾਈ। ਇਸ ਫੈਡਰੈਸ਼ਨ ਦੇ ਬਾਕੀ ਅਹੁਦੇਦਾਰਾਂ ਦੀ ਚੋਣ ਆਉਣ ਵਾਲੇ ਦਿਨਾਂ ਵਿੱਚ ਕੀਤੀ ਜਾਵੇਗੀ। ਇਸ ਕਬੱਡੀ ਫੈਡਰੈਸ਼ਨ ਨੂੰ ਅਲਬਰਟਾ ਚੋ ਮੇਜਰ ਸਿੰਘ ਬਰਾੜ ਭਲੂਰ ਕੇਨੈਡਾ, ਜਲੰਧਰ ਸਿੱਧੂ, ਕਰਮਪਾਲ ਸਿੱਧੂ ਲੰਡੇਕੇ, ਸਾਬਾ ਸਮਰਾ, ਧੀਰਾ ਬਾਸੀ ਤੇ ਰਾਣਾ ਹੇਅਰ ਵਾਲੀ ਅਲਬਰਟਾ ਕਬੱਡੀ ਫੈਡਰੇਸ਼ਨ ਦਾ ਸਹਿਯੋਗ ਵੀ ਹਾਸਿਲ ਹੈ। ਇਸੇ ਤਰਾਂ ਬੀ.ਸੀ. ਕਬੱਡੀ ਫੈਡਰੇਸ਼ਨ ਨੂੰ ਟਰਾਂਟੋ ਤੋਂ ਜੋਗਾ ਸਿੰਘ ਕੰਗ, ਕਰਨ ਘੁਮਾਣ ਦਿੜਬਾ, ਗੁਰੀ ਖਹਿਰਾ ਤੇ ਜੱਸ ਸੋਹਲ ਟਰਾਂਟੋ ਦੀ ਅਗਵਾਈ ਵਾਲੀ ਫੈਡਰੇਸ਼ਨ ਨਾਲ ਕਬੱਡੀ ਮੈਚਾਂ ਤੇ ਖਿਡਾਰੀਆਂ ਦਾ ਸਾਂਝਾਂ ਅਦਾਨ ਪ੍ਰਦਾਨ ਜਾਰੀ ਰਹੇਗਾ। ਕਬੱਡੀ ਖਿਡਾਰੀ ਤੋਂ ਕਬੱਡੀ ਪ੍ਰਮੋਟਰ ਬਣੇ ਨੀਟੂ ਕੰਗ ਦੀ ਸਰਵ ਸੰਮਤੀ ਨਾਲ ਹੋਈ ਚੋਣ ਨੂੰ ਲੈ ਕੇ ਖੇਡ ਫਿਜ਼ਾਵਾ ਵਿੱਚ ਖੁਸ਼ੀ ਦੀ ਲਹਿਰ ਵੇਖਣ ਮਿਲ ਰਹੀ ਹੈ। ਸਰਵ ਸੰਮਤੀ ਨਾਲ ਪ੍ਰਧਾਨ ਚੁਣੇ ਜਾਣ ਤੋਂ ਬਾਅਦ ਨੀਟੂ ਕੰਗ ਨੇ ਕਿਹਾ ਕਿ ਇਸ ਫੈਡਰੇਸ਼ਨ ਵਿੱਚ ਕਬੱਡੀ ਜਗਤ ਦੇ ਅੰਤਰਰਾਸ਼ਟਰੀ ਧੁੰਨਤਾਰਾਂ ਦੀ ਹਾਜ਼ਰੀ ਕੈਨੇਡੀਅਨਾਂ ਨੂੰ 2013 ਦੇ ਸੀਜ਼ਨ ਵਿੱਚ ਵੇਖਣ ਨੂੰ ਮਿਲੇਗੀ। -(ਹਰਮਿੰਦਰ ਢਿੱਲੋਂ ਮੌ-ਸਾਹਿਬ)**

**Dr Gurnam Singh**
**Coventry University, UK**

# The Death of Democracy in Indian

**(This article is based on a presentation given at a meeting in the UK Parliament on 10th Dec 2012, organised by Kesari Lehar, a grassroots movement that is campaigning against human rights abuses in India)**

Honourable Members of Parliament and friends from different communities, let me begin with the traditional Sikh greeting: Waheguru Ji ka Khalsa Waheguru Ji ki Fateh! It seems to me that the only time the political system of India attracts any kind of scrutiny by the Western media is during a general election campaign. Every 4 years or so India becomes billed as the world's largest democracy and India is presented as a beacon of freedom and human suffrage. A beacon of Western secular democracy in the Orient

Whilst there is no such thing as a perfect democracy, I think we desperately need to reassess this popular but wholly inaccurate view of India as the worlds largest democracy; not least because the failure to do so, has I believe fermented Western apathy towards gross human rights abuses committed by the India union, of which the case of Balwant Singh Rajoana is but a tip of the ice berg.

Yes, there can be no doubt that India has experienced something of an economic boom during the past 15 years or so, but accompanying this has been and even more dramatic growth in political corruption. Astonishingly today, almost a third of the MP's in the current parliament have criminal charges against them! And therefore it is not surprising that much of new found wealth trickles into the pockets of the political criminal fraternity rather than ordinary Indians, the small farmers, the rural poor, the labourers and the millions of artisans. According to the World Bank, the situation for the poor in India has actually worsened, 450 million out of a population 1.2 billion live below the international poverty line - measured on earnings of less than £1 per day - Half of India's children are malnourished and many thousands die from diarrhoea every day. So whilst the free Indian democratic state may be transforming the lifestyles of a few powerful individuals with dubious credentials, life is pretty grim.

Today India is analogous to a runaway train that if not checked is headed for a very horrific disaster the likes of which, given the size and scale of the problem, the world has never seen. Today, as pointed out recently by the India intellectual and human rights activist Arundhati Roy far from being a democratic state, for Non-Hindus i.e. religious minorities and Dalits, India is effectively a colonial state.

" The Indian State from the moment it became a sovereign nation, from the moment it shook of the shackles of colonialism it became a colonial state. And it has waged war since 1947 in Kashmir, Manipur, Nagaland, Mizoram, Telagana, Panjab, Goa, Hyderabad; if you look at it it's like a state that has been perpetually at war and a military war, deploying the army against its 'own' people… And if you look at who are these people that the state chose to fight, in all the North Eastern states they were tribal people, in Kashmir it was the Muslims, in Telagana it was the tribal people, in Hyderabad it was the Muslims, in Goa the Christians, in Panjab it's the Sikhs. So you see this upper caste Hindu state is perpetually at war" (http://www.youtube.com/watch?v=B6PLoDphmd0 7th July 2012)

In what appears from Western perspective to be a post colonial world is far from the case for the many oppressed minorities in the former colonies such as India where as Arundati Roy so powerfully suggests, all we have seen is the displacement of one form of autocratic rule by another, albeit masquerading as an independent 'democratic state'. But let us now interrogate the so-called 'world's largest democracy' to see if deserves the label it so proudly claims.

Hanna Arendt the Harvard political theorist and holocaust survivor identifies 5 key features of a democracy, each of which I contend is in serious peril in India today.

1) Transparency in Government – According to 'Transparency International's' Corruption Perceptions Index for 2012 India was ranked 94th out of 176 countries, being tied with the likes of Benin, Colombia, Djibouti, Mongolia, and Senegal.

"Today in India, politicians are so powerful; they are looting the country." Now, these are not my words but those of Santosh Hegde, a former Supreme Court justice of India (NY Times 15th Sept 2012)

2) Freedom of Speech and of the Media - While this right is enshrined in Indian law, the India penal code section 153 allows for a large set of exceptions, which are often used by corrupt politicians to silence any public dissent. Moreover, increasing ownership and patronage of the media by powerful individuals and politicians along with deep levels of corruption in the issuing of broadcasting licenses has further compromised freedom of expression and an independent media. As reported by CNN.com on 2nd Feb 2012, the 2008 sale of telecom licenses is 'seen as the biggest corruption scandal India has ever faced – 'one that rattled Prime Minister Manmohan Singh's government.'

3) Freedom of Religion and belief – Whilst Indian regularly stakes a claim for being a model multicultural society built on the principles of secularism, the reality is that across India ethnic cleansing of religious minorities, most notably Sikhs, Muslims, Christians, Dalits along with landless peasants and slum dwellers, at the hands of various right wing 'Hindutva' inspired fascist groups (e.g. Arya Samaj, RSS, BJP, VHP and Shiv Sena), is a regular feature. Again, you don't have to take my word for this, in a recent debate in the Indian parliament, the Parliamentary Affairs Minister Pawan Kumar Bansal accused BJP opposition of adopting fascist tactics.

But tragically, the once staunchly secular Indian National Congress Party, as the Nanavati inquiry into the massacre of Sikhs following the assassination of Indira Gandhi in Nov 1984 uncovered has itself succumbed to sectarianism. The report incriminated scores of ordinary congress party employees, as well as four senior Congress leaders from New Delhi at the time of the killings, namely, the late L. K. Bhagat; Jagdish Tytler, Sajjan Kumar and Kamal Nath, each of whom, far from being prosecuted rose up the ranks of the party and up to cabinet level.

4) Impartial Courts/Judiciary – Putting aside numerous reports from Asia watch, Amnesty, the Former chief justice of India V.N. KHARE in a recent interview said that corruption in the lower criminal courts was rampant, that it was very difficult for the common man because there are huge time gaps between hearings and years are spent to get an order from the lower courts.

5) An honest and transparent voting process – today elections are secured not through free and fair elections but by bribing electorates through the distribution of alcohol, drugs and cash handouts or threats to lay bare whole villages. When the present Prime Minister, Manmohan Singh, assumed office Sikhs welcomes him with an open heart and mind; we all had high hopes that he would introduce fundamental reforms and facilitate justice for Sikhs and others. Sadly, this did not transpire. Whilst India has developed on the economic front, because entrenched interests have become even more powerful, tragically this has failed to benefit ordinary people. Today, the levels of corruption and patronage are so endemic in India that the system of governance is anything but democratic and the most powerful evidence of this is that even the countries Prime Minister seems either incapable or unable to do anything about this.

So, on this World Human Rights Day I say today there can be no more important cause for Western governments than to prevent the death of democracy in India. Failure to do so could make the Middle East look like a tea party in comparison. Today the rampant corruption has rendered the Indian government mute in relation to gross violations of human rights of religious minorities, the poor and the Dalits. Today the so-called worlds largest democracy is anything but and in this mother of all democracies I would appeal to all those who believe in peace, justice and freedom to pressurise the India Government that if is wants to be taken seriously as a modern democratic nation, to secure a permanent seat in the UN General assembly, then is must change its ways, and that means abolishing the death penalty, and it means the immediate release of ALL political prisoners, an open invitation to independent scrutiny of human rights.

"Waheguru ji ka Khalsa
waheguru ji ki fateh"

## Lord Rana Nominated for Strengthening Global Indian Diaspora



London (Manpreet Singh Badhni Kalan) Lord Diljit Singh Rana MBE has been nominated for the inaugural Grassroot Diplomat Initiative Awards. The award looks to recognise outstanding diplomats and politicians in the UK for their dedication, commitment and selfless efforts in representing civilian matters at the highest level. Nominated under the Social Driver category, Lord Rana is being recognised for his work with GOPIO United, an organisation which supports people of Indian origin in business, commerce, cross cultural exchange and human rights. GOPIO United has embarked on ambitious initiatives, most notably, the aim to launch an investment fund of 250 million Euros investing in good causes, projects and charitable work. These initiatives will provide positive change to support people of Indian origin in a wide range of capacities, globally. Talyn Rahman-Figueroa, Director of Grassroot Diplomat said, "Grassroot diplomacy empowers the voiceless, defines a path for the hopeless, and restores faith to influencers. The Initiative Award seeks to build trust again between the 'us and them' and bring people of all statuses together." Lord Rana is committed to engaging the grassroots in its combined efforts to promoting business links between India and Northern Ireland, and for this, his efforts are being recognised here. Over 50 high-level government officials have been nominated in 3 categories but there can only be six winners. Join Lord Diljit Rana and other government nominees at the Vincent Rooms, Westminster with evening performance led by Euro-Vision Song Contest artist, Imaani.

## ਪੰਜਾਬ ਕੈਂਸਰ ਦੀ ਜਕੜ 'ਚ

→ 5 ਸਫ਼ੇ ਦੀ ਬਾਕੀ

ਇਸ ਬਿਮਾਰੀ ਨੂੰ ਮਿਟਾਉਣ ਦੇ ਲਈ ਭੋਜਨ ਪ੍ਰਣਾਲੀ ਵਿਚੋਂ ਕੈਂਸਰ ਦੀਆਂ ਜੜ੍ਹਾਂ ਖਤਮ ਕਰਨੀਆਂ ਪੈਣਗੀਆਂ। ਖੇਤੀਬਾੜੀ ਉੱਪਰ ਕੀੜੇਮਾਰ ਜ਼ਹਿਰੀ ਦਵਾਈਆਂ ਛਿੜਕਣ ਤੋਂ ਗੁਰੇਜ਼ ਕਰਨਾ ਪਵੇਗਾ ਤੇ ਕੁਦਰਤੀ ਖੇਤੀ ਨਾਲ ਜੁੜਨਾ ਪਵੇਗਾ। ਪਾਣੀ ਤੇ ਹਵਾ ਸਾਫ ਸੁਥਰਾ ਬਣਾਉਣ ਲਈ ਸਰਕਾਰ ਨੂੰ ਉਪਰਾਲੇ ਕਰਨੇ ਪੈਣਗੇ।

### ਖਾਦਾਂ ਤੇ ਕੀਟਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ

ਜਾਗਰੂਕਤਾ ਦੀ ਘਾਟ ਕਾਰਨ ਪੰਜਾਬ 'ਚ ਮਾਲਵਾ ਦੇ ਫਿਰੋਜ਼ਪੁਰ, ਬਠਿੰਡਾ, ਫਰੀਦਕੋਟ, ਮੋਗਾ, ਮੁਕਤਸਰ ਅਤੇ ਮਾਨਸਾ ਜ਼ਿਲ੍ਹਿਆਂ ਦੇ ਕਿਸਾਨ ਕੈਂਸਰ ਦਾ ਕਾਰਨ ਮੰਨੇ ਜਾਣ ਵਾਲੇ ਕੀਟਨਾਸ਼ਕਾਂ ਤੇ ਖਾਦਾਂ ਦੀ ਅੰਨ੍ਹੇਵਾਹ ਵਰਤੋਂ ਕਰ ਰਹੇ ਹਨ। ਇਨ੍ਹਾਂ ਦੀ ਵਰਤੋਂ 'ਚ ਲਾਪਰਵਾਹੀ ਅਤੇ ਇਥੋਂ ਤਕ ਕਿ ਕਿਸਾਨਾਂ ਵਲੋਂ ਕੀਟਨਾਸ਼ਕਾਂ ਦੇ ਖਾਲੀ ਡੱਬਿਆਂ ਤੱਕ ਨੂੰ ਪਾਣੀ ਤੇ ਅਨਾਜ ਆਦਿ ਜਮ੍ਹਾ ਕਰਨ ਲਈ ਵਰਤਣ ਕਰਕੇ ਸਥਿਤੀ ਹੋਰ ਵੀ ਵਿਗੜ ਰਹੀ ਹੈ।

ਔਰਤਾਂ 'ਚ ਬੱਚੇਦਾਨੀ ਅਤੇ ਛਾਤੀਆਂ ਦੇ ਕੈਂਸਰ ਦੇ ਮਾਮਲੇ ਜ਼ਿਆਦਾ ਦੇਖਣ ਨੂੰ ਮਿਲ ਰਹੇ ਹਨ। ਭੋਜਨ ਨਲੀ ਦੇ ਕੈਂਸਰ, ਲਿਮਫੋਮਾ ਤੇ ਲਿਊਕੀਮੀਆ ਦੇ ਮਾਮਲੇ ਵੀ ਸਾਹਮਣੇ ਆਏ ਹਨ। ਖੇਤਰ ਦੇ ਜ਼ਮੀਨ ਹੇਠਲੇ ਪਾਣੀ 'ਚ ਹਾਨੀਕਾਰਕ ਰਸਾਇਣ ਵੀ ਬਹੁਤ ਜ਼ਿਆਦਾ ਮਾਤਰਾ 'ਚ ਪਾਏ ਗਏ ਹਨ। ਸਮੱਸਿਆ ਦਾ ਚਿੰਤਾਜਨਕ ਪਹਿਲੂ ਇਹ ਵੀ ਹੈ ਕਿ ਕਿਸਾਨਾਂ ਨੂੰ ਕੀਟਨਾਸ਼ਕਾਂ ਦੇ ਮਾੜੇ ਅਸਰਾਂ ਬਾਰੇ ਵਾਰ-ਵਾਰ ਚਿਤਾਵਨੀ ਦੇਣ ਦੇ ਬਾਵਜੂਦ ਇਨ੍ਹਾਂ ਦੀ ਵਰਤੋਂ 'ਚ ਸੰਨ 2006-07 ਤੋਂ ਸੰਨ 2011-12 ਤੱਕ ਨਾਮਾਤਰ ਕਮੀ ਹੀ ਆਈ ਹੈ।

ਹੁਣ 'ਸੈਂਟਰ ਫਾਰ ਸਾਇੰਸ ਐਂਡ ਇਨਵਾਇਰਨਮੈਂਟ' (ਸੀ. ਐੱਸ. ਈ.) ਨੇ ਪੰਜਾਬ ਦੇ ਪਿੰਡਾਂ ਤੋਂ ਇਕੱਠੇ ਕੀਤੇ ਖੂਨ ਦੇ ਨਮੂਨਿਆਂ ਦੀ ਜਾਂਚ ਤੋਂ ਬਾਅਦ ਇਹ ਸਨਸਨੀਖੇਜ਼ ਖੁਲਾਸਾ ਕੀਤਾ ਹੈ ਕਿ ਸੂਬੇ ਦੇ ਕਈ ਪਿੰਡਾਂ 'ਚ ਲੋਕਾਂ ਦੇ ਖੂਨ 'ਚ ਘੱਟੋ-ਘੱਟ 15 ਕਿਸਮ ਦੇ ਕੀਟਨਾਸ਼ਕਾਂ ਦੇ ਤੱਤ ਪਾਏ ਗਏ ਹਨ।

ਇਸ ਅਧਿਐਨ ਅਨੁਸਾਰ ਪਾਬੰਦੀਸ਼ੁਦਾ ਡੀ. ਡੀ. ਟੀ. ਤੇ ਡੀ. ਡੀ. ਈ. ਦੇ ਅੰਸ਼ ਪੱਛਮੀ ਮਾਹਿਰਾਂ ਵਲੋਂ ਨਿਰਧਾਰਿਤ ਵੱਧ ਤੋਂ ਵੱਧ ਮਾਤਰਾ ਨਾਲੋਂ ਕ੍ਰਮਵਾਰ 188 ਗੁਣਾ ਅਤੇ 35 ਗੁਣਾ ਤਕ ਜ਼ਿਆਦਾ ਪਾਏ ਗਏ ਹਨ। ਕੇਂਦਰੀ ਖੇਤੀਬਾੜੀ ਮੰਤਰਾਲੇ ਅਤੇ ਸਿਹਤ, ਪਰਿਵਾਰ ਭਲਾਈ ਮੰਤਰਾਲੇ ਨੂੰ ਭੇਜੇ ਮੈਮੋਰੰਡਮ 'ਚ ਸੀ. ਐੱਸ. ਈ. ਨੇ ਲਿਖਿਆ ਹੈ ਕਿ "ਪੰਜਾਬ ਦੀ ਖੇਤੀ ਨੀਤੀ ਬਹੁਤ ਖਰਾਬ ਹੈ। ਉਪਜ ਵਧਾਉਣ ਦੀ ਲੋੜ ਹੈ ਪਰ ਇਨਸਾਨੀ ਜ਼ਿੰਦਗੀਆਂ ਦੀ ਕੀਮਤ 'ਤੇ ਨਹੀਂ। ਇਸ ਲਈ ਇਸ ਦੇ ਮਾੜੇ ਅਸਰਾਂ ਤੋਂ ਬਚਣ ਲਈ ਇਸ ਨੂੰ ਰੋਕਣਾ ਜ਼ਰੂਰੀ ਹੈ।"

ਜੇਕਰ ਬਿਨਾਂ ਸੋਚੇ-ਵਿਚਾਰੇ ਕੀਟਨਾਸ਼ਕਾਂ ਅਤੇ ਰਸਾਇਣਕ ਖਾਦਾਂ ਦੀ ਅੰਨ੍ਹੇਵਾਹ ਵਰਤੋਂ ਇਸੇ ਤਰ੍ਹਾਂ ਜਾਰੀ ਰਹੀ ਤਾਂ ਆਉਣ ਵਾਲੇ ਸਮੇਂ 'ਚ ਇਸ ਦੇ ਨਤੀਜੇ ਤਬਾਹਕੁੰਨ ਹੋਣਗੇ।

### ਮਾਲਵੇ 'ਚ 176 ਇੰਡਸਟਰੀਆਂ ਫੈਲਾ ਰਹੀਆਂ ਹਨ ਪ੍ਰਦੂਸ਼ਣ

ਇੱਕ ਅੰਦਾਜ਼ੇ ਅਨੁਸਾਰ ਬਠਿੰਡਾ, ਸੰਗਰੂਰ, ਮਾਨਸਾ, ਫਰੀਦਕੋਟ, ਫਿਰੋਜ਼ਪੁਰ ਤੇ ਮੋਗਾ 'ਚ 176 ਇੰਡਸਟਰੀਆਂ ਨਿਯਮਾਂ ਨੂੰ ਅੱਖੋਂ ਪਰੋਖੇ ਕਰਕੇ ਚਲਾਈਆਂ ਜਾ ਰਹੀਆਂ ਹਨ। ਸਭ ਤੋਂ ਵੱਧ ਗ਼ੈਰ-ਕਾਨੂੰਨੀ ਇੰਡਸਟਰੀਆਂ (62 ਲੱਗਭਗ) ਬਠਿੰਡਾ 'ਚ ਚੱਲ ਰਹੀਆਂ ਹਨ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਹ ਪਿਛਲੇ ਤਕਰੀਬਨ 10 ਸਾਲਾਂ ਤੋਂ ਚੱਲ ਰਹੀਆਂ ਹਨ, ਪਰ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀ ਅੱਖਾਂ ਬੰਦ ਕਰਕੇ ਬੈਠੇ ਹਨ। ਇਸ 'ਚ ਪ੍ਰਦੂਸ਼ਣ ਬੋਰਡ ਵੱਲੋਂ ਇਨ੍ਹਾਂ ਇੰਡਸਟਰੀਆਂ ਨੂੰ ਪਿਛਲੇ 5 ਸਾਲ 'ਚ 7 ਵਾਰ ਨੋਟਿਸ ਕੱਢਿਆ ਜਾ ਚੁੱਕਿਆ ਹੈ, ਪਰ ਕਾਗਜ਼ੀ ਕਾਰਵਾਈ ਤੋਂ ਇਲਾਵਾ ਕਿਸੇ ਤਰ੍ਹਾਂ ਦੀ ਠੋਸ ਕਾਰਵਾਈ ਨਹੀਂ ਹੋਈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਦੇ ਕੋਲ ਉਨ੍ਹਾਂ ਇਕਾਈਆਂ ਦਾ ਰਿਕਾਰਡ ਹੀ ਨਹੀਂ ਹੈ। ਗ਼ੈਰ-ਕਾਨੂੰਨੀ ਇੰਡਸਟਰੀਆਂ 'ਚ ਸਭ ਤੋਂ ਵੱਧ ਗਿਣਤੀ ਸਾਬਣ ਫੈਕਟਰੀ ਅਤੇ ਲੋਹੇ ਨਾਲ ਸੰਬੰਧਿਤ ਹਨ। ਇਨ੍ਹਾਂ ਫੈਕਟਰੀਆਂ ਤੋਂ ਨਿਕਲਣ ਵਾਲੇ ਦੂਸ਼ਿਤ ਪਾਣੀ ਨੂੰ ਸਾਫ਼ ਕਰਨ ਲਈ ਕਿਸੇ ਤਰ੍ਹਾਂ ਦੇ ਟਰੀਟਮੈਂਟ ਪਲਾਂਟ ਵੀ ਨਹੀਂ ਲਾਏ ਗਏ। ਇਸ ਕਾਰਨ ਜਿੱਥੇ ਜ਼ਮੀਨੀ ਪਾਣੀ 'ਚ ਜ਼ਹਿਰ ਘੁਲ ਰਿਹਾ ਹੈ, ਉੱਥੇ ਆਲੇ-ਦੁਆਲੇ ਰਹਿਣ ਵਾਲੇ ਲੋਕ ਵੀ ਗੰਭੀਰ ਬਿਮਾਰੀਆਂ ਦੀ ਪਕੜ 'ਚ ਆ ਰਹੇ ਹਨ।

ਮਾਲਵਾ ਦੇ ਵੱਖ-ਵੱਖ ਫੋਕਲ ਪੁਆਇੰਟਾਂ 'ਚ ਸ਼ੈਲਰ ਸਣੇ 230 ਪਲਾਂਟ ਚੱਲ ਰਹੇ ਹਨ। ਇਨ੍ਹਾਂ 'ਚ 147 'ਚ ਉਦਯੋਗਿਕ ਇਕਾਈਆਂ ਚੱਲ ਰਹੀਆਂ ਹਨ, ਪਰ ਇਨ੍ਹਾਂ 'ਚੋਂ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਮਨਜ਼ੂਰੀ ਸਿਰਫ਼ 54 ਇੰਡਸਟਰੀਆਂ ਕੋਲ ਹੀ ਹੈ। ਉਨ੍ਹਾਂ ਨੇ ਵੀ ਪ੍ਰਦੂਸ਼ਣ ਰੋਕਣ ਲਈ ਯੰਤਰ ਨਹੀਂ ਲਗਾਏ ਹਨ। ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਰਵਿੰਦਰ ਸਿੰਘ ਰਵੀ ਦਾ ਕਹਿਣਾ ਹੈ ਕਿ ਜਲਦੀ ਹੀ ਮਾਲਵਾ 'ਚ ਪ੍ਰਦੂਸ਼ਣ ਦਾ ਕਾਰਨ ਬਣ ਰਹੀ ਇੰਡਸਟਰੀ ਖ਼ਿਲਾਫ਼ ਕਾਰਵਾਈ ਹੋਵੇਗੀ।

# ਕੈਂਸਰ ਪੀੜ੍ਹਤ ਗਰੀਬਾਂ ਦੀ ਕੌਣ ਲਵੇਗਾ ਸਾਰ



ਜਸਮੇਲ ਕੌਰ ਬਲੱਡ ਕੈਂਸਰ ਨਾਲ ਪੀੜਤ (ਸੱਜੇ) ਕੈਂਸਰ ਕਾਰਨ ਅੰਗਹੀਣ ਹੋ ਚੁੱਕਿਆ ਕੁਲਦੀਪ ਸਿੰਘ

ਅਸੀਂ ਬਠਿੰਡਾ ਦੇ ਪਿੰਡਾਂ 'ਚ ਜਾਣ ਤੋਂ ਪਿੱਛੋਂ ਮਾਨਸਾ ਤੇ ਸੰਗਰੂਰ ਦੇ ਪਿੰਡਾਂ 'ਚ ਕੈਂਸਰ ਪੀੜਤਾਂ ਨੂੰ ਮਿਲੇ। ਮਾਲਵਾ ਉਹ ਪਾਵਨ ਧਰਤੀ ਹੈ, ਜਿਸ ਨੂੰ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਭਾਗ ਲਗਾਏ। ਪਰ ਅੱਜ ਇਹ ਪਾਵਨ ਧਰਤੀ ਨਹੀਂ ਰਹੀ, ਹਰ ਪਾਸੇ ਮੌਤ ਵਰ ਰਹੀ ਹੈ। ਗਰੀਬਾਂ ਤੇ ਕਿਰਤੀਆਂ ਨੂੰ ਕੈਂਸਰ ਨਿਗਲ ਰਿਹਾ ਹੈ। ਧਾਰਮਿਕ ਤੇ ਪੰਥਕ ਜਥੇਬੰਦੀਆਂ ਆਪਣੀ ਸਿਆਸਤ ਵਿੱਚ ਰੁੱਝੀਆਂ ਹੋਈਆਂ ਹਨ, ਜਿਸ ਦਾ ਪੰਥ ਤੇ ਪੰਜਾਬ ਨੂੰ ਕੋਈ ਫਾਇਦਾ ਨਹੀਂ ਹੋਣ ਵਾਲਾ। ਗੁਰੂ ਸਾਹਿਬਾਂ ਨੇ ਸਿੱਖੀ ਤਾਂ ਸੇਵਾ ਰਾਹੀਂ ਪ੍ਰਗਟ ਕੀਤੀ ਸੀ ਕਿ ਹਰੇਕ ਸਿੱਖ ਦਸਵੰਧ ਦੇਵੇ ਜੋ ਗਰੀਬਾਂ ਤੇ ਲੋੜਵੰਦਾਂ ਦੀ ਸਹਾਇਤਾ ਕੀਤੀ ਜਾਵੇ। ਪਰ ਅੱਜ ਗੁਰਦੁਆਰਿਆਂ ਵਿੱਚ ਗੁਰੂ ਦੀ ਗੋਲਕ ਜੋ ਕਿ ਗਰੀਬ ਦਾ ਮੂੰਹ ਹੁੰਦੀ ਸੀ, ਉਹ ਦਸਵੰਧ ਪਤਾ ਨਹੀਂ ਕਿੱਧਰ ਨੂੰ ਜਾ ਰਿਹਾ ਹੈ? ਪਰ ਅਸੀਂ ਜੋ ਪਿੰਡਾਂ 'ਚ ਗਰੀਬਾਂ ਤੇ ਕਿਰਤੀਆਂ ਦਾ ਕੈਂਸਰ ਤੇ ਹੋਰ ਬਿਮਾਰੀਆਂ ਕਾਰਨ ਹਸ਼ਰ ਦੇਖਿਆ ਹੈ, ਉਹ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ, ਕਿਉਂਕਿ ਉਹ ਦਰਦ ਬਹੁਤ ਡੂੰਘਾ ਹੈ। ਕਿਸੇ ਨੇ ਵੀ ਇਨ੍ਹਾਂ ਗਰੀਬਾਂ ਦੀ ਬਾਂਹ ਨਹੀਂ ਫੜੀ। ਹਰਿਆਣਾ ਦੀ ਹੱਦ ਨਾਲ ਪੈਂਦੇ ਜ਼ਿਲ੍ਹਾ ਸੰਗਰੂਰ ਦੇ ਪਿੰਡ ਕੜੈਲ ਦੇ ਵਾਸੀ ਕੁਲਦੀਪ ਸਿੰਘ ਦੀ ਜ਼ਿੰਦਗੀ ਦਰਦ ਨਾਲ ਭਰਪੂਰ ਹੈ, ਅੱਖਾਂ 'ਚੋਂ ਹੰਝੂ ਗਾਇਬ ਹੋ ਚੁੱਕੇ ਹਨ। ਚਿਹਰੇ 'ਤੇ ਕੋਈ ਰੌਣਕ ਨਹੀਂ, ਕਿਉਂਕਿ ਇਸ 30 ਸਾਲਾ ਕਿਰਤੀ ਕੁਲਦੀਪ ਸਿੰਘ ਦੀ ਸੱਜੀ ਲੱਤ ਨੂੰ ਕੈਂਸਰ ਨੇ ਖਾ ਲਿਆ ਹੈ। ਉਸ ਦੇ ਦੁੱਖ ਦੀ ਕਹਾਣੀ ਬਹੁਤ ਡੂੰਘੀ ਹੈ, ਜਦੋਂ ਉਹ ਅਠਾਰਾਂ ਸਾਲ ਦਾ ਸੀ ਤਾਂ ਉਸ ਵੇਲੇ ਉਸ ਦਾ ਸੱਜਾ ਹੱਥ ਕੁਤਰੇ ਵਾਲੀ ਮਸ਼ੀਨ ਵਿੱਚ ਆ ਗਿਆ ਤੇ 28 ਕੁ ਸਾਲ ਦੀ ਉਮਰ ਦੌਰਾਨ ਉਸ ਨੂੰ ਕੈਂਸਰ ਨੇ ਜਕੜ ਲਿਆ। ਕੈਂਸਰ ਕਾਰਨ ਸੱਜੀ ਲੱਤ ਕੱਟਣੀ ਪਈ। ਭਾਵੇਂ ਉਸ ਨੂੰ ਕੈਂਸਰ ਤੋਂ ਛੁਟਕਾਰਾ ਮਿਲ ਗਿਆ, ਪਰ ਜ਼ਿੰਦਗੀ ਬੋਝ ਬਣ ਗਈ। ਕੁਲਦੀਪ ਦਾ ਕਹਿਣਾ ਹੈ ਕਿ ਤਿੰਨ ਕੁ ਸਾਲ ਪਹਿਲਾਂ ਉਸ ਦੇ ਲੱਤ ਵਿੱਚ ਬਹੁਤ ਜ਼ਿਆਦਾ ਦਰਦ ਰਹਿਣ ਲੱਗ ਪਈ, ਨਾ ਉਹ ਸੌਂ ਸਕਦਾ ਸੀ ਤੇ ਨਾ ਖਾ ਪੀ ਸਕਦਾ ਸੀ। ਸੰਗਰੂਰ ਦੇ ਨੇੜੇ ਤੇੜੇ ਕਈ ਥਾਵਾਂ ਤੋਂ ਉਸ ਨੇ ਇਲਾਜ ਕਰਵਾਇਆ, ਪਰ ਉਸ ਨੂੰ ਆਰਾਮ ਨਾਲ ਮਿਲਿਆ। ਇਕ ਆਰ ਐਮ ਪੀ ਡਾਕਟਰ ਨੇ ਉਸ ਕੈਂਸਰ ਹਸਪਤਾਲ ਬੀਕਾਨੇਰ ਜਾਣ ਦੀ ਸਲਾਹ ਦਿੱਤੀ। ਜਦੋਂ ਉਹ ਉੱਥੇ ਇਲਾਜ ਕਰਵਾਉਣ ਗਿਆ ਤਾਂ ਡਾਕਟਰਾਂ ਨੇ ਸਾਫ਼ ਕਹਿ ਦਿੱਤਾ ਕਿ ਜ਼ਿੰਦਗੀ ਬਚਾਉਣ ਲਈ ਤੇਰੀ ਲੱਤ ਕੱਟਣੀ ਪਵੇਗੀ। ਗਰੀਬੀ ਤੇ ਦੁੱਖਾਂ ਵਿੱਚ ਗ੍ਰਸੇ ਕੁਲਦੀਪ ਨੂੰ ਆਖਰ ਇਹ ਭਾਣਾ ਵੀ ਮਿੱਠਾ ਕਰਕੇ ਮੰਨਣਾ ਪਿਆ। ਆਖਿਰ ਉਹ ਕਰ ਵੀ ਕੀ ਸਕਦਾ ਸੀ? ਇਸ ਇਲਾਜ 'ਤੇ ਉਸ ਦਾ ਚਾਰ ਲੱਖ ਰੁਪਏ ਖ਼ਰਚਾ ਆਇਆ। ਇਹ ਖ਼ਰਚਾ ਉਸ ਨੇ ਆਪਣੀ ਮਾਂ ਤੇ ਪਤਨੀ ਦੇ 2 ਕੁ ਤੋਲੇ ਦੇ ਗਹਿਣੇ ਤੇ ਮੱਝਾਂ ਵੇਚ ਕੇ ਅਤੇ ਰਿਸ਼ਤੇਦਾਰਾਂ ਤੋਂ ਉਧਾਰ ਲੈ ਕੇ ਕੀਤਾ। ਹਾਲੇ ਵੀ ਇਸ ਗਰੀਬ ਦੇ ਸਿਰ 45 ਹਜ਼ਾਰ ਰੁਪਏ ਦਾ ਕਰਜ਼ਾ ਹੈ। ਉਸ ਦੇ ਦੁੱਖਾਂ ਦਾ ਅੰਤ ਇੱਥੇ ਹੀ ਨਹੀਂ, ਉਸ ਦੀ ਜੀਵਨ ਸਾਥਣ ਦੀ ਸੱਜੀ ਅੱਖ ਦੀ ਬਿਲਕੁਲ ਖ਼ਰਾਬ ਹੈ ਤੇ ਦੂਜੀ ਅੱਖ ਵੀ ਘੱਟ ਦਿਖਾਈ ਦਿੰਦਾ ਹੈ। ਉਹ ਦਿਹਾੜੀ ਕਰਨ ਦੇ ਵੀ ਸਮਰੱਥ ਨਹੀਂ। ਇਸ ਜੋੜੇ ਦਾ ਨਿੱਕਾ ਜਿਹਾ ਬੱਚਾ ਹੈ, ਜਿਸ ਦੇ ਭਵਿੱਖ ਦਾ ਪਤਾ ਨਹੀਂ ਕੀ ਬਣੇਗਾ? ਕੁਲਦੀਪ ਤੇ ਉਸ ਦਾ ਪਰਿਵਾਰ ਹੁਣ ਆਪਣੇ ਭਰਾਵਾਂ ਆਸਰੇ ਹੀ ਦਿਨ ਕੱਟੀ ਕਰ ਰਿਹਾ ਹੈ।

ਮਾਨਸਾ ਦੇ ਪਿੰਡ ਬਹਾਦਰਪੁਰ ਦੇ ਕਿਰਤੀ ਦੁੱਲਾ ਸਿੰਘ ਕੈਂਸਰ ਦੀ ਬਿਮਾਰੀ ਨਾਲ । ਮੰਡੀ ਬਰੇਟਾ ਦੇ ਨੇੜੇ ਪੈਂਦੇ ਇਸ ਪਿੰਡ ਦਾ 65-70 ਸਾਲਾ ਦੁੱਲਾ ਗਲ਼ ਵਿੱਚ ਕੈਂਸਰ ਕਾਰਨ ਜ਼ਿੰਦਗੀ ਉਸ ਉੱਪਰ ਬੋਝ ਬਣ ਗਈ ਹੈ। ਉਸ ਦੀ ਧਰਮ ਪਤਨੀ ਗੁਰਦੇਵ ਕੌਰ ਦੱਸਦੀ ਹੈ ਕਿ ਜਦੋਂ ਉਸ ਦੇ ਗਲ਼ ਵਿੱਚ ਅਸਹਿਣਯੋਗ ਦਰਦ ਹੋਇਆ ਤਾਂ ਉਸ ਨੇ ਕਈ ਸਾਲ ਨੇੜਲੀ ਮੰਡੀ ਟੋਹਾਣਾ ਤੋਂ ਇਲਾਜ ਕਰਵਾਇਆ, ਪਰ ਆਰਾਮ ਨਾ ਆਇਆ। ਲੰਮਾ ਸਮਾਂ ਬੀਕਾਨੇਰ ਤੋਂ ਵੀ ਦਵਾਈ ਖਾਧੀ ਤੇ ਫ਼ਰੀਦਕੋਟ ਤੋਂ ਵੀ ਇਲਾਜ ਕਰਵਾਇਆ। ਕੈਂਸਰ ਦੇ ਇਲਾਜ ਕਾਰਨ ਉਸ ਨੂੰ ਆਪਣੇ ਪਸ਼ੂ ਵੀ ਵੇਚਣੇ ਪਏ। ਤ੍ਰਿਪ ਤ੍ਰਿਪ ਕਰਕੇ ਡਿੱਗਦੇ ਹੰਝੂਆਂ ਨੂੰ ਪੂੰਝਦਿਆਂ ਗੁਰਦੇਵ ਕੌਰ ਨੇ ਦੱਸਿਆ ਕਿ ਉਹਨਾਂ ਸਿਰ 60-70 ਹਜ਼ਾਰ ਰੁਪਏ ਦਾ ਕਰਜ਼ਾ ਹੋਰ ਵਧਦਾ ਜਾ ਰਿਹਾ ਹੈ। ਦੁੱਲੇ ਦੇ ਦੋਵੇਂ ਪੁੱਤਰ ਦਿਹਾੜੀਦਾਰ ਮਜ਼ਦੂਰ ਹਨ, ਉਨ੍ਹਾਂ ਦੀ ਆਮਦਨ ਵੀ ਬਾਪੂ ਦੇ ਕੈਂਸਰ 'ਤੇ ਲੱਗ ਰਹੀ ਹੈ। ਦੁੱਲਾ ਸਿੰਘ ਬੋਲਣ ਦੀ ਵੀ ਕੋਸ਼ਿਸ਼ ਕਰਦਾ ਹੈ, ਪਰ ਕੈਂਸਰ ਦੀ ਬਿਮਾਰੀ ਕਾਰਨ ਉਹ ਬੋਲ ਨਹੀਂ ਸਕਦਾ।

ਇਸੇ ਗਲੀ ਦੀ 45 ਸਾਲਾ ਜਸਮੇਲ ਕੌਰ ਨੂੰ 7 ਸਾਲ ਤੋਂ ਬਲੱਡ ਕੈਂਸਰ ਹੈ। ਕੈਂਸਰ ਕਾਰਨ ਉਸ ਦੇ ਸਰੀਰ 'ਤੇ ਕਾਲੇ ਦਾਗ ਪੈ ਚੁੱਕੇ ਹਨ। ਉਸ ਦੀਆਂ ਅੱਖਾਂ ਖੂਨ ਨਾਲ ਲਾਲ ਸੁਰਖ ਹਨ, ਜੋ ਕੈਂਸਰ ਦੇ ਭਿਆਨਕ ਚਿਹਰੇ ਨੂੰ ਭਲੀਭਾਂਤ ਬਿਆਨ ਕਰਦੀਆਂ ਹਨ। ਜਦੋਂ ਗਰਮੀ ਦਾ ਜੂਨ-ਜੁਲਾਈ ਮਹੀਨਾ ਆਉਂਦਾ ਹੈ ਤਾਂ ਉਸ ਦੇ ਸਰੀਰ ਨੂੰ ਅੱਗ ਵਰਗਾ ਸੇਕ ਲੱਗਣਾ ਮਹਿਸੂਸ ਹੁੰਦਾ ਹੈ। ਗਰਮੀ ਵਿੱਚ ਸਰੀਰ ਨੂੰ ਰਾਹਤ ਦੇਣ ਦੇ ਲਈ ਉਹ ਕੱਪੜਿਆਂ ਸਮੇਤ ਪਾਣੀ ਵਾਲੀ ਟੂਟੀ ਹੇਠਾਂ ਹੀ ਬੈਠੀ ਰਹਿੰਦੀ ਹੈ। ਕਈ ਵਾਰ ਤਾਂ ਉਹ ਗਰਮੀ ਕਾਰਨ ਬੇਹੋਸ਼ ਹੋ ਜਾਂਦੀ ਹੈ। ਉਸ ਦਾ ਦਿਓਰ ਆਖਦਾ ਹੈ ਕਿ ਇਸ ਕੈਂਸਰ ਦੀ ਬਿਮਾਰੀ ਉੱਪਰ 10 ਲੱਖ ਰੁਪਏ ਲੱਗ ਚੁੱਕਾ ਹੈ, ਪਰ ਕੈਂਸਰ ਠੀਕ ਹੋਣ 'ਤੇ ਨਹੀਂ ਆ ਰਿਹਾ। ਇਸ ਕਾਰਨ ਉਨ੍ਹਾਂ ਦੀ ਆਰਥਿਕ ਹਾਲਤ ਵੀ ਡਗਮਗਾ ਚੁੱਕੀ ਹੈ। ਘਰ 'ਚ ਪਸ਼ੂਆਂ ਦੀਆਂ ਖਾਲੀ ਪਈਆਂ ਖੁਰਲੀਆਂ ਇਸ ਗੱਲ ਵੱਲ ਇਸ਼ਾਰਾ ਕਰਦੀਆਂ ਹਨ ਕਿ ਕੈਂਸਰ ਦੀ ਚੰਦਰੀ ਬਿਮਾਰੀ ਨੇ ਪਸ਼ੂ ਵੀ ਨਿਗਲ ਲਏ ਹਨ। ਅਰਥਾਤ ਕੈਂਸਰ ਦੇ ਇਲਾਜ ਦੇ ਲਈ ਪਸ਼ੂ ਵੀ ਵੇਚਣੇ ਪਏ। ਜਸਮੇਲ ਦੇ ਪੁੱਤਰ ਹੈਪੀ ਸਿੰਘ ਨੇ ਕਦੀ ਵੀ ਖ਼ੁਸ਼ੀ ਦਾ ਮੂੰਹ ਨਹੀਂ ਵੇਖਿਆ। ਇਸ ਭਿਅੰਕਰ ਬਿਮਾਰੀ ਕਰਕੇ ਪਰਿਵਾਰ ਸਿਰ ਚੜ੍ਹੇ ਕਰਜ਼ੇ ਕਾਰਣ ਉਹਨਾਂ ਨੇ ਲੜਕੀ ਨੂੰ 6 ਵੀਂ ਕਲਾਸ ਵਿੱਚੋਂ ਹਟਾਉਣਾ ਪਿਆ ਤੇ ਪੜ੍ਹਾਈ ਵਿੱਚ ਹੁਸ਼ਿਆਰ ਲੜਕੇ ਨੂੰ ਵੀ ਦਸਵੀਂ ਤੋਂ ਬਾਅਦ ਮਜ਼ਦੂਰੀ ਕਰਨੀ ਪਈ। ਜਸਮੇਲ ਕੌਰ ਦੁਖੀ ਮਨ ਨਾਲ ਦੱਸਦੀ ਹੈ ਕਿ ਉਸ 'ਦੀ ਬਿਮਾਰੀ 'ਤੇ ਹਰ ਮਹੀਨੇ 15 ਹਜ਼ਾਰ ਰੁਪਏ ਮਹੀਨੇ ਦਾ ਖ਼ਰਚ ਹੋ ਰਿਹਾ ਹੈ। ਜਸਮੇਲ ਕੌਰ ਦਾ ਦਰਦ ਆਪਣੇ ਕੈਂਸਰ ਨਾਲੋਂ ਵੀ ਜ਼ਿਆਦਾ ਡੂੰਘਾ ਹੈ। ਉਹ ਇਹ ਸੋਚ ਕੇ ਰੋ ਪੈਂਦੀ ਹੈ ਕਿ ਮੇਰਾ ਮਾਸੂਮ ਪੁੱਤ ਲੱਖਾਂ ਰੁਪਏ ਦਾ ਕਰਜ਼ਾ ਕਿਵੇਂ ਲਾਹੇਗਾ? ਇਸੇ ਪਿੰਡ ਦੀ ਦੂਜੀ ਗਲੀ ਵਿੱਚ 80 ਸਾਲ ਦੀ ਉਮਰ ਦਾ ਬਜ਼ੁਰਗ ਬੀਰਬਲ ਸਿੰਘ ਕੈਂਸਰ ਕਾਰਨ ਮੌਤ ਨੂੰ ਉਡੀਕ ਰਿਹਾ ਹੈ। ਉਹ ਮੰਜੇ ਤੋਂ ਉੱਠ ਵੀ ਨਹੀਂ ਸਕਦਾ। ਡਾਕਟਰਾਂ ਨੇ ਸਾਫ ਕਹਿ ਦਿੱਤਾ ਹੈ ਕਿ ਜਿੰਨੀ ਸੇਵਾ ਕਰਨੀ ਹੈ ਕਰ ਲਵੋ, ਇਹ ਤਾਂ ਕੁਝ ਘੜੀਆ ਦਾ ਮਹਿਮਾਨ ਹੈ। ਪਰ ਉਸ ਦੇ ਪਰਿਵਾਰ ਨੇ ਹਾਲੇ ਤੱਕ ਉਸ ਦੀ ਜ਼ਿੰਦਗੀ ਬਚਾਉਣ ਲਈ ਕੋਈ ਕਸਰ ਨਹੀਂ ਛੱਡੀ। ਉਸ ਦੀ ਬਿਮਾਰੀ ਦੇ ਲਈ ਉਨ੍ਹਾਂ ਦੀ ਸਾਰੀ ਦੋ ਏਕੜ ਜ਼ਮੀਨ ਵੀ ਵਿੱਕ ਗਈ, ਰਿਸ਼ਤੇਦਾਰਾਂ ਤੋਂ ਉਧਾਰ ਵੀ ਲਿਆ, ਪਰ ਬੀਰਬਲ ਦੀ ਜ਼ਿੰਦਗੀ ਨੂੰ ਕੈਂਸਰ ਤੋਂ ਛੁਟਕਾਰਾ ਨਾ ਮਿਲ ਸਕਿਆ। ਉਸ ਦੇ ਪਰਿਵਾਰ ਦੇ ਸਿਰ 'ਤੇ ਦੋ ਲੱਖ ਤੋਂ ਵੱਧ ਖਰਚਾ ਹੈ।

# ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦੇ ਵਿਸ਼ੇਸ਼ ਐਕਟ

## ਮਨੁੱਖੀ ਅਧਿਕਾਰ

ਡਾ. ਸੁਵੀਰ ਸਿੰਘ

ਫ਼ੌਜਾਂ ਦੇ ਵਿਸ਼ੇਸ਼ ਅਧਿਕਾਰ ਐਕਟ (ਆਰਮਡ ਫੋਰਸਿਜ਼ ਸਪੈਸ਼ਲ ਪਾਵਰ ਐਕਟ, 1958) ਰਾਜਨੀਤਕ ਪਾਰਟੀਆਂ, ਮਨੁੱਖੀ ਅਧਿਕਾਰ ਸੰਗਠਨਾਂ ਤੇ ਸੁਰੱਖਿਆ ਮਾਹਿਰਾਂ 'ਚ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਇਹ ਐਕਟ 22 ਮਈ, 1958 'ਚ ਹੋਂਦ 'ਚ ਆਇਆ ਤੇ 11 ਸਤੰਬਰ 1958 ਨੂੰ ਭਾਰਤੀ ਸੰਸਦ ਨੇ ਇਸ ਨੂੰ ਪਾਸ ਕੀਤਾ। ਇਹ ਐਕਟ ਅੰਗਰੇਜ਼ਾਂ ਦੇ 1942 ਦੇ ਆਰਮਡ ਫ਼ੋਰਸਿਜ਼ ਆਰਡੀਨੈਂਸ 'ਤੇ ਆਧਾਰਿਤ ਹੈ, ਜੋ ਕਿ ਉਸ ਸਮੇਂ ਦੇ ਵਾਇਸਰਾਏ ਲਾਰਡ ਲਿਨਲਿਥਗੋ ਨੇ 15 ਅਗਸਤ 1942 ਨੂੰ ਬਰਤਾਨਵੀ ਭਾਰਤ ਦੇ ਆਜ਼ਾਦੀ ਸੰਘਰਸ਼ ਨੂੰ ਕੁਚਲਣ ਲਈ ਲਾਗੂ ਕੀਤਾ ਸੀ। ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਇਸ ਐਕਟ ਦੇ ਬਣਨ ਦਾ ਪ੍ਰਮੁੱਖ ਕਾਰਨ ਇਹ ਸੀ ਕਿ ਉੱਤਰ-ਪੂਰਬੀ ਰਾਜ ਮਿਜ਼ੋਰਮ ਵਿੱਚ ਵੱਖਵਾਦੀ ਤਾਕਤਾਂ ਆਪਣੇ ਪੈਰ ਪਸਾਰ ਰਹੀਆਂ ਸਨ। ਸੰਨ 1972 ਵਿੱਚ ਇਸ ਐਕਟ 'ਚ ਸੋਧ ਕਰਕੇ ਉੱਤਰ-ਪੂਰਬੀ ਰਾਜਾਂ (ਅਸਾਮ, ਨਾਗਾਲੈਂਡ, ਮੇਘਾਲਿਆ, ਤ੍ਰਿਪੁਰਾ, ਮਨੀਪੁਰ ਅਤੇ ਅਰੁਨਾਚਲ ਪ੍ਰਦੇਸ਼) ਵਿੱਚ ਇਸ ਨੂੰ ਲਾਗੂ ਕੀਤਾ ਗਿਆ। ਬਾਅਦ 'ਚ 1980 ਦੇ ਦਹਾਕੇ 'ਚ ਪੰਜਾਬ ਅਤੇ 1990 ਦੇ ਦਹਾਕੇ 'ਚ ਜੰਮੂ-ਕਸ਼ਮੀਰ 'ਚ ਇਸ ਨੂੰ ਲਾਗੂ ਕੀਤਾ ਗਿਆ।

ਇਸ ਐਕਟ ਨੂੰ ਬਣਾਉਣ ਅਤੇ ਇਨ੍ਹਾਂ ਰਾਜਾਂ 'ਚ ਲਾਗੂ ਕਰਨ ਦਾ ਪ੍ਰਮੁੱਖ ਕਾਰਨ ਵਿਦਰੋਹ ਦਾ ਮੁਕਾਬਲਾ ਕਰਨ ਲਈ ਰਾਜਾਂ ਦੀ ਪੁਲੀਸ, ਨੀਮ-ਫ਼ੌਜੀ ਬਲਾਂ ਅਤੇ ਫ਼ੌਜ ਨੂੰ ਉਸ ਗੜਬੜ ਵਾਲੇ ਖੇਤਰ 'ਚ ਵਿਸ਼ੇਸ਼ ਕਾਨੂੰਨੀ ਅਧਿਕਾਰਾਂ ਦੀ ਲੋੜ ਸੀ, ਤਾਂ ਜੋ ਉਹ ਇਸ ਤਰ੍ਹਾਂ ਦੀਆਂ ਕਾਰਵਾਈਆਂ ਦਾ ਸਖ਼ਤੀ ਅਤੇ ਬਿਨਾਂ ਕਿਸੇ ਕਾਨੂੰਨੀ ਅੜਚਣਾਂ ਦੇ ਮੁਕਾਬਲਾ ਕਰ ਸਕਣ। ਇਸ ਐਕਟ ਦੀ ਮਦਦ ਨਾਲ ਜਿੱਥੇ ਅੱਤਵਾਦ ਅਤੇ ਰਾਜ ਵਿਦਰੋਹ ਦਾ ਮੁਕਾਬਲਾ ਕੀਤਾ ਗਿਆ ਹੈ, ਉੱਥੇ ਸੁਰੱਖਿਆ ਬਲਾਂ ਵੱਲੋਂ ਅੱਤਵਾਦੀਆਂ ਦਾ ਮੁਕਾਬਲਾ ਕਰਨ ਦੇ ਨਾਂ 'ਤੇ ਮਨੁੱਖੀ ਅਧਿਕਾਰਾਂ ਦਾ ਵੀ ਘਾਣ ਕੀਤਾ ਜਾਂਦਾ ਰਿਹਾ ਹੈ। ਪਿਛਲੇ ਦਿਨੀਂ ਇੱਕ ਅੰਗਰੇਜ਼ੀ ਅਖ਼ਬਾਰ ਦੇ ਇੱਕ ਲੇਖ ਮੁਤਾਬਕ ਇਕੱਲੇ ਜੰਮੂ-ਕਸ਼ਮੀਰ 'ਚ ਪਿਛਲੇ 22 ਸਾਲਾਂ 'ਚ 35 ਹਜ਼ਾਰ ਵਿਅਕਤੀ ਲਾਪਤਾ ਹਨ।

ਕੇਂਦਰੀ ਸਰਕਾਰ ਨੇ ਇਸ ਐਕਟ ਨੂੰ ਸੋਧਣ ਦੀ ਕੋਸ਼ਿਸ਼ ਨਹੀਂ ਕੀਤੀ। ਫ਼ੌਜ ਦੇ ਵਿਸ਼ੇਸ਼ ਅਧਿਕਾਰ ਐਕਟ 'ਚ ਅਜਿਹੀਆਂ ਧਾਰਾਵਾਂ ਹਨ, ਜਿਸ ਨੇ ਸੁਰੱਖਿਆ ਬਲਾਂ ਨੂੰ ਅਜਿਹੇ ਅਧਿਕਾਰ ਦਿੱਤੇ ਹਨ, ਜਿਸ ਨਾਲ ਮਨੁੱਖੀ ਅਧਿਕਾਰਾਂ ਦੀ ਸਿੱਧੇ ਤੌਰ 'ਤੇ ਉਲੰਘਣਾ ਹੁੰਦੀ ਹੈ।

ਧਾਰਾ 3 (ਸੈਕਸ਼ਨ-3) ਤਹਿਤ ਰਾਜ ਸਰਕਾਰ ਅਤੇ ਕੇਂਦਰੀ ਸਰਕਾਰ ਕੋਲ ਇਹ ਅਧਿਕਾਰ ਹਨ ਕਿ ਉਹ ਕਿਸੇ ਰਾਜ ਨੂੰ ਗੜਬੜ ਵਾਲਾ ਖੇਤਰ ਐਲਾਨ ਕੇ ਉੱਥੇ ਅਮਨ-ਕਾਨੂੰਨ ਦੀ ਬਹਾਲੀ ਲਈ ਫ਼ੌਜ ਭੇਜਦੀ ਹੈ। ਇਸ ਧਾਰਾ 'ਚ ਗੜਬੜ ਵਾਲਾ ਖੇਤਰ ਕਿਹੜੇ ਹਾਲਾਤ ਵਿੱਚ ਐਲਾਨਿਆ ਜਾਂਦਾ ਹੈ, ਉਸ ਬਾਰੇ ਕੁਝ ਵੀ ਨਹੀਂ ਦੱਸਿਆ ਗਿਆ ਹੈ।

ਧਾਰਾ-4 ਮੁਤਾਬਕ ਫ਼ੌਜੀ ਅਫ਼ਸਰ ਨੂੰ ਇਹ ਅਧਿਕਾਰ ਦਿੱਤੇ ਹਨ ਕਿ ਉਹ ਗੜਬੜ ਵਾਲੇ ਖੇਤਰ ਵਿੱਚ ਸ਼ਕਤੀ ਦਾ ਪ੍ਰਯੋਗ ਕਰ ਸਕਦਾ ਹੈ। ਇਸ ਦੀ ਧਾਰਾ 4 (ਏ) 'ਚ ਫ਼ੌਜ ਨੂੰ ਇਹ ਅਧਿਕਾਰ ਹਨ ਕਿ ਉਹ ਸ਼ੱਕ ਦੇ ਆਧਾਰ 'ਤੇ ਕਿਸੇ ਵੀ ਵਿਅਕਤੀ 'ਤੇ ਗੋਲੀ ਚਲਾ ਸਕਦੀ ਹੈ। ਧਾਰਾ 4 (ਬੀ) 'ਚ ਕਿਸੇ ਵੀ ਕਿਲ੍ਹਾਨੁਮਾ ਇਮਾਰਤ, ਹਥਿਆਰਾਂ ਦੇ ਸਟੋਰ ਜਾਂ ਅਜਿਹੀ ਥਾਂ ਜਿੱਥੋਂ ਹਥਿਆਰਬੰਦ ਦਸਤੇ ਹਮਲਾ ਕਰ ਸਕਦੇ ਹਨ, ਫ਼ੌਜ ਤਬਾਹ ਕਰ ਸਕਦੀ ਹੈ। ਧਾਰਾ 4 (ਸੀ) 'ਚ ਕਿਸੇ ਵੀ ਵਿਅਕਤੀ ਨੂੰ ਬਿਨਾਂ ਵਾਰੰਟ ਦੇ ਗ੍ਰਿਫ਼ਤਾਰ ਕਰ ਸਕਦੇ ਹਨ, ਚਾਹੇ ਉਸ ਵਿਅਕਤੀ ਨੇ ਹਾਲੇ ਕੋਈ ਜੁਰਮ ਨਾ ਕੀਤਾ ਹੋਵੇ। ਧਾਰਾ 4(ਡੀ) ਵਿੱਚ ਫ਼ੌਜ ਕਿਸੇ ਵੀ ਇਮਾਰਤ ਜਾਂ ਘਰ ਵਿੱਚ ਤਲਾਸ਼ੀ ਕਰ ਸਕਦੀ ਹੈ ਅਤੇ ਉਸ ਘਰ 'ਚੋਂ ਕਿਸੇ ਨੂੰ ਵੀ ਗ੍ਰਿਫ਼ਤਾਰ ਕਰ ਸਕਦੀ ਹੈ।

ਧਾਰਾ-5 ਤਹਿਤ ਫ਼ੌਜ ਕਿਸੇ ਵਿਅਕਤੀ ਨੂੰ ਗ੍ਰਿਫ਼ਤਾਰ ਕਰਦੀ ਹੈ, ਤਾਂ ਉਸ ਨੂੰ "ਘੱਟੋ ਘੱਟ ਸੰਭਾਵਿਤ ਦੇਰੀ ਦੇ" ਕਿਸੇ ਵੀ ਨੇੜੇ ਦੇ ਪੁਲੀਸ ਸਟੇਸ਼ਨ ਵਿੱਚ ਉਸ ਨੂੰ ਸੌਂਪਣਾ ਹੁੰਦਾ ਹੈ, ਪਰ ਇਸ ਸੰਭਾਵਿਤ ਦੇਰੀ ਦਾ ਕੋਈ ਸਮਾਂ ਇਸ ਅਨੁਛੇਦ 'ਚ ਤੈਅ ਨਹੀਂ ਕੀਤਾ ਹੈ। ਕਈ ਰਾਜਾਂ 'ਚ ਬਹੁਤ ਸਾਰੇ ਵਿਅਕਤੀ ਇਸ ਤਰ੍ਹਾਂ ਦੇ ਹਨ ਕਿ ਉਹ ਗ੍ਰਿਫ਼ਤਾਰ ਹੋਣ ਤੋਂ ਬਾਅਦ ਲਾਪਤਾ ਹਨ।

ਧਾਰਾ-6 ਮੁਤਾਬਕ ਕਿਸੇ ਵੀ ਸੁਰੱਖਿਆ ਬਲ ਦੇ ਮੁਲਾਜ਼ਮ ਦੇ ਜੁਰਮ ਖ਼ਿਲਾਫ਼ ਕੋਈ ਵੀ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਸਕਦੀ ਹੈ, ਜੇ ਕੇਂਦਰੀ ਸਰਕਾਰ ਉਸ ਮੁਲਾਜ਼ਮ ਖ਼ਿਲਾਫ਼ ਕਾਰਵਾਈ ਕਰਨ ਦੀ ਇਜਾਜ਼ਤ ਦੇਵੇ। ਜ਼ਿਆਦਾਤਰ ਰਾਜਾਂ ਵਿੱਚ ਫ਼ੌਜ ਜਾਂ ਅਰਧ ਸੈਨਿਕ ਬਲ ਆਪਣੇ ਮੁਲਾਜ਼ਮ ਅਫਸਰ ਜਾਂ ਜਵਾਨ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹਨ।


ਪਿਛਲੇ 20 ਸਾਲਾਂ 'ਚ ਇਸ ਐਕਟ ਦੀ ਦੁਰਵਰਤੋਂ ਦੀਆਂ ਬਹੁਤ ਮਿਸਾਲਾਂ ਮਿਲਦੀਆਂ ਹਨ, ਜਿਵੇਂ 5 ਮਾਰਚ 1995 ਨੂੰ ਰਾਸ਼ਟਰੀ ਰਾਈਫ਼ਲ ਦਾ ਇੱਕ ਕਾਫ਼ਲਾ ਕੋਹਿਮਾ (ਨਾਗਾਲੈਂਡ) ਦੇ ਨੇੜੇ ਜਾ ਰਿਹਾ ਸੀ ਤੇ ਆਪਣੇ ਟਰੱਕ ਦੇ ਟਾਇਰ ਫਟਣ ਦੀ ਆਵਾਜ਼ ਨੂੰ ਉਹ ਅੱਤਵਾਦੀ ਹਮਲਾ ਸਮਝ ਬੈਠੇ ਅਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਸੀ. ਆਰ. ਪੀ. ਐਫ. ਅਤੇ ਅਸਾਮ ਰਾਈਫ਼ਲ ਦਾ ਕੈਂਪ ਵੀ ਉਸ ਸਥਾਨ ਤੋਂ 2 ਕਿਲੋਮੀਟਰ ਦੂਰ ਸੀ। ਉਨ੍ਹਾਂ ਨੇ ਵੀ ਗੋਲੀਆਂ ਦੀ ਅਵਾਜ਼ ਸੁਣ ਕੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਗੋਲੀਬਾਰੀ ਜਦੋਂ ਇੱਕ ਘੰਟੇ ਬਾਅਦ ਬੰਦ ਹੋਈ, ਤਾਂ ਸੱਤ ਨਿਰਦੋਸ਼ ਨਾਗਰਿਕ ਆਪਣੀ ਜਾਨ ਤੋਂ ਹੱਥ ਧੋ ਬੈਠੇ ਅਤੇ 22 ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਇਸੇ ਤਰ੍ਹਾਂ ਜੰਮੂ-ਕਸ਼ਮੀਰ ਵਿੱਚ ਕਈ ਘਟਨਾਵਾਂ ਇਸ ਤਰ੍ਹਾਂ ਦੀਆਂ ਹੋਈਆਂ ਹਨ, ਜਿੱਥੇ ਫ਼ੌਜੀ ਅਤੇ ਪੁਲੀਸ ਅਫਸਰਾਂ ਵੱਲੋਂ ਤਰੱਕੀ ਦੇ ਲਾਲਚ ਵਿੱਚ ਕਈ ਨਿਰਦੋਸ਼ ਵਿਅਕਤੀਆਂ ਨੂੰ ਝੂਠੇ ਮੁਕਾਬਲਿਆਂ 'ਚ ਮਾਰਿਆ ਗਿਆ। ਸੰਨ 2000 'ਚ ਇਸੇ ਤਰ੍ਹਾਂ ਦੀ ਇੱਕ ਘਟਨਾ ਹੋਈ, ਜਿੱਥੇ ਫ਼ੌਜੀਆਂ ਨੇ ਨਿਰਦੋਸ਼ ਲੋਕਾਂ ਦਾ ਝੂਠਾ ਮੁਕਾਬਲਾ ਬਣਾ ਦਿੱਤਾ। ਇਸ ਦੀ ਜਾਂਚ ਸੀ.ਬੀ.ਆਈ. ਨੇ ਕੀਤੀ ਅਤੇ ਇਨ੍ਹਾਂ ਪੰਜਾਂ ਫ਼ੌਜੀਆਂ ਨੂੰ ਦੋਸ਼ੀ ਠਹਿਰਾਇਆ। ਫ਼ੌਜ ਨੇ ਇਸ ਐਕਟ ਦੀ ਧਾਰਾ 6 ਦਾ ਹਵਾਲਾ ਦਿੰਦੇ, ਇਨ੍ਹਾਂ ਖ਼ਿਲਾਫ਼ ਕੇਸ ਨਾ ਚਲਾਉਣ ਤੋਂ ਆਜ਼ਾਦੀ ਮੰਗੀ ਸੀ। ਇਹ ਕੇਸ ਹਾਲੇ ਵੀ ਅਦਾਲਤ 'ਚ ਹੀ ਪਿਆ ਹੈ।

ਦੁਨੀਆਂ ਦੇ ਵੱਖ-ਵੱਖ ਖੇਤਰਾਂ 'ਚ ਅੱਤਵਾਦ ਖ਼ਿਲਾਫ਼ ਲੜਾਈ ਲੜਨ ਲਈ ਸੁਰੱਖਿਆ ਏਜੰਸੀਆਂ ਨੂੰ ਕਿਸੇ ਖ਼ਾਸ ਐਕਟ ਦੇ ਅਧੀਨ ਕਾਨੂੰਨੀ ਸ਼ਕਤੀ ਦਿੱਤੀ ਜਾਂਦੀ ਰਹੀ ਹੈ। ਜਿਵੇਂ ਅਮਰੀਕਾ 'ਚ 11 ਸਤੰਬਰ 2001 ਵਰਲਡ ਟਰੇਡ ਸੈਂਟਰ ਦੇ ਹਮਲੇ ਤੋਂ ਬਾਅਦ ਪੈਟ੍ਰਿਆਟ ਐਕਟ ਹੋਂਦ 'ਚ ਆਇਆ, ਜਿਸ ਵਿੱਚ ਸੁਰੱਖਿਆ ਏਜੰਸੀਆਂ ਨੂੰ ਬਿਨਾਂ ਵਾਰੰਟ ਦੇ ਤਲਾਸ਼ੀ ਲੈਣ ਤੇ ਗ੍ਰਿਫ਼ਤਾਰ ਕਰਨ ਦੇ ਅਧਿਕਾਰ ਦਿੱਤੇ ਗਏ। ਕਿਸੇ ਘਰ ਦੀ ਤਲਾਸ਼ੀ ਜਾਂ ਕਿਸੇ ਵਿਅਕਤੀ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਉਨ੍ਹਾਂ ਕੋਲ ਖ਼ੁਫ਼ੀਆ ਸੂਚਨਾਵਾਂ ਦੀ ਪੂਰੀ ਰਿਪੋਰਟ ਹੁੰਦੀ ਹੈ। ਇਸ ਐਕਟ ਅਧੀਨ ਉੱਥੋਂ ਦੀਆਂ ਸੁਰੱਖਿਆ ਏਜੰਸੀਆਂ ਕਿਸੇ ਵੀ ਵਿਅਕਤੀ ਦੇ ਟੈਲੀਫ਼ੋਨ ਜਾਂ ਮੋਬਾਈਲ ਦੀ ਗੱਲਬਾਤ ਸੁਣ ਸਕਦੇ ਹਨ ਤੇ ਕਿਸੇ ਵੀ ਨਿੱਜੀ ਕੰਪਿਊਟਰ ਦੀ ਈ-ਮੇਲ ਪੜ੍ਹ ਸਕਦੇ ਹਨ। ਇਸ ਤੋਂ ਇਲਾਵਾ ਬੈਂਕ ਅਤੇ ਹੋਰ ਵਿੱਤੀ ਅਦਾਰਿਆਂ ਨੂੰ ਇਹ ਹਦਾਇਤ ਦਿੱਤੀ ਗਈ ਹੈ ਕਿ ਜੇ 10,000 ਡਾਲਰ ਤੋਂ ਵੱਧ ਦੀ ਰਕਮ ਅਮਰੀਕਾ 'ਚ ਕਿਸੇ ਸੰਸਥਾ ਜਾਂ ਵਿਅਕਤੀ ਦੇ ਨਾਂ 'ਤੇ ਆਉਂਦੀ ਹੈ ਜਾਂ ਉਹ ਅਮਰੀਕਾ ਤੋਂ ਬਾਹਰ ਭੇਜੀ ਜਾਂਦੀ ਹੈ, ਤਾਂ ਉਸ ਦੀ ਸੂਚਨਾ ਖ਼ੁਫ਼ੀਆ ਏਜੰਸੀਆਂ ਨੂੰ ਦਿੱਤੀ ਜਾਵੇ। ਅਮਰੀਕੀ ਨਾਗਰਿਕਾਂ ਦਾ ਜ਼ਿਆਦਾ ਵਿਰੋਧ ਪੈਟ੍ਰਿਆਟ ਐਕਟ ਦੀ ਇਸ ਗੱਲ ਦਾ ਹੋ ਰਿਹਾ ਹੈ ਕਿ ਖ਼ੁਫ਼ੀਆ ਅਤੇ ਸੁਰੱਖਿਆ ਏਜੰਸੀਆਂ ਉਨ੍ਹਾਂ ਦੀ ਨਿੱਜੀ ਜ਼ਿੰਦਗੀ 'ਚ ਹੱਦ ਤੋਂ ਵੱਧ ਦਖ਼ਲਅੰਦਾਜ਼ੀ ਕਰ ਰਹੀਆਂ ਹਨ। ਇਨ੍ਹਾਂ ਸੂਚਨਾਵਾਂ ਦੀ ਮਦਦ ਨਾਲ ਅਮਰੀਕਾ 'ਚ ਕਈ ਅੱਤਵਾਦੀ ਹਮਲਿਆਂ ਨੂੰ ਨਾਕਾਮਯਾਬ ਕੀਤਾ ਗਿਆ। ਭਾਰਤੀ ਫ਼ੌਜ ਦੇ ਵਿਸ਼ੇਸ਼ ਅਧਿਕਾਰ ਐਕਟ 'ਚ ਇਸ ਤਰ੍ਹਾਂ ਦਾ ਕੋਈ ਪ੍ਰਬੰਧ ਨਹੀਂ ਹੈ।

ਇਸ ਐਕਟ ਦਾ ਸ਼ੁਰੂ ਤੋਂ ਹੀ ਮਨੁੱਖੀ ਅਧਿਕਾਰ ਸੰਸਥਾਵਾਂ ਵੱਲੋਂ ਵਿਰੋਧ ਹੁੰਦਾ ਰਿਹਾ ਹੈ। ਪਿਛਲੇ ਕਈ ਸਾਲਾਂ ਤੋਂ ਇਸ ਐਕਟ ਨੂੰ ਸੋਧਣ ਦੀ ਅਤੇ ਇਨ੍ਹਾਂ ਰਾਜਾਂ 'ਚ ਇਸ ਨੂੰ ਖ਼ਤਮ ਕਰਨ ਦੀ ਮੰਗ ਕੀਤੀ ਜਾਂਦੀ ਰਹੀ ਹੈ। ਸਾਲ 2004 'ਚ ਭਾਰਤ ਸਰਕਾਰ ਨੇ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ, ਜਿਸ ਦੇ ਚੇਅਰਮੈਨ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਜਸਟਿਸ ਬੀ.ਪੀ. ਜੀਵਾ ਰੈੱਡੀ ਨੂੰ ਬਣਾਇਆ ਗਿਆ, ਤਾਂ ਜੋ ਪੀੜਤ ਪਰਿਵਾਰਾਂ ਦੀਆਂ ਸ਼ਿਕਾਇਤਾਂ ਸੁਣੀਆਂ ਜਾ ਸਕਣ ਅਤੇ ਇਸ ਐਕਟ ਨੂੰ ਸੋਧਣ ਲਈ ਸੁਝਾਅ ਲਏ ਜਾ ਸਕਣ। ਇਸ ਕਮੇਟੀ ਨੇ 6 ਜੂਨ, 2005 ਨੂੰ ਇਸ ਐਕਟ ਦੇ ਸੰਬੰਧ 'ਚ ਸੁਝਾਆਂ ਦੀ ਰਿਪੋਰਟ ਸਰਕਾਰ ਨੂੰ ਸੌਂਪੀ ਅਤੇ ਇਸ ਦੀਆਂ ਖ਼ਾਮੀਆਂ ਬਾਰੇ ਸਰਕਾਰ ਨੂੰ ਜਾਣੂ ਕਰਵਾਇਆ। ਦਸੰਬਰ 2006 'ਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਇਹ ਬਿਆਨ ਦਿੱਤਾ ਕਿ ਇਸ ਐਕਟ ਨੂੰ ਸੋਧਿਆ ਜਾਵੇਗਾ ਤੇ ਇਸ ਕਮੇਟੀ ਦੇ ਸੁਝਾਅ ਅਨੁਸਾਰ, ਇਸ ਨੂੰ ਮਨੁੱਖੀ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਸਰਕਾਰ ਵੱਲੋਂ ਹੁਣ ਤੱਕ ਇਸ ਨੂੰ ਸੋਧ ਕੇ ਲਾਗੂ ਕਰਨ ਦਾ ਕੰਮ ਹਾਲੇ ਵੀ ਠੰਢੇ ਬਸਤੇ ਵਿੱਚ ਪਿਆ ਹੈ।

ਇਸ ਐਕਟ ਨੂੰ ਜਦੋਂ ਵੀ ਕਦੇ ਸੋਧਿਆ ਜਾਵੇਗਾ, ਤਾਂ ਕਈ ਗੱਲਾਂ ਧਿਆਨ ਵਿੱਚ ਰੱਖਣ ਦੀ ਲੋੜ ਹੈ। ਇਸ ਐਕਟ ਤਹਿਤ ਜੇ ਕਿਸੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ, ਤਾਂ ਉਸ ਦੀ ਗ੍ਰਿਫ਼ਤਾਰੀ ਸਮੇਂ ਕਿਸੇ ਵੀ ਸਾਮਾਜਿਕ ਸੰਸਥਾ ਦਾ ਨੁਮਾਇੰਦਾ ਗਵਾਹ ਹੋਣਾ ਚਾਹੀਦਾ ਹੈ, ਤਾਂ ਜੋ ਫ਼ੌਜ ਜਾਂ ਪੁਲੀਸ ਉਸ ਵਿਅਕਤੀ ਨੂੰ ਕਿਸੇ ਝੂਠੇ ਮੁਕਾਬਲੇ ਵਿੱਚ ਨਾ ਮਾਰ ਸਕਣ। ਦੂਜਾ ਜੇ ਕੋਈ ਫ਼ੌਜੀ ਅਫ਼ਸਰ ਜਾਂ ਜਵਾਨ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ, ਤਾਂ ਉਸ ਲਈ ਵੀ ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ 'ਤੇ ਸ਼ਿਕਾਇਤ ਕੇਂਦਰ ਹੋਣਾ ਚਾਹੀਦਾ ਹੈ, ਜਿੱਥੇ ਪੀੜਤ ਪਰਿਵਾਰ ਆਪਣੀ ਸ਼ਿਕਾਇਤ ਦਰਜ ਕਰਵਾ ਸਕਣ। ਜੇ ਦੋਸ਼ੀ ਪਾਏ ਜਾਂਦੇ ਹਨ, ਤਾਂ ਸਰਕਾਰ ਵੱਲੋਂ ਦੋਸ਼ੀ ਅਫ਼ਸਰ ਜਾਂ ਜਵਾਨ ਨੂੰ ਭਾਰਤੀ ਕਾਨੂੰਨ ਮੁਤਾਬਿਕ ਸਜ਼ਾ ਮਿਲਣੀ ਚਾਹੀਦੀ ਹੈ। ਸੁਰੱਖਿਆ ਬਲਾਂ ਨੂੰ ਉਨ੍ਹਾਂ ਘਰਾਂ ਦੀ ਹੀ ਤਲਾਸ਼ੀ ਲੈਣੀ ਚਾਹੀਦੀ ਹੈ, ਜਿਨ੍ਹਾਂ ਖ਼ਿਲਾਫ਼ ਖ਼ੁਫ਼ੀਆ ਏਜੰਸੀਆਂ ਕੋਲ ਪੁਖ਼ਤਾ ਸਬੂਤ ਹੋਣ।

# ਚਲ ਵੱਸੀ ਦੁਨੀਆਂ ਦੀ ਸਭ ਤੋਂ ਬਜ਼ੁਰਗ ਔਰਤ



ਟੋਕੀਓ-ਦੁਨੀਆਂ ਦੀ ਸਭ ਤੋਂ ਵਡੇਰੀ ਔਰਤ ਓਕੂਬੋ ਦਾ ਦਿਹਾਂਤ ਹੋ ਗਿਆ ਹੈ। ਉਹ 115 ਸਾਲਾਂ ਦੀ ਸੀ। ਇੱਕ ਸਥਾਨਕ ਅਧਿਕਾਰੀ ਮੁਤਾਬਕ ਓਕੂਬੋ ਦੇ ਵਾਰਿਸਾਂ ਨੇ ਉਸ ਦੀ ਮੌਤ ਦਾ ਕਾਰਨ ਨਹੀਂ ਦੱਸਿਆ। ਓਕੂਬੋ ਦਾ ਜਨਮ 24 ਦਸੰਬਰ 1897 ਨੂੰ ਹੋਇਆ ਸੀ। ਅਮਰੀਕਾ ਦੀ ਦੀਨਾ ਮੈਨਫ੍ਰਿਦਨੀ ਦੇ ਦਿਹਾਂਤ ਤੋਂ ਬਾਅਦ ਉਸ ਨੂੰ ਦੁਨੀਆਂ ਦੀ ਸਭ ਤੋਂ ਉਮਰਦਰਾਜ਼ ਔਰਤ ਦਾ ਖ਼ਿਤਾਬ ਦਿੱਤਾ ਗਿਆ ਸੀ। ਹਾਲਾਂਕਿ ਉਸ ਕੋਲ ਇਹ ਖ਼ਿਤਾਬ ਇੱਕ ਮਹੀਨੇ ਤੋਂ ਵੀ ਘੱਟ ਸਮੇਂ ਲਈ ਰਿਹਾ। ਦੱਸਣਯੋਗ ਹੈ ਕਿ ਇਹ ਐਵਾਰਡ ਹਾਸਲ ਕਰਨ ਤੋਂ ਕਰੀਬ ਦੋ ਹਫ਼ਤਿਆਂ ਬਾਅਦ ਹੀ ਮੈਨਫ੍ਰਿਦਨੀ ਦੀ ਵੀ ਮੌਤ ਹੋ ਗਈ ਸੀ ਤੇ ਇਸ ਤੋਂ ਪਹਿਲਾਂ ਜਾਪਾਨ ਦੇ ਹੀ ਜਿਰੋਏਮਾਨ ਕਿਮੁਰਾ ਕੋਲ ਇਹ ਖ਼ਿਤਾਬ ਸੀ। ਉਸ ਦਾ ਜਨਮ 19 ਅਪ੍ਰੈਲ 1897 ਨੂੰ ਹੋਇਆ ਸੀ।

# ਸਰਕਾਰ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਦੇਵੇਗੀ ਰੁਜ਼ਗਾਰ

ਕੈਲਗਰੀ-ਕੰਜ਼ਰਵੇਟਿਵ ਸਰਕਾਰ ਨੇ ਐਲਾਨ ਕੀਤਾ ਹੈ ਕਿ 'ਕੈਨੇਡਾ ਸਮਰ ਜੌਬਜ਼ 2013 ਪ੍ਰੋਗਰਾਮ' ਤਹਿਤ ਦੇਸ਼ ਭਰ 'ਚ ਆ ਰਹੀ ਗਰਮ ਰੁੱਤ ਦੌਰਾਨ ਵਿਦਿਆਰਥੀਆਂ ਲਈ 36000 ਤੱਕ ਨੌਕਰੀਆਂ ਦੇ ਮੌਕੇ ਪੈਦਾ ਕੀਤੇ ਜਾਣਗੇ ? ਸੰਸਦ ਮੈਂਬਰ ਦਵਿੰਦਰ ਸ਼ੋਰੀ ਨੇ ਇਕ ਬਿਆਨ 'ਚ ਕਿਹਾ ਕਿ ਕੰਜ਼ਰਵੇਟਿਵ ਸਰਕਾਰ ਸਮਝਦੀ ਹੈ ਕਿ ਉਹ ਆਪਣੇ ਵਿਦਿਆਰਥੀਆਂ ਦੀ ਗਰੈਜੂਏਟ ਬਣਨ ਤੋਂ ਪਹਿਲਾਂ ਉਨ੍ਹਾਂ ਦੇ ਚੁਣੇ ਹੋਏ ਖੇਤਰਾਂ 'ਚ ਕੰਮ ਦਾ ਤਜ਼ਰਬਾ ਹਾਸਲ ਕਰਨ 'ਚ ਕਿਸ ਤਰ੍ਹਾਂ ਮਦਦ ਕਰ ਸਕਦੀ ਹੈ ? ਉਨ੍ਹਾਂ ਕਿਹਾ ਕਿ ਪੜ੍ਹਾਈ ਦੌਰਾਨ ਹਾਸਲ ਕੀਤੇ ਇਸ ਤਜ਼ਰਬੇ ਸਦਕਾ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਮੁਕੰਮਲ ਕਰਨ ਤੋਂ ਬਾਅਦ ਕੰਮ ਲੱਭਣ 'ਚ ਅਸਾਨੀ ਰਹਿੰਦੀ ਹੈ ਜਿਸ ਦਾ ਸਿੱਧਾ ਅਰਥ ਇਹ ਹੈ ਕਿ ਵਿਦਿਆਰਥੀ ਗਰੈਜੂਏਸ਼ਨ ਕਰਨ ਤੋਂ ਬਾਅਦ ਆਰਥਿਕ ਪੱਖੋਂ ਛੇਤੀ ਆਤਮ ਨਿਰਭਰ ਹੋ ਸਕਦੇ ਹਨ ?




ਸ਼ੋਰੀ ਨੇ ਕਿਹਾ ਹੈ ਕਿ 'ਕੈਨੇਡਾ ਸਮਰ ਜੌਬਜ਼ ਪ੍ਰੋਗਰਾਮ' ਤਹਿਤ ਸਰਕਾਰ 50 ਜਾਂ ਇਸ ਤੋਂ ਘੱਟ ਮੁਲਾਜ਼ਮਾਂ ਵਾਲੀਆਂ ਗੈਰ ਮੁਨਾਫਾ ਸੰਸਥਾਵਾਂ, ਸਰਕਾਰੀ ਖੇਤਰ ਦੇ ਅਦਾਰਿਆਂ ਤੇ ਛੋਟੇ ਤੋਂ ਦਰਮਿਆਨੇ ਕਾਰੋਬਾਰੀਆਂ ਨੂੰ ਫੰਡ ਮੁਹੱਈਆ ਕਰਵਾਏਗੀ ? ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਰੁਜ਼ਗਾਰਦਾਤਾ ਤੇ ਵਿਦਿਆਰਥੀਆਂ ਦੋਵਾਂ ਲਈ ਹੀ ਫਾਇਦੇਮੰਦ ਹੈ ਤੇ ਸਰਕਾਰ ਵੱਲੋਂ ਭਵਿੱਖ ਦੇ ਕਾਮਿਆਂ 'ਚ ਨਿਵੇਸ਼ ਕਰਕੇ ਦੇਸ਼ ਦੇ ਵਿਕਾਸ ਤੇ ਖੁਸ਼ਹਾਲੀ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ ?

# Sikh Nation Vows to Punish The Guilty

## Reclaim Lost Geo-Political Sovereignty & Liberate Khalistan

National Khalsa Day Parade Organization

### First Sikh Rule (1710-1716)



Khalistan.net Anti-Defamation Sikh Council for Freedom of Khalistan 240-375-1205

National Khalsa Day Parade Organization

### Khalsa Raj - Sikh Rule - 1799-1849



Khalistan.net Anti-Defamation Sikh Council for Freedom of Khalistan 240-375-1205

### Sikh Nation Honors

European Generals Who Served in the Sikh Army

During The Sikh Rule (1799 - 1849)



General J.F.Allard

General J.B.Ventura

Khalistan.net Anti-Defamation Sikh Council for Freedom of Khalistan 240-375-1205

### Sikh Nation Vows to Reclaim

*Diamond Kohinoor*




Khalistan.net Anti-Defamation Sikh Council for Freedom of Khalistan 240-375-1205



### British Sabotage Sikh Sovereignty - 1849

*Visit* **Elveeden Hall**

*At Rhetford, Cambridgeshire, UK*



*Sikh National Monument - Palace of Maharaja Duleep Singh*

**Sikh Nation Vows to Reclaim Lost Sovereignty**

Khalistan.net Anti-Defamation Sikh Council for Freedom of Khalistan 240-375-1205

### Sikh Nation Sacrificed

Saved the Sovereignty of England, France & Belgium



**In World War I & II**


Hundred and Thousands of Sikhs Died

Khalistan.net Anti-Defamation Sikh Council for Freedom of Khalistan 240-375-1205

### Sikh Nation Honors

Sikh Martyrs Of Indian Army's Attack

On The Golden Temple 1984



Bhai Amrik Singh


Sant Jarnail Singh Bhindranwale

General Shabeg Singh

Khalistan.net Anti-Defamation Sikh Council for Freedom of Khalistan 240-375-1205

National Khalsa Day Parade Organization

### Sikh Nation Vows To Recalin Lost Sovereignty



Khalistan.net Anti-Defamation Sikh Council for Freedom of Khalistan 240-375-1205

### Sikh Nation Vows to Reclaim



*Guru Nanak*

**Nankana Sahib**

*Birth Place of The Founder of Sikh Religion*





Khalistan.net Anti-Defamation Sikh Council for Freedom of Khalistan 240-375-1205

### Sikh Nation Honors Braveheart

**Joseph Davey Cunningham**

*(A Friend, A Brother and A Son of The Sikh Nation)*

Author of "The History of Sikhs"




(1812 - 1851)

Khalistan.net Anti-Defamation Sikh Council for Freedom of Khalistan 240-375-1205

### Sikh Nation Vows to Bring


Indian State Terrorists To Justice



Khalistan.net Anti-Defamation Sikh Council for Freedom of Khalistan 240-375-1205

### SIKH NATION

Vows To Bring Guilty To Justice



**Khalistan The Sikh Nation On The Move**

Khalistan.net Anti-Defamation Sikh Council for Freedom of Khalistan 240-375-1205



# ‘ਸੁਣੋ ਨੰਦ ਲਾਲ ਇਹ ਸਾਜ. ਪਰਗਟ ਕਰੋ ਅਪਣਾ ਰਾਜ’

-ਗੁਰੂ ਗੋਬਿੰਦ ਸਿੰਘ

ਰਾਜ ਬਿਨਾ ਨਹੀਂ ਧਰਮ ਚਲੇ ਹੈ। ਧਰਮ ਬਿਨਾ ਸੱਭ ਦਲੇ ਮਲੇ ਹੈਂ।
ਕੋਈ ਕਿਸੀ ਕੋ ਰਾਜ ਨਾ ਦੇ ਹੈ। ਜੋ ਲੇ ਹੈ ਨਿਜ ਬੱਲ ਸੇ ਲੇ ਹੈ।














**SIKH NATION**

**Vows To Reclaim Lost Sovereignty**




**Khalistan The Sikh Nation On The Move**

Khalistan.net Anti-Defamation Sikh Council for Freedom of Khalistan 240-375-1205



# Khalistan Day Parade Organization

Tel 240-375-1205

www.khalistan.net

7327 Hanover Parkway, #A, Greenbelt, MD 20770

Email:psajrawat@gmail.com

Panjab Times is Published by PTI (Derby) Ltd, Editor M.S. Purewal, 21 Cottonbrook Road, Derby, DE23 8YJ (U.K.) Tel: (01332) 372851. Registered as a newspaper with G.P.O.